Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮਧ-ਕਾਲੀਨ ਪੰਜਾਬੀ ਸਾਹਿਤ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਮਧ-ਕਾਲੀਨ ਪੰਜਾਬੀ ਸਾਹਿਤ

1970

ਭਾਸ਼ਾ ਵਿਭਾਗ, ਪੰਜਾਬ

Digitized by Panjab Digital Library | www.panjabdigilib.org

ਪ੍ਰਕਾਸ਼ਕ :

ਡਾਇਰੈਕਟਰ,
ਭਾਸ਼ਾ ਵਿਭਾਗ, ਪੰਜਾਬ, ਪਟਿਆਲਾ ।

ਛਾਪਕ : ਕੌਮੀ ਪ੍ਰੈਸ,
ਚੌਂਕ ਭਗਤ ਸਿੰਘ
ਜਲੰਧਰ

Digitized by Panjab Digital Library | www.panjabdigilib.org

# ਤਰਤੀਬ


| | | |
|---|---|---|
| ਪੰਜਾਬੀ ਸਾਹਿਤ ਦੇ ਮੁਢਲੇ ਸੋਮੇ | ਡਾ: ਤਾਰਨ ਸਿੰਘ | 1 |
| ਮਧ-ਕਾਲੀਨ ਪੰਜਾਬੀ ਕਵਿਤਾ ਵਿਚ ਦਾਰਸ਼ਨਕ ਅੰਸ਼ | ਡਾ: ਸ਼ੇਰ ਸਿੰਘ | 37 |
| ਨਾਨਕ ਬਾਣੀ ਵਿਚ ਫ਼ਲਸਫ਼ਾ | ਡਾ: ਸੀਤਾ ਰਾਮ ਬਾਹਰੀ | 59 |
| ਨਾਨਕ ਬਾਣੀ ਦੀ ਬਿੰਬਾਵਲੀ | ਪ੍ਰਿੰ: ਸੰਤ ਸਿੰਘ ਸੇਖੋਂ | 107 |
| ਗੁਰੂ ਰਾਮ ਦਾਸ ਜੀ ਦੀ ਕਵਿਤਾ | ਡਾ: ਤ੍ਰਿਲੋਚਨ ਸਿੰਘ | 150 |
| ਅਨੰਦਪੁਰ ਦੀ ਸਾਹਿਤ ਨੂੰ ਦੇਣ | ਗਿ: ਗੁਰਦਿਤ ਸਿੰਘ | 184 |
| ਪੰਜਾਬੀ ਵਾਰਤਕ 1799 ਤਕ | ਡਾ: ਸੁਰਿੰਦਰ ਸਿੰਘ ਕੋਹਲੀ | 230 |
| ਪੰਜਾਬ ਵਿਚ ਨਾਨਕ ਦਾ ਮੁੱਢ | ਡਾ: ਹਰਚਰਨ ਸਿੰਘ | 259 |


Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਦੋ ਸ਼ਬਦ

ਵਿਕੋਲਿਤਰੇ ਵਿਸ਼ਿਆਂ ਉਤੇ ਖੋਜ-ਪਤਰ ਲਿਖਾਉਣਾ ਤੇ ਉਨ੍ਹਾਂ ਉਤੇ ਵਿਦਵਾਨਾਂ ਦੀ ਵਿਚਾਰ-ਗੋਸ਼ਟੀ ਕਰਾਉਣੀ ਵਿਭਾਗ ਦੇ ਮੁਖ ਕੰਮਾਂ ਵਿਚੋਂ ਇਕ ਹੈ। ਇਹ ਗੋਸ਼ਟੀਆਂ ਪਿਛਲੇ ਕਈ ਸਾਲਾਂ ਤੋਂ ਲਗਾਤਾਰ ਚਲ ਰਹੀਆਂ ਹਨ ਅਤੇ ਇਨ੍ਹਾਂ ਵਿਚ ਪੜ੍ਹੇ ਗਏ ਖੋਜ-ਪੱਤਰ ਵਿਦਵਾਨਾਂ ਵਿਚ ਵੰਡੇ ਜਾਂਦੇ ਹਨ।

ਇਹ ਖੋਜ-ਪੱਤਰ ਇਕ ਸੀਮਤ ਗਿਣਤੀ ਵਿਚ ਛਪਵਾਏ ਜਾਂਦੇ ਸਨ ਜੋ ਗੋਸ਼ਟੀ ਉਤੇ ਵੰਡਣ ਉਪਰੰਤ ਲਗ ਭਗ ਖਤਮ ਹੋ ਜਾਂਦੇ ਸਨ। ਇਨ੍ਹਾਂ ਦਾ ਮੁਲ ਸਥਾਈ ਹੋਣ ਕਾਰਣ ਇਨ੍ਹਾਂ ਦੀ ਮੰਗ ਵਿਦਵਾਨਾਂ ਵਲੋਂ ਅਕਸਰ ਆਉਂਦੀ ਰਹਿੰਦੀ ਹੈ ਜਿਸ ਨੂੰ ਪੂਰਾ ਕਰਨ ਲਈ ਇਨ੍ਹਾਂ ਨੂੰ ਪੁਸਤਕਾਂ ਰੂਪ ਵਿਚ ਛਾਪਣ ਦਾ ਫੈਸਲਾ ਕੀਤਾ ਗਿਆ ਹੈ।

ਇਸ ਪੁਸਤਕ ਵਿਚ ਉਹ ਅਠ ਖੋਜ-ਪਤਰ ਸ਼ਾਮਲ ਹਨ ਜੋ ਮਧ-ਕਾਲੀਨ ਰਤੀ ਦੇ ਅਤੇ ਪੁਰਾਤਨ ਸਾਹਿਤ ਉਤੇ ਲਿਖੇ ਗਏ ਹਨ। ਇਹ ਸਾਰੇ ਵਖੋ ਵਖ ਵਿਦਵਾਨਾਂ ਦੀ ਮਿਹਨਤ ਤੇ ਲਗਨ ਦਾ ਪ੍ਰਗਟਾ ਹਨ। ਮੈਨੂੰ ਪੂਰਨ ਆਸ ਹੈ ਕਿ ਪੰਜਾਬੀ ਪਾਠਕ ਇਸ ਤੋਂ ਯੋਗ ਲਾਭ ਉਠਾ ਸਕਣਗੇ।

ਲਾਲ ਸਿੰਘ
ਡਾਇਰੈਕਟਰ
ਭਾਸ਼ਾ ਵਿਭਾਗ, ਪੰਜਾਬ ਪਟਿਆਲਾ

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

# ਪੰਜਾਬੀ ਸਾਹਿਤ ਦੇ ਮੁਢਲੇ ਸੋਮੇਂ

## (1) ਨਿਬੰਧ ਦਾ ਸੀਮਾਂ-ਖੇਤਰ

ਇਸ ਨਿਬੰਧ ਦੇ ਸਾਰਥਕ ਵਿਸ਼ੇ ਨੂੰ ਅਰੰਭ ਕਰਨ ਤੋਂ ਪਹਿਲਾਂ ਇਸ ਦੇ ਸਿਰਲੇਅ ਦਾ ਨਿਰਣਾ ਕਰਨਾ ਜ਼ਰੂਰੀ ਹੈ। ਇਸ ਸਿਰਲੇਖ ਵਿਚ ਨਿਰਣਾ ਕਰਨ ਵਾਲੀਆਂ ਦੋ ਗੱਲਾਂ ਹਨ— ਪਹਿਲੀ ਗੱਲ ਇਹ ਹੈ ਕਿ 'ਸੋਮੇ' ਸ਼ਬਦ ਤੋਂ ਕੀ ਭਾਵ ਹੈ ਤੇ ਦੂਜੀ ਨਿਰਣਾ ਕਰਨ ਵਾਲੀ ਗੱਲ ਇਹ ਹੈ ਕਿ ਪੰਜਾਬੀ ਸਾਹਿਤ ਦੇ ਕਿਹੜੇ ਕਾਲ ਨੂੰ ਭਾਵ ਕਿਸ ਸਮੇਂ ਤੋਂ ਕਿਸ ਸਮੇਂ ਤੀਕ ਦੀ ਸਾਹਿਤਕ ਉਪਜ ਨੂੰ ਇਸ ਨਿਬੰਧ ਦੀ ਖੇਤਰ-ਸੀਮਾਂ ਵਿਚ ਲਿਆ ਜਾਣਾ ਚਾਹੀਦਾ ਹੈ ? ਮੇਰੀ ਜਾਚੇ 'ਸੋਮਾਂ' ਸ਼ਬਦ ਦੇ ਇਸ ਪਤਕਰਣ ਵਿਚ ਤਿੰਨ ਭਾਵ ਲਏ ਜਾ ਸਕਦੇ ਹਨ ਤੇ ਇਸ ਲੇਖ ਦੀ ਵਲਗਣ ਵਿਚ 10 ਵੀਂ ਸਦੀ ਈਸਵੀ ਤੋਂ ਲਗ ਕੇ 1708 ਈਸਵੀ ਤੀਕ ਦੇ ਪੰਜਾਬੀ ਸਾਹਿਤ ਨੂੰ ਲਿਆ ਜਾਣਾ ਚਾਹੀਦਾ ਹੈ। ਇਨ੍ਹਾਂ ਕਥਨਾਂ ਦੀ ਸਪਸ਼ਟੀ ਤੇ ਪੁਸ਼ਟੀ ਹੇਠਾਂ ਕਰਦਾ ਹਾਂ।

ਕਿਸੇ ਸਾਹਿਤਕ ਰਚਨਾ ਦੇ ਸੋਮੇਂ ਤੋਂ ਭਾਵ ਇਹੋ ਲਿਆ ਜਾ ਸਕਦਾ ਹੈ ਕਿ ਉਸ ਰਚਨਾ ਤੋਂ ਪਹਿਲੀ ਪੂਰਬ-ਰਚਿਤ ਕਿਸ ਪੁਸਤਕ ਨੇ ਉਸ ਰਚਨਾ ਲਈ ਪਰੇਰਨਾ ਦਿਤੀ। ਇਥੇ ਹੋਰ ਚੌੜੇ ਅਰਥਾਂ ਵਿਚ 'ਸੋਮੇਂ' ਦੀ ਵਰਤੋਂ ਇਸ ਰੂਪ ਵਿਚ ਵੀ ਕੀਤੀ ਜਾ ਸਕਦੀ ਹੈ ਕਿ ਕਿਹੜੇ ਕੌਮੀ ਸੁਭਾ, ਕੌਮੀ ਤੇ ਸਥਾਨਿਕ ਹਾਲਾਤ ਤੇ ਵਾਈ-ਉ-ਮੰਡਲ ਤੇ ਕਿਹੜੇ ਕਲਾਕਾਰ ਦੇ ਜਾਤੀ ਤਜਰਬੇ ਨੇ ਕਿਸੇ ਰਚਨਾ ਲਈ ਪਰੇਰਨਾ ਦਿੱਤੀ। ਅਸੀਂ 'ਸੋਮੇਂ' ਸ਼ਬਦ ਨੂੰ ਇਨ੍ਹਾਂ ਦੋਹਾਂ ਅਰਥਾਂ ਵਿਚ ਹੀ ਲਵਾਂਗੇ। ਪਰ 'ਲੋਕ ਸਾਹਿਤ' ਦੀ ਰਚਨਾ ਦੀ ਹਾਲਤ ਵਿਚ ਵਧੇਰੇ ਜ਼ੋਰ ਦੂਜੇ ਅਰਥਾਂ ਤੇ ਰਖਣਾ ਪਏਗਾ ਤੇ ਪਹਿਲੇ ਅਰਥ ਤੇ ਘੱਟ ਤੇ ਲਿਖਤੀ ਸਾਹਿਤ ਦੀ ਰਚਨਾ ਦੀ ਹਾਲਤ ਵਿਚ ਜ਼ੋਰ ਪਹਿਲੇ ਅਰਥਾਂ ਤੇ ਵਧ ਰਖਣਾ ਪਏਗਾ ਤੇ ਦੂਜੇ ਅਰਥਾਂ ਤੇ ਘਟ। ਕਿਉਂਕਿ ਇਹ ਗੱਲ ਤੇ ਹਰ ਰਚਨਾ ਦੀ ਹਾਲਤ ਵਿਚ ਸਾਡੇ ਵਿਚਾਰ ਵਿਚ ਸ਼ਾਮਲ ਹੀ ਰਹੇਗੀ ਕਿ ਹਰ ਰਚਨਾ ਕਲਾਕਾਰ ਦੀ ਸ਼ਖਸੀਅਤ ਤੇ ਸਮਾਜਕ ਆਲੇ ਦੁਆਲੇ ਵਿਚੋਂ ਵੀ ਉਤਪੰਨ ਹੁੰਦੀ ਹੈ। ਇਸ ਸਬੰਧ ਵਿਚ 'ਪਰੇਰਨਾ' ਸ਼ਬਦ ਦੇ ਅਰਥ ਨੂੰ ਵੀ ਸਪਸ਼ਟ ਕਰਨਾ ਜ਼ਰੂਰੀ ਹੋ ਗਿਆ ਹੈ। ਕਿਸੇ ਰਚਨਾ ਲਈ 'ਪਰੇਰਨਾ' ਦੇ ਅਸੀਂ ਤਿੰਨ ਅਰਥ ਲਵਾਂਗੇ—ਵਿਚਾਰ ਜਾਂ ਵਿਸ਼ੇ ਦੀ ਪਰੇਰਨਾ ; ਸਾਹਿਤਕ ਰੂਪ ਜਿਸ ਵਿਚ ਕੋਈ ਰਚਨਾ ਢਾਲੀ ਗਈ ਹੈ ਉਸ ਲਈ ਪਰੇਰਨਾ ਤੇ ਰਸਿਕ ਸ਼ੈਲੀ ਜੋ ਕਿਸੇ ਕਲਾਕਾਰ ਨੇ ਅਪਣਾਈ ਹੈ ਉਸ ਲਈ ਪਰੇਰਨਾ। ਜਦੋਂ ਅਸੀਂ ਕਹਾਂਗੇ ਕਿ ਅਮਕੀ ਪੁਸਤਕ ਅਮਕੀ ਪੰਜਾਬੀ ਰਚਨਾ ਦਾ ਸੋਮਾ ਹੈ ਤਾਂ ਉਹ ਪੁਸਤਕ ਉਸ ਰਚਨਾ ਲਈ ਇਹ ਤਿੰਨ ਕਿਸਮ ਦੀ ਪਰੇਰਨਾਦੇ ਰਹੀ ਹੋਵੇਗੀ। ਸਾਹਿਤਕ ਰੂਪ ਤੇ ਸ਼ੈਲੀ ਦੀ ਪਰੇਰਨਾ ਦੇ ਭਾਵ, ਤੇ ਸਪਸ਼ਟ ਹਨ ਪਰ ਵਿਚਾਰਾਂ ਦੇ ਪਰੇਰਨਾ ਦੇ ਦੋਵੇਂ ਰੂਪ 'ਖੰਡਨ' ਤੇ 'ਮੰਡਨ ਅਸੀਂ ਪ੍ਰਵਾਨ ਸਮਝਾਂਗੇ। ਵਿਚਾਰ ਤੇ ਕੇਵਲ ਇਹ ਹੈ ਕਿ ਇਸ ਪੁਸਤਕ ਦੀ ਵਿਚਾਰਧਾਰਾ ਨੇ ਕਿਸੇ ਹੋਰ ਲੇਖਕ ਨੂੰ ਪਰਭਾਵਤ ਕੀਤਾ ਤੇ ਉਹ ਜਾਂ ਉਸ ਵਿਚਾਰਧਾਰਾ ਦੀ ਪਰੋੜਤਾ ਵਿਚ ਇਕ ਰਚਨਾ ਕਰਨ ਲਗਾ ਜਾਂ ਉਸਦੇ ਵਿਰੋਧ ਵਿਚ

Digitized by Panjab Digital Library | www.panjabdigilib.org

'ਪਰਭਾਵਤ' ਹੋਣਾ ਹੀ ਪਰੇਰਨਾ ਹੈ, ਉਕਸਾਹਟ ਪੈਦਾ ਹੋਈ ਭਾਵੇਂ ਮੰਡਨ ਲਈ, ਭਾਵੇਂ ਖੰਡਨ ਲਈ। ਇਹ ਤੇ ਹੈ ਸਿਰਲੇਖ ਵਿਚ ਵਰਤੇ 'ਸੋਮੇਂ' ਸ਼ਬਦ ਦੀ ਵਰਤੋਂ ਦਾ ਸਪਸ਼ਟੀਕਰਨ।

ਹੁਣ ਇਸ ਭਾਗ ਨੂੰ ਲੈਂਦੇ ਹਾਂ ਕਿ ਕਿਉਂ 10 ਵੀਂ ਸਦੀ ਤੋਂ 1708 ਈਸਵੀ ਤੀਕ ਦੇ ਸਾਹਿਤ ਨੂੰ ਇਸ ਲੇਖ ਦੀ ਵਲਗਣ ਵਿਚ ਲਿਆ ਜਾਏ। ਇਸ ਗੱਲ ਦਾ ਸਬੰਧ ਸ਼ਬਦ 'ਮੁਢਲੇ ਸੋਮੇਂ' ਦੀ ਸਿਰਲੇਖ ਵਿਚ ਵਰਤੋਂ ਨਾਲ ਹੈ। ਇਥੇ 'ਮੁਢਲੇ' ਤੋਂ ਭਾਵ 'ਪਹਿਲੇ ਪਹਿਲੇ' ਹੈ ਭਾਵ ਪੰਜਾਬੀ ਸਾਹਿਤ ਦੇ ਪਹਿਲੇ ਪਹਿਲੇ ਸੋਮੇਂ ਕਿਹੜੇ ਸਨ। ਸਾਧਾਰਨ ਦ੍ਰਿਸ਼ਟੀ ਨਾਲ ਵੇਖਿਆਂ ਵੀ ਇਹ ਗਲ ਸਪਸ਼ਟ ਹੈ ਕਿ ਜੇ ਸਾਰੇ ਪੰਜਾਬੀ ਸਾਹਿਤ ਨੂੰ ਸਾਹਮਣੇ ਰਖਿਆ ਜਾਏ ਤਦ ਤਿੰਨ ਸੋਮਿਆਂ ਤੋਂ ਹੁਣ ਤੀਕ ਪੰਜਾਬੀ ਸਾਹਿਤ ਪਰੇਰਨਾ ਲੈ ਚੁਕਾ ਹੈ—ਸਭ ਤੋਂ ਪਹਿਲਾ ਸੋਮਾਂ ਭਾਰਤੀ ਸਾਹਿਤ ਸੀ, ਦੂਜਾ ਸੋਮਾਂ ਇਸਲਾਮੀ ਸਾਹਿਤ ਸੀ ਤੇ ਤੀਜਾ ਅੰਗਰੇਜ਼ੀ ਸਾਹਿਤ ਹੈ। ਅਸੀਂ ਕੇਵਲ 'ਪਹਿਲੇ' ਜਾਂ 'ਮੁਢਲੇ ਸੋਮੇਂ' ਦਾ ਵਰਣਨ ਕਰਨਾ ਹੈ ਇਸ ਲਈ ਉਨ੍ਹਾਂ ਦਾ ਸਬੰਧ ਵੀ ਮੁਢਲੇ ਜਾਂ ਪਹਿਲੇ ਪੰਜਾਬੀ ਸਾਹਿਤ ਨਾਲ ਹੀ ਅਸੀਂ ਵਧੇਰੇ ਦਰਸਾਣਾ ਠੀਕ ਸਮਝਦੇ ਹਾਂ ਭਾਵੇਂ ਉਹ ਸੋਮੇਂ ਹੁਣ ਤੀਕ ਦੇ ਸਾਹਿਤ ਦੀ ਵੀ ਪਰੇਰਨਾ ਹਨ। ਜਿਵੇਂ ਭਾਈ ਵੀਰ ਸਿੰਘ ਤੇ ਧਨੀ ਰਾਮ 'ਚਾਤ੍ਰਿਕ ਲਈ ਸਨ। ਸੋ 900 ਤੋਂ 1708 ਤੀਕ ਦਾ ਸਾਹਿਤ ਮੁਢਲਾ ਪੰਜਾਬੀ ਸਾਹਿਤ ਗਿਣਨਾ ਚਾਹੀਦਾ ਹੈ। 10 ਵੀਂ ਸਦੀ ਦੇ ਅਰੰਭ ਨਾਲ ਪੰਜਾਬੀ ਅਪਭ੍ਰੰਸ਼ ਨੇ ਆਪਣਾ ਵਰਤਮਾਨ ਰੂਪ ਧਾਰਨਾ ਸ਼ੁਰੂ ਕੀਤਾ ਤੇ 1708 ਵਿਚ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤ ਸਮਾਏ। ਜਦੋਂ ਕਿਸੇ ਬੋਲੀ ਨੇ ਆਪਣਾ ਰੂਪ ਧਾਰਨ ਕਰਨਾ ਸ਼ੁਰੂ ਕੀਤਾ ਉਦੋਂ ਹੀ ਉਸ ਵਿਚ ਕੁਝ ਸਾਹਿਤ ਰਚਨਾ ਅਵੱਸ਼ ਆਰੰਭ ਹੋ ਗਈ ਹੋਣੀ ਹੈ ਤੇ ਜੋਗੀਆਂ ਦੀ ਪੰਜਾਬੀ ਕਵਿਤਾ ਇਸ ਕਥਨ ਦਾ ਪ੍ਰਮਾਣ ਹੈ ਤੇ ਉਦੋਂ ਹੀ ਲੋਕ-ਗੀਤਾਂ ਦੀ ਤੇ ਹੋਰ ਲੋਕ-ਸਾਹਿਤ ਰੂਪਾਂ ਵਿਚ ਵੀ ਕੁਝ ਨਾ ਕੁਝ ਰਚਨਾ ਅਰੰਭ ਹੋ ਗਈ ਹੋਣੀ ਹੈ। ਇਸ ਕਾਲ ਵਿਚ ਪੰਜਾਬੀ ਬੋਲੀ ਬਹੁਤਾ ਸਾਰਾ ਵਿਕਾਸ਼ ਕਰ ਗਈ ; ਪੰਜਾਬੀ ਸਾਹਿਤ ਦੇ ਮੁਢਲੇ ਬਹੁਤ ਸਾਰੇ ਸਾਹਿਤ ਰੂਪ ਆਪਣਾ ਰੂਪ ਧਾਰਨ ਕਰ ਗਏ ਤੇ ਧਾਰਮਕ ਤੇ ਸਮਾਜਕ ਹਾਲਾਤ ਵਿਚ ਕੁਝ ਸਥਿਰਤਾ ਆ ਗਈ। ਲੋਕ-ਗੀਤਾਂ ਦਾ ਇਸ ਸਮੇਂ ਵਿਚ ਕਾਫੀ ਵਿਕਾਸ਼ ਹੋ ਚੁਕਾ ਸੀ; ਜੋਗੀਆਂ ਦੀ ਕਵਿਤਾ ਆਪਣਾ ਸਾਹਿਤਕ ਵਿਕਾਸ਼ ਮੁਕਾ ਚੁਕੀ ਸੀ ; ਸੂਫੀ ਕਵਿਤਾ ਦਾ ਅਰੰਭ 'ਫਰੀਦ' ਕਰ ਚੁਕਾ ਸੀ ਤੇ ਸ਼ਾਹ ਹੁਸੈਨ ਸੂਫੀ ਵਿਚਾਰਧਾਰਾ ਦੇ ਸਾਰੇ ਪਰੀਵਰਤਨ ਤੇ ਵਿਕਾਸ਼ ਨੂੰ ਪੂਰਾ ਠੁਕ ਰੂਪ ਦੇ ਚੁਕਾ ਸੀ; ਸਿਖ ਗੁਰੂ ਸਾਹਿਬਾਨ ਦੀ ਸਾਰੀ ਕਵਿਤਾ 'ਆਦਿ ਗੁਰੂ ਗ੍ਰੰਥ ਸਾਹਿਬ' ਵਿਚ ਆ ਚੁਕੀ ਸੀ ; 'ਦਸਮ ਗ੍ਰੰਥ' ਦੀ ਸਿਖ ਕਵਿਤਾ ਪੂਰੀ ਲਿਖੀ ਜਾ ਚੁਕੀ ਸੀ; ਦਮੋਦਰ, ਪੀਲੂ ਤੇ ਬਰਖੁਰਦਾਰ ਸਾਹਿਤਕ ਕਿੱਸੇ ਲਿਖ ਚੁਕੇ ਸਨ। ਪੰਜਾਬੀ ਵਾਰਤਕ ਦਾ ਮੂੰਹ ਮੱਥਾ ਘੜਿਆ ਜਾ ਚੁਕਾ ਸੀ ; ਸਾਖੀਆਂ, ਟੀਕੇ, ਪਰਮਾਰਥ ਤੇ ਗੋਸ਼ਟਾਂ ਲਿਖੇ ਜਾ ਚੁੱਕੇ ਸਨ। ਇਹ ਸਾਰੇ ਸਾਹਿਤਕ ਰੂਪ ਮੁਢਲੇ ਪੰਜਾਬੀ ਸਾਹਿਤ ਦੀ ਪੂਰੀ ਪ੍ਰਤੀਨਿਧਤਾ ਕਰਦੇ ਹਨ। 1708 ਤੀਕ ਪੰਜਾਬੀ ਸਾਹਿਤ ਆਪਣਾ ਪਹਿਲਾ ਨਿਗਰ ਪੜਾ ਅਵੱਸ਼ ਮੁਕਾ ਚੁਕਾ ਸੀ।

## (2) ਪੰਜਾਬੀ ਸਾਹਿਤ ਦੀ ਮੌਲਿਕਤਾ

ਅਸਲ ਵਿਸ਼ੇ ਵਲ ਆਉਣ ਤੋਂ ਪਹਿਲਾਂ ਇਕ ਹੋਰ ਗੱਲ ਵੀ ਕਹਿ ਦੇਣੀ ਜ਼ਰੂਰੀ ਹੈ। ਇਸ ਨਿਬੰਧ ਦਾ ਇਕ ਨਿਸਚਿਤ ਮੰਤਵ ਹੈ ਤੇ ਇਸ ਨੇ ਪੰਜਾਬੀ ਸਾਹਿਤ ਨੂੰ ਕੇਵਲ ਇਸ ਦ੍ਰਿਸ਼ਟੀ

Digitized by Panjab Digital Library | www.panjabdigilib.org

ਤੋਂ ਵੇਖਣਾ ਹੈ ਕਿ ਕਿਸੇ ਸਾਹਿਤਕ ਪਰੰਪਰਾ ਦ ਸੋਮੇਂ ਕੀ ਹਨ, ਕਿਸੇ ਰਚਨਾ ਨੇ ਆਪਣੀ ਉਤਪਤੀ ਲਈ ਕਿਸੇ ਹੋਰ ਵਿਚਾਰਧਾਰਾ ਜਾਂ ਪੁਸਤਕ ਤੋਂ ਕੀ ਸਹਾਇਤਾ ਲਈ ਹੈ। ਇਹ ਲੇਖ ਕੇਵਲ ਇਸ ਸੀਮਤ ਜਹੇ ਦ੍ਰਿਸ਼ਟੀਕੋਨ ਤੋਂ ਲਿਖਿਆ ਜਾ ਰਿਹਾ ਹੈ ਤੇ ਸ਼ਾਇਦ ਇਸ ਤੋਂ ਇਹ ਜਾਪਣ ਲਗ ਪਏ ਕਿ ਪੰਜਾਬੀ ਸਾਹਿਤ ਵਿਚ ਤੇ ਕੋਈ ਮੌਲਿਕਤਾ ਨਹੀਂ। ਕੋਈ ਆਪਣੇ ਬਣਾਏ ਸਾਹਿਤਕ ਰੂਪ ਨਹੀਂ ਤੇ ਇਸ ਦੀ ਆਪਣੀ ਕੋਈ ਵਿਸ਼ੇਸ਼ ਸ਼ੈਲੀ ਨਹੀਂ। ਇਹ ਗੱਲ ਕਦਾਚਿਤ ਨਹੀਂ। ਇਸ ਭੁਲੇਖੇ ਵਿਚ ਪੈਣ ਤੋਂ ਸਾਵਧਾਨ ਰਹਿਣ ਦੀ ਲੋੜ ਹੈ।

ਪੰਜਾਬੀਆਂ ਦੀ ਸਾਰੀ ਮਨੁਖਤਾ ਨਾਲ ਤੇ ਵਿਸ਼ੇਸ਼ ਕਰਕੇ ਸਾਰੇ ਭਾਰਤ-ਵਾਸੀਆਂ ਨਾਲ ਮਨੁਖਤਾ ਵਾਲੀ ਸਾਂਝ ਤੇ ਅਵੱਸ਼ ਹੈ ਤੇ ਹੈ ਵੀ ਆਦਿ ਕਾਲ ਤੋਂ। ਸਾਰੀ ਮਨੁਖਤਾ ਦੇ ਭਾਵ ਸਾਂਝੇ ਹਨ, ਲੋੜਾਂ ਸਾਂਝੀਆਂ ਤੇ ਵਿਚਾਰ ਵੀ ਸਾਂਝੇ ਹਨ। ਸਾਰੀ ਮਨੁਖਤਾ ਵਿਚ ਸੁੰਦਰਤਾ ਤੇ ਸੋਹਜ ਦੀ ਲਗਨ ਨੇ ਕੋਮਲ ਕਲਾ ਨੂੰ ਜਨਮ ਦਿੱਤਾ ਹੈ। ਇਕ ਕੌਮ ਦੇ ਵਿਸ਼ੇਸ਼ ਵਿਚਾਰ ਤੇ ਭਾਵ ਕਈ ਸਦੀਆਂ ਦੇ ਮੇਲ ਜੋਲ ਕਰਕੇ ਇਕ ਦੂਜੀ ਕੌਮ ਦੇ ਵਿਚਾਰਾਂ ਤੇ ਭਾਵਾਂ ਵਿਚ ਘੁਲ ਮਿਲ ਵੀ ਗਏ ਹਨ ਤੇ ਪੰਜਾਬੀ ਸੰਸਾਰ ਤੋਂ ਵਖਰੇ ਤੇ ਮਨੁਖ ਨਹੀਂ। ਇਹ ਸਾਂਝੀ ਸਾਂਝ ਤੇ ਉਹਨਾਂ ਦੀ ਹਰ ਕੌਮ ਤੇ ਹਰ ਮਨੁਖ ਨਾਲ ਹੈ।

ਪਰ ਪੰਜਾਬੀ ਸਾਹਿਤ ਦਾ ਆਪਣਾ ਆਪ ਭੀ ਹੈ ਜੋ ਭਾਰਤ ਦੇ ਵੀ ਹੋਰ ਸਾਹਿਤਾਂ ਤੋਂ ਵਖਰਾ ਹੈ। ਪੰਜਾਬੀ ਸਾਹਿਤਕ ਰਚਨਾ ਜਦੋਂ ਕਿਸੇ ਹੋਰ ਰਚਨਾ ਦੇ ਮੂਲ ਵਿਚਾਰ ਨੂੰ ਅਪਣਾਂਦੀ ਵੀ ਹੈ ਤਾਂ ਉਸ ਦੇ ਸਿਧਾਂਤ ਤੇ ਰੂਪ ਵਿਚ ਕੋਈ ਫਰਕ ਅਵੱਸ਼ ਪਾ ਦਿੰਦੀ ਹੈ ; ਜੇ ਕਿਸੇ ਸਾਹਿਤ ਰੂਪ ਨੂੰ ਅਪਣਾਂਦੀ ਹੈ ਤਾਂ ਵੀ ਉਸ ਵਿਚ ਕੋਈ ਅੰਤਰ ਪਾ ਦਿੰਦੀ ਹੈ ; ਉਸ ਦੀ ਸ਼ੈਲੀ ਘੜਨ ਵਿਚ ਭਾਵੇਂ ਕਈ ਸ਼ੈਲੀਆਂ ਸਹਾਇਕ ਹੋਈਆਂ ਹਨ ਪਰ ਉਸ ਸ਼ੈਲੀ ਦਾ ਮੂੰਹ-ਮੱਥਾ ਪੂਰਾ ਕਿਸੇ ਵੀ ਹੋਰ ਸ਼ੈਲੀ ਰੂਪ ਤੇ ਆਧਾਰਤ ਨਹੀਂ ਹੈ। ਪੰਜਾਬੀ ਸਾਹਿਤ ਵਿਚ ਆਪਣਾ ਵਖਰਾ ਇਕ ਨਰੋਆਪਨ ਤੇ ਆਪਣੀ ਇਕ ਮੌਲਿਕਤਾ ਸਦਾ ਕਾਇਮ ਰਹਿੰਦੇ ਹਨ। ਜੇ ਪੰਜਾਬੀ ਜੋਗੀ ਯੋਗਮਤ ਦੇ ਮੂਲ ਵਿਚਾਰ ਲੈ ਕੇ ਕਵਿਤਾ ਲਿਖਦੇ ਹਨ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਹ ਨਿਰੇ 'ਪਤੰਜਲੀ' ਤੇ ਆਧਾਰਤ ਹਨ। ਜੇ 'ਫਰੀਦ' ਇਸਲਾਮ ਦਾ ਉਪਾਸ਼ਕ ਹੈ ਤਾਂ ਉਹ ਨਾ ਨਿਰੀ ਇਸਲਾਮੀ ਸ਼ਰਾ ਨੂੰ ਪੰਜਾਬੀ ਵਿਚ ਘੁਸੇੜ ਰਿਹਾ ਤੇ ਨਾ ਕੁਰਾਨ ਤੀਕ ਹੀ ਸੀਮਤ ਹੈ ; ਜੇ ਗੁਰੂ ਸਾਹਿਬਾਨ ਵਿਦਾਂਤ—ਤੇ ਅਦ੍ਵੈਤ ਸਿਧਾਂਤ ਤੋਂ ਪਰੇਰਨਾ ਲੈਂਦੇ ਹਨ ਤਾਂ ਇਸ ਦਾ ਭਾਵ ਇਹ ਨਹੀਂ ਕਿ ਉਨ੍ਹਾਂ ਦੀ ਕਵਿਤਾ ਨਿਰਾ 'ਸ਼ੰਕਰ' ਜਾਂ ਰਾਮਾਨੁਜ ਦਾ ਵਿਸਥਾਰ ਹੈ ; ਪੰਜਾਬੀ ਸੂਫ਼ੀ ਈਰਾਨੀ ਸੂਫ਼ੀ ਨਹੀਂ ਹਨ—ਇਹ ਪੰਜਾਬੀ ਹੀ ਹਨ।

ਭਾਵੇਂ ਵਿਚਾਰ ਅਸੀਂ ਸੋਮਿਆਂ ਤੇ ਹੀ ਕਰ ਰਹੇ ਹਾਂ ਪਰ ਇਹ ਗੱਲ ਕਦੇ ਨਹੀਂ ਭੁਲਣੀ ਚਾਹੀਦੀ ਕਿ ਪੰਜਾਬੀ ਦਾ ਮੁਢਲਾ ਸਾਹਿਤ ਸੰਤਾਂ ਫਕੀਰਾਂ ਦਾ ਹੀ ਸਾਹਿਤ ਹੈ। ਭਾਵੇਂ ਇਨ੍ਹਾਂ ਮਹਾਂ ਪੁਰਸ਼ਾਂ ਦਾ ਅਧਿਐਨ ਚੌੜਾ ਹੁੰਦਾ ਹੈ ਪਰ ਇਹ ਸਦਾ ਆਪਣਾ ਆਪ ਵੀ ਰਹਿੰਦੇ ਹਨ ਤੇ ਕਿਸੇ ਗ੍ਰੰਥ, ਰਚਨਾ, ਕਾਵਿ ਵੰਨਗੀ ਤੇ ਸ਼ੈਲੀ ਦੇ ਦਾਬੇ ਥੱਲੇ ਨਹੀਂ ਹੋ ਸਕਦੇ, ਕਿਸੇ ਹੋਰ ਰਚਨਾ ਦੇ ਮੁਤਵਾਜ਼ੀ ਰਚਨਾ ਵੀ ਨਹੀਂ ਕਰਦੇ, ਕਿਸੇ ਹੋਰ ਰਚਨਾ ਦਾ ਸੁੱਕਾ ਉਲਥਾ ਵੀ ਨਹੀਂ ਕਰਦੇ, ਕਿਸੇ ਸ਼ੈਲੀ ਦੀ ਨਕਲ ਵੀ ਨਹੀਂ ਕਰਦੇ, ਕਿਸੇ ਬੋਲੀ ਦੀ ਕੈਦ ਵਿਚ ਵੀ ਨਹੀਂ ਰਹਿੰਦੇ।

Digitized by Panjab Digital Library | www.panjabdigilib.org

ਸੈਂਕੜੇ ਸੋਮੇ ਹੁੰਦਿਆਂ ਵੀ ਪੰਜਾਬੀ ਸਾਹਿਤ ਆਪਣਾ ਹੀ ਵਖਰਾ ਰੰਗ ਰਖਦਾ ਹੈ ਤੇ ਉਸ ਦੀ ਮੌਲਿਕਤਾ ਕਿਸੇ ਸੰਸੇ ਵਿਚ ਨਹੀਂ ਹੈ। ਲੇਖ ਦੀ ਸੀਮਾਂ ਵਿਚ ਰਹਿਣ ਖਾਤਰ ਕਿਸੇ ਵੀ ਲੇਖਕ ਦੀ ਰਚਨਾ ਦੀ ਪੂਰੀ ਬਹੁ-ਪੱਖੀ ਅਲੋਚਨਾ ਜਾਂ ਪਰਸੰਸਾ ਨਹੀਂ ਕੀਤੀ ਗਈ, ਕੇਵਲ ਉਸਦੇ ਵਿਚਾਰਾਂ, ਸਾਹਿਤਕ ਰੂਪਾਂ ਤੇ ਬੋਲੀ ਸ਼ੈਲੀ ਦੇ ਸੋਮੇ ਹੀ ਲੱਭਣ ਦਾ ਯਤਨ ਕੀਤਾ ਹੈ। ਕਿਸੇ ਲੇਖਕ ਦੇ ਹਰ ਪੱਖ ਨਾਲ ਪੂਰਾ ਨਿਆਂ ਕਰਨਾ ਇਸ ਲੇਖ ਦੀ ਖੇਤਰ ਸੀਮਾਂ ਵਿਚ ਨਹੀਂ ਹੈ। ਜੇ ਹਰ ਲੇਖਕ ਦੀ ਪੂਰੀ ਪ੍ਰਤਿਭਾ ਨੂੰ ਵੇਖਿਆ ਜਾਏ ਤਾਂ ਸਪਸ਼ਟ ਹੋ ਜਾਏ ਕਿ ਜੋਗੀ ਤੇ ਨਾਥ ਭਾਵੇਂ ਕਿਸੇ ਰੂਪ ਵਿਚ ਭਾਰਤੀ 'ਯੋਗ' ਤੇ 'ਸਾਂਖ' ਦੀ ਹੀ ਵਿਆਖਿਆ ਕਰ ਰਹੇ ਸਨ ਪਰ ਉਨ੍ਹਾਂ ਦਾ ਨਿਸ਼ਾਨਾ ਇਕ ਧਾਰਮਕ ਸਮਾਜਕ ਸੁਧਾਰ ਸੀ ਤੇ ਉਹ ਜੋਗੀਆਂ ਨੂੰ ਰਸਾਤਲਤਾ ਵਿੱਚੋਂ ਕਢਣ ਦਾ ਯਤਨ ਕਰ ਰਹੇ ਸਨ, ਉਹ ਕਿਸੇ ਆਦਰਸ਼ਕ ਆਚਰਨ ਵਾਲੇ ਜੋਗ ਨੂੰ ਧ਼ਾਰਨ ਕਰਨ ਦੀ ਪਰੇਰਨਾ ਕਰ ਰਹੇ ਸਨ ਤੇ ਨਿਰੇ ਪ੍ਰਾਣਾਯਾਮ ਦੀ ਵਿਆਖਿਆ ਨਹੀਂ ਸਨ ਕਰ ਰਹੇ। ਫ਼ਰੀਦ ਵੀ ਪੰਜਾਬ ਤੇ ਭਾਰਤ ਦੇ ਰਾਜਸੀ ਤੇ ਸਮਾਜਕ ਹਾਲਾਤ ਨੂੰ ਸਰਲ ਤੇ ਸੁਖਾਵਾਂ ਬਨਾਣ ਦੇ ਆਸ਼ੇ ਤੋਂ ਬਾਣੀ ਦੀ ਰਚਨਾ ਕਰ ਰਿਹਾ ਸੀ। ਰਾਜ-ਮਦ ਵਿਚ ਮਤੇ ਆਪਣੇ ਧਰਮ ਭਾਈਆਂ ਨੂੰ ਸੰਸਾਰ ਦੀ ਨਾਸ਼ਮਾਨਤਾ ਦੱਸ ਕੇ ਉਨ੍ਹਾਂ ਨੂੰ ਆਪਣੇ ਜਬਰ ਦਾ ਰਸਤਾ ਬਦਲਣ ਲਈ ਪਰੇਰਨਾ ਦੇ ਰਿਹਾ ਸੀ। ਉਹ ਸੁਭਾਵਕ ਤੌਰ ਤੇ ਨਿਰਾਸ਼ਾਵਾਦੀ ਨਹੀਂ, ਸਮੇਂ ਦੀ ਮਜਬੂਰੀ ਕਾਰਨ ਇਹ ਕਰਤਵ ਨਿਭਾ ਰਿਹਾ ਸੀ। ਗੁਰੂ ਸਾਹਿਬਾਨ ਭਾਰਤੀ ਦਰਸ਼ਨ, ਸਭਿਆਚਾਰ, ਧਰਮ ਤੇ ਸਾਹਿਤ ਨੂੰ ਜਨ-ਸਾਧਾਰਨ ਦੀ ਬੋਲੀ ਵਿਚ ਪ੍ਰਗਟਾ ਰਹੇ ਸਨ। ਕਿਉਂਕਿ ਬਦੇਸ਼ੀ ਰਾਜ ਨਾਲ ਉਪਜੀ ਰਸਾਤਲਤਾ ਕਰਕੇ ਪੰਜਾਬੀ ਤੇ ਭਾਰਤੀ ਆਪਣੇ ਧਰਮ-ਪੁਸਤਕਾਂ, ਵੇਦਾਂ, ਸਭਿਆਚਾਰ, ਬੋਲੀ ਆਦਿ ਦਾ ਮਾਣ ਗਵਾ ਬੈਠੇ ਸਨ। ਵੇਦਾਂ ਨੂੰ ਜਨ-ਸਾਧਾਰਨ ਦੀ ਬੋਲੀ ਵਿਚ ਪ੍ਰਗਟਾਣਾ ਉਸ ਸਮੇਂ ਦੀ ਲੋੜ ਸੀ। ਉਨ੍ਹਾਂ ਇਕ ਸਾਰ ਮੁਸਲਮਾਨਾਂ, ਜੋਗੀਆਂ, ਪੰਡਤਾਂ, ਬੋਧੀਆਂ, ਜੈਨੀਆਂ ਤੇ ਗਰਸਤੀਆਂ ਨੂੰ ਅਧਿਆਤਮਕ, ਰਾਜਸੀ, ਧਾਰਮਕ, ਸਮਾਜਕ ਪਤਨ ਵਿਚੋਂ ਕਢਣ ਦਾ ਯਤਨ ਕੀਤਾ। ਨਾਮਦੇਵ, ਕਬੀਰ ਤੇ ਹੋਰ ਭਾਰਤੀ ਭਗਤ ਵੀ ਭਾਰਤੀਆਂ ਨੂੰ ਕਰਮਕਾਂਡ ਵਿਚੋਂ ਚੁਕ ਕੇ ਸਦਾਚਾਰ ਵਿਚ ਕਾਇਮ ਕਰਨਾ ਚਾਹੁੰਦੇ ਸਨ—ਇਹ ਉਸ ਸਮੇਂ ਦੀ ਸਮਾਜਕ ਲੋੜ ਸੀ। ਸੋ ਪੰਜਾਬੀ ਕਿਸੇ ਹੋਰ ਸਾਹਿਤ ਦਾ ਪਰਛਾਵਾਂ ਨਹੀਂ ਤੇ ਕੋਈ ਪੰਜਾਬੀ ਰਚਨਾ ਕਿਸੇ ਹੋਰ ਰਚਨਾ ਦਾ ਨਵਾਂ ਰੂਪ ਨਹੀਂ। ਇਸ ਸਾਹਿਤ ਵਿਚ ਹਰ ਥਾਂ ਸਥਾਨਕਤਾ ਦੀ ਖੁਸ਼ਬੂ ਤੇ ਮਿਠਾਸ ਹੈ। ਪੰਜਾਬੀ ਸਾਧਾਰਨ ਸੁਭਾ ਦਾ ਖੁਲ੍ਹਾਡੁਲ੍ਹਾ ਰੋਮਾਂਸਵਾਦ ਹੈ, ਬਾਗ਼ੈਰਤ ਜੀਵਨ ਲਈ ਤਰਲਾ ਹੈ ਤੇ ਨਵੇਂ ਪਰਯੋਗ ਕਰਨ ਦੀ ਰੀਝ ਤੇ ਹਿੰਮਤ ਹੈ। ਪਰ ਪੁਰਾਣੇ ਵੇਦਕ ਵਿਰਸੇ ਦਾ ਤੇ ਸੰਸਕ੍ਰਿਤ, ਪ੍ਰਾਕ੍ਰਿਤ ਸਾਹਿਤ ਦਾ ਗੌਰਵ ਵੀ ਹਰ ਥਾਂ ਮਿਲੇਗਾ। ਇਹ ਵੀ ਸਾਡੇ ਹੀ ਬਜ਼ੁਰਗਾਂ ਦੀ ਕਿਰਤ ਹਨ ਤੇ ਪੰਜਾਬ ਦੀ ਧਰਤੀ ਤੇ ਹੀ ਲਿਖੇ ਗਏ ਹਨ। ਭਾਰਤ ਦੀ ਸਮੁਚੀ ਅਧਿਆਤਮਕ ਪਰੰਪਰਾ ਸਦਾ ਅਡੋਲ ਤੇ ਬਾਕਾਇਦਾ ਪੀੜ੍ਹੀ ਪੀੜ੍ਹੀ ਤੁਰਦੀ ਆਈ ਹੈ। ਸਾਰੇ ਮੱਤ ਵੇਦਾਂ ਤੋਂ ਪਰਭਾਵਤ ਸਨ ; ਸਾਰੇ ਭਗਤ ਯੋਗ ਤੋਂ ਪਰਭਾਵਤ ਸਨ; ਸਾਰੇ ਗੁਰੂ (ਪੰਜਾਬ ਦੇ) ਭਾਰਤੀ ਭਗਤਾਂ ਤੇ ਜੋਗੀਆਂ ਤੋਂ ਪਰਭਾਵਤ ਸਨ ; ਪੰਜਾਬੀ ਸਾਰੇ ਸੰਤ ਤੇ ਫਕੀਰ ਸਿਖ ਗੁਰੂਆਂ, ਭਾਰਤੀ ਭਗਤਾਂ ਤੇ ਜੋਗੀਆਂ ਤੋਂ ਪਰਭਾਵਤ ਸਨ ; ਅਧੁਨਿਕ ਪੰਜਾਬੀ ਕਵੀ ਸਿਖ ਗੁਰੂਆਂ ਤੋਂ ਪਰਭਾਵਤ ਹਨ। ਇਹ ਸਭ ਕੁਝ ਇਕੋ ਲੀਹ ਹੈ ਤੇ ਇਕੋ ਅਸਲੀਅਤ ਦਾ ਵਿਸਥਾਰ।

Digitized by Panjab Digital Library | www.panjabdigilib.org

## (3) ਪੰਜਾਬੀਆਂ ਦਾ ਲੋਕ-ਸਾਹਿਤ

ਹੁਣ ਮੈਂ ਅਸਲ ਵਿਸ਼ੇ ਵਲ ਆਉਂਦਾ ਹਾਂ। ਸਭ ਤੋਂ ਪਹਿਲਾਂ ਪੰਜਾਬੀ ਲੋਕ-ਸਾਹਿਤ ਨੂੰ ਵੇਖਦੇ ਹਾਂ ਤੇ ਇਹ ਨਿਰਣਾ ਕਰਨ ਦਾ ਜਤਨ ਕਰਦੇ ਹਾਂ ਕਿ ਇਸ ਦੇ ਸੋਮੇਂ ਕੀ ਹਨ।

ਲੋਕ-ਸਾਹਿਤ ਦੇ ਕਈ ਰੂਪ ਹਨ ਜਿਵੇਂ ਗੀਤ, ਕਹਾਣੀਆਂ, ਬੁਝਾਰਤਾਂ ਤੇ ਵਾਰਾਂ। ਸ਼ਾਇਦ ਅਖਾਣਾਂ ਤੇ ਮੁਹਾਵਰਿਆਂ ਨੂੰ ਵੀ ਲੋਕ-ਸਾਹਿਤ ਹੀ ਕਹਿਣਾ ਉਚਿਤ ਹੈ। ਇਨ੍ਹਾਂ ਗੀਤਾਂ ਦੀਆਂ ਕਈ ਕਿਸਮਾਂ ਹਨ ਤੇ ਕਈ ਰੂਪ ਜਿਨ੍ਹਾਂ ਵਿਚੋਂ ਪਿਆਰ ਗੀਤਾਂ ਨੂੰ ਸਭ ਤੋਂ ਵਧ ਮਹਾਨਤਾ ਪਰਾਪਤ ਹੈ; ਪਿਆਰ ਗੀਤਾਂ ਵਿਚੋਂ ਵੀ ਵਿਯੋਗ ਪਿਆਰ ਦੇ ਗੀਤ ਬਹੁਤ ਵਧ ਮਾਤਰਾ ਵਿਚ ਹਨ। ਦੂਜੇ ਦਰਜੇ ਤੇ ਸੰਜੋਗ ਪਿਆਰ ਤੇ ਉਸ ਨਾਲ ਸਬੰਧਤ ਸਧਰਾਂ ਤੇ ਭਾਵਾਂ ਦਾ ਉਲੀਕਣ ਕਰਨ ਵਾਲੇ ਗੀਤ ਹਨ। ਤੀਜੇ ਦਰਜੇ ਤੇ ਵਖੋ ਵਖ ਮਿਠੇ ਤੇ ਕੌੜੇ ਜੀਵਨ ਮੌਕਿਆਂ ਤੇ ਰਲ-ਮਿਲ ਕੇ ਸਮਾਜਿਕ ਨਾਤੇ ਦੀ ਸਾਖ ਭਰਨ ਵਾਲੇ ਗੀਤ ਹਨ। ਜਿਵੇਂ ਜਨਮ, ਵਿਆਹ, ਮੌਤ ਤੇ ਹੋਰ ਸ਼ਗਨਾਂ ਦੇ ਗੀਤ। ਲੋਕ-ਸਾਹਿਤ ਦਾ ਸਭ ਤੋਂ ਵੱਧ ਵਿਗਸਤ ਰੂਪ ਇਹ ਗੀਤ ਹੀ ਹਨ।

ਜਿਥੋਂ ਤੀਕ ਪੰਜਾਬੀ ਲੋਕ-ਗੀਤਾਂ ਦਾ ਸਬੰਧ ਹੈ, ਇਹ ਕਹਿਣ ਵਿਚ ਤੇ ਕੋਈ ਝਿਜਕ ਨਹੀਂ ਕਿ ਇਨ੍ਹਾਂ ਗੀਤਾਂ ਵਿਚ ਦਿੱਤੇ ਭਾਵ, ਵਿਚਾਰ, ਆਸਾਂ, ਸਧਰਾਂ ਉਹ ਹੀ ਹਨ ਜੋ ਰਾਜਿਸਥਾਨ. ਉੱਤਰ ਪਰਦੇਸ਼, ਡੋਗਰੀ, ਕਸ਼ਮੀਰੀ ਤੇ ਸੀਮਾਂ ਪਰਾਂਤ ਦੇ ਗੀਤਾਂ ਵਿਚ ਹਨ; ਸਗੋਂ ਇਹ ਵੀ ਠੀਕ ਹੈ ਕਿ ਇਹ ਭਾਵ ਤੇ ਵਿਚਾਰ ਭਾਰਤ ਦੇ ਹੋਰ ਪਰਾਂਤਾਂ ਤੇ ਸੰਸਾਰ ਦੀਆਂ ਹੋਰ ਕੌਮਾਂ ਦੇ ਲੋਕ-ਗੀਤਾਂ ਨਾਲ ਸਾਂਝੇ ਹਨ। ਇਹ ਗੱਲ ਭਾਵੇਂ ਇਸ ਸਿਧਾਂਤ ਦੀ ਪਰੋੜਤਾ ਕਰਦੀ ਹੋਵੇ ਕਿ ਸਾਰੀ ਮਨੁੱਖ ਜਾਤੀ ਕਦੇ ਕਿਸੇ ਇਕੋ ਥਾਂ ਰਹਿੰਦੀ ਸੀ ਤੇ ਇਕੋ ਬੋਲੀ ਬੋਲਦੀ ਸੀ ਤੇ ਭਾਂਵੇਂ ਇਸ ਕਥਨ ਦੀ ਹਾਮੀ ਭਰਦੀ ਹੋਵੇ ਕਿ ਬੁਨਿਆਦੀ ਤੌਰ ਤੇ ਮਨੁੱਖ ਜਾਤੀ ਇਕੋ ਜੋਤ ਤੇ ਰੂਪ ਹੈ ਭਾਵੇਂ 'ਨਿਆਰੇ ਨਿਆਰੇ ਦੇਸਨ ਕੇ ਭੇਸ ਕੋ ਪਰਭਾਉ ਹੈ' ਪਰ ਸਾਧਾਰਨ ਮਨੁੱਖ ਵਿਚ ਇਕ ਅਨੋਖੀ ਸਾਂਝ ਹਰ ਥਾਂ ਹੈ ਤੇ ਲੋਕ-ਗੀਤ ਜਨ ਸਾਧਾਰਨ ਦੀ ਕਲਾ ਕੌਸ਼ਲਤਾ ਦਾ ਫਲ ਰੂਪ ਹਨ ਤੇ ਇਸ ਸਰਬ-ਸਾਂਝ ਨੂੰ ਕਿਸੇ ਇਕ ਮਨੁੱਖ ਸ਼੍ਰੇਣੀ ਦਾ ਦੂਜੀ ਸ਼੍ਰੇਣੀ ਤੇ ਪਰਭਾਵ ਮੰਨਣਾ ਠੀਕ ਨਹੀਂ। ਇਹ ਸਾਂਝ ਉਸ ਤਰ੍ਹਾਂ ਦੀ ਸਾਂਝ ਹੈ ਜਿਵੇਂ ਸਾਰੇ ਮਨੁੱਖਾਂ ਦੀਆਂ ਦੋ ਅੱਖਾਂ ਹਨ, ਦੋ ਟੰਗਾਂ ਹਨ, ਸਿਰ ਤੇ ਧੜ ਹਨ। ਪਿਆਰ ਸਾਰੇ ਮਨੁੱਖਾਂ ਦਾ ਇਕ ਸਾਂਝਾ ਜਜ਼ਬਾ ਹੈ। ਵਿਛੋੜੇ ਵਿਚ ਦੁਖੀ ਹੋਣ ਤੇ ਮਿਲਾਪ ਲਈ ਤਰਲਾ ਘਤਣਾ ਹਰ ਮਨੁੱਖ ਦੇ ਸੁਭਾ ਦਾ ਅੰਗ ਹਨ। ਸੁੱਖ ਲਈ ਲੋਚਾ ਹਰ ਮਨੁੱਖ ਵਿਚ ਹੈ ਤੇ ਸਾਥੀ ਦਾ ਪਿਆਰ, ਧਨ ਪਦਾਰਥ ਦੀ ਬਹੁਲਤਾ ਤੇ ਆਸ਼ਾ ਤ੍ਰਿਸ਼ਨਾ ਦੀ ਪੂਰਤੀ ਆਮ ਸੂਝ ਅਨੁਸਾਰ ਇਸ ਦੇ ਸਰਬ ਪਰਵਾਨ ਸਾਧਨ ਹਨ। ਬਸ, ਇਹੋ ਕੁਝ ਹੈ ਪਿਆਰ ਗੀਤਾਂ ਵਿਚ! ਸੋ ਇਨ੍ਹਾਂ ਪੰਜਾਬੀ ਲੋਕ-ਗੀਤਾਂ ਦਾ ਸੋਮਾਂ ਮਨੁੱਖੀ ਜਜ਼ਬੇ ਹੀ ਹਨ, ਨਿਰੋਲ ਪੰਜਾਬੀ ਜਜ਼ਬੇ।

ਖਾਸ ਮੌਕਿਆਂ ਦੇ ਸਮਾਜਕ ਲੋਕ-ਗੀਤ ਵੀ ਤਿੰਨ ਵਿਸ਼ੇਸ਼ ਮਨੁੱਖੀ ਜੀਵਨ ਦੀਆਂ ਘਟਨਾਵਾਂ— ਜਨਮ, ਵਿਆਹ ਤੇ ਮੌਤ ਬਾਰੇ ਹਨ, ਇਨ੍ਹਾਂ ਵਿਚ ਮਨੁਖ ਇਕ ਸਮਾਜੀ ਜੀਵ ਹੈ—ਦੀ ਰੁਚੀ ਸੋਮਾਂ ਬਣਦੀ ਹੈ। ਸਮਾਜਿਕ ਜੀਵਨ ਵਿਚ ਆਦਿ ਤੋਂ ਹੀ ਸਾਂਝਾ ਸਭਿਆਚਾਰ, ਰਹੁਰੀਤੀ ਤੇ ਰਸਮ ਰਿਵਾਜ ਉਤਪੰਨ ਹੋਣ ਲਗ ਪੈਂਦੇ ਹਨ। ਰਸਮਾਂ ਇਸੇ ਲਈ ਹਨ ਕਿ ਇਨ੍ਹਾਂ ਵਿਸ਼ੇ

Digitized by Panjab Digital Library | www.panjabdigilib.org

ਮੌਕਿਆਂ ਤੇ ਹਰ ਕਿਸੇ ਨੂੰ ਸੋਚਣਾ ਨਾ ਪਏ ਕਿ ਕੀ ਕਰਨਾ ਹੈ ਤੇ ਕਿਵੇਂ ਵਰਤਣਾ ਹੈ ਤੇ ਉਸ ਮੌਕੇ ਦੀ ਖੁਸ਼ੀ ਜਾਂ ਉਦਾਸੀ ਨੂੰ ਪ੍ਰਗਟ ਕਰਨ ਲਈ ਖਾਸ ਮੰਤਰ ਤੇ ਗੀਤ ਬਣੇ ਹੋਏ ਹਨ। ਸਮਾਜਕ ਪਰਵਿਰਤੀ ਹੀ ਇਨ੍ਹਾਂ ਗੀਤਾਂ ਦਾ ਸੋਮਾਂ ਹੈ। ਇਨ੍ਹਾਂ ਭਾਵਾਂ ਦੇ ਗੀਤ ਵੀ ਸਾਰੇ ਸੰਸਾਰ ਦੇ ਸਾਂਝੇ ਹਨ।

ਇਨ੍ਹਾਂ ਦੋ ਪਰਕਾਰ ਦੇ ਲੋਕ-ਗੀਤਾਂ ਵਿਚ ਲਾਗਲੇ ਇਲਾਕਿਆਂ ਤੇ ਪਰਾਂਤਾਂ ਦੇ ਗੀਤਾਂ ਦਾ ਸੁਤੇ ਸਿਧ ਤੇ ਪਰਭਾਵ ਅਵੱਸ਼ ਪੈਂਦਾ ਰਹਿੰਦਾ ਹੈ ਤੇ ਲੈਣ ਦੇਣ ਹੁੰਦਾ ਰਹਿੰਦਾ ਹੈ। ਪਰ ਇਹ ਗਲ ਕਿਸੇ ਖਾਸ ਨੀਯਮ ਦੇ ਅਧੀਨ ਵਿਚਾਰ ਸਕਣੀ ਕਠਨ ਹੈ।

ਇਹ ਲੋਕ ਭਾਵ ਕਈ ਰੂਪਾਂ ਤੇ ਸਚਿਆਂ ਵਿਚ ਢਲੇ ਹਨ। ਜਿਵੇਂ ਖੁਲ੍ਹੇ ਡੁਲ੍ਹੇ ਗੀਤ, ਸਿਠਣੀਆਂ, ਘੋੜੀਆਂ, ਬਾਰਾਮਾਹੇ, ਅਠਵਾਰੇ, ਸੀਹਰਫੀਆਂ ਆਦਿ। ਇਨ੍ਹਾਂ ਰੂਪਾਂ ਨੂੰ ਅਸੀਂ ਇਥੇ ਲੋਕ-ਗੀਤਾਂ ਦੇ ਸਾਹਿਤ ਰੂਪ ਕਹਿ ਦਿੰਦੇ ਹਾਂ ਭਾਵੇਂ ਇਹ ਗੱਲ ਕੁਝ ਸ੍ਵੈ-ਵਿਰੋਧ ਵਾਲੀ ਜਾਪਦੀ ਹੈ ਇਨ੍ਹਾਂ ਸਾਹਿਤ ਰੂਪਾਂ ਦੇ ਅਵੱਸ਼ ਕੋਈ ਨਾ ਕੋਈ ਸੋਮੇਂ ਹਨ। ਅਨੁਮਾਨ ਇਹ ਲਗਦਾ ਹੈ ਕਿ ਪੰਜਾਬੀ ਲੋਕ ਬਾਰਾਮਾਹੇ ਤੇ ਪੱਟੀ ਬਾਵਨ ਅੱਖਰੀ ਆਦਿ ਤੇ ਸੰਸਕ੍ਰਿਤ ਸਾਹਿਤ ਵਿਚੋਂ ਹੀ ਆਏ ਹਨ ਤੇ ਘੋੜੀਆਂ, ਸਿਠਣੀਆਂ ਤੇ ਅਲਾਹਣੀਆਂ ਆਦਿ ਪਰਕਾਰ ਦੇ ਭਾਵਾਂ ਵਾਲੇ ਗੀਤ ਤੇ ਪੰਜਾਬੀ ਅਪਭ੍ਰੰਸਾਂ ਬਣਨ ਤੋਂ ਪਹਿਲਾਂ ਜ਼ਰੂਰ ਹੋਣੇ ਹਨ ਪਰ ਇਹ ਰੂਪਕ ਨਾਮ ਸ਼ਾਇਦ ਪਹਿਲਾਂ ਨਾ ਹੋਣ। ਸੋ ਇਹ ਰੂਪ ਸੰਸਕ੍ਰਿਤ ਤੇ ਪ੍ਰਾਕ੍ਰਿਤ ਵਿਚੋਂ ਅਪਭ੍ਰੰਸਾਂ ਵਿਚ ਆਏ ਹਨ। ਇਨ੍ਹਾਂ ਗੀਤਾਂ ਦੀ ਸ਼ੈਲੀ ਨਿਰੋਲ ਪੰਜਾਬੀਆਂ ਦੀ ਆਪਣੀ ਹੈ। ਇਸ ਸ਼ੈਲੀ ਵਿਚ 'ਅਕਲ ਕਲਾ' ਹੀ ਪਰਮ ਕਲਾਕਾਰੀ ਹੈ। ਜਜ਼ਬੇ ਦੇ ਵਹਾ ਵਿਚ ਜੋ ਕੁਝ ਨਿਕਲਦਾ ਹੈ, ਉਹ ਸੁਚਜਾ ਤੇ ਸੋਹਜ ਭਰਪੂਰ ਹੀ ਹੁੰਦਾ ਹੈ। ਇਹ ਸ਼ੈਲੀ ਰੋਜ਼ਾਨਾ ਗਲਬਾਤੀ ਸ਼ੈਲੀ ਦੇ ਨੇੜੇ ਰਹਿੰਦੀ ਹੈ।[੫]

## (ਅ) ਬੁਝਾਰਤਾਂ, ਅਖਾਣ ਤੇ ਮੁਹਾਵਰੇ

ਇਨ੍ਹਾਂ ਦੇ ਸੋਮੇਂ ਵੀ ਲੋਕ ਪ੍ਰਤਿਭਾ ਵਿਚ ਹੀ ਹਨ। ਸਾਰੇ ਦੇਸ਼ਾਂ ਦੀਆਂ ਬੁਝਾਰਤਾਂ ਬੜੀਆਂ ਸਾਦਾ, ਨਿਕੀਆਂ ਨਿਕੀਆਂ ਰੋਜ਼ਾਨਾ ਬੱਚੇ ਦੇ ਜੀਵਨ ਤਜਰਬੇ ਵਿਚ ਆਣ ਵਾਲੀਆਂ ਚੀਜ਼ਾਂ ਤੇ ਆਧਾਰਤ ਹਨ। ਪੰਜਾਬ ਦੀਆਂ ਬੁਝਾਰਤਾਂ ਆਪਣੀ ਬੋਲੀ ਕਰਕੇ ਨਿਰੋਲ ਪੰਜਾਬੀ ਪ੍ਰਤਿਭਾ ਦੀ ਹੀ ਉਪਜ ਜਾਪਦੀਆਂ ਹਨ, ਕਿਤੇ ਕਿਤੇ ਕੋਈ ਬੁਝਾਰਤ ਬ੍ਰਜੀ, ਹਿੰਦਵੀ ਆਦਿ ਦੀ ਦਿੱਸ ਪੈਂਦੀ ਹੈ।

ਅਖਾਣ ਵੀ ਪੰਜਾਬੀ ਲੋਕ-ਸਾਹਿਤ ਦਾ ਇਕ ਵਿਸ਼ੇਸ਼ ਅੰਗ ਹਨ ਤੇ ਇਸ ਦੀ ਉਪਜ ਵੀ ਲੋਕ ਪ੍ਰਤਿਭਾ ਵਿਚੋਂ ਹੈ ਪਰ ਪੰਜਾਬੀ ਅਖਾਣ ਭੰਡਾਰ ਵਿਚ ਉਰਦੂ ਤੇ ਹਿੰਦੀ ਵਿਚੋਂ ਨਿੱਤ ਨਵੇਂ ਅਖਾਣ ਦਾਖਲ ਹੋ ਰਹੇ ਹਨ। 1708 ਈ. ਤੀਕ ਸ਼ਾਇਦ ਹੀ ਕੋਈ ਫ਼ਾਰਸੀ ਦੇ ਅਖਾਣ ਪੰਜਾਬੀ ਅਖਾਣ ਭੰਡਾਰ ਵਿਚ ਦਾਖਲ ਹੋ ਸਕੇ ਹੋਣ। ਅਖਾਣਾਂ ਦਾ ਸੋਮਾਂ ਮਨੁੱਖੀ ਜੀਵਨ ਤਜਰਬਾ ਹੈ, ਮਨੋਵਿਗਿਆਨ ਦੀ ਸੂਝ ਹੈ, ਤੇ ਪਸ਼ੂ, ਪੰਛੀਆਂ, ਜੱਟਾਂ, ਖਤਰੀਆਂ, ਅਰੋੜਿਆਂ ਦੇ ਸੁਭਾ ਦੀ ਪਛਾਣ ਹੈ। ਭਾਈ ਗੁਰਦਾਸ ਪੰਜਾਬੀ ਅਖਾਣਾਂ ਦੀ ਇਕ ਮਹਾਨ ਖਾਣ ਹੈ।

ਪੰਜਾਬੀ ਮੁਹਾਵਰਿਆਂ ਦੇ ਭੰਡਾਰ ਦਾ ਪਰਮੁਖ ਸੋਮਾਂ ਵੀ ਲੋਕ ਪ੍ਰਤਿਭਾ ਹੀ ਹੈ। ਤੇ ਇਨ੍ਹਾਂ ਦਾ ਸੋਮਾਂ ਵੀ ਮਨੁੱਖੀ ਤਜਰਬਾ ਹੀ ਹੈ। 1708 ਤੀਕ ਤੇ ਪੰਜਾਬ ਵਿਚ ਅਖਾਣਾਂ ਦਾ ਭੰਡਾਰ ਬੜਾ

Digitized by Panjab Digital Library | www.panjabdigilib.org

ਹੀ ਹੋਣਾ ਹੈ ਤੇ ਉਦੋਂ ਤੀਕ ਫ਼ਾਰਸੀ, ਉਰਦੂ ਆਦਿ ਦੇ ਮੁਹਾਵਰੇ ਪੰਜਾਬੀ ਵਿਚ ਨਹੀਂ ਆਏ ਹੋਣੇ ।

**(ੲ) ਲੋਕ-ਕਹਾਣੀਆਂ**

ਪੰਜਾਬੀ ਲੋਕ-ਕਹਾਣੀਆਂ ਦਾ ਸੋਮਾਂ ਪੰਜਾਬੀ ਪ੍ਰਤਿਭਾ ਵੀ ਹੈ, ਸੰਸਕ੍ਰਿਤ 'ਹਿਤੋਪ-ਦੇਸ਼' ਤੇ 'ਪੰਜਤੰਤਰ' ਵਿਚੋਂ ਵੀ ਕਹਾਣੀਆਂ ਆਈਆਂ ਹਨ ; ਸੰਸਕ੍ਰਿਤ ਪੁਰਾਣਾਂ ਵਿਚੋਂ ਵੀ ਕਹਾਣੀਆਂ ਇਸ ਲੋਕ ਭੰਡਾਰ ਵਿਚ ਦਾਖਲ ਹੋਈਆਂ ਹਨ ਤੇ ਫ਼ਾਰਸੀ ਕਹਾਣੀਆਂ ਵੀ ਬਹੁਤ ਗਿਣਤੀ ਵਿਚ ਲੋਕ ਭੰਡਾਰ ਵਿਚ ਸਮਾ ਚੁਕੀਆਂ ਹਨ । ਚਿੜੀਆਂ, ਕਾਵਾਂ ਦੀਆਂ ਕਹਾਣੀਆਂ ਨਿਰੋਲ ਪੰਜਾਬੀ ਹਨ, 'ਪਸ਼ੂ-ਪੰਛੀਆਂ' ਦੀਆਂ ਕਹਾਣੀਆਂ 'ਪੰਜ-ਤੰਤਰ' ਆਦਿ ਵਿਚੋਂ ਆਈਆਂ ਹਨ ; ਬ੍ਰਹਮਾ. ਵਿਸ਼ਨੂ, ਸ਼ੰਕਰ, ਧ੍ਰੂ ਬਾਲਮੀਕ ਆਦਿ ਦੀਆਂ ਕਹਾਣੀਆਂ ਪੁਰਾਣਾਂ ਵਿਚੋਂ ਆਈਆਂ ਹਨ ਤੇ 'ਇਕ ਸੀ ਸ਼ਾਹਜ਼ਾਦਾ', 'ਇਕ ਸੀ ਰਾਜਾ', 'ਕਿਸੇ ਸ਼ਹਿਰ ਇਕ ਦਿਓ ਰਹਿੰਦਾ ਸੀ', 'ਕੋਹਕਾਫ਼ ਦੀਆਂ ਪਰੀਆਂ', 'ਅਲੀ ਬਾਬਾ ਦੀਆਂ ਕਹਾਣੀਆਂ', 'ਬਹਿਰਾਮ ਗੋਰ' ਦੀਆਂ ਕਹਾਣੀਆਂ, ਇਹ ਸਭ ਕਹਾਣੀਆਂ ਅਰਬੀ ਫਾਰਸੀ ਵਿਚੋਂ ਆਈਆਂ ਹਨ । ਰੋਜ਼ਾਨਾ ਜੀਵਨ ਵਿਚ ਜੋ ਘਟਨਾਵਾਂ ਵਾਪਰਦੀਆਂ ਹਨ, ਉਹ ਵੀ ਜਦੋਂ ਪਿਤਾ ਪੁਤਰ ਨੂੰ ਸੁਣਾ ਦਿੰਦਾ ਹੈ ਤਾਂ ਉਹ ਕਹਾਣੀਆਂ ਬਣ ਜਾਂਦੀਆਂ ਹਨ ।

**(ਸ) ਲੋਕ-ਵਾਰਾਂ**

ਪੰਜਾਬੀ ਲੋਕ-ਸਾਹਿਤ ਦੀਆਂ ਪੁਰਾਤੰਨ ਵਾਰਾਂ ਦੀ ਹੋਂਦ ਦਾ ਪਤਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚੋਂ ਹੀ ਮਿਲਦਾ ਹੈ । 'ਰਾਏ ਕਮਾਲ', 'ਟੁੰਡੇ ਅਸਰਾਜੇ', 'ਸਕੰਦਰ ਇਬ੍ਰਾਹੀਮ', 'ਲਲਾ ਬਹਿਲੀਮਾਂ', 'ਹਸਨੇ ਮਹਿਮੇ', ਮੂਸੇ, ਜੋਧੇ ਵੀਰੇ ਕੈਲਾਸ਼ . ਮਾਲਦੇਵ ਦੀਆਂ ਵਾਰਾਂ ਘਟੋ ਘਟ 1604 ਈ. ਤੋਂ ਪਹਿਲਾਂ ਦੀ ਕਿਰਤ ਹਨ ਤੇ ਆਪਣੀ ਬੋਲੀ ਤੋਂ ਨਿਰੋਲ ਪੰਜਾਬੀ ਅਧਪੜ੍ਹੇ ਭੱਟਾਂ ਦੀ ਕਿਰਤ ਜਾਪਦੀਆਂ ਹਨ । ਇਹ ਲੋਕ-ਕਾਵਿ-ਰੂਪ ਪੰਜਾਬੀ ਵੀ ਹੋ ਸਕਦਾ ਹੈ, ਤੇ ਲਾਗਲੇ ਰਾਜਸਥਾਨੀ ਪਰਾਂਤਾਂ ਵਿਚੋਂ ਵੀ ਆ ਸਕਦਾ ਹੈ । ਇਨ੍ਹਾਂ ਵਾਰਾਂ ਦੀ ਸ਼ੈਲੀ ਤੇ ਕਿਸੇ ਹੋਰ ਸ਼ੈਲੀ ਦਾ ਪਰਭਾਵ ਨਹੀਂ ਹੈ । ਇਨ੍ਹਾਂ ਵਾਰਾਂ ਵਿਚ ਬਿਆਨੀਆਂ ਕਹਾਣੀਆਂ ਪੰਜਾਬ ਤੇ ਲਾਗਲੇ ਪਰਾਂਤਾਂ ਵਿਚ ਵਾਪਰੀਆਂ ਇਤਿਹਾਸਕ ਘਟਨਾਵਾਂ ਹਨ । ਜਿਨ੍ਹਾਂ ਦੇ ਨਾਇਕ ਰਾਜਸੀ ਬਲ ਜਾਂ ਕਿਸੇ ਕੁਕਰਮੀ ਤੇ ਅਨਿਆਈ ਜ਼ਾਬਰ ਨਾਲ ਟਕਰਾ ਗਏ, ਲੋਕ ਭਲੇ ਲਈ ਜਾਂ ਸ੍ਵੈ-ਸਤਿਕਾਰ ਦੀ ਰਖਿਆ ਲਈ ਤੇ ਉਚ ਆਚਰਨ ਤੇ ਮਹਾਨ ਜੀਵਨ ਆਦਰਸ਼ਾਂ ਦੀ ਰਾਖੀ ਕੀਤੀ । ਇਸ ਲਈ ਉਹ ਲੋਕ-ਪ੍ਰਿਅ ਹੋ ਨਿਬੜੇ ਤੇ ਲੋਕ-ਵਾਰਾਂ ਦਾ ਮਜ਼ਮੂਨ ਬਣੇ । ਮਹਾਨਤਾ ਦੀ ਉਪਾਸ਼ਨਾ ਹੀ ਲੋਕ-ਵਾਰਾਂ ਦਾ ਸੋਮਾਂ ਹੈ । ਮਨੁੱਖਤਾ ਸਦਾ ਆਪਣੇ ਨਾਇਕਾਂ ਤੇ ਮਾਣ ਕਰਦੀ ਰਹੇਗੀ ।

ਪਰ ਬੀਰ ਰਸ ਦੀ ਕਵਿਤਾ ਇਕ ਭਾਰਤੀ ਕਵਿਤਾ ਹੈ ਜਿਵੇਂ ਇਹ ਹੋਰ ਦੇਸ਼ਾਂ ਦੀ ਕਵਿਤਾ ਹੈ : ਦੇਵਤਿਆਂ ਤੇ ਦੈਤਾਂ ਦੇ ਯੁੱਧ ਹੀ ਇਸ ਰਸ ਦੀ ਕਵਿਤਾ ਦਾ ਸੋਮਾਂ ਹਨ, ਇਹ ਪੁਰਾਣਾਂ ਵਿਚ ਹੈ, ਮਹਾਂ-ਕਾਵਿ ਵਿਚ ਹੈ ਤੇ ਭਾਰਤੀ ਇਤਹਾਸ ਵਿਚ ਸੀ ।

## (4) ਪੂਰਬ-ਨਾਨਕ-ਕਾਲ ਦਾ ਪੰਜਾਬੀ ਸਾਹਿਤ

ਪੂਰਬ-ਨਾਨਕ-ਕਾਲ ਪੰਜਾਬੀ ਸਾਹਿਤ ਦੇ ਤਿੰਨ ਰੂਪ ਹਨ :—

(1) ਜੋਗੀਆਂ ਦਾ ਸਾਹਿਤ,

Digitized by Panjab Digital Library | www.panjabdigilib.org

(2) ਫਰੀਦ ਦੀ ਰਚਨਾ ਤੇ

(3) ਪੰਜਾਬੋਂ ਬਾਹਰ ਦੇ ਸੰਤਾਂ ਭਗਤਾਂ ਦੀ ਪੰਜਾਬੀ ਰਚਨਾ।

ਇਹ ਸਾਰੀ ਰਚਨਾ ਅਧਿਆਤਮਕ ਕਵਿਤਾ ਦੀ ਹੈ। ਇਸ ਵਿਚ ਤਿੰਨ ਵਿਚਾਰਧਾਰਾਂ ਹਨ ਜਿਨ੍ਹਾਂ ਦੇ ਸੋਮੇਂ ਵੱਖੋ ਵੱਖ ਹਨ। ਪਰ ਸਭ ਤੋਂ ਵੱਧ ਧਿਆਨ ਮੰਗਣ ਵਾਲੀ ਗੱਲ ਇਸ ਸਬੰਧ ਵਿਚ ਇਹ ਹੈ ਕਿ ਇਨ੍ਹਾਂ ਤਿੰਨੋਂ ਪਰਕਾਰ ਦੀ ਕਵਿਤਾ ਦੀ ਸ਼ੈਲੀ ਵਿਚ ਇੰਨਾਂ ਪੰਜਾਬੀਪਨ ਕਿਉਂ ਹੈ ਜਦੋਂ ਜੋਗੀਆਂ ਬਾਰੇ ਵਿਸ਼ਵਾਸ ਨਾਲ ਨਹੀਂ ਕਿਹਾ ਜਾ ਸਕਦਾ ਕਿ ਉਹ ਪੰਜਾਬੀ ਸਨ; ਫਰੀਦ ਇਕ ਫਾਰਸੀਦਾਨ ਸੀ, ਤੇ ਮਹਾਂਰਾਸ਼ਟਰ, ਯੂ.ਪੀ. ਤੇ ਸਿੰਧ ਦੇ ਭਗਤ ਕਿਸੇ ਤਰ੍ਹਾਂ ਵੀ ਪੰਜਾਬੀ ਨਹੀਂ ਕਹੇ ਜਾ ਸਕਦੇ। ਸ਼ਾਇਦ ਇਹ ਪੰਜਾਬੀਪਨ ਜੋਗੀਆਂ, ਫਰੀਦ ਤੇ ਭਗਤਾਂ ਦੀ ਰਚਨਾ ਗੁਰਮੁਖੀ ਵਿਚ ਲਿਪੀ ਬਧ ਹੁੰਦਿਆਂ ਵਧ ਗਿਆ ਹੈ ਜਾਂ ਪੰਜਾਬੀ ਲੋਕ ਜ਼ਬਾਨਾਂ ਤੇ ਹੌਲੀ ਹੌਲੀ ਪੰਜਾਬੀ ਰੰਗ ਇਨ੍ਹਾਂ ਲੋਕਾਂ ਦੀ ਕਿਰਤ ਵਿਚ ਵਧਦਾ ਗਿਆ ਹੈ ਜਾਂ ਪੰਜਾਬੀ ਇਸ ਕਵਿਤਾ ਦੇ ਰਚਨਾ ਕਾਲ ਸਮੇਂ ਹੋਰ ਅਪਭ੍ਰੰਸ਼ਾਂ ਦੇ ਬਿਲਕੁਲ ਨੇੜੇ ਸੀ ਜਾਂ ਧਾਰਮਕ ਤੇ ਅਧਿਆਤਮਕ ਬੋਲੀ ਮਾਧਿਅਮ ਸਾਰੇ ਭਾਰਤ ਲਈ ਸਾਂਝਾ ਸੀ ਜਿਸ ਨੂੰ ਸੰਤ ਭਾਸ਼ਾ ਆਖਦੇ ਸਨ। ਇਹ ਸਾਰੀਆਂ ਗੱਲਾਂ ਹੀ ਇਸ ਪੰਜਾਬੀਪਨ ਦੀਆਂ ਜ਼ਿੰਮਾਵਾਰ ਹਨ। ਪਰ ਆਖਰੀ ਦੋ ਕਾਰਨ ਵਧੇਰੇ ਪ੍ਰਭਾਵਸ਼ਾਲੀ ਹੋਏ ਹੋਣੇ ਹਨ। ਇਨ੍ਹਾਂ ਦੀ ਬੋਲੀ ਵਿਚ ਫਾਰਸੀ, ਹਿੰਦੀ, ਮਰਾਠੀ ਤੇ ਗੁਜਰਾਤੀ ਦੇ ਸ਼ਬਦ ਵੀ ਮਿਲਦੇ ਹਨ।

(ੳ) **ਜੋਗੀ-ਸਾਹਿਤ** : ਜੋਗੀਆਂ ਦੀ ਕਵਿਤਾ ਦਾ ਸੋਮਾਂ ਭਾਰਤੀ ਯੋਗ ਦਰਸ਼ਨ ਹੈ ਤੇ ਪਤੰਜਲੀ ਦੇ ਯੋਗ ਸੂਤਰ ਉਨ੍ਹਾਂ ਦਾ ਮੂਲ ਆਧਾਰ ਹਨ ਜੋ ਆਪ ਅਗੋਂ ਵੇਦ ਤੇ ਆਧਾਰਤ ਹਨ। ਗੋਰਖ (940-1040) ਚਰਪਟ (890-990 ਈ.) ਪੂਰਣ ਜਾਂ ਚੌਰੰਗੀ ਨਾਥ (970-1070 ਈ.) ਤੇ ਰਤਨ ਨਾਥ 1000-1120 ਈ.) ਭਾਵੇਂ ਹਠ ਯੋਗ ਦੇ ਪਰਚਾਰਕ ਸਨ ਪਰ ਇਨ੍ਹਾਂ ਦੀ ਪੰਜਾਬੀ ਕਵਿਤਾ ਵਿਚ ਇੰਨਾ ਪ੍ਰਾਣਾਯਾਮ ਤੇ ਹਠ ਯੋਗ ਦਾ ਪ੍ਰਚਾਰ ਨਹੀਂ ਲਭਦਾ ਜਿੰਨਾ ਉਸ ਪਰਕਾਰ ਦੇ ਨਿਰੋਧ, ਸ੍ਵੈ-ਕਾਬੂ ਤੇ ਸਦਾਚਾਰ ਦਾ ਪਰਮਾਣ ਲਭਦਾ ਹੈ ਜਿਸ ਪਰਕਾਰ ਦਾ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚੋਂ ਮਿਲਦਾ ਹੈ। ਬਿੰਦ ਰੋਕਣ ਦਾ ਪਰਚਾਰ ਕਰਦੇ ਸਨ ਜੋਗੀ; ਸੰਜਮ, ਜਤ ਸਤ, ਨਿਰਬਾਣ ਤੇ ਸਹਿਜ ਨੂੰ ਪਰਾਪਤ ਕਰਨਾ ਇਨ੍ਹਾਂ ਦਾ ਆਸ਼ਾ ਸੀ।

ਇਨ੍ਹਾਂ ਦੇ 92 ਭੇਖ ਸਨ ਤੇ ਪੰਜਾਬੀ ਕਵਿਤਾ ਦੇ ਕਰਤਾ ਜੋਗੀ ਵੀ ਕੰਨ-ਪਾੜਦੇ ਤੇ ਮੁੰਦਾਂ ਪਾਂਦੇ, ਖਿੰਥਾ ਤੇ ਡੰਡਾ ਰੱਖਦੇ, ਪਰ ਇਨ੍ਹਾਂ ਵਿਚ ਮਹਾਨਤਾ 'ਆਈ ਪੰਥ' ਦੀ ਹੀ ਸੀ। ਇਨ੍ਹਾਂ ਦੀ ਕਵਿਤਾ ਵਿਚ 'ਭੇਖ' ਤੇ ਜ਼ੋਰ ਹੈ ਹੀ ਨਹੀਂ ਸਗੋਂ ਗੁਰੂ ਨਾਨਕ ਸਾਹਿਬ ਵਾਂਗ ਇਨ੍ਹਾਂ ਦੀ ਕਵਿਤਾ ਵਿਚ ਭੇਖ ਦਾ ਖੰਡਨ ਹੈ ਤੇ ਅੰਤਰਮੁਖੀ ਸਿਮਰਨ, ਸ਼ਬਦ ਤੇ ਲਿਵ ਤੇ ਜ਼ੋਰ ਹੈ ਤੇ ਸੰਜਮ, ਜਤ, ਅਡੋਲਤਾ, ਸਹਿਜ ਤੇ ਸੁੰਨ ਗਗਨ ਵਿਚ ਪਹੁੰਚਣ ਤੇ ਜ਼ੋਰ ਹੈ।

ਇਸ ਕਵਿਤਾ ਦਾ ਸੋਮਾਂ ਤੇ ਅਵੱਸ਼ ਭਾਰਤੀ ਯੋਗ ਸ਼ਾਸਤਰ ਹੈ ਪਰ ਇਸ ਯੋਗ ਤੇ ਗੂੜ੍ਹਾ ਪੰਜਾਬੀ ਪ੍ਰਭਾਵ ਹੈ ਤੇ ਬੁਧ, ਵੈਸ਼ਨਵ ਤੇ ਇਸਲਾਮੀ ਪ੍ਰਭਾਵ ਤੇ ਇਸ ਯੋਗ ਤੇ ਪੈ ਚੁਕਾ ਸੀ। ਸੰਜਮ ਤੇ ਨਿਰੋਧ ਚਿਤ-ਬ੍ਰਿਤੀ-ਨਿਰੋਧ ਬੁਧ ਧਰਮ ਕਰਕੇ; ਸਿਮਰਨ, ਅੰਤਰਮੁਖਤਾ ਤੇ ਸਹਿਜ

Digitized by Panjab Digital Library | www.panjabdigilib.org

ਵੈਸ਼ਨਵ ਪਰਚਾਰ ਕਰਕੇ ਤੇ 'ਆਈ ਪੰਥ' ਇਸਲਾਮ ਕਰਕੇ ਇਸ ਜੋਗੀ ਸਾਹਿਤ ਵਿਚ ਆਏ। ਕਈ ਪੱਖਾਂ ਵਿਚ 'ਯੋਗ' ਤੇ 'ਸਾਂਖ' ਬਿਲਕੁਲ ਲਾਗੇ ਹਨ।

ਗੋਰਖ ਨਾਥ ਨੇ ਤੇ ਉਸ ਦੀ ਪਰਪਾਟੀ ਦੇ ਜੋਗੀ ਕਵੀਆਂ ਨੇ ਸਲੋਕ, ਸਪਤਵਾਰ, ਤਿਥਾਂ, ਗਰੈਹ ਆਦਿ ਕਾਵਿ-ਰੂਪ ਵਰਤੇ ਹਨ। ਜੋ ਪਰਮਾਣੀਕ ਸੰਸਕ੍ਰਿਤ ਸਾਹਿਤ ਵਿਚੋਂ ਵੀ ਪ੍ਰਾਪਤ ਹੋਏ ਤੇ ਪੰਜਾਬੀ ਲੋਕ-ਸਾਹਿਤ ਵਿਚ ਪਹਿਲਾਂ ਆ ਚੁਕੇ ਸਨ। ਜੋਗੀਆਂ ਨੇ ਰਾਗਾਂ ਵਿਚ ਕਵਿਤਾ ਲਿਖੀ, ਭੈਰਉ, ਗਉੜੀ, ਤੇ ਰਾਮਕਲੀ ਉਨ੍ਹਾਂ ਦੇ ਵਿਸ਼ੇਸ਼ ਰਾਗ ਹਨ। ਜੋਗੀਆਂ ਨੇ ਹੀ ਇਹ ਪਰਪਾਟੀ ਪੰਜਾਬੀ ਸਾਹਿਤ ਵਿਚ ਚਲਾਈ ਤੇ ਫਿਰ ਭਾਰਤੀ ਵੈਸ਼ਨਵ ਭਗਤਾਂ ਨੇ ਪਕੜੀ ਤੇ ਗੁਰੂ ਨਾਨਕ ਦੇਵ ਜੀ ਨੇ ਪਕੜੀ। ਸ਼ਬਦ ਜਾਂ ਪਦੇ ਵੀ ਪੰਜਾਬੀ ਵਿਚ ਇਨ੍ਹਾਂ ਜੋਗੀਆਂ ਨੇ ਲਿਆਂਦੇ ਤੇ ਇਹ ਸੰਸਕ੍ਰਿਤ ਦੇ ਸਲੋਕਾਂ ਦੇ ਹੀ ਬਦਲੇ ਹੋਏ ਰੂਪ ਸਨ :—

ਜੋਗੀਆਂ ਦੀ ਬੋਲੀ ਵਿਚ ਪੰਜਾਬੀਪਨ ਹੈ ਪਰ ਹੈ ਇਹ ਸੰਤ-ਭਾਖਾ ਜਿਹੀ ਹੀ ਜਿਸ ਵਿਚ ਸਿਧਾਂਤਕ ਸ਼ਬਦਾਵਲੀ ਸੰਸਕ੍ਰਿਤ ਦੀ ਹੈ, ਕੁਝ ਰੰਗ ਪ੍ਰਾਕ੍ਰਿਤ ਦਾ ਹੈ ਤੇ ਵਿਜੋਗਾਤਮਕਤਾ ਅਪਭ੍ਰੰਸ਼ਾਂ ਦੀ ਹੈ, ਤੇ ਬਾਹਰਲੇ ਪਰਭਾਵ ਵੱਲੋਂ ਫਾਰਸੀ ਦੇ ਸ਼ਬਦ ਕਿਤੇ ਕਿਤੇ ਮਿਲ ਜਾਂਦੇ ਹਨ। ਇਸ ਕਵਿਤਾ ਦਾ ਜਜ਼ਬਾਤੀ ਤੇ ਮਾਨਸਕ ਪੱਖ ਨਿਰੋਲ ਪੰਜਾਬੀ ਹੈ। ਕਈ ਵਾਰੀ ਚਾਲ ਪੰਜਾਬੀ ਲੋਕ-ਗੀਤਾਂ ਵਾਲੀ ਹੈ, ਕਾਫੀਆ ਹੈ, ਰਾਗ ਹੈ, ਪਰ ਕੋਈ ਬਹੁਤ ਛੰਦ ਚਾਲ ਦੀ ਪਾਬੰਦੀ ਨਹੀਂ ਹੈ। ਕਾਟ ਹੈ, ਹਾਸਰਸ ਹੈ, ਸਨਕੀ ਜਹੇ ਪ੍ਰਭਾਵ ਵੀ ਹਨ, ਦੰਭ-ਪਖੰਡ ਨਾਲ ਘ੍ਰਿਣਾ ਹੈ—ਇਹ ਪੰਜਾਬੀ ਸ਼ੈਲੀ ਹੈ। ਮੂਰਤਕਾਰੀ ਤੇ ਚਿੱਤਰਕਾਰੀ ਹੈ ਪਰ ਰੂਪਕ ਉਪਮਾਵਾਂ ਵਾਲੀ ਬਿੰਬਾਵਲੀ ਨੇ ਹਾਲੀ ਜ਼ੋਰ ਨਹੀਂ ਪਕੜਿਆ। ਸੋ ਇਸ ਸ਼ੈਲੀ ਦੇ ਸੋਮੇ ਸੰਸਕ੍ਰਿਤ, ਪ੍ਰਾਕ੍ਰਿਤ ਤੇ ਪੰਜਾਬੀ ਲੋਕ-ਕਾਵਿ ਧਾਰਾ ਵਿਚ ਹਨ, ਫਾਰਸੀ ਅਰਬੀ ਵਿਚ ਬਿਲਕੁਲ ਨਹੀਂ ਤੇ ਨਾ ਹੀ ਉਸ ਸਮੇਂ ਇਹ ਹੋਣਾ ਸੰਭਵ ਸੀ।

## ਨਮੂਨੇ

ਗੋਰਖ ਅੰਤਰ ਆਤਮੇ ਦੀ ਬ੍ਰਿਤੀ ਨੂੰ ਮਹਾਨਤਾ ਦਿੰਦਾ ਹੈ, ਬਾਹਰਲੇ ਭੇਖ ਤੇ ਕਰਮਕਾਂਡ ਨੂੰ ਨਹੀਂ। ਗਰਸਤ ਦੀ ਮਹਾਨਤਾ ਵੀ ਦੱਸੀ ਹੈ :

**ਜੋ ਘਰ ਤਿਆਗ ਕਹਾਵੈ ਜੋਗੀ। ਘਰ ਵਾਸੀ ਕੋ ਕਹੈ ਭੋਗੀ।**
**ਅੰਤਰ ਭਾਵ ਨਾ ਪਰਖੈ ਜੋਈ। ਗੋਰਖ ਬੋਲੈ ਮੂਰਖ ਸੋਈ।**
**ਪੜ੍ਹ ਗ੍ਰੰਥਹਿ ਜੋ ਗਿਆਨ ਬਖਾਨੈ। ਪਵਨ ਸਾਧ ਪਰਮਾਰਥ ਮਾਨੈ।**
**ਪਰਮ ਤੱਤ ਕੋ ਹੋਇ ਨ ਮਰਮੀ। ਕਹੈ ਗੋਰਖ ਸੋ ਮਹਾਂ ਅਧਰਮੀ।**
**ਮਾਇਆ ਜ਼ੋਰ ਕਹੇ ਮੈਂ ਠਾਕਰ। ਮਾਇਆ ਗਏ ਕਹਾਵੈ ਚਾਕਰ।**
**ਮਾਇਆ ਤਿਆਗ ਹੋਇ ਜੋ ਦਾਨੀ। ਕਹਿ ਗੋਰਖ ਤਾਨੋਂ ਅਭਿਮਾਨੀ।**

(ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ ਵਿਚੋਂ ਲਇਆ)

## ਰਾਗ ਗਉੜੀ

ਨਾਥ ਬਾਣੀ ਵਿਚ ਪ੍ਰਭੂ-ਵਿਚਾਰ ਇਹ ਹੈ :—

**ਕਹਾਂ ਬੂਝੇ ਅਵਧੂ ਰਾਇ ਗਗਨ ਨਾ ਧਰਨੀ।**

Digitized by Panjab Digital Library | www.panjabdigilib.org

ਚੰਦ ਨਹੀਂ ਸੂਰ ਦਿਵਸ ਨਹੀਂ ਰਜਨੀ ।
ਓਂਕਾਰ ਨਹੀਂ ਨਿਰਾਕਾਰ ਸੂਛਮ ਨਹੀਂ ਅਸਥੂਲ ।
ਪਿੰਡ ਨਹੀਂ ਪ੍ਰਾਨ, ਸਾਖਾ ਨਹੀਂ ਪਤ੍ਰ, ਵਾਕੇ ਕਲੀ ਨਾ ਮੂਲ
ਡਾਲਿ ਨਹੀਂ ਫੂਲ ਜਾਂਕੇ ਬਿਰਛ ਨਾ ਬੇਲ ।
ਸਿਖ ਨਾ ਸਾਖਾ ਜਾਂਕੇ ਗੁਰੂ ਨਹੀਂ ਚੇਲ ।
ਉਪਜੈ ਨਾ ਬਿਨਸੈ ਆਵੈ ਨਾ ਜਾਇ ।
ਜਰਾ ਮਿਰਤ ਤਿਸ ਬਾਪ ਨਾ ਮਾਇ ।
ਭਣੰਤ ਗੋਰਖ ਹਮਾਰ ਤੋ ਸੇਉ ।
ਨਹਾਇਬੇ ਕੋ ਤੀਰਥ ਅਰ ਪੂਜਿਬੇ ਕੋ ਦੇਉ ।

(ਪੰਜਾਬੀ ਅਦਬ ਦੀ ਮੁਖਤਸਰ ਤਾਰੀਖ ਵਿਚੋਂ)

'ਨਾਥ ਬਾਣੀ' ਦਾ ਇਹ ਸ਼ਬਦ 'ਵੇਦ ਬਾਣੀ' ਦੇ ਹੇਠ ਦਿੱਤੇ ਸ਼ਬਦ ਦੇ ਕਿੰਨਾਂ ਨੇੜੇ ਹੈ ਤੇ ਕੀ ਵੇਦ-ਉਪਨਿਸ਼ਦ ਹੀ ਨਾਥ ਬਾਣੀ ਦਾ ਆਧਾਰ ਨਹੀਂ ?

**(Nasadia Hymn translated by Max Muller). There was then neither what is nor what is not, there was no sky, nor the heaven which is behind. What covered ? Where was it and in whose shelter ? Was the water the deep abyss (in which it lay) ?**

**There was no death, hence was there nothing immortal. There was no light (distinction) between night and day, that one breathed by itself without breath other than it there has been nothing.**

**Darkness there was in the beginning all this was a sea without light ; the germ that lay covered by the heesk, that one was born by the power of heat (tapas).**

ਹੇਠਲੇ ਮਾਰੂ ਰਾਗ ਦੇ ਸੋਹਲੇ ਨੂੰ ਪੜ੍ਹ ਕੇ ਤੇ ਬਾਕੀ ਸਾਰੇ ਮਾਰੂ ਸੋਹਲਿਆਂ ਨੂੰ ਪੜ੍ਹ ਕੇ ਇਹੋ ਪਤਾ ਲਗਦਾ ਹੈ ਕਿ ਗੁਰੂ ਨਾਨਕ ਦੇਵ ਜੀ ਦਾ ਆਧਾਰ ਵੀ 'ਵੇਦ ਬਾਣੀ' ਤੇ 'ਨਾਥ ਬਾਣੀ' ਹੀ ਹੈ। ਦਰਸ਼ਨ ਦੇ ਬੁਨਿਆਦੀ ਤਤ ਸਾਰੀ ਪੰਜਾਬੀ ਅਧਿਆਤਮਕ ਕਵਿਤਾ ਵਿਚ ਇਕੋ ਹਨ, ਰਾਈ ਮਾਤਰ ਭਿੰਨ ਭੇਤ ਅੱਖਰਾਂ ਦੀ ਵਰਤੋਂ ਵਿਚ, ਉਨ੍ਹਾਂ ਨੂੰ ਇਕ ਦੂਜੇ ਤੋਂ ਓਪਰਾ ਨਹੀਂ ਬਣਾ ਦਿੰਦਾ। ਗੁਰੂ ਨਾਨਕ ਦੇਵ ਜੀ ਦਾ ਵਹਿਣ, ਵਹਾਓ ਤੇ ਵਿਸਥਾਰ ਵੀ ਵੇਖਣ ਯੋਗ ਹੈ।

**ਮਾਰੂ ਮਹਲਾ 1**

ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ। 1।
ਖਾਣੀ ਨ ਬਾਣੀ ਪਉਣ ਨ ਪਾਣੀ। ਓਪਤਿ ਖਪਤਿ ਨ ਆਵਣ ਜਾਣੀ।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ। 2।
ਨਾ ਤਦਿ ਸੁਰਗੁ ਮਛੁ ਪਇਆਲਾ। ਦੋਜਕੁ ਭਿਸਤੁ ਨਹੀਂ ਖੈ ਕਾਲਾ।

Digitized by Panjab Digital Library | www.panjabdigilib.org

ਨਰਕੁ ਸੁਰਗੁ ਨਹੀ ਜੰਮਣੁ ਮਰਣਾ ਨਾ ਕੋ ਆਇ ਨ ਜਾਇਦਾ । 3 ।
ਬ੍ਰਹਮਾ ਬਿਸਨੁ ਮਹੇਸੁ ਨ ਕੋਈ । ਅਵਰੁ ਨ ਦੀਸੈ ਏਕੋ ਸੋਈ ।
ਨਾਰਿ ਪੁਰਖੁ ਨਹੀ ਜਾਤਿ ਨ ਜਨਮਾ ਨਾ ਕੋ ਦੁਖੁ ਸੁਖੁ ਪਾਇਦਾ । 4 ।
ਨ ਤਦਿ ਜਤੀ ਸਤੀ ਬਨਵਾਸੀ । ਨਾ ਤਦਿ ਸਿਧ ਸਾਧਿਕ ਸੁਖਵਾਸੀ ।
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ । 5 ।

## (ਅ) ਫਰੀਦ

ਫਰੀਦ ਜਾਂ ਮਸਊਦ ਫਰੀਦੁ ਦੀਨ ਗੰਜ ਸ਼ਕਰ ਖੋਤਵਾਲ, ਜ਼ਿਲਾ ਮੁਲਤਾਨ ਵਿਚ ਜੰਮੇ। ਲਹੂ ਤੋਂ ਆਪ ਅਫਗਾਨ ਪਠਾਨ ਸਨ, ਵਿਦਿਆ ਤੋਂ ਫਾਰਸੀ ਦਾਨ ਸਨ, ਧਰਮ ਤੋਂ ਸੂਫੀ ਸਨ ਤੇ ਵਿਚਰੇ ਮੁਲਤਾਨ ਤੇ ਦਿੱਲੀ ਵਿਚ। ਆਪ ਦੀਆਂ ਤਰੀਕਾਂ ਹਨ 1173 ਤੋਂ 1265 ਈ.। ਆਪ ਨੇ ਖਵਾਜਾ ਕੁਤਬੁਦੀਨ ਬਖਤਿਆਰ ਕਾਕੀ ਤੋਂ ਗੱਦੀ ਪਰਾਪਤ ਕੀਤੀ ਤੇ ਸਾਰਾ ਜੀਵਨ ਧਰਮ ਦਾ ਪਰਚਾਰ ਕੀਤਾ। ਆਪ ਦੀ ਰਚਨਾ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਸਾਂਭੀ ਪਈ ਹੈ।

ਫਰੀਦ ਜੀ ਦੇ ਵਿਚਾਰਾਂ ਦਾ ਸੋਮਾਂ ਕੁਰਾਨ ਸੀ ; ਉਨ੍ਹਾਂ ਦੀ ਵਿਚਾਰਧਾਰਾ ਪੂਰਨ ਤੌਰ ਤੇ ਇਸਲਾਮੀ ਸੀ : ਉਨ੍ਹਾਂ ਦਾ ਸਦਾਚਾਰ ਇਸਾਈਅਤ ਤੋਂ ਪਰਭਾਵਤ ਹੋਇਆ ਇਸਲਾਮੀ ਸਦਾਚਾਰ ਸੀ ਤੇ ਉਹ ਸਨਾਤਨ ਇਸਲਾਮੀ ਸ਼ਰਾ ਸ਼ਰੀਅਤ ਤੇ ਬੰਦਗੀ ਸਿਧਾਂਤ ਦੇ ਧਾਰਨੀ ਸਨ। ਉਨ੍ਹਾਂ ਦੇ 'ਖੁਦਾ' ਤੇ 'ਰੂਹ' ਦੇ ਦਾਰਸ਼ਨਕ ਸਿਧਾਂਤ ਨਿਰੋਲ ਇਸਲਾਮੀ ਸਨ। ਉਹ ਇਸਲਾਮੀ ਮਿਥਿਹਾਸ ਦੇ ਵਿਸ਼ਵਾਸ਼ੀ ਸਨ। ਪਰ ਉਨ੍ਹਾਂ ਦੇ ਸ਼ਬਦਾਂ ਸ਼ਲੋਕਾਂ ਵਿਚ ਇਹ ਧਾਰਮਕ ਹਉਮੈਂ ਕਿਧਰੇ ਨਹੀਂ ਮਿਲਦੀ ਕਿ ਕੇਵਲ ਇਸਲਾਮ ਹੀ ਮੁਕਤੀ ਦਾ ਦਰਵਾਜ਼ਾ ਹੈ। ਉਹ ਹਿੰਦੂ-ਮੁਸਲਮ ਧਾਰਮਕ ਏਕਤਾ ਦੇ ਵਿਸ਼ਵਾਸ਼ੀ ਸਨ। ਇਸੇ ਲਈ ਉਹ ਭਾਰਤੀ ਦਰਸ਼ਨ ਦੇ ਵਿਰੋਧੀ ਨਹੀਂ ਸਨ ਤੇ ਕਿਉਂਕਿ ਭਾਰਤੀਆਂ ਵਿਚੋਂ ਹੀ ਉਨ੍ਹਾਂ ਮੁਸਲਮਾਨ ਬਣਾਣੇ ਸਨ, ਇਸ ਲਈ ਆਪਣੀ ਬੋਲੀ ਤੇ ਸ਼ੈਲੀ ਸ਼ੁਧ ਪੰਜਾਬੀ ਤੇ ਭਾਰਤੀ ਰੱਖੀ ਹੈ।

ਉਨ੍ਹਾਂ ਦੀ ਵਿਚਾਰਧਾਰਾ ਦੇ ਸਬੰਧੇ ਵਿਚ ਇਕ ਗੱਲ ਨਿਰਣਾ ਕਰਨ ਵਾਲੀ ਹੈ। ਫਰੀਦ ਜੀ ਦਾ ਨਿਰਾਸ਼ਾਵਾਦ ਜਾਂ ਉਨ੍ਹਾਂ ਦੀ ਕਵਿਤਾ ਵਿਚ ਸੰਸਾਰ ਦੀ ਨਾਸ਼ਮਾਨਤਾ ਤੇ ਮੌਤ ਦੀ ਪਰਬਲਤਾ ਦੇ ਵਿਚਾਰਾਂ ਦਾ ਸੋਮਾਂ ਕੀ ਹੈ ? ਇਸ ਪੱਖ ਵਿਚ ਉਹ ਗੁਰੂ ਤੇਗ ਬਹਾਦਰ ਸਾਹਿਬ ਦੀ ਵਿਚਾਰ-ਪ੍ਰਣਾਲੀ ਨਾਲ ਮਿਲਦੇ ਹਨ। ਇਸਲਾਮ ਵਿਚ ਨਾਸ਼ਮਾਨਤਾ ਤੇ ਮਿਥਿਆ ਸੰਸਾਰ ਦੇ ਭਾਵ ਇੰਨੇ ਪਰਬਲ ਨਹੀਂ, ਈਸਾਈਅਤ ਵਿਚ ਹਨ ਤੇ ਇਸਲਾਮ ਈਸਾਈਅਤ ਤੋਂ ਪਰਭਾਵਤ ਹੈ ਪਰ ਇਹ ਵਿਚਾਰ ਭਾਰਤੀ ਵੀ ਹਨ। ਨਾਸ਼ਮਾਨਤਾ ਤੇ ਮਿਥਿਆ ਤੇ ਮਾਇਆ ਦੇ ਸਿਧਾਂਤ ਫਰੀਦ ਜੀ ਨੇ ਭਾਰਤ ਵਿਚੋਂ ਲਏ ਤੇ ਮੌਤ ਦੀ ਪਰਬਲਤਾ ਦੇ ਵਿਚਾਰ ਵਿਚ 'ਖੁਦਾ' ਇਸਲਾਮੀ "ਜਬਾਰ ਤੇ ਕਹਾਰ" ਵਾਲਾ ਰੱਖਿਆ।

ਫਰੀਦ ਜੀ ਦੀ ਕਵਿਤਾ ਇਸਲਾਮੀ ਜਪ, ਤਪ, ਸੰਜਮ, ਹਲੀਮੀ, ਸ਼ਰੀਅਤ, ਇਸ਼ਕ, ਤਿਆਗ ਤੇ ਦਰਦ ਵਾਲੀ ਹੈ ਪਰ ਇਹ ਪੰਜਾਬ ਵਿਚ ਪਰਵਾਨ ਕਿਉਂ ਹੋ ਸਕੀ ? ਇਸ ਗੱਲ ਦਾ ਉੱਤਰ ਇਸ ਦੇ ਮੁਕੰਮਲ ਭਾਰਤੀ ਪਹਿਰਾਵੇ ਵਿਚ ਹੈ। ਫਰੀਦ ਜੀ ਦੀ ਸ਼ੈਲੀ ਦਾ ਸੋਮਾਂ ਨਿਰੋਲ ਭਾਰਤੀ ਰਹਿਸਵਾਦੀ ਅਲੰਕਾਰ ਹਨ। ਸ਼ਬਦਾਵਲੀ ਵਿਚ ਤੇ ਫਾਰਸੀ ਸ਼ਬਦਾਂ ਦੀ ਵਰਤੋਂ ਥੋੜੀ ਜਿੰਨੀ ਅਵੱਸ਼ ਹੋਣੀ ਸੀ ; ਪਰ ਉਨ੍ਹਾਂ ਨੇ ਕੋਈ ਇਸਲਾਮੀ ਅਲੰਕਾਰ-ਰੂਪਕ, ਉਪਮਾ ਤੇ

Digitized by Panjab Digital Library | www.panjabdigilib.org

ਚਿੱਤ੍ਰ ਨਹੀਂ ਵਰਤੇ ਸਿਵਾਏ ਕੁਝ ਮਿਥਿਹਾਸਕ ਹਵਾਲਿਆਂ ਦੇ ਜਿਨ੍ਹਾਂ ਵਿਚ ਪੁਲ ਸਰਾਤ, ਅਜਰਾ-ਈਲ ਆਦਿ ਦਾ ਵਰਣਨ ਹੈ। ਜੋਗੀਆਂ ਦੀ ਪੰਜਾਬੀ ਰੰਗਤ ਵਾਲੀ ਰਚਨਾ ਵਿਚ ਭਾਰਤੀ ਬਿੰਬਾਵਲੀ ਨੇ ਪੂਰਾ ਜ਼ੋਰ ਨਹੀਂ ਸੀ ਪਕੜਿਆ। ਫਰੀਦ ਕਰਕੇ ਇਹ ਬਿੰਬਾਵਲੀ ਸਮਕਾਲੀਨ ਰਹਿਸਵਾਦੀ ਕਵਿਤਾ ਵਿਚ ਵਰਤੀ ਜਾਣ ਲੱਗੀ। ਧਨ, ਪਿਰ, ਹੰਸ, ਬਗਲਾ, ਕਸੁੰਭਾ, ਮਜੀਠਾ, ਬੇੜਾ, ਸਰਵਰ, ਕੋਧਰਾ, ਕੰਧੀ ਉਤੇ ਰੁਖੜਾ, ਕੋਇਲ, ਮੀਂਹ, ਆਦਿ ਦੇ ਚਿੰਨ੍ਹ ਧਾਰਮਕ ਰਹਿਸ-ਵਾਦ ਵਿਚ ਵਰਤੇ ਗਏ। ਫਰੀਦ ਦੇ ਸਾਰੇ ਚਿੱਤ੍ਰ ਵੀ ਨਿਰੋਲ ਪੰਜਾਬੀ ਤੇ ਭਾਰਤੀ ਹਨ। ਅਲੰਕਾਰਾਂ ਦੇ ਸਬੰਧ ਵਿਚ ਉਹ ਮਗਰਲੇ ਸੂਫੀਆਂ ਵਾਂਗ ਜਨ-ਸਾਧਾਰਨ ਦੇ ਨੇੜੇ ਨਹੀਂ ਸਗੋਂ ਭਾਰਤੀ ਰਹਿਸਵਾਦੀ ਸਾਹਿਤਕ ਪਰੰਪਰਾ ਨਾਲ ਸਬੰਧਤ ਹੈ। ਪਰ ਵਗਦੇ ਪਾਣੀ, ਉੱਡਦੇ ਪੰਛੀ, ਕੰਬਦੇ ਵਣ, ਤੁਰਦੇ ਪਾਂਧੀ, ਪਾਣੀ ਭਰੇਂਦੀਆਂ ਮੁਟਿਆਰਾਂ, ਕੜਕਦੀ ਬਿਜਲੀ ਤੇ ਬੇੜਾ ਕਪੂਰਿ ਵਾਤ—ਇਹ ਸਾਰੇ ਚਿੱਤ੍ਰ ਫਰੀਦ ਨੂੰ ਰੋਮਾਂਟਿਕ ਕਵੀ ਬਣਾਂਦੇ ਹਨ ਤੇ ਉਸ ਦੀ ਕਵਿਤਾ ਵਿਚ ਰਸ ਉਪਜਾਂਦੇ ਹਨ। ਰੋਮਾਂਸ ਪੰਜਾਬੀ ਕਵਿਤਾ ਦੀ ਜਾਨ ਹੈ, ਇਹ ਪੰਜਾਬੀ ਸੁਭਾ ਹੈ ਜੋ ਉਨ੍ਹਾਂ ਦੀ ਹਰ ਪਰਕਾਰ ਦੀ ਕਵਿਤਾ ਵਿਚ ਆਪਣਾ ਰੰਗ ਜਮਾਈ ਬੈਠਾ ਹੈ।

ਫਰੀਦ ਦੀ ਬੋਲੀ ਨਿਰੋਲ ਲਹਿੰਦੀ ਪੰਜਾਬੀ ਹੈ ਜਿਸ ਨੇ ਉਨ੍ਹਾਂ ਦੀ ਕਵਿਤਾ ਨੂੰ ਮਿਠਾਸ ਪਰਦਾਨ ਕੀਤੀ ਹੈ। ਇਹ ਸੰਤ ਭਾਖਾ ਨਹੀਂ ਹੈ ਜਿਵੇਂ ਜੋਗੀਆਂ ਦੀ ਹੈ ਜਾਂ ਗੁਰੂ ਸਾਹਿਬਾਨ ਦੀ ਹੈ। ਇਹ ਸੰਤ ਭਾਖਾ ਕੇਵਲ ਇਸੇ ਹਦ ਤੀਕ ਹੈ ਕਿ ਇਸ ਦੀ ਬਿੰਬਾਵਲੀ ਸੰਤ-ਕਵਿਤਾ ਵਾਲੀ ਹੈ। ਫਰੀਦ ਨੇ ਸਿਧਾਂਤਕ ਸ਼ਬਦਾਵਲੀ ਵੀ ਸੰਸਕ੍ਰਿਤ ਪ੍ਰਾਕ੍ਰਿਤ ਦੀ ਹੀ ਵਰਤੀ ਹੈ, ਇਸ-ਲਾਮੀ ਨਹੀਂ।

## (ੲ) ਪੰਜਾਬੋਂ ਬਾਹਰ ਦੇ ਭਗਤ ਕਵੀ

ਪੰਜਾਬੋਂ ਬਾਹਰ ਭਾਵ ਮਹਾਰਾਸ਼ਟਰ, ਯੂ.ਪੀ. ਤੇ ਸਿੰਧ ਵਿਚ ਜਿੰਨੀ ਪੰਜਾਬੀਪਨ ਵਾਲੀ ਭਾਰਤੀ ਕਵਿਤਾ ਲਿਖੀ ਗਈ ਹੈ, ਉਸ ਦਾ ਪਰਮਾਣੀਕ ਇਕੋ ਇਕ ਹੀ ਸੰਭਾਲ ਕਰਨ ਵਾਲਾ ਗ੍ਰੰਥ ਹੈ ਤੇ ਉਹ ਹੈ ਸਿੱਖਾਂ ਦਾਂ "ਸ੍ਰੀ ਗੁਰੂ ਗ੍ਰੰਥ ਸਾਹਿਬ"। ਇਸ ਗੱਲ ਨੂੰ ਸਾਰੇ ਹਿੰਦੀ ਕਵਿਤਾ ਦੇ ਆਲੋਚਕਾਂ ਨੇ ਵੀ ਮੰਨਿਆ ਹੈ ਤੇ ਪੱਛਮੀ ਲੇਖਕਾਂ ਨੇ ਵੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਮਨ-ਲਿਖਤ ਗ਼ੈਰ ਪੰਜਾਬੀ ਭਗਤਾਂ ਤੇ ਸੰਤਾਂ ਦੀ ਬਾਣੀ ਸੁਰਖਸ਼ਤ ਹੈ।

| ਨਾਮ ਭਗਤ | ਵਾਸੀ | ਜੀਵਨ ਤਰੀਕਾਂ | ਕਿੱਤਾ, ਜ਼ਾਤ ਆਦਿ |
|---|---|---|---|
| ਕਬੀਰ | ਯੂ. ਪੀ. | ਜਨਮ 1398 ਈ. | ਜੁਲਾਹਾ |
| ਰਵਿਦਾਸ | ਯੂ. ਪੀ. | ਸਮਕਾਲੀ ਕਬੀਰ ਦਾ | ਚਮਾਰ |
| ਰਾਮਾ ਨੰਦ | ਯੂ. ਪੀ. | ਜਨਮ 1017 ਈ. | ਬੈਰਾਗੀ |
| ਪਰਮਾਨੰਦ | ਬੰਬਈ | ... | ... |
| ਨਾਮਦੇਵ | ਮਹਾਰਾਸ਼ਟਰ | ਜਨਮ 1270 ਈ. | ਛੀਪਾ |
| ਤ੍ਰਿਲੋਚਨ | ,, | ਜਨਮ 1267 ਈ. | ਬ੍ਰਾਹਮਣ |
| ਧੰਨਾ | ਰਾਜਪੂਤਾਨਾ | ਜਨਮ 1415 ਈ. | ਜੱਟ |

Digitized by Panjab Digital Library | www.panjabdigilib.org

| ਨਾਮ ਭਗਤ | ਵਾਸੀ | ਜੀਵਨ ਤਰੀਕਾਂ | ਕਿੱਤਾ, ਜ਼ਾਤ ਆਦਿ |
|---|---|---|---|
| ਬੇਣੀ | ... | ... | ... |
| ਸੈਣ | ਯੂ. ਪੀ. | 14ਵੀਂ ਸਦੀ | ਨਾਈ |
| ਭੀਖਣ | ... | ਦਿਹਾਂਤ 1573 ਈ. | ... |
| ਜੈਦੇਵ | ਬੰਗਾਲ | 1170 ਈ. | ਬ੍ਰਾਹਮਣ |
| ਪੀਪਾ | ਯੂ. ਪੀ. | ਜਨਮ 1425 ਈ. | ... |
| ਸਦਨਾ | ਸਿੰਧ | 13ਵੀਂ ਸਦੀ | ਕਸਾਈ |
| ਸੂਰਦਾਸ | ਅਵਧ | ... | ... |

ਇਹ ਸਾਰੇ ਭਗਤ ਮਧਕਾਲੀਨ ਭਾਰਤੀ ਭਗਤ ਹਨ ਤੇ ਇਨ੍ਹਾਂ ਦਾ ਮੁੱਖ ਉਦੇਸ਼ ਇਕ ਸਾਂਝੇ ਧਰਮ, ਸਾਂਝੇ ਸਾਂਝੇ ਰਬ ਤੇ ਜੀਵਨ ਦਾ ਉਪਦੇਸ਼ ਕਰਨਾ ਸੀ ਜੋ ਮੁਸਲਮਾਨਾਂ ਤੇ ਹਿੰਦੂਆਂ ਵਿਚੋਂ ਹਾਕਮ ਮਹਿਕੂਮ ਦੇ ਸੰਬੰਧ ਦੀ ਰੜਕ ਤੇ ਕੁੜਿਤਣ ਦੂਰ ਕਰਕੇ ਆਦਰਸ਼ਕ ਤੇ ਪਾਰਸਰੀਰਕ ਰਹਿਸਵਾਦੀ ਰਿਸ਼ਤਿਆਂ ਦੀ ਸਾਂਝ ਉਪਜਾ ਸਕੇ। ਫਰੀਦ ਜੀ ਦਾ ਵੀ ਇਹੋ ਉਦੇਸ਼ ਸੀ ਤੇ ਹੋਰ ਸੂਫੀ ਕਵੀਆਂ ਦਾ ਵੀ।

ਪਰ ਜਿਵੇਂ ਇਕੋ ਉਦੇਸ਼ ਹੁੰਦਿਆਂ ਵੀ ਫਰੀਦ ਜੀ ਨੇ ਮੁਖ ਪਰੇਰਨਾ ਇਸਲਾਮ ਤੋਂ ਹੀ ਲਈ ਸੀ, ਤਿਵੇਂ ਇਨ੍ਹਾਂ ਭਗਤਾਂ ਦੀ ਮੁੱਖ ਪਰੇਰਨਾ ਦਾ ਸੋਮਾਂ ਭਾਰਤੀ ਰਹਿਸਵਾਦੀ ਪਰੰਪਰਾ ਸੀ ਜੋ ਮਧਕਾਲੀਨ ਸਮੇਂ ਵਿਚ ਵੈਸ਼ਨਵ ਮਤ ਦੇ ਰੂਪ ਵਿਚ ਉਪਸਥਿਤ ਸੀ ਤੇ ਬ੍ਰਹਮ-ਵਿਸ਼ਨੂ ਦੇ ਸਰਗੁਣ ਸਰੂਪ ਰਾਮ ਜਾਂ ਕ੍ਰਿਸ਼ਨ ਦੀ ਭਗਤੀ ਵਿਚ ਪ੍ਰਗਟ ਹੋ ਰਹੀ ਸੀ। ਇਹ ਭਗਤ ਸਰਗੁਣ ਤੋਂ ਨਿਰਗੁਣ ਵਲ ਵਿਕਾਸ ਕਰ ਰਹੇ ਸਨ ਤੇ ਕ੍ਰਿਸ਼ਨ ਨੂੰ ਸਰਵ ਵਿਆਪੀ ਵੇਦਾਂਤਕ ਬ੍ਰਹਮ ਵਿਚ ਲੀਨ ਕਰ ਰਹੇ ਸਨ। ਇਹ ਸਥਾਨਕ ਇਸ਼ਟਾਂ ਤੋਂ ਵੀ ਉੱਪਰ ਉਠ ਕੇ ਇਕੋ ਜੋਤਿ ਸਰੂਪ ਵਿਚ ਪਰਵੇਸ਼ ਕਰ ਰਹੇ ਸਨ। ਤੇ ਉਹ ਜੋਤਿ ਸਰੂਪ, ਸਰਬ-ਵਿਆਪੀ ਪੁਰਖ ਦਾ ਐਸਾ ਸਰੂਪ ਉਲੀਕ ਰਹੇ ਸਨ ਜੋ ਇਸਲਾਮ ਨੂੰ ਅਪਰਵਾਨ ਨਾ ਹੋਵੇ। ਉਹ ਭੇਖਾਂ ਤੇ ਚਿੰਨ੍ਹਾਂ ਤੋਂ ਜ਼ੋਰ ਹਟਾ ਕੇ ਸ਼ੁਭ ਕਰਮਾਂ ਤੇ ਜ਼ੋਰ ਵਧਾ ਰਹੇ ਸਨ। ਤੇ ਸ਼ੁਭ ਕਰਮ ਹੀ ਰਬੀ ਨਿਆਂਕਾਰੀ ਲਈ ਤੇ ਸ਼ੁਭ ਫਲ ਲਈ ਜ਼ਰੂਰੀ ਦੱਸ ਰਹੇ ਸਨ। ਇਹ ਸਰਬ ਸਾਂਝਾ ਧਰਮ ਸੀ ਇਨ੍ਹਾਂ ਭਗਤਾਂ ਦਾ, ਜੋ ਬੁਨਿਆਦੀ ਤੌਰ ਤੇ ਭਾਰਤੀ ਸੀ, ਪਰ ਜੋ ਅਰਬ ਨੂੰ ਅਪਰਵਾਨ ਨਹੀਂ ਸੀ ਸਗੋਂ ਸਾਰੇ ਸੰਸਾਰ ਨੂੰ ਵੀ ਪਰਵਾਨ ਹੈ। ਪ੍ਰਭੂ ਭਗਤੀ, ਗੁਰੂ ਭਗਤੀ, ਨਾਮ-ਭਗਤੀ ਤੇ ਮਾਨਵ ਭਗਤੀ ਇਸ ਸਾਂਝੇ ਧਰਮ ਦੀਆਂ ਕੜੀਆਂ ਸਨ। ਇਸ ਭਗਤੀ ਤੋਂ ਬਿਨਾਂ ਸੰਸਾਰ ਦੁਖ-ਰੂਪ ਹੈ ਤੇ ਇਹ ਭਗਤੀ ਮਨੁੱਖ ਨੂੰ ਆਵਾਗਵਨ ਵਿਚੋਂ ਕੱ[illegible] ਕੇ ਪ੍ਰਭੂ ਨਾਲ ਇਕ ਮਿਕ ਕਰ ਦਿੰਦੀ ਹੈ। ਭਗਤੀ ਤੇ ਇਸਲਾਮ ਵਿਚ ਵੀ ਹੈ ਪਰ ਆਵਾਗ[illegible] ਤੋਂ ਛੁਟਕਾਰੇ ਤੇ ਪ੍ਰਭੂ ਨਾਲ ਇਕ ਮਿਕ ਹੋਣ ਦਾ ਵਿਚਾਰ ਨਿਰੋਲ ਭਾਰਤੀ ਹੈ। ਸੋ ਇਨ੍ਹਾਂ ਭਗ[illegible] ਦੇ ਵਿਚਾਰਾਂ ਵਿਚ ਵੇਦਾਂ ਤੇ ਛੇ ਸ਼ਾਸਤਰਾਂ ਤੋਂ ਪਰੇਰਨਾ ਹੈ, ਪੁਰਾਣਾਂ ਤੇ ਮਿਥਿਹਾਸ ਤੋਂ ਪਰੇਰ[illegible] ਹੈ। 'ਯੋਗ' ਤੇ ਵੇਦਾਂਤ ਤੇ ਜ਼ੋਰ ਵਧੇਰੇ ਹੈ। ਕਬੀਰ ਇਨ੍ਹਾਂ ਭਗਤਾਂ ਦੀ ਸਿਖਰ ਹੈ ਤੇ ਕ[illegible] ਵਿਚ ਯੋਗ, ਸਾਂਖ ਤੇ ਵੇਦਾਂਤ ਦਰਸ਼ਨ ਪਰਧਾਨ ਹਨ।

ਇਨ੍ਹਾਂ ਭਗਤਾਂ ਦੀ ਸ਼ੈਲੀ ਦਾ ਸੋਮਾਂ ਸੰਸਕ੍ਰਿਤ ਪ੍ਰਾਕ੍ਰਿਤ ਦੀ ਭਾਰਤੀ ਰਹਿਸਵਾਦੀ ਬਿੰਬਾਵ[illegible] ਸੀ ਤੇ ਸੰਤ ਭਾਖਾ ਸੀ ਜਿਸ ਵਿਚ ਅਵੱਸ਼ ਹੀ ਫਾਰਸੀ ਸ਼ਬਦਾਵਲੀ ਵਧ ਰਹੀ ਸੀ। ਸਿਧਾਂਤ

Digitized by Panjab Digital Library | www.panjabdigilib.org

ਸ਼ਬਦ ਇਨ੍ਹਾਂ ਦੇ ਸਾਰੇ ਸੰਸਕ੍ਰਿਤ,ਪ੍ਰਾਕ੍ਰਿਤ ਦੇ ਸਨ ਪਰ ਕਿਤੇ ਕਿਤੇ ਇਨ੍ਹਾਂ ਇਸਲਾਮੀ ਸਿਧਾਂਤਕ ਸ਼ਬਦ ਤੇ ਮਿਥਿਹਾਸਕ ਚਿੰਨ੍ਹਾਂ ਨੂੰ ਵਰਤਣਾ ਅਰੰਭ ਕਰ ਦਿੱਤਾ। ਤੋਲ ਤੇ ਛੰਦ ਇਨ੍ਹਾਂ ਦੇ ਭਾਰਤੀ ਹੀ ਰਹੇ ਤੇ ਸਲੋਕ ਤੇ ਪਦੇ ਦੇ ਕਾਵਿ-ਰੂਪ ਵੀ ਬਹੁਤ ਪਰਵਾਨ ਹੋਏ। ਭਾਵੇਂ ਕਬੀਰ ਨੇ ਬਾਵਨ ਅੱਖਰੀ, ਥਿਤਾਂ, ਵਾਰ, ਅਸ਼ਟਪਦੀ ਤੇ ਹੋਰ ਕਈ ਰੂਪ ਵੀ ਅਪਣਾਏ। ਪੰਜਾਬੀਪਨ ਕਬੀਰ ਤੇ ਨਾਮਦੇਵ ਵਿਚ ਵਧ ਹੈ ਤੇ ਇਸ ਗਲ ਦੇ ਕਾਰਨ ਇਤਿਹਾਸਕ ਹਨ। ਮਰਹਟਿਆਂ ਦਾ ਪੰਜਾਬੀ ਨਾਲ ਮੇਲ ਜੋਲ ਇਤਿਹਾਸਕ ਘਟਨਾ ਸੀ ਤੇ ਪੰਜਾਬੀ ਜੋਗੀਆਂ ਨੇ ਵੀ ਕੁਝ ਪ੍ਰਭਾਵ ਸਾਰੇ ਭਾਰਤ ਤੇ ਪਾ ਦਿੱਤਾ ਸੀ। ਕਬੀਰ ਤੇ ਨਾਮਦੇਵ ਦਾ ਪੰਜਾਬੀ ਸੰਤਾਂ ਨਾਲ ਮੇਲ ਗੇਲ ਬਹੁਤ ਸੀ ; ਨਾਮਦੇਵ ਤੇ ਜੀਵਨ ਦੇ ਅੰਤ ਵਿਚ ਪੰਜਾਬ ਹੀ ਆ ਗਿਆ ਸੀ। ਇਨ੍ਹਾਂ ਭਗਤਾਂ ਦੇ ਇਕ ਦੂਜੇ ਨਾਲ ਪਰਸਪਰ ਸਬੰਧ ਵੀ ਸਨ ਤੇ ਇਕ ਦੂਜੇ ਦੀ ਬਾਣੀ ਤੋਂ ਵੀ ਜਾਣੂੰ ਸਨ। ਇਸ ਲਈ ਇਨ੍ਹਾਂ ਦੀ ਬੋਲੀ ਵਿਚ ਇਕ ਸਾਂਝ ਪੈਦਾ ਹੋ ਜਾਣੀ ਕੁਦਰਤੀ ਸੀ। ਪੰਜਾਬੀ ਸੁਭਾ ਸ਼ਾਇਦ ਸ਼ੁਰੂ ਤੋਂ ਹੀਂ ਹਰ ਨਵੇਂ ਵਿਚਾਰ ਨੂੰ ਛੇਤੀ ਨਾਲ ਅਪਣਾ ਲੈਂਦਾ ਹੈ ਤੇ ਨਾਮਦੇਵ ਤੇ ਕਬੀਰ ਨੇ ਪੰਜਾਬੀਆਂ ਦੀ ਇਸ ਖੁਲ੍ਹ ਵਰਤੀ ਬ੍ਰਿਤੀ ਨੂੰ ਧਿਆਨ ਵਿਚ ਰੱਖ ਕੇ ਉਨ੍ਹਾਂ ਲਈ ਆਪਣੇ ਵਿਚਾਰ ਉਨ੍ਹਾਂ ਦੀ ਬੋਲੀ ਵਿਚ ਅੰਕਤ ਕੀਤੇ ਹੋਣ। ਦੇਸ਼-ਰਟਨ ਤੇ ਹਰ ਭਗਤ ਦੇ ਜੀਵਨ ਦਾ ਜ਼ਰੂਰੀ ਅੰਗ ਸੀ ਹੀ।

ਨਾਮਦੇਵ ਦਾ ਤੀਖਣ ਭਗਤੀ ਭਾਵ ਤੇ ਉਸ ਦੀ ਪਰੰਪਰਾਈ ਬਿੰਬਾਵਲੀ ਹੇਠ ਦਿੱਤੇ ਸ਼ਬਦ ਵਿਚੋਂ ਸਪਸ਼ਟ ਹੈ ਜੋ ਭਾਰਤੀ ਮਿਥਿਹਾਸ ਤੇ ਆਧਾਰਤ ਹੈ।

### ਧਨਾਸਰੀ ਨਾਮ ਦੇਵ

ਗਹਰੀ ਕਰਿਕੈ ਨੀਵ ਖੁਦਾਈ ਊਪਰਿ ਮੰਡਪ ਛਾਏ।
ਮਾਰ ਕੰਡੇ ਤੇ ਕੋ ਅਧਿਕਾਈ ਜਿਨਿ ਤ੍ਰਿਣ ਧਰਿ ਮੂੰਡ ਬੁਲਾਏ।
ਹਮਰੋ ਕਰਤਾ ਰਾਮੁ ਸਨੇਹੀ।
ਕਾਹੇ ਰੇ ਨਰ ਗਰਬੁ ਕਰਤਾ ਹਹੁ ਬਿਨਸਿ ਜਾਇ ਝੂਠੀ ਦੇਹੀ।
ਮੇਰੀ ਮੇਰੀ ਕੈਰਉ ਕਰਤੇ ਦੁਰਜੋਧਨ ਸੇ ਭਾਈ।
ਬਾਰਹ ਜੋ ਜਨ ਛਤ੍ਰ ਝੁਲੈਥਾ ਦੇਹੀ ਗਿਰਝ ਨਾ ਖਾਈ।
ਸਰਬ ਸੁਇਨ ਕੀ ਲੰਕਾ ਹੋਤੀ ਰਾਵਨ ਸੇ ਅਧਿਕਾਈ।
ਕਹਾਂ ਭਇਓ ਦਰ ਬਾਂਧੇ ਹਾਥੀ ਖਿਨ ਮਹਿ ਭਈ ਪਰਾਈ।
ਦੁਰਬਾਸਾ ਸਿਉ ਕਰਤ ਠਗਉਰੀ ਜਾਦਵ ਏ ਫਲ ਪਾਏ।
ਕ੍ਰਿਪਾ ਕਰੀ ਜਨ ਅਪਨੇ ਊਪਰਿ, ਨਾਮ ਦੇਉ ਹਰ ਗੁਨ ਗਾਏ।

ਕਬੀਰ ਦੇ ਵਿਚਾਰਾਂ ਵਿਚ ਯੋਗਮਤ ਦਾ ਪਰਭਾਵ ਇਸ ਸ਼ਬਦ ਤੋਂ ਸਪਸ਼ਟ ਹੋ ਸਕਦਾ ਹੈ।

### ਗਉੜੀ

ਸੁਰਤਿ ਸਿਮ੍ਰਿਤਿ ਦੁਇ ਕੰਨੀ ਮੁੰਦਾ, ਪਰਮਿਤਿ ਬਾਹਰਿ ਖਿੰਥਾ।
ਸੁੰਨ ਗੁਫਾ ਮਹਿ ਆਸਣੁ ਬੈਸਣੁ ਕਲਪ ਬਿਬਰਜਤਿ ਪੰਥਾ।
ਮੇਰੇ ਰਾਜਨ ਮੈ ਬੈਰਾਗੀ ਜੋਗੀ। ਮਰਤ ਨ ਸੋਗ ਬਿਓਗੀ।
ਖੰਡ ਬ੍ਰਹਮੰਡ ਮਹਿ ਸਿੰਙੀ ਮੇਰਾ ਬਟੂਆ ਸਭੁ ਜਗ ਭਸਮਾਧਾਰੀ।

Digitized by Panjab Digital Library | www.panjabdigilib.org

ਤਾੜੀ ਲਾਗੀ ਤ੍ਰਿਪਲ ਪਲਟੀਅ ਛੂਟੇ ਹੋਏ ਪਸਾਰੀ ।
ਮਨੁ ਪਵਨੁ ਦੁਇ ਤੂੰਬਾ ਕਰੀ ਹੈ ਜੁਗ ਜੁਗ ਸਾਰਦ ਸਾਜੀ ।
ਥਿਰੁ ਭਈ ਤੰਤੀ ਤੂਟਸਿ ਨਾਹੀ ਅਨਹਦ ਕਿੰਗਰੀ ਬਾਜੀ ।
ਸੁਨਿ ਮਨ ਮਗਨ ਭਏ ਹੈ ਪੂਰੇ ਮਾਇਆ ਡੋਲ ਨਾ ਲਾਗੀ ।
ਕਹੁ ਕਬੀਰ ਤਾ ਕਉ ਪੁਨਰਪਿ ਜਨਮੁ ਨਹੀਂ ਖੇਲਿ ਗਇਓ ਬੈਰਾਗੀ ।

(ਗੁਰੂ ਨਾਨਕ ਦੇਵ ਜੀ ਦੇ ਤੇ ਹੋਰ ਗੁਰੂ ਸਾਹਿਬਾਨ ਦੇ ਕਿੰਨੇ ਹੀ, ਸ਼ਬਦ ਆਸਾ, ਸੂਹੀ ਤ ਰਾਮ ਕਲੀ ਰਾਗਾਂ ਵਿਚ ਇਸੇ ਭਾਵ ਦੇ ਹਨ) ।

## (5) ਗੁਰੂ ਨਾਨਕ ਕਾਲ ਦੀ ਕਵਿਤਾ

ਇਸ ਕਾਲ ਦੀ ਧਾਰਮਕ ਤੇ ਰਹਿਸਵਾਦੀ ਕਵਿਤਾ ਨੂੰ ਛੇ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ :

(ੳ) ਸ੍ਰੀ ਗੁਰੂ ਨਾਨਕ ਸਾਹਿਬ ਦੀ ਅਧਿਆਤਮਕ ਕਵਿਤਾ ।
(ਅ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਗੁਰੂ ਵਿਅਕਤੀਆਂ ਦੀ ਕਵਿਤਾ ।
(ੲ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਨਾਨਕ ਘਰ ਦੇ ਨਿਕਟਵਰਤੀ ਮਹਾਂਪੁਰਸ਼ਾਂ ਦੀ ਕਵਿਤਾ ।
(ਸ) ਭਾਈ ਗੁਰਦਾਸ ਦੀ ਕਵਿਤਾ ਤੇ ਹੋਰ ਸਿੱਖਾਂ ਦੀ ਕਵਿਤਾ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਨਹੀਂ ।
(ਹ) ਗੁਰੂ ਗੋਬਿੰਦ ਸਿੰਘ ਜੀ ਦੀ ਦਸਮ ਗ੍ਰੰਥ ਵਿਚ ਦਰਜ ਕਵਿਤਾ ।
(ਕ) ਦਸਮ ਗੁਰੂ ਦਰਬਾਰੀ ਕਵੀਆਂ ਦੀ ਕਵਿਤਾ ।

ਇਸ ਕਾਲ ਦੀ ਸਾਰੀ ਕਵਿਤਾ ਤੇ ਗੁਰੂ ਨਾਨਕ ਦੇਵ ਜੀ ਦੀ ਪਰਧਾਨਗੀ ਹੈ । ਗੁਰੂ ਨਾਨਕ ਦੇਵ ਜੀ ਨੇ ਜੋ ਵਿਚਾਰ-ਸਿਧਾਂਤ ਅਪਣਾਏ, ਉਨ੍ਹਾਂ ਦੀ ਪਰੋੜਤਾ ਵਿਚ ਹੀ ਬਾਕੀ ਸਾਰੇ ਗੁਰੂ ਸਾਹਿਬਾਨ ਨੇ ਬਾਣੀ ਲਿਖੀ ਹੈ ; ਕਿਤੇ ਉਹ ਸਿਧਾ ਉਨ੍ਹਾਂ ਦਾ ਵਿਚਾਰ ਸਿਧਾਂਤ ਅੰਕਤ ਕਰਦੇ ਹਨ ; ਕਿਤੇ ਉਸ ਦੀ ਵਿਆਖਿਆ ਕਰਦੇ ਹਨ ; ਕਿਤੇ ਉਸ ਦੇ ਇਕ ਦੂਜੇ ਪਖ ਨੂੰ ਸਪਸ਼ਟ ਕਰਦੇ ਹਨ । ਸਾਰੇ ਗੁਰੂ ਸਾਹਿਬਾਨ ਗੁਰੂ ਨਾਨਕ ਦੀ ਹੀ ਕਾਵਿ-ਰੂਪ ਪਰਣਾਲੀ ਨੂੰ ਅਪਣਾਂਦੇ ਹਨ ; ਉਨ੍ਹਾਂ ਹੀ ਕਾਵਿ ਰੂਪਾਂ ਵਿਚ ਕਵਿਤਾ ਲਿਖਦੇ ਹਨ ਜਿਨ੍ਹਾਂ ਵਿਚ ਗੁਰੂ ਨਾਨਕ ਸਾਹਿਬ ਨੇ ਲਿਖੀ ਹੈ ਤੇ ਉਸੇ ਤਰ੍ਹਾਂ ਰਾਗਾਂ ਵਿਚ ਆਪਣੀ ਸਾਰੀ ਕਵਿਤਾ ਦਾ ਉਚਾਰਨ ਕਰਦੇ ਹਨ । ਹਾਂ, ਹਰ ਗੁਰੂ ਸਾਹਿਬ ਦੀ ਆਪਣੀ ਸ਼ੈਲੀ ਜ਼ਰੂਰ ਹੈ । ਜਾਂ ਘਟੋ ਘਟ ਹਰ ਗੁਰੂ ਸਾਹਿਬ ਦੀ ਸ਼ਖਸੀਅਤ ਦਾ ਵਖਰਾ ਰੰਗ, ਸਾਂਝੀ ਨਾਨਕ ਘਰ ਦੀ ਸ਼ੈਲੀ ਵਿਚ ਵੀ ਸੁਤੇ ਸਿਧ ਪ੍ਰਗਟ ਹੋ ਰਿਹਾ ਹੈ । ਜਿਥੋਂ ਤੀਕ ਰਹਿਸਵਾਦੀ ਬਿੰਬਾਵਲੀ ਤੇ ਅਲੰਕਾਰਾਂ ਤੇ ਸਿਧਾਂਤਕ ਸ਼ਬਦਾਵਲੀ ਦਾ ਸਬੰਧ ਹੈ, ਸਾਰੇ ਗੁਰੂਆਂ ਵਿਚ ਪੂਰੀ ਸਾਂਝ ਹੈ । ਇਸ ਕਾਲ ਦੇ ਸਿਖ ਕਵੀਆਂ ਵਿਚ ਬੁਨਿਆਦੀ ਸਿਧਾਂਤਕ ਵਿਚਾਰ ਗੁਰੂ ਨਾਨਕ ਸਾਹਿਬ ਵਾਲੇ ਹੀ ਹਨ । ਪਰ ਇਨ੍ਹਾਂ ਵਿਚੋਂ ਹਰ ਕਵੀ ਦਾ ਖਾਸ ਮੰਤਵ ਸੀ ਜਿਸ ਤੋਂ ਪਰੇਰਤ ਹੋ ਕੇ ਉਹ ਲਿਖ ਰਿਹਾ ਸੀ, ਇਸ ਲਈ ਇਨ੍ਹਾਂ ਸਿਖ ਕਵੀਆਂ ਦੀ ਰਚਨਾ ਵਿਚ ਬੇਅੰਤ ਵਿਚਾਰ ਤੇ ਵੰਨਗੀਆਂ ਵੀ ਚਲ ਰਹੀਆਂ ਹਨ, ਤਾਂ ਵੀ ਇਸ ਸਾਰੇ ਕਾਲ ਦੀ ਕਵਿਤਾ ਵਿਚ ਵਿਚਾਰਾਂ ਦੀ ਬੁਨਿਆਦੀ ਸਾਂਝ ਹੈ ਤੇ ਬਹੁਤ ਹਦ ਤੀਕ ਕਾਵਿ-ਸ਼ੈਲੀ ਤੇ ਕਾਵਿ-ਰੂਪਾਂ ਦੀ ਵੀ ।

Digitized by Panjab Digital Library | www.panjabdigilib.org

ਇਸ ਲਈ ਗੁਰੂ ਨਾਨਕ ਸਾਹਿਬ ਦੀ ਬਾਣੀ ਦੇ ਜੇ ਸਿਧਾਂਤ, ਕਾਵਿ-ਰੂਪ ਤੇ ਕਾਵਿ-ਸ਼ੈਲੀ ਦੇ ਸੋਮੇ ਪਤਾ ਲਗ ਜਾਣ ਤਾਂ ਬਾਕੀ ਉਪਰ ਦਿਤੇ ਪੰਜ ਵਰਗਾਂ ਦੇ ਮਹਾਂ ਪੁਰਸ਼ਾਂ ਦੀ ਕਾਵਿ-ਪ੍ਰਤਿਭਾ ਦਾ ਵੀ ਪਤਾ ਲਗ ਜਾਏਗਾ। ਪੰਜਾਬੀ ਧਾਰਮਕ ਕਵਿਤਾ ਵਿਚ ਗੁਰੂ ਨਾਨਕ ਸਾਹਿਬ ਨਾਲ ਹੀ ਭਾਰਤੀ ਭਗਤੀ ਲਹਿਰ ਦਾ ਰੰਗ ਉਘੜਿਆ ਤੇ ਉਹ ਹੀ ਇਸ ਕਾਵਿਧਾਰਾ ਦੇ ਪਰਮੁਖ ਕਵੀ ਵੀ ਸਾਬਤ ਹੋਏ। ਉਨ੍ਹਾਂ ਦੀ ਕਵਿਤਾ ਹੀ ਪੰਜਾਬੀ ਭਗਤੀ ਕਵਿਤਾ ਦਾ ਸਿਖਰ ਹੈ। ਇਸ ਲਈ ਇਸ ਕਵਿਤਾ ਤੇ ਵਿਚਾਰਾਂ ਦੀ ਸ਼ੈਲੀ ਆਦਿ ਦਾ ਪੂਰਾ ਵਿਸਥਾਰ ਇਥੇ ਹੀ ਕਰਨਾ ਉਚਿਤ ਹੈ ਭਾਵੇਂ ਕਬੀਰ, ਨਾਮਦੇਵ ਆਦਿ ਦਾ ਵਰਣਨ ਪਿਛੇ ਆ ਚੁਕਾ ਹੈ।

## (ੳ) ਗੁਰੂ ਨਾਨਕ ਦੇਵ ਜੀ

(1) ਸਭ ਤੋਂ ਪਹਿਲਾਂ ਗੁਰੂ ਨਾਨਕ ਸਾਹਿਬ ਦੇ ਵਿਚਾਰਾਂ ਦੇ ਸੋਮਿਆਂ ਨੂੰ ਦੇਖਦੇ ਹਾਂ। ਇਸ ਸਬੰਧ ਵਿਚ ਕਿਸੇ ਵਿਸਥਾਰ ਵਿਚ ਜਾਣ ਤੋਂ ਪਹਿਲਾਂ ਇਹ ਗਲ ਸਪਸ਼ਟ ਹੋਣੀ ਚਾਹੀਦੀ ਹੈ ਕਿ ਭਾਵੇਂ ਮੇਰੇ ਵਿਚਾਰ ਅਨੁਸਾਰ ਗੁਰੂ ਨਾਨਕ ਸਾਹਿਬ ਦੇ ਸਾਰੇ ਵਿਚਾਰ ਵੇਦਾਂ (ਭਾਵ ਚਾਰ ਵੇਦ, ਅਠਾਰਾਂ ਪੁਰਾਣ, ਸਤਾਈ ਸਿਮਰਤੀਆਂ, ਰਾਮਾਇਣ, ਮਹਾਂਭਾਰਤ ਤੇ ਗੀਤਾ) ਵਿਚੋਂ ਆਏ ਹਨ ਪਰ ਇਸ ਦਾ ਭਾਵ ਇਹ ਨਹੀਂ ਕਿ ਮੈਂ ਕਿਸੇ ਤਰ੍ਹਾਂ ਇਹ ਵੀ ਕਹਿ ਰਿਹਾ ਹਾਂ ਕਿ ਉਨ੍ਹਾਂ ਨੂੰ "ਸ਼ਬਦ" (Intuition) ਰਾਹੀਂ ਪਰਾਪਤ ਹੋਣ ਵਾਲਾ ਤਜਰਬਾ ਤੇ ਗਿਆਨ ਅਪਰਾਪਤ ਸੀ। ਸਾਰੇ ਗਿਆਨ ਪਰਾਪਤੀ ਤੇ ਸਾਧਨ (ਪਰਮਾਣ) ਉਨ੍ਹਾਂ ਨੂੰ ਪਰਾਪਤ ਸਨ। ਤੇ "ਸ਼ਬਦ" ਭਾਵ ਪਰਮਾਤਮਾ ਦਾ ਸਿਧਾ ਦਰਸ਼ਨ ਤੇ ਸਾਖਿਆਤ ਗਿਆਨ ਵੀ ਪਰਾਪਤ ਸੀ। ਇਹ ਗਲ ਪੂਰਬ-ਨਾਨਕ ਕਾਲ ਦੇ ਸਿਧਾਂ ਤੇ ਭਗਤਾਂ ਤੇ ਬਾਬਾ ਫਰੀਦ ਜੀ ਬਾਰੇ ਵੀ ਠੀਕ ਹੈ ਤੇ ਗੁਰੂ ਨਾਨਕ ਦੇਵ ਜੀ ਦੇ ਜਾਨਸ਼ੀਨਾਂ ਲਈ ਵੀ ਠੀਕ ਹੈ। ਇਨ੍ਹਾਂ ਸਭ ਨੂੰ ਪਰਮਾਤਮਾ ਦਾ ਸਿਧਾ ਸਾਖਿਆਤ ਗਿਆਨ ਤੇ ਤਜਰਬਾ ਪਰਾਪਤ ਸੀ। ਪਰ ਜੋ ਕੁਝ ਵੀ ਇਨ੍ਹਾਂ ਭਗਤਾਂ, ਗੁਰੂਆਂ ਤੇ ਗੁਰੂ ਨਾਨਕ ਸਾਹਿਬ ਨੇ ਵਿਚਾਰ ਜਾਂ ਸਿਧਾਂਤ ਰੂਪ ਵਿਚ ਦਿਤਾ, ਉਹ ਨਿਰੋਲ ਹਿੰਦੂ ਧਰਮ ਗ੍ਰੰਥ ਦੇ ਮੰਤ੍ਰਾਂ, ਸਲੋਕਾਂ ਤੇ ਸੂਤਰਾਂ ਨਾਲ ਸਮੁਚੇ ਤੌਰ ਤੇ ਮਿਲਦਾ ਹੈ ਤੇ ਹਰ ਤਰ੍ਹਾਂ ਭਾਰਤੀ ਪ੍ਰਤਿਭਾ ਦੀ ਉਪਜ ਹੈ ਤੇ ਰੂਪ, ਰੰਗ, ਰਸ ਵਿਚ ਨਿਰੋਲ ਭਾਰਤੀ ਹੈ ਤੇ ਛੇ ਸ਼ਾਸਤਰਾਂ ਵਿਚੋਂ ਹਰ ਸ਼ਾਸਤਰ ਦੇ ਸਿਧਾਂਤ ਦੀ ਛਾਂ ਇਸ ਰਚਨਾ ਵਿਚ ਹੈ ਪਰ ਸਮੁਚੇ ਤੌਰ ਤੇ ਇਹ ਬਾਣੀ ਨਾ ਵੇਦ ਹੈ ਤੇ ਨਾ ਕਿਸੇ ਇਕ ਸ਼ਾਸਤਰ ਦੀ ਪਰੋੜ੍ਹਤਾ ਕਰਨ ਵਾਲੀ—ਇਸ ਦਾ ਆਪਣਾ ਮੌਲਿਕ ਰੂਪ ਤੇ ਅਸਥਾਨ ਹੈ। 1430 ਪੰਨਿਆਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਕ ਵੀ ਸਤਰ ਇਨ ਬਿਨ ਵੇਦ (ਭਾਵ ਹਿੰਦੂ ਸਾਰੇ ਗ੍ਰੰਥਾਂ) ਦੀ ਕਿਸੇ ਸਤਰ ਦਾ ਪੰਜਾਬੀ ਅਨੁਵਾਦ ਨਹੀਂ, ਸਮੁਚੇ ਕਿਸੇ ਗੁਰੂ ਦੇ ਸ਼ਬਦ ਜਾਂ ਬਾਣੀ ਬਾਰੇ ਤੇ ਇਹ ਅਨੁਮਾਨ ਲਾਣਾ ਵੀ ਕੁਫਰ ਹੈ, ਇਹੋ ਗਲ ਦਸਮ ਗ੍ਰੰਥ ਦੀ ਬਾਣੀ ਬਾਰੇ ਵੀ ਠੀਕ ਹੈ। ਭਗਤਾਂ ਦੀ ਬਾਣੀ ਬਾਰੇ ਵੀ ਇਹੋ ਗਲ ਠੀਕ ਹੈ। ਇਹ ਸਭ ਭਾਰਤੀ ਰਹਿਸਵਾਦ ਵਿਚ ਜੜ੍ਹਾਂ ਰਖਦੇ ਹੋਏ ਵੀ ਆਪਣੇ ਰੂਪ, ਰਸ, ਸੁਆਦ ਦੇ ਹੀ ਬ੍ਰਿਛ ਸਨ।

ਹੁਣ ਅਨੁਮਾਨ ਦੇ ਆਧਾਰ ਤੇ ਹੀ ਕਿਹਾ ਜਾ ਸਕਦਾ ਹੈ ਕਿ ਗੁਰੂ ਨਾਨਕ ਦੇ ਸਿਧਾਂਤਾਂ ਦੇ ਸੋਮੇਂ ਨਿਮਨ ਲਿਖਤ ਸਨ। ਇਨ੍ਹਾਂ ਸੋਮਿਆਂ ਤੋਂ ਪਰਾਪਤ ਹੋਏ ਵਿਚਾਰਾਂ ਦਾ ਉਨ੍ਹਾਂ ਕਈ ਥਾਈਂ ਖੰਡਨ ਕੀਤਾ ਹੈ ਤੇ ਕਈ ਥਾਈਂ ਮੰਡਨ ਜਾਂ ਕੁਝ ਵਿਚਾਰਾਂ ਦਾ ਖੰਡਨ ਕੀਤਾ ਹੈ ਕੁਝ ਦਾ

Digitized by Panjab Digital Library | www.panjabdigilib.org

ਮੰਡਨ। ਸੋਮੇਂ ਇਹ ਸੰਭਵ ਹੋ ਸਕਦੇ ਸਨ :—

(1) ਵੇਦ—ਵੇਦਾਂ ਵਿਚ ਸਾਰੀਆਂ ਹਿੰਦੂ ਧਾਰਮਕ ਪੁਸਤਕਾਂ ਸ਼ਾਮਲ ਹਨ।

(2) ਕਤੇਬ—ਵਿਸ਼ੇਸ਼ ਕਰਕੇ ਇਸਲਾਮ ਦੇ ਸਿਧਾਂਤਾਂ ਨਾਲ ਉਨ੍ਹਾਂ ਨੂੰ ਵਾਕਫੀ ਸੀ ਜੋ ਮੁਸਲਮਾਨਾਂ ਨਾਲ ਗੋਸ਼ਟਾਂ ਵਿਚੋਂ ਉਨ੍ਹਾਂ ਨੂੰ ਪਰਾਪਤ ਹੋਈ।

(3) ਬੁਧ-ਧਰਮ ; ਨਾਥ ਬਾਣੀ ਆਦਿ।

(4) ਵੇਦਾਂਤ ਤੇ ਵੈਸ਼ਨਵ ਧਰਮ ਜੋ ਸ਼ੰਕਰ ਤੇ ਰਾਮਾਨੁਜ ਦੇ ਵਿਦਾਂਤ ਸੂਤ੍ਰਾਂ ਦੇ ਟੀਕਿਆਂ ਮਗਰੋਂ ਪਰਚਲਤ ਹੋਏ।

(5) ਭਗਤੀ ਲਹਿਰ ਦੇ ਭਗਤਾਂ ਦੀ ਬਾਣੀ ਜਿਵੇਂ ਨਾਮਦੇਵ ਤੇ ਕਬੀਰ ਦੀ।

ਗੁਰੂ ਨਾਨਕ ਦੇਵ ਜੀ ਦੀ ਕਾਵਿ-ਪ੍ਰਤਿਭਾ ਦਾ ਬਹੁਤਾ ਵਿਕਾਸ਼ ਅਧਿਐਨ ਤੇ ਆਧਾਰਤ ਨਹੀਂ ਜਾਪਦਾ ਸਗੋਂ ਬਹੁਤਾ ਸਿਧਾਂਤ ਤੇ ਦਰਸ਼ਨ ਦਾ ਗਿਆਨ ਉਨ੍ਹਾਂ ਸਿਧਾ ਜੀਵਨ ਤਜਰਬੇ ਵਿਚੋਂ ਤੇ ਹਰ ਧਰਮ ਦੇ ਮਹਾਤਮਾ ਨਾਲ ਵਿਚਾਰ ਵਟਾਂਦਰਾ ਕਰ ਕੇ ਤੇ ਗੋਸ਼ਟਾਂ ਕਰ ਕੇ ਉਨ੍ਹਾਂ ਪਰਾਪਤ ਕੀਤਾ ਸੀ। ਵੇਦਾਂ ਦਾ ਉਹ ਸਤਿਕਾਰ ਕਰਦੇ ਸਨ ਭਾਵੇਂ ਉਨ੍ਹਾਂ ਦਾ ਗਿਆਨ "ਤ੍ਰਿਗੁਣੀ" ਹੀ ਸਮਝਦੇ। ਪਰੋਫੈਸਰ ਸਾਹਿਬ ਸਿੰਘ ਆਦਿ ਲੇਖਕਾਂ ਦਾ ਇਹ ਮਤ ਹੈ ਕਿ ਗੁਰੂ ਨਾਨਕ ਸਾਹਿਬ ਪਾਸ ਕਬੀਰ, ਨਾਮਦੇਵ, ਰਵਿਦਾਸ, ਬੇਣੀ ਆਦਿ ਪੂਰਬ ਕਾਲੀਨ ਭਗਤਾਂ ਦੀ ਬਾਣੀ ਵੀ ਮੌਜੂਦ ਸੀ ਜੋ ਉਨ੍ਹਾਂ ਨੇ ਵਿਸ਼ਾਲ ਦੇਸ਼-ਰਟਨ ਦੇ ਸਮੇਂ ਹੋਰ ਪਰਾਂਤਾਂ ਤੋਂ ਪਰਾਪਤ ਕੀਤੀ ਸੀ। ਤੇ ਇਹ ਭਗਤ ਬਾਣੀ ਵੀ ਉਨ੍ਹਾਂ ਦੇ ਵਿਚਾਰਾਂ ਦਾ ਇਕ ਮਹਾਨ ਸੋਮਾਂ ਹੋ ਨਿਬੜੀ। ਭਗਤਾਂ ਤੇ ਗੁਰੂ ਨਾਨਕ ਸਾਹਿਬ ਦੀ ਬਾਣੀ ਵਿਚ ਵਿਚਾਰ, ਵਾਕਾਂ ਤੇ ਵਾਕਅੰਸ਼ਾਂ ਦੀ ਸਾਂਝ ਸਾਨੂੰ ਉਪਰਲੇ ਸਿੱਟੇ ਤੇ ਜ਼ਰੂਰ ਪੁਜਾਂਦੀ ਹੈ। ਠੀਕ ਗਲ ਇਹੋ ਹੈ ਕਿ ਭਗਤੀ ਸਾਹਿਤ ਸਦਾ ਸਾਰੇ ਹਿੰਦੁਸਤਾਨ ਦਾ ਸਾਂਝਾ ਹੀ ਰਿਹਾ ਹੈ, ਰਮਤੇ ਸੰਤ ਮਹਾਤਮਾ ਇਸ ਸਾਂਝ ਦੇ ਜ਼ਾਮਨ ਰਹੇ ਹਨ। ਭਾਵੇਂ ਧਾਰਮਕ ਕਵਿਤਾ ਹਿੰਦੁਸਤਾਨ ਦੀ ਕਿਸੇ ਨੁਕਰੇ ਲਿਖੀ ਗਈ ਹੈ, ਰਮਤੇ ਸਾਧੂ ਸੰਤ ਇਸ ਨੂੰ ਥੋੜੇ ਸਮੇਂ ਵਿਚ ਹੀ ਦੂਜੇ ਕੋਨੇ ਤੇ ਪੁਚਾ ਦਿੰਦੇ ਸਨ। ਤਦ ਹੀ ਭਾਰਤ ਦੀ ਸਾਰੀ ਧਾਰਮਕ ਤੇ ਰਹਿਸਵਾਦੀ ਕਵਿਤਾ ਵਿਚ ਹਰ ਪਖ ਤੋਂ ਇਕ ਅਨੋਖੀ ਸਾਂਝ ਹੈ।

ਗੁਰੂ ਨਾਨਕ ਸਾਹਿਬ ਨੇ ਵੇਦਾਂ (ਉਪਨਿਸ਼ਦਾਂ ਵਿਚੋਂ ਵਿਸ਼ੇਸ਼ ਕਰਕੇ) ਦਾਰਸ਼ਨਕ ਸਿਧਾਂਤ ਲਏ ਹਨ, ਪੁਰਾਣਾਂ ਵਿਚ ਭਾਰਤੀ ਮਿਥਿਹਾਸ ਨੂੰ ਲਿਆ ਹੈ ; ਵੇਦਾਂ ਤੇ ਸਿਮਰਤੀਆਂ ਤੇ ਆਧਾਰਤ ਰਸਮਾਂ ਰਿਵਾਜਾਂ ਨੂੰ ਖੰਡਨ ਮੰਡਨ ਲਈ ਲਿਆ ਹੈ। ਕੁਰਾਨ ਵਿਚੋਂ ਕੁਝ ਸ਼ਰਾ ਸ਼ਰੀਅਤ ਦੇ ਪਖ ਨੂੰ ਚਾਨਿਆਣ ਲਈ ਚੁਣਿਆ ਹੈ ; ਯੋਗ ਤੇ ਬੁਧ ਧਰਮ ਪਾਸੋਂ ਸੰਜਮ ਤੇ ਚਿਤ ਨਿਰੋਧ ਦਾ ਗਿਆਨ ਲਿਆ ਹੈ ; ਵੈਸ਼ਨਵ ਮਤ ਪਾਸੋਂ ਗੁਰੂ ਭਗਤੀ, ਪ੍ਰਭੂ-ਭਗਤੀ, ਸਿਮਰਨ ਤੇ ਕੀਰਤਨ ਦੇ ਸਿਧਾਂਤ ਲਏ ਹਨ।

ਗੁਰੂ ਨਾਨਕ ਸਾਹਿਬ ਨੇ ਜੋ ਵੀ ਸਿਧਾਂਤ ਤੇ ਵਿਚਾਰ ਸਾਰੇ ਉਪਰ ਦੱਸੇ ਸੋਮਿਆਂ ਤੋਂ ਪਰਾਪਤ ਕੀਤੇ ਉਨ੍ਹਾਂ ਨੂੰ ਨਿਮਨ ਲਿਖਤ ਤਰੀਕੇ ਨਾਲ ਵੰਡਿਆ ਜਾ ਸਕਦਾ ਹੈ ਤੇ ਇਹੋ ਉਨ੍ਹਾਂ ਦੀ ਬਾਣੀ ਦੇ ਵਿਚਾਰ ਹਨ।

(1) ਦਾਰਸ਼ਨਕ ਵਿਚਾਰ ; (2) ਧਾਰਮਕ ਵਿਚਾਰ ਅਤੇ (3) ਸਮਾਜਕ ਵਿਚਾਰ।

Digitized by Panjab Digital Library | www.panjabdigilib.org

(1) ਦਾਰਸ਼ਨਕ ਵਿਚਾਰ :—ਇਸ ਵਿਚ ਤਿੰਨ ਬੁਨਿਆਦੀ ਚੀਜ਼ਾਂ ਦੇ ਰੂਪ ਦਾ ਨਿਰਣਾ ਹੈ, ਬ੍ਰਹਮ ਦੇ ਰੂਪ ਦਾ, ਜੀਵ ਆਤਮਾ ਦੇ ਰੂਪ ਦਾ ਤੇ ਜਗਤ-ਪ੍ਰਕਿਰਤੀ ਦੇ ਰੂਪ ਦਾ। ਇਨ੍ਹਾਂ ਤਿੰਨਾਂ ਹੀ ਚੀਜ਼ਾਂ ਬਾਰੇ ਗੁਰੂ ਸਾਹਿਬ ਨੇ ਨਿਰਸੰਦੇਹ ਵੇਦ ਦੇ ਮਤ ਨੂੰ ਅਪਣਾਇਆ ਹੈ। ਬ੍ਰਹਮ ਦੇ ਨਿਰਗੁਣ ਤੇ ਸਰਗੁਣ ਸਰੂਪ ਨੂੰ ਸਵੀਕਾਰ ਕੀਤਾ ਹੈ—ਵੇਦ ਵਿਚ ਇਹ ਦੋਵੇਂ ਰੂਪ ਪਰਵਾਨ ਹਨ, ਦੂਜਾ ਰੂਪ ਵੇਦਾਂ ਦੇ ਪਹਿਲੇ ਹਵਨ ਵਾਲੇ ਭਾਗਾਂ ਵਿਚ ਤੇ ਪਹਿਲਾ ਵੇਦ ਦੇ ਵੇਦਾਂਤ ਭਾਗਾਂ ਵਿਚ ਜਾਂ ਉਪਨਿਸ਼ਦਾਂ ਵਿਚ। ਸਰਗੁਣ, ਨਿਰਗੁਣ, ਨਿਰੰਕਾਰ ਤੇ ਸੁੰਨਸਮਾਧ ਦੇ ਰੂਪ ਵੀ ਵੇਦ ਵਿਚ ਪਰਵਾਨ ਹਨ। ਬ੍ਰਹਮ ਦੀ ਅਸਲੀਅਤ ਸਦਾ ਸਤ, ਚਿਤ ਤੇ ਅਨੰਦ ਮੰਨੀ ਹੈ ਤੇ ਸਤ ਦਾ ਅਰਥ ਸਦਾ ਇਹੋ ਹੈ ਜੋ ਗੁਰੂ ਨਾਨਕ ਸਾਹਿਬ ਨੇ ਲਿਆ ਹੈ ਭਾਵ ਸਮੇਂ ਸਥਾਨ ਤੇ ਕਾਰਜ-ਕਾਰਣ ਦੀ ਸੀਮਾਂ ਵਿਚ ਨਾ ਹੋਣਾ।

ਜੀਵ-ਆਤਮਾ ਦੇ ਸਤ, ਚਿਤ ਤੇ ਅਨੰਦ ਹੋਣ ਨੂੰ ਵੀ ਮੰਨਿਆ ਹੈ ਪਰ ਇਸ ਨੂੰ ਹਉਮੈਂ ਦੇ ਅਧੀਨ ਵਿਛੁੜਿਆ ਹੋਇਆ ਵੀ ਮੰਨਿਆ ਹੈ। ਕਰਮਬਧ ਵੀ ਮੰਨਿਆ ਹੈ ਤੇ ਆਵਾਗਵਨ ਵਿਚ ਵੀ ਮੰਨਿਆ ਹੈ ਪਰ ਇਸ ਨੂੰ ਸਦਾ ਜੋਤਿਸਰੂਪ ਹੀ ਮੰਨਿਆ ਹੈ ਤੇ ਆਵਾਗਵਨ ਦੇ ਚੱਕਰ ਵਿਚੋਂ ਸੁਤੰਤਰ ਹੋ ਕੇ 'ਅਸਲੇ' ਨਾਲ ਇਕਮਿਕ ਹੁੰਦਾ ਵੀ ਮੰਨਿਆ ਹੈ—ਇਹੋ ਵੇਦ ਦਾ ਮਤ ਹੈ।

ਜਗਤ ਜਾਂ ਪ੍ਰਕ੍ਰਿਤੀ ਵੀ ਸਤ-ਚਿਤ-ਅਨੰਦ ਦਾ ਹੀ ਰੂਪ ਹੈ ਤੇ 'ਸੱਚੀ ਤੇਰੀ ਕੁਦਰਤ' ਹੈ—ਜੀਵ ਤੇ ਜਗਤ ਦੋਹਾਂ ਦਾ ਆਧਾਰ ਬ੍ਰਹਮ ਹੈ। ਇਹ ਵੀ ਵੇਦ ਦਾ ਹੀ ਮਤ ਹੈ।

ਯੋਗ ਮਤ ਤੋਂ ਗੁਰੂ ਸਾਹਿਬ ਬਹੁਤ ਪ੍ਰਭਾਵਤ ਸਨ; 'ਜਪੁ' ਤੇ 'ਸਿਧ ਗੋਸ਼ਟਿ' ਯੋਗ ਤੇ ਸਾਂਖ ਦਰਸ਼ਨ ਦਾ ਵਿਸਥਾਰ ਹਨ। 'ਓਅੰਕਾਰ' ਵਿਚ 'ਉਤਰ ਮਿਮਾਂਸਾ' ਦਾ ਮੰਡਨ ਹੈ ਤੇ 'ਪੂਰਬ ਮਿਮਾਂਸਾ' ਦਾ ਖੰਡਨ ਹੈ। ਉਹ ਭਾਰਤੀ ਦਰਸ਼ਨ ਨੂੰ ਜਨ ਸਾਧਾਰਣ ਦੇ ਨੇੜੇ ਲਿਆਉਣ ਦਾ ਯਤਨ ਕਰ ਰਹੇ ਸਨ। ਵੇਦਾਂ ਦੇ 'ਇੰਦਰ' 'ਯਮਰਾਜ' ਤੇ ਹੋਰ ਦੇਵਤਿਆਂ ਨੂੰ ਮੰਨਿਆ ਹੈ। ਧਰਤ, ਪਵਣ, ਪਾਣੀ, ਨੂੰ ਦੇਵਤੇ ਮੰਨਣ ਤੋਂ ਸੰਕੋਚ ਨਹੀਂ ਕੀਤਾ।

(2) ਧਰਮ ਜਾਂ ਮਜ਼੍ਹਬ ਦੇ ਪਖ ਵਿਚ ਨਾਮ, ਗੁਰੂ ਤੇ ਮਨ ਦੀ ਮਹਾਨਤਾ ਤੇ ਇਨ੍ਹਾਂ ਦੇ ਪਰਸਪਰ ਸਬੰਧ ਦੀ ਮਹਾਨਤਾ ਨੂੰ ਪਰਵਾਨ ਕੀਤਾ ਹੈ। ਬ੍ਰਹਮ ਦਾ ਸਤਗੁਣ ਸਰੂਪ ਨਾਮ ਹੈ, ਬ੍ਰਹਮ ਦਾ ਇਕ ਸਰਗੁਣ ਸਰੂਪ ਗੁਰੂ ਹੈ ਤੇ ਮਨ ਵੀ, ਮਨੁਖੀ ਮਨ ਬ੍ਰਹਮ ਦਾ ਹੀ ਇਕ ਸਰੂਪ ਹੈ। ਇਨ੍ਹਾਂ ਤਿੰਨਾਂ ਵਿਚ ਜਿਸ ਵੇਲੇ ਵੀ ਮਿਲਵਰਤਨ ਹੋ ਜਾਂਦੀ ਹੈ, ਮਨ ਗੁਰੂ ਵਿਚ ਲੀਨ ਹੋ ਕੇ, ਨਾਮ ਵਿਚ ਲੀਨ ਹੋ ਕੇ ਬ੍ਰਹਮ ਵਿਚ ਲੀਨ ਹੋ ਜਾਂਦਾ ਹੈ। ਜਦੋਂ ਤੀਕ ਮਨ ਦੀ ਗੁਰੂ ਤੇ ਨਾਮ ਨਾਲ ਅਜੋੜਤਾ ਰਹਿੰਦੀ ਹੈ ਮਨ ਵਿਚ 'ਵਿਕਾਰ' ਤੇ 'ਚੰਗਿਆਈ' ਦਾ ਦਵੰਦ ਚਲਦਾ ਰਹਿੰਦਾ ਹੈ, ਦਵੈਤ ਤੇ ਦਵੰਦ ਦੇ ਜਿੰਨੇ ਵੀ ਰੂਪ ਗੁਰੂ ਨਾਨਕ ਨੇ ਲਏ ਹਨ ਉਹ ਸਭ ਵੇਦ ਤੋਂ ਪਰਾਪਤ ਹਨ। ਪਰ ਵੇਦ ਦਾ ਪਰਮਾਤਮਾ 'ਅੰਧਕਾਰ' ਵੀ ਹੈ ਤੇ 'ਤੇਜ' ਸਰੂਪ ਵੀ ਹੈ।

(3) ਗੁਰੂ ਨਾਨਕ ਦੇਵ ਜੀ ਨੇ ਸਮਾਜਕ ਸਿਧਾਂਤ ਦੇ ਸਬੰਧ ਵਿਚ ਮਨੁਖ ਦਾ ਆਪਣੇ ਆਪ ਨਾਲ ਸਬੰਧ, ਮਨੁਖ ਦਾ ਮਨੁਖ ਨਾਲ ਸਬੰਧ ਤੇ ਮਨੁਖ ਦਾ ਪਰਮਾਤਮਾ ਨਾਲ ਸਬੰਧ ਇਹ ਤ੍ਰੈਹਰੀ ਸਬੰਧ ਵੀ ਭਾਰਤੀ ਪਰੰਪਰਾ ਤੇ ਸੰਸਕ੍ਰਿਤੀ ਆਧਾਰਤ ਵੀ ਹਨ। ਇਥੇ ਆ ਕੇ ਉਨ੍ਹਾਂ

Digitized by Panjab Digital Library | www.panjabdigilib.org

ਇਸਲਾਮੀ ਸਦਾਚਾਰ ਨੂੰ ਵੀ ਪਰਵਾਨ ਕਰ ਲਿਆ ਹੈ ਤੇ ਬੋਧੀ ਸਦਾਚਾਰ ਨੂੰ ਵੀ ਪਰਵਾਨ ਕਰ ਲਿਆ ਹੈ ਤੇ ਭਾਰਤੀ ਭਗਤਾਂ ਨੂੰ ਵੀ ਪਰਵਾਨ ਕਰ ਲਿਆ ਹੈ। ਭਗਤਾਂ ਨਾਲ ਧਾਰਮਕ ਤੇ ਦਾਰਸ਼ਨਕ ਪੱਖ ਵਿਚ ਵੀ ਗੁਰੂ ਨਾਨਕ ਸਾਹਿਬ ਦੀ ਪੂਰੀ ਸੰਮਤੀ ਹੈ। ਇਹ ਸਾਰੇ ਇਕੋ ਸੋਮੇ ਤੋਂ ਪਰੇਰਤ ਹਨ।

(4) ਗੁਰੂ ਨਾਨਕ ਦੇਵ ਜੀ ਦੇ ਕਾਵਿ-ਰੂਪਾਂ ਦੇ ਸੋਮੇ ਵਿਸ਼ੇਸ਼ ਕਰਕੇ ਦੋ ਹਨ, (1) ਵੇਦ ਤੇ ਵੇਦਾਂ ਪਸ਼ਚਾਤ ਤੁਰੇ ਆ ਰਹੇ ਕਾਵਿ-ਰੂਪ ਜੋ ਹੋਰ ਧਾਰਮਕ ਗ੍ਰੰਥਾਂ, ਰਾਮਾਇਣ, ਮਹਾਂਭਾਰਤ ਤੇ ਵੈਸ਼ਨਵ ਕ੍ਰਿਸ਼ਨਪਦਿਆਂ ਵਿਚ ਅਪਣਾਏ ਜਾ ਚੁਕੇ ਸਨ ਜਿਨ੍ਹਾਂ ਵਿਚੋਂ ਵਿਸ਼ੇਸ਼ ਰੂਪ ਪਦਿਆਂ ਤੇ ਸਲੋਕਾਂ ਦੇ ਸਨ ਤੇ ਜੋ ਗੁਰੂ ਨਾਨਕ ਸਾਹਿਬ, ਜੋਗੀਆਂ, ਫਰੀਦ ਜੀ ਤੇ ਭਗਤੀ ਲਹਿਰ ਦੇ ਸਾਰੇ ਭਗਤਾਂ ਨੇ ਅਪਣਾਏ, (2) ਦੂਜੀ ਪਰੇਰਨਾ ਗੁਰੂ ਨਾਨਕ ਸਾਹਿਬ ਨੇ ਪੰਜਾਬ ਵਿਚ ਪਰਚਲਤ ਲੋਕ-ਗੀਤਾਂ ਦੇ ਰੂਪਾਂ ਤੋਂ ਲਈ ਜਿਸਦੇ ਆਧਾਰ ਤੇ ਉਨ੍ਹਾਂ ਆਪਣੀ ਬਾਣੀ ਨੂੰ ਛੰਤਾਂ, ਵਾਰਾਂ, ਘੋੜੀਆਂ ਅਲਾਹਣੀਆਂ ਆਦਿ ਰੂਪਾਂ ਵਿਚ ਢਾਲਿਆ। ਪੱਟੀ, ਗੋਸ਼ਟ, ਬਾਰਾਂਮਾਹ, ਥਿਤੀ, ਬਾਵਨ ਅਖਰੀ ਆਦਿ ਦੇ ਕਾਵਿ-ਰੂਪ ਲੌਕਿਕ ਵੀ ਸਨ ਤੇ ਕਿਤਾਬੀ ਵੀ। ਰਾਗਾਂ ਦੀ ਪਰਧਾਨਗੀ ਰਖ ਕੇ ਰਚਨਾ ਕਰਨਾ ਵੀ ਪੁਰਾਤਨ ਰੀਤ ਸੀ ਤੇ ਗੁਰੂ ਨਾਨਕ ਸਾਹਿਬ ਨੇ ਰਸ, ਧੁਨੀ ਆਦਿ ਨੂੰ ਰਾਗਾਂ ਦੇ ਅਧੀਨ ਰਖਿਆ ਹੈ। ਛੰਦ ਵੀ ਗੁਰੂ ਨਾਨਕ ਸਾਹਿਬ ਦੇ ਵਧੇਰੇ ਲੋਕ ਕਵਿਤਾ ਦੇ ਨੇੜੇ ਹਨ। ਬੜੀ ਖਿਚ ਧੂਹ ਨਾਲ ਹੀ ਗੁਰੂ ਨਾਨਕ ਦੇਵ ਜੀ ਉਤੇ ਫਾਰਸੀ ਅਰੂਜ਼ ਜਾਂ ਭਾਰਤੀ ਪਿੰਗਲ ਤੇ ਮਾਤ੍ਰਿਕ ਛੰਦਾਂ ਦਾ ਪ੍ਰਭਾਵ ਸਾਬਤ ਕੀਤਾ ਜਾ ਸਕਦਾ ਹੈ। ਗੁਰੂ ਨਾਨਕ ਦੇਵ ਜੀ ਨੇ ਛੰਦ ਬੜੀ ਸੁਤੰਤਰਤਾ ਨਾਲ ਚੁਣੇ ਹਨ ਜਾਂ ਰਚੇ ਹਨ, ਲੋਕ ਪੱਧਤੀ ਤੇ ਪੱਧਰ ਦੇ ਨੇੜੇ ਨੇੜੇ ਰਹਿ ਕੇ, ਸ਼ਲੋਕ ਤੇ ਪਦਿਆਂ ਦੇ ਵੀ ਸਿਧੇ ਸਿਕੇਬੰਦ ਰੂਪ ਉਨ੍ਹਾਂ ਨਹੀਂ ਅਪਣਾਏ ਤੇ ਬੜੇ ਨਵੇਂ ਤਜਰਬੇ ਟਕਸਾਲੀ ਕਾਵਿ-ਰੂਪਾਂ ਵਿਚ ਵੀ ਕੀਤੇ ਹਨ। ਅਸ਼ਟਪਦੀ, ਛੰਦ ਪੁਰਾਤਨ ਰੂਪਾਂ ਨੂੰ ਵੀ ਨਵੇਂ ਰੂਪਾਂ ਵਿਚ ਢਾਲਿਆ ਹੈ ਪਰ ਸਭ ਤੋਂ ਵਧ ਪਰਿਵਰਤਨ ਉਨ੍ਹਾਂ ਨੇ ਸ਼ਲੋਕ ਦੇ ਰੂਪ ਵਿਚ ਲਿਆਂਦਾ ਹੈ। ਪਉੜੀ, ਕਾਫੀ ਆਦਿ ਛੰਦ ਰੂਪਾਂ ਦੀ ਵੀ ਆਪ ਨੇ ਵਰਤੋਂ ਕੀਤੀ ਹੈ। ਸਿਰੀ, ਮਾਝ, ਗਉੜੀ, ਆਸਾ, ਗੂਜਰੀ, ਵਡਹੰਸ, ਸੋਰਠ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਭੈਰਉ, ਬਸੰਤ, ਸਾਰੰਗ, ਮਲਾਰ ਤੇ ਪਰਭਾਤੀ ਰਾਗ ਗੁਰੂ ਨਾਨਕ ਸਾਹਿਬ ਨੇ ਵਰਤੇ ਹਨ।

(3) ਜੋਗੀਆਂ, ਫਰੀਦ ਜੀ, ਭਗਤਾਂ ਤੇ ਗੁਰੂ ਨਾਨਕ ਸਾਹਿਬ ਨੇ ਹੌਲੀ ਹੌਲੀ ਪ੍ਰਾਕਿਰਤ ਤੇ ਸੰਸਕ੍ਰਿਤ ਵਿਚ ਪਰਚਲਤ ਰਹਿੱਸਵਾਦੀ ਅਲੰਕਾਰ ਨੂੰ ਪੰਜਾਬੀ ਅਪਭ੍ਰੰਸ਼ ਵਿਚ ਪਰਚਲਤ ਕੀਤਾ। ਇਨ੍ਹਾਂ ਸਾਰੀ ਸਿਧਾਂਤਕ ਸ਼ਬਦਾਵਲੀ ਵੀ ਉਥੋਂ ਹੀ ਲਈ। ਮਿਥਿਹਾਸਕ ਚਿੰਨ੍ਹਵਾਦ ਇਨ੍ਹਾਂ ਸਾਰਿਆਂ ਨੇ ਬਹੁਤ ਕਰਕੇ ਭਾਰਤੀ ਪਰ ਕਿਤੇ ਕਿਤੇ ਇਸਲਾਮੀ ਵੀ ਲਏ। ਬੋਲੀ ਇਨ੍ਹਾਂ ਦੀ ਮਿਲਗੋਭਾ ਸੰਤ ਭਾਖਾ ਸੀ ਪਰ ਉਸ ਵਿਚ ਵੀ ਬਹੁਤ ਵਧ ਅੰਸ਼ ਪ੍ਰਾਕ੍ਰਿਤ ਤੇ ਸੰਸਕ੍ਰਿਤ ਦਾ ਹੀ ਸੀ ਤੇ ਕਿਰਿਆਵਾਂ ਅਪਭ੍ਰੰਸ਼ ਦੀਆਂ ਤੇ ਨਾਲ ਕਿਤੇ ਕਿਤੇ ਫਾਰਸੀ ਅਰਬੀ ਸ਼ਬਦਾਵਲੀ ਦਾ ਪਰਯੋਗ। ਭਗਤਾਂ ਦੀ ਬਾਣੀ ਵਿਚ ਹੋਰ ਪਰਾਂਤਾਂ ਦੀ ਸ਼ਬਦਾਵਲੀ ਵੀ ਉਪਸਥਿਤ ਹੈ, ਕਾਰਨ ਉਨ੍ਹਾਂ ਦਾ ਦੇਸ਼-ਰਟਨ ਸੀ ਜਿਸ ਕਰਕੇ ਉਨ੍ਹਾਂ ਦੇ ਸ਼ਬਦ-ਭੰਡਾਰ ਵਿਚ ਹਰ ਰੋਜ਼ ਵਾਧਾ ਹੁੰਦਾ ਰਹਿੰਦਾ ਸੀ। ਮੌਲਿਕ ਰੂਪਕ ਤੇ ਉਪਮਾਵਾਂ

Digitized by Panjab Digital Library | www.panjabdigilib.org

ਦੀ ਵੀ ਇਨ੍ਹਾਂ ਸੰਤਾਂ ਭਗਤਾਂ ਦੀ ਬਾਣੀ ਵਿਚ ਕੋਈ ਘਾਟ ਨਹੀਂ । ਇਸ ਗੱਲ ਦਾ ਆਧਾਰ ਵੀ ਉਨ੍ਹਾਂ ਦਾ ਚੋੜਾ ਭ੍ਰਮਣ ਤੇ ਵਿਸ਼ਾਲ ਜੀਵਨ-ਤਜਰਬਾ ਸੀ । ਇਹ ਸਾਰੇ ਪੱਖ ਰਲ ਕੇ ਸ਼ੈਲੀ ਬਣਾਂਦੇ ਹਨ ਤੇ ਇਹ ਪਰਾਪਟੀ ਗੁਰੂ ਨਾਨਕ ਘਰ ਦੇ ਸਭ ਗੁਰੂਆਂ ਨੇ ਅਪਣਾਈ ਹੈ । 'ਜਪੁ' ਤੇ 'ਆਸਾ ਦੀ ਵਾਰ' ਦੀਆਂ ਬਹੁਤ ਸਾਰੀਆਂ ਪਉੜੀਆਂ ਤੇ ਸਲੋਕਾਂ ਦੀ ਸ਼ੈਲੀ ਰਿਗ ਵੇਦ ਦੀ ਸ਼ੈਲੀ ਹੈ ਤੇ 'ਸਿਧਗੋਸ਼ਟ' ਵਿਚ ਉਪਨਿਸ਼ਦਾਂ ਦੀ ਸ਼ੈਲੀ ਪਰਧਾਨ ਹੈ । ਸੋਦਰ, ਅਮੁਲ, ਵਿਸਮਾਦ, ਹਉਮੈ, ਕੁਦਰਤ ਆਦਿ ਦੀਆਂ ਪਉੜੀਆਂ ਤੇ ਸਲੋਕ ਵੇਦ ਉਪਨਿਸ਼ਦ ਸ਼ੈਲੀ ਦੇ ਪਰਤੱਖ ਪਰਮਾਣ ਹਨ ।

**(1) ਮੁੰਦਾ, ਸੰਤੋਖ, ਸਰਮੁ ਪਤੁ ਝੋਲੀ, ਧਿਆਨ ਕੀ ਕਰਹਿ ਬਿਭੂਤਿ ।**
**ਖਿੰਥਾ ਕਾਲ ਕੁਆਰੀ ਕਾਇਆਂ, ਜੁਗਤਿ ਡੰਡਾ ਪਰਤੀਤ ।**

**(2) ਜਤੁ ਪਾਹਾਰਾ, ਧੀਰਜੁ ਸੁਨਿਆਰ । ਅਹਰਣਿ ਮਤਿ ਵੇਦ ਹਥੀਆਰ ।**
**ਭਉ ਖਲਾ ਅਗਨਿ ਤਪ ਤਾਉ । ਭਾਂਡਾ ਭਾਉ ਅੰਮ੍ਰਿਤ ਤਿਤੁ ਢਾਲਿ ।**

## ਪੁਰਾਤਨ ਪਰਚਲਤ

**(3) ਪਵਣੁ ਗੁਰੂ, ਪਾਣੀ ਪਿਤਾ, ਮਾਤਾ ਧਰਤਿ ਮਹਤੁ ।**
**ਦਿਵਸੁ ਰਾਤਿ ਦੁਇ ਦਾਈ ਦਾਇਆ ਖੇਲੈ ਸਗਲ ਜਗਤੁ ।**

## ਪਰੰਪਰਾਈ ਭਾਰਤੀ ਰਹਿੱਸਵਾਦੀ ਅਲੰਕਾਰ

**(4) ਰੇ ਮਨ ਐਸੀ ਹਰਿ ਸਿਉਂ ਪ੍ਰੀਤ ਕਰਿ ਜੈਸੀ ਜਲ ਕਮਲੇਹਿ ।**
**ਰੇ ਮਨ ਐਸੀ ਹਰਿ ਸਿਉਂ ਪ੍ਰੀਤਿ ਕਰਿ ਜੈਸੀ ਮਛੁਲੀ ਨੀਰ ।**
**ਰੇ ਮਨ ਐਸੀ ਹਰਿ ਸਿਉਂ ਪ੍ਰੀਤਿ ਕਰਿ ਜੈਸੀ ਚਾਤ੍ਰਿਕ ਮੇਹ ।**
**ਰੇ ਮਨ ਐਸੀ ਹਰਿ ਸਿਉਂ ਪ੍ਰੀਤਿ ਕਰਿ ਜੈਸੀ ਜਲ ਦੁਧ ਹੋਇ ।**
**ਰੇ ਮਨ ਐਸੀ ਹਰਿ ਸਿਉਂ ਪ੍ਰੀਤਿ ਕਰਿ ਜੈਸੀ ਚਕਵੀ ਸੂਰ ।**

## ਮਿਥਿਹਾਸਕ ਚਿੰਨ੍ਹ ਦੀ ਭਾਰਤੀ ਪਰੰਪਰਾ

(5) ਬ੍ਰਹਮੈ ਗਰਬ ਕੀਆ ਨਹੀਂ ਜਾਨਿਆ ।
ਬੇਦ ਕੀ ਬਿਪਤਿ ਪੜੀ ਪਛੁਤਾਨਿਆ ।
ਜਹ ਪ੍ਰਭ ਸਿਮਰੇ ਤਹੀ ਮਨੁ ਮਾਨਿਆ ।
ਐਸਾ ਗਰਬੁ ਬੁਰਾ ਸੰਸਾਰੇ । ਜਿਸੁ ਗੁਰੂ ਮਿਲੈ ਤਿਸੁ ਗਰਬੁ ਨਿਵਾਰੇ । ਰਹਾਉ ।
ਬਲਿ ਰਾਜਾ ਮਾਇਆ ਅਹੰਕਾਰੀ । ਜਤਨ ਕਰੇ ਬਹੁ ਭਾਰ ਅਫਾਰੀ ।
ਬਿਨ ਗੁਰ ਪੂਛੇ ਜਾਇ ਪਇਆਰੀ । ਹਰੀ ਚੰਦੁ ਦਾਨੁ ਕਰੈ ਜਸ ਲੇਵੈ ।
ਬਿਨ ਗੁਰ ਅੰਤਨ ਪਾਇ ਅਭੇਵੈ । ਆਪਿ ਭੁਲਾਇ ਆਪੇ ਮਤਿ ਦੇਵੈ ।
ਦੁਰਮਤਿ ਹਰਣਾਖਸੁ ਦੁਰਾਚਾਰੀ । ਪ੍ਰਭ ਨਾਰਾਇਣੁ ਗਰਬ ਪ੍ਰਹਾਰੀ ।
ਪ੍ਰਹਲਾਦ ਉਧਾਰੇ ਕ੍ਰਿਪਾ ਧਾਰੀ ।
ਭੂਲੋ ਰਾਵਣਿ ਮੁਗਧ ਅਚੇਤਿ । ਲੂਟੀ ਲੰਕਾ ਸੀਸ ਸਮੇਤਿ ।
ਗਰਬਿ ਗਇਆ ਬਿਨੁ ਸਤਿਗੁਰ ਹੇਤਿ ।

Digitized by Panjab Digital Library | www.panjabdigilib.org

ਸਹਸ ਬਹੁ ਮਧੁਕੀਟ ਮਹਿਖਾਸਾ । ਹਰਣਾਖਸੁ ਲੇ ਨਖਹ ਬਿਧਾਸਾ ।
ਦੈਂਤ ਸੰਘਾਰੇ ਬਿਨੁ ਭਗਤਿ ਅਭਿਆਸਾ ।
ਜਰਾਸੰਧਿ ਕਾਲਜਮੁਨ ਸੰਘਾਰੇ, ਰਕਤਬੀਜੁ ਕਾਲੁ ਨੇਮੁ ਬਿਦਾਰੇ ।
ਦੈਂਤ ਸੰਘਾਰਿ ਸੰਤ ਨਿਸਤਾਰੇ । ਆਪੇ ਸਤਿਗੁਰੁ ਸਬਦੁ ਬੀਚਾਰੇ ।
ਦੂਜੇ ਭਾਇ ਦੈਂਤ ਸੰਘਾਰੇ । ਗੁਰਮੁਖਿ ਸਾਚਿ ਭਗਤਿ ਨਿਸਤਾਰੇ ।
ਬੂਡਾ ਦੁਰਯੋਜਨ ਪਤਿ ਖੋਈ । ਰਾਮ ਨ ਜਾਨਿਆ ਕਰਤਾ ਸੋਈ ।
ਜਨ ਕਉ ਦੂਖਿ ਪਚੈ ਦੁਖੁ ਹੋਈ ।
ਜਨਮੇਜੈ ਗੁਰ ਸਬਦੁ ਨ ਜਾਨਿਆ । ਕਿਉ ਸੁਖ ਪਾਵੈ ਭਰਮਿ ਭੁਲਾਨਿਆ ।
ਇਕੁ ਤਿਲੁ ਭੂਲੇ ਬਹੁਰਿ ਪਛੁਤਾਨਿਆ ।
ਕੰਸੁ ਕੇਸੁ ਚੰਡੂਰੁ ਨ ਕੋਈ । ਰਾਮ ਨ ਚੀਨਿਆਂ ਆਪਣੀ ਪਤਿ ਖੋਈ ।
ਬਿਨ ਜਗਦੀਸ ਨ ਰਾਖੈ ਕੋਈ ।

'ਕੁਦਰਤਿ' ਤੇ 'ਵਿਸਮਾਦ' ਦੇ ਦੋ ਸਲੋਕ ਵੇਦਾਂ ਦੇ ਪ੍ਰਥਮ ਤੇ ਵੇਦਾਂਤ (ਉਪਨਿਸ਼ਦ) ਭਾਗਾਂ ਦੇ ਵਿਚਾਰ, ਦੇ ਮੁਕੰਮਲ ਸਾਰ ਦਿੰਦੇ ਹਨ ਤੇ ਉਪਨਿਸ਼ਦਾਂ ਦੀ ਸ਼ੈਲੀ ਨੂੰ ਹੀ ਅਪਣਾਂਦੇ ਹਨ । ਇਹ ਸ਼ਲੋਕ ਹਠਾਂ ਦਿਤੇ ਜਾਂਦ ਹਨ ।

## ਕੁਦਰਤਿ

ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ।
ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ।
ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ।
ਕੁਦਰਤਿ ਖਾਣਾ ਪੀਣਾ ਪੈਨ੍ਹਣ ਕੁਦਰਤਿ ਸਰਬ ਪਿਆਰੁ ।
ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ।
ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ।
ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ।
ਸਭ ਤੇਰੀ ਕੁਦਰਤਿ ਤੂੰ ਕਾਦਰ ਕਰਤਾ ਪਾਕੀ ਨਾਈ ਪਾਕੁ ।
ਨਾਨਕ ਹੁਕਮੈ ਅੰਦਰਿ ਵੇਖੈ ਵਰਤੈ ਤਾਕੋ ਤਾਕੁ ।

## ਵਿਸਮਾਦੁ

ਵਿਸਮਾਦੁ ਨਾਦ ਵਿਸਮਾਦੁ ਵੇਦ । ਵਿਸਮਾਦੁ ਜੀਅ ਵਿਸਮਾਦੁ ਭੇਦ ।
ਵਿਸਮਾਦੁ ਰੂਪ ਵਿਸਮਾਦੁ ਰੰਗ । ਵਿਸਮਾਦੁ ਨਾਗੇ ਫਿਰਹਿ ਜੰਤ ।
ਵਿਸਮਾਦੁ ਪਉਣੁ ਵਿਸਮਾਦੁ ਪਾਣੀ । ਵਿਸਮਾਦੁ ਅਗਨੀ ਖੇਡਹਿ ਵਿਡਾਣੀ ।
ਵਿਸਮਾਦੁ ਧਰਤੀ ਵਿਸਮਾਦੁ ਖਾਣੀ । ਵਿਸਮਾਦੁ ਸਾਦਿ ਲਗਹਿ ਪਰਾਣੀ ।
ਵਿਸਮਾਦੁ ਸੰਜੋਗੁ ਵਿਸਮਾਦੁ ਵਿਜੋਗੁ ਵਿਸਮਾਦੁ ਭੁਖ ਵਿਸਮਾਦੁ ਭੋਗ ।
ਵਿਸਮਾਦੁ ਸਿਫਤ ਵਿਸਮਾਦੁ ਸਾਲਾਹ । ਵਿਸਮਾਦੁ ਉਝੜ ਵਿਸਮਾਦੁ ਰਾਹ ।
ਵਿਸਮਾਦੁ ਨੇੜੇ ਵਿਸਮਾਦੁ ਦੂਰਿ । ਵਿਸਮਾਦੁ ਦੇਖੈ ਹਾਜਰਾ ਹਜੂਰਿ ।
ਵੇਖਿ ਵਿਡਾਣੁ ਰਹਿਆ ਵਿਸਮਾਦੁ । ਨਾਨਕ ਬੁਝਣੁ ਪੂਰੈ ਭਾਗਿ ।

Digitized by Panjab Digital Library | www.panjabdigilib.org

ਗੁਰੂ ਨਾਨਕ ਸਾਹਿਬ ਨੇ ਕਈ ਸਲੋਕ ਐਸੇ ਭੀ ਲਿਖੇ ਹਨ ਜਿਨ੍ਹਾਂ ਨੂੰ ਸਮਝਣ ਲਈ ਉਨ੍ਹਾਂ ਆਪ ਹੀ ਨਾਲ ਇਸ਼ਾਰਾ ਦੇ ਦਿਤਾ 'ਕਿ ਗਿਆਨੀ ਬੁਝਹਿ ਤਾਹਿ' ਭਾਵ ਇਸ ਸਲੋਕ ਦੇ ਭਾਵ ਉਹ ਸਮਝ ਸਕੇਗਾ ਜਿਸ ਨੂੰ ਪੁਰਾਤਨ ਪੁਸਤਕਾਂ ਦਾ ਪੂਰਾ ਗਿਆਨ ਹੈ। ਇਸ ਕਥਨ ਦੀ ਵਿਸ਼ੇਸ਼ ਉਦਾਹਰਣ 'ਆਸਾ ਦੀ ਵਾਰ' ਵਿਚ ਸ਼ਾਮਲ ਇਹ ਦੋ ਸਲੋਕ ਹਨ।

**ਨਾਨਕ ਮੇਰੁ ਸਰੀਰ ਕਾ ਇਕ ਰਥੁ ਇਕੁ ਰਥਵਾਹੁ।**
**ਜੁਗ ਜੁਗ ਫੇਰਿ ਵਟਾਈਅਹਿ ਗਿਆਨੀ ਬੁਝਹਿ ਤਾਹਿ।** (ਮ. 1)

ਇਸ ਸਲੋਕ ਵਿਚ ਸਰੀਰ ਨੂੰ ਰਥ ਨਾਲ ਉਪਮਾ ਦਿਤੀ ਹੈ ਤੇ ਆਤਮਾ ਨੂੰ 'ਰਥਵਾਹੁ' ਨਾਲ। ਇਹ ਉਪਮਾ 'ਮਲਿੰਦਾ ਪਨਹ' ਤੇ 'ਕਠੋਪਨਿਸ਼ਦ' ਵਿਚੋਂ ਲਈ ਗਈ ਹੈ।

ਇਸੇ ਤਰ੍ਹਾਂ ਹੇਠਲੇ ਸਲੋਕ ਵਿਚ ਵੀ ਜੋ ਸਾਰ ਤੇ ਵਿਚਾਰ ਹੈ ਉਹ ਪੁਰਾਤਨ ਪੁਸਤਕਾਂ 'ਮਹਾਂਭਾਰਤ', 'ਚਰਣ ਵਿਯੂਹ', 'ਗਾਇਤ੍ਰੀ' ਤੇ 'ਅਰਥ ਸ਼ਾਸਤ੍ਰ' ਵਿਚੋਂ ਲਏ ਗਏ ਹਨ। ਸਲੋਕ ਹੈ :

**ਸਾਮ ਕਹੈ ਸੇਤੰਬਰ ਸੁਆਮੀ ਸਚ ਮਹਿ ਆਛੈ ਸਾਚਿ ਰਹੇ।**
**ਸਭੁ ਕੋ ਸਚਿ ਸਮਾਵੈ।**
**ਰਿਗੁ ਕਹੈ ਰਹਿਆ ਭਰਪੂਰਿ। ਰਾਮ ਨਾਮੁ ਦੇਵਾ ਮਹਿ ਸੂਰੁ।**
**ਨਾਇ ਲਇਐ ਪਰਾਛਤ ਜਾਹਿ। ਨਾਨਕ ਤਉ ਮੋਖੰਤਰੁ ਪਾਹਿ।**
**ਜੁਜ ਮਹਿ ਜੋਰਿ ਛਲੀ ਚੰਦ੍ਰਾਵਲਿ ਕਾਨ੍ਹ ਕ੍ਰਿਸ਼ਨ ਜਾਦਮੁ ਭਇਆ।**
**ਪਾਰਜਾਤ ਗੋਪੀ ਲੈ ਆਇਆ ਬਿੰਦ੍ਰਾਬਨ ਮਹਿ ਰੰਗ ਕੀਆ।**
**ਕਲਿ ਮਹਿ ਬੇਦ ਅਥਰਬਣੁ ਹੂਆ ਨਾਉ ਖੁਦਾਈ ਅਲਹੁ ਭਇਆ।**
**ਨੀਲ ਬਸਤ੍ਰ ਲੇ ਕਪੜੇ ਪਹਿਰੇ ਤੁਰਕ ਪਠਾਣੀ ਅਮਲੁ ਕੀਆ।**

ਪਰ ਆਮ ਕਰਕੇ ਇਹ ਗਲ ਉਨ੍ਹਾਂ ਦੀ ਰਚਨਾ ਵਿਚ ਨਹੀਂ ਹੈ। ਮੂਲ ਵਿਚਾਰ ਹਿੰਦੂ ਦਰਸ਼ਨ ਦੇ ਅਪਣਾਏ ਹਨ। ਪਰ ਇੰਨ ਬਿੰਨ ਉਨ੍ਹਾਂ ਦਾ ਵਿਸਥਾਰ ਆਪਣੀ ਬਾਣੀ ਵਿਚ ਉਸੇ ਤਰ੍ਹਾਂ ਨਹੀਂ ਲਿਆਂਦਾ ਜਿਵੇਂ ਉਹ ਪੁਰਾਤਨ ਪੁਸਤਕਾਂ ਵਿਚ ਹੈ।

### ([illegible]) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹੋਰ ਗੁਰ-ਵਿਅਕਤੀਆਂ ਦੀ ਕਵਿਤਾ

ਗੁਰੂ ਨਾਨਕ ਸਾਹਿਬ ਦੇ ਜਾਨਸ਼ੀਨਾਂ ਵਿਚੋਂ ਗੁਰੂ ਅੰਗਦ ਸਾਹਿਬ, ਗੁਰੂ ਅਮਰ ਦਾਸ ਜੀ, ਗੁਰੂ ਰਾਮ ਦਾਸ ਜੀ, ਗੁਰੂ ਅਰਜਨ ਸਾਹਿਬ ਜੀ ਤੇ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਇਨ੍ਹਾਂ ਗੁਰ-ਵਿਅਕਤੀਆਂ ਵਿਚੋਂ ਹਰ ਇਕ ਦੀ ਆਪਣੀ ਸ਼ਖਸੀਅਤ ਹੈ ਹਰ ਇਕ ਦੀ ਬਾਣੀ ਦਾ ਆਪਣਾ ਨਿਰਾਲਾ ਰੰਗ ਹੈ। ਵਿਚਾਰਾਂ ਵਿਚ ਵੀ ਪਲਾਤਾ ਜਿਹਾ ਇਧਰ ਉਧਰ ਫਰਕ ਹੈ, ਹਰ ਇਕ ਨੇ ਹਰ ਵਿਚਾਰ ਤੇ ਇਕੋ ਜਿੰਨਾ ਬਲ ਨਹੀਂ ਦਿਤਾ, ਕਿਸੇ ਨੇ ਇਕ ਪਖ ਤੇ ਬਲ ਦਿਤਾ ਹੈ, ਕਿਸੇ ਨੇ ਦੂਜੇ ਪਖ ਤੇ। ਹਰ ਇਕ ਦੀ ਸ਼ੈਲੀ ਵੱਖਰੀ ਹੈ। ਕਾਵਿ ਰੂਪਾਂ ਦੀ ਚੋਣ ਵਿਚ ਬਾਹਲਾ ਫਰਕ ਨਹੀਂ ਪਰ ਲੰਮੇਰੀਆਂ ਬਾਣੀਆਂ ਦੇ ਕਾਵਿ ਰੂਪਾਂ ਦੇ ਤਜਰਬੇ ਹਰ ਇਕ ਦੇ ਆਪਣੇ ਆਪਣੇ ਹਨ।

ਇਨ੍ਹਾਂ ਗੁਰ ਵਿਅਕਤੀਆਂ ਦੇ ਵਿਚਾਰਾਂ ਦੇ ਸੋਮਿਆਂ ਬਾਰੇ ਸਾਂਝੀ ਗੱਲ ਇਹੋ ਕਹੀ ਜਾ ਸਕਦੀ

Digitized by Panjab Digital Library | www.panjabdigilib.org

ਹੈ ਕਿ ਇਨ੍ਹਾਂ ਵਿਚੋਂ ਹਰ ਇਕ ਦੇ ਵਿਚਾਰਾਂ ਦਾ ਸੋਮਾਂ ਸਿਧੇ ਤੌਰ ਤੇ ਗੁਰੂ ਨਾਨਕ ਦੇਵ ਜੀ ਦੀ ਬਾਣੀ ਹੈ ਤੇ ਵਲੇਵਾਂ ਪਾ ਕੇ ਭਾਰਤੀ ਦਰਸ਼ਨ, ਵੇਦ ਵੇਦਾਂਤ ਤੇ ਵੈਸ਼ਨਵ ਭਗਤਾਂ ਦੀ ਬਾਣੀ ਹਨ। ਹਰ ਗੁਰੂ ਵਿਅਕਤੀ ਨੂੰ ਸ੍ਵੈ-ਅਧਿਐਨ ਤੇ ਮਹਾਂ ਪੁਰਸ਼ਾਂ ਦੇ ਮੇਲ ਗੇਲ ਤੇ ਦੇਸ਼ ਭ੍ਰਮਣ ਦੁਆਰਾ ਹੋਰ ਧਰਮਾਂ ਦੀ ਵਾਕਫੀ ਵੀ ਸੀ ਤੇ ਹਿੰਦੂ ਕਰਮਕਾਂਡ ਤੇ ਮੁਸਲਮਾਨੀ ਸ਼ਰਾ ਦੀ ਵੀ। ਇਨ੍ਹਾਂ ਗੁਰ ਵਿਅਕਤੀਆਂ ਦਾ ਮੁਖ ਆਸ਼ਾ ਗੁਰੂ ਨਾਨਕ ਸਾਹਿਬ ਦੀ ਬਾਣੀ ਦੀ ਵਿਆਖਿਆ ਕਰਨਾ ਹੀ ਸੀ।

ਗੁਰੂ ਅੰਗਦ ਸਾਹਿਬ ਨੇ ਆਪਣੀ ਰਚਨਾ ਦਾ ਮੁਖ ਵਿਸ਼ਾ ਇਹ ਰਖਿਆਂ ਕਿ ਚੇਲਾ, ਸਿਖ, ਚਾਕਰ ਜਾਂ ਸੇਵਕ ਦਾ ਆਦਰਸ਼ਕ ਰੂਪ ਕੀ ਹੈ। ਗੁਰੂ ਅਮਰ ਦਾਸ ਜੀ ਨੇ ਬਿਰਧ ਅਵਸਥਾ ਨੂੰ ਵੰਗਾਰਿਆ ਹੈ—'ਅਨੰਦ' ਦੀ ਪਰਾਪਤੀ ਦੇ ਸਾਧਨ ਦੱਸੇ, ਮਨ ਦੇ ਨਿਰੋਧ ਦਾ ਵਲ ਦੱਸਿਆ ਤੇ ਗੁਰੂ ਨਾਨਕ ਜੀ ਦੇ ਧਾਰਮਕ ਪਖ ਤੇ ਸਿਧਾਂਤਾਂ ਦੀ ਵਿਆਖਿਆ ਕੀਤੀ। ਧਾਰਮਕ ਪਖ ਵਿਚ ਵਿਸ਼ੇਸ਼ ਜ਼ੋਰ ਗੁਰੂ ਦੀ ਮਹਾਨਤਾ, ਬਾਣੀ ਦੀ ਵਿਸ਼ੇਸ਼ਤਾ, ਸੰਗਤ ਦੀ ਲੋੜ ਤੇ ਦਿਤਾ। ਉਨ੍ਹਾਂ ਦੀ ਬਾਣੀ ਵਿਚ ਹੋਰ ਧਰਮਾਂ ਨਾਲ ਹਮਦਰਦੀ ਹੈ ਤੇ ਸਮਾਜ ਸੁਧਾਰ ਤੇ ਜ਼ੋਰ ਹੈ। ਸਰਲਤਾ ਗੁਰੂ ਅਮਰ ਦਾਸ ਜੀ ਦੀ ਰਚਨਾ ਦਾ ਵਿਸ਼ੇਸ਼ ਗੁਣ ਹੈ ਇਸ ਲਈ ਉਨ੍ਹਾਂ ਦੀ ਬਾਣੀ ਵਿਚ ਵਿਛੋੜੇ ਦੀ ਤੀਬਰਤਾ ਦਾ ਤੇ ਮਿਲਾਪ ਦੇ ਉਮਾਹ ਦਾ ਵਰਣਨ ਹੈ। ਗੁਰੂ ਪਾਸ ਮਿਲਾਪ ਕਰਾਉਣ ਲਈ ਤਰਲਾ ਹੈ। ਇਨ੍ਹਾਂ ਦੀ ਕਵਿਤਾ ਵਿਚ ਹੌਕੇ, ਹਾਵੇ, ਆਹਾਂ ਤੇ ਅਥਰੂ ਹਨ ਤੇ ਸ਼ੈਲੀ ਵਿਚ ਚਿਤ੍ਰਕਾਰੀ ਹੈ, ਬਿੰਬਾਵਲੀ ਹੈ, ਕੋਮਲਤਾ ਤੇ ਸੁੰਦਰਤਾ ਹੈ। ਜਿਥੇ ਉਨ੍ਹਾਂ ਗੁਰੂ ਘਰ ਦੇ ਵਿਰੋਧੀਆਂ ਨਾਲ ਘ੍ਰਿਣਾ ਦੱਸੀ ਹੈ ਉਥੇ ਵੀ ਉਹ ਸਾਰੀਆਂ ਹਦਾਂ ਟਪ ਗਏ ਹਨ। ਗੁਰੂ ਅਰਜਨ ਸਾਹਿਬ ਵਿਚ ਦਾਰਸ਼ਨਕ ਵਿਚਾਰਾਂ ਦਾ ਜ਼ੋਰ ਹੈ, ਨਿਰੋਲ ਵੇਦਾਂਤ ਦੇ ਵਿਚਾਰਾਂ ਦਾ ਪਰ ਉਨ੍ਹਾਂ ਦੀ ਰਚਨਾ ਵਿਚ ਪ੍ਰਮਾਤਮਾ ਦੇ ਸਮੂਹ ਸਰੂਪ ਤੇ ਉੱਨਾ ਹੀ ਜ਼ਰ ਹੈ ਜਿੰਨਾ ਨਿਰਗੁਣ ਤੇ। ਗੁਰੂ ਅਰਜਨ ਨੇ ਪਰਮਾਤਮਾ ਤੇ ਮਨੁਖ ਦੇ ਸਬੰਧ ਨੂੰ ਬੜੇ ਮਿਠੇ ਰੂਪ ਵਿਚ ਪਰਗਟ ਕੀਤਾ ਹੈ, ਪਰਮਾਤਮਾ ਉਨ੍ਹਾਂ ਦੀ ਕਵਿਤਾ ਵਿਚ ਮਨੁਖ ਦੇ ਅਤਿਅੰਤ ਨੇੜੇ ਆ ਜਾਂਦਾ ਹੈ। ਮਾਤਾ, ਪਿਤਾ, ਬੰਧਪ, ਭਰਾਤਾ ਬਣ ਜਾਂਦਾ ਹੈ ਤੇ 'ਹਮ ਮੈਲੇ ਤੁਮ ਊਜਲ ਕਰਤੇ' ਦਾ ਕੰਮ ਕਰਦਾ ਹੈ। ਇਨ੍ਹਾਂ ਦੀ ਕਵਿਤਾ ਵਿਚ ਨਿੰਮਰਤਾ, ਸ਼ੁਕਰਾਨਾ, ਹਮਦਰਦੀ, ਮਿਠਾਸ, ਵਿਸ਼ਵਾਸ਼ ਤੇ ਖਿਮਾ ਹੈ। ਸਰੋਦ ਹੀ ਇਸ ਕਵਿਤਾ ਦਾ ਵਿਸ਼ੇਸ਼ ਗੁਣ ਹੈ। ਰਹਿਸਵਾਦੀ ਅਲੰਕਾਰ ਸਾਰੇ ਭਾਰਤੀ ਹਨ, ਛੰਦ ਪੁਰਾਤਨ ਭਾਰਤੀ ਵਰਤੇ ਹਨ ਤੇ ਕਾਵਿ-ਰੂਪ ਆਮ ਕਰਕੇ ਗੁਰੂ ਨਾਨਕ ਸਾਹਿਬ ਵਾਲੇ। ਇਨ੍ਹਾਂ ਦੀ ਬੋਲੀ ਵਧੇਰੇ ਕਰ ਕੇ ਸ਼ਹਿਰੀ ਹੈ ਤੇ ਇਸ ਦਾ ਵਾਤਾਵਰਨ ਗੂੜ੍ਹੇ ਰੂਪ ਵਿਚ ਸਭਿਅਕ ਤੇ ਸਦਾਚਾਰਕ ਹੈ। ਇਸ ਵਿਚ ਵਿਦਵਤਾ, ਬੌਧਕਤਾ ਤੇ ਸੰਸਕ੍ਰਿਤ ਹਿੰਦੀ ਸ਼ਬਦਾਵਲੀ ਦਾ ਰੰਗ ਹੋਰ ਵੀ ਵਧਦਾ ਗਿਆ ਹੈ। ਗੁਰੂ ਤੇਗ ਬਹਾਦਰ ਸਾਹਿਬ ਵਿਚ ਹਿੰਦੀ ਸ਼ਬਦਾਵਲੀ ਦਾ ਰੰਗ ਹੋਰ ਵੀ ਵਧ ਗਿਆ ਹੈ ਤੇ ਸੰਸਾਰ ਦੀ ਨਾਸ਼ਮਾਨਤਾ ਤੇ ਜ਼ੋਰ ਵਧ ਹੈ ਪਰ ਇਸ ਨਾਸ਼ਮਾਨਤਾ ਦੀ ਅਸਲੀਅਤ ਦੱਸ ਕੇ ਉਹ ਮਨੁਖ ਵਿਚ ਸਾਂਝੇ ਉਚੇ ਜੀਵਨ ਲਈ ਕੁਝ ਕਰ ਗੁਜ਼ਰਨ ਦੀ ਪ੍ਰੇਰਨਾ ਪੈਦਾ ਕਰਦੇ ਹਨ ਤੇ ਬਾਗ਼ੈਰਤ ਜ਼ਿੰਦਗੀ ਲਈ ਉਤਸ਼ਾਹ। ਇਨ੍ਹਾਂ ਸਲੋਕ ਤੇ ਪਦੇ ਹੀ ਵਰਤੇ ਹਨ।

ਗੁਰੂ ਅਮਰਦਾਸ ਜੀ ਦੀ ਰਚਨਾ 'ਅਨੰਦ' ਵਿਚੋਂ ਉਪਨਿਸ਼ਦਾਂ ਦੇ 'ਅਗਮ ਅਗੋਚਰ' ਦੀ ਝਲਕ ਦੇਖੋ :

Digitized by Panjab Digital Library | www.panjabdigilib.org

ਅਗਮ ਅਗੋਚਰਾ ਤੇਰਾ ਅੰਤੁ ਨ ਪਾਇਆ ।
ਅੰਤੋ ਨ ਪਾਇਆ ਕਿਨੈ ਤੇਰਾ ਆਪਣਾ ਆਪੁ ਤੂੰ ਜਾਣਹੇ ।
ਜੀਅ ਜੰਤ ਸਭਿ ਖੇਲ ਤੇਰਾ ਕਿਆ ਕੋ ਆਖਿ ਵਖਾਣਏ ।
ਆਖਹਿ ਤੂ ਵੇਖਹਿ ਸਭੁ ਤੂ ਹੈ ਜਿਨਿ ਜਗਤੁ ਉਪਾਇਆ ।
ਕਹੈ ਨਾਨਕੁ ਤੂ ਸਦਾ ਅਗੰਮੁ ਹੈ, ਤੇਰਾ ਅੰਤੁ ਨ ਪਾਇਆ । 12 ।

ਗੁਰੂ ਅਰਜਨ ਸਾਹਿਬ ਇਸ ਭਾਗ ਦੇ ਲੇਖਕਾਂ ਦੀ ਸਿਖਰ ਹਨ ਤੇ ਉਨ੍ਹਾਂ ਦੀ ਰਚਨਾ ਵਿਚੋਂ ਸਿਖਰ ਉਨ੍ਹਾਂ ਦੀ 'ਸੁਖਮਨੀ' ਹੈ । 'ਸੁਖਮਨੀ' ਸਾਹਿਬ ਵਿਚੋਂ ਇਕੀਵੀਂ ਅਸ਼ਟਪਦੀ ਉਪਨਿਸ਼ਦਾਂ ਦੇ ਵਿਚਾਰਾਂ ਤੇ ਸੰਸਕ੍ਰਿਤ, ਪ੍ਰਾਕ੍ਰਿਤ ਅਪਭ੍ਰੰਸ਼ ਦੀ ਮਿਲਵੀਂ ਸ਼ੈਲੀ ਦੀ ਪੂਰੀ ਪ੍ਰਤੀਨਿਧਤਾ ਕਰਦੀ ਹੈ । ਸਾਰੀ 'ਸੁਖਮਨੀ' ਵਿਚ ਸਲੋਕ ਦਾ ਪਰਮਾਣੀਕ ਰੂਪ ਵਰਤਿਆ ਹੈ ਤੇ ਪਦਿਆਂ ਦਾ ਵੀ । ਇਕੀਵੀਂ ਅਸ਼ਟਪਦੀ ਦਾ ਕੁਝ ਭਾਗ ਇਥੇ ਨਮੂਨੇ ਵਜੋਂ ਦਿਤਾ ਜਾਂਦਾ ਹੈ—

### ਸਲੋਕ

ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ।
ਆਪਨ ਕੀਆ ਨਾਨਕਾ ਆਪੇ ਹੀ ਫਿਰ ਜਾਪਿ ।

### ਅਸ਼ਟਪਦੀ

ਜਬ ਆਕਾਰੁ ਇਹੁ ਕਛੁ ਨ ਦ੍ਰਿਸ਼ਟੇਤਾ ।
ਪਾਪ ਪੁੰਨ ਤਬ ਕਹ ਤੇ ਹੋਤਾ ।
ਜਬ ਧਾਰੀ ਆਪਨ ਸੁੰਨ ਸਮਾਧਿ ।
ਤਬ ਬੈਰ ਬਿਰੋਧ ਕਿਸੁ ਸੰਗ ਕਮਾਤਿ ।
ਜਬ ਇਸਕਾ ਬਰਨੁ ਚਿਹਨੁ ਨ ਜਾਪਤ ।
ਤਬ ਹਰਖ ਸੋਗ ਕਹੁ ਕਿਸਹਿ ਬਿਆਪਤ ।
ਜਬ ਆਪਨ ਆਪ ਆਪਿ ਪਾਰਬ੍ਰਹਮ ।
ਤਬ ਮੋਹ ਕਹਾ ਕਿਸੁ ਹੋਵਤ ਭਰਮ ।
ਆਪਨ ਖੇਲ ਆਪ ਵਰਤੀਜਾ ।
ਨਾਨਕ ਕਰਨੈ ਹਾਰੁ ਨ ਦੂਜਾ । 1 ।
ਜਬ ਹੋਵਤ ਪ੍ਰਭ ਕੇਵਲ ਧਨੀ ।
ਤਬ ਬੰਧ ਮੁਕਤਿ ਕਹੁ ਕਿਸ ਕਉ ਗਨੀ ।
ਜਬ ਏਕਹਿ ਹਰਿ ਅਗਮ ਅਪਾਰ ।
ਤਬ ਨਰਕ ਸੁਰਗ ਕਹੁ ਕਉਨ ਅਉਤਾਰ ।
ਜਬ ਨਿਰਗੁਨ ਪ੍ਰਭ ਸਹਜ ਸੁਭਾਇ ।
ਤਬ ਸਿਵ ਸਕਤਿ ਕਹਹੁ ਕਿਤੁ ਠਾਇ ।
ਜਬ ਆਪਹਿ ਆਪ ਆਪਨੀ ਜੋਤਿ ਧਰੈ ।
ਤਬ ਕਵਨ ਨਿਡਰੁ ਕਵਨ ਕਤ ਡਰੈ ।

Digitized by Panjab Digital Library | www.panjabdigilib.org

ਆਪਨ ਚਲਿਤ ਆਪਿ ਕਰਨੈ ਹਾਰ ।
ਨਾਨਕ ਠਾਕੁਰ ਅਗਮ ਅਪਾਰ । 2 ।

ਗੁਰੂ ਅਰਜਨ ਸਾਹਿਬ ਦੀ ਰਚਨਾ ਦੀ ਨੀਂਹ ਕਿਸ ਹਦ ਤੀਕ ਭਾਰਤੀ ਰਹਿਸਵਾਦੀ ਸਾਹਿਤ ਤੇ ਰਖੀ ਹੋਈ ਸੀ, ਇਸ ਦਾ ਅਨੁਮਾਨ ਮਾਰੂ ਰਾਗ ਦੇ ਹੇਠਲੇ ਸੋਲਹੇ ਤੋਂ ਵੀ ਲਗ ਸਕਦਾ ਹੈ ਜਿਸ ਨੂੰ ਆਮ ਕਰਕੇ 'ਸਹੰਸਰਨਾਮਾ' ਵੀ ਆਖਦੇ ਹਨ । ਭਾਰਤ ਦੇ ਸਾਰੇ ਧਾਰਮਕ ਗ੍ਰੰਥਾਂ ਦੀ ਚੇਤੰਨਤਾ ਇਸ ਇਕ ਰਚਨਾ ਵਿਚ ਮੌਜੂਦ ਹੈ !

## ਮਾਰੂ ਮਹਲਾ 5

ਅਚੁਤ ਪਾਰਬ੍ਰਹਮ ਪਰਮੇਸਰੁ ਅੰਤਰਜਾਮੀ ਮਧੁ ਸੂਦਨ ਦਮੋਦਰ ਸੁਆਮੀ ।
ਰਿਖੀ ਕੇਸ ਗੋਵਰਧਨਧਾਰੀ ਮੁਰਲੀ ਮਨੋਹਰ ਹਰਿ ਰੰਗਾ । 1 ।
ਮੋਹਨ ਮਾਧਵ ਕ੍ਰਿਸ਼ਨ ਮੁਰਾਰੇ । ਜਗਦੀਸੁਰ ਹਰਿ ਜੀਉ ਅਸੁਰ ਸੰਘਾਰੇ ।
ਜਗਜੀਵਨ ਅਬਿਨਾਸੀ ਠਾਕੁਰ ਘਟ ਘਟ ਵਾਸੀ ਹੈ ਸੰਗਾ । 2 ।
ਧਰਣੀਧਰ ਈਸ ਨਰਸਿੰਘ ਨਾਰਾਇਣ । ਦਾੜਾ ਅਗੇ ਪ੍ਰਿਥਮ ਧਰਾਇਣ ।
ਬਾਵਨ ਰੂਪ ਕੀਆ ਤੁਧੁ ਕਰਤੇ ਸਭ ਹੀ ਸੇਤੀ ਹੈ ਚੰਗਾ । 3 ।
ਸ੍ਰੀ ਰਾਮ ਚੰਦ ਜਿਸੁ ਰੂਪੁ ਨ ਰੇਖਿਆ । ਬਨਵਾਲੀ ਚਕ੍ਰ ਪਾਣਿ ਦਰਸਿ ਅਨੂਪਿਆ ।
ਸਹਸ ਨੇਤ੍ਰ ਮੂਰਤਿ ਹੈ ਸਹਸਾ ਇਕ ਦਾਤਾ ਸਭ ਹੈ ਮੰਗਾ । 4 ।
ਭਗਤਿ ਵਛਲੁ ਅਨਾਥਹ ਹੈ ਨਾਥੇ, ਗੋਪੀ ਨਾਥ ਸਗਲ ਹੈ ਸਾਥੇ ।
ਬਾਸੁਦੇਵ ਨਿਰੰਜਨ ਦਾਤੇ ਬਰਨ ਨ ਸਾਕਉ ਗੁਣ ਅੰਗਾ । 5 ।
ਮੁਕੰਦ ਮਨੋਹਰ ਲਖਮੀ ਨਾਰਾਇਣ । ਦਰੋਪਤੀ ਲਜਾ ਨਿਵਾਰਿ ਉਧਾਰਣ ।
ਕਮਲਾ ਕੰਤ ਕਰੈ ਕੰਤੂਹਲ ਅਨਦ ਬਿਨੋਦੀ ਨਿਹਸੰਗਾ । 6 ।
ਅਮੋਘ ਦਰਸ਼ਨ ਅਜੂਨੀ ਸੰਭਉ । ਅਕਾਲ ਮੂਰਤ ਜਿਸੁ ਕਦੇ ਨਾ ਹੀ ਖਉ ।
ਅਬਿਨਾਸੀ ਅਬਗਤ ਅਗੋਚਰ ਸਭ ਕਿਛੁ ਤੁਝ ਹੀ ਹੈ ਲਗਾ । 7 ।
ਸ੍ਰੀ ਰੰਗ ਬੈਕੁੰਠ ਕੇ ਵਾਸੀ । ਮਛੁ ਕਛੁ ਕੂਰਮ ਆਗਿਆ ਅਉਤਰਾਸੀ ।
ਕੇਸਵ ਚਲਤ ਕਰਹਿ ਨਿਰਾਲੇ ਕੀਤਾ ਲੋੜਹਿ ਸੋ ਹੋਇਗਾ । 8 ।
ਨਿਰਾਹਾਰੀ ਨਿਰਵੈਰ ਸਮਾਇਆ । ਧਾਰਿ ਖੇਲ ਚਤੁਰਭੁਜ ਕਹਾਇਆ ।
ਸਾਵਲ ਸੁੰਦਰ ਰੂਪ ਬਣਾਵਹਿ ਬੇਣੁ ਸੁਨਤ ਸਭ ਮੋਹੈਗਾ । 9 ।
ਬਨਮਾਲਾ ਬਿਭੂਖਨ ਕਮਲ ਨੈਨ । ਸੁੰਦਰ ਕੁੰਡਲ ਮੁਕਟ ਬੈਨ ।
ਸੰਖ ਚਕ੍ਰ ਗਦਾ ਹੈ ਧਾਰੀ ਮਹਾ ਸਾਰਥੀ ਸਤ ਸੰਗਾ । 10 ।
ਪੀਤ ਪੀਤੰਬਰ ਤ੍ਰਿਭਵਣ ਧਣੀ । ਜਗਨਾਥੁ ਗੋਪਾਲੁ ਮੁਖਿ ਭਣੀ ।
ਸਾਰਿੰਗਧਰ ਭਗਵਾਨ ਬੀਠੁਲਾ ਮੈ ਗਣਤ ਨ ਆਵੈ ਸਰਬੰਗਾ । 11 ।
ਨਿਹਕੰਟਕੁ ਨਿਹਕੇਵਲ ਕਹੀਐ । ਧਨੰਜੈ ਜਲਿ ਥਲਿ ਹੈ ਮਹੀਐ ।
ਮਿਰਤ ਲੋਕ ਪਇਆਨ ਸਮੀਪਤ ਅਸਥਿਰ ਥਾਨੁ ਜਿਸ ਹੈ ਅਭਗਾ । 12 ।

... ... ... ... ...

Digitized by Panjab Digital Library | www.panjabdigilib.org

ਕਿਰਤਮ ਨਾਮ ਕਥੇ ਤੇਰੇ ਜਿਹਬਾ । ਸਤਿਨਾਮੁ ਤੇਰਾ ਪਰਾ ਪੂਰਬਲਾ ।
ਕਹੁ ਨਾਨਕ ਭਗਤ ਪਏ ਸਰਣਾਈ ਦੇਹੁ ਦਰਸੁ ਮਨਿ ਰੰਗੁ ਲਗਾ । 20 ।
ਤੇਰੀ ਗਤਿ ਮਿਤਿ ਤੂਹੈ ਜਾਣਿਹਿ । ਤੂ ਆਪੇ ਕਥਹਿ ਤੈ ਆਪਿ ਵਖਾਣਹਿ ।
ਨਾਨਕ ਦਾਸੁ ਦਾਸਨ ਕੋ ਕਰੀਅਹੁ ਹਰਿ ਭਾਵੈ ਦਾਸਾ ਰਾਖੁ ਸੰਗਾ । 21 ।

## (ਙ) ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਗੁਰੂ ਘਰ ਦੇ ਨਿਕਟ ਵਰਤੀ ਮਹਾਂ ਪੁਰਸ਼ਾਂ ਦੀ ਬਾਣੀ ।

ਇਸ ਭਾਗ ਵਿਚ ਭਾਈ ਮਰਦਾਨਾ, ਬਾਬਾ ਸੁੰਦਰ, ਸੱਤਾ ਤੇ ਬਲਵੰਡ ਤੇ 11 ਭੱਟ (ਕਲ੍ਹ, ਜਲਪ, ਕੀਰਤ, ਹਰੀਬੰਸ ਆਦਿ) ਆਉਂਦੇ ਹਨ । ਇਨ੍ਹਾਂ ਦੀ ਰਚਨਾ ਵਿਚ ਦਾਰਸ਼ਨਕ ਵਿਚਾਰ ਵੀ ਹਨ ਪਰ ਆਮ ਕਰ ਕੇ ਗੁਰੂ ਇਤਿਹਾਸ ਚਿਤ੍ਰਨਾ ਇਨ੍ਹਾਂ ਦਾ ਵਿਸ਼ਾ ਸੀ । ਭਾਈ ਮਰਦਾਨੇ ਦੀ ਰਚਨਾ ਵਿਚ ਗੁਰੂ ਨਾਨਕ ਸਾਹਿਬ ਦੀ 'ਜਤਿ ਪਹਾਰਾ' ਵਾਲੀ ਸ਼ੈਲੀ ਹੈ । ਬਾਬਾ ਸੁੰਦਰ ਵਿਚ ਸਿਖ ਧਰਮ ਨੂੰ ਜਥੇਬੰਦ ਕਰਨ ਵਾਲੇ ਨਿਯਮਾਂ ਦਾ ਬੜਾ ਮਿਠਾ ਤੇ ਸਰਲ ਉਲੀਕਣ ਹੈ, ਸੱਤਾ, ਬਲਵੰਡ ਤੇ ਭੱਟ ਨਿਰੋਲ ਗੁਰੂ ਪ੍ਰਸ਼ੰਸਾ ਵਿਚ ਰਚਨਾ ਕਰਦੇ ਹਨ ਪਰ ਜਿਥੇ ਸੱਤੇ ਤੇ ਬਲਵੰਡ ਨੇ ਵਾਰਾਂ ਦੇ ਤੋਲ ਤੇ ਸ਼ੈਲੀ ਨੂੰ ਅਪਣਾਇਆ ਹੈ, ਭੱਟਾਂ ਨੇ 'ਸਵੱਯਾ' ਚੁਣਿਆ ਹੈ ਤੇ ਉਨ੍ਹਾਂ ਦੇ ਵਿਚਾਰ ਵਿਚ ਕ੍ਰਿਸ਼ਨ ਉਪਾਸਨਾ ਦਾ ਜ਼ੋਰ ਵੀ ਹੈ । ਉਹ ਗੁਰ ਵਿਅਕਤੀਆਂ ਨੂੰ ਕ੍ਰਿਸ਼ਣ ਰੂਪ ਵਿਚ ਤੇ ਨਿਰੰਕਾਰ ਰੂਪ ਵਿਚ ਬੰਦਨਾ ਕਰਦੇ ਹਨ । ਸੋ ਇਨ੍ਹਾਂ ਦੇ ਵਿਚਾਰਾਂ ਦਾ ਸੋਮਾਂ ਵੈਸ਼ਨਵ ਮਤ ਵਿਚੋਂ ਬਣੇ ਸੰਸਕਾਰ ਹਨ ਪਰ ਸੱਤੇ, ਬਲਵੰਡ ਤੇ ਸੁੰਦਰ ਦਾ ਸੋਮਾਂ ਸਾਹਮਣੇ ਵਰਤੀਆਂ ਬੀਤੀਆਂ ਘਟਨਾਵਾਂ ਹਨ । ਸੁੰਦਰ ਤੇ ਭੱਟ ਵਿਦਵਾਨ ਲੋਕ ਸਨ ਤੇ ਸੱਤੇ ਤੇ ਬੱਲਵੰਡ ਨੂੰ ਢਾਡੀਆਂ ਵਾਂਙ ਅਭਿਆਸ ਸੀ ਜਿਸਦੇ ਜ਼ੋਰ ਉਹ ਰਚਨਾ ਕਰ ਰਹੇ ਸਨ । ਇਨ੍ਹਾਂ ਸਾਰੇ ਕਵੀਆਂ ਵਿਚ ਜਾਤੀ ਤਜਰਬੇ ਦੀ ਤੀਖਣਤਾ ਸੀ । ਇਨ੍ਹਾਂ ਦੀ ਸ਼ਬਦਾਵਲੀ ਤੇ ਸ਼ੈਲੀ ਕਠਨ ਹੈ । ਜਿਥੇ ਸੱਤੇ ਤੇ ਬਲਵੰਡ ਦੀ ਸ਼ੈਲੀ ਨਿਰੋਲ ਪੇਂਡੂ ਪੰਜਾਬੀ ਹੈ ਉਥੇ ਭੱਟਾਂ ਦੀ ਕਠਨ ਬ੍ਰਿਜ ਭਾਸ਼ਾ ਜਿਸ ਵਿਚ ਸੰਸਕ੍ਰਿਤ ਦਾ ਜ਼ੋਰ ਹੈ । ਭੱਟਾਂ ਦੀ ਬੋਲੀ ਪੰਜਾਬੀ ਨਹੀਂ ਕਹੀ ਜਾ ਸਕਦੀ ।

## (ਸ) ਭਾਈ ਗੁਰਦਾਸ ਤੇ ਗੁਰ ਸਮਕਾਲੀ ਹੋਰ ਸਿਖ ਕਵੀ

ਸਾਲਸ ਰਾਏ, ਜੋ ਗੁਰੂ ਨਾਨਕ ਦੇਵ ਜੀ ਦੇ ਸਬੰਧ ਵਿਚ ਪਟਨੇ ਆਇਆ, ਵੀ ਇਕ ਚੰਗਾ ਕਵੀ ਸੀ ਤੇ ਸੁਥਰਾ ਸ਼ਾਹ ਵੀ ਬੜਾ ਹਾਸਰਸੀ ਪ੍ਰਸਿਧ ਕਵੀ ਹੋਇਆ । ਪਰ ਇਸ ਭਾਗ ਦਾ ਵਿਸ਼ੇਸ਼ ਕਵੀ ਭਾਈ ਗੁਰਦਾਸ ਹੈ । ਭਾਈ ਗੁਰਦਾਸ ਨੇ ਠੇਠ ਪੰਜਾਬੀ ਵਿਚ ਵਾਰਾਂ ਲਿਖੀਆਂ ਹਨ । ਉਸ ਦੇ ਵਿਚਾਰਾਂ ਦਾ ਸੋਮਾਂ 'ਗੁਰਮਤਿ' ਸੀ, ਗੁਰੂ ਸਾਹਿਬਾਨ ਦੀ ਬਾਣੀ ਦੀ ਵਿਆਖਿਆ ਕਰਦਾ, ਸਿਖ ਜਥੇਬੰਦੀ ਦੇ ਆਸ਼ੇ ਤੋਂ ਲਿਖਦਾ, ਗੁਰਪਦਵੀ ਨੂੰ ਦ੍ਰਿੜਾਂਦਾ, ਸਚੇ ਸਿੱਖ ਦੇ ਲਛਣ ਦੱਸਦਾ ਤੇ ਗੁਰ-ਵਿਰੋਧੀਆਂ ਦੀ ਗਤ ਬਣਾਂਦਾ, ਗੁਰ ਇਤਿਹਾਸ ਉਲੀਕਦਾ । ਪਰ ਉਸ ਦੀ ਬਲਵਾਨ ਸ਼ਖਸੀਅਤ ਤੇ ਡੂੰਘਾ ਦਾਰਸ਼ਨਕ ਅਧਿਐਨ ਉਨ੍ਹਾਂ ਦਾ ਬਾਣੀ ਵਿਚ ਹਰ ਥਾਂ ਪਰਗਟ ਹੈ । ਉਹ ਭਾਰਤੀ ਸਭਿਅਤਾ, ਸਭਿਆਚਾਰ ਤੇ ਵਿਚਾਰਾਂ ਤੋਂ ਪੂਰੀ ਤਰ੍ਹਾਂ ਜਾਣੂ ਸੀ, ਭਾਰਤੀ ਮਿਥਿਹਾਸ ਤੇ ਪੁਰਾਣਾਂ ਦੀ ਉਸ ਨੂੰ ਡੂੰਘੀ ਵਾਕਫ਼ੀ ਸੀ । ਉਸ ਨੂੰ ਪੰਜਾਬੀ ਬੋਲੀ, ਅਖਾਣਾਂ ਤੇ ਮੁਹਾਵਰਿਆਂ ਤੇ ਬੇਮਿਸਾਲ ਕਾਬੂ

Digitized by Panjab Digital Library | www.panjabdigilib.org

ਸੀ ਤੇ ਭਾਰਤੀ ਰਹਿਸਵਾਦੀ ਅਲੰਕਾਰਾਂ, ਰੂਪਕਾਂ ਤੇ ਉਪਮਾਵਾਂ ਦੀ ਵਿਸ਼ਾਲ ਜਾਣਕਾਰੀ ਸੀ। ਉਹ ਸਦਾਚਾਰ ਦਾ ਉਪਦੇਸ਼ਕ ਸੀ। ਉਸ ਦੇ ਬ੍ਰਿਜ ਭਾਸ਼ਾ ਵਿਚ ਲਿਖੇ ਕਬਿੱਤ ਤੇ ਸਵੱਯੇ ਉਸ ਦੀ ਵਿਦਵਤਾ ਨੂੰ ਵਧੇਰੇ ਉਜਾਗਰ ਕਰਦੇ ਹਨ ਪਰ ਵਿਸ਼ਾ ਉਨ੍ਹਾਂ ਦਾ ਵੀ 'ਗੁਰਮਤਿ' ਦੀ ਵਿਆਖਿਆ ਹੀ ਹੈ। ਸੋ ਉਸ ਦੇ ਵਿਚਾਰਾਂ ਦਾ ਸੋਮਾਂ ਗੁਰਬਾਣੀ ਤੇ ਭਾਰਤੀ ਦਰਸ਼ਨ, ਬੋਲੀ ਦਾ ਸੋਮਾਂ ਪੰਜਾਬੀ ਵਾਰਾਂ ਤੇ ਸੰਸਕ੍ਰਿਤ, ਪ੍ਰਾਕ੍ਰਿਤ ਦੇ ਕਬਿੱਤ ਤੇ ਸਵੱਯੇ ਹਨ। ਭਾਈ ਗੁਰਦਾਸ ਦੇ ਕਬਿੱਤਾਂ ਤੇ ਉਪਮਾਵਾਂ ਦੀ ਡੂੰਘੀ ਤੇ ਵਿਸ਼ਾਲ ਕਲਪਨਾ ਹੈ ਜਿਵੇਂ ਕਾਲੀ ਦਾਸ ਵਿਚ ਹੈ, ਜਿਵੇਂ ਭਵਭੂਤੀ ਵਿਚ ਹੈ ਪਰ ਇਹ ਸਾਰਾ ਬਲ ਗੁਰੂ ਭਗਤੀ ਲਈ ਵਰਤਿਆ ਹੈ ਜਿਵੇਂ 'ਜੈਦੇਵ' ਨੇ 'ਗੀਤ ਗੋਬਿੰਦ' ਵਿਚ ਕ੍ਰਿਸ਼ਨ ਜੀ ਦੀ ਉਪਮਾ ਵਿਚ ਸਾਰਾ ਕਾਵਿ ਜ਼ੋਰ ਲਾ ਦਿਤਾ ਹੈ।

ਭਾਈ ਗੁਰਦਾਸ ਦੀ ਪੰਜਾਬੀ ਰਚਨਾ ਵਿਚ ਭਾਰਤੀ ਪੁਰਾਣਕ ਕਥਾਵਾਂ ਦਾ ਜ਼ੋਰ ਉਸ ਦੀ ਦਸਵੀਂ ਵਾਰ ਵਿਚ ਵੇਖਿਆ ਜਾ ਸਕਦਾ ਹੈ ਤੇ ਛੇ ਸ਼ਾਸਤਰਾਂ ਦੇ ਤੱਤ ਉਨ੍ਹਾਂ ਪਹਿਲੀ ਵਾਰ ਵਿਚ ਦਿਤੇ ਹਨ। ਉਨ੍ਹਾਂ ਦਾ ਅਧਿਐਨ ਸੁਤੇ ਸਿਧ ਹੀ ਉਨ੍ਹਾਂ ਦੀ ਰਚਨਾ ਦਾ ਆਧਾਰ ਵੀ ਹੈ।

## (ਪਹਿਲੀ ਵਾਰ ਵਿਚੋਂ)

ਗੋਤਮ ਤਪੇ ਵਿਚਾਰ ਕੈ ਰਿਗ ਵੇਦ ਕੀ ਕਥਾ ਸੁਣਾਈ।
ਨਯਾਇ ਸ਼ਾਸਤ੍ਰ ਕੋ ਮਥ ਕਰ ਸਭ ਬਿਧ ਕਰਤੇ ਹਥ ਜਣਾਈ।
ਸਭ ਕੁਝ ਕਰਤੇ ਵਸ ਹੈ ਹੋਰ ਬਾਤ ਵਿਚ ਚਲੇ ਨ ਕਾਈ।
ਦੁਹੀਂ ਸਿਰੀਂ ਕਰਤਾਰ ਹੈ ਆਪ ਨਿਆਰਾ ਕਰ ਦਿਖਲਾਈ।
ਕਰਤਾ ਕਿਨੈ ਨ ਦੇਖਿਆ ਕੁਦਰਤ ਅੰਦਰ ਭਰਮ ਭੁਲਾਈ।
ਸੋਹੰ ਬ੍ਰਹਮ ਛਪਾਇਕੈ ਪੜਦਾ ਭਰਮ ਕਰਤਾਰ ਸੁਣਾਈ।
ਰਿਹਾ ਕਹੈ ਸੁਣ ਗੁਰਮੁਖਹੁ ਆਪੇ ਆਪ ਨ ਦੂਜੀ ਰਾਈ।
ਸਤਿਗੁਰ ਬਿਨਾਂ ਨ ਸੋਝੀ ਪਾਈ। ।੯।

ਫਿਰ ਜੈਮਨ ਰਿਖ ਬੋਲਿਆ ਜੁਜਰਵੇਦ ਮਥ ਕਥਾ ਸੁਣਾਵੈ।
ਕਰਮਾਂ ਉਤੇ ਨਿਬੜੇ ਦੇਹੀ ਮੱਧ ਕਰੇ ਸੋ ਪਾਵੈ।
ਥਾਪਯੋ ਸੁ ਕਰਮ ਸੰਸਾਰ ਵਿਚ ਕਰਮ ਵਾਸ ਕਰ ਆਵੈ ਜਾਵੈ।
ਸਹਸਾ ਮਨਹੁ ਨ ਚੁਕਈ ਕਰਮਾਂ ਅੰਦਰ ਭਰਮ ਭੁਲਾਵੈ।
।10।

ਸਯਾਮ ਵੇਦ ਕਉ ਸੋਧ ਕਰ ਮਥ ਵੈਦਾਂਤ ਬਿਆਸ ਸੁਣਾਯਾ।।
ਕਥਨੀ ਬਦਨੀ ਬਾਹਿਰਾ, ਆਪੇ ਆਪਨ ਬ੍ਰਹਮ ਜਣਾਯਾ।
ਨਦਰੀ ਕਿਸੇ ਨ ਲਿਆਵਈ ਹਉਮੈ ਅੰਦਰ ਭਰਮ ਭੁਲਾਯਾ।
ਆਪ ਪੁਜਾਇ ਜਗਤ ਵਿਚ ਭਾਉ ਭਗਤ ਦਾ ਮਰਮ ਨਾ ਪਾਯਾ।
।11।

Digitized by Panjab Digital Library | www.panjabdigilib.org

### (ਹ) ਗੁਰੂ ਗੋਬਿੰਦ ਸਿੰਘ ਜੀ

ਗੁਰੂ ਗੋਬਿੰਦ ਸਿੰਘ ਜੀ ਨੇ ਬੇਅੰਤ ਰਚਨਾ ਕੀਤੀ ਤੇ ਦਰਬਾਰੀ ਕਵੀਆਂ ਤੋਂ ਕਰਾਈ। ਦਸਮ ਗ੍ਰੰਥ ਦੀ ਸਾਰੀ ਕਵਿਤਾ ਸ਼ਾਇਦ ਗੁਰੂ ਗੋਬਿੰਦ ਸਿੰਘ ਜੀ ਦੀ ਹੀ ਕ੍ਰਿਤ ਹੈ। ਇਸ ਮਹਾਨ ਗ੍ਰੰਥ ਤੋਂ ਪਤਾ ਲਗਦਾ ਹੈ ਕਿ ਗੁਰੂ ਸਾਹਿਬ ਨੇ (1) ਸ੍ਰੀ ਗੁਰੂ ਗ੍ਰੰਥ ਸਾਹਿਬ (2) ਭਾਰਤੀ ਮਿਥਿਹਾਸ ਤੇ 18 ਪੁਰਾਣ (3) ਕੁਰਾਨ ਤੇ ਫਾਰਸੀ ਰਚਨਾਵਾਂ ਤੇ ਕਹਾਣੀਆਂ (4) ਸੰਸਕ੍ਰਿਤ ਤੇ ਪ੍ਰਾਕ੍ਰਿਤ ਦਾ ਕਥਾ ਸਾਹਿਤ ਨਾਟਕ ਤੇ ਉਪਨਿਆਸ (5) ਆਪਣੇ ਵਿਸ਼ਾਲ, ਤੀਬਰ ਤੇ ਡੂੰਘੇ ਜੀਵਨ ਤਜਰਬੇ ਨੂੰ ਆਪਣੇ ਵਿਚਾਰਾਂ ਦਾ ਸੋਮਾਂ ਬਣਾਇਆ। ਵਿਸ਼ੇਸ਼ ਕਰਕੇ ਉਨ੍ਹਾਂ ਦੇਵਤਿਆਂ ਤੇ ਦੈਂਤਾਂ ਦੇ ਯੁਧਾਂ ਦੀਆਂ ਕਹਾਣੀਆਂ ਨੂੰ ਚਿਤਰਿਆ, 24 ਵਿਸ਼ਨੂੰ ਅਵਤਾਰਾਂ ਦੀ ਪੁਰਾਣਕ ਕਥਾ ਨੂੰ ਮੌਲਿਕ ਵਿਚਾਰਾਂ ਤੇ ਸ਼ੈਲੀ ਦੇ ਬਲ ਨਾਲ ਉਘਾੜਿਆ ਤੇ ਕਾਮ ਅਧੀਨ ਮਨੁਖ ਦੀ ਰਸਾਤਲਤਾ ਨੂੰ ਸੰਸਾਰ ਦੇ ਸਮੁਚੇ ਇਤਿਹਾਸਕ ਤੇ ਲੌਕਿਕ ਜਾਂ ਲਿਖਤੀ ਗਲਪ ਵਿਚੋਂ ਚੁਣਿਆ ਤੇ ਆਪਣੀ ਪਾਣ-ਆਭਾ ਦੇ ਕੇ ਅਨੋਖੀ ਸ਼ੈਲੀ ਵਿਚ ਅੰਕਤ ਕੀਤਾ। ਉਨ੍ਹਾਂ ਦੇ ਸਵੱਈਆਂ ਵਿਚ ਸਭ ਪਖੰਡਾਂ ਤੇ ਭੇਖਾਂ ਦਾ ਖੰਡਨ ਵੀ ਹੈ ਜੋ ਸੱਚੇ ਸਨਿਆਸੀ ਤੇ ਜੋਗੀ ਬਣਨ ਦੀ ਪਰੇਰਨਾ ਵੀ ਹੈ, ਉਨ੍ਹਾਂ ਨੇ ਆਤਮ-ਕਥਾ ਵੀ ਸੁਣਾਈ ਹੈ, ਰਾਮ ਚੰਦਰ ਜੀ ਤੋਂ ਲੈ ਕੇ ਗੁਰੂ ਨਾਨਕ ਸਾਹਿਬ ਤੀਕ ਦਾ ਇਤਿਹਾਸ ਵੀ ਦਸਿਆ ਹੈ, ਸਹੰਸਰ ਨਾਮਿਆਂ ਦੇ ਆਧਾਰ ਤੇ ਪਰਮਾਤਮਾ ਦੀ ਬੇਅੰਤ ਨਾਮਮਾਲਾ 'ਜਾਪੁ' ਤੇ 'ਅਕਾਲ ਉਸਤਤਿ' ਵਿਚ ਸੁਣਾਈ ਹੈ, ਸ਼ਸਤਰ ਮਾਲਾ ਵੀ ਬਣਾਈ ਹੈ—ਸੋ ਜਿੰਨੀ ਵਿਸ਼ਾਲਤਾ ਉਨ੍ਹਾਂ ਦੀ ਸਾਹਿਤਕ ਪਰਾਪਤੀ ਵਿਚ ਹੈ, ਉੱਨੇ ਹੀ ਵਿਸ਼ਾਲ ਉਨ੍ਹਾਂ ਦੇ ਸੋਮੇ ਸਨ।

ਉਨ੍ਹਾਂ ਨੇ ਸਾਰੇ ਛੰਦ ਤੇ ਕਾਵਿ-ਰੂਪ ਸੰਸਕ੍ਰਿਤ ਵਿਚੋਂ ਲਏ ਹਨ। ਬੋਲੀ ਉਨ੍ਹਾਂ ਦੀ ਵਿਸ਼ੇਸ਼ ਕਰਕੇ ਬ੍ਰਿਜੀ, ਸੰਸਕ੍ਰਿਤ ਤੇ ਫਾਰਸੀ ਹੈ, ਬਹੁਤ ਥਾਂ ਦੋਹਾਂ ਨੂੰ ਰਲਾ ਕੇ ਲਿਖਿਆ ਹੈ ਤੇ ਬੇਅੰਤ ਥਾਵਾਂ ਤੇ ਦੋਹਾਂ ਬੋਲੀ ਦੇ ਅਨੋਖੇ ਸਮਾਸ ਵੀ ਬਣਾਏ ਹਨ। 'ਚੰਡੀ ਦੀ ਵਾਰ' ਉਨ੍ਹਾਂ ਦੀ ਨਿਰੋਲ ਪੰਜਾਬੀ ਰਚਨਾ ਹੈ ਤੇ ਇਸ ਦਾ ਸੋਮਾਂ ਇਕ ਪੁਰਾਣਕ ਕਥਾ ਹੈ।

ਪਰ ਹਰ ਥਾਂ ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਵਿਚ ਮੌਲਿਕਤਾ ਹੈ। ਕ੍ਰਿਸ਼ਨ ਤੇ ਰਾਮ ਜੀ ਦੇ ਜੀਵਨ ਵਿਸਥਾਰ ਦਸਮ ਗ੍ਰੰਥ ਵਿਚ ਉਹ ਨਹੀਂ ਜੋ ਮਹਾਂ ਭਾਰਤ ਤੇ ਰਾਮਾਇਣ ਵਿਚ ਹਨ, ਪਰਮਾਤਮਾ ਦੇ ਨਾਮ ਮੌਲਿਕ ਤੇ ਨਵੇਂ ਹਨ ਤੇ ਉਨ੍ਹਾਂ ਦੀ ਸ਼ੈਲੀ ਵਿਚ ਉਨ੍ਹਾਂ ਦੀ ਤਲਵਾਰ ਦਾ ਵਹਾ ਤੇ ਜ਼ੋਰ ਹੈ। 'ਚੰਡੀ ਦੀ ਵਾਰ' ਦੀ ਕਹਾਣੀ ਵੀ ਇੰਨ ਬਿੰਨ ਪੁਰਾਣਕ ਕਹਾਣੀ ਨਹੀਂ।

### (ਕ) ਦਸਮ ਗੁਰ ਦਰਬਾਰੀ ਕਵੀ

ਗੁਰੂ ਗੋਬਿੰਦ ਸਿੰਘ ਜੀ ਦੇ 52 ਦਰਬਾਰੀ ਕਵੀ ਪਰਸਿਧ ਹਨ ਪਰ ਰਾਮ, ਸਿਆਮ ਤੇ ਕੰਕਨ ਦੀ ਰਚਨਾ ਥੋੜੀ ਜਿੰਨੀ ਹੁਣ ਤੀਕ ਸੁਰੱਖਸ਼ਤ ਹੈ। ਜੋ ਸੋਮੇਂ ਗੁਰੂ ਗੋਬਿੰਦ ਸਿੰਘ ਜੀ ਦੇ ਸਨ, ਉਹ ਹੀ ਇਨ੍ਹਾਂ ਦਰਬਾਰੀ ਕਵੀਆਂ ਦੇ ਸਨ। ਇਹ ਆਮ ਕਰਕੇ ਪੁਰਾਣਾਂ ਦੀਆਂ ਕਥਾਵਾਂ ਨੂੰ ਸੰਸਕ੍ਰਿਤ ਲਈ ਬ੍ਰਿਜੀ ਤੇ ਪੰਜਾਬੀ ਵਿਚ ਉਲਥਦੇ ਸਨ। ਇਹ ਸਾਰੇ ਕਵੀ ਬੜੇ ਵਿਦਵਾਨ ਸਨ ਤੇ ਕਵਿਤਾ ਦੇ ਮਾਹਰ ਹਨ। ਛੰਦ ਸੰਸਕ੍ਰਿਤ ਦੇ ਹੀ ਲੈਂਦੇ ਤੇ ਕਾਵਿ ਰੂਪਾਂ ਦੀ ਪਰੇਰਨਾ ਗੁਰੂ ਗੋਬਿੰਦ ਸਿੰਘ ਜੀ ਤੋਂ। ਹਰ ਤਰ੍ਹਾਂ ਗੁਰੂ ਸਾਹਿਬ ਦੀ ਅਗਵਾਈ ਵਿਚ ਇਹ ਰਚਨਾ ਕਰਦੇ। ਉਹ

Digitized by Panjab Digital Library | www.panjabdigilib.org

ਆਤਮਕ ਬਲ ਇਨ੍ਹਾਂ ਵਿਚ ਨਹੀਂ ਹੈ ਜੋ ਗੁਰੂ ਗੋਬਿੰਦ ਸਿੰਘ ਜੀ ਪਾਸ ਸੀ ਪਰ ਬਿਰਤਾਂਤਕ ਕਵਿਤਾ ਵਿਚ ਇਹ ਬੜੇ ਬਲਵਾਨ ਸਨ।

## (6) ਪੰਜਾਬੀ ਦੇ ਭਗਤ ਤੇ ਫਕੀਰ ਕਵੀ

ਗੁਰੂ ਸਾਹਿਬਾਨ ਤੇ ਗੁਰੂ ਘਰ ਦੇ ਨਿਕਟ ਵਰਤੀ ਸਿਖਾਂ ਦੀ ਰਚਨਾ ਤੋਂ ਛੁਟ ਵੀ ਇਸ ਕਾਲ ਵਿਚ ਫੇਰ ਸਾਰੀ ਭਗਤੀ ਕਵਿਤਾ ਲਿਖੀ ਗਈ। ਇਹ ਰਚਨਾ ਡਾ. ਮੋਹਣ ਸਿੰਘ ਜੀ ਦੀ ਲੱਭਤ ਅਨੁਸਾਰ, ਹਿਰਦਾ ਰਾਮ, ਛਜੂ, ਜਲ੍ਹਣ, ਵਲੀ ਰਾਮ, ਬਾਬਾ ਲਾਲ, ਬਾਬਾ ਦਿਆਲ ਦਾਸ, ਬਾਬਾ ਕਾਹਨਾ, ਚਤਰ ਦਾਸ, ਆਦਿ ਹਿੰਦੂ ਭਗਤ ਕਰ ਰਹੇ ਸਨ ਜੋ ਕਈ ਧਾਰਮਕ ਧਾਰਾਵਾਂ ਦੇ ਅਨੁਆਈ ਤੇ ਕਈ ਇਸ਼ਟਾਂ ਦੇ ਉਪਾਸ਼ਕ ਸਨ ਤੇ ਬਹੁਤ ਸਾਰੇ ਸੂਫੀ ਫਕੀਰ ਜਿਵੇਂ ਸ਼ਾਹ ਹੁਸੈਨ, ਵਜੀਦ, ਸ਼ਾਹ ਸ਼ਰਫ, ਸ਼ਾਹ ਲਤੀਫ, ਮੁਕਬਲ, ਬਰਖੁਰਦਾਰ ਆਦਿ ਰਹੱਸਵਾਦੀ ਕਵਿਤਾ ਲਿਖ ਰਹੇ ਸਨ।

ਇਨ੍ਹਾਂ ਸਾਰੇ ਭਗਤਾਂ ਤੇ ਫ਼ਕੀਰ ਕਵੀਆਂ ਦਾ ਉਦੇਸ਼ ਸੀ ਮਨੁਖ ਨੂੰ ਰਸਾਤਲਤਾ ਤੇ ਗਿਰਾਵਟ ਵਿਚੋਂ ਚੁਕਣਾ, ਕਾਮ ਤੋਂ ਉਚਾ ਉਠਾਣਾ, ਮਨੁਖ ਵਿਚ ਮਾਇਆ ਦਾ ਲਾਲਚ ਤੇ ਪਿਆਰ ਘਟਾਣਾ ਤੇ ਉਸ ਵਿਚ ਆਤਮਕ ਬਲ ਪੈਦਾ ਕਰਨਾ ਤੇ ਹਿੰਦੂ ਮੁਸਲਮ ਏਕਤਾ ਪੈਦਾ ਕਰਨਾ। ਸੰਸਾਰ ਦੀ ਨਾਸ਼ਮਾਨਤਾ, ਮੌਤ ਦੀ ਪਰਬਲਤਾ, ਪਖੰਡ ਤੇ ਭੇਖ ਦੀ ਨਿਖੇਧੀ, ਗੁਰੂ ਪੀਰ ਉਪਾਸਨਾ, ਪਰਮਾਤਮਾ ਖੁਦਾ ਦਾ ਭੈ, ਸੰਤੋਖ-ਸੰਜਮ ਤੇ ਸਬਰ ਦੀ ਲੋੜ, ਸਿਮਰਨ ਬੰਦਗੀ, ਮਨੁੱਖੀ ਬਰਾਬਰੀ ਆਦਿ ਇਨ੍ਹਾਂ ਦੇ ਵਿਸ਼ਾ ਮਜ਼ਮੂਨ ਸਨ। ਪਰਤੱਖ ਜੀਵਨ ਇਨ੍ਹਾਂ ਦੇ ਵਿਚਾਰਾਂ ਦਾ ਸੋਮਾਂ ਸੀ ਪਰ ਇਹ ਸਾਰੇ ਡੂੰਘੇ ਵਿਚਾਰਵਾਨ ਤੇ ਆਪਣੇ ਆਪਣੇ ਮਤ ਦੀਆਂ ਪੁਸਤਕਾਂ ਦੇ ਵਿਦਵਾਨ ਸਨ, ਮੁਸਲਮਾਨ ਫਕੀਰਾਂ ਦੇ ਵਿਚਾਰਾਂ ਤੇ ਵਿਸ਼ਵਾਸ਼ਾਂ ਦਾ ਸੋਮਾਂ ਕੁਰਾਨ ਸੀ ਪਰ ਉਹ ਭਾਰਤੀ ਵੇਦਾਂਤ ਤੋਂ ਪ੍ਰਭਾਵਤ ਸਨ ਤੇ ਹਿੰਦੂ ਭਗਤਾਂ ਦੇ ਵਿਚਾਰਾਂ ਦਾ ਸੋਮਾਂ ਵੇਦ, ਭਗਵਤ ਤੇ ਵੇਦਾਂਤ ਸਨ ਪਰ ਉਹ ਕਰਮਕਾਂਡੀ ਨਹੀਂ ਸਨ, ਭਗਤੀ ਵਿਚ ਲੀਨ ਸਨ ਤੇ ਮਨੁਖ ਦੀ ਸਾਂਝੀਵਾਲਤਾ ਵਲ ਝੁਕੇ ਹੋਏ ਸਨ। ਭਗਤ ਤੇ ਫਕੀਰ ਰਲ ਕੇ ਇਕ ਸਾਂਝੇ ਵਿਸ਼ਵ ਧਰਮ ਦੀ ਸਥਾਪਨਾ ਕਰ ਰਹੇ ਸਨ। ਦੋਵੇਂ ਰਾਗਾਂ ਵਿਚ ਰਚਨਾ ਕਰਦੇ। ਫਕੀਰਾਂ ਦੀ ਬਿੰਬਾਵਲੀ ਘਰੇਲੂ ਤੇ ਰੋਜ਼ਾਨਾ ਜੀਵਨ ਦੇ ਸਰਲ ਤਜਰਬੇ ਤੇ ਆਧਾਰਤ ਸੀ ਪਰ ਭਗਤ ਭਾਰਤੀ ਰਹੱਸਵਾਦੀ ਬਿੰਬਾਵਲੀ ਦੀ ਹੀ ਵਰਤੋਂ ਕਰ ਰਹੇ ਸਨ। ਸਿਧਾਂਤਕ ਸ਼ਬਦਾਵਲੀ ਸੂਫੀਆਂ ਦੀ ਇਸਲਾਮੀ ਸੀ ਜਿਸ ਵਿਚ ਭਾਰਤੀ ਸਿਧਾਂਤਕ ਸ਼ਬਦ ਮਿਲ ਰਹੇ ਸਨ ਤੇ ਭਗਤਾਂ ਦੀ ਸਿਧਾਂਤਕ ਸ਼ਬਦਾਵਲੀ ਵਿਚ ਵਧੇਰੇ ਅੰਸ਼ ਭਗਤੀ ਸ਼ਾਸਤਰਾਂ ਦਾ ਸੀ। ਸੂਫੀਆਂ ਦੀ ਬੋਲੀ ਜਨ ਸਾਧਾਰਨ ਦੇ ਪੱਧਰ ਦੀ ਸੀ ਜਿਸ ਵਿਚ ਗਰਾਮੀਨ ਰੰਗ ਸੀ ਤੇ ਰੋਜ਼ਾਨਾ ਜੀਵਨ ਦੀ ਬੋਲ ਚਾਲ ਵਾਲੀ ਬੋਲੀ ਦੀ ਮਾਤ੍ਰਾ ਵਧ ਸੀ। ਫਾਰਸੀ ਦਾ ਰਲਾ ਇਨ੍ਹਾਂ ਦੀ ਪੰਜਾਬੀ ਵਿਚ ਹੋਣਾ ਕੁਦਰਤੀ ਸੀ। ਭਗਤਾਂ ਦੀ ਬੋਲੀ ਵਧੇਰੇ ਸ਼ਹਿਰੀ ਕਿਤਾਬੀ, ਮਾਂਜ ਸਵਾਰੀ ਹੋਈ ਪੰਜਾਬੀ ਸੀ ਜਿਸ ਵਿਚ ਸੰਤ ਭਾਖਾ ਦਾ ਰੰਗ ਵਧੇਰੇ ਸੀ ਤੇ ਕੁਝ ਫਾਰਸੀ ਦੀ ਪ੍ਰਚਲਤ ਸ਼ਬਦਾਵਲੀ ਦਾ ਅੰਸ਼ ਸੀ। ਰਾਮ ਜੀ, ਕ੍ਰਿਸ਼ਨ ਜੀ ਤੇ ਮੁਹੰਮਦ ਸਾਹਿਬ ਇਸ ਕਵਿਤਾ ਦੇ ਇਸ਼ਟ ਸਨ। ਰਾਮਾਇਣ, ਮਹਾਂ ਭਾਰਤ, ਗੀਤਾ ਤੇ ਕੁਰਾਨ ਇਸ ਕਵਿਤਾ ਦੇ ਸੋਮੇਂ ਸਨ। ਭੇਖ, ਕਰਮ ਕਾਂਡ, ਜਾਤ-ਪਾਤ ਦੇ ਫੋਜੀ ਸ਼ਰੀਅਤ ਦੀ

Digitized by Panjab Digital Library | www.panjabdigilib.org

ਪਾਬੰਦੀ ਦੀ ਇਹ ਕਵਿਤਾ ਨਿਖੇਧੀ ਕਰਦੀ ਸੀ, ਸਰਬ-ਸਾਂਝੇ ਮਨੁਖੀ ਸਦਾਚਾਰ ਇਸ ਕਵਿਤਾ ਦਾ ਉਪਦੇਸ਼ ਸੀ। ਪੁਰਾਤਨ ਤੇ ਗੁਰਬਾਣੀ ਦੀ ਰੀਤ ਅਨੁਸਾਰ ਇਹ ਲੋਕ-ਰੂਪ ਵਿਚ ਕਵਿਤਾ ਲਿਖਦੇ ਤੇ ਸਲੋਕ, ਪਦੇ ਬਾਰਮਾਂਹ, ਅਠਵਾਰੇ ਆਦਿ ਕਾਵਿ-ਰੂਪ ਇਨ੍ਹਾਂ ਅਪਣਾਏ।

## (7) ਸ਼ਿੰਗਾਰ ਕਾਵਿ ਤੇ ਪ੍ਰੇਮ-ਕਥਾ-ਕਾਵਿ

1708 ਈ. ਤੀਕ ਕਿੱਸਿਆਂ ਦੇ ਰੂਪ ਵਿਚ ਸ਼ਿੰਗਾਰ ਕਾਵਿ ਤੇ ਪ੍ਰੇਮ-ਕਥਾ ਕਾਵਿ ਵੀ ਕਾਫੀ ਸਾਰਾ ਲਿਖਿਆ ਜਾ ਚੁਕਾ ਸੀ। ਦਮੋਦਰ ਨੇ 'ਹੀਰ' ਲਿਖ ਕੇ ਇਸ ਪਰਕਾਰ ਦੇ ਕਾਵਿ ਦਾ ਪੰਜਾਬੀ ਸਾਹਿਤ ਵਿਚ ਗੁਰੂ ਅਮਰ ਦਾਸ ਜੀ ਦੇ ਸਮੇਂ ਹੀ ਅਰੰਭ ਕਰ ਦਿਤਾ ਸੀ, ਪੀਲੂ ਨੇ, ਜੋ ਗੁਰੂ ਅਰਜਨ ਸਾਹਿਬ ਦਾ ਸਮਕਾਲੀ ਸੀ, ਮਿਰਜ਼ੇ ਸਾਹਿਬਾਂ ਦਾ ਕਿੱਸਾ ਲਿਖਿਆ, ਹਾਫਜ਼ ਬਰਖੁਰਦਾਰ ਨੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ (1) ਸੱਸੀ ਪੁੰਨੂੰ (2) ਮਿਰਜ਼ਾ ਸਾਹਿਬਾਂ (3) ਯੂਸਫ ਜ਼ੁਲੈਖਾਂ ਦੇ ਕਿੱਸੇ ਨਜ਼ਮੇ ਤੇ ਅਹਿਮਦ ਨੇ ਇਸੇ ਸਮੇਂ 'ਹੀਰ' ਦਾ ਕਿੱਸਾ ਲਿਖਿਆ। ਦਮੋਦਰ ਅਰੋੜਾ ਹਿੰਦੂ ਸੀ ਜੋ ਗੁਰਬਾਣੀ ਤੋਂ ਡੂੰਘੀ ਤਰ੍ਹਾਂ ਪ੍ਰਭਾਵਤ ਸੀ, ਪੀਲੂ ਮੁਸਲਮਾਨ ਸੀ ਪਰ ਸੂਫੀ ਧਾਰਾ ਦੀ ਤੇ ਗੁਰੂ ਅਰਜਨ ਸਾਹਿਬ ਦੀ ਛੋਹ, ਉਸ ਨੂੰ ਪਰਾਪਤ ਸੀ, ਹਾਫਜ਼ ਬਰਖੁਰਦਾਰ ਤੇ ਅਹਿਮਦ ਮੁਸਲਮਾਨ ਸਨ ਜਿਨ੍ਹਾਂ ਪਾਸ ਸਾਧਾਰਨ ਇਸਲਾਮੀ ਤੇ ਫਾਰਸੀ ਇਲਮ ਸੀ, ਹਾਫਜ਼ ਕੁਝ ਵਧੇਰੇ ਪੜ੍ਹਿਆ ਲਿਖਿਆ ਸੀ।

ਸ਼ਿੰਗਾਰ ਕਾਵਿ ਤੇ ਪ੍ਰੇਮ-ਕਥਾ ਕਾਵਿ ਬੁਨਿਆਦੀ ਤੌਰ ਤੇ ਕਿਸੇ ਦੇਸ਼ ਵਿਚ ਵੀ ਨਵੀਂ ਚੀਜ਼ ਨਹੀਂ। ਇਹ ਇਕ ਲੋਕ-ਪੱਧਰ ਦਾ ਕਾਵਿ ਹੈ ਜਿਸ ਵਿਚ ਲੋਕ ਸਾਹਿਤ ਵਾਲਾ ਵਿਸ਼ਾ ਹੈ ਤੇ ਲੋਕ ਸਾਹਿਤ ਵਾਲੀ ਕਲਪਨਾ ਤੇ ਭਾਵਕਤਾ ਹੈ। ਪ੍ਰੇਮ-ਕਹਾਣੀਆਂ ਪੰਜਾਬ ਵਿਚ ਕਈ ਸੋਮਿਆਂ ਤੋਂ ਆਈਆਂ ਜਿਵੇਂ ਪੰਜਾਬ ਦੀਆਂ ਵਿਸ਼ੇਸ਼ ਕਰਕੇ 'ਹੀਰ-ਰਾਂਝੇ' ਦੀ ਹੋਰ ਦੇਸ਼ਾਂ ਵਿਚ ਗਈਆਂ ਪਰ ਇਸ ਪਰਚਾਰ ਦਾ ਕਾਵਿ ਕਿਸੇ ਹੋਰ ਸੋਮੇਂ ਦਾ ਆਇਆ ਅਨੁਮਾਨ ਕਰਨਾ ਬਹੁਤ ਉਚਿਤ ਨਹੀਂ। ਫਾਰਸੀ ਦੀ ਇਸ਼ਕੀਆ ਕਵਿਤਾ ਨੇ ਇਸ ਪਰਕਾਰ ਦੇ ਕਿੱਸਾ-ਸਾਹਿਤ ਨੂੰ ਕਲਮਬੱਧ ਕਰਨ ਦੀ ਦਲੇਰੀ ਭਾਵੇਂ ਪੰਜਾਬੀਆਂ ਨੂੰ ਕਿਸੇ ਹਦ ਤਕ ਦਿਤੀ ਹੋਵੇ ਪਰ ਵੈਸੇ ਕਾਲੀਦਾਸ ਸ਼ਿੰਗਾਰ ਰਸ ਦਾ ਇਕ ਮਹਾਨ ਕਵੀ ਹੋਇਆ ਹੈ, ਵੇਦਾਂ ਦੇ ਮੰਤ੍ਰਾਂ ਵਿਚ ਕੁਦਰਤ ਦੇ ਸ਼ਿੰਗਾਰ ਦੀ ਉਪਾਸਨਾ ਹੈ, ਭਾਰਤੀ ਸਭਿਆਚਾਰ ਵਿਚ ਕਈ ਪਰਕਾਰ ਦੇ ਵਿਆਹ ਗਿਣੇ ਹੋਏ ਹਨ ਤੇ ਸੁਵੰਬਰ ਤੇ ਗੰਧਰਵ ਵਿਆਹ ਸਮਾਜ ਵਿਚ ਪਰਵਾਨ ਸਨ, ਪੁਰਾਣਾਂ ਵਿਚ ਦੇਵੀ ਦੇਵਤਿਆ ਦੀਆਂ ਪ੍ਰੇਮ-ਕਥਾਵਾਂ ਦਾ ਕੋਈ ਅੰਤ ਨਹੀਂ, ਰਾਮਾਇਣ ਤੇ ਮਹਾਂ ਭਾਰਤ ਵਿਚ ਵੀ ਪ੍ਰੇਮ-ਕਾਵਿ ਤੇ ਸ਼ਿੰਗਾਰ ਕਾਵਿ ਦੇ ਅੰਸ਼ ਹਨ, ਸਵਿਤਰੀ ਸਤਿਆਵਾਨ ਤੇ ਨਲ ਦਮਿਅੰਤੀ ਦੀਆਂ ਕਹਾਣੀਆਂ ਪਰਚਲਤ ਸਨ। ਗੱਲ ਕੀ, ਪ੍ਰੇਮ-ਕਥਾ ਕਾਵਿ ਦੀ ਪਰੇਰਨਾ ਕਿਸੇ ਦੇਸ਼ ਨੂੰ ਕਿਸੇ ਹੋਰ ਦੇਸ਼ ਤੋਂ ਲੈਣ ਦੀ ਲੋੜ ਨਹੀਂ। ਦਮੋਦਰ ਦੇ ਨਾਲ ਜਾਂ ਕੁਝ ਅਗੋਂ 'ਜਾਇਸੀ' ਆਪਣਾ ਪ੍ਰੇਮ-ਕਥਾ ਕਾਵਿ 'ਪਦਮਾਵਤ' ਲਿਖ ਚੁਕਾ ਸੀ ਤੇ ਰਾਜਸਥਾਨ 'ਢੋਲਾ ਮਾਰੂ' ਦੀ ਕਹਾਣੀ ਵੀ ਨਜ਼ਮੀ ਜਾ ਚੁਕੀ ਸੀ। ਭਾਈ ਗੁਰਦਾਸ ਨੇ ਪੰਜਾਬੀ ਤੇ ਬਿਦੇਸ਼ੀ ਆਸ਼ਕਾਂ ਦੇ ਜੋ ਹਵਾਲੇ ਦਿਤੇ ਉਨ੍ਹਾਂ ਤੋਂ ਸਿਧ ਹੈ ਕਿ ਇਹ ਕਹਾਣੀਆਂ ਲੋਕਾਂ ਦੀ ਜ਼ਬਾਨ ਤੇ ਆ ਚੁਕੀਆਂ ਸਨ। ਪੰਜਾਬੀ ਵਾਰਾਂ ਵੀ ਪੰਜਾਬੀ ਕਿੱਸਿਆਂ ਦੀ ਨੀਂਹ ਹੋ ਸਕਦੀਆਂ ਸਨ।

Digitized by Panjab Digital Library | www.panjabdigilib.org

ਦਮੋਦਰ ਨੇ ਹੀਰ ਰਾਂਝੇ ਦੀ ਕਹਾਣੀ ਅੱਖੀਂ ਵੇਖੀ ਤੇ ਉਸ ਕਿੱਸਾ ਲਿਖ ਮਾਰਿਆ, ਮਿਟਜੇ ਦੀ ਕਹਾਣੀ ਵੀ ਝੰਗ ਵਿਚ ਵਾਪਰੀ ਤੇ ਪੀਲੂ ਇਸ ਘਟਨਾ ਦਾ ਸਮਕਾਲੀ ਜਾਪਦਾ ਹੈ। ਉਸ ਨੇ ਕਿੱਸਾ ਲਿਖ ਕੱਢਿਆ। 'ਸਸੀ ਪੁਨੂੰ' ਦੀ ਕਹਾਣੀ ਸਿੰਧ ਵਿਚ ਵਾਪਰੀ ਤੇ ਗਵਾਂਢੀ ਪੰਜਾਬ ਨੂੰ ਸਹਿਜੇ ਹੀ ਪਰਾਪਤ ਹੋ ਗਈ, 'ਯੂਜ਼ਫ ਜੁਲੈਖਾਂ' ਦੀਆਂ ਕਹਾਣੀਆਂ ਕੁਰਾਨ ਤੋਂ ਅਰਬੀ-ਫਾਰਸੀ ਸਾਹਿਤ ਵਿੱਚ ਧੜਾ ਧੜ, ਪੰਜਾਬੀ ਵਿਚ ਆਉਣ ਲਗ ਪਈਆਂ, ਆਧੁਨਿਕ ਕਾਲ ਵਿਚ ਹਿੰਦੂ ਕਿੱਸਾਕਾਰਾਂ ਨੇ ਅਧਿਆਤਮਕ ਪ੍ਰੇਮ ਦੀਆਂ ਭਾਰਤੀ ਕਹਾਣੀਆਂ ਕਿੱਸਾ ਰੂਪ ਵਿਚ ਨਜ਼ਮੀਆਂ। ਦਸਮ ਗ੍ਰੰਥ ਬੇਅੰਤ ਪ੍ਰੇਮ-ਕਹਾਣੀਆਂ ਦਾ ਸੋਮਾਂ ਹੈ। ਸੋ ਪੰਜਾਬੀ ਕਿੱਸਾ-ਕਾਵਿ ਦੇ ਸੋਮੇਂ ਦੋ ਹੀ ਹੋ ਸਕਦੇ ਹਨ। (1) ਪੰਜਾਬ ਵਿਚ ਵਾਪਰੀਆਂ ਪ੍ਰੇਮ ਕਹਾਣੀਆਂ (2) ਅਰਬੀ-ਫਾਰਸੀ ਵਿਚ ਆਈਆਂ ਪ੍ਰੇਮ-ਕਹਾਣੀਆਂ ਪਰ ਸ਼ਿੰਗਾਰ ਕਾਵਿ ਤੇ ਪ੍ਰੇਮ-ਕਥਾ ਕਾਵਿ ਦੀ ਰੀਤੀ ਉਤਨੀ ਹੀ ਭਾਰਤੀ ਹੈ ਜਿਤਨੀ ਫਾਰਸੀ ਦੀ ਜਾਂ ਕਿਸੇ ਹੋਰ ਸਾਹਿਤ ਦੀ।

ਜਿਵੇਂ ਪੰਜਾਬੀ ਅਧਿਆਤਮਕ ਕਵਿਤਾ ਲਹਿੰਦੀ ਪੰਜਾਬੀ ਵਿਚੋਂ ਅਰੰਭ ਹੋਈ ਤਿੰਵੇਂ ਹੀ ਪੰਜਾਬੀ ਸ਼ਿੰਗਾਰ ਤੇ ਪ੍ਰੇਮ ਕਾਵਿ ਵੀ ਲਹਿੰਦੀ ਉਪਭਾਖਾ ਨਾਲ ਅਰੰਭ ਹੋਇਆ। ਦਮੋਦਰ ਦੀ ਸ਼ੈਲੀ ਮੂਲ ਰੂਪ ਵਿਚ ਪੰਜਾਬੀ ਹੈ, ਸ਼ਬਦਾਵਲੀ ਪੰਜਾਬੀ ਤੇ ਅਲੰਕਾਰ ਰੋਜ਼ਾਨਾ ਪੰਜਾਬੀ ਜੀਵਨ ਦੇ ਤੇ ਛੰਦ ਮੌਲਿਕ ਪਰ ਉਹ ਫਾਰਸੀ ਦਾ ਜਾਣਕਾਰ ਸੀ ਤੇ ਭਾਰਤੀ ਤੇ ਪੰਜਾਬੀ ਅਧਿਆਤਮਕ ਸਾਹਿਤ ਦਾ ਵੀ। ਪੀਲੂ ਦੀ ਸ਼ੈਲੀ ਵੀ ਇਸੇ ਤੋਲ ਦੀ ਰਹੀ, ਉਹ ਮਾਝੇ ਦਾ ਜੱਟ ਸੀ। ਇਸ ਤੋਂ ਅਗੇ ਤੁਰ ਕੇ ਪੰਜਾਬੀ ਕਿੱਸਾ ਸ਼ੈਲੀ ਵਿਚ ਫਾਰਸੀ ਰੰਗ ਤੇ ਤਸ਼ਬੀਹਾਂ ਵਧਦੀਆਂ ਗਈਆਂ ਤੇ ਹੁਸਨ ਦਾ ਬਿਆਨ ਵਧੇਰੇ ਵਾਸ਼ਨਾਵਾਦੀ ਹੁੰਦਾ ਗਿਆ ਪਰ ਪਰਧਾਨ ਰੰਗ ਪੰਜਾਬੀ ਸ਼ਬਦਾਵਲੀ ਦਾ ਹੀ ਰਿਹਾ। ਅਹਿਮਦ ਨੇ ਪੰਜਾਬੀ ਕਿੱਸਾ ਪਰੰਪਰਾ ਨੂੰ ਨਿਰੋਲ ਪੰਜਾਬੀ ਟਕਸਾਲੀ ਛੰਦ 'ਬੈਂਤ' ਦੇ ਦਿਤਾ।

## (8) ਮੁਢਲੀ ਪੰਜਾਬੀ ਵਾਰਤਕ

ਹਰ ਬੋਲੀ ਦੀ ਵਾਰਤਕ ਸ਼ੈਲੀ ਤੇ ਸਦਾ ਵਿਕਾਸ ਵਿਚ ਰਹਿੰਦੀ ਹੈ। ਇਸ ਲਈ ਇਹ ਸ਼ੈਲੀ ਬੜੀ ਸੁਤੰਤਰ ਰੂਪ ਵਿਚ ਵੀ ਵਿਕਾਸ ਕਰਦੀ ਹੈ ਤੇ ਹਰ ਸਮੇਂ ਦੂਜਿਆਂ ਦੇਸ਼ਾਂ ਤੇ ਕੌਮਾਂ ਦੇ ਸਬੰਧਾਂ ਕਰ ਕੇ ਪ੍ਰਭਾਵਤ ਵੀ ਹੁੰਦੀ ਰਹਿੰਦੀ ਹੈ। ਪੰਜਾਬੀ ਵਾਰਤਕ ਸਿਧੀ ਪ੍ਰਾਕ੍ਰਿਤ ਵਾਰਤਕ ਸ਼ੈਲੀ ਦੀ ਵਾਰਸ ਹੈ ਪਰ ਇਸ ਵਿਚ ਸੰਸਕ੍ਰਿਤ ਦੇ ਗੁਣ ਵੀ ਤੁਰੇ ਆਉਂਦੇ ਹਨ। ਪੰਜਾਬੀ ਵਾਰਤਕ ਸ਼ੈਲੀ ਦਾ ਵਾਕ ਪ੍ਰਬੰਧ ਸੰਸਕ੍ਰਿਤ ਵਾਲਾ ਹੀ ਹੈ ਹੈ ਭਾਵੇਂ ਦੋਹਾਂ ਬੋਲੀਆਂ ਵਿਚ ਸੰਜੋਗਾਤਮਕਤਾ ਤੇ ਵਿਜੋਗਾਤਮਕਤਾ ਦਾ ਭੇਦ ਆ ਗਿਆ ਹੈ। ਬੁਨਿਆਦੀ ਤੌਰ ਤੇ ਪੰਜਾਬੀ ਦਾ ਵਿਆਕਰਣ ਸੰਸਕ੍ਰਿਤ ਵਿਆਕਰਣ ਹੀ ਹੈ। ਸੋ ਸਾਡੀ ਵਾਰਤਕ ਸ਼ੈਲੀ ਦਾ ਸੋਮਾਂ ਹਰ ਪਰਕਾਰ ਨਾਲ ਭਾਰਤੀ ਹੈ ਤੇ ਸੰਸਕ੍ਰਿਤ ਪ੍ਰਾਕ੍ਰਿਤ ਤੇ ਅਪਭ੍ਰੰਸ਼ ਦੇ ਰੂਪਾਂ ਵਿਚੋਂ ਲਗਾਤਾਰ ਚਾਲੇ ਇਹ ਸ਼ੈਲੀ ਵਿਕਾਸ ਕਰਦੀ ਰਹੀ ਹੈ। ਫਾਰਸੀ ਦੇ ਪ੍ਰਭਾਵ ਕਰ ਕੇ ਇਸ ਵਿਚ ਫ਼ਾਰਸੀ ਸ਼ਬਦਾਵਲੀ ਮੁਹਾਵਰਿਆਂ, ਤਸ਼ਬੀਹਾਂ ਦਾ ਵਾਧਾ ਹੋਇਆ ਹੈ ਪਰ ਆਮ ਕਰਕੇ ਫ਼ਾਰਸੀ ਸ਼ਬਦ ਤਦ-ਭਵ ਰੂਪ ਵਿਚ ਵਰਤੇ ਗਏ ਹਨ ਜੋ ਉਰਦੂ ਰਾਹੀਂ ਪੰਜਾਬੀ ਵਿਚ ਆਏ ਹਨ ਜਾਂ ਰੋਜ਼ਾਨਾ ਲੋਕਾਂ ਦੀ ਬੋਲਚਾਲ ਰਾਹੀਂ ਵਟਦੇ ਵਟਾਂਦੇ ਪੰਜਾਬੀ ਵਾਰਤਕ ਵਿਚ ਦਾਖਲ ਹੋਏ ਹਨ।

Digitized by Panjab Digital Library | www.panjabdigilib.org

ਮੁਢਲੇ ਪੰਜਾਬੀ ਸਾਹਿਤ ਵਿਚ ਦੋ ਪਰਕਾਰ ਦੀ ਵਾਰਤਕ ਉਪਜੀ ।

(1) ਇਤਿਹਾਸਕ ਵਾਰਤਕ ਜਿਸ ਵਿਚ ਸਾਖੀਆਂ, ਬਚਨ, ਪਰਚੀਆਂ ਤੇ ਗੋਸ਼ਟਾਂ ਸ਼ਾਮਲ ਹਨ । ਬਾਲੇ ਵਾਲੀ ਸਾਖੀ, ਮਿਹਰਬਾਨ ਦੀ ਸਾਖੀ, ਬਿਧੀ ਚੰਦ ਦੀ ਸਾਖੀ, ਪੁਰਾਤਨ ਜਨਮ ਸਾਖੀ, ਕਬੀਰ ਦੀ ਪਰਚੀ, ਨਾਮਦੇਵ ਦੀ ਪਰਚੀ ਤੇ ਜੋਗੀਆਂ ਦੀਆਂ ਗੁਰੂ ਨਾਨਕ ਦੇਵ ਜੀ ਦੀਆਂ, ਕਬੀਰ ਦੀਆਂ ਗੋਸ਼ਟਾਂ ਤੇ ਸੰਤਾਂ, ਪੀਰਾਂ, ਫਕੀਰਾਂ ਦੀਆਂ ਗੋਸ਼ਟਾਂ ਇਸ ਇਤਿਹਾਸਕ ਵਾਰਤਕ ਦਾ ਨਮੂਨਾ ਹਨ । ਇਨ੍ਹਾਂ ਸਾਖੀਆਂ ਤੇ ਗੋਸ਼ਟਾਂ ਵਿਚ ਜੋ ਬਚਨ ਗੁਰੂਆਂ, ਪੀਰਾਂ ਤੇ ਫਕੀਰਾਂ ਦੇ ਸਨ ਤੇ ਹੋਏ ਹਨ ਉਹ ਇਤਿਹਾਸਕ ਵੀ ਹਨ ਤੇ ਪਰਮਾਰਥਕ ਵੀ ।

(2) ਵਿਆਖਿਆਤਮਕ ਵਾਰਤਕ—ਜਿਸ ਵਿਚ ਟੀਕੇ, ਪਰਮਾਰਥ, ਗੋਸ਼ਟਾਂ ਤਰਜਮੇ ਤੇ ਹੋਰ ਸੰਸਕ੍ਰਿਤ ਤੇ ਫਾਰਸੀ ਗ੍ਰੰਥਾਂ ਤੇ ਆਧਾਰਤ ਰਚਨਾਵਾਂ ਹਨ । ਜਪੁਜੀ ਦੇ ਟੀਕੇ, ਸਿਧਗੋਸ਼ਟਿ ਤੇ ਹੋਰ ਬਾਣੀਆਂ ਦੇ ਟੀਕੇ, ਜਪੁ ਪਰਮਾਰਥ, ਉਪਨਿਸ਼ਦਾਂ, ਭਾਗਵਤਪੁਰਾਣਾਂ ਤੇ ਗੀਤਾ ਦੇ ਤਰਜਮੇ ਤੇ ਗੀਤਾ-ਸਾਰ, ਵੇਦਾਂਤ-ਸਾਰ ਲਵਕੁਸ਼ ਸੰਬਾਦ ਤੇ ਅੰਸ਼ ਫੁਰਨੇ ਕੇ ਫਲ ਆਦਿ ਪੁਸਤਕਾਂ ਸੰਸਕ੍ਰਿਤ ਗ੍ਰੰਥਾਂ ਤੇ ਆਧਾਰਤ ਰਚਨਾਵਾਂ ਹਨ ।

ਪੰਜਾਬੀ ਇਤਿਹਾਸਕਾਰੀ ਦਾ ਸੋਮਾਂ ਵਿਸ਼ੇਸ਼ ਕਰਕੇ ਪੁਰਾਣ ਹਨ ਤੇ ਪੰਜਾਬੀ ਇਤਿਹਾਸਕਾਰੀ ਦਾ ਸਿਧਾਂਤ ਨਿਰੋਲ ਭਾਰਤੀ ਤੇ ਸਾਂਸਕ੍ਰਿਤਕ ਹੈ । ਇਹ ਉਹ ਸਿਧਾਂਤ ਹੈ ਜਿਥੇ ਸਮੇਂ, ਸਥਾਨ ਤੇ ਕਾਰਨ-ਕਾਰਜ ਦੀਆਂ ਸਾਰੀਆਂ ਪਾਬੰਦੀਆਂ ਨਿਰਾਰਥਕ ਹਨ । ਕਬੀਰ, ਗੁਰੂ ਨਾਨਕ ਦੇਵ ਜੀ ਤੇ ਹੋਰ ਭਗਤ ਤੇ ਜੋਗੀ ਆਪਣੇ ਕਾਲ ਤੋਂ ਪੂਰਬ-ਕਾਲ ਦੇ ਭਗਤਾਂ ਨਾਲ ਵੀ ਗੋਸ਼ਟਾਂ ਕਰ ਸਕਦੇ ਹਨ ਤੇ ਦੂਰ ਭਵਿਖ ਵਿਚ ਵਾਪਰਨ ਵਾਲੀਆਂ ਘਟਨਾਵਾਂ ਦਾ ਵੀ ਪਤਾ ਦੇ ਸਕਦੇ ਹਨ, ਸਥਾਨ ਨੂੰ ਰਿੱਧੀਆਂ ਸਿੱਧੀਆਂ ਦੀ ਸਹਾਇਤਾ ਨਾਲ ਪਾਰ ਕਰ ਜਾਂਦੇ ਹਨ ਸੰਸਾਰ ਵਿਚ ਵੀ ਵਿਚਰਦੇ ਹਨ ਤੇ ਹੋਰ ਲੋਕ ਵਿਚ ਭਰਮਣ ਵੀ ਕਰਦੇ ਹਨ ਤੇ ਅਸਰੀਰੀ ਵੀ ਹੋ ਨਿਬੜਦੇ ਹਨ ਤੇ ਅਸਰੀਰੀਆਂ ਨਾਲ ਮੇਲ ਜੋਲ ਵੀ ਰਖਦੇ ਹਨ ਕਰਾਮਾਤਾਂ ਕਰਦੇ ਹਨ ਤੇ ਕਾਰਜ-ਕਾਰਨ ਦੀ ਪਾਬੰਦੀ ਤੋੜਦੇ ਹਨ । ਮੁਗਲਾਂ ਤੇ ਮੁਸਲਮਾਨਾਂ ਨੇ ਜੋ ਇਤਿਹਾਸ ਸਿਧਾਂਤ ਪੰਜਾਬ ਤੇ ਭਾਰਤ ਵਿਚ ਲਿਆਂਦਾ, ਉਹ ਇਹ ਨਹੀਂ ਸੀ, ਉਹ ਤੇ ਆਧੁਨਿਕ ਵਿਗਿਆਨਕ ਇਤਿਹਾਸ ਸਿਧਾਂਤ ਦੇ ਬਹੁਤ ਨੇੜੇ ਸੀ । ਪਰ ਪੰਜਾਬੀ ਜਨਮ ਸਾਖੀਆਂ ਤੇ ਪਰਚੀਆਂ ਦਾ ਇਤਿਹਾਸ ਸਿਧਾਂਤ ਤੇ ਪੁਰਾਣਾਂ ਵਾਲਾ ਭਾਰਤੀ ਸਿਧਾਂਤ ਸੀ । ਹਾਂ, ਗੁਰੂ ਨਾਨਕ ਦੇਵ ਜੀ ਦੀ ਸਾਖੀ ਲਿਖਦਿਆਂ, ਕਈ ਸਾਖੀਆਂ ਤੇ ਇਸਲਾਮੀ ਸਾਖੀਆਂ ਦੀ ਛਾਂ ਪੈ ਗਈ ਜਾਪਦੀ ਹੈ, ਜਿਵੇਂ 'ਵੇਈਂ ਨਦੀ' ਵਾਲੀ ਸਾਖੀ ਤੇ 'ਮਿਰਾਜ ਨਾਮੇ' ਦੀ । ਪਰ ਬਹੁਤੀਆਂ ਸਾਖੀਆਂ ਪੁਰਾਣਾਂ ਦੀਆਂ ਕਹਾਣੀਆਂ ਤੇ ਅਵਤਾਰਾਂ ਦੇ ਜੀਵਨ ਬਿਰਤਾਂਤਾਂ ਦੇ ਮੁਤਵਾਜ਼ੀ ਚਲਦੀਆਂ ਹਨ ਤੇ ਇਸਲਾਮੀ ਮੋਜਜ਼ਿਆਂ ਦੇ ਮੁਤਵਾਜ਼ੀ ਨਹੀਂ । ਇਹ ਅਵਤਾਰ ਹਨ, ਨਬੀ ਨਹੀਂ, ਇਹ ਮੁਢਲਾ ਫਰਕ ਹੈ । ਸੋ ਪੰਜਾਬੀ ਇਤਿਹਾਸ, ਸਿਧਾਂਤ, ਇਤਿਹਾਸ ਸਮੱਗਰੀ ਤੇ ਸ਼ੈਲੀ ਦਾ ਸੋਮਾਂ ਭਾਰਤੀ ਪੁਰਾਣ ਹਨ ।

ਵਿਆਖਿਆਤਮਕ ਵਾਰਤਕ ਦਾ ਆਧਾਰ ਵੀ ਨਿਰੋਲ ਭਾਰਤੀ ਹੈ । ਸ਼ੰਕਰ ਨੇ ਟੀਕੇ ਲਿਖੇ ਰਾਮਾਨੁਜ ਨੇ ਟੀਕੇ ਲਿਖੇ ਤੇ ਸਾਰੇ ਸੂਤਰਾਂ ਤੇ ਟੀਕੇ ਲਿਖ ਕੇ ਹੀ ਛੇ ਸ਼ਾਸਤਰ ਬਣਾਏ ਗਏ ਹਨ । ਵੇਦ ਮੰਤ੍ਰਾਂ ਤੇ ਸੰਸਕ੍ਰਿਤ ਸਲੋਕਾਂ ਦੀ ਵਿਆਖਿਆ ਦਾ ਰਿਵਾਜ ਪੁਰਾਤਨ ਹੈ । ਕਥਾ ਤਾਂ ਢੇਰ ਪੁਰਾਤਨ ਹੈ

Digitized by Panjab Digital Library | www.panjabdigilib.org

ਤੇ ਰਵਾਇਤੀ ਰੂਪ ਵਿਚ ਹੀ ਹੁਣ ਤੀਕ ਮੰਦਰਾਂ ਤੇ ਗੁਰਦੁਆਰਿਆਂ ਵਿਚ ਚਲ ਰਹੀ ਹੈ। ਪੁਰਾਣਾਂ ਵਿਚ ਵੇਦ ਬਾਣੀ ਦੀਆਂ ਤੁਕਾਂ ਵੀ ਹਨ, ਉਨ੍ਹਾਂ ਦੀ ਵਿਆਖਿਆ ਹੈ, ਕਹਾਣੀ ਵੀ ਹੈ, ਨਾਟਕ ਵੀ ਹੈ, ਗੋਸ਼ਟ ਵੀ ਹੈ।

ਤਰਜਮਿਆਂ ਦੀ ਵਾਰਤਕ ਮੂਲ ਸ਼ੈਲੀ ਰੂਪ ਵਿਚ ਪ੍ਰਾਕ੍ਰਿਤ ਜਾਂ ਪੰਜਾਬੀ ਹੈ ਪਰ ਜਿਥੇ ਤਰਜਮਾ ਸੰਸਕ੍ਰਿਤ ਤੋਂ ਹੈ ਉਥੇ ਉਲਥੇ ਵਿਚ ਸੰਸਕ੍ਰਿਤ ਤੇ ਪ੍ਰਾਕ੍ਰਿਤ ਸ਼ਬਦਾਵਲੀ ਵਧ ਹੈ ਤੇ ਜਿਥੇ ਅਰਬੀ-ਫ਼ਾਰਸੀ ਵਿਚ ਹੈ, ਉਥੇ ਅਰਬੀ ਫ਼ਾਰਸੀ ਸ਼ਬਦਾਵਲੀ ਵਧ ਹੈ। ਫਿਰ ਟੀਕਾ ਕਰਨ ਵਾਲੇ ਤੇ ਬਹੁਤ ਕੁਝ ਆਧਾਰਤ ਹੈ। ਅੱਡਣ ਸ਼ਾਹ ਦੇ ਪਾਰਸ ਭਾਗ ਵਿਚ ਸ਼ਬਦਾਵਲੀ ਵਧੇਰੇ ਪ੍ਰਕਿਤ ਪੰਜਾਬੀ ਹੈ ਭਾਵੇਂ ਟੀਕਾ ਫਾਰਸੀ ਵਿਚੋਂ ਕੀਤਾ ਜਾ ਰਿਹਾ ਹੈ, ਜਿਥੇ ਮੁਸਲਮਾਨ ਟੀਕਾਕਾਰ ਹੈ ਜਾਂ ਲੇਖਕ ਜਿਵੇਂ 'ਪਕੀ ਰੋਟੀ' ਤੇ ਮੁਸਲਮਾਨੀ ਰਿਸਾਲਿਆਂ ਵਿਚੋਂ ਹੈ, ਉਥੇ ਅਰਬੀ ਫ਼ਾਰਸੀ ਸ਼ਬਦਾਂ ਦੀ ਭਰਮਾਰ ਹੈ 'ਗੀਤਾ ਛਜੂ' ਵਿਚ ਸੰਸਕ੍ਰਿਤ ਦਾ ਜ਼ੋਰ ਹੈ। 'ਪ੍ਰੇਮ ਸਮਾਰਗ' ਤੇ ਹੋਰ ਮੌਲਿਕ ਰਚਨਾਵਾਂ ਵਿਚ ਪੰਜਾਬੀ ਬੋਲੀ ਹੈ ਪਰ ਸੰਸਕ੍ਰਿਤ ਪ੍ਰਾਕ੍ਰਿਤ ਦੇ ਸ਼ਬਦ ਵੀ ਉਨ੍ਹਾਂ ਵਿਚ ਹਨ।

## (9) ਆਧੁਨਿਕ ਸਾਹਿਤ

1708 ਤੋਂ 1882 ਤੀਕ ਪੰਜਾਬੀ ਸਾਹਿਤ ਉਸੇ ਪਰੰਪਰਾ ਵਿਚ ਚਲਦਾ ਰਿਹਾ ਜੋ 1708 ਤੀਕ ਕਾਇਮ ਹੋ ਚੁਕੀ ਸੀ ਜਿਸ ਦੇ ਵਿਚਾਰਾਂ ਵਿਚ ਪਰਧਾਨ ਤਤ ਭਾਰਤੀ ਸੀ ਤੇ ਥੋੜਾ ਜਿੰਨਾ ਇਸਲਾਮੀ ਤੇ ਮਨੁਖਵਾਦੀ ਸੀ ਜਿਸ ਦੀ ਸ਼ੈਲੀ ਪਰਧਾਨ ਤੌਰ ਤੇ ਭਾਰਤੀ ਤੇ ਪੰਜਾਬੀ ਸੀ ਤੇ ਜਿਸ ਵਿਚ ਥੋੜ੍ਹਾ ਜਿੰਨਾ ਅਰਬੀ ਫ਼ਾਰਸੀ ਦਾ ਰਲਾ ਸੀ, ਤੇ ਜਿਸ ਦੇ ਸਾਹਿਤਕ ਰੂਪ ਪਰਧਾਨ ਤੌਰ ਤੇ ਪੰਜਾਬੀ ਸਨ ਜੋ ਥੋੜੇ ਜਿਹੇ ਫ਼ਾਰਸੀ ਰੂਪਾਂ ਤੋਂ ਪ੍ਰਭਾਵਤ ਸੀ। 1882 ਤੀਕ ਵਿਚਾਰਾਂ, ਸ਼ੈਲੀ, ਸਾਹਿਤ-ਰੂਪਾਂ ਆਦਿ ਵਿਚ ਕੋਈ ਨਿਸ਼ਚਿਤ ਪਰੀਵਰਤਨ ਨਹੀਂ ਹੋਇਆ, ਕਿੱਸੇ ਹੀ ਇਸ ਕਾਲ ਦਾ ਸਾਹਿਤਕ ਰੂਪ ਰਹੇ ਤੇ ਇਹ ਸਾਹਿਤ ਵਧੇਰੇ ਮੁਸਲਮਾਨ ਲੇਖਕਾਂ ਦੀ ਉਪਜ ਹੈ, ਇਸ ਲਈ ਇਸ ਵਿਚ ਇਸਲਾਮੀ ਕਹਾਣੀ ਤੱਤ ਤੇ ਫ਼ਾਰਸੀ ਸ਼ੈਲੀ ਸ਼ਬਦਾਵਲੀ ਵਧਦੀ ਗਈ ਹੈ। ਪਰ ਕੋਈ ਵਿਸ਼ੇਸ਼ ਨਵਾਂ ਸਾਹਿਤਕ ਤਜਰਬਾ ਇਸ ਕਾਲ ਵਿਚ ਨਹੀਂ ਹੋਇਆ।

1882 ਤੋਂ ਮਗਰੋਂ ਅੰਗ੍ਰੇਜ਼ੀ ਸਾਹਿਤ ਦੇ ਪ੍ਰਭਾਵ ਥਲੇ ਪੰਜਾਬੀ ਸਾਹਿਤਕ ਪਰੰਪਰਾ ਵਿਚ ਪਰੀਵਰਤਨ ਹੋਣ ਲਗਾ। ਪਰ ਇਹ ਪਰੀਵਰਤਨ ਵੀ ਸਾਹਿਤਕ ਸਮਿਗਰੀ ਭਾਵ ਸਾਹਿਤ ਵਿਚ ਪ੍ਰਗਟਾਏ ਵਿਚਾਰਾਂ ਵਿਚ ਨਹੀਂ ਹੋਇਆ ਸਗੋਂ ਸ਼ੈਲੀ ਤੇ ਸਾਹਿਤਕ ਰੂਪਾਂ ਵਿਚ ਹੋਇਆ ਹੈ। ਅੰਗ੍ਰੇਜ਼ੀ ਸਾਹਿਤ ਵਿਚੋਂ ਕੋਈ ਮੂਲ ਵਿਚਾਰ ਪੰਜਾਬੀ ਸਾਹਿਤ ਵਿਚ ਨਹੀਂ ਆਇਆ ਤੇ ਵਿਚਾਰ ਹੀ ਸਾਹਿਤ ਦੀ ਅਸਲੀਅਤ ਹਨ। ਅੰਗ੍ਰੇਜ਼ੀ ਸਾਹਿਤ ਨਾਲ ਪੰਜਾਬੀ ਕਲਾਕਾਰ ਵਿਚ ਕਲਾ ਦੀ ਚੇਤੰਨਤਾ ਆਈ ਹੈ, ਇਸ ਦੀ ਸੋਹਜਵਾਦੀ ਲੋੜ ਦਾ ਅਨੁਭਵ ਹੋਇਆ ਹੈ ਤੇ ਇਸ ਨੂੰ ਇਕ ਸੁਤੰਤਰ ਕਿਰਤ ਮੰਨਿਆ ਗਿਆ ਹੈ ਨਾ ਕਿ ਨਰੋਲ ਪਰਚਾਰ ਦਾ ਵਸੀਲਾ। ਪੰਜਾਬੀ ਸਾਹਿਤ ਦੇ ਆਕਾਰ ਵਿਚ ਵਾਧਾ ਕਰਨ ਦੀ ਚੇਸ਼ਟਾ ਅੰਗਰੇਜ਼ੀ ਸਾਹਿਤ ਨੇ ਪੈਦਾ ਕੀਤੀ ਹੈ। ਨਾਵਲ, ਨਾਟਕ, ਕਹਾਣੀ, ਇਕਾਂਗੀ, ਨਿਬੰਧ, ਸਫਰਨਾਮੇਂ ਆਦਿ ਦੇ ਸਾਹਿਤਕ ਰੂਪ ਅੰਗਰੇਜ਼ੀ ਸਾਹਿਤ ਦੀ ਪਰੇਰਨਾ ਨਾਲ ਪੰਜਾਬੀ ਵਿਚ ਆਏ ਹਨ। ਪਰ ਅੰਗਰੇਜ਼ੀ ਸਭਿਅਤਾ, ਸਭਿਆਚਾਰ, ਧਰਮ ਆਦਿ ਦੇ ਕੋਈ ਵਿਚਾਰ ਅੰਗਰੇਜ਼ੀ ਵਿਚੋਂ ਪੰਜਾਬੀ ਵਿਚ ਨਹੀਂ ਆਏ।

Digitized by Panjab Digital Library | www.panjabdigilib.org

ਮਨੁਖਵਾਦ ਤੇ ਸਮਾਜਵਾਦ ਦੇ ਵਿਚਾਰ ਭਾਰਤੀ ਸਾਹਿਤ ਵਿਚ ਘੱਟ ਨਹੀਂ ਸਨ ਪਰ ਅਤੇਤ ਰੂਪ ਵਿਚ ਸਨ ਬਹੁਤ ਪਰਤਖ ਰੂਪ ਵਿਚ ਨਹੀਂ ਸਨ, ਅੰਗਰੇਜ਼ੀ ਸਾਹਿਤ ਦੇ ਪਰਭਾਵ ਨਾਲ ਇਹ ਉਘੜ ਆਏ ਤੇ ਚੇਤੰਨ ਰੂਪ ਵਿਚ ਪੰਜਾਬੀ ਸਾਹਿਤ ਵਿਚ ਆ ਗਏ। ਅਗਾਂਹ ਵਧੂ ਵਿਚਾਰ ਕੋਈ ਭਾਰਤ ਲਈ ਨਵੇਂ ਵਿਚਾਰ ਨਹੀਂ ਕੇਵਲ ਪਰਾਇਆ ਗੁੜ ਵਧੇਰੇ ਮਿਠਾ ਲਗ ਰਿਹਾ ਹੈ। ਇਹਨਾਂ ਅਗਾਂਹ ਵਧੂ ਵਿਚਾਰਾਂ ਨੂੰ ਸਾਹਿਤ ਵਿਚ ਚੇਤੰਨ ਰਪ ਵਿਚ ਪ੍ਰਗਟ ਕਰਨ ਦੀ ਰੁਚੀ ਪੱਛਮੀ ਹੈ। ਪਰ ਇਹ ਵਿਚਾਰ ਪੱਛਮੀ ਨਹੀਂ ਇਹ ਤੇ ਮਨੁਖਤਾ ਦੇ ਬੁਨਿਆਦੀ ਵਿਚਾਰ ਹਨ।

ਪੰਜਾਬੀ ਲਿਖਣ ਸ਼ੈਲੀ ਨੇ ਅੰਗੇਜ਼ੀ ਪਭਾਵ ਹਰ ਪੱਖ ਵਿਚ ਗ੍ਰਹਿਣ ਕੀਤਾ ਹੈ ਪਰ ਸ਼ਬਦਾਵਲੀ ਵਿਚ ਬਹੁਤ ਘੱਟ, ਐਨ ਫਾਰਸੀ ਪ੍ਰਭਾਵ ਦੇ ਉਲਟ ਅੰਗਰੇਜ਼ੀ ਅਲੰਕਾਰ, ਬਿੰਬਾਵਲੀ ਤੇ ਕਿਸੇ ਤਰ੍ਹਾਂ ਵੀ ਪੰਜਾਬੀ ਸਾਹਿਤ ਵਿਚ ਨਹੀਂ ਆ ਸਕੇ।

ਪੰਜਾਬੀ ਦੇ ਪਰਮੁਖ ਆਧੁਨਿਕ ਕਲਾਕਾਰ ਭਾਈ ਵੀਰ ਸਿੰਘ, ਧਨੀ ਰਾਮ ਚਾਤ੍ਰਿਕ, ਪੂਰਨ ਸਿੰਘ ਵਿਚਾਰਾਂ ਵਿਚ ਨਿਰੋਲ ਭਾਰਤੀ ਤੇ ਪੰਜਾਬੀ ਹਨ। ਮੋਹਨ ਸਿੰਘ ਵਿਚ ਕੁਝ ਰੰਗਤ ਫਾਰਸੀ ਦੀ ਹੈ ਪਰ ਉਸ ਦਾ ਮੂਲ ਰੂਪ ਭਾਰਤੀ ਤੇ ਪੰਜਾਬੀ ਹੈ। ਨਾਨਕ ਸਿੰਘ ਸ਼ੁਧ ਪੰਜਾਬੀ ਹੈ, ਵਿਚਾਰਾਂ ਵਿਚ ਵੀ ਤੇ ਸ਼ੈਲੀ ਵਿਚ ਵੀ। ਗੁਰਬਖਸ਼ ਸਿੰਘ ਸ਼ੁਧ ਪੰਜਾਬੀ ਪੱਛਮੀ ਮਨੁਖਵਾਦ ਤੇ ਸਮਾਜਵਾਦ ਤੋਂ ਪ੍ਰਭਾਵਤ ਹੈ ਪਰ ਇਹ ਵਿਚਾਰ ਕਿਸੇ ਤਰ੍ਹਾਂ ਭਾਰਤੀ ਲਈ ਓਪਰੇ ਤੇ ਨਵੇਂ ਨਹੀਂ। ਹੁਣ ਦੇ ਕਲਾਕਾਰ ਪ੍ਰੀਤਮ ਸਿੰਘ ਸਫੀਰ, ਅੰਮ੍ਰਿਤਾ ਪ੍ਰੀਤਮ, ਮੇਜਰ ਗੁਲੇਰੀਆ, ਜਸਵੰਤ ਸਿੰਘ ਨੇਕੀ ਆਦਿ ਨਿਰੋਲ ਪੰਜਾਬੀ ਵਿਚਾਰਾਂ ਤੇ ਆਧਾਰਤ ਹਨ ਭਾਵੇਂ ਵਿਗਿਆਨ ਤੇ ਅੰਤਰ ਰਾਸ਼ਟ੍ਰੀ ਰੁਚੀਆਂ ਨੇ ਉਨ੍ਹਾਂ ਨੂੰ ਪ੍ਰਭਾਵਤ ਕੀਤਾ ਹੋਇਆ ਹੈ। ਵੇਖਣਾ ਤੇ ਵਿਚਾਰਾਂ ਦਾ ਮੂਲ ਰੂਪ ਹੈ। ਅਵਤਾਰ ਸਿੰਘ ਅਜ਼ਾਦ ਨਰੋਲ ਪੰਜਾਬੀ ਇਤਿਹਾਸ ਨੂੰ ਮਹਾਂ-ਕਾਵਿ ਦਾ ਰੂਪ ਦੇਂਦਾ ਹੈ। ਸੰਤ ਸਿੰਘ ਸੇਖੋਂ, ਬਲਵੰਤ ਗਾਰਗੀ ਤੇ ਸੁਜਾਨ ਸਿੰਘ ਆਪਣੇ ਨਾਟਕਾਂ ਤੇ ਕਹਾਣੀਆਂ ਵਿਚ ਅਗਾਂਹ ਵਧੂ ਹਨ। ਉਹ ਪ੍ਰਭਾਵਤ ਤੇ ਰੂਸੀ ਵਿਚਾਰਾਂ ਤੋਂ ਹੋਏ ਹਨ ਪਰ ਇਹ ਵਿਚਾਰ ਸਰਬ ਸਾਂਝੇ ਹਨ। ਹਾਂ ਪੱਛਮੀ ਵਿਗਿਆਨਕ ਮਨੋਵਿਗਿਆਨਕ ਤੇ ਆਰਥਕ ਵਿਚਾਰਾਂ ਨੂੰ ਆਧੁਨਿਕ ਕਲਾਕਾਰਾਂ ਨੇ ਆਪਣੀਆਂ ਰਚਨਾਵਾਂ ਵਿਚ ਟਾਂਕਿਆ ਹੈ।

## (10) ਸਾਰ

ਇਸ ਨਿਬੰਧ ਵਿਚ ਹੁਣ ਤੀਕ ਕੀਤੀ ਵਿਚਾਰ ਤੋਂ ਸਹਿਜੇ ਹੀ ਨਿਮਨ ਲਿਖਤ ਸਿੱਟੇ ਨਿਕਲ ਸਕਦੇ ਹਨ।

(1) ਮੁਢਲਾ ਪੰਜਾਬੀ ਸਾਹਿਤ ਅਧਿਆਤਮਕ, ਧਾਰਮਿਕ ਤੇ ਸਦਾਚਾਰਕ ਕਵਿਤਾ ਦਾ ਸਾਹਿਤ ਹੈ ਜੋ ਜੋਗੀਆਂ, ਫਰੀਦ, ਸਿੱਖ ਗੁਰੂਆਂ ਤੇ ਸੂਫੀਆਂ, ਭਗਤਾਂ, ਪੀਰਾਂ, ਫਕੀਰਾਂ ਨੇ ਰਲ ਕੇ ਰਚਿਆ ਹੈ। ਇਹ ਸਭ ਅਨੁਭਵੀ ਲੋਕ ਸਨ ਜਿਨ੍ਹਾਂ ਨੂੰ ਗਿਆਨ ਪਰਾਪਤ ਸੀ।

(2) ਇਸ ਸਾਰੇ ਸਾਹਿਤ ਤੇ ਮੁਸਲਮਾਨ ਸਦਾਚਾਰ ਦਾ ਪ੍ਰਭਾਵ ਤੇ ਹੈ ਪਰ ਇਸ ਦੇ ਸਾਰੇ ਦਾਰਸ਼ਨਕ ਵਿਚਾਰ ਭਾਰਤੀ ਹਨ ਜੋ ਵੇਦਾਂ ਵਿਚੋਂ ਲਏ ਗਏ ਹਨ। ਇਸ ਕਵਿਤਾ ਦੇ ਧਾਰਮਕ ਤੇ ਸ਼ਰਾ ਸ਼ਰੀਅਤ ਦੇ ਪੱਖ ਵਿਚ ਭਾਰਤੀ ਧਰਮ ਤੇ ਕਰਮਕਾਂਡ ਦਾ ਮੁਸਲਮਾਨੀ ਮਜ਼ਬੀ ਰੀਤੀ ਤੇ ਸ਼ਰ੍ਹਾ ਨਾਲ ਸੁਮੇਲ ਹੈ ਤੇ ਸਮਾਜਕ ਤੇ ਮਨੁੱਖੀ ਸਦਾਚਾਰਕ ਪੱਖ ਇਕ ਸਾਂਝਾ ਜਿਹਾ ਸਦਾਚਾਰ ਉਘਾੜਿਆ

Digitized by Panjab Digital Library | www.panjabdigilib.org

ਗਿਆ ਹੈ । ਮੂਲ ਚੀਜ਼ ਦਾਰਸ਼ਨਕ ਸਿਧਾਂਤ ਹਨ ਜੋ ਸੂਫ਼ੀਆਂ ਨੇ ਵੀ ਭਾਰਤ ਵਿਚੋਂ ਹੀ ਅਪਣਾਏ ਹਨ ।

(3) ਇਸ ਸਾਹਿਤ ਲਈ ਕਾਵਿ-ਰੂਪ ਭਾਰਤੀ ਪਰੰਪਰਾਈ ਹੀ ਵਰਤੇ ਗਏ ਹਨ ਜਾਂ ਲੋਕ ਸਾਹਿਤ ਵਿਚੋਂ ਉਨ੍ਹਾਂ ਦੀ ਪਰੇਰਨਾ ਲਈ ਗਈ ਹੈ, ਬਿਦੇਸ਼ੀ ਕਾਵਿ-ਰੂਪ ਜਾਂ ਛੰਦ ਬਹੁਤ ਹੀ ਘੱਟ ਹਨ ।

(4) ਇਸ ਸਾਹਿਤ ਦੀ ਸ਼ੈਲੀ ਮੂਲ ਰੂਪ ਵਿਚ ਪੰਜਾਬੀ ਅਪਭ੍ਰਸ਼ ਸੰਤ ਭਾਖਾ ਦੀ ਹੈ ਜਿਸ ਵਿਚ ਸੰਸਕ੍ਰਿਤ ਪ੍ਰਕ੍ਰਿਤ ਦੇ ਸ਼ਬਦ ਸਿਧਾਂਤਕ ਸ਼ਬਦਾਵਲੀ ਉਪਸਥਿਤ ਹਨ ਤੇ ਹੌਲੀ ਹੌਲੀ ਫ਼ਾਰਸੀ ਅਰਬੀ ਸ਼ਬਦ ਵੀ ਜਿਸ ਵਿਚ ਦਾਖਲ ਹੁੰਦੇ ਗਏ ਹਨ । ਰਹੱਸਵਾਦੀ ਬਿੰਬਾਵਲੀ ਮੂਲ ਰੂਪ ਵਿਚ ਭਾਰਤੀ ਹੈ ਤੇ ਮਿਥਿਹਾਸਕ ਚਿੰਨਵਾਦ ਆਮ ਕਰਕੇ ਭਾਰਤੀ ਤੇ ਕਿਤੇ ਕਿਤੇ ਇਸਲਾਮੀ । ਰੂਪਕ ਅਤੇ ਉਪਮਾਵਾਂ ਆਮ ਕਰਕੇ ਪਰੰਪਰਾਈ ਤੇ ਭਾਰਤੀ ਹਨ ਪਰ ਸੂਫ਼ੀਆਂ ਤੇ ਭਗਤਾਂ ਵਿਚ ਗ੍ਰਾਮੀਨ, ਮੋਟੇ, ਠੁਲ੍ਹੇ ਤੇ ਅਤਿ ਸਾਧਾਰਨ ਵੀ ਹਨ ।

(5) ਮੁਢਲਾ ਕਿੱਸਾ-ਕਾਵਿ ਸਾਹਿਤ ਹਰ ਰੂਪ ਵਿਚ ਠੇਠ ਪੰਜਾਬੀ ਹੈ ਜਿਸਦੀ ਪਰੇਰਨਾ ਮਨੁਖੀ ਸੁਭਾ ਤੇ ਫ਼ਾਰਸੀ ਕਵਿਤਾ ਵਿਚ ਹੈ ਤੇ ਜਿਸ ਦਾ ਰੂਪਕ ਪਖ ਭਾਰਤ ਦੇ ਪੁਰਾਤਨ ਸਾਹਿਤ ਵਿਚ ਵੀ ਪੂਰੀ ਤਰ੍ਹਾਂ ਉਘੜਿਆ ਹੋਇਆ ਸੀ । ਪ੍ਰੇਮ-ਕਹਾਣੀਆਂ ਇਸ ਸਾਹਿਤ ਨੇ ਹਰ ਦੇਸ਼ ਦੀਆਂ ਵਿਸ਼ੇਸ਼ ਕਰਕੇ ਮੁਸਲਮਾਨੀ ਅਪਣਾਈਆਂ ਹਨ ।

(6) ਮੁਢਲਾ ਵਾਰਤਕ ਸਾਹਿਤ ਇਤਿਹਾਸਕ ਜਾਂ ਵਿਆਖਿਆਤਮਕ ਹੈ ਜਿਸ ਦੇ ਸਿਧਾਂਤ, ਰੂਪ ਤੇ ਸ਼ੈਲੀ ਨਿਰੋਲ ਭਾਰਤੀ ਹਨ । ਪੰਜਾਬੀ ਵਾਰਤਕ ਵਿਚ ਕੇਵਲ ਫ਼ਾਰਸੀ ਦੇ ਸ਼ਬਦ ਤਤਸਮ ਜਾਂ ਤਦਭਵ ਰੂਪ ਵਿਚ ਆ ਸਕੇ ਹਨ ਪਰ ਇਸ ਦਾ ਵਾਕ ਪ੍ਰਬੰਧ, ਵਿਆਕਰਣਕ ਰੂਪ ਤੇ ਮੁਹਾਵਰਾ ਨਿਰੋਲ ਪੰਜਾਬੀ ਤੇ ਭਾਰਤੀ ਹਨ ।

Digitized by Panjab Digital Library | www.panjabdigilib.org

## (11) ਪੁਸਤਕ ਸੂਚੀ


1. A History of Sanskrit Literature—A. B. Keith.
2. ਸੰਸਕ੍ਰਿਤ ਸਾਹਿਤ ਕਾ ਇਤਿਹਾਸ—ਹੰਸ ਰਾਜ ਅਗਰਵਾਲ ।
3. ਹਿੰਦੀ ਸਾਹਿਤ ਕਾ ਇਤਿਹਾਸ—ਰਾਮ ਕੁਮਾਰ ਸ਼ੁਕਲ ।
4. Introduction to Prakrit—A. C. Woolner.
5. ਪੰਜਾਬੀ ਸਾਹਿਤ ਦੀ ਇਤਿਹਾਸ ਰੇਖਾ—ਡਾ: ਮੋਹਣ ਸਿੰਘ ।
6. ਪੰਜਾਬੀ ਅਦਬ ਦੀ ਮੁਖ਼ਤਸਰ ਤਾਰੀਖ—ਡਾ: ਮੋਹਨ ਸਿੰਘ ।
7. A Literary History of Parsia—E. G. Browne.
8. Indian Philosophy Vols. I and II—Radha Krishnan,
9. Sacred B oks of the E ist—Max Muller.
10. Cultural Haritage of I dia—Rama Krishna Mission.
11. History of the Punjab—Latif.
12. B gwat Gita—Radha Krishnan.
13. ਪੰਜਾਬੀ ਉਤੇ ਹੋਰ ਭਾਸ਼ਾਵਾਂ ਦਾ ਪ੍ਰਭਾਵ, ਮਹਿਕਮਾ ਪੰਜਾਬੀ, ਪਟਿਆਲਾ ।
14. Baisakhi of Guru Gobind Singh—Kapur Singh.
15. ਗੁਰਬਾਣੀ ਵਿਆਕਰਣ—ਪ੍ਰੋ: ਸਾਹਿਬ ਸਿੰਘ ।
16. High r Sanskrit Grammar—ale,
17. ਗੁਰਮਤਿ ਨਿਰਣੇ—ਭਾਈ ਜੋਧ ਸਿੰਘ ।


Digitized by Panjab Digital Library | www.panjabdigilib.org

# ਮੱਧ ਕਾਲੀਨ ਪੰਜਾਬੀ ਕਵਿਤਾ ਵਿਚ ਦਾਰਸ਼ਨਕ ਅੰਸ਼

(1)

ਸਾਡੇ ਸਾਰੇ ਵਿਚਾਰ, ਭਾਵ ਤੇ ਕਰਮ ਭਾਵੇਂ ਕਿਤਨੇ ਹੀ ਸੂਖਮ ਤੋਂ ਸੂਖਮ ਕਿਉਂ ਨਾ ਹੋਣ ਤੇ ਉਹ ਭਾਵੇਂ ਕਿਤਨੇ ਹੀ ਅੰਤਰਮੁਖੀ ਕਿਉਂ ਨਾ ਜਾਪਣ, ਉਹ ਸਾਰੇ ਦੇ ਸਾਰੇ ਹੀ ਚੁਗਿਰਦੇ ਤੋਂ ਉਪਜੇ ਹੁੰਦੇ ਹਨ। ਜਾਣੀ ਕਿ ਇਨ੍ਹਾਂ ਸਭ ਦਾ ਉਦਭਾਵਕ ਕਿਸੇ ਨਾ ਕਿਸੇ ਰੂਪ ਵਿਚ ਚੁਗਿਰਦਾ ਹੁੰਦਾ ਹੈ। ਸਾਡੇ ਅੰਦਰ ਦਾ ਜਦੋਂ ਬਾਹਰ ਨਾਲ ਸੰਬੰਧ ਬਣਦਾ ਹੈ, ਜਾਂ ਕਹੋ ਕਿ ਜਦੋਂ ਸਾਥੋਂ ਬਾਹਰ ਦਾ ਸੰਸਾਰ ਸਾਡੇ ਨਾਲ ਸੰਬੰਧਤ ਹੁੰਦਾ ਹੈ ਤਾਂ ਸਾਡਾ ਅੰਤਰ-ਆਤਮਾ ਹਰਕਤ ਵਿਚ ਆਉਂਦਾ ਹੈ। ਓਸ ਹਰਕਤ ਦਾ ਸਿੱਟਾ, ਦੂਰੋਂ ਨੇੜਿਓਂ ਹੋ ਕੇ, ਸਾਡੇ ਵਿਚਾਰ, ਭਾਵ ਤੇ ਕਰਮ ਹੁੰਦੇ ਹਨ।

ਮੈਂ ਏਸ ਵਿਚਾਰ-ਪਰਵਾਹ ਦੇ ਕਾਰਣ-ਕਾਰਜ ਦੇ ਅਮਲ ਨੂੰ ਜ਼ਰਾ ਵਿਸਥਾਰ ਨਾਲ ਨਿਖੇੜਨਾ ਤੇ ਇਸ ਦੀ ਵਿਆਖਿਆ ਕਰਨਾ ਚਾਹੁੰਦਾ ਹਾਂ ਤਾਂ ਜੋ ਪਾਠਕਾਂ-ਸ੍ਰੋਤਿਆਂ ਨੂੰ ਦਾਰਸ਼ਨਕ ਵਿਚਾਰਾਂ ਦੀ ਠੀਕ ਰੂਪ ਸਮਝ ਵਿਚ ਆ ਜਾਵੇ ਤੇ ਫੇਰ ਉਹ ਆਪ ਹੀ ਇਨ੍ਹਾਂ ਵਿਚਾਰਾਂ ਦੀ ਠੀਕ ਥਾਂ ਕਵਿਤਾ ਜਾਂ ਵਾਰਤਕ ਵਿਚ ਲਭ ਸਕਣ। ਮੈਂ ਇਕ ਹੋਰ ਥਾਂ ਆਲੋਚਨਕ ਪਰਕਰਣ* ਵਿਚ ਜੀਵ ਤੇ ਚੁਗਿਰਦੇ ਦੇ ਸੰਬੰਧ ਨੂੰ ਆਪੇ ਤੇ ਅਣ ਆਪੇ ਦਾ ਸੰਬੰਧ ਦਸਿਆ ਹੈ ਆਪੇ ਤੋਂ ਭਾਵ ਸਾਡਾ ਚੇਤਨ ਮਨ ਜਾਂ ਅੰਤਰ-ਆਤਮਾ ਹੈ ਤੇ ਅਣ-ਆਪੇ ਤੋਂ ਮੇਰਾ ਮਤਲਬ ਸੂਰਜ, ਚੰਨ, ਧਰਤੀ, ਆਕਾਸ਼, ਪਉਣ, ਪਾਣੀ, ਘਰ ਘਾਟ, ਮਾਂ ਪਿਉ, ਭੈਣ ਭਰਾ, ਕਪੜੇ ਲੱਤੇ, ਕਾਗਜ਼ ਕਲਮ, ਸ਼ਰੀਰ, ਹੱਡ ਮਾਸ ਤੇ ਲਹੂ ਚਰਬੀ ਆਦਿ ਸਭ ਕੁਝ ਹਨ। ਮੈਂ ਆਪਾ ਹੈ ਤੇ ਮੇਰਾ ਅਣਾਪਾ ਹੈ। ਮੈਂ ਤੇ ਮੇਰੇ ਜਾਂ ਆਪੇ ਤੇ ਅਣਾਪੇ ਦਾ ਸੰਬੰਧ-ਫਲ ਜੀਵਨ ਹੈ। ਪ੍ਰੇਮੀ ਤੇ ਪ੍ਰੇਮਕਾ ਆਪੋ ਵਿਚੀ ਗੱਲ ਕਹਿਣ ਸੁਣਨ, ਚੁਹਲ ਮੁਹਲ ਕਰਨ, ਰੰਗ-ਰਲੀਆਂ ਮਨਾਉਣ ਤਾਂ ਪ੍ਰੇਮ ਪ੍ਰਕਾਸ਼ ਕਰਦਾ ਹੈ ਤੇ ਜੇ—

**ਪੱਥਰ ਨਾਲ ਨੇਹੁੰ ਲਾ ਬੈਠੀ**
**ਨਾ ਹੱਸੇ ਨਾ ਬੋਲੇ !**

ਤਾਂ ਫੇਰ ਕੋਈ ਜੀਵਨ-ਚਿੰਨ੍ਹ ਪ੍ਰਗਟ ਨਹੀਂ ਹੁੰਦਾ ਤੇ ਅਜੇਹਾ ਜੀਵਨ ਹੋਇਆ ਜਾਂ ਨਾ ਹੋਇਆ ਇਕ ਬਰਾਬਰ ਹੈ। ਏਸ ਲਈ ਆਪੇ ਅਣਾਪੇ ਦਾ ਸੰਬੰਧ ਜੀਵਨ-ਹਰਕਤ ਹੈ। ਅਣਾਪਾ ਆਪੇ ਉਤੇ ਕਰਮ ਕਰਦਾ ਹੈ ਤੇ ਆਪੇ ਦਾ ਪ੍ਰਤਿਕਰਮ ਜੀਵਨ ਦਾ ਪ੍ਰਕਾਸ਼ ਕਰਦਾ ਹੈ। ਏਸ ਪ੍ਰਕਾਸ਼ ਵਿਚੋਂ ਹੀ ਕਲਾ ਵਿਗਿਆਨ ਤੇ ਦਰਸ਼ਨ ਉਪਜਦੇ ਹਨ। ਇਹ ਇਕ 'ਟਿਟ ਫਾਰ ਟੈਟ' 'ਜੈਸੇ ਕੋ ਤੈਸਾ' ਦਾ ਸਿਲਸਲਾ ਹੈ। ਇਕ ਗੁੰਬਦ ਦੀ ਆਵਾਜ਼ ਹੈ ਅਣਾਪਾ ਅਖਾਂ, ਕੰਨਾਂ, ਨੱਕ, ਮੂੰਹ, ਤੁਚਾ ਰਾਹੀਂ ਆਪੇ ਉਤੇ ਵਾਰ ਕਰਦਾ ਹੈ ਤੇ ਆਪਾ ਹਥਾਂ, ਪੈਰਾਂ, ਵਾਕ, ਗੁਦਾ ਤੇ ਲਿੰਗ ਇੰਦਰੀਆਂ ਰਾਹੀਂ ਓਸ ਵਾਰ ਦਾ ਯੋਗ ਉਤਰ ਦਿੰਦਾ ਹੈ। ਏਸ ਉਤਰ ਵਿਚ ਵਿਚਾਰ, ਭਾਵ ਤੇ ਕਰਮ—ਹਰ ਤਰ੍ਹਾਂ ਦੇ—ਸ਼ਾਮਲ ਹਨ।

---

* ਸਾਹਿਤ ਸਮਾਲੋਚਨਾ



Digitized by Panjab Digital Library | www.panjabdigilib.org

ਏਸ ਨੁਕਤੇ ਨੂੰ ਉਦਾਹਰਣਤ ਕਰਨ ਲਈ ਮੇਰੇ ਹੁਣ ਦੇ ਵਿਚਾਰ ਹੀ ਲਵੋ। ਇਕ ਸਵੇਰ ਮੇਰੀ ਮੇਜ਼ ਉੱਤੇ ਚਪੜਾਸੀ ਇਕ ਲਫਾਫਾ ਰਖਦਾ ਹੈ। ਮੇਰੇ ਹੱਥ ਖੋਲ੍ਹਦੇ ਹਨ। ਅੱਖਾਂ ਪੜ੍ਹਦੀਆਂ ਹਨ। ਵਲੋਂ :—ਰਣਜੀਤ ਸਿੰਘ ਗਿੱਲ, ਡਾਇਰੈਕਟਰ, ਭਾਸ਼ਾ ਵਿਭਾਗ ਪਟਿਆਲਾ; ਸੇਵਾ ਵਿਖੇ : ਡਾਕਟਰ ਸ਼ੇਰ ਸਿੰਘ, ਚੜ੍ਹਦੀ ਕਲਾ, ਮਾਡਲ ਟਾਊਨ, ਲੁਧਿਆਣਾ। ਗਿੱਲ ਸਾਹਿਬ ਨੇ ਮੇਰੇ ਉਤੇ ਵਾਰ ਕੀਤਾ ਮੇਰੀਆਂ ਅਖਾਂ ਰਾਹੀਂ ਮੇਰੇ ਮਨ ਉਤੇ (ਸ਼ਬਦਾਂ ਦੇ) ਗੋਲੇ ਵਰ੍ਹਸਾਏ ਤੇ ਮੇਰੇ ਮਨ ਨੇ ਵਾਰ ਨੂੰ ਸਹਾਰਿਆ ਤੇ ਤਿਆਰ ਬਰਤਿਆਰ ਹੋ ਕੇ ਇਨ੍ਹਾਂ ਵਿਚਾਰਾਂ ਦੀ ਫੌਜ, ਜਿਸ ਦੇ ਜਰਨੈਲ ਬੁਲ੍ਹੇ ਸ਼ਾਹ ਤੇ ਵਾਰਸ ਸ਼ਾਹ ਹਨ, ਉੱਤਰ ਵਿਚ ਆ ਖੜੀ ਕੀਤੀ। ਜੇ ਗਿੱਲ ਸਾਹਿਬ ਮੇਰੇ ਉਤੇ ਵਾਰ ਨਾ ਕਰਦੇ ਤਾਂ ਅਜ ਮੈਂ ਏਸ ਫੌਜ ਦੇ ਜਰਨੈਲਾਂ ਰਾਹੀਂ, ਤੁਹਾਡੇ (ਪਾਠਕਾਂ-ਸ੍ਰੋਤਿਆਂ) ਉਤੇ ਵਾਰ ਨਾ ਕਰਦਾ। ਏਸ ਲਈ, ਇਹ ਜੀਵਨ ਟਿਟ ਫਾਰ ਟੈਟ—ਜੈਸੇ ਕੋ ਤੈਸਾ ਹੈ। ਸਾਰੇ ਧਰਮ, ਸਾਰੇ ਦਰਸ਼ਨ, ਸਾਰੇ ਵਿਗਿਆਨ, ਸਾਰੇ ਨਾਵਲ ਨਾਟਕ ਏਸੇ ਕਰਮ-ਪ੍ਰਤਿਕਰਮ ਦੇ ਜਾਲ ਦੀਆਂ ਡਬੀਆਂ ਜਾਂ ਏਸ ਜ਼ੰਜੀਰ ਦੀਆਂ ਕੜੀਆਂ ਹਨ। ਜਦੋਂ ਚੁਗਿਰਦਾ ਸਾਡੇ ਮਨ ਉਤੇ ਵਾਰ ਕਰਦਾ ਹੈ, ਤਾਂ ਜਿਥੇ ਕਿਸੇ ਦੇ ਮਨ ਵਿਚੋਂ ਕਿਸੇ ਕਵਿਤਾ ਦਾ ਪ੍ਰਤਿਕਰਮ ਤੇ ਕਿਸੇ ਮਨ ਵਿਚੋਂ ਕਿਸੇ ਦਾਰਸ਼ਨਕ ਵਿਚਾਰ ਦਾ ਪ੍ਰਤਿਕਰਮ ਹੁੰਦਾ ਹੈ, ਜੇ ਕਰ ਕਵੀ ਤੇ ਕਵੀਆਂ ਦੀਆਂ ਕਵਿਤਾਵਾਂ ਹੀ ਚੁਗਿਰਦਾ ਬਣ ਜਾਣ ਜਿਵੇਂ ਕਿ ਮੇਰੇ ਏਸ ਲੇਖ ਲਈ, ਤਾਂ ਵਖ ਵਖ ਪ੍ਰਯੋਜਨ-ਬੰਦਸ਼ ਕਰ ਕੇ ਕਿਸੇ ਦੇ ਮਨ ਵਿਚੋਂ, ਜਿਵੇਂ ਕਿ ਮੇਰੇ ਮਨ ਵਿਚੋਂ, ਉਨ੍ਹਾਂ ਕਵਿਤਾਵਾਂ ਵਿਚੋਂ ਦਾਰਸ਼ਨਕ ਲਭਤ ਦਾ ਪ੍ਰਤਿਕਰਮ ਹੁੰਦਾ ਹੈ। ਏਸ ਲਈ ਜਿਥੇ ਸਾਡਾ ਆਪਾ, ਕਵਲ ਇਕ ਵਿਅਕਤੀਗਤ ਚੇਤਨ ਸੱਤਾ ਹੈ ਉਥੇ ਸਾਡਾ ਅਣਾਪਾ ਅਪਰ ਅਪਾਰ, ਬੇਅੰਤ ਬੇਸ਼ੁਮਾਰ ਬ੍ਰਹਮੰਡ ਹੈ। ਪਰ ਬਾਵਜੂਦ ਏਸ ਬੇਅੰਤਤਾ ਦੇ ਅਸੀ ਚੁਗਿਰਦੇ ਦੇ ਤਿੰਨ ਭਾਗ ਕਰ ਸਕਦੇ ਹਾਂ। ਇਕ ਤਾਂ ਹੈ ਮਨੁਖੀ ਆਤਮਾ, ਦੂਜਾ ਹੈ ਸਾਰਾ ਸੰਸਾਰ ਤੇ ਸੰਸਾਰ ਦਾ ਸਾਰਾ ਪਰਵਾਹ ਤੇ ਤੀਜਾ ਹੈ ਮਨੁਖ ਆਤਮਾ ਤੇ ਸੰਸਾਰ ਦੇ ਸੰਬੰਧਤ ਹੋਣ ਤੋਂ ਉਪਜੇ ਪਦਾਰਥ ਜਾਂ ਪਦਾਰਥਕ ਜਾਂ ਸਮਾਜਕ ਪਰਵਾਹ ਜਾਂ ਸਨਾਤਨੀ ਪਰੀਭਾਸ਼ਾ ਵਿਚ ਕਹਿ ਲਈਏ : ਇਕ ਹੈ ਜੜ੍ਹ, ਦੂਜਾ ਹੈ ਚੇਤਨ ਤੇ ਤੀਜਾ ਹੈ ਜੜ੍ਹ-ਚੇਤਨ ਸੰਬੰਧ, ਜਾਂ ਗੁਰਬਾਣੀ ਸ਼ਬਦਾਵਲੀ ਅਨੁਸਾਰ ਇਕ ਹੈ ਬ੍ਰਹਮੰਡ, ਦੂਜਾ ਹੈ ਪਿੰਡ ਤੇ ਤੀਜਾ ਹੈ ਬ੍ਰਹਮੰਡ-ਪਿੰਡ ਸੰਬੰਧ। ਬ੍ਰਹਮੰਡ-ਪਿੰਡ ਦੇ ਸੰਬੰਧ ਤੋਂ ਉਪਜਦੇ ਹਨ ਸਾਰੇ ਵਿਗਿਆਨ ਤੇ ਦਰਸ਼ਨ, ਸਾਰੀਆਂ-ਕਲਾਂ ਤੇ ਹੁਨਰ, ਜਿਸ ਤਰ੍ਹਾਂ ਇਹ ਤਿੰਨ ਪਰਕਾਰ ਹਨ ਜੜ੍ਹ-ਚੇਤਨ-ਸੰਜੁਗਤ ਚੁਗਿਰਦੇ ਦੇ ਓਸੇ ਤਰ੍ਹਾਂ ਤਿੰਨ ਪਰਕਾਰ ਹਨ ਇਨ੍ਹਾਂ ਤੋਂ ਉਦਭਾਵਕਤਾ ਲੈ ਕੇ ਪਰਭਾਵਤ ਹੋਏ ਮਨਾਂ ਵਿਚੋਂ ਨਿਕਲੇ ਦਾਰਸ਼ਨਕ ਵਿਚਾਰਾਂ ਦੇ ਜਾਂ ਇਨ੍ਹਾਂ ਤੋਂ ਉਪਜੇ ਕਾਵਿ-ਅਨੁਭਵ ਜਿਨ੍ਹਾਂ ਵਿਚ ਅੰਕਤ ਹੋਏ ਦਾਰਸ਼ਨਕ ਵਿਚਾਰ। ਕਵੀ-ਮਨ ਦੇ ਅਨੁਭਵ ਦਾ ਵਸਤੂ ਵਿਸ਼ਾ ਚੁਗਿਰਦੇ ਦੇ ਇਹ ਤਿੰਨੇ ਪਰਕਾਰ ਇਕ ਇਕ ਕਰ ਕੇ, ਜਾਂ ਕੋਈ ਦੋ ਮਿਲ ਕੇ ਜਾਂ ਤਿੰਨੇ ਹੀ ਸਮੁੱਚੇ ਤੌਰ ਉਤੇ ਸੰਬੰਧਤ ਹੋ ਕੇ ਬਣ ਸਕਦੇ ਹਨ। ਕਿਉਂ ਜਾਂ ਕੀ ਤੇ ਕਿਸ ਤਰ੍ਹਾਂ ਇਕ ਵਿਸ਼ੇਸ਼ ਕਾਵਿ-ਅਨੁਭਵ ਦਾ ਵਸਤੂ ਵਿਸ਼ਾ ਇਕ ਜਾਂ ਦੋ ਜਾਂ ਤਿੰਨੇ ਪਰਕਾਰ ਦੇ ਚੁਗਿਰਦੇ ਬਣੇ ਇਹ ਗੱਲ ਅਧਾਰਤ ਹੈ ਸਮੇਂ, ਸਥਾਨ ਤੇ ਸੰਕਲਪ ਪਰਕਰਣ ਉਤੇ। ਪਰ ਏਸ ਵਸਤੂ ਵਿਸ਼ੇ ਤੋਂ ਦਾਰਸ਼ਨਕ ਵਿਚਾਰ ਦੀ ਰੂਪ-ਰੇਖਾ ਬਣ ਜਾਂਦੀ ਹੈ। ਜੇ ਕਰ ਇਕ ਮਨ ਪਦਾਰਥਕ ਚੁਗਿਰਦੇ ਦੇ ਅਧਿਐਨ ਵਿਚ ਲੀਨ ਹੋ ਕੇ ਪਦਾਰਥਾਂ ਦੇ ਨਿਤਾਣੇ ਵਿਚ ਰੁਝ ਜਾਵੇ ਤਾਂ ਉਸ ਦੀ ਘਾਲਣਾ ਦਾ ਫਲ ਪਦਾਰਥ ਵਿਗਿਆਨ—Physics

Digitized by Panjab Digital Library | www.panjabdigilib.org

ਜਾਂ ਰਸਾਇਣ ਵਿਦਿਆ—Chemistry ਆਦਿ ਹੋਣਗੇ । ਇਹ ਵਿਗਿਆਨ ਉਦੋਂ ਉਪਜਦੇ ਹਨ ਜਦੋਂ ਏਸ ਪਦਾਰਥ ਚੁਗਿਰਦੇ ਤੋਂ ਮਨੁਖੀ ਚੇਤਨਤਾ ਨੂੰ ਬਾਹਰ ਰਖੀਏ । ਜੇ ਕਰ ਮਨੁਖੀ ਮਨ-ਸਹਿਤ ਪਦਾਰਥਕ ਚੁਗਿਰਦੇ ਦਾ ਅਧਿਐਨ ਹੋਵੇ ਤਾਂ ਓਸ ਘਾਲਣਾ ਦਾ ਫਲ ਦਾਰਸ਼ਨਕ ਵਿਚਾਰਾਂ ਦਾ ਉਹ ਰੂਪ ਹੁੰਦਾ ਹੈ ਜਿਸ ਨੂੰ Metaphysics ਜਾਂ Mathematics ਅੰਤਮ ਸਤਿ ਪਦਾਰਥ ਵਿਗਿਆਨ ਜਾਂ ਗਣਿਤ ਆਦਿ ਕਹਿੰਦੇ ਹਨ । ਜੇ ਕਰ ਏਸ ਅਧਿਐਨ ਦਾ ਨਿਸ਼ਾਨਾ ਹੋ ਜਾਵੇ ਏਸ ਚੁਗਿਰਦੇ ਵਿਚੋਂ ਮਨੁਖੀ ਮਨ ਤਾਂ ਉਸ ਦਾ ਫਲ ਨਿਕਲਦਾ ਹੈ ਉਹ ਦਾਰਸ਼ਨਕ ਵਿਚਾਰ ਜਿਨ੍ਹਾਂ ਨੂੰ ਮਨੋਵਿਗਿਆਨ ਆਦਿ ਦਾ ਨਾਉਂ ਦਿੰਦੇ ਹਨ । ਜਦੋਂ ਜੜ੍ਹ-ਚੇਤਨ ਸੰਬੰਧ ਵਸਤੂ ਵਿਸ਼ਾ ਬਣਦਾ ਹੈ ਤਾਂ ਇਨ੍ਹਾਂ ਤੋਂ ਉਪਜਦੇ ਹਨ ਧਾਰਮਕ ਵਿਚਾਰ, ਸਦਾਚਾਰ, ਸੌਂਦਰਜ, ਜਾਂ ਭਿੰਨ ਭਿੰਨ ਕਲਾ ਤੇ ਉਨ੍ਹਾਂ ਦੇ ਵਿਗਿਆਨ ਤੇ ਵਿਚਾਰ । ਜਦੋਂ ਇਹ ਕਾਵਿ-ਅਨੁਭਵ ਦਾ ਵਸਤੂ ਵਿਸ਼ਾ ਬਣਦੇ ਹਨ ਤਾਂ ਇਕ ਮਨ ਕਹਿੰਦਾ ਹੈ :—

**ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ ।**

ਜਾਂ

**ਚਿੜੀ ਚੁਹਕੀ ਪਹੁ ਫੁਟੀ ਵਗਣ ਬਹੁਤ ਤਰੰਗ ।**

ਜਾਂ ਆਪਣੀ ਕਲਪਣਾ ਵਿਚ ਕਹਿੰਦਾ ਹੈ :

**ਗਗਨ ਮੈ ਥਾਲ ਰਵਿ ਚੰਦ ਦੀਪਕ ਬਣੇ ਤਾਰਕਾ ਮੰਡਲ ਜਨਕ ਮੋਤੀ ।**
**ਧੂਪ ਮਲਿਆਨਲੋ ਪਵਨ ਚਵਰੋ ਕਰੇ ਸਗਲ ਬਨਰਾਇ ਫੂਲੰਤ ਜੋਤੀ ।**

ਫੇਰ ਇਕ ਹੋਰ ਸਮੇਂ ਤੇ ਇਕ ਹੋਰ ਦ੍ਰਿਸ਼ਟੀਕੋਣ ਤੋਂ ਕਾਵਿ-ਮਨ ਕਹਿੰਦਾ ਹੈ :

**ਮਨ ਤੂੰ ਜੋਤ ਸਰੂਪ ਹੈਂ ਅਪਣਾ ਮੂਲ ਪਛਾਣ ।**

ਤੇ ਫੇਰ ਜਦੋਂ ਇਨ੍ਹਾਂ ਦੇ ਸੰਬੰਧ ਨੂੰ ਅਨੁਭਵ ਕਰ ਕੇ ਕੋਈ ਘਟਨਾ ਵੇਖਦਾ ਹੈ ਤਾਂ ਉਹੋ ਮਨ ਕਹਿੰਦਾ ਹੈ :

**ਖੁਰਾਸਾਨ ਖ਼ਸਮਾਨਾ ਕੀਆ ਹਿੰਦੋਸਤਾਨ ਡਰਾਇਆ ।**

... ... ... ... ...

**ਏਤੀ ਮਾਰ ਪਈ ਕੁਰਲਾਣੇ ਤੈਂ ਕੀ ਦਰਦ ਨ ਆਇਆ ।**

ਇਹ ਤਿੰਨ ਤਰ੍ਹਾਂ ਦੇ ਕਾਵਿ-ਅਨੁਭਵ ਹਨ । ਵਸਤੂ ਵਿਸ਼ਾ ਇਨ੍ਹਾਂ ਸਭ ਦਾ ਸਾਡਾ ਚੁਗਿਰਦਾ ਹੈ ਪਰ ਇਨ੍ਹਾਂ ਵਿਚਲੇ ਵਿਚਾਰਾਂ ਦੀ ਰੂਪ ਰੇਖਾ ਬਦਲ ਜਾਂਦੀ ਹੈ ਜਦੋਂ ਦ੍ਰਿਸ਼ਟੀਕੋਣ ਬਦਲ ਜਾਂਦੀ ਹੈ ।

ਜਿਸ ਕਾਲ ਦੀ ਪੰਜਾਬੀ ਕਵਿਤਾ ਵਿੱਚ ਆਏ ਦਾਰਸ਼ਨਕ ਵਿਚਾਰਾਂ ਦਾ ਅਧਿਐਨ ਅਸਾਂ ਕਰਨਾ ਹੈ, ਉਹ ਉਸ ਕਾਲ ਦੇ ਕਾਵਿ-ਮਨ ਉਪਰ ਦ੍ਰਿਸ਼ਟਾਂ ਤੇ ਤੀਜੀ ਤਰ੍ਹਾਂ ਦੇ ਚੁਗਿਰਦੇ ਤੋਂ ਪਰਭਾਵਤ ਹੋਏ ਸਨ । ਸਾਹਿਤ ਦੇ ਇਤਿਹਾਸਕਾਰਾਂ ਨੇ ਪੰਜਾਬੀ ਸਾਹਿਤ ਦੇ ਜਿਹੜੇ ਤਿੰਨ ਕਾਲ ਬਣਾਏ ਹਨ, ਉਨ੍ਹਾਂ ਵਿੱਚੋਂ ਸਤਾਰ੍ਹਵੀਂ ਸਦੀ ਦੇ ਅੰਤ ਤਕ ਦੇ ਸਾਹਿਤ ਨੂੰ ਪੁਰਾਤਨ ਕਾਲ ਵਿਚ ਰਖਿਆ ਹੈ ਤੇ ਅਠਾਰ੍ਹਵੀਂ ਤੇ ਅਧੀ ਉਨ੍ਹੀਵੀਂ ਸਦੀ ਦੇ ਸਾਹਿਤ ਨੂੰ ਮਧ ਕਾਲ ਵਿਚ ਤੇ ਉਸ ਤੋਂ ਪਿਛੋਂ ਦੇ ਸਾਹਿਤ ਨੂੰ ਆਧੁਨਿਕ ਕਾਲ ਵਿਚ ਰਖਿਆ ਹੈ । ਏਸ ਵੰਡ ਅਨੁਸਾਰ ਮਧ ਕਾਲ ਦੀ

Digitized by Panjab Digital Library | www.panjabdigilib.org

ਪੰਜਾਬੀ ਕਵਿਤਾ ਦੇ ਪ੍ਰਤੀਨਿਧ ਕਵੀ ਬੁਲ੍ਹਾ ਤੇ ਵਾਰਸ ਹੀ ਬਣਦੇ ਹਨ। ਏਸ ਲਈ ਅਸੀਂ ਇਨ੍ਹਾਂ ਜਾਂ ਇਨ੍ਹਾਂ ਦੇ ਸਾਥੀਆਂ ਦੀਆਂ ਰਚਨਾਵਾਂ ਵਿੱਚ ਆਏ ਦਾਰਸ਼ਨਕ ਵਿਚਾਰਾਂ ਨੂੰ ਲਭਣਾ ਤੇ ਵਾਚਣਾ ਹੈ।

ਉਥਾਨਕਾ ਵਿਚ ਕੀਤੀ ਗਈ ਵੰਡ ਤੇ ਉਲੀਕੇ ਗਏ ਮਾਰਗ ਅਨੁਸਾਰ ਏਸ ਕਾਲ ਦੇ ਕਾਵਿ ਅਨੁਭਵ ਦਾ ਵਸਤੂ ਵਿਸ਼ਾ ਨਾ ਤਾਂ ਵਿਸ਼ੇਸ਼ ਕਰ ਕੇ ਪਦਾਰਥਕ ਚੁਗਿਰਦਾ ਹੈ ਤੇ ਨਾ ਹੀ ਨਿਰੀ ਮਨੁਖੀ ਚੇਤਨਤਾ। ਇਨ੍ਹਾਂ ਦਾ ਅਨੁਭਵ ਜੜ, ਚੇਤਨ-ਸੰਬੰਧ ਜਾਂ ਮਨੁਖ-ਮਨੁਖ ਸੰਬੰਧ ਜਾਂ ਇਨ੍ਹਾਂ ਸੰਬੰਧਾਂ ਤੋਂ ਉਪਜੀਆਂ ਸਮਾਜਕ, ਭਾਈਚਾਰਕ ਤੇ ਧਾਰਮਕ ਸਮੱਸਿਆਵਾਂ ਹਨ। ਇਸ ਦਾ ਮਤਲਬ ਇਹ ਨਹੀਂ ਕਿ ਇਹ ਕਵੀ ਵਸਤੂ ਭਾਵੀ **Objective** ਜਾਂ ਅੰਤਰਮੁਖੀ **Subjective** ਨਹੀਂ ਸਨ। ਵਸਤੂ-ਭਾਵਕਤਾ ਤੇ ਅੰਤਰ- ਆਤਮਕਤਾ **Objectivity** ਤੇ **Subjectivity** ਦੇ ਭਾਵ ਇਨ੍ਹਾਂ ਕਵੀਆਂ ਦੀਆਂ ਰਚਨਾਵਾਂ ਵਿਚ ਵੀ ਹਨ ਪਰ ਉਹ ਵਿਸ਼ੇਸ਼ ਕਰਕੇ ਨਹੀਂ। ਉਹ ਗੌਣ ਰੂਪ ਵਿਚ ਹਨ, ਮੁਖ ਰੂਪ ਵਿਚ ਨਹੀਂ। ਇਨ੍ਹਾਂ ਕਵੀਆਂ ਦੇ ਕਾਵਿ-ਅਨੁਭਵ **Relationships** ਸੰਬੰਧਾਂ ਤੋਂ ਉਪਜੇ ਸਨ, ਚਾਹੇ ਉਹ ਸੰਬੰਧ ਮਨੁਖ-ਮਨੁਖ ਦੇ ਰਾਜਸੀ ਰੂਪ ਵਿਚ, ਸਮਾਜਕ ਰੂਪ ਵਿਚ ਜਾਂ ਧਾਰਮਕ ਰੂਪ ਵਿਚ ਸਨ ਜਾਂ ਮਨੁਖ ਤੇ ਪਦਾਰਥਾਂ ਦੇ ਸੰਬੰਧਾਂ ਤੋਂ ਉਪਜੇ ਸਨ ਉਨ੍ਹਾਂ ਦੇ ਅਨੁਭਵ ਚਾਹੇ ਉਹ ਆਰਥਕ ਰੂਪ ਵਿਚ ਸਨ ਜਾਂ ਭਾਵੀ ਰੂਪ ਵਿਚ।

ਜਿਵੇਂ ਉਪਰ ਦਸਿਆ ਗਿਆ ਹੈ ਕਿ ਏਸ ਲੇਖ ਵਿਚ ਸਾਡੇ ਵਿਚਾਰ ਵਿਸ਼ਲੇਸ਼ਣ ਦਾ ਵਸਤੂ ਵਿਸ਼ਾ ਬੁਲ੍ਹੇ ਤੇ ਵਾਰਸ ਜਾਂ ਉਨ੍ਹਾਂ ਦੇ ਹੋਰ ਸਾਥੀਆਂ ਦੀਆਂ ਰਚਨਾਵਾਂ ਹਨ ਏਸ ਲਈ ਸਾਨੂੰ ਇਹ ਜਾਨਣਾ ਚਾਹੀਦਾ ਹੈ ਕਿ ਇਨ੍ਹਾਂ ਕਵੀਆਂ ਦੇ ਅਨੁਭਵ ਦੀ ਉਦਭਾਵਕਤਾ ਦਾ ਸੋਮਾ ਕੀ ਸੀ ?

ਸੋਮਾ ਤਾਂ ਅਸੀਂ ਦੱਸ ਹੀ ਆਏ ਹਾਂ ਕਿ ਸਦਾ ਹੀ ਚੁਗਿਰਦਾ ਹੁੰਦਾ ਹੈ। ਭਾਵੇਂ ਪ੍ਰਾਚੀਨ ਪਰੰਪਰਾ ਵਿਚ ਅਜੇਹੇ ਖਿਆਲ ਆਉਂਦੇ ਹਨ ਕਿ ਫਲਾਨੇ ਪੀਰ ਵਲੀ ਨੂੰ ਅਲਹਾਮ ਹੋਇਆ, ਆਕਾਸ਼ਬਾਣੀ ਹੋਈ ਜਾਂ ਕੁਝ ਏਸੇ ਤਰ੍ਹਾਂ ਕਿਧਰੋਂ ਅਨਜਾਣੇ ਤੇ ਅਣਮਿਥੇ ਢੰਗ ਨਾਲ ਕਿਸੇ ਬਾਣੀ ਦਾ ਪ੍ਰਕਾਸ਼ ਹੋਇਆ। ਪਰ ਇਹ ਗੱਲ ਗੈਰ-ਕੁਦਰਤੀ ਹੈ ਤੇ ਮਨੋਵਿਗਿਆਨਕ ਨੇਮਾਂ ਦੇ ਵਿਰੁਧ ਹੈ। ਬਾਣੀ ਜਾਂ ਕਵਿਤਾ ਇਕ **overt activity** ਵਾਸਤਵਕ-ਕਰਮ ਹੈ। ਇਹ ਅਕਾਰਣ ਗੋਂਦ ਵਿਚ ਨਹੀਂ ਆ ਸਕਦੀ। ਅੰਤਰ-ਆਤਮੇ ਤੋਂ ਕਲਪਣਾ ਉਠ ਸਕਦੀ ਹੈ, ਪਰ ਉਹ ਚੁਗਿਰਦੇ ਤੋਂ ਕਿਵੇਂ ਭੀ ਆਕੀ ਨਹੀਂ ਹੋ ਸਕਦੀ। ਇਹ ਨਹੀਂ ਹੋ ਸਕਦਾ ਕਿ ਪੰਜਾਬ ਦੇ ਵਾਤਾਵਰਣ ਵਿਚ ਜੰਮਿਆ ਪਲਿਆ ਕਵੀ ਜਾਂ ਸੰਤ, ਪੀਰ ਜਾਂ ਵਲੀ, ਅਣਡਿੱਠੇ ਦੇਸ ਪਰਦੇਸ, ਉਤਰੀ ਜਾਂ ਦਖਣੀ ਕੁਤਬ ਦੇ ਵਾਤਾਵਰਣ ਸੰਬੰਧੀ ਕੋਈ ਗੱਲ ਕਹਿ ਜਾਂ ਸੁਣ ਸਕੇ।

ਬੁਲ੍ਹੇ, ਵਾਰਸ, ਨਜਾਬਤ ਆਦਿ ਦੀਆਂ ਰਚਨਾਵਾਂ ਨੂੰ ਵਾਚਿਆਂ ਇਹ ਗੱਲ ਚੰਗੀ ਤਰ੍ਹਾਂ ਸਪਸ਼ਟ ਹੁੰਦੀ ਹੈ ਕਿ ਇਨ੍ਹਾਂ ਕਵੀਆਂ ਦੇ ਮਨ ਪੰਜਾਬ ਦੇ ਵਾਤਾਵਰਣ ਦੇ ਵਸਤੂ ਭਾਵਕ ਵਾਤਾਵਰਣ ਤੋਂ ਇਤਨੇ ਪ੍ਰਭਾਵਤ ਨਹੀਂ ਹੋਏ ਤੇ ਨਾ ਹੀ ਉਨ੍ਹਾਂ ਨੇ ਕੋਈ ਅੰਤ੍ਰੀਵ ਵਿਚਾਰ ਪੇਸ਼ ਕੀਤੇ ਹਨ, ਸਗੋਂ ਇਨ੍ਹਾਂ ਸਾਹਿਤਕਾਰਾਂ ਨੂੰ ਉਸ ਸਮੇਂ ਦੇ ਵਾਤਾਵਰਣ ਵਿਚ ਪ੍ਰਕਿਰਤੀ ਤੇ ਮਨੁਖ ਦੇ ਸੰਬੰਧ ਤੋਂ ਉਪਜੀਆਂ ਸਮੱਸਿਆਵਾਂ ਤੋਂ ਉਦਭਾਵਕਤਾ ਮਿਲੀ, ਮਨੁਖਤ੍ਰੀ ਦੇ ਮਨੁਖ ਨਾਲ ਜੁੜੇ ਸੰਸਕਾਰਾਂ ਨੇ ਇਨ੍ਹਾਂ ਦੀ ਆਤਮਾ ਨੂੰ ਹਲੂਣਿਆ, ਇਸੇ ਲਈ ਭਾਵੇਂ ਅਸੀਂ ਬੁਲ੍ਹਾ ਪੜ੍ਹੀਏ ਜਾਂ ਵਾਰਸ, ਨਜਾਬਤ ਵਾਚੀਏ ਜਾਂ ਅਗਰਾ,

Digitized by Panjab Digital Library | www.panjabdigilib.org

ਹਰ ਕਵੀ ਦੇ ਕਥਨ ਵਿੱਚ ਧੂਹ ਹੈ, ਸੋਜ਼ ਹੈ, ਖਿੱਚ ਹੈ ਤੇ ਸਾਡੇ ਮਨ ਨੂੰ ਉਸ ਕਥਨ ਦੀ ਸਿੱਧੀ ਅਪੀਲ ਹੈ। ਕਾਰਣ ਇਹ ਜੋ ਵਸਤੂ ਵਿਸ਼ੇ ਵਿੱਚ ਮਨੁਖ ਸਿੱਧਾ ਜੁੜਿਆ ਹੋਇਆ ਹੈ, ਚੁਗਿਰਦੇ ਨਾਲ ਮਨੁਖ ਪੂਰੀ ਤਰ੍ਹਾਂ ਸੰਬੰਧਤ ਹੋ ਕੇ ਕਵੀ ਨੂੰ ਦਿਸਿਆ ਹੈ।

ਏਸ ਸੰਬੰਧ ਦੇ ਕਈ ਪੱਖ ਹਨ। ਸਭ ਤੋਂ ਪਹਿਲਾ ਤੇ ਮਹਤਵਪੂਰਣ ਉਸ ਸਮੇਂ ਦੀ ਰਾਜਸੀ ਪਰਬੰਧ ਦੀ ਅਵਸਥਾ ਹੈ। ਮਨੁਖ ਨੇ ਇਕੱਠੇ ਰਹਿਣ ਦੀ ਖਾਤਰ ਤੇ ਪ੍ਰਕਿਰਤੀ ਤੋਂ ਪੂਰਾ ਪੂਰਾ ਲਾਭ ਉਠਾ ਕੇ ਸੌਖ ਤੇ ਖੁਲ੍ਹ ਨਾਲ ਜੀਵਨ ਬਤੀਤ ਕਰਨ ਲਈ ਆਪਣੀ ਸਮਿਲਤ ਸ਼ਕਤੀ ਨੂੰ ਜੱਥੇਬੰਦ ਕਰਕੇ ਜਿਹੜਾ ਪਰਬੰਧ ਚਲਾਇਆ ਹੈ, ਉਸ ਦਾ ਨਾਉਂ ਰਾਜਸੀ ਪਰਬੰਧ ਹੈ। ਭਾਵੇਂ ਇਕ ਪੁਰਖੀ-ਸ਼ਕਲ ਵਿਚ ਹੋਵੇ ਜਾਂ ਬਹੁ-ਪੁਰਖੀ ਸ਼ਕਲ ਵਿਚ, ਹੈ ਇਹ ਮਨੁਖਾਂ ਦੀ ਸਮਿਲਤ ਸ਼ਕਤੀ ਦੇ ਵਰਤਣ ਦਾ ਇਕ ਢੰਗ, ਗੁਰੂ ਨਾਨਕ, ਗੁਰੂ ਗੋਬਿੰਦ ਸਿੰਘ ਵੇਲੇ ਏਸ ਪਰਬੰਧ ਦਾ ਇਕ ਕੁਚੱਜਾ ਇਕ-ਪੁਰਖ ਰੂਪ ਸੀ। ਇਹ ਬੜਾ ਵਿਤਕਰੇ ਵਾਲਾ ਤੇ ਧੱਕੇ ਵਾਲਾ ਪਰਬੰਧ ਸੀ। ਔਰਗਜ਼ੇਬ ਦੇ ਸਮੇਂ ਏਸ ਵਿਤਕਰੇ ਤੇ ਧੱਕੇ ਦੀ ਹੱਦ ਹੋ ਚੁਕੀ ਸੀ। ਗੁਰੂ ਗੋਬਿੰਦ ਸਿੰਘ ਜੀ ਨੇ ਗੁਰੂ ਨਾਨਕ ਦੇਵ ਜੀ ਦੇ ਪਾਏ ਪੂਰਨਿਆਂ ਉਤੇ ਚਲ ਕੇ ਇਕ-ਪੁਰਖੀ ਰਾਜ ਪਰਬੰਧ ਬਦਲ ਕੇ ਜਨਤਾ ਦੇ ਪੰਚਪੁਰਖੀ ਜਾਂ ਪੰਚਾਇਤੀ ਰਾਜ ਸਥਾਪਤ ਕਰਨ ਲਈ ਆਪਣੇ ਪਿਤਾ ਜੀ ਦੀ, ਆਪਣੇ ਪਰਵਾਰ ਦੀ ਤੇ ਅੰਤ ਨੂੰ ਆਪਣੇ ਆਪ ਦੀ ਆਹੂਤੀ ਦੇ ਦਿੱਤੀ। ਇਸ ਦਾ ਸਿੱਟਾ ਇਕ ਪੁਰਖੀ ਰਾਜ ਦੀ ਸਮਾਪਤੀ ਤਾਂ ਹੋ ਗਈ, ਪਰ ਪੰਚਾਇਤੀ ਰਾਜ ਦੀ ਥਾਂ ਪੰਜਾਬ ਪਰਦੇਸ਼ ਵਿਚ ਬਾਰਾਂ ਜੱਥੇਦਾਰਾਂ ਨੇ ਆ ਗੱਦੀਆਂ ਸੰਭਾਲੀਆਂ। ਇਨ੍ਹਾਂ ਬਾਰਾਂ ਨੂੰ ਖਤਮ ਕਰ ਕੇ ਪੰਜਾਬ ਵਿਚ ਫੇਰ ਇਕ ਵਾਰ ਪੰਜਾਬ ਦੇ ਵਸਨੀਕ, ਨਿਰੋਲ ਪੰਜਾਬੀ ਦਾ, ਇਕ ਪੁਰਖੀ-ਰਾਜ ਕਾਇਮ ਹੋ ਗਿਆ। ਫਰਕ ਇਤਨਾ ਸੀ ਕਿ ਇਕ ਤਾਂ ਇਹ ਪੁਰਖ ਪੰਜਾਬੀ ਸੀ, ਇਸ ਨੂੰ ਪੰਜਾਬੀ ਸਭਿਆਚਾਰ ਨਾਲ ਪਿਆਰ ਸੀ, ਦੂਜੇ ਵਿਤਕਰਾ ਤੇ ਧੱਕਾ ਕਿਸੇ ਪੰਜਾਬੀ ਜਾਂ ਗੈਰ-ਪੰਜਾਬੀ ਨਾਲ ਨਹੀਂ ਸੀ ਹੋ ਰਿਹਾ। ਬਾਰਾਂ ਰਣ ਜਿੱਤ ਕੇ ਰਣਜੀਤ ਨੇ ਇਕ ਜਨਤਾ-ਭਲਾਈ ਵਾਲਾ ਰਾਜ ਕਾਇਮ ਕੀਤਾ ਤੇ ਪੰਜਾਬੀ ਬੋਲੀ ਤੇ ਸਭਿਆਚਾਰ ਦੀ ਕਦਰਦਾਨੀ ਦਾ ਮੁੱਢ ਬੰਨ੍ਹਿਆ। ਪਰ ਵਿਚਾਰਾ ਭੋਲਾ ਪੰਜਾਬੀ ਬਦੇਸ਼ੀਆਂ ਦੀ ਕੁਟਲ ਨੀਤੀ ਦਾ ਸ਼ਿਕਾਰ ਹੋ ਗਿਆ ਤੇ ਇਕੋ ਪੰਜਾਬੀ ਮਾਂ ਜਾਏ ਇਕ ਦੂਜੇ ਦੇ ਖੂਨ ਦੇ ਵੈਰੀ ਹੋ ਗਏ। ਕੁਟਲ ਨੀਤੀ ਦਾ ਮਾਲਕ ਤੇ ਕਾਣੀ ਵੰਡ ਕਰਨ ਵਾਲਾ ਬਾਂਦਰ ਸੌ ਕੁ ਸਾਲ ਰਾਜ ਕਰਕੇ ਕੂਚ ਕਰ ਗਿਆ ਹੈ, ਪਰ ਪੰਜਾਬੀ ਬੋਲੀ ਤੇ ਸਭਿਆਚਾਰ ਨੂੰ ਉਖੇੜਨ ਵਾਲਾ ਕਾਣੀ ਵੰਡ ਦਾ ਝਖੜ ਤੇ ਇਕ ਮਾਂ ਦੇ ਜਾਏ ਸਪੂਤਾਂ ਦੀ ਦੁਫਾੜ ਦੀ ਲਹਿਰ ਅਜੇ ਤਕ ਮੱਠੀ ਨਹੀਂ ਹੋਈ। ਇਹ ਸਭ ਕੁਝ ਰਾਜ ਪਰਬੰਧ ਦੀ ਸਥਿਰਤਾ ਨਾਲ ਸੰਬੰਧਤ ਹੈ ਤੇ ਇਸ ਦਾ ਅਸਰ ਪੰਜਾਬੀ ਕਵਿਤਾ ਤੇ ਸਹਿਤ ਉਤੇ ਹੋਣਾ ਅਵੱਸ਼ ਹੈ। ਜੇ ਓਦੋਂ ਦੀ ਰਾਜ-ਪਰਬੰਧ ਦੀ ਅਸਥਿਰਤਾ ਨੇ ਵਾਰਸ ਨੂੰ ਰੁਆਇਆ ਤਾਂ ਅੱਜ ਉਸੇ ਅਸਥਿਰਤਾ ਕਰਕੇ ਸਾਡੀ ਵੈਣ ਪਾਉਣ ਵਾਲੀ ਇਸਤਰੀ ਜਾਤੀ ਦੀ ਪ੍ਰਤਿਨਿਧ, ਪੰਜਾਬ ਦੀ ਆਵਾਜ਼ ਬਣ ਕੇ, ਵਾਰਸ ਲਈ ਵੈਣ ਪਾਉਂਦੀ ਹੈ। ਏਸ ਲਈ ਮਧਕਾਲੀਨ ਪੰਜਾਬੀ ਕਵਿਤਾ ਦੇ ਵਿਚਾਰ ਵਿਸ਼ਲੇਸ਼ਣ ਲਈ ਸਭ ਤੋਂ ਪਹਿਲੀ ਗੱਲ ਧਿਆਨ ਵਿਚ ਰਖਣ ਵਾਲੀ ਓਸ ਸਮੇਂ ਦੀ ਰਾਜ-ਪਰਬੰਧ ਦੀ ਅਸਥਿਰਤਾ ਹੈ, ਜਿਸ ਨੂੰ ਤੱਕ ਕੇ ਜੇ ਬੁਲ੍ਹੇ ਸ਼ਾਹ ਨੇ ਆਖਿਆ :

Digitized by Panjab Digital Library | www.panjabdigilib.org

**ਦਰ ਖੁਲ੍ਹਾ ਹਸ਼ਰ ਅਜ਼ਾਬ ਦਾ**
**ਬੁਰਾ ਹਾਲ ਹੋਇਆ ਪੰਜਾਬ ਦਾ**
**ਤੇ**

ਕੂਚ ਕਰ ਰਹੇ ਹਾਕਮਾਂ ਤੇ ਆ ਰਹੇ ਸਰਦਾਰਾਂ ਵਲਾਂ ਇਸ਼ਾਰਾ ਕਰਦਿਆਂ ਕਹਿਆ :

**ਭੂਰੀਆਂ ਵਾਲੇ ਰਾਜੇ ਕੀਤੇ,**
**ਮੁਗਲਾਂ ਜ਼ਹਿਰ ਪਿਆਲੇ ਪੀਤੇ।**

ਤਾਂ ਵਾਰਸ ਨੇ ਭੀ ਪੰਜਾਬ ਦੇ ਰਾਜਸੀ ਪਰਬੰਧ ਤੋਂ ਕੋਈ ਸੰਤੁਸ਼ਟਤਾ ਪਰਗਟ ਨਹੀਂ ਕੀਤੀ। ਨਾਦਰ ਦੇ ਹਮਲਿਆਂ ਤੇ ਉਸ ਦੇ ਦਲਾਂ ਦੀਆਂ ਲੁੱਟਾਂ ਨੇ ਪੰਜਾਬੀਆਂ ਦੇ ਮਨਾਂ ਵਿਚ ਭੈ-ਦਾਇਕ ਹਿਲ-ਜੁਲ ਮਚਾ ਦਿੱਤੀ ਸੀ ਤੇ ਵਾਰਸ ਨੇ ਆਖਿਆ :

**ਨਾਦਰਸ਼ਾਹ ਤੋਂ ਹਿੰਦ ਪੰਜਾਬ ਥਰਕੇ**

ਤੇ ਪੰਜਾਬ ਵਿਚ ਵੱਧ ਰਹੀ ਕਿਰਤੀ ਕਿਸਾਨ ਦੀ ਤਾਕਤ ਤੇ ਕਾਇਮ ਹੋ ਰਹੀ ਜੱਦੀ ਸਰਦਾਰੀ ਨੂੰ ਵੀ ਵਾਰਸ 'ਜੀ ਆਇਆਂ' ਕਹਿੰਦਾ ਨਹੀਂ ਲਗਦਾ। ਪੰਜਾਬ ਵਿਚ ਵੱਸਿਆ ਸ਼ਾਮੀ ਨਸਲ ਦਾ ਮੁਸਲਮਾਨ ਸੱਯਦ ਮੁਗਲ ਰਾਜ ਦੇ ਅੰਤ ਹੋਣ ਨੂੰ ਪੀੜ ਨਾਲ ਅਨੁਭਵ ਕਰਦਾ ਹੈ ਤੇ ਇਸ ਪੀੜ ਦਾ ਅੰਸ਼ ਉਸ ਦੀ ਧੂ ਪਾ ਰਹੀ ਸੋਜ਼ ਵਾਲੀ ਰਚਨਾ ਵਿਚ ਵੀ ਮੌਜੂਦ ਹੈ।

ਉਸ ਸਮੇਂ ਦੀ ਕਵਿਤਾ ਵਿੱਚ ਆਏ ਵੀਚਾਰ-ਵਿਸ਼ਲੇਸ਼ਣ ਦਾ ਦੂਜਾ ਮਹਾਨ ਪੱਖ ਓਸ ਸਮੇਂ ਦਾ ਸਮਾਜ-ਪਰਬੰਧ ਤੇ ਭਾਈਚਾਰਕ ਅਵਸਥਾ ਹੈ। ਜਦੋਂ ਮੈਂ ਆਪਣੇ ਸਮੇਂ ਵਿਚ ਵੇਖਦਾ ਹਾਂ ਕਿ ਇਕ ਵਿਦਿਆ ਦੇ ਮਹਾਨ ਕੇਂਦਰ ਵਿੱਚ ਜੀਵਨ-ਜਾਚ ਸਿਖਣ ਆਏ, ਵਿਦਿਆ ਪਰਕਾਸ਼ ਕਰਨ ਆਏ, ਸਦਾਚਾਰ ਤੇ ਸਭਿਆਚਾਰ ਨਾਲ ਸਸ਼ੋਭਤ ਹੋਣ ਆਏ ਵਿਦਿਆਰਥੀ ਇਕ ਕੁੜੀ ਖਾਤਰ ਬਣੀ ਪਾਰਟੀਬਾਜ਼ੀ ਵਿਚ ਫਸ ਕੇ ਸਰਸ੍ਵਤੀ ਦੇਵੀ ਦੇ ਮੰਦਰ ਦੀਆਂ ਕੰਧਾਂ ਦੇ ਅੰਦਰ ਵਾਰ ਇਕ ਦੂਜੇ ਦਾ ਕਤਲ ਕਰਦੇ ਹਨ; ਫੇਰ ਜਦੋਂ ਮੈਂ ਆਪਣੇ ਚੁਗਿਰਦੇ ਵਿਚ ਤਕਦਾ ਹਾਂ, ਛੋਟੀ ਉਮਰ ਦੇ ਸਕੂਲ ਜਾਂਦੇ ਬਾਲਕ ਆਪਣੇ ਸਕੂਲ ਦੀ ਇਕ ਗੁੱਠ ਵਿਚ, ਦਸ ਕਦਮ ਉਤੇ ਘਰਾਂ ਵਿਚ ਬੈਠੇ ਬਜ਼ੁਰਗਾਂ, ਮਾਤਾ ਪਿਤਾਵਾਂ ਦਾ ਭੈ ਲਾਹ ਕੇ ਇਕ ਕੁੜੀ ਲਈ ਹੋ ਰਹੇ ਕੁਚੱਜੇ ਪਿਆਰ ਦੀ ਈਰਖਾ ਵਿੱਚ, ਨਾਬਾਲਗ ਮੁੰਡੇ ਪਿਆਰ ਨਾਲ ਧੜਕ ਰਹੇ ਦਿਲ ਦੀ ਧੜਕਣ ਚਾਕੂ ਨਾਲ ਬੰਦ ਕਰਦੇ ਹਨ ਤਾਂ ਮੈਨੂੰ ਵਾਰਸ ਦੇ ਮਲਕਾਹਾਂਸ ਵਿਚ ਰਚੇ ਜਾ ਰਹੇ ਹੀਰ-ਰਾਂਝੇ, ਬੁਲ੍ਹੇ ਦੀਆਂ ਕਸੂਰ-ਲਾਹੌਰ ਵਿੱਚ ਅਲਾਪੀਆਂ ਜਾ ਰਹੀਆਂ ਪੀਰ-ਮੁਰੀਦੀ ਪਿਆਰ ਦੀਆਂ ਕਾਫੀਆਂ, ਤੇ ਹਾਸ਼ਮ ਦੇ ਸੋਹਣੀ-ਮਹੀਂਵਾਲ, ਸੱਸੀ-ਪੁਨੂੰ ਤੇ ਸ਼ੀਰੀਂ-ਫਰਹਾਦ ਆਦਿ ਦੀ ਸਮਝ ਪੈਣੀ, ਓਸ ਸਮੇਂ ਦੇ ਸਮਾਜਕ ਚੁਗਿਰਦੇ ਵਿੱਚ ਕੋਈ ਔਖੀ ਨਹੀਂ। ਕਾਮ ਚੇਸ਼ਟਾ ਦੀ ਕਿਤਨੀ ਸੋਹਣੀ **Sublimation** ਸੁਚੱਜੀ ਭਾਵਨਾ ਸੀ ਉਹ ਤੇ ਓਸੇ ਕਾਮ ਵਾਸ਼ਨਾ ਦੀ ਕਿਤਨੀ **crimind executin** ਮੁਜਰਮਾਣਾ ਹਰਕਤ ਹੈ ਇਹ। ਵਾਰਸ ਸ਼ਾਹ ਵੀ ਭਾਗਭਰੀ ਨੂੰ ਉਧਾਲ ਕੇ ਲੈ ਜਾ ਸਕਦਾ ਸੀ ਤੇ ਹੀਰ ਦੇ ਆਖੇ ਰਾਂਝੇ ਕੋਲੋਂ ਵੀ ਇਹ ਉਧਾਲਣ ਦਾ ਕਰਮ ਕਰਵਾ ਸਕਦਾ ਸੀ। ਪਰ ਵਾਰਸ ਸ਼ਾਹ ਰਾਂਝੇ ਦੇ ਮੂੰਹ ਵਿਚ ਇਹ ਵਾਕ ਪਵਾਉਂਦਾ ਹੈ :—

Digitized by Panjab Digital Library | www.panjabdigilib.org

ਹੀਰੇ ਇਸ਼ਕ ਨਾ ਕਦੀ ਸੁਆਦ ਦੇਂਦੇ
ਨਾਲ ਚੋਰੀਆਂ ਅਤੇ ਉਧਾਲਿਆਂ ਦੇ ।

ਵਾਰਸ ਸ਼ਾਹ ਦਾ ਇਹ ਖਿਆਲ ਮਨੁਖੀ ਸੰਬੰਧਾਂ ਦੀਆਂ ਵਾਰਸ ਕਾਲ ਦੀਆ ਕੀਮਤਾਂ ਦੀ ਕਦਰ ਕਰਦਾ ਹੈ ਪਰ ਨਾਲ ਹੀਰ ਰਾਂਝੇ ਦੀ ਕਹਾਣੀ ਰਾਹੀਂ ਇਸਤਰੀ-ਪੁਰਖ ਦੇ ਸੰਬੰਧ ਦੀ ਪਵਿੱਤਰਤਾ ਦਾ ਹਾਮੀ ਹੁੰਦਾ ਹੋਇਆ, ਇਸ ਦੇ ਉਪਜਣ, ਵਿਗਸਣ ਤੇ ਪ੍ਰਫੁਲਤ ਹੋਣ ਵਿਚ ਕਿਸੇ ਓਪਰੇ, ਭਾਵੇਂ ਉਹ ਮਾਪੇ ਹੀ ਹੋਣ, ਦੇ ਦਖਲ ਨੂੰ ਤੇ ਏਸ ਦਖਲ ਨਾਲ ਸੰਬੰਧਤ ਲੋਕਾਂ ਤੇ ਜਬਰਾਂ ਨੂੰ ਨਿੰਦਨੀਯ ਸਮਝਦਾ ਹੈ । ਇਨ੍ਹਾਂ ਮਨੁਖੀ ਸੰਬੰਧਾਂ ਤੇ ਇਨ੍ਹਾਂ ਸੰਬੰਧਾਂ ਨਾਲ ਸੰਬੰਧਤ ਮਨੁਖੀ ਰੋਕਾਂ ਤੇ ਜਬਰਾਂ ਦਾ ਵਿਸਥਾਰ ਹੀ ਹੀਰ ਰਾਂਝੇ ਦੀ ਕਹਾਣੀ ਹੈ । ਉਧਰ ਬੁਲ੍ਹੇ ਸ਼ਾਹ ਵਿਚ ਭੀ ਅਜਿਹੇ ਹੀ ਸੰਬੰਧ, ਪਰ ਇਕ ਹੋਰ ਰੂਪ ਵਿਚ, ਤੇ ਇਨ੍ਹਾਂ ਸੰਬੰਧਾਂ ਨਾਲ ਸੰਬੰਧਤ ਰੋਕਾਂ ਤੇ ਜਬਰਾਂ ਦਾ ਵਿਸਥਾਰ, ਭਾਵੇਂ ਇਕ ਹੋਰ ਪਰਕਰਣ ਵਿਚ, ਬੁਲ੍ਹੇ ਸ਼ਾਹ ਦਾ ਅਨੁਭਵ ਹੈ । ਇਸੇ ਤਰ੍ਹਾਂ ਮਨੁਖੀ ਸੰਬੰਧਾਂ ਦਾ ਉਲਾਰ ਤੇ ਉਲਾਰਾਂ ਤੋਂ ਉਪਜੇ ਮਨੁਖੀ ਜੀਵਨ ਦੇ ਕੌੜੇ ਪਣਾਂ ਦਾ ਅਨੁਭਵ ਬਾਜ਼ੀਦ ਦੇ ਸ਼ਲੋਕ ਹਨ । ਇਨ੍ਹਾਂ ਸੰਬੰਧਾਂ ਵਿਚੋਂ ਤੇ ਇਨ੍ਹਾਂ ਸੰਬੰਧਾਂ ਦੇ ਅਨੁਭਵਾਂ ਵਿਚੋਂ ਅਸੀਂ ਕੋਈ ਸਾਂਝਾ ਦਾਰਸ਼ਨਕ ਪੱਖ ਲਭਣਾ ਹੈ ।

ਦਾਰਸ਼ਨਕ ਪੱਖ ਲੱਭਣ ਲਈ ਜ਼ਰੂਰੀ ਹੈ ਕਿ ਇਨ੍ਹਾਂ ਕਵੀਆਂ ਦੇ ਭਿੰਨ ਭਿੰਨ ਵਿਸ਼ਿਆਂ ਸੰਬੰਧੀ ਕਾਵਿ-ਬਚਨ, ਕੇਵਲ ਪ੍ਰਤਿਨਿਧ-ਰੂਪ ਵਿਚ ਛਾਂਟ ਕੇ ਵਾਚ ਲਏ ਜਾਣ :—

(2)

ਇੱਛਾ

ੳ—ਸਾਨੂੰ ਆ ਮਿਲ ਯਾਰ ਪਿਆਰਿਆ
ਦਰ ਖੁਲ੍ਹਾ ਹਸ਼ਰ ਅਜ਼ਾਬ ਦਾ
ਬੁਰਾ ਹਾਲ ਹੋਇਆ ਪੰਜਾਬ ਦਾ
ਵਿਚ ਹਾਵਿਆਂ ਦੋਜ਼ਖ ਮਾਰਿਆ
ਸਾਨੂੰ ਆ ਮਿਲ ਯਾਰ ਪਿਆਰਿਆ ।

ਮਨੁ-ਸਮਝਾਉਣੀ

ਅ— ਉਠ ਜਾਗ ਘੁਰਾੜੇ ਮਾਰ ਨਹੀਂ
ਇਹ ਸੌਣ ਤੇਰੇ ਦਰਕਾਰ ਨਹੀਂ

———

ਤੇਰਾ ਸਾਹਾ ਨੇੜੇ ਆਇਆ ਏ !
ਕੁਛ ਚੋਲੀ ਦਾਜ ਰੰਗਾਇਆ ਏ ?
ਕਿ ਅਪਨਾ ਆਪ ਵੰਞਾਇਆ ਏ ?
ਐ ਗ਼ਾਫਲ ਤੈਨੂੰ ਸਾਰ ਨਹੀਂ ।

———

ਕਰ ਕੱਤਣ ਵਲ ਧਿਆਨ ਕੁੜੇ ।

Digitized by Panjab Digital Library | www.panjabdigilib.org

ਨਿੱਤ ਮੱਤੀਂ ਦੇਂਦੀ ਮਾਂ ਧੀਆ,
ਕਿਉਂ ਫਿਰਦੀ ਐਵੇਂ ਆਨ ਧੀਆ।
ਤੂੰ ਸ਼ਰਮ ਧਰਮ ਨ ਗਵਾ ਧੀਆ,
ਤੂੰ ਕਦੀ ਤਾਂ ਸਮਝ ਨਦਾਨ ਕੁੜੇ।

---

ਮਿਲ ਲਓ ਸਹੇਲੜੀਓ ਨੀ
ਮੇਰੀ ਰਾਜ ਮਹੇਲੜੀਓ ਨੀ,
ਮੈਂ ਸਹੁਰੇ ਘਰ ਚਲੀ।
ਅੰਮਾਂ ਬਾਬਲ ਦਾਜ ਰੰਗਾਇਆ,
ਇਕ ਚੋਲੀ ਇਕ ਚੁੰਨੀ।
ਦਾਜ ਤਿਨ੍ਹਾਂ ਦੇ ਦੇਖ ਕੇ ਮੈਂ ਹੰਝੂ ਭਰ ਭਰ ਰੁੰਨੀ।
ਪਲਕ ਵਿਛੋੜਾ ਸਈਆਂ ਦਾ ਮੈਂ ਡਾਰੋਂ ਕੂੰਜ ਵਿਛੁੰਨੀ।
ਰੰਗ ਬਰੰਗੇ ਸੂਲ ਏਥੇ ਚੰਬੜ ਜਾਂਦੇ ਜੇਹਨੂੰ।
ਏਥੋਂ ਦੇ ਦੁਖ ਨਾਲੇ ਜਾਂਦੇ ਅਗਲੇ ਸੌਂਪਾਂ ਕੇਹਨੂੰ।
ਸੱਸ ਨਨਾਣਾਂ ਦੇਵਣ ਤਾਨ੍ਹੇ ਵੱਡੀ ਨਮੋਸ਼ੀ ਮੈਨੂੰ।

---

## ਫੋਕੇ ਜਤਨ ਤੇ ਸਾਧਨ

ਬੁਲ੍ਹੇ ਨੂੰ ਲੋਕੀਂ ਮਤੀਂ ਦੇਂਦੇ, ਬੁਲ੍ਹੇ ਤੂੰ ਜਾ ਬਹਿ ਮਸੀਤੀ।
ਵਿਚ ਮਸੀਤਾਂ ਕੀ ਕੁਝ ਹੁੰਦਾ, ਜੇ ਦਿਲੋਂ ਨਮਾਜ਼ ਨਾ ਕੀਤੀ।
ਬਾਹਰੋਂ ਪਾਕ ਕੀਤੇ ਕੀਹ ਹੁੰਦਾ, ਜੇ ਅੰਦਰੋਂ ਗਈ ਨਾ ਪਲੀਤੀ।
ਬਿਨ ਮੁਰਸ਼ਿਦ ਕਾਮਲ ਬੁਲ੍ਹਿਆ, ਤੇਰੀ ਐਵੇਂ ਗਈ ਇਬਾਦਤ ਕੀਤੀ।

---

ਬੇਦ ਪੁਰਾਨਾਂ ਪੜ੍ਹ ਪੜ੍ਹ ਥੱਕੇ—ਸਿਜਦੇ ਕਰਦਿਆਂ ਘਸ ਗਏ ਮੱਥੇ।
ਨ ਰਬ ਤੀਰਥ ਨ ਰਬ ਮੱਕੇ—ਜਿਨ ਪਾਇਆ ਤਿਨ ਨੂਰ ਜਮਾਲ।
ਫੂਕ ਮੁਸੱਲਾ ਤੇ ਭੰਨ ਸਿੱਟ ਲੋਟਾ—ਨ ਫੜ ਤਸਬੀ ਕਾਸਾ ਸੋਟਾ।
ਆਸ਼ਕ ਕਹਿ ਕਹਿ ਦੇਂਦੇ ਹੋਕਾ—ਤਰਕ ਹਲਾਲੋਂ ਖਾਹ ਮੁਰਦਾਰ।

---

ਐਵੇਂ ਮੱਥਾ ਜਿਮੀਂ ਘਸਾਈਦਾ,
ਲੰਮਾਂ ਪੈ ਮਹਿਰਾਬ ਦਿਖਾਈਦਾ।
ਪੜ੍ਹ ਕਲਮਾਂ ਲੋਕ ਹਸਾਈਦਾ,
ਦਿਲ ਅੰਦਰ ਸਮਝ ਨ ਲਿਆਈਦਾ।
ਬੇ ਸਮਝੇ ਖਲਕਤ ਝੁਕਦੀ ਹੈ।

---

Digitized by Panjab Digital Library | www.panjabdigilib.org

## ਅਸਲ ਰਾਹ ਦੀ ਸੂਝ ਤੇ ਅਸਲ ਜਤਨ

ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾਂ ਤਖਤ ਹਜ਼ਾਰੇ ।
ਜਿਤ ਵਲ ਯਾਰ ਉਤੇ ਵਲ ਕਾਬ੍ਹਾ, ਭਾਵੇਂ ਵੇਖ ਕਿਤਾਬਾਂ ਚਾਰੇ ।
ਹਾਜੀ ਲੋਕ ਮੱਕੇ ਨੂੰ ਜਾਂਦੇ, ਮੇਰੇ ਘਰ ਵਿਚ ਨੌ ਸ਼ਹੁ ਮੱਕਾ ।
ਵਿੱਚੇ ਹਾਜੀ ਤੇ ਵਿੱਚੇ ਗਾਜ਼ੀ, ਵਿਚੇ ਚੋਰ ਉਚੱਕਾ ।

---

ਬਹੁੜੀਂ ਵੇ ਤਬੀਬਾ ਮੈਂਡੀ ਜਿੰਦ ਗਈਆ,
ਤੇਰੇ ਇਸ਼ਕ ਨਚਾਇਆ ਕਰ ਥਈਆ ਥਈਆ ।
ਇਸ਼ਕ ਡੇਰਾ ਮੇਰੇ ਅੰਦਰ ਕੀਤਾ,
ਭਰਕੇ ਜ਼ਹਿਰ ਪਿਆਲਾ ਮੈਂ ਪੀਤਾ ।
ਝਬਦੇ ਆਵੀਂ ਵੇ ਤਬੀਬਾ,
ਨਹੀਂ ਤੇ ਮੈਂ ਮਰ ਗਈਆਂ ।

---

ਇਸ਼ਕ ਭੁਲਾਇਆ ਸਿਜਦਾ ਤੇਰਾ, ਹੁਣ ਕਿਉਂ ਪਾਵੇਂ ਐਵੇਂ ਝੇੜਾ ।
ਬੁਲ੍ਹਾ ਹੁੰਦਾ ਚੁਪ ਘਨੇਰਾ, ਪਰ ਇਸ਼ਕ ਕਰੇਂਦਾ ਮਾਰੋ ਮਾਰ ।
ਇਸ਼ਕ ਦੀ ਨਵੀਓਂ ਨਵੀਂ ਬਹਾਰ ।

---

ਇੱਕੋ ਅਲਫ਼ ਤੇਰੇ ਦਰਕਾਰ, ਇਲਮੋਂ ਬੱਸ ਕਰੀਂ ਓ ਯਾਰ ।

---

ਇਕ ਅਲਫ਼ ਪੜ੍ਹੋ ਛੁਟਕਾਰਾ ਹੈ,
ਇਸ ਅਲਫੋਂ ਦੋ ਤਿੰਨ ਚਾਰ ਹੋਏ ।
ਫਿਰ ਲੱਖ ਕਰੋੜ ਹਜ਼ਾਰ ਹੋਏ ।
ਫਿਰ ਓਥੋਂ ਬੇਸ਼ੁਮਾਰ ਹੋਏ,
ਇਕ ਅਲਫ਼ ਦਾ ਨੁਕਤਾ ਨਿਆਰਾ ਹੈ ।

---

ਇਕ ਨੁਕਤੇ ਵਿਚ ਗੱਲ ਮੁਕਦੀ ਹੈ,
ਫੜ ਨੁਕਤਾ ਛੱਡ ਹਿਸਾਬਾਂ ਨੂੰ ।
ਕਰ ਦੂਰ ਕੁਫ਼ਰ ਦਿਆਂ ਬਾਬਾਂ ਨੂੰ,
ਲਾਹ ਦੋਜ਼ਖ ਗੋਰ ਅਜ਼ਾਬਾਂ ਨੂੰ ।
ਕਰ ਸਾਫ਼ ਦਿਲਾਂ ਦਿਆਂ ਬਾਬਾਂ ਨੂੰ,

Digitized by Panjab Digital Library | www.panjabdigilib.org

ਗੱਲ ਇਸ ਘਰ ਦੇ ਵਿਚ ਢੁਕਦੀ ਹੈ,
ਇਕ ਨੁਕਤੇ ਵਿਚ ਗੱਲ ਮੁਕਦੀ ਹੈ।

——

**ਨਿਸ਼ਾਨੇ ਉਤੇ ਪਹੁੰਚ ਕੇ**

ਸਈਓ ਹੁਣ ਸਾਜਣ ਮੈਂ ਪਾਇਓ ਈ,
ਹਰ ਹਰ ਦੇ ਵਿਚ ਸਮਾਇਓ ਈ।

——

ਆਓ ਸਈਓ ਰਲ ਦਿਓ ਨੀ ਵਧਾਈ,
ਮੈਂ ਵਰ ਪਾਇਆ ਰਾਂਝਾ ਮਾਹੀ।

——

**ਏਸ ਹਾਲਤ ਵਿਚ**

ਮੈਂ ਗੱਲ ਉਥੇ ਦੀ ਕਰਦਾ ਹਾਂ, ਪਰ ਗੱਲ ਕਰਦਾ ਵੀ ਡਰਦਾ ਹਾਂ,
ਮੂੰਹ ਆਈ ਬਾਤ ਨ ਰਹਿੰਦੀ ਹੈ।

——

ਮੈਂ ਬੇ ਕੈਦ, ਮੈਂ ਬੇ ਕੈਦ, ਨਾ ਰੋਗੀ ਨਾ ਵੈਦ।
ਨਾ ਮੈਂ ਮੋਮਨ, ਨਾ ਮੈਂ ਕਾਫ਼ਰ, ਨਾ ਸੱਯਦ ਨਾ ਸੈਦ।
ਚੌਧੀਂ ਤਬਕੀਂ ਸੈਰ ਅਸਾਡਾ ਕਿਤੇ ਨਾ ਹੁੰਦਾ ਕੈਦ।
ਬੁਲ੍ਹਾ ਸ਼ਾਹ ਦੀ ਜ਼ਾਤ ਕੀ ਪੁਛੇਂ ਨਾ ਪੈਦਾ ਨਾ ਪੈਦ।

——

ਹੀਰ ਰਾਂਝੇ ਦੇ ਹੋ ਗਏ ਮੇਲੇ, ਭੁਲੀ ਹੀਰ ਢੂਡੇਂਦੀ ਬੇਲੇ।
ਰਾਂਝਾ ਯਾਰ ਬੁੱਕਲ ਵਿਚ ਖੇਲੇ, ਸੁਧ ਨ ਰਹੀਆ ਸੁਰਤ ਸੰਭਾਲ।

ਇਨ੍ਹਾਂ ਵਾਕਾਂ ਦੀ ਵਿਚਾਰ ਤੋਂ ਕੁਝ ਕੁ ਦਾਰਸ਼ਨਕ ਅੰਸ਼ ਅਸੀਂ ਲਭ ਸਕਦੇ ਹਾਂ। ਪਰ ਇਹ ਵਾਕ ਕਿਸੇ ਦਾਰਸ਼ਨਕ ਸਿਧਾਂਤ ਜਾਂ ਸਿੱਧ ਕਰਨ ਲਈ ਨਹੀਂ ਸੀ ਲਿਖੇ ਗਏ। ਭਾਵ ਇਹ ਕਿ ਜਦੋਂ ਬੁਲ੍ਹੇ ਨੇ ਉਪਰ ਲਿਖੇ ਵਾਕ ਆਖੇ, ਓਦੋਂ ਉਸ ਨੇ ਆਪਣਾ ਨਿਸ਼ਾਨਾ ਕਿਸੇ ਦਾਰਸ਼ਨਕ ਪੱਖ ਦੀ ਸਿੱਧੀ ਨਹੀਂ ਸੀ ਰਖਿਆ ਤੇ ਨਾਹੀਂ ਇਹ ਵਾਕ ਕਹਿਣ ਵੇਲੇ ਉਸ ਨੂੰ ਇਹ ਚੇਤਨਤਾ ਸੀ ਕਿ ਉਸ ਨੇ ਦਾਰਸ਼ਨਕ ਅੰਸ਼ ਵਾਲੇ ਬਚਨਾਂ ਦੀ ਰਚਨਾ ਕਰਨੀ ਹੈ। ਮੇਰੇ ਵਾਂਗ ਉਹ ਫ਼ਿਲਾਸਫ਼ੀਆਂ ਛਾਂਟਣ ਨਹੀਂ ਸੀ ਬੈਠਾ। ਨਾ ਹੀ ਉਸ ਤੋਂ ਕਿਸੇ ਭਾਸ਼ਾ ਵਿਭਾਗ ਨੇ ਕੋਈ ਖਾਸ ਉਤੇਜਨਾ ਜਾਂ ਪ੍ਰੇਰਨਾ ਦੇ ਕੇ ਇਹ ਰਚਨਾ ਕਰਵਾਈ ਸੀ। ਇਸ ਲਈ ਇਹ ਰਚਨਾ ਕਿਸੇ ਬੰਧੇਜ ਵਿਚ ਆ ਕੇ ਕਿਸੇ ਪ੍ਰਯੋਜਨ ਸਿੱਧੀ ਲਈ ਨਹੀਂ ਸੀ ਹੋਈ। ਬੁਲ੍ਹੇ ਦਾ ਹਾਲ ਤਾਂ ਇਕ ਪਾਂਧੀ ਵਾਲਾ ਹੈ। ਪਾਂਧੀ ਪੰਧ ਕਰਦਾ ਕਿਧਰੇ ਕਿਸੇ ਮੰਜ਼ਲ ਉਤੇ ਵਿਸਰਾਮ ਕਰਨ ਲਈ ਠਹਿਰ ਗਿਆ, ਸੌਂ ਗਿਆ, ਜਾਗ ਆਈ। ਕੂਰਲਾ ਉਠਿਆ, ਸਾਥੀ ਚਲੇ ਗਏ, ਨਿਸ਼ਾਨਾ ਦੂਰ ਹੈ। ਪਹੁੰਚਣਾ ਜ਼ਰੂਰੀ ਹੈ। ਭੱਜਣ ਦੀ, ਨਸਣ ਦੀ ਤਿਆਰੀ ਕਰਦਾ ਹੈ। ਜਿਤਨੇ ਅੜਿੱਕੇ ਹਨ ਸਭ ਦੂਰ ਕਰਦਾ ਹੈ। ਬੂਟ ਲਾਹ ਸੁੱਟੇ, ਜੁਰਾਬਾਂ ਲਾਹ ਸੁੱਟੀਆਂ, ਬੁਕੱਲ ਖੋਲ੍ਹ ਕੇ ਕੰਬਲੀ ਵਗਾਹ ਮਾਰੀ, ਹੋਰ ਵੀ ਜੋ ਕੁਝ ਰੇਸ Race ਦੌੜ ਲਾਈ, Obstacle ਅੜਿਕਾ ਸੀ, ਤਿਆਗ ਦਿਤਾ। ਚਾਹੇ ਉਹ ਮਸੀਤ ਸੀ ਜਾਂ ਨਮਾਜ਼, ਕੋਈ

Digitized by Panjab Digital Library | www.panjabdigilib.org

ਰੀਤ ਸੀ ਜਾਂ ਰਵਾਜ, ਕੋਈ ਦੇਣ ਜਾਂ ਦਾਜ ਤੇ ਕੋਈ ਗੌਣ ਸੀ ਜਾਂ ਸਾਜ । ਇਹ ਸਭ ਕੈਦਾਂ ਸਨ, ਅੜਿਕੇ ਸਨ, ਰੋਕਾਂ ਸਨ । ਸਭ ਸੁੱਟ ਮਾਰੇ, ਬੁੱਲ੍ਹਾ ਨੱਸਿਆ ਜਾ ਰਹਿਆ ਹੈ । ਰਾਹ ਵਿਚ ਨਸਦਾ ਦੁਹਾਈ ਦੇ ਰਿਹਾ ਹੈ, ਕੁਰਲਾ ਰਹਿਆ ਹੈ । ਇਹ ਦੁਹਾਈਆਂ ਤੇ ਕੁਰਲਾਟਾਂ ਉਹਦੇ ਬਚਨ ਹਨ । ਜਦੋਂ ਨਿਸ਼ਾਨਾ ਨੇੜੇ ਆਇਆ ਦਿੱਸਿਆ ਤਾਂ ਸੁਖ ਦਾ ਸਾਹ ਲਿਆ । ਏਸ ਸੁਖ ਵਿਚ ਵੀ ਉਹ ਬੋਲਿਆ । ਨਿਸ਼ਾਨੇ ਉਤੇ ਪਹੁੰਚ ਕੇ ਆਪਣੇ ਪੱਕੇ ਘਰ ਵਿਚ ਪੱਕਾ ਵਾਸ ਕੀਤਾ ਤਾਂ ਵਿਸਮਾਦ ਵਿਚ ਆ ਗਿਆ, ਏਸ ਵਿਸਮਾਦਕ ਅਨੰਦ ਨੂੰ ਵੀ ਉਸ ਨੇ ਮਾਣਿਆ, ਜਾਣਿਆ ਤੇ ਬੱਧ ਇਹ ਹੈ ਉਸ ਦਾ ਰਚਨਾ-ਢੰਗ ਤੇ ਏਸ ਢੰਗ ਦਾ ਰੂਪ-ਰੰਗ । ਏਸ ਢੰਗ ਨੂੰ ਅਸੀਂ ਜਾਚਣਾ ਤੇ ਵਾਚਣਾ ਹੈ ਤੇ ਇਸ ਦਾ ਕਿਉਂ ਤੇ ਕਿਕੂੰ ਲਭਣਾ ਹੈ । ਮੈਂ ਵੀ ਲਭਣਾ ਹੈ ਤੇ ਤੁਸਾਂ ਵੀ । ਮੇਰਾ ਲਭਣ ਤੁਹਾਡੇ ਪੇਸ਼ ਹੈ ਤੁਹਾਡਾ ਕਿੰਤੂ ਇਸ ਦਾ ਉਦੇਸ਼ ਹੈ ।

ਬੁਲ੍ਹਾ ਜਾਗਿਆ ਤੇ ਉਸ ਨੂੰ ਪਤਾ ਲਗਾ ਕਿ ਸਾਡਾ ਚੁਗਿਰਦਾ ਸਾਡਾ ਜ਼ਰ, ਜ਼ਨ, ਜ਼ਮੀਨ ਸਭ ਪਸਾਰਾ ਹੈ ਤੇ ਇਕ ਭੁਲੇਖਾ ਹੈ । ਏਸ ਭੁਲੇਖੇ ਤੋਂ ਬਚਨ ਲਈ ਲੋਕਾਂ ਕਈ ਰਾਹ ਭੁਲੇਖੇ ਵਾਲੇ ਹੀ ਲੱਭੇ ਹਨ—ਜਿਵੇਂ ਮੰਦਰ, ਮਸੀਤ, ਰੋਜ਼ਾ, ਨਮਾਜ਼ ਤੇ ਪੂਜਾ ਪਾਠ । ਭੁਲੇਖੇ ਦੀ ਤਹਿ ਵਿਚ ਇਕ ਅਸਲ ਹੈ ਤੇ ਉਹ ਅਸਲ ਸਾਰਿਆਂ ਦਾ, ਬੁਲ੍ਹੇ ਦਾ ਤੇ ਚੁਲ੍ਹੇ ਦਾ, ਸਭ ਦਾ ਅਸਲਾ ਹੈ ਤੇ ਉਹ ਇਕ ਹੈ, ਸਰਬਮਈ ਹੈ, ਉਸ ਦਾ ਸੁਭਾਉ, ਉਸ ਦੀ Property ਗੁਣ ਇਸ਼ਕ ਹੈ । ਅਸਲਾ ਸ੍ਵੈ-ਇਸ਼ਕ ਵਿਚ ਆਇਆ ਤਾਂ ਇਹ ਵਿਸਥਾਰ-ਖੰਡ ਬ੍ਰਹਮੰਡ ਹੋਏ :

**ਇਸ ਅਲਫ਼ੋਂ ਦੋ ਤਿੰਨ ਚਾਰ ਹੋਏ,**
**ਫਿਰ ਲਖ ਕਰੋੜ ਹਜ਼ਾਰ ਹੋਏ,**
**ਫਿਰ ਓਥੋਂ ਬੇ-ਸ਼ੁਮਾਰ ਹੋਏ,**
**ਇਕ ਅਲਫ਼ ਦਾ ਨੁਕਤਾ ਨਿਆਰਾ ਹੈ ।**

ਅਸਲਾ ਅਲਫ ਹੈ । ਅਲਫ ਸ੍ਵੈ-ਇਸ਼ਕ ਵਿਚ ਦੋ ਤਿੰਨ ਚਾਰ ਜਾਂ ਬੇ, ਪੇ ਤੇ ਦਾ ਰੂਪ ਧਾਰਦਾ ਹੈ, ਦੋ ਤਿੰਨ ਚਾਰ, ਬੇ, ਪੇ, ਉਸੇ ਇਸ਼ਕ ਦੀ ਰੌ ਵਿਚ ਸੰਬੰਧਤ ਹੁੰਦੇ ਹਨ । ਇਹ ਸੰਸਾਰ, ਪਸ਼ੂ ਪੰਛੀ ਜੀਵ ਜੰਤ, ਮਨੁਖ ਇਸਤ੍ਰੀ, ਪੁਤ੍ਰ, ਧੀਆਂ, ਸੱਸਾਂ ਨਨਾਣਾਂ ਆਦਿ ਸਭ ਰੂਪ ਧਾਰਦੇ ਹਨ । ਏਸੇ ਰੌ ਵਿਚ ਹੀ ਇਨ੍ਹਾਂ ਸੰਬੰਧਾਂ ਨੂੰ ਸਮਝਣ ਦੇ ਸੰਬੰਧ, ਹਿਸਾਬ ਕਿਤਾਬ, ਇਲਮ ਅਮਲ ਬਣਦੇ ਹਨ । ਤਾਂ ਹੇ ਤਾਂ ਬੁਲ੍ਹਾ ਕਹਿੰਦਾ ਹੈ :

**ਇੱਕੋ ਅਲਫ਼ ਤੇਰੇ ਦਰਕਾਰ**
**ਇਲਮੋਂ ਬੱਸ ਕਰੀਂ ਓ ਯਾਰ,**
**ਇਕ ਅਲਫ਼ ਪੜ੍ਹੋ ਛੁਟਕਾਰਾ ਹੈ ।**

ਬੁਲ੍ਹਾ ਅਲਫ ਤੋਂ ਵੀ ਅੱਗੇ ਜਾਂਦਾ ਹੈ ਤੇ ਇਕ ਨੁਕਤੇ ਨੂੰ ਪਕੜਦਾ ਹੈ ।

ਇਕ ਨੁਕਤੇ ਵਿਚ ਗੱਲ ਮੁਕਦੀ ਹੈ :

**ਫੜ ਨੁਕਤਾ ਛੱਡ ਹਿਸਾਬਾਂ ਨੂੰ,**
**ਕਰ ਦੂਰ ਕੁਫ਼ਰ ਦਿਆਂ ਬਾਬਾਂ ਨੂੰ ।**

Digitized by Panjab Digital Library | www.panjabdigilib.org

ਲਾਹ ਦੋਜ਼ਖ ਗੋਰ ਅਜ਼ਾਬਾਂ ਨੂੰ,
ਕਰ ਸਾਫ਼ ਦਿਲਾਂ ਦਿਆਂ ਬਾਬਾਂ ਨੂੰ।
ਗੱਲ ਇਸ ਘਰ ਦੇ ਵਿਚ ਢੁਕਦੀ ਹੈ,
ਇਕ ਨੁਕਤੇ ਵਿਚ ਗੱਲ ਮੁਕਦੀ ਹੈ।

ਤਨਕੀਹਾਂ ਕਰਨ ਵਾਲਿਆਂ ਨੇ ਤੁਹਾਡੇ ਤੇ ਅਸਾਡੇ ਜੇਹੇ ਫ਼ਿਲਾਸਫੀਆਂ ਛਾਂਟਣ ਵਾਲਿਆਂ ਦੇ ਨੁਕਤੇ ਤੇ ਅਲਫ਼ ਨੂੰ ਵੀ ਪਰਕਾਰਾਂ ਵਿਚ ਵੰਡ ਦਿੱਤਾ ਹੈ। ਹਨ ਤਾਂ ਦੋਵੇਂ ਅਸਲ ਪਰ ਹਨ ਇਹ ਓਸ ਅਸਲ ਦੇ ਦੋ ਰੂਪ। ਇਕ ਨਿਰਗੁਣ ਤੇ ਦੂਜਾ ਸਰਗੁਣ। ਅੱਲਾ ਦੀ ਇਕ ਤਾਂ ਹੈ ਜ਼ਾਤ ਤੇ ਇਕ ਹੈ ਸਫ਼ਾਤ। ਜ਼ਾਤ ਨੁਕਤਾ ਹੈ ਤੇ ਸਫ਼ਾਤ ਅਲਫ਼ ਤਅਲਫ਼ ਦਾ ਪਸਾਰਾ ਹੈ।

ਆਪਣੇ ਰੋਜ਼ਾਨਾ ਨਿਤਨੇਮ ਦੇ ਮੂਲ ਮੰਤਰ ਦੇ ਪਾਠ ਦੀ ਹੀ ਉਦਾਹਰਣ ਲਈਏ। ੧ਓ (ਅੰਕਾਰ) ਸਤਿਨਾਮ ਕਰਤਾ ਪੁਰਖ ਨਿਰਭਉ ਨਿਰਵੈਰ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ। ਬੁਲ੍ਹੇ ਦੇ ਸ਼ਬਦਾਂ ਵਿਚ ਇਹ ਸਾਰਾ ਮੂਲ ਮੰਤਰ ਅਲਫ਼ ਦਾ ਵਿਸਥਾਰ ਹੈ. ਸੰਰਦਾਈ ਤੇ ਵੇਦਾਂਤੀ ਅਰਥਾਂ ਵਿਚ ਸਾਰੀ ਗੁਰਬਾਣੀ ਜਪੁਜੀ ਦਾ ਵਿਸਥਾਰ ਹੈ, ਸਾਰਾ ਜਪੁਜੀ ਮੂਲ ਮੰਤਰ ਦਾ ਵਿਸਥਾਰ ਤੇ ਸਾਰਾ ਮੂਲ ਮੰਤਰ ਪਹਿਲੇ ਏਕੇ ਦਾ ਤੇ ਏਕਾ ਉਸ ਦੇ ਸਿਰ ਉਤਲੀ ਘੁੰਡੀ ਅਥਵਾ ਨੁਕਤੇ ਦਾ ਵਿਸਥਾਰ ਹੈ। ਜਾਣੀ ਕਿ ਸਾਰੇ ਬਹਮੰਡ ਦਾ ਅਸਲਾ ਇਕ ਨੁਕਤਾ ਜਾਂ ਬਿੰਦੀ o ਸਿਫਰ ਹੈ। ਬਹਮ ਦੀ ਇਹ ਨਿਰਗੁਣ ਅਵਸਥਾ ਹੈ। **Time-concept** ਭਾਵ ਸਮਾਂ-ਸੰਕਲਪ ਤੋਂ ਪਹਿਲਾਂ ਅਰਬਾਂ ਖਰਬਾਂ, ਅਰਬਦਾਂ ਨਰਬਦਾਂ ਲਈ ਬੱਸ ਏਹੋ ਕੁਝ ਸੀ—ਨਿਰਗੁਣ ਸਰੂਪ ਬ੍ਰਹਮ, ਜਿਸ ਦਾ ਸਰੂਪ ਇਕ ਸਿਫਰ ਜਾਂ ਬਿੰਦੀ ਹੈ। ਇਸ ਅਵਸਥਾ ਨੂੰ ਬਿਆਨਣਾ ਅਸੰਭਵ ਹੈ। ਉਹ ਅਵਸਥਾ ਸ਼ਬਦ-ਹੀਣ ਹੈ, ਗੁਣਰਹਿਤ ਹੈ, ਏਸ ਲਈ ਸ਼ਬਦਾਂ ਦੇ ਸਰੂਪ ਵਿਚ ਉਹ ਨਹੀਂ ਆ ਸਕਦੀ। ਨਾ ਸਿਰਫ ਉਹ ਅਵਸਥਾ ਸ਼ੁੱਧ ਅਤੇ ਜਾਣੀ ਕਰਮ-ਰਹਿਤ ਹੈ ਸਗੋਂ ਉਹ ਅ-ਖੈ ਅਖਰ ਰਹਿਤ ਵੀ ਹੈ। ਪਰ ਫੇਰ ਵੀ ਗੁਰਬਾਣੀ ਵਿਚ ਉਸ ਨੂੰ ਬਿਆਨਣ ਦਾ ਜਤਨ ਗੁਰੂ ਨਾਨਕ ਦੇਵ ਜੀ ਨੇ ਏਸ ਤਰ੍ਹਾਂ ਕੀਤਾ ਹੈ :—

ਮਾਰੂ ਮਹਲਾ 1

ਅਰਬਦ ਨਰਬਦ ਧੁੰਦੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।
ਨਾ ਦਿਨ ਰੈਨਿ ਨ ਸਰਜੁ ਸੁੰਨ ਸਮਾਧਿ ਜਗਾਇੰਦਾ। 1।
ਖਾਣੀ ਨ ਬਾਣੀ ਪਉਣ ਨ ਪਾਣੀ। ਓਪਤਿ ਖਪਤਿ ਨਾ ਆਵਣ ਜਾਣੀ।
ਖੰਡ ਪਤਾਲ ਸਪਤ ਨਹੀਂ ਸਾਗਰ ਨਦੀ ਨ ਨੀਰੁ ਵਹਾਇਦਾ। 2।
ਨਾ ਤਦਿ ਸੁਰਗੁ ਮਛੁ ਪਇਆਲਾ। ਦੋਜਕ ਭਿਸ਼ਤ ਨਹੀਂ ਖੈ ਕਾਲਾ।
ਨਰਕੁ ਸੁਰਗੁ ਨਹੀਂ ਜੰਮਣ ਮਰਣਾ ਨਾ ਕੋ ਆਇ ਨਾ ਜਾਇਦਾ। 3।
ਬ੍ਰਹਮਾ ਬਿਸਨ ਮਹੇਸੁ ਨ ਕੋਈ। ਅਵਰੁ ਨਾ ਦੀਸੈ ਏਕੋ ਸੋਈ।
ਨਾਰਿ ਪੁਰਖੁ ਨਹੀਂ ਜਾਤਿ ਨ ਜਨਮਾ ਨਾ ਕੋ ਦੁਖ ਸੁਖ ਪਾਇਦਾ। 4।
ਨਾ ਤਦਿ ਜਤੀ ਸਤੀ ਬਨਵਾਸੀ। ਨਾ ਤਦਿ ਸਿਧ ਸਾਧਿਕ ਸੁਖਵਾਸੀ।
ਜੋਗੀ ਜੰਗਮ ਭੇਖੁ ਨ ਕੋਈ ਨਾ ਕੋ ਨਾਥੁ ਕਹਾਇਦਾ। 5

Digitized by Panjab Digital Library | www.panjabdigilib.org

ਜਪ ਤਪ ਸੰਜਮ ਨਾ ਬ੍ਰਤ ਪੂਜਾ । ਨਾ ਕੋ ਆਖਿ ਲਖਾਵੈ ਦੂਜਾ ।
ਆਪੇ ਆਪਿ ਉਪਾਇ ਵਿਗਸੈ ਆਪੇ ਕੀਮਤ ਪਾਇਦਾ । 6 ।
ਨਾ ਸੁਚਿ ਸੰਜਮੁ ਤੁਲਸੀ ਮਾਲਾ । ਗੋਪੀ ਕਾਨੁ ਨ ਗਊ ਗੋੁਆਲਾ ।
ਤੰਤੁ ਮੰਤੁ ਪਾਖੰਡੁ ਨ ਕੋਈ ਨਾ ਕੋ ਵੰਸੁ ਵਜਾਇਦਾ । 7 ।

ਕਰਮ ਧਰਮ ਨਹੀਂ ਮਾਇਆ ਮਾਖੀ । ਜਾਤਿ ਜਨਮੁ ਨਹੀਂ ਦੀਸੈ ਆਖੀ ।
ਮਮਤਾ ਜਾਲੁ ਕਾਲੁ ਨਹੀਂ ਮਾਥੈ ਨਾ ਕੋ ਕਿਸੈ ਧਿਆਇਦਾ । 8 ।
ਨਿੰਦੁ ਬਿੰਦੁ ਨਹੀਂ ਜੀਉ ਨ ਜਿੰਦੋ । ਨ ਤਦਿ ਗੋਰਖੁ ਨਾ ਮਾਛਿੰਦੋ ।
ਨਾ ਤਦਿ ਗਿਆਨੁ ਧਿਆਨੁ ਕੁਲ ਓਪਤਿ ਨਾ ਕੋ ਗਣਤ ਗਣਾਇਦਾ । 9 ।
ਵਰਨ ਭੇਖ ਨਹੀਂ ਬ੍ਰਹਮਣ ਖਤ੍ਰੀ । ਦੇਉ ਨ ਦੇਹੁਰਾ ਗਊ ਗਾਇਤ੍ਰੀ ।
ਹੋਮ ਜਗ ਨਹੀਂ ਤੀਰਥਿ ਨਾਵਣੁ ਨਾ ਕੋ ਪੂਜਾ ਲਾਇਦਾ । 10 ।
ਨਾ ਕੋ ਮੁਲਾ ਨਾ ਕੋ ਕਾਜੀ । ਨਾ ਕੋ ਸੇਖੁ ਮਸਾਇਕੁ ਹਾਜੀ ।
ਰਈਅਤਿ ਰਾਉ ਨਾ ਹਉਮੈ ਦੁਨੀਆ ਨਾ ਕੋ ਕਹਣੁ ਕਹਾਇਦਾ ॥11॥
ਭਾਉ ਨ ਭਗਤੀ ਨਾ ਸਿਵ ਸਕਤੀ । ਸਾਜਨੁ ਮੀਤੁ ਬਿੰਦੁ ਨਹੀਂ ਰਕਤੀ ।
ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ । 12 ।
ਬੇਦ ਕਤੇਬ ਨ ਸਿੰਮ੍ਰਿਤਿ ਸਾਸਤ । ਪਾਠ ਪੁਰਾਣ ਉਦੈ ਨਹੀਂ ਆਸਤ ।
ਕਹਤਾ ਬਕਤਾ ਆਪਿ ਅਗੋਚਰੁ ਆਪੇ ਅਲਖੁ ਲਖਾਇਦਾ । 13 ।
ਜਾ ਤਿਸੁ ਭਾਣਾ ਤਾ ਜਗਤੁ ਉਪਾਇਆ । ਬਾਝੁ ਕਲਾ ਆਡਾਣੁ ਰਹਾਇਆ ।
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹੁ ਵਧਾਇਦਾ । 14 ।
ਵਿਰਲੇ ਕਉ ਗੁਰਿ ਸ਼ਬਦੁ ਸੁਣਾਇਆ । ਕਰਿ ਕਰਿ ਦੇਖੈ ਹੁਕਮੁ ਸਬਾਇਆ ।
ਖੰਡ ਬ੍ਰਹਮੰਡ ਪਾਤਾਲ ਅਰੰਭੇ ਗੁਪਤਹੁ ਪਰਗਟੀ ਆਇਦਾ । 15 ।
ਤਾ ਕਾ ਅੰਤੁ ਨ ਜਾਣੈ ਕੋਈ । ਪੂਰੇ ਗੁਰ ਤੇ ਸੋਝੀ ਹੋਈ ।
ਨਾਨਕ ਸਾਚਿ ਰਤੇ ਬਿਸਮਾਦੀ ਬਿਸਮ ਭਏ ਗੁਣ ਗਾਇਦਾ । 16 । 3 । 15 ।

ਇਹ ਹੈ ਨਕਸ਼ਾ ਉਸ ਨਿਰਗੁਣ ਅਵਸਥਾ ਦਾ । ਰਿਗ ਵੇਦ ਵਿਚ ਭੀ ਦਸਵੇਂ ਮੰਡਲ ਦੇ 129ਵੇਂ ਨਾਸਦੀਯ ਮੰਤ੍ਰ ਅਨੁਸਾਰ ਬ੍ਰਹਮ ਦਾ ਆਦਿ ਸਰੂਪ ਕੁਝ ਏਸੇ ਤਰ੍ਹਾਂ ਦਾ ਹੀ ਦਸਿਆ ਹੈ । ਏਸ ਨੁਕਤਈ, ਜਿਹੜੀ ਅਸਲ ਵਿਚ ਬੇ ਨੁਕਤੀ ਅਵਸਥਾ ਸੀ, ਅਵਸਥਾ ਵਿਚ ਅੱਲਾ-ਇਸ਼ਕੇ-ਖੁਦੀ ਵਿਚ ਆਇਆ ਤਾਂ ਪਹਿਲਾਂ ਅਲਫ, ਇਕ ਹੋਇਆ ਜਾਣੀ ਰੂਪ-ਮਾਨ ਹੋਇਆ... ਜਾਂ ਕਹੋ, ਸਰਗੁਣ ਬਣਿਆ । ਫੀਸਾ ਗੋਰਸ ਨੇ ਆਪਣੇ ਗਣਿਤ-ਦਰਸ਼ਨ ਵਿਚ ਏਕੇ ਨੂੰ ਹੀ ਸਾਰੇ ਦ੍ਰਿਸ਼ਟਮਾਨ ਸੰਸਾਰ ਦਾ ਸੋਮਾ ਕਹਿਆ ਹੈ । ਕਿਉਂ ਜੋ ਇਕ ਤੋਂ ਪਿੱਛੋਂ ਦੋ ਏਕੇ ਹਨ । ਤਿੰਨ ਤਿੰਨ ਏਕੇ ਹਨ । ਏਸੇ ਤਰ੍ਹਾਂ ਨੌਂ ਇਕੋ ਏਕਾ ਨੌਂ ਵਾਰੀ ਹੈ । ਦਸ ਦੇ ਨਾਲ ਫੇਰ ਏਕਾ ਨਵੇਂ ਸਿਰਿਓਂ ਸੰਬੰਧਤ ਹੋ ਕੇ ਨਿਰਗੁਣ-ਸਰਗੁਣ ਰਲ ਕੇ ਪਸਾਰੇ ਦਾ ਢਾਂਚਾ ਬੰਨ੍ਹਦੇ ਹਨ । ਬਸ ਫੇਰ ਓਹੋ ਬੁਲ੍ਹੇ ਵਾਲਾ ਸਿਲਸਿਲਾ ।

Digitized by Panjab Digital Library | www.panjabdigilib.org

**ਇਸ ਅਲਫ਼ੋਂ ਦੋ ਤਿੰਨ ਚਾਰ ਹੋਏ,**
**ਫਿਰ ਲਖ ਕਰੋੜ ਹਜ਼ਾਰ ਹੋਏ,**
**ਫਿਰ ਓਥੋਂ ਬੇ ਸ਼ੁਮਾਰ ਹੋਏ ।**

ਇਸ਼ਕ ਦਾ ਇਹ ਉਦਕਰਖਣ ਪੱਖ ਹੈ :

**ਜਬ ਉਦਕਰਖ ਕੀਆ ਕਰਤਾਰਾ,**
**ਪਰਜਾ ਧਰਤ ਤਬ ਦੇਹ ਅਪਾਰਾ ।**

ਇਹੋ ਇਸ਼ਕ ਅਪਣਾ ਦੂਜਾ ਪੱਖ ਵੀ ਰਖਦਾ ਹੈ । ਇਕ ਤਾਂ ਇਹ ਹੈ ਨਾ ਕਿ ਆਸ਼ਿਕ ਆਪਣੇ ਇਸ਼ਕ ਨੂੰ ਪਰਗਟ ਕਰਕੇ ਪਸਾਰਾ ਕਰੇ । ਦੂਜਾ ਹੈ ਕਿ ਇਸ਼ਕ ਨੂੰ Objective ਬਾਹਰਮੁਖੀ ਕਰਨ ਦੀ ਥਾਂ ਅੰਤਰਮੁਖੀ ਕਰੇ ਤੇ ਕੀਤੇ ਪਸਾਰੇ ਨੂੰ ਸੁੰਗੇੜ ਲਵੇ । ਆਕਰਖਣ ਰੁਚੀ ਕਰਕੇ ਸਾਰੇ ਪਸਾਰੇ ਨੂੰ Withdraw ਕਰ ਲਵੇ, ਖਿੱਚ ਲਵੇ ।

**ਜਬ ਆਕਰਖ ਕਰਤ ਹੋ ਕਬਹੂੰ,**
**ਤੁਮ ਮਹਿ ਮਿਲਤ ਦੇਹ ਧਰ ਸਬਹੂੰ ।**

ਇਹ ਸਰਬ ਵਿਆਪੀ ਇਸ਼ਕ ਦੋ ਪਾਸਾ ਹੋ ਕੇ Love & Hate ਸੰਜੋਗ-ਵਿਜੋਗ-ਰਾਹੀਂ ਸੰਸਾਰ ਦਾ ਪਰਵਾਹ ਚਲਾ ਰਹਿਆ ਹੈ । ਭੌਤਕ-ਪਦਾਰਥਾਂ ਵਿਚ, ਮਾਨਸਕ ਸੰਬੰਧਾਂ ਵਿਚ ਤੇ ਆਤਮਕ ਕੀਮਤਾਂ ਵਿਚ ।

ਬੁਲ੍ਹੇ ਵਿਚ ਜਦੋਂ ਸੰਜੋਗ ਰੁਚੀ ਜਾਗੀ ਤਾਂ ਉਸ ਨੂੰ ਤੜਪਣੀ ਲਗ ਗਈ ਇਸ਼ਕ ਦੇ ਸੋਮੇ ਤਕ ਪਹੁੰਚਣ ਦੀ ਤੇ ਬੁਲ੍ਹਾ ਪੁਕਾਰ ਉਠਿਆ :

**ਬਹੁੜੀਂ ਵੇ ਤਬੀਬਾ ਮੈਂਡੀ ਜਿੰਦ ਗਈਆ ।**
**ਤੇਰੇ ਇਸ਼ਕ ਨਚਾਇਆ ਕਰ ਥਈਆ ।**

— — —

**ਝਬਦੇ ਆਵੀਂ ਵੇ ਤਬੀਬਾ,**
**ਨਹੀਂ ਤੇ ਮੈਂ ਮਰ ਗਈਆਂ ।**

ਚੂੰਕੇ ਇਹ ਇਸ਼ਕ ਸਰਬ ਵਿਆਪੀ ਹੈ । ਬੁਲ੍ਹੇ ਵਿੱਚ ਭੀ ਹੈ, ਚੁਲ੍ਹੇ ਵਿਚ ਭੀ, ਤੇ ਇਨਾਇਤ ਸ਼ਾਹ ਕਸੂਰੀ ਵਿਚ ਭੀ । ਅੱਲਾ ਵਿਚ ਭੀ ਤੇ ਉਸ ਦੇ ਨਬੀ ਰਸੂਲ ਵਿਚ ਭੀ । ਪਰਕਾਸ਼ਮਾਨ ਹੋਣ ਦੇ ਵੱਖ ਵੱਖ ਦਰਜੇ ਹਨ । ਅੱਲਾ ਹਮਾਤਨ ਇਸ਼ਕ ਹੈ । ਰਸੂਲ ਉਸ ਦਾ ਖਾਸ ਅੰਗ ਹੋਣ ਕਰਕੇ ਇਸ਼ਕ ਭਰਪੂਰ ਹੈ । ਅਗੋਂ ਮੁਰਸ਼ਿਦ ਇਸ਼ਕ ਕਰਕੇ ਹਮਾਤਨ ਸਰੂਰ ਹੈ । ਏਸ ਲਈ ਹਰ ਜਗਿਆਸੂ ਲਈ ਜ਼ਰੂਰੀ ਹੈ ਕਿ ਉਹ ਇਸ਼ਕ ਦਾ ਅਨੰਦ ਲੈਣ ਲਈ ਕਿਸੇ ਇਸ਼ਕ ਤੋਂ ਹਮਾਤਨ ਸਰੂਰ ਹੋਏ ਦੀ ਤਲਾਸ਼ ਕਰੇ ਅਥਵਾ ਉਸ ਨਾਲ ਸੰਜੋਗ ਕਰੇ । ਇਹ ਪੀਰ ਮੁਰਸ਼ਿਦ ਜਗਿਆਸੂ ਦੀ ਪੀੜਾ ਦਾ ਦਰਦਮੰਦ, ਉਸ ਦੇ ਰੋਗ ਦਾ ਤਬੀਬ ਤੇ ਉਸ ਦੇ ਰਾਜ ਦਾ ਮਹਿਰਮ ਹੋਏਗਾ । ਸੂਫੀ ਲੋਕ ਆਮ ਅਖਾਉਤ ਉਤੇ ਚਲਦੇ ਹਨ ।

**ਚੋਰੀ ਯਾਰੀ ਚਾਕਰੀ ਬਾਝੁ ਵਸੀਲੇ ਨਾਹਿ ।**

ਏਸ ਯਾਰੀ ਦਾ ਵਸੀਲਾ ਬਣਦਾ ਹੈ ਮੁਰਸ਼ਿਦ, ਜਿਹੜਾ ਮੁਰੀਦ ਦੇ ਮਨ ਵਿਚ ਸੁਲਗੀ

Digitized by Panjab Digital Library | www.panjabdigilib.org

ਇਸ਼ਕ ਚੰਗਿਆੜੀ ਦੇ ਭਾਂਬੜ ਮਚਾਉਂਦਾ ਹੈ ਤੇ ਉਹ ਭਾਂਬੜ ਫੇਰ ਇਸ਼ਕ ਤੋਂ ਬਿਨਾਂ ਹੋਰ ਸਭ ਕੁਝ ਸਾੜ ਸੁਟਦਾ ਹੈ। ਮੁਰਸ਼ਿਦ ਦੇ ਸੰਜੋਗ ਤੋਂ ਅੱਲਾ ਨਾਲ ਸੰਜੋਗ ਹੁੰਦਾ ਹੈ। ਫੇਰ ਬਾਕੀ ਸਭ ਨਾਲ ਵਿਜੋਗ। ਇਕ ਪਾਸੇ Love ਪਿਆਰ ਜਾਗਿਆ ਤਾਂ ਦੂਜੇ ਪਾਸਿਓਂ ਮੂੰਹ ਭੁਆਣਾ ਪਿਆ। ਉਧਰੋਂ ਵਿਜੋਗ ਕਰਨਾ ਪਿਆ।

**ਹਾਜੀ ਲੋਕ ਮੱਕੇ ਨੂੰ ਜਾਂਦੇ, ਅਸਾਂ ਜਾਣਾ ਤਖਤ ਹਜ਼ਾਰੇ।**
**ਜਿਤ ਵਲ ਯਾਰ ਉਤੇ ਵਲ ਕਾਬਾ, ਭਾਵੇਂ ਦੇਖ ਕਿਤਾਬਾਂ ਚਾਰੇ।**

---

**ਬੁਲ੍ਹੇ ਨੂੰ ਲੋਕੀ ਮਤੀ ਦੇਂਦੇ, ਬੁਲ੍ਹੇ ਤੂੰ ਜਾ ਬਹਿ ਮਸੀਤੀ।**
**ਵਿਚ ਮਸੀਤਾਂ ਕੀ ਕੁਝ ਹੁੰਦਾ, ਜੇ ਦਿਲੋਂ ਨਮਾਜ਼ ਨਾ ਕੀਤੀ।**
**ਬਾਹਰੋਂ ਪਾਕ ਕੀਤੇ ਕੀਹ ਹੁੰਦਾ, ਜੇ ਅੰਦਰੋਂ ਗਈ ਨਾ ਪਲੀਤੀ।**
**ਬਿਨ ਮੁਰਸ਼ਿਦ ਕਾਮਲ ਬੁਲ੍ਹਿਆ ਤੇਰੀ, ਐਵੇਂ ਗਈ ਇਬਾਦਤ ਕੀਤੀ।**

---

ਇਸ ਵਿਜੋਗ ਰੁਚੀ ਕਰਕੇ ਫੋਕੇ ਕਰਮ ਨਿਸਫਲ ਦਿਸਣ ਲਗ ਪੈਂਦੇ ਹਨ। ਦਿਖਾਵੇ ਦਾ ਪੂਜਾ ਪਾਠ ਬੇਲੋੜਾ ਜਾਪਦਾ ਹੈ। ਏਸ ਰੁਚੀ ਦੇ ਅਧੀਨ ਬੁਲ੍ਹਾ ਕਹਿ ਉਠਦਾ ਹੈ:

**ਬੇਦ ਪੁਰਾਨਾਂ ਪੜ੍ਹ ਪੜ੍ਹ ਥੱਕੇ,**
**ਸਿਜਦੇ ਕਰਦਿਆਂ ਘਸ ਗਏ ਮੱਥੇ।**
**ਨਾ ਰਬ ਤੀਰਥ ਨਾ ਰਬ ਮੱਕੇ।**
**ਜਿਨ ਪਾਇਆ ਤਿਨ ਨੂਰ ਜਮਾਲ।**
**ਫੂਕ ਮੁਸੱਲਾ ਤੇ ਭੰਨ ਸਿਟ ਲੋਟਾ।**
**ਨਾ ਫੜ ਤਸਬੀ ਕਾਸਾ ਸੋਟਾ।**
**ਆਸ਼ਕ ਕਹਿ ਕਹਿ ਦੇਂਦੇ ਹੋਕਾ**
**ਤਰਕ ਹਲਾਲੋਂ ਖਾਹ ਮੁਰਦਾਰ।**

---

**ਐਵੇਂ ਮੱਥਾ ਜਿਮੀ ਘਸਾਈਦਾ**
**ਲੰਮਾ ਪੈ ਮਹਿਰਾਬ ਦਿਖਾਈਦਾ।**
**ਪੜ੍ਹ ਕਲਮਾਂ ਲੋਕ ਹਸਾਈਦਾ,**
**ਦਿਲ ਅੰਦਰ ਸਮਝ ਲਿਆਈਦਾ।**
**ਬੇ ਸਮਝੇ ਖਲਕਤ ਝੁਕਦੀ ਹੈ।**

ਇਹ ਸੰਜੋਗ-ਵਿਜੋਗ ਰੁਚੀ ਇਕ ਅਵਸਥਾ ਦਾ ਨਾਉਂ ਹੈ। ਜਿਸ ਤਰ੍ਹਾਂ ਜਗਿਆਸੂ ਲਈ ਪਹਿਲੀ ਅਵਸਥਾ ਅਗਿਆਨਤਾ, ਧੁੰਦੂਕਾਰ ਜਾਂ ਨੀਂਦਰ ਦੀ ਹੈ, ਦੂਜੀ ਜਾਗਣ ਦੀ ਹੈ, ਇਸ਼ਕ ਚੰਗਿਆੜੀ ਸੁਲਘਣ ਦੀ ਹੈ, ਤੀਜੀ ਹੈ ਇਸ ਚੰਗਿਆੜੀ ਨੂੰ ਪਰਜ੍ਵਲਤ ਕਰਨ ਦੇ ਜਤਨ। ਸੰਜੋਗ-ਵਿਜੋਗ ਅਵਸਥਾ ਇਨ੍ਹਾਂ ਜਤਨਾਂ ਦੀ ਹਾਲਤ ਹੈ। ਇਸ ਹਾਲਤ ਵਿਚ ਜਗਿਆਸੂ ਗਿਆਨਵਾਨ

Digitized by Panjab Digital Library | www.panjabdigilib.org

ਹੁੰਦਾ, ਬੋਧਕ ਅਨੁਭਵ ਰਖਦਾ ਹੈ ਤੇ ਵਿਵੇਕ ਬੁਧੀ ਨੂੰ ਵਰਤਦਾ ਹੈ। ਸੱਤ-ਅਸੱਤ ਦਾ ਨਿਰਣਾ ਕਰਕੇ ਸੱਤ ਨਾਲ ਸੰਜੋਗ ਕਰਦਾ ਹੈ ਤੇ ਅਸੱਤ ਨਾਲ ਵਿਜੋਗ। ਇਹ ਅਭਿਆਸ ਕਮਾਈ ਦੀ ਅਵਸਥਾ ਹੈ। ਏਸ ਤੋਂ ਅਗਲੀ ਹਾਲਤ ਮਿਲਾਪ ਦੀ ਹੈ, ਵਿਸਾਲ ਦੀ ਹੈ। ਵਸਲ ਵਿਚ ਵਿਸਮਾਦ ਤੇ ਵਜਦ ਆਉਂਦਾ ਹੈ। ਪਰਮ ਅਨੰਦ ਦੀ ਪ੍ਰਾਪਤੀ ਹੁੰਦੀ ਹੈ। ਏਸ ਹਾਲਤ ਵਿਚ ਕੋਈ ਭਿੰਨ-ਭੇਤ ਨਹੀਂ ਰਹਿੰਦਾ। ਸੰਜੋਗ-ਵਿਜੋਗ ਦਾ ਵਿਤਕਰਾ ਵੀ ਮੁੱਕ ਜਾਂਦਾ ਹੈ।

ਮੈਂ ਵਿੱਚ 'ਮੈਂ' ਨ ਰਹਿ ਗਈ ਰਾਈ,
ਜਬ ਕੀ ਪਿਆਰੇ ਸੰਗ ਪ੍ਰੀਤ ਲਗਾਈ।

— —

ਅਪਣੇ ਤਨ ਦੀ ਖਬਰ ਨ ਕਾਈ।

———

ਨਾ ਹੂੰ ਖਾਕੀ ਨਾ ਹੂੰ ਆਤਸ਼, ਨਾ ਹੂੰ ਪਾਣੀ ਪੌਣ।
ਕੁੱਪੇ ਦੇ ਵਿਚ ਰੋੜ ਖੜਕਦੇ, ਮੂਰਖ ਆਖੇ ਬੋਲੇ ਕੌਣ।
ਬੁਲ੍ਹਾ ਸ਼ਹੁ ਮੈਂ ਘਟ ਘਟ ਰਵਿਆ, ਜਿਉਂ ਆਟੇ ਵਿਚ ਲੌਣ।

ਫੇਰ ਆਖਦਾ ਹੈ ਬੁਲ੍ਹਾ

ਮੈਂ ਬੇ ਕੈਦ, ਮੈਂ ਬੇ ਕੈਦ, ਨਾ ਰੋਗੀ ਨਾ ਵੈਦ।
ਨਾ ਮੈਂ ਮੋਮਨ, ਨਾ ਮੈਂ ਕਾਫ਼ਰ, ਨਾ ਸਯੱਦ ਨਾ ਸੈਦ।
ਜਿਤ ਵੱਲ ਦੇਖਾਂ ਦਿਸਦਾ ਓਹੀ, ਕਸਮ ਉਸੇ ਦੀ ਹੋਰ ਨ ਕੋਈ।

ਏਸ ਅਵਸਥਾ ਵਿੱਚ :— ਏਕ ਹੈਂ —ਅਨੇਕ ਹੈ; ਅਨੇਕ ਹੈਂ—ਫਿਰ ਏਕ ਹੈਂ।

ਰਾਂਝਾ ਰਾਂਝਾ ਕਰਦੀ ਨੀਂ ਮੈਂ ਆਪੇ ਰਾਂਝਾ ਹੋਈ,
ਸਦੋ ਨੀਂ ਮੈਨੂੰ ਧੀਦੂ ਰਾਂਝਾ ਹੀਰ ਨ ਆਖੋ ਕੋਈ।

ਏਹ ਵਾਹਦਤ—ਵਜਦ ਵਿਚ ਹੀ ਬੁਲ੍ਹਾ ਕਹਿੰਦਾ ਹੈ :—

ਕਿਨੂੰ ਲਾ-ਮਕਾਨੀ ਦੱਸਦੇ ਹੋ।
ਤੁਸੀਂ ਹਰ ਰੰਗ ਦੇ ਵਿਚ ਵਸਦੇ ਹੋ।

ਆਪ ਸੁਣਾਵੇਂ ਆਪੇ ਗਾਵੇਂ, ਤੇਰੀ ਵਾਹਦਤ ਤੂੰਹੇ ਬੁਝਾਵੇਂ
ਹਥੋਂ ਕੋਲ ਸੁਰੋਦ ਸੁਣਾਵੇਂ, ਕਿਤੇ ਜਾਹਲ ਹੋ ਕੇ ਨਸਦੇ ਹੋ।
ਤੂੰਹੇਂ ਸੁਣਾਵੇਂ ਤੂੰਹੇਂ ਗਾਵੇਂ, ਅਨਲਹਕ ਦੀ ਤਾਰ ਹਿਲਾਵੇਂ,
ਮਨਸੂਰ ਸੂਲੀ ਤੇ ਚਾ ਚੜ੍ਹਾਵੇਂ, ਅਤੇ ਕੋਲ ਖਲੋ ਕੇ ਹੱਸਦੇ ਹੋ।
ਕਿਤੇ ਰੂਮੀ ਹੋ ਕਿਤੇ ਜੰਗੀ ਹੋ, ਕਿਤੇ ਟੋਪੀ ਪੋਸ਼ ਫਰੰਗੀ ਹੋ,
ਕਿਤੇ ਮੈ-ਖਾਨੇ ਵਿਚ ਭੰਗੀ ਹੋ, ਕਿਤੇ ਮੇਹਰ ਕਹਿਰ ਰਲ ਵਸਦੇ ਹੋ।

ਏਸ ਹਾਲਤ ਵਿੱਚ ਮੇਹਰ, ਕਹਿਰ, ਦੁਖ-ਸੁਖ, ਬਿਖ-ਅੰਮ੍ਰਿਤ ਸਭ ਇਕ ਰੂਪ ਹੋ ਜਾਂਦੇ ਹਨ, ਕਿਉਂ ਜੋ ਇਹ ਸਭ ਇਕੋ ਹੋਂਦ ਦਾ ਪਸਾਰਾ ਹੋਣ ਕਰਕੇ ਇਕ-ਸਾਮਾਨ ਸਮਝੇ ਜਾਂਦੇ ਹਨ। ਖੁਦੀ

Digitized by Panjab Digital Library | www.panjabdigilib.org

ਜਾਂ ਹਉਮੈਂ ਦੀ ਪਾਲ ਢਹਿ ਜਾਂਦੀ ਹੈ। ਇਹ ਪਾਲ ਜਾਂ ਕੰਧ ਖੁਦੀ ਕਰਕੇ ਖੜੀ ਹੁੰਦੀ ਹੈ ਤੇ ਭਿੰਨ-ਭੇਦ ਪੈਦਾ ਕਰਦੀ ਹੈ। ਇਨ੍ਹਾਂ ਤਿੰਨਾਂ-ਭੇਦਾਂ ਵਿਚ ਜੀਵ ਭੁੱਲ ਜਾਂਦਾ ਹੈ ਤੇ ਭੁੱਲ ਕੇ ਆਪਣੇ ਬੇਗਾਨੇ ਮਿਥ ਲੈਂਦਾ ਹੈ। ਇਹ ਮਿਥਣਾ ਹੀ ਮਿਥਿਆ ਹੈ। ਜੀਵ ਨੂੰ ਸੂਝ ਓਦੋਂ ਆਉਂਦੀ ਹੈ। ਜਦੋਂ ਉਸ ਨੂੰ ਗਿਆਨ ਹੁੰਦਾ ਹੈ ਕਿ ਇਹ ਮਿਥਣਾ ਹੈ ਗਿਆਨ ਨਹੀਂ। ਜੋ ਕੁਝ ਦ੍ਰਿਸ਼ਟਮਾਨ ਹੈ ਇਹ ਸਭ ਮਿਥਣਾ ਹੈ। ਏਸ ਨੂੰ ਏਸ ਤਰ੍ਹਾਂ ਹੀ ਜਾਨਣਾ ਮਿਥਿਆ-ਗਿਆਨ ਪ੍ਰਾਪਤ ਕਰਨਾ ਹੈ। ਏਸ ਦੇ ਅਸਲੇ ਵਿਚ, ਤਹਿ ਵਿਚ, ਉਹ ਇਸ਼ਕ ਦਾ ਸੋਮਾ, ਸੰਜੋਗ ਵਿਜੋਗ ਦਾ ਮੂਲ, ਸਾਰੀਆਂ ਹੋਂਦਾਂ ਦਾ ਨਿਕਾਸ ਇਕ ਅੱਲਾ-ਬ੍ਰਹਮ ਹੈ। ਲਿਖ ਪੜ੍ਹ ਕੇ ਸਮਝ ਲੈਣਾ ਏਸ ਨੁਕਤੇ ਨੂੰ ਇਕ ਹੋਰ ਗੱਲ ਹੈ, ਕਿਉਂ ਇਹ ਸੂਝ ਤੇ ਸਮਝ ਖੁਦੀ-ਹਉਮੈਂ ਦੇ ਹੁੰਦਿਆਂ ਵੀ ਆ ਸਕਦੀ ਹੈ। ਪਰ ਇਸ ਅਸਲੇ ਨੂੰ ਅਨੁਭਵ ਕਰਨਾ, ਤੇ ਅਨੇਕਤਾ-ਏਕਤਾ ਨੂੰ ਮਾਨਣਾ ਖੁਦੀ ਦੇ ਮਿਟਾਉਣ ਤੇ ਹਉਮੈ ਦੇ ਵਿਨਾਸ਼ ਨਾਲ ਸੰਭਵ ਹੁੰਦਾ ਹੈ।

ਮੈਂ ਉਪਰ ਇਹ ਗੱਲ ਕਹਿ ਆਇਆ ਹਾਂ ਕਿ ਮਨੁਖੀ ਜੀਵਨ ਮਨੁਖੀ ਸੰਬੰਧਾਂ ਦਾ ਨਾਉਂ ਹੈ। ਮੁਖ ਰੂਪ ਵਿਚ ਇਹ ਸੰਬੰਧ ਆਪੇ-ਅਣਾਪੇ ਦਾ ਹੈ। ਤੇ ਅਸਲ ਵਿੱਚ ਇਹ ਆਪੇ-ਆਪੇ ਦਾ ਆਰਜ਼ੀ ਵਿਜੋਗ ਹੈ। ਜੀਵਨ ਧਾਰਨ ਕਰ ਕੇ ਮਨੁਖੀ ਆਤਮਾ ਨੇ ਇਸ ਵਿਜੋਗ ਵਿਚੋਂ ਆਪਣੇ ਅਸਲੇ ਪਰਮਾਤਮਾ ਨਾਲ ਸੰਜੋਗ ਕਰਨਾ ਹੈ। ਇਹ ਸੰਜੋਗ-ਵਿਜੋਗ ਸੰਜੋਗ ਜੀਵਨ ਪਰਵਾਹ ਹੈ।

ਜੜ੍ਹ-ਚੇਤਨ ਦੇ ਭੇਦ ਕਰਕੇ ਚੇਤਨ ਪਦਾਰਥਾਂ ਦਾ ਜੀਵਨ ਢੰਗ ਹਰ ਸ਼੍ਰੇਣੀ ਵਿਚ ਕੁਝ ਨਾ ਕੁਝ ਨਿਖਰਾ ਹੈ ਤੇ ਕਿਸੇ ਦ੍ਰਿਸ਼ਟੀਕੋਣ ਤੋਂ ਨਿਚੇਰਾ-ਉਚੇਰਾ ਵੀ ਹੈ। ਏਸੇ ਵਿਚ ਆਤਮਕ ਉੱਨਤੀ ਅਵਨਤੀ ਮਿਥੀ ਜਾਂਦੀ ਹੈ ਜਾਣੀ ਜਿਹੜੇ ਸ਼ੁੱਧ ਚੇਤਨ ਸੱਤਾ ਵੱਲ ਨੂੰ ਜਾਣ ਉਨ੍ਹਾਂ ਨੂੰ ਅਸੀਂ ਉਚੇਰੀ ਕੀਮਤ ਦੇ ਸੰਬੰਧ ਆਖਦੇ ਹਾਂ ਤੇ ਜਿਹੜੇ ਜੜ੍ਹ ਭਾਵਨਾ ਦਾ ਰੂਪ ਰੱਖਣ ਉਨ੍ਹਾਂ ਨੂੰ ਅਸੀਂ ਨੀਵੀਂ ਕੀਮਤ ਦੇ ਸਮਝਦੇ ਹਾਂ। ਉਦਾਹਰਣ ਵਜੋਂ ਲਿੰਗ ਚੇਸ਼ਟਾ ਦੀ ਸੰਤੁਸ਼ਟਤਾ ਹੀ ਲਵੋ। ਬਨਾਸਪਤੀ ਵਿਚ ਵੀ ਫੁਲ ਫਲ ਨਰ ਮਦੀਨ ਦੇ ਮੇਲ ਤੋਂ ਰੂਪ ਧਾਰਦੇ ਹਨ। ਪਰ ਇਹ ਮੇਲ ਪਰਕਿਰਤਕ ਨੇਮਾਂ ਵਿਚ ਆਪ ਹੀ ਹੋ ਜਾਂਦਾ ਹੈ। ਏਸ ਵਿਚ ਕੋਈ ਸਮਾਜਕ ਨੇਮ ਕੰਮ ਨਹੀਂ ਕਰਦੇ। ਪਸ਼ੂਆਂ ਵਿੱਚ ਕਈ ਤਰ੍ਹਾਂ ਦੀਆਂ ਸ਼੍ਰੇਣੀਆਂ ਹਨ। ਕਈਆਂ ਦਾ ਨਰ-ਮਦੀਨ ਮੇਲ ਪਰ-ਕਿਰਤਕ ਰੂਪ ਵਿਚ ਹੀ ਹੁੰਦਾ ਹੈ ਤੇ ਕਈਆਂ ਦੇ ਮੇਲ ਵਿੱਚ ਕੁਝਕੁ ਸਮਾਜਕ ਚੇਤਨਤਾ ਵੀ ਹੈ। ਇਨ੍ਹਾਂ ਸ਼੍ਰੇਣੀਆਂ ਵਿੱਚ ਦੋ ਜੀਵ ਜੋੜੇ ਬਣ ਕੇ ਵਿਚਰਦੇ ਹਨ ਤੇ ਪਰਕਿਰਤੀ ਦੇ ਪਰਵਾਹ ਨੂੰ ਚਲਦਾ ਰੱਖਣ ਲਈ ਬੱਚੇ ਪੈਦਾ ਕਰਦੇ ਹਨ। ਪਰ ਇਨ੍ਹਾਂ ਵਿਚ ਪਰਕਿਰਤਕ ਰੁਚੀ ਨੂੰ ਰੋਕਣ ਜਾਂ ਸੁਆਰਨ ਜਾਂ ਬਦਲਣ ਦੀ ਯੋਗਤਾ ਨਹੀਂ ਹੁੰਦੀ। ਏਸ ਲਈ ਇਹ ਸੰਬੰਧ ਭਾਵੇਂ ਬਨਸਪਤ ਸ਼੍ਰੇਣੀ ਤੋਂ ਉੱਚਾ ਹੈ ਪਰ ਮਨੁਖੀ ਸ਼੍ਰੇਣੀ ਤੋਂ ਨੀਵਾਂ ਗਿਣਿਆ ਜਾਂਦਾ ਹੈ। ਮਨੁੱਖ ਨੇ ਨਰ-ਮਦੀਨ ਦੇ ਸੰਬੰਧ ਵਿਚ ਕਈ ਸਮਾਜਕ ਕੀਮਤਾਂ ਲੈ ਆਂਦੀਆਂ ਹਨ। ਇਨ੍ਹਾਂ ਕੀਮਤਾਂ ਦੀ ਲੋੜ ਵੀ ਪਰਕਿਰਤੀ ਅਨੁਸਾਰ ਹੀ ਪਈ ਤੇ ਪਰਕਿਰਤੀ ਨੇ ਹੀ ਇਹ ਨੇਮ ਬਨਾਉਣ ਤੇ ਨਿਭਾਉਣ ਜਾਂ ਨਾ ਨਿਭਾਉਣ ਦੀ ਸਮਰੱਥਾ ਦਿੱਤੀ। ਏਸ ਲਈ ਜਿੱਥੇ ਅਸੀਂ ਮਨੁੱਖ-ਇਸਤਰੀ ਦੇ ਸੰਬੰਧ ਨੂੰ ਕੁਦਰਤੀ ਸਮਝਦੇ ਹਾਂ, ਓਥੇ ਏਸ ਸੰਬੰਧ ਵਿੱਚ ਮਨੁਖੀ ਸਮਾਜ ਵਲੋਂ ਪਾਈਆਂ ਰੋਕਾਂ ਗੈਰ-ਕੁਦਰਤੀ ਨਹੀਂ ਹਨ। ਮਨੁਖ ਕੋਈ ਕੁਦਰਤ ਤੋਂ ਬਾਹਰ ਦੀ ਵਸਤੂ ਨਹੀਂ ਹੈ। ਜੇਕਰ ਕਿਤੇ ਪਰਾਈ ਇਸਤਰੀ ਨੂੰ ਵੇਖ ਕੇ ਕਿਸੇ ਮਰਦ ਦੇ ਮਨ

Digitized by Panjab Digital Library | www.panjabdigilib.org

ਵੱਚ ਲਿੰਗ ਵ੍ਰਾਸ਼ਨਾ ਦਾ ਪੈਦਾ ਹੋਣਾ ਕੁਦਰਤੀ ਸਮਝਿਆ ਜਾਂਦਾ ਹੈ ਤਾਂ ਉਸੇ ਆਦਮੀ ਦੇ ਮਨ ਵਿਚ ਓਸੇ ਸਮੇਂ ਜਾਂ ਕੁਝ ਵਿਚਾਰ ਫਲ ਕਰਕੇ ਅਜੇਹੇ ਸੰਬੰਧ ਤੋਂ ਪਰਹੇਜ਼ ਕਰਨ ਦਾ ਖਿਆਲ, ਇਹ ਖਿਆਲ ਕਿ ਇਹ ਇਸਤਰੀ ਪਰਾਈ ਹੈ, ਮੇਰੀ ਆਪਣੀ ਇਸਤਰੀ ਹੋਰ ਹੈ, ਏਸ ਲਈ ਏਸ ਪਰਾਈ ਇਸਤਰੀ ਨੂੰ ਲਿੰਗ ਵ੍ਰਾਸ਼ਨਾ ਲਈ ਵਰਤਣ ਦਾ ਮੇਰਾ ਹੱਕ ਨਹੀਂ ਹੈ। ਇਹ ਜਾਂ ਅਜੇਹੇ ਹੋਰ ਖਿਆਲ ਪੈਦਾ ਹੋਣੇ ਵੀ ਕੁਦਰਤੀ ਹਨ। ਇਹ ਖਿਆਲ ਕੋਈ ਕੁਦਰਤ ਤੋਂ ਬਾਹਰ ਨਹੀਂ ਹਨ। ਜੇ ਕਰ ਗੁਰ ਗੋਬਿੰਦ ਸਿੰਘ ਜੀ ਨੇ ਇਹ ਵਾਕ ਕਹੇ :—

ਸੁਧਿ ਜਬ ਤੇ ਹਮ ਧਰੀ ਬਚਨ ਗੁਰ ਦਏ ਹਮਾਰੇ।
ਪੂਤ ਇਹੈ ਪ੍ਰਨ ਤੋਹਿ ਪ੍ਰਾਨ ਜਬ ਲਗ ਘਟ ਥਾਰੇ।
ਨਿਜ ਨਾਰੀ ਕੇ ਸਾਥ ਨੇਹ ਤੁਮ ਨਿੱਤ ਬਢੈਯਹੁ।
ਪਰ ਨਾਰੀ ਕੀ ਸੇਜ ਭੂਲਿ ਸੁਪਨੇ ਹੂੰ ਨ ਜੈਯਹੁ। 51।
ਪਰ ਨਾਰੀ ਕੇ ਭਜੇ ਸਹਸ ਬਾਸਵ ਭਗ ਪਾਏ।
ਪਰ ਨਾਰੀ ਕੇ ਭਜੇ ਚੰਦ੍ਰ ਕਾਲੰਕ ਲਗਾਏ।
ਪਰ ਨਾਰੀ ਕੇ ਹੇਤ ਸੀਸ ਦਸਸੀਸ ਗਵਾਯੋ।
ਪਰ ਨਾਰੀ ਕੇ ਹੇਤ ਕਟਕ ਕਵਰਨ ਕੋ ਘਾਯੋ। 52।
ਪਰ ਨਾਰੀ ਸੋਂ ਨੇਹੁ ਛੁਰੀ ਪੈਨੀ ਕਰਿ ਜਾਨਹੁ।
ਪਰ ਨਾਰੀ ਕੇ ਭਜੇ ਕਾਲ ਵਿਆਪਯੋ ਤਨ ਮਾਨਹੁ।
ਅਧਿਕ ਹਰੀਫੀ ਜਾਨਿ ਭੋਗ ਪਰ ਤ੍ਰਿਯ ਜੋ ਕਰਹੀ।
ਹੋ ਅੰਤ ਸ੍ਵਾਨ ਕੀ ਮ੍ਰਿਤੁ ਹਾਥ ਲੇਂਡੀ ਕੇ ਮਰਹੀ। 53।

ਤੇ ਇਹ ਵਾਕ ਇਤਨੀ ਕਰੜਾਈ ਨਾਲ ਕਹੇ ਤੇ ਆਪਣੇ ਪੱਕੇ ਇਰਾਦੇ ਨੂੰ ਦੱਸਣ ਲਈ ਕਹੇ ਤਾਂ ਇਹ ਵੀ ਕੁਦਰਤੀ ਨੇਮਾਂ ਦੇ ਅੰਦਰ ਹੀ ਹਨ। ਫਰਕ ਕੇਵਲ ਇਤਨਾ ਹੈ ਕਿ ਕੁਦਰਤੀ ਨੇਮ ਅ-ਬਦਲ ਹਨ ਤੇ ਸਮਾਜਕ ਨੇਮ ਬਦਲੇ ਜਾ ਸਕਦੇ ਹਨ। ਪਰ ਕੁਝ ਕੁ ਸਮਾਜਕ ਨੇਮ ਬੁਨਿਆਦੀ ਹਨ ਜਿਨ੍ਹਾਂ ਨੇਮਾਂ ਦੀ ਪਾਲਣਾ ਉਤੇ ਸਮਾਜਕ ਇਕੱਠ ਨਿਰਭਰ ਹੈ। ਅਜੇਹੇ ਨੇਮਾਂ ਵਿਚ ਹੀ ਪਤਿਬ੍ਰਤ ਜਾਂ ਇਸਤ੍ਰੀ ਬ੍ਰਤ ਧਰਮ ਹਨ। ਕੁਝ ਕੁ ਸਮਾਜਕ ਨੇਮ ਜੇਹਾ ਕਿ ਰਸਮਾਂ, ਰੀਤਾਂ, ਟੂਣੇ, ਟਾਮਣ ਜਾਂ ਵਿਆਹ-ਨਿਕਾਹ ਦੇ ਢੰਗ, ਇਹ ਬੁਨਿਆਦੀ ਨੇਮ ਨਹੀਂ। ਇਹ 'ਨਿਆਰੇ ਨਿਆਰੇ ਦੇਸਨ' ਦੇ ਚੁਗਿਰਦੇ ਅਧੀਨ ਹਨ।

ਏਸ ਉਥਾਨਕਾ ਤੋਂ ਭਾਵ ਇਹ ਹੈ ਕਿ ਇਸਤਰੀ-ਮਰਦ ਦਾ ਇਸ਼ਕ ਵੀ ਕੁਦਰਤੀ ਤੇ ਇਸ ਦਾ ਬੰਧੇਜ ਵੀ ਕੁਦਰਤੀ ਹੈ, ਪਰ ਏਸ ਇਸ਼ਕ ਨੂੰ ਸਥਾਪਤ ਕਰਨ ਦੇ ਢੰਗ ਕੁਦਰਤੀ ਹੁੰਦੇ ਹੋਏ ਵੀ ਭੰਗ ਕੀਤੇ ਜਾਣ ਦੀ ਅਵੱਗਿਆ ਸਹਿ ਸਕਦੇ ਹਨ। ਏਸੇ ਤਰ੍ਹਾਂ ਮਨੁਖ ਤੇ ਪਰਮਾਤਮਾ ਦੇ ਖਾਲਿਕ ਤੇ ਮਖਲੂਕ ਦਾ ਇਸ਼ਕ ਵੀ ਕੁਦਰਤੀ ਹੈ ਤੇ ਏਸ ਇਸ਼ਕ ਦਾ ਬੰਧੇਜ ਵੀ ਕੁਦਰਤੀ ਹੈ ਪਰ ਏਸ ਦੇ ਸਥਾਪਤ ਹੋਣ ਦੇ ਢੰਗਾਂ ਦੀ ਅਵੱਗਿਆ ਹੋ ਸਕਦੀ ਹੈ। ਬੁਲ੍ਹੇ ਸ਼ਾਹ ਨੇ ਮੰਦਰਾਂ ਮਸੀਤਾਂ, ਨੇਮਾਜ਼ਾਂ ਰੋਜ਼ਿਆਂ ਰਾਹੀਂ ਰੱਖੀ ਇਸ਼ਕ ਸਥਾਪਤ ਹੋਣ ਦੀ ਅਵੱਗਿਆ ਕੀਤੀ। ਏਸੇ ਤਰ੍ਹਾਂ ਇਸਤਰੀ-ਪੁਰਸ਼ ਦੇ ਕੁਦਰਤੀ ਪਿਆਰ ਨੂੰ, ਏਸ ਪਿਆਰ ਦੇ ਬੰਧੇਜ ਦੀ ਪਵਿਤਰਤਾ ਨੂੰ ਵਾਰਸ

Digitized by Panjab Digital Library | www.panjabdigilib.org

ਨੇ ਕਾਇਮ ਰਖਿਆ, ਪਰ ਏਸ ਪਿਆਰ ਦੇ ਸਥਾਪਤ ਹੋਣ ਦੇ ਢੰਗ ਦੀ ਉਲੰਘਣਾ ਕੀਤੀ ਇਸ ਦੀ ਰੀਤ ਦੇ ਭੰਗ ਹੋਣ ਨੂੰ ਪਵਿਤਰਤਾ ਦਾ ਰੂਪ ਦਿੱਤਾ। ਇਹ ਹੈ ਵਾਰਸ ਤੇ ਬੁਲ੍ਹੇ ਦੀ ਸਾਂਝ ਤੇ ਏਹੋ ਹੈ ਉਨ੍ਹਾਂ ਦੇ ਕਾਵਿ-ਅਨੁਭਵ ਦੀ ਏਕਤਾ।

ਕਈ ਆਲੋਚਕ ਜਾਂ ਸਦਾਚਾਰੀ ਦਾਰਸ਼ਨਕ ਕਹਿੰਦੇ ਹਨ ਕਿ ਬੁਲ੍ਹੇ ਸ਼ਾਹ ਦੀ ਕਵਿਤਾ ਦਾ ਵਿਸ਼ਾ ਇਸ਼ਕੇ ਹਕੀਕੀ ਸੀ ਤੇ ਵਾਰਿਸ ਦੀ ਕਵਿਤਾ ਦਾ ਵਿਸ਼ਾ ਇਸ਼ਕੇ ਮਜਾਜ਼ੀ। ਇਸ਼ਕ, ਜਿਸ ਦਾ ਸੋਮਾ ਆਪ ਕਰਤਾਰ ਹੈ, ਦੋ ਤਰ੍ਹਾਂ ਦਾ ਨਹੀਂ ਹੋ ਸਕਦਾ, ਹਕੀਕਤ ਜਾਂ ਮਜ਼ਾਜ ਇਸ਼ਕ ਦੇ ਅਸਲੇ ਵਿਚ ਨਹੀਂ, ਹਾਂ ਉਸ ਦੇ ਉਦੇਸ਼ ਵਿਚ ਹੈ। ਉਸ ਦੀ ਵਰਤੋਂ ਵਿਚ ਹੈ। ਬੁਲ੍ਹੇ ਨੇ ਮੁਰਸ਼ਿਦ ਨਾਲ ਪਿਆਰ ਕੀਤਾ ਤਾਂ ਜੋ ਮੁਰਸ਼ਿਦ ਦੇ ਮੁਰਸ਼ਿਦ-ਅੱਲਾ ਫਿਰ ਅਭੇਦ ਹੋ ਜਾਵੇ। ਫ਼ਨਾਫਿੱਲਾ ਹੋ ਜਾਵੇ। ਵਿਅਕਤੀਗਤ ਹੋਂਦ ਨੂੰ ਸਰਵ ਵਿਆਪੀ ਹੋਂਦ ਵਿਚ ਲੀਨ ਕਰ ਦੇਵੇ। ਵਾਰਸ ਨੇ ਹੀਰ ਰਾਂਝੇ ਦੇ ਇਸ਼ਕ ਨੂੰ ਖ਼ਾਸਾ ਉੱਚਾ ਵਿਖਾਇਆ ਹੈ। ਪਰ ਅਦ੍ਵੈਤ ਦੇ ਨਿਸ਼ਾਨੇ ਤੋਂ ਹੇਠਾਂ ਰਹਿ ਗਇਆ ਹੈ। ਨਹੀਂ ਤਾਂ ਰਾਂਝੇ ਹੀਰ ਨਾਲ ਪਿਆਰ ਜਾਂ ਬੁਲ੍ਹੇ ਦੇ ਇਨਾਇਤ ਨਾਲ ਪਿਆਰ ਦੀ ਕਿਸਮ ਵਿਚ, ਬੁਨਿਆਦੀ ਰੂਪ ਵਿਚ ਕੋਈ ਫਰਕ ਨਹੀਂ ਹੈ। ਦੋਹਾਂ ਦਾ ਕਾਵਿ-ਅਨੁਭਵ ਇਕ ਮਨੁਖੀ ਸੰਬੰਧ ਦਾ ਅਨੁਭਵ ਹੈ। ਏਸੇ ਲਈ ਏਸ ਅਨੁਭਵ ਦੀ ਸਮਾਨਤਾ ਵੀ ਹੈ ਤੇ ਮਹਾਨਤਾ ਹੈ।

ਵਾਰਸ ਆਖਦਾ ਹੈ ਹੀਰ ਦੀ ਜ਼ਬਾਨੀ :

> **ਰਜ਼ਾ ਹੱਕ ਦੀ ਆਸ਼ਕਾਂ ਮੰਨ ਲਈ,**
> **ਤੱਕੀ ਹੋਰ ਨਾ ਕਿਤੇ ਪਨਾਹ ਕਾਜ਼ੀ।**
> **ਅੱਖਰ ਲੇਖ ਦੇ ਲਿਖੇ ਨਾ ਮੁੜਨ ਹਰਗਿਜ਼,**
> **ਕਿਉਂ ਹੋਵਨਾ ਏਂ ਸਮਝ ਗੁਮਰਾਹ ਕਾਜ਼ੀ।**

ਵਾਰਸ ਨੇ ਬੁਲ੍ਹੇ ਵਾਂਗ ਇਸ਼ਕ ਦੇ ਸੰਬੰਧ ਅਨੁਭਵ ਨੂੰ ਕਿਵੇਂ ਉੱਚਾ ਕਰਕੇ ਵਿਖਾਇਆ ਹੈ :

> **ਹੀਰ ਆਖਿਆ ਇਸ਼ਕ ਦੇ ਰਾਹ ਪੈਣਾ,**
> **ਨਹੀਂ ਕੰਮ ਮੁਲਵਾਣਿਆਂ ਕਾਜ਼ੀਆਂ ਦਾ।**
> **ਏਸ ਇਸ਼ਕ ਮੈਦਾਨ ਦਿਆਂ ਕੁਠਿਆਂ ਨੂੰ,**
> **ਰੁਤਬਾ ਕਰਬਲਾ ਦਿਆਂ ਗਾਜ਼ੀਆਂ ਦਾ।**
> **ਕਰਕੇ ਕੌਲ ਜ਼ਬਾਨ ਥੀਂ ਹਾਰ ਜਾਣਾ,**
> **ਫੈਲ ਬੇਈਮਾਨਾਂ ਧੋਖੇਬਾਜ਼ੀਆਂ ਦਾ।**
> **ਰਾਂਝਾ ਨਾਲ ਈਮਾਨ ਕਬੂਲਿਆ ਮੈਂ,**
> **ਕਿਉਂ ਸਿਤਮ ਕਰੋ ਦੂਰ ਦਰਾਜ਼ੀਆਂ ਦਾ।**

ਇਸ਼ਕ ਦੀ ਉੱਚਤਾ ਦੱਸ ਕੇ ਵਾਰਸ ਹੀਰ ਦੀ ਜ਼ਬਾਨੀ ਏਸ ਇਸ਼ਕ ਡਰਾਮੇ ਵਿਚ ਇਕ ਉੱਚੀ ਸਮਾਜਕ ਕੀਮਤ ਦਾ ਗਿਆਨ ਵੀ ਦਿੰਦਾ ਹੈ। ਕਵੀ ਇਹ ਪੇਸ਼ ਕਰਨਾ ਚਾਹੁੰਦਾ ਹੈ ਕਿ ਵਿਖਾਵੇ ਦਾ ਨਿਕਾਹ ਤੇ ਸਮਾਜਕ ਰੀਤੀਆਂ ਮਨੁਖ-ਇਸਤਰੀ ਦੇ ਸੰਬੰਧ ਨੂੰ ਸਥਾਪਤ ਨਹੀਂ ਕਰਦੇ,

Digitized by Panjab Digital Library | www.panjabdigilib.org

ਸਗੋਂ ਏਸ ਸੰਬੰਧ ਵਿਚ ਸਭ ਤੋਂ ਵਡੀ ਥਾਂ mutuality ਪਰਸਪਰਤਾ ਨੂੰ ਹੈ। ਇਹ ਪਰਸਪਰਤਾ ਪਸ਼ੂਆਂ ਵਿਚ ਬਹੁਤ ਘੱਟ ਹੈ ਤੇ ਬਨਸਪਤੀ ਜਾਂ ਜੜ੍ਹ ਪਦਾਰਥਾਂ ਵਿਚ ਤਾਂ ਉੱਕੀ ਹੀ ਨਹੀਂ। ਪਰਸਪਰਤਾ ਇਕ ਇਨਸਾਨੀ ਗੁਣ ਹੈ ਤੇ ਇਹ ਇਕ ਸਮਾਜਕ ਕੀਮਤ ਹੈ। ਏਸੇ ਲਈ ਹੀਰ ਬੜੇ ਜ਼ੋਰਦਾਰ ਸ਼ਬਦਾਂ ਵਿਚ ਕਹਿੰਦੀ ਹੈ :—

ਹੀਰ ਆਖਿਆ ਕਾਜ਼ੀਆਂ ਦਗ਼ਾ ਕੀਤੋ,
ਕੀ ਵੱਟਣਾ ਏਸ ਜਹਾਨ ਤੋਂ ਜੀ।
ਬਿਨਾਂ ਪੁਛਿਆਂ ਪੜ੍ਹੇ ਨਿਕਾਹ ਮੇਰਾ,
ਇਹ ਫਤਵਾ ਨਹੀਂ ਕੁਰਾਨ ਤੋਂ ਜੀ।
ਲੈ ਕੇ ਰਿਸ਼ਵਤਾਂ ਕਰੇਂ ਖੁਸ਼ਾਮਤਾਂ ਤੂੰ,
ਨਹੀਂ ਸੰਗਦਾ ਰੱਬ ਬੁਰਹਾਨ ਤੋਂ ਜੀ।
ਜੇਹਾ ਕੀਤੋ ਈ ਮਿਲੂਗੀ ਸਜ਼ਾ ਤੈਨੂੰ,
ਪਾਵੇਂ ਬਦਲਾ ਰਬ ਰਹਿਮਾਨ ਤੋਂ ਜੀ।

ਵਾਰਸ ਰਾਂਝੇ ਦੇ ਇਸ਼ਕ ਨੂੰ ਉਤਨਾ ਹੀ ਉੱਚਾ ਕਰਦਾ ਹੈ ਜਿਤਨਾ ਕਿ ਬੁਲ੍ਹਾ ਆਪਣੇ ਮੁਰਸ਼ਿਦ ਦੇ ਪਿਆਰ ਨੂੰ ਕਰਦਾ ਹੈ। ਹੀਰ ਆਖਦੀ ਹੈ :

ਰਾਂਝੇ ਰੱਬ ਦੇ ਵਿਚ ਜੇ ਵਿੱਥ ਜਾਣਾ,
ਦਰਜੇ ਇਸ਼ਕ ਦੇ ਕਿਵੇਂ ਡਹੀਨ ਕਾਜ਼ੀ।
ਹੁਸਨ ਚਾਕ ਤੇ ਜਲਵਾ ਜ਼ਾਤ ਰੱਬੀ।
ਹੀਰ ਵੇਖਿਆ ਨਾਲ ਯਕੀਨ ਕਾਜ਼ੀ।

ਸਾਡੇ ਸਮਾਜਕ ਸੰਬੰਧਾਂ ਵਿਚ ਇਸਤ੍ਰੀ-ਪਤੀ ਦੇ ਰਿਸ਼ਤੇ ਨੂੰ ਈਸ਼੍ਵਰ ਭਗਤੀ ਨਾਲ ਤੁਲਨਾ ਦਿੱਤੀ ਜਾਂਦੀ ਰਹੀ ਹੈ। ਪਤੀ ਨੂੰ ਪਰਮੇਸ਼ੁਰ ਜਾਣ ਕੇ ਇਸਤ੍ਰੀ ਆਪਣਾ ਭਗਤੀ ਭਾਵਨਾ ਵਾਲਾ ਪਿਆਰ ਦਿਖਾਵੇ। ਹੀਰ ਨੇ ਰਾਂਝੇ ਦੇ ਹੁਸਨ ਨੂੰ ਰਬੀ ਨੂਰ ਦਾ ਜਲਵਾ ਸਮਝ ਕੇ ਓਸੇ ਜਜ਼ਬੇ ਦਾ ਥਹੁ ਦਿੱਤਾ ਹੈ। ਗੁਰੂ ਸਾਹਿਬਾਨ ਦੀ ਬਾਣੀ ਵਿਚ ਤਾਂ ਏਸ ਭਾਵਨਾ ਦਾ ਸਬੰਧ ਬਹੁਤ ਪਰਮਾਣੀਕ ਹੈ। ਇਸਤਰੀ-ਭਰਤੇ ਦੇ ਪਿਆਰ ਦੇ ਅਲੰਕਾਰ ਨੂੰ ਗੁਰਬਾਣੀ ਵਿਚ ਬਾਕੀ ਸਾਰੇ ਅਲੰਕਾਰਾਂ ਨਾਲੋਂ ਬਹੁਤਾ ਵਰਤਿਆ ਹੈ। ਏਸ ਲਈ ਭਾਵੇਂ ਵਾਰਸ ਦੇ ਕਿੱਸੇ ਦੇ ਪਾਰਖੂ ਉਸ ਦੇ ਅੰਤ ਵਿਚ ਦਿੱਤੇ ਅਧਿਆਤਮਕ ਪਰਕਰਣ ਦੇ ਸੁਝਾਉ ਨੂੰ ਨਾ ਵੀ ਠੀਕ ਸਮਝਣ ਤੇ ਸਾਰੇ ਕਿੱਸੇ ਨੂੰ ਇਕ ਪ੍ਰੇਮੀ ਤੇ ਪ੍ਰੇਮਕਾ ਦੀ ਇਸ਼ਕ-ਕਹਾਣੀ ਹੀ ਸਮਝਣ ਤਦ ਵੀ ਏਸ ਹੀਰ ਸਾਹਿਤ ਵਿਚ ਉਲੀਕੀਆਂ ਸਮਾਜਕ ਕੀਮਤਾਂ ਦੀ ਰੂਪ ਰੇਖਾ ਉਹੋ ਹੈ ਜਿਹੜੀ ਕਿ ਅਸੀਂ ਬੁਲ੍ਹੇ ਸ਼ਾਹ ਵਿਚ ਵੇਖਦੇ ਹਾਂ। ਏਸ ਤਰ੍ਹਾਂ ਹੀਰ ਰਾਂਝੇ ਦਾ ਉਚਾ ਪਿਆਰ ਵੀ ਕਿਸੇ ਤਰ੍ਹਾਂ ਬੁਲ੍ਹੇ ਦੇ ਉਲੀਕੇ ਰਬੀ ਪਿਆਰ ਤੋਂ ਘਟ ਨਹੀਂ ਹੈ।

ਇਸ ਸਾਰੀ ਤੁਲਨਾ ਦਾ ਭਾਵ ਇਹ ਹੈ ਕੇ ਵਾਰਸ ਕਾਲ ਦੇ ਕਵੀਆਂ ਦਾ ਅਨੁਭਵ **Human relationships** ਮਨੁਖੀ ਸੰਬੰਧਾਂ ਉਤੇ ਅਧਾਰਤ ਸੀ। ਭਾਵੇਂ ਉਹ ਸੰਬੰਧ ਮੁਰਸ਼ਿਦ-ਮੁਰੀਦ ਦੇ ਪਿਆਰ ਰਾਹੀਂ ਫ਼ਿਨਾਫਿੱਲਾ ਦਾ ਨਿਸ਼ਾਨਾ ਰਖਦੇ ਹੋਣ ਤੇ ਭਾਵੇਂ ਹੀਰ ਰਾਂਝੇ ਦੇ ਜਿਨਸੀ ਪਿਆਰ ਵਿਚ ਉਚੇ ਰੱਬੀ ਇਸ਼ਕ ਦਾ ਝਲਕਾਰਾ ਪੈਂਦਾ ਹੋਵੇ। ਇਸ ਕਾਲ ਦੀ

Digitized by Panjab Digital Library | www.panjabdigilib.org

ਕਾਵਿ ਰਚਨਾ ਲਈ ਉਤੇਜਨਾ ਸਮਾਜਕ ਸੰਬੰਧ ਤੋਂ ਹੋਈ ਉਸ ਮੁਢ ਢਹਿ ਰਹੀ ਪੁਰਾਣੀ ਰਾਜਸੀ ਜਥੇਬੰਦੀ ਤੇ ਉਸ ਦੀ ਥਾਂ ਬੇ-ਯਕੀਨੇ ਰਾਜ ਪਰਬੰਧ ਵਿਚ ਸੀ। ਇਕ ਪਾਸੇ ਦੀ ਨਿਰਾਸਤਾ ਕਿਸੇ ਦੂਜੇ ਪਾਸੇ **Compensate** ਹੁੰਦੀ ਹੈ, ਜਾਣੀ ਕਿ ਘਾਟਾ ਪੂਰਾ ਕਿਸੇ ਹੋਰ ਪਖ ਵਿਚ ਹੁੰਦਾ ਹੈ।

ਪੰਜਾਬੀ ਸਾਹਿਤ ਦੇ ਮੱਧ ਕਾਲ ਦੇ ਪ੍ਰਸਿੱਧ ਕਵੀਆਂ ਵਿਚ ਬੁਲ੍ਹੇ ਸ਼ਾਹ, ਵਜੀਦ ਅਲੀਹੈਦਰ, ਫਰਦ ਫਕੀਰ, ਮੁਕਬਲ, ਵਾਰਸ, ਨਜਾਬਤ, ਅਗਰਾ, ਹਾਸ਼ਮ, ਅਹਿਮਦਯਾਰ, ਸ਼ਾਹ ਮੁਹੰਮਦ, ਕਾਦਰਯਾਰ ਦੇ ਨਾਤੇਂ ਗਿਣੇ ਜਾਂਦੇ ਹਨ। ਇਨ੍ਹਾਂ ਦੇ ਰਚਨਾ ਢੰਗ, ਵਸਤੂ ਵਿਸ਼ੇ, ਬੋਲੀ ਸ਼ੈਲੀ ਆਦਿ ਵਿਚ ਭਾਵੇਂ ਅਪਣਾ ਅਪਣਾ ਰਸ ਹੋਵੇ ਪਰ ਦਾਰਸ਼ਨਕ ਦ੍ਰਿਸ਼ਟੀਕੋਣ ਤੋਂ ਇਨ੍ਹਾਂ ਸਾਰਿਆਂ ਦੀ ਸਮੱਸਿਆ ਸਮਾਜਕ ਸੰਬੰਧ ਸਨ। ਕਿਸੇ ਨਾ ਕਿਸੇ ਖੇਤਰ ਦੇ **Human Relationships** ਮਾਨਵ ਮੈਤਰੀ ਨੂੰ ਇਨ੍ਹਾਂ ਅਨੁਭਵ ਕੀਤਾ ਤੇ ਰੀਜ ਨਾਲ ਜਾਂ ਮੌਲਿਕ ਭਾਵਾਂ ਤੇ ਪ੍ਰਭਾਵ ਹੇਠ ਇਨ੍ਹਾਂ ਕਵਿਤਾ ਕਹੀ। ਇਕ ਵਾਰਗੀ ਝਾਤ ਲਈ ਇਨ੍ਹਾਂ ਦੀਆਂ ਕਿਰਤਾਂ ਦਾ ਜਾਇਜ਼ਾ ਲੈਣ ਲਈ ਇਹ ਸੂਚੀ ਹੈ :

ਬੁਲ੍ਹੇ ਸ਼ਾਹ (1680-1752 ਈ:)—ਕਾਫੀਆਂ ਆਦਿ— ਭਾਵ— ਬੰਦੇ ਦੀ ਬੰਦਗੀ ਜਾਂ ਤਸੱਵਰ— ਮਨੁਖਾਂ ਵਿਚ ਰੱਬ, ਰੱਬ ਵਿਚ ਮਨੁੱਖ, ਸਰਬੇਕਤਾ ਤੇ ਅਭੇਦਤਾ।

ਅਲੀ ਹੈਦਰ (1690-1785 ਈ:)—ਸੀਹਰਫੀਆਂ ਤੇ ਬਾਰਾਂ ਮਾਹ—ਭਾਵ—ਇਸਲਾਮੀ ਸਮਾਜ ਕੁਰਾਨ ਸ਼ਰੀਫੀ ਰੰਗਣ ਵਿਚ।

ਫਰਦ ਫਕੀਰ (1720-1790 ਈ:)—ਸੀਹਰਫੀ, ਬਾਰਾਂ ਮਾਹ— ਭਾਵ— ਸਮਾਜਕ ਉਲਾਰ ਦਾ ਕਸ਼ਟ।

ਵਜ਼ੀਦ (ਅਠਾਰ੍ਹਵੀਂ ਸਦੀ ਦੇ ਅੰਤ ਵਿਚ)—ਟੱਪੇ ਜਾਂ ਸ਼ਲੋਕ—ਭਾਵ— ਸਮਾਜਕ ਟੋਏ ਟਿੱਬੇ ਮਨੁੱਖੀ ਜੀਵਨ ਨੂੰ ਉਲਰਵਾਂ ਰਖਣ ਵਾਲੇ ਤੇ ਉਨ੍ਹਾਂ ਸਬੰਧੀ ਚੋਭਵਾਂ ਵਿਅੰਗ।

ਮੁਕਬਲ (1700 ਤੋਂ ਪਿਛੋਂ )—ਹੀਰ ਤੇ ਜੰਗ ਨਾਮਾ— ਭਾਵ ਜਿਨਸੀ ਪਿਆਰ ਦੀਆਂ ਸਮਾਜਕ ਸਮਸਿਆਵਾਂ।

ਹਾਮਦ ਦੀ ਹੀਰ ਤੇ ਹੋਰ ਰਚਨਾਵਾਂ ਵਿਚ ਜਿਨਸੀ ਪਿਆਰ ਤੇ ਜੀਵ ਈਸ਼੍ਵਰ ਪਿਆਰ ਦੇ ਭਾਵ ਹਨ।

ਨਜਾਬਤ ਦੀ ਵਾਰ ਵਿਚ ਨਾਦਰ ਸ਼ਾਹ ਦਾ ਹੱਲਾ ਤੇ ਸ਼ਾਹ ਮੁਹੰਮਦ ਦੀਆਂ ਬੈਂਤਾਂ ਵਿਚ ਫਰੰਗੀਆਂ ਦੀ ਟਕਰ ਮਨੁੱਖੀ ਸਮਾਜ ਦੇ ਰਾਜਸੀ ਪ੍ਰਬੰਧ ਦੇ ਪਖ ਨੂੰ ਅਨੁਭਵ ਕੀਤਾ ਗਿਆ ਹੈ।

ਰਣਜੀਤ ਸਿੰਘ ਕਾਲ ਦੇ ਕਿੱਸਾ ਕਵੀਆਂ ਦੀਆਂ ਰਚਨਾਵਾਂ ਵੀ ਵਾਰਸ ਕਾਲ ਦੀਆਂ ਰਚਨਾਵਾਂ ਤੋਂ ਹੀ ਪਰਭਾਵਤ ਹੋਈਆਂ ਸਨ। ਇਤਨਾ ਫਰਕ ਜ਼ਰੂਰ ਪਿਆ ਕਿ ਹੁਣ ਏਸ ਕਿੱਸਾ-ਕਾਰੀ ਦੇ ਖੇਤਰ ਵਿਚ ਪੂਰਨ ਭਗਤ ਦੀ ਕਹਾਣੀ ਨੇ ਵੀ ਆ ਥਾਂ ਮੱਲੀ। ਪੂਰਨ ਦੀ ਕਹਾਣੀ ਵਿਚ ਮਤ੍ਰੇਈ ਮਾਂ ਦੇ ਪਾਤਰ ਨੇ ਜਿਨਸੀ ਪਿਆਰ ਵਿਚ ਇਕ ਹੋਰ ਤਰ੍ਹਾਂ ਦੀ ਸਮਸਿੱਆ ਪੇਸ਼ ਕੀਤੀ ਹੈ। ਏਸੇ ਤਰ੍ਹਾਂ ਰਾਜਾ ਰਸਾਲੂ ਤੇ ਹਰੀ ਸਿੰਘ ਨਲਵਾ, ਰਾਜ ਬੀਬੀ ਤੇ ਕਾਮ ਰੂਪ ਆਦਿ ਦੇ ਕਿੱਸੇ ਇਹ ਦਸਦੇ ਹਨ ਕਿ ਜਿਵੇਂ ਮੁਗਲਾਂ ਦੇ ਸਮੇਂ ਕਵੀਆਂ ਨੇ ਅਰਬੀ ਫਾਰਸੀ ਸਾਹਿਤ ਦੇ ਅਸਰ ਹੇਠ ਕਿੱਸੇ

Digitized by Panjab Digital Library | www.panjabdigilib.org

ਰਚੇ ਸਨ, ਹੁਣ ਮੁਗਲੀਆ ਪ੍ਰਬੰਧ ਦੇ ਅੰਤ ਹੋਣ ਨਾਲ ਉਨ੍ਹਾਂ ਗੈਰ ਭਾਰਤੀ ਪਰਭਾਵਾਂ ਦਾ ਵੀ ਅੰਤ ਹੋਣਾ ਸ਼ੁਰੂ ਹੋ ਗਿਆ ਸੀ। ਭਾਰਤ ਦੇ ਆਪਣੇ ਸਮਾਜਕ ਜੀਵਨ ਦੀਆਂ ਆਪਣੀਆਂ ਸਮੱਸਿਆਵਾਂ ਨੇ ਵੀ ਹਿੰਦੂ, ਮੁਸਲਿਮ ਤੇ ਸਿਖ ਕਵੀਆਂ ਦੇ ਮਨਾਂ ਨੂੰ ਟੁੰਬਿਆ ਸੀ। ਏਸ ਟੁੰਬਣੀ ਵਿਚ ਵਜ਼ੀਦ ਦੇ ਮਨੋਂ ਉੱਠੇ ਤੇ ਉਸ ਦੇ ਵਿਅੰਗਮਈ ਟੱਪਿਆਂ ਵਿਚ ਦਰਜ ਹੋਏ ਭਾਵ ਭੀ ਸ਼ਾਮਲ ਹਨ। ਜਦੋਂ ਇਕ ਆਦਮੀ ਰਾਜ ਪ੍ਰਬੰਧ ਦੀ ਅਸਥਿਰਤਾ ਵੇਖਦਾ ਹੈ, ਜਦੋਂ ਇਕ ਕਵੀ ਸਮਾਜਕ ਪ੍ਰਬੰਧ ਵਿਚ ਇਨਸਾਨੀ ਸੰਬੰਧਾਂ ਦੀ ਪਵਿਤ੍ਰਤਾ ਕੈਮ ਰਖਦੇ ਹੋਏ ਵੀ ਸਮਾਜਕ ਰਸਮਾਂ ਤੇ ਰੀਤਾਂ ਦੀ ਰੋਕਾਂ ਵੇਖਦਾ ਹੈ ਤਾਂ ਵਜ਼ੀਦ ਜਹੇ ਮਨ ਦਾ ਸਮਾਜਕ ਜੀਵਨ ਦੀਆਂ ਘਟਨਾਵਾਂ ਵਿਚ ਕਈ ਤਰ੍ਹਾਂ ਦੇ ਅਜੋੜ ਵੇਖਣਾ ਵੀ ਕੁਦਰਤੀ ਸੀ। ਜਿਹੜਾ ਲੁਕਵਾਂ ਕਟਾਖ ਗੁਰੂ ਨਾਨਕ ਦੇਵ ਜੀ ਨੇ 'ਏਤੀ ਮਾਰ ਪਈ ਕੁਰਲਾਣੈ ਤੈਂ ਕੀ ਦਰਦ ਨਾ ਆਇਆ' ਆਖ ਕੇ ਸ੍ਰਿਸ਼ਟੀ ਰਚਨਾ ਦੀ ਰਚਨ ਸ਼ਕਤੀ ਉਤੇ ਕੀਤਾ ਸੀ, ਐਨ ਉਸੇ ਤਰ੍ਹਾਂ ਦਾ ਕਟਾਖ ਬਾਬਾ ਵਜ਼ੀਦ ਨੇ 'ਕੌਣ ਸਾਹਿਬ ਨੂੰ ਆਖੇ ਐਂਵ ਨਹੀਂ ਐਂਵ ਕਰ' ਕਹਿ ਕੇ ਕੀਤਾ। ਇਹ ਵੀ ਆਪੇ-ਅਣਾਪੇ ਦੇ ਅਜੋੜ ਦੀ ਉਤੇਜਨਾ ਦਾ ਸਿੱਟਾ ਸੀ। ਇਕ ਸੰਜੋਗ-ਵਿਜੋਗ ਦੀ ਕਾਰ ਦਾ ਦੂਸਰਾ ਨਮੂਨਾ ਸੀ। ਪਰ ਹੈ ਇਹ ਵੀ ਸਮਾਜਕ ਜੀਵਨ ਦਾ ਹੀ ਅਨੁਭਵ। ਇਸ ਵਿਚ ਕੋਈ ਨਿਆਇਕ ਜਾਂ ਅੰਤਮ ਸਤਿਓ-ਵਾਦਕ ਦਾਰਸ਼ਨਕ ਵਿਚਾਰ ਨਹੀਂ ਪੇਸ਼ ਕੀਤੇ। ਸਾਡੇ ਲਈ ਅਗਵਾਈ ਮਧਕਾਲ ਦੇ ਕਵੀਆਂ ਦੀਆਂ ਰਚਨਾਵਾਂ ਤੋਂ ਉਨ੍ਹਾਂ ਦੀ ਸਰਬ ਸਾਂਝੀ ਦ੍ਰਿਸ਼ਟੀਕੋਣ ਦੀ ਹੈ, ਜਿਹੜੀ ਕਿ ਹੁਣ ਦੇ ਸਾਹਿਤਕਾਰਾਂ ਵਿਚ 'isms' ਵਾਦਾਂ ਦੇ ਝਖੜ ਨੇ ਉਖੇੜ ਦਿੱਤੀ ਹੈ।

———

Digitized by Panjab Digital Library | www.panjabdigilib.org

# ਭੂਮਿਕਾ

**ਜਦ ਤੋਂ** ਸਚ ਦੀ ਖੋਜ ਅਰੰਭ ਹੋਈ, ਫ਼ਲਸਫ਼ੇ ਦਾ ਮੁਢ ਵੀ ਬਝਿਆ। ਕਲਪਨਾ ਤੇ ਵਿਹਾਰ, ਜਾਂ ਭਵਿਖ ਤੇ ਵਰਤਮਾਨ ਦੀ ਕ੍ਰਿਆ ਪ੍ਰਤਿਕ੍ਰਿਆ ਰਾਹੀਂ ਬਹੁਤ ਨਵੇਂ ਨਵੇਂ ਵਿਚਾਰ ਉਸਰਦੇ ਤੇ ਉਗਮਦੇ ਰਹੇ, ਪਰ ਮਨੁਖੀ ਤ੍ਰਿਪਤੀ ਤਾਂ ਫ਼ਲਸਫ਼ੇ ਦੇ ਅਮਲੀ-ਪਖ ਨਾਲ ਹੋ ਸਕਦੀ ਸੀ, ਕੋਰੇ ਸਿਧਾਂਤਾਂ ਨਾਲ ਨਹੀਂ। ਇੰਜ ਜਾਪਦਾ ਹੈ ਕਿ ਵੇਦਾਂਤ ਤੇ ਯੋਗ-ਸੂਤ੍ਰ 'ਪੁਰਾਤਨ ਗਿਆਨ ਦੇ ਅਮਲੀ ਪ੍ਰਯੋਗ ਵਜੋਂ ਵਿਕਾਸਵਾਨ ਹੋਏ।

ਵੇਦਾਂਤ ਦੇ ਯੋਗ ਦਾ ਫ਼ਲਸਫ਼ਾ ਵੀ ਵਿਅਕਤੀ-ਵਾਦੀ ਏਕਾਂਤ ਸਾਧਨਾ ਕਰਕੇ ਸੁੰਗੜਦਾ ਗਿਆ। ਪ੍ਰਹਿਲਾਦ ਨੇ ਇਸ ਇਕਾਂਤਕ ਸਾਧਨਾ ਨੂੰ ਸੁਆਰਥੀ ਸਾਧਨਾ ਦਸ ਕੇ ਫ਼ਲਸਫ਼ੇ ਦਾ ਰੂਪ ਪਹਿਲੀ ਵੇਰ ਜਨਤਾ ਵਾਦੀ ਬਣਾਉਣ ਦਾ ਜਤਨ ਕੀਤਾ ਅਤੇ ਨਰ ਸਿੰਘ ਅਵਤਾਰ ਅਗੇ 'ਨਾਹੰ ਭੀਮੇਮਿ' ਮੈਂ ਤੇਰੇ ਕੋਲੋਂ ਨਹੀਂ ਡਰਦਾ—ਇਹ ਵਾਕ ਉਚਾਰ ਕੇ ਕਿਹਾ—

> **प्रायेण देवमुनय: स्वविमुक्तिकाम:**
> **मौनं चरन्ति विजने न प्रार्थनिष्ठ: ।**
> **नैनान् विहाय कृपणान् विमुमुक्षरे क:**

ਹੇ ਭਗਵਾਨ! ਹੁਣ ਤਕ ਆਪਣੀ ਮੁਕਤੀ ਦੀ ਕਾਮਨਾ ਕਰਨ ਵਾਲੇ ਅਜਿਹੇ ਅਨੇਕਾਂ ਦੇਵ ਤੇ ਮੁਨੀ ਕਾਫ਼ੀ ਹੋ ਚੁਕੇ ਹਨ ਜੋ ਜੰਗਲ ਵਿਚ ਜਾ ਕੇ ਮੋਨ-ਸਾਧਨਾ ਕੀਤਾ ਕਰਦੇ ਸਨ, ਪਰ ਉਨ੍ਹਾਂ ਵਿਚ ਪਰਮਾਰਥ-ਭਾਵ ਨਹੀਂ ਸੀ, ਉਹ ਦੂਜਿਆਂ ਪ੍ਰਤਿ ਕੁਝ ਨਹੀਂ ਸਨ ਸੋਚਦੇ। ਮੈਂ ਵਿਚਾਰੇ ਤਰਸ ਯੋਗ ਲੋਕਾਂ ਨੂੰ ਛੱਡ ਕੇ ਮੁਕਤ ਨਹੀਂ ਹੋਣਾ ਚਾਹੁੰਦਾ।

ਫ਼ਿਰ ਇਕ ਅਥਾਹ ਹਨੇਰਾ-ਯੁਗ ਆਇਆ। ਇਕ ਵੇਰ ਤਾਂ ਨਾ ਸਿਧਾਂਤ ਰਹੇ ਨਾ ਆਚਾਰ ਰਹੇ। ਫਿਰ ਸਿਧਾਂਤ ਲੱਭੇ ਗਏ ਤੇ ਲੋਕੀ ਪਰੰਪਰਾ-ਪਾਲਨ ਵਿਚ ਜੁਟ ਗਏ। ਹਰ ਗੱਲ ਨੂੰ ਸਤ-ਬਚਨ ਕਹਿਣ ਵਾਲੇ ਵਧ ਗਏ। 14ਵੀਂ 15ਵੀਂ ਸਦੀ ਵਿਚ ਪ੍ਰਤੱਖ ਗਿਆਨ ਤੇ ਸੁਤਿ-ਆਚਾਰ ਵਲ ਧਿਆਨ ਜਾਣ ਲਗਾ, ਨਾਮ ਦੇਵ, ਰਾਮਾਨੰਦ, ਰਵਿਦਾਸ, ਤ੍ਰਿਲੋਚਨ, ਸਧਨਾ, ਸੇਨਾ, ਧਨਾ, ਬੇਣੀ, ਕਬੀਰ ਆਦਿ ਨਿਰਗੁਣ-ਵਾਦੀ ਸੰਤਾਂ ਨੇ ਇਸ ਦ੍ਰਿਸ਼ਟੀਕੋਣ ਦਾ ਵਿਕਾਸ ਕੀਤਾ।

ਈਰਾਨ ਵਿਚ ਬੂ ਅਲੀ ਸੀਨਾ ਤੇ ਖਿਆਮ ਮਗਰੋਂ ਅਖ਼ਲਾਕਿ ਮੁਹਸਨੀ ਤੇ ਅਖ਼ਲਾਕਿ ਜਲਾਲੀ ਦੇ ਲੇਖਕਾਂ ਨੇ ਹਿਕਮਤਿ ਅਮਲੀ (ਪ੍ਰਤਖ ਤੇ ਜੀਵਨ-ਉਸਾਰੂ ਫ਼ਲਸਫ਼ੇ) ਵਲ ਉਚੇਚਾ ਧਿਆਨ ਦਿਤਾ।*

---

*ਯੋਰਪ ਵਿਚ ਪਹਿਲੀ ਵੇਰ ਹਿਕਮਤ ਅਮਲੀ ਦਾ ਵਿਚਾਰ ਦੇਣ ਵਾਲਾ ਗਲੇਲਿਓ (Galileo) ਤਾਂ 1564 ਈ: ਵਿਚ ਜੰਮਿਆ ਸੀ। ਹਾਂ ਮਾਰਟਨ ਲੂਥਰ (Martin Luther) ਨੇ ਬੇਸ਼ਕ 15ਵੀਂ ਸਦੀ ਵਿਚ ਸੁਧਾਰਵਾਦੀ ਲਹਿਰ ਚਲਾਈ ਸੀ।



Digitized by Panjab Digital Library | www.panjabdigilib.org

ਗੁਰੂ ਨਾਨਕ ਦੇਵ ਇਸੇ ਯੁਗ ਵਿਚ ਆਏ ਸਨ, ਉਨ੍ਹਾਂ ਨੇ ਸ਼ਬਦ-ਗਿਆਨ ਤੇ ਪੁਸਤਕ-ਪ੍ਰਮਾਣ, ਹਠ-ਯੋਗ ਤੇ ਕੱਟਰ-ਪੰਥ ਦਾ ਸਾਰਾ ਆਡੰਬਰ ਤੇ ਪੋਚ ਲਾਹ ਦਿਤਾ। ਜੀਵਨ ਦਾ ਸਹਿਜ ਸਰੂਪ ਨਿਖਾਰਨ ਲਈ ਨਕਦ ਧਰਮ ਜਾਂ ਸਤਿ ਆਚਾਰ ਉਪਰ ਉਨ੍ਹਾਂ ਨੇ ਵਿਸ਼ੇਸ਼ ਜ਼ੋਰ ਦਿਤਾ। ਜ਼ਾਤ ਪਾਤ, ਪੇਸ਼ੇ ਰੁਤਬੇ ਜਾਂ ਇਲਮ ਹੁਨਰ ਦੀ ਥਾਂ ਸਚ-ਆਚਾਰ, ਸੇਵਾ ਬ੍ਰਿਤੀ, ਨਾਮ ਸਿੱਧੀ ਤੇ ਦਾਨ ਦਇਆ ਨੂੰ ਉਨ੍ਹਾਂ ਨੇ ਜੀਵਨ ਉਸਾਰੀ ਦਾ ਆਧਾਰ ਮੰਨਿਆ। ਕਬੀਰ ਤੋਂ ਛੁਟ ਬਾਬਾ ਨਾਨਕ ਹੀ ਇਸ ਮਹਾਨ ਮਨੁਖੀ ਚੇਤਨਾ ਦੇ ਮੋਢੀ ਸਨ। ਇਸੇ ਕਰਕੇ ਸ: ਗੁਰਬਖਸ਼ ਸਿੰਘ ਜੀ ਨੇ ਕਿਹਾ ਹੈ :—

"ਬਾਬੇ ਨਾਨਕ ਦੇ ਧਰਮ ਦੀ ਉਚਤਾ ਹੀ ਏਸੇ ਗਲ ਵਿਚ ਹੈ ਕਿ ਇਹ ਅਮਲੀ ਧਰਮ ਹੈ। ਇਹਦੇ ਵਿਚ ਕੋਈ ਪਲੇਚ ਨਹੀਂ, ਕੋਈ ਗੋਰਖ ਧੰਧਾ ਨਹੀਂ। ਇਹ ਗਰੀਬਾਂ ਦਾ ਧਰਮ ਹੈ। ਹਰ ਇਕ ਦਾ ਧਰਮ ਹੈ। ਇਸ ਧਰਮ ਨੇ ਬਣਾਉਟੀ ਧਰਮ ਨੂੰ ਸਿੰਘਾਸਨ ਤੋਂ ਉਤਾਰ ਕੇ ਮਨੁਖਤਾ ਨੂੰ ਪ੍ਰਧਾਨ ਬਣਾਇਆ ਸੀ।"—ਪਰਮ ਮਨੁਖ ਵਿਲੀਅਮ ਜੇਮਜ਼ ਨੇ ਆਪਣੀ ਪੁਸਤਕ ਪ੍ਰੈਗਮੇਟਿਜ਼ਮ **(Pragmatism)** ਵਿਚ ਅਜੇਹੇ ਗੁਣਾਂ ਵਾਲੇ ਧਰਮ-ਨੇਤਾ ਨੂੰ ਅਨੁਭੂਤੀ-ਵਾਦੀ ਫਿਲਾਸਫ਼ਰ ਮੰਨਿਆ ਹੈ।

ਨਾਨਕ ਨੇ ਫ਼ਲਸਫ਼ੇ ਨੂੰ ਜੀਵਨ ਦੇ ਅੰਗ-ਸੰਗ ਚਲਣ ਦੇ ਯੋਗ ਬਣਾਇਆ। ਇਸ ਮਤ (ਫ਼ਲਸਫ਼ੇ) ਨੂੰ ਉਨ੍ਹਾਂ 'ਗੁਰਮਤ' ਨਾਉਂ ਦਿਤਾ। ਇਸ ਦਾ ਸਰਲ ਰੂਪ ਦਸਿਆ—

**ਹਿਰਦੈ ਸਚੁ ਏਹ ਕਰਣੀ ਸਾਰੁ। ਹੋਰ ਸਭ ਪਾਖੰਡ ਪੂਜ ਖੁਆਰੁ॥**
**ਦੁਬਿਧਾ ਚੂਕੈ ਤਾਂ ਸ਼ਬਦ ਪਛਾਣੁ। ਘਰਿ ਬਾਹਰਿ ਏਕੋ ਕਰਿ ਜਾਣੁ॥**
**ਏਹਾ ਸਤਿ ਸਬਦੁ ਹੈ ਸਾਰੁ। ਵਿਚਿ ਦੁਬਿਧਾ ਮਾਥੈ ਪਵੈ ਛਾਰੁ॥**
**ਕਰਣੀ ਕੀਰਤਿ ਗੁਰਮਤਿ ਸਾਰੁ। ਸੰਤ ਸਭਾ ਗੁਣ ਗਿਆਨ ਬੀਚਾਰੁ॥**
**ਮਨੁ ਮਾਰੇ ਜੀਵਤ ਮਰਿ ਜਾਣੁ। ਨਾਨਕ ਨਦਰੀ ਨਦਰਿ ਪਛਾਣੁ ॥9॥3॥**

**—ਪ੍ਰਭਾਤੀ, ਪੰਨਾ 1646**

ਸੰਸਕ੍ਰਿਤ ਵਿਚ ਦਰਸ਼ਨ ਦਾ ਅਰਥ ਹੈ ਪ੍ਰਤੱਖ ਗਿਆਨ ਇਸੇ ਲਈ ਇਸ ਗਿਆਨ ਵਾਲੇ ਨੂੰ ਰਿਖੀ (ऋषि) ਕਹਿੰਦੇ ਹਨ। ਫ਼ਾਰਸੀ ਵਾਲੇ ਉਸ ਨੂੰ 'ਦਾਨਾ ਬੀਨਾ' ਕਹਿੰਦੇ ਹਨ। ਭਾਰਤ ਵਿਚ ਦਰਸ਼ਨ ਸੱਚੇ ਪ੍ਰਕਾਸ ਨੂੰ ਆਖਦੇ ਹਨ ਜੋ ਜੀਵਨ ਮਨੋਰਥ ਨੂੰ ਸਮਝਣ ਤੇ ਪ੍ਰਾਪਤ ਕਰਨ ਵਿਚ ਸਹਾਇਕ ਹੋਵੇ, ਵਿਅਕਤੀ ਅਤੇ ਸਮਾਜ ਵਿਚ ਸ਼ਾਂਤੀ ਵਰਤਾਵੇ। ਸਭ ਪ੍ਰਕਾਰ ਦੇ ਦੁਖਾਂ ਤੋਂ ਛੁੜਾ ਕੇ ਪਰਮ ਅਨੰਦ ਵਿਚ ਮਗਨ ਕਰ ਸਕੇ।

ਪਰੰਤੂ ਪ੍ਰੋ: ਏ: ਈ: ਹੀਥ (A. E. Heath) * ਨੇ ਫ਼ਲਸਫ਼ੇ ਨੂੰ ਸ਼ਾਂਤੀ ਦਾਇਕ ਨਹੀਂ ਸਗੋਂ ਬੌਧਿਕ ਅਮਨ ਨੂੰ ਭੰਗ ਕਰਨ ਵਾਲਾ ਮੰਨਿਆ ਹੈ।

*'Philosophy is disturber of intellectual peace, not a sedative.' Philosophy for Pleasure, Introduction p. viii.

Digitized by Panjab Digital Library | www.panjabdigilib.org

ਇਹ ਗਲ ਤਾਂ ਠੀਕ ਹੈ ਕਿ ਸਚਾ ਫ਼ਲਸਫ਼ਾ ਜੀਵਨ ਦੀ ਜੰਮੀ ਮੈਲ ਨੂੰ, ਕੂੜ-ਕਲਪਨਾ ਨੂੰ ਅਤੇ ਦਿਮਾਗ਼ੀ ਗੁਲਾਮੀ ਨੂੰ ਹਲੂਣ ਦੇਂਦਾ ਹੈ। ਉਹ ਮਨੁਖੀ ਚੇਤਨਾ ਵਿਚ ਸੁੱਚੇ ਤੇ ਸੱਚੇ ਜੀਵਨ-ਆਦਰਸ਼ ਲਈ ਤਾਂਘ ਪੈਦਾ ਕਰ ਦੇਂਦਾ ਹੈ। ਇਸ ਤਾਂਘ ਵਿਚ ਉਮਾਹ ਤੇ ਉਤਸ਼ਾਹ ਤਾਂ ਹੁੰਦਾ ਹੈ, ਭਾਵੇਂ ਸੀਤਲ ਕ੍ਰਾਂਤੀ ਵੀ ਹੁੰਦੀ ਹੈ; ਪਰ ਉਹ ਕਿਸੇ ਪ੍ਰਕਾਰ ਬਦ-ਅਮਨੀ ਪੈਦਾ ਨਹੀਂ ਕਰਦਾ, ਨਾਨਕ-ਬਾਣੀ ਇਸ ਗਲ ਦੀ ਗਵਾਹ ਹੈ ਅਤੇ ਸੋਲ੍ਹਵੀਂ ਸਦੀ ਦਾ ਇਤਿਹਾਸ ਸਾਖੀ ਹੈ। ਨਾਨਕ ਬਾਣੀ ਵਿਚੋਂ ਫ਼ਲਸਫ਼ੇ ਦਾ ਸਪਸ਼ਟ ਰੂਪ ਦਸਣਾ ਬਹੁਤ ਵਡੀ ਘਾਲਣਾ ਤੇ ਇਕਾਗ੍ਰਤਾ ਦਾ ਕੰਮ ਹੈ।* ਉਨ੍ਹਾਂ ਨੇ ਕਦੇ ਵੀ ਫ਼ਿਲਾਸਫ਼ਰ ਹੋਣ ਦਾ ਉਚੇਚ ਨਹੀਂ ਕੀਤਾ। ਜਿਵੇਂ ਉਹ ਸਹਿਜ ਰੂਪ ਵਿਚ ਕਵੀ ਹਨ ਤਿਵੇਂ ਹੀ ਸਹਿਜ ਰੂਪ ਵਿਚ ਫ਼ਿਲਾਸਫ਼ਰ ਜਾਂ ਦਾਰਸ਼ਨਿਕ ਵੀ। ਸਦੀਆਂ ਦੇ ਇਤਿਹਾਸਕ ਵਿਕਾਸਾਂ, ਅੰਦੋਲਨਾਂ ਤੇ ਗਡ-ਮਡ ਵਿਚਾਰਾਂ ਵਿਚੋਂ ਲੰਘ ਕੇ ਸ਼ਰਲ, ਸਹਿਜ ਤੇ ਸਚੇ ਭਾਵਾਂ ਤਕ ਪੁਜ ਸਕਣਾ ਔਖੀ ਗੱਲ ਹੈ। ਵਰਤਮਾਨ ਨੂੰ ਵਿਸਾਰ ਕੇ ਉਸ ਅਤੀਤ ਵਿਚ ਵਿਚਰਨਾ ਵੀ ਸੌਖਾ ਨਹੀਂ।

ਮੌਲਿਕਤਾ ਨੂੰ ਫਲਸਫੇ ਵਿਚ ਭਾਲਨਾ ਹੋਰ ਵੀ ਅਸੰਭਵ ਗੱਲ ਹੈ ਕਿਉਂ ਜੋ ਕਈ ਵੀ ਫ਼ਲਸਫ਼ਾ ਮਾਨਵੀ ਜੀਵਨ ਤੋਂ ਵਿਮੁਖ ਹੋ ਕੇ ਨਹੀਂ ਉਸਰਿਆ ਅਤੇ ਮਾਨਵੀ ਜੀਵਨ ਬਹੁਤ ਕਦੀਮੀ ਤੇ ਵਿਸ਼ਾਲ ਹੈ। ਜਿਸ ਤੱਥ ਨੂੰ ਧੁਰ ਅੰਦਰੋਂ ਦਾ ਕਢਿਆ ਕਿਹਾ ਜਾਂਦਾ ਹੈ ਉਹ ਵੀ ਕਈ ਰੂਪਾਂ ਵਿਚ ਹੋਰ ਸੋਮਿਆਂ 'ਚੋਂ ਉਗਮਿਆ ਜਾਂ ਹੋਰ ਵਿਚਾਰਾਂ ਤੋਂ ਪ੍ਰਭਾਵਿਤ ਹੁੰਦਾ ਹੈ। ਫ਼ਲਸਫ਼ੇ ਦੀ ਮੌਲਿਕਤਾ ਇਸ ਗਲ ਵਿਚ ਮੰਨਣੀ ਚਾਹੀਦੀ ਹੈ ਕਿ ਇਸਦੇ ਪ੍ਰਕਾਸ਼ਿਤ ਕਰਨ ਵਾਲੇ ਨੇ ਦਿਲੋਂ ਮਨੋਂ ਪੂਰੀ ਪਰਖ, ਸੂਝ ਤੋਂ ਈਮਾਨਦਾਰੀ ਨਾਲ ਆਪਣੇ ਨਿਜੀ ਅਨੁਭਾਵਾਂ ਦੀ ਸਾਂਝ ਪਾ ਕੇ ਵਿਚਾਰ ਨਜਿਠੇ ਹਨ। ਇਸੇ ਲਈ ਇਕ ਵਿਚਾਰਕ ਨੇ ਕਿਹਾ ਹੈ—

**"Originality is not newness ; it is genuineness."**

ਬਾਬੇ ਨੇ ਨਿਰੰਕਾਰ ਬ੍ਰਹਮ ਵਿਚਾਰ ਜਾਂ ਅਕਾਲ ਪਰਮਤੱਤ ਦੀ ਖੋਜ, ਆਪਾ ਚੀਨ੍ਹਣ, ਸਤਿ ਪਰਤੀਤਿ, ਆਵਾਗਵਨ, ਕਰਮ-ਫਲ ਤੇ ਮੁਕਤੀ ਦੇ ਭਾਵ ਵੈਦਿਕ ਤੇ ਉਪਨਿਸ਼ਦ ਪਰੰਪਰਾ ਤੋਂ ਪਰਵਾਨ ਕੀਤੇ।

ਨਿਰਗ੍ਰੰਥ ਰੁਚੀ, ਸ਼ਬਦ ਸਧਨਾ, ਦੇਸ਼ਾਂਤਰ ਭ੍ਰਮਣ, ਜਥੇਬੰਦੀ (ਸੰਘ ਸ਼ਕਤੀ) ਹਵਨ ਯਗ ਤੇ ਕਰਮ ਕਾਂਡ ਦੀ ਨਿਖੇਧੀ ਦਇਆ, ਅਹਿੰਸਾ, ਅਪਰਿਗ੍ਰਹ, ਸਰਨਾ ਗਤੀ ਭਾਵ ਤੇ ਸਹਿਜ ਯੋਗ ਬੋਧ ਸਿਧਾਂ ਦੀ ਪਰੰਪਰਾ ਤੋਂ ਪ੍ਰਚਿਲਿਤ ਸਨ।

ਸੋਹੰ, ਨਿਰਾਕਾਰ ਉਪਾਸਨਾ; ਸੁੰਨ ਮੰਡਲ; ਅਨਹਦ; ਗੁਰੂ ਭਗਤੀ; ਅਜਪਾ ਜਾਪ; ਸੁਰਤੀ ਨਿਰਤੀ; ਤੇ ਮਨ-ਮਾਰਨ ਦੀ ਸਾਧਨਾ; ਪ੍ਰੋਹਤਾਈ ਮੂਰਤੀ ਪੂਜ ਤੇ ਜਾਤ ਪਾਤ ਤੀਰਥਵਰਤ ਦੀ ਨਿਖੇਧੀ ਤੇ ਮਾਇਆ ਖੰਡਨ ਆਦਿ ਗਲਾਂ ਨਾਥ ਪੰਥ ਤੋਂ ਆ ਰਹੀਆਂ ਸਨ।

---

*ਭਾਵੇਂ ਨਾਨਕ ਸ਼ਾਹੀ ਸੰਪਰਦਾਏ ਦੇ ਸਾਧੂਆਂ ਨੇ ਦੋ ਦੋ ਗ੍ਰੰਥ ਇਸ ਵਿਸ਼ੇ ਤੇ ਸੰਸਕ੍ਰਿਤ ਵਿਚ ਪ੍ਰਕਾਸ਼ਤ ਕੀਤੇ ਹਨ

1. ਨਿਰਾਕਾਰ ਮੀਮਾਂਸਾ
2. ਅਦਭੁਤ ਗੀਤਾ

Digitized by Panjab Digital Library | www.panjabdigilib.org

ਇਸਲਾਮ ਨੇ ਭਾਰਤੀ ਸੰਸਕ੍ਰਿਤੀ ਨੂੰ ਨਵੇਂ ਸਿਰੋਂ ਬੰਧੂ-ਭਾਵ,* ਭਾਈ ਚਾਰਾ ਤੇ ਸੂਫ਼ੀ ਪਰੇਮ ਭਾਵ ਦੇਣ ਦਾ ਪ੍ਰਯਤਨ ਕੀਤਾ ਸੀ। ਇਸਲਾਮੀ ਸਰਲ ਸਾਧਨਾ ਭਾਵ ਤੇ ਰੱਬ ਦਾ ਜਲਾਲੀ ਰੂਪ (ਭਉ ਵਿਚਾਰ) ਨਿਰਗੁਣ ਵਿਚਾਰ-ਧਾਰਾ ਵਿਚ ਰਚ-ਪਚ ਚੁਕਾ ਸੀ।

ਅਲਵਾਰ ਸੰਤ ਪਰੰਪਰਾ, ਵਾਰਕਰੀ-ਸਾਧਨਾ, ਮਹਾਨ-ਭਾਵ ਤੇ ਪੁਰਸ਼ੀਆ ਭਗਤੀ-ਮਾਰਗ ਤੋਂ ਕੀਰਤਨ, ਸੰਗੀਤ, ਭਾਵ-ਭਗਤੀ, ਗੁਰੂ ਪ੍ਰਸਾਦ (ਅਨੁਕੰਪਾ), ਨਾਮ, ਦਾਨ, ਘਰ ਵਿਚ ਉਦਾਸੀ ਤੇ ਨਾਰੀ ਸਨਮਾਨ ਦੇ ਵਿਚਾਰ ਵਿਕਾਸਵਾਨ ਹੋ ਕੇ ਉਤਰੀ ਭਾਰਤ ਵਿਚ ਵੀ ਪ੍ਰਚਲਿਤ ਹੋਣ ਲਗ ਪਏ ਸਨ। ਇਨ੍ਹਾਂ ਸੰਤਾਂ ਦੀ ਕਾਵਿ ਸ਼ੈਲੀ ਨੇ ਨਿਰਗੁਣ ਸਾਹਿਤ ਪੁਰ ਵੀ ਚੋਖਾ ਪ੍ਰਭਾਵ ਪਾਇਆ।

ਉਤਰੀ ਭਾਰਤ ਵਿਚ ਈਸਾਈ ਮਤ ਦਾ ਕੋਈ ਪ੍ਰਭਾਵ ਗੁਰੂ ਨਾਨਕ ਕਾਲ ਤਕ ਦਿਸਦਾ ਨਹੀਂ। ਪੰਜਾਬ ਵਿਚ ਤਾਂ ਈਸਾਈ ਮਤ ਦੇ ਪਹਿਲੇ ਦਰਸ਼ਨ ਕੇਵਲ ਅਕਬਰ ਕਾਲ ਵਿਚ ਹੁੰਦੇ ਹਨ ਜਦੋਂ ਲਾਹੌਰ ਵਿਚ ਇਕ ਨਿਕਾ ਜਿਹਾ ਗਿਰਜਾ ਬਣਾਇਆ ਗਿਆ ਸੀ। ਉਸ ਤੋਂ ਬਹੁਤ ਪਹਿਲਾਂ ਨਿਰਗੁਣ ਪੰਥ ਤੇ ਨਾਨਕ-ਪੰਥ ਪ੍ਰਚਲਿਤ ਹੋ ਚੁਕੇ ਸਨ। ਇਸ ਲਈ ਇਹ ਨਿਪਟ ਹਠ-ਧਰਮੀ ਜਾਂ ਮੋਹ ਹੈ ਜੋ ਗ੍ਰੀਅਰਸਨ (Grierson) ਨੇ ਨਿਰਗੁਣ ਧਾਰਾ ਵਿਚ ਈਸਾਈ ਮਤ ਦਾ ਯੋਗ ਸਿਧ ਕਰਨ ਦੀ ਚੇਸ਼ਟਾ ਕੀਤੀ ਜਾਂ ਡਾ: ਲੋਹਿ ਲਿਨ (Dr C. H. Loehlin) ਨੇ ਆਪਣੀ ਪੁਸਤਕ (The Sikhs and their scriptures) ਅੰਤ ਵਿਚ ਕੁਝ ਭਾਵਾਂ ਦੇ ਈਸਾਈ ਮਤ ਤੋਂ ਆਉਣ ਦੀ ਸੰਭਾਵਨਾ ਕੀਤੀ**

---

*ਸਾਂਝੇ ਹਿੰਦੂ ਤੁਰਕਨ ਕੇਰੇ ਸਿਖ ਸਮਾਨ ਮੁਰੀਦ ਘਨੇਰੇ ॥
ਅਹੈ ਪਛ ਜੇ ਹਿੰਦੂ ਨ ਤੁਰਕਾ। ਦੋਨੋ ਕੇ ਖੇਵਨ ਮਤ ਗੁਰਕਾ ॥
ਗੁਰੁ ਨਾਨਕ ਪ੍ਰਕਾਸ਼ ਅਧਿਆਏ 57
ਵਿਚ ਗੁਰੂ ਨਾਨਕ ਦੇ ਬੰਧੂ ਭਾਵ ਦਾ ਚਿਤ੍ਰਣ ਸਪਸ਼ਟ ਦਿਸਦਾ ਹੈ।

**ਗੁਰਮਤ ਦੀ ਤੁਲਨ ਹੋਰ ਮਤਾਂ ਮਤਾਂਤਰਾਂ ਨਾਲ। ਇਸ ਵਿਸ਼ੇ ਲਈ ਵੇਖੋ। ਅਧਿਆਇ 7 ਪੁਸਤਕਾਂ
(i) A critical study of Adi Granth—Dr. Surinder Singh Kohli ;
(ii) ਵਿਚਾਰ ਧਾਰਾ—ਡਾ: ਸ਼ੇਰ ਸਿੰਘ

Digitized by Panjab Digital Library | www.panjabdigilib.org

# ਗੁਰੂ ਨਾਨਕ ਪਰਗਟ ਹੋਇਆ

ਜੀਵਨ ਦੀ ਅਫੜਾ ਦਫੜੀ ਵਿਚ ਵੀ ਮਨੁਖਤਾ ਸ਼ਾਂਤੀ ਦੀ ਖੋਜ ਵਿਚ ਸੀ ਅਤੇ ਉਸ ਨੂੰ ਲੋੜ ਸੀ ਇਕ ਤਕੜੇ ਦਿਲ ਵਾਲੇ ਚੌੜੀ ਛਾਤੀ ਵਾਲੇ ਦੂਰ-ਦਰਸ਼ੀ ਆਗੂ ਦੀ ।* ਅਤੇ ਉਹ ਆਗੂ, ਉਹ ਦੇਵਦੂਤ ਪ੍ਰਗਟ ਹੋਇਆ ਗੁਰੂ ਨਾਨਕ ਦੇਵ ਦੇ ਰੂਪ ਵਿਚ (ਕੱਤੇ ਦੀ ਪੂਰਨਮਾਸ਼ੀ, 1526 ਵਿ: ਨੂੰ) ।

ਹੁਸੜਵਾਲੀ ਗਰਮੀ ਵੀ ਅਤ ਠੰਡੇ ਬਦਲਾਂ ਨੂੰ ਆਪਣੇ ਵਲ ਖਿਚਦੀ ਹੈ, ਪਰ ਬਦਲ ਤਦੋਂ ਹੀ ਵਸਦੇ ਹਨ ਜਦੋਂ ਵਾਤਾਵਰਨ ਵਿਚ ਸੰਤੁਲਨ ਆ ਜਾਵੇ । ਇਸੇ ਪ੍ਰਕਾਰ ਦਿੱਬ-ਬਾਣੀ ਜਾਂ ਅਰਸ਼ੀ ਕਾਵਿ ਰਚੀਂਦਾ ਹੈ ਕੌਮੀ ਦੁਖ ਸੁਖ ਦੇ ਘੋਲ-ਮੇਲ ਵੇਲੇ । ਰਬਿੰਦਰ ਨਾਥ ਟੈਗੋਰ ਨੇ ਇਸੇ ਪ੍ਰਸੰਗ ਵਿਚ ਕਿਹਾ ਹੈ "ਜੇ ਕਰ ਵਾਸਤਵਿਕ ਜੀਵਨ ਵਿਚ ਬੇਸੁਰਾ ਪਨ ਬਾਹਰਲਾ ਹੋਵੇ ਜਾਂ ਸੰਪੂਰਨ ਇਕ ਸੁਰਤਾ ਬਣ ਜਾਏ ਤਾਂ ਸ਼ਾਇਦ ਕਾਵਿ ਲਿਖਣਾ ਅਸੰਭਵ ਹੋ ਜਾਂਦਾ ਹੈ । ਜਿਥੇ ਬੇਸੁਰਤਾ ਦਾ ਦਰਦ ਤੀਬਰਤਾ ਨਾਲ ਇਕ ਸੁਰਤਾ ਪ੍ਰਾਪਤ ਕਰਕੇ ਉਸ ਦਾ ਪ੍ਰਕਾਸ਼ ਕਰਨ ਦੀ ਤਾਂਘ ਰਖੇ, ਕੇਵਲ ਉਥੇ ਹੀ ਕਾਵਿ ਆਪਣੇ ਅਸਲੀ ਤਾਲ ਵਿਚ ਚਲਦਾ ਹੈ, ਜਿਵੇਂ ਬੰਸਰੀ ਵਿਚੋਂ ਸਾਹ ਆਪਣਾ ਰਾਹ ਬਣਾ ਕੇ ਇਕ ਸੁਰਤਾ ਪ੍ਰਾਪਤ ਕਰਨ ਦਾ ਪ੍ਰਯਤਨ ਕਰਦਾ ਹੈ ।" My Reminscences p. p. 143—44.

ਗੁਰੂ ਨਾਨਕ ਨੂੰ ਆਪਣੇ ਮਹਾਨ ਕਾਰਜ ਦੀ ਪੂਰੀ ਪੂਰੀ ਸੋਝੀ ਸੀ ਅਤੇ ਧੁਰ ਦੀ ਬਾਣੀ ਦਾ ਅਨੁਭਵ—

(i) ਤਾਂ ਮੈਂ ਕਹਿਆ ਕਹਣੁ ਜਾ ਤੁਝੈ ਕਹਾਇਆ ॥ ਦ 1 ਵਡਹੰਸ ਛੰਤ

(ii) ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲ—ਜਪੁ

(iii) ਸਤਿਗੁਰ ਦੀ ਬਾਣੀ ਸਤਿ ਸਤਿ ਕਰਿ ਮਾਨਹੁ ਲੀਨਾ ਹੇ ॥ ਇਹ ਆਤਮ ਰਾਮੈ ਮਾਰੂ ਸੋਲਹੇ

(iv) ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ/1।3।5। ਤਿਲੰਗ

---

* (i) 'Nanak was the first man for such a task; for he was thorough and consistent, prudent and yet enthusiastic, inoffensive yet urgent, and as gentle in manner as he was strong in faith.' p. 73. – Fredrick Pincott

(ii) 'Guru Nanak appeared at a time when India was invaded by dark forces. India's Civilisati n and the Aryan dharma were sinking and a new age of violance was arising in the midst of conflict and chaos. The soul of Guru Nanak cried out to G d to save the people.'

A Prophet of the People : T. L. Vaswani, P. 28.

Digitized by Panjab Digital Library | www.panjabdigilib.org

ਜਿਵੇਂ ਸਾਵਨ ਦੀ ਝੜੀ ਲੂ ਤੇ ਧੂੜ ਧੜਕੇ ਨੂੰ ਮਿਟਾ ਦੇਂਦੀ ਹੈ, ਤਿਵੇਂ ਨਾਨਕ ਬਾਣੀ ਨੇ ਹੰਕਾਰ ਵੈਰ ਵਿਰੋਧ, ਈਰਖਾ ਤੇ ਭਰਮ ਨੂੰ ਨਸ਼ਟ ਕਰਨ ਦਾ ਉਪਰਾਲਾ ਕੀਤਾ। ਗੁਰੂ ਜੀ ਬੌਧਿਕ ਸੁਤੰਤਰਤਾ ਤੇ ਤਕੜੀ ਸੁਸ਼ੀਲ ਮਨੁਖਤਾ ਦੇ ਉਪਾਸ਼ਕ ਸਨ। ਸੁਆਮੀ ਦਯਾ ਨੰਦ ਵਰਗੇ ਧਰਮ-ਆਲੋਚਕ ਨੇ ਵੀ ਲਿਖਿਆ ਹੈ—'ਯਹ ਸਚ ਹੈ ਕਿ ਜਿਸ ਸਮਯ ਨਾਨਕ ਜੀ ਪੰਜਾਬ ਮੇਂ ਹੁਏ ਥੇ, ਉਸ ਸਮਯ ਪੰਜਾਬ ਸੰਸਕ੍ਰਿਤ ਵਿਦਿਆ ਸੇ ਮਰਵਥਾ ਰਹਿਤ, ਮੁਸਲਮਾਨੋਂ ਸੇ ਪੀੜਿਤ ਥਾ। ਉਸ ਸਮੇਂ ਉਨ੍ਹਾਂ ਨੇ ਲੋਗੋਂ ਕੋ ਬਚਾਯਾ।' ਪੰ: 378 ਸਤਿਆਰਥ ਪ੍ਰਕਾਸ਼।

ਉਸ ਕਾਲ ਵਿਚ ਬਦ-ਨੀਤੀ, ਬਦ-ਅਮਨੀ ਤੇ ਬੇਤਰਸੀ ਨਾਲ ਜਰਵਾਣਿਆਂ ਵਲੋਂ ਹਿੰਦੂ ਮੰਦਰ ਢਾਏ ਜਾਂਦੇ ਸਨ, ਨਿਮਾਣੀ ਜਨਤਾ ਨੂੰ ਕੰਗਾਲ ਜਾਂ ਮੁਸਲਮਾਨ ਬਣਨਾ ਪੈਂਦਾ ਸੀ। ("ਗਊ ਬਿਰਾਹਮਣ ਕਉ ਕਰੁ ਲਾਵਹੁ") (ਪੰ: 471) ਕਹਿਕੇ ਗੁਰੂ ਨਾਨਕ ਦੇਵ ਨੇ ਅੱਤਿਆਚਾਰ ਵਿਰੁਧ ਆਵਾਜ਼ ਉਠਾਈ। ਉਹ ਭਾਰਤ ਦੇ ਇਤਿਹਾਸ ਵਿਚ ਪਹਿਲੇ ਕਵੀ ਹਨ ਜਿਨ੍ਹਾਂ ਨੇ ਬਾਬਰ ਦੇ ਹਲੇ ਪ੍ਰਤਿ ਖਨ ਦੇ ਸੋਲਹੇ ਗਾਏ, ਪਰ ਉਨ੍ਹਾਂ ਵਿਚ ਵੀ ਆਸ਼ਾਵਾਦੀ ਪ੍ਰੇਰਨਾ ਦਿਤੀ—

**ਹੋਰ ਭੀ ਉਠਸੀ ਮਰਦ ਕਾ ਚੇਲਾ; ਹਿੰਦੁਸਤਾਨ ਸਮਾਲਸੀ ਬੋਲਾ;**

**ਸਚਾ ਸੋ ਸਾਹਿਬ ਸਚ ਤਪਾਵਸੁ ਸਚੜਾ ਨਿਆਉ ਕਰੇਗ ਮਸੋਲਾ** ।2।3।5।ਤਿਲੰਗ।

1500 ਤੋਂ 1539 ਈ: ਤਕ, 40 ਵਰ੍ਹਿਆਂ ਦੀ ਬਾਣੀ ਵਿਚ ਉਨ੍ਹਾਂ ਨੇ ਕੇਵਲ 975 ਪਦ ਰਚੇ। ਇੰਜ ਪ੍ਰਤੀਤ ਹੁੰਦਾ ਹੈ ਕਿ ਉਨ੍ਹਾਂ ਦੇ ਰੁਝੇਵੇਂ ਤੇ ਤੁਰੀਆ ਅਵਸਥਾ ਦੇ ਮੇਲੇ ਬੜੇ ਗੂੜ੍ਹੇ ਹੋਣਗੇ। ਫਿਰ ਵੀ ਉਨ੍ਹਾਂ ਨੇ ਆਪਣੀ ਪੋਥੀ ਆਪਣੇ ਹਥੀਂ ਤਿਆਰ ਕੀਤੀ ਸੀ (ਵਾਰ ਪਹਿਲੀ, ਭਾ: ਗੁਰਦਾਸ); ਇੰਨਾ ਗੰਭੀਰ ਜੀਵਨ-ਦਰਸ਼ਨ ਥਾਪਿਆ ਅਤੇ ਉਚੇਰੇ ਧਰਮ ਗ੍ਰੰਥਾਂ ਦੇ ਸੰਕੇਤ ਦਿਤੇ—ਫਿਰ ਵੀ ਉਨ੍ਹਾਂ ਨੂੰ ਅਨਪੜ੍ਹ ਮੰਨਣਾ ਬੜੀ ਭਾਰੀ ਭੁਲ ਹੈ। ਡਾ: ਗੋਕੁਲ ਚੰਦ ਨਾਰੰਗ ਲਿਖਦੇ ਹਨ:

"ਉਹ ਜਨਮ ਤੋਂ ਹੀ ਮਹਾਂ ਪੁਰਖ ਸਨ। ਅਨਪੜ੍ਹਿਆਂ ਵਰਗੇ ਹੁੰਦਿਆਂ ਹੋਇਆਂ ਵੀ, ਉਨ੍ਹਾਂ ਨੂੰ ਮੁਹੰਮਦ ਸਾਹਿਬ ਦੀ ਤਰ੍ਹਾਂ ਕੁਦਰਤ ਵਲੋਂ ਤੇਜ ਬੁਧੀ ਤੇ ਸਹਜ ਗਿਆਨ ਪ੍ਰਾਪਤ ਸੀ"*

ਇਹ ਵਿਚਾਰ ਧਾਰਾ ਪਿੰਕਾਟ (Frederick Pincott) ਦੇ ਇਕ ਭੁਲੇਖੇ ਕਰਕੇ ਪ੍ਰਚਿਲਤ ਹੋਈ ਹੈ। ਦੀਨ-ਭਾਵ ਵਿਚ ਗੁਰੂ ਨਾਨਕ ਦੇਵ ਨੇ ਕਈ ਵੇਰ ਆਪਣੇ ਆਪ ਪ੍ਰਤਿ 'ਨ ਹਉ ਜਤੀ ਸਤੀ ਨਹੀਂ ਪੜਿਆ' 'ਨਹ ਪੰਡਿਤ ਨਹ ਚਤੁਰ ਸਿਆਣਾ ਕਿਹਾ ਸੀ। ਭਾਰਤੀ ਸੁਭਾਵ ਤੋਂ ਅਣਜਾਣ ਹੋਣ ਕਰਕੇ ਉਨ੍ਹਾਂ ਨੇ ਇਜਿਹੇ ਕਥਨ ਦੇ ਸਿਧੇ ਅਰਥ ਕਢ ਲਏ।

'ਗੁਰੂ ਨਾਨਕ ਦੇਵ ਜੀ ਦੀ ਵਿਦਵਤਾ' ਇਕ ਲੇਖ ਮੈਂ ਮਈ, 1955 ਦੀ ਆਲੋਚਨਾ (ਲੁਧਿਆਣਾ) ਵਿਚ ਪ੍ਰਕਾਸ਼ਿਤ ਕਰ ਚੁਕਾ ਹਾਂ, ਵੇਖੋ ਪੰਨੇ 16-30।

---

*ਰੁਲਬਾ ਪੰ: 37

Transformation of Sikhism 1945.

Digitized by Panjab Digital Library | www.panjabdigilib.org

# ਨਾਨਕ ਫ਼ਲਸਫ਼ੇ ਦੇ ਗੁਣ-ਵਿਸ਼ੇਸ਼

ਨਾਨਕ ਦਾ ਫ਼ਲਸਫ਼ਾ ਵਿਵੇਕ ਅਤੇ ਤਰਕ ਵਾਂਗ ਨਿਸ਼ੰਗ ਤੇ ਦ੍ਰਿੜ੍ਹ ਹੈ, ਸਰਸ ਕਾਵਿ ਵਾਂਗ ਸਜੀਵ ਤੇ ਰਾਗ ਭਰਪੂਰ ਹੈ ; ਨਿਰਵੈਰ ਸਰਧਾ ਵਾਂਗ ਇਹ ਅਡੋਲ ਤੇ ਏਕਾਗਰ ਹੈ, ਸੁੱਚੇ ਮਨ ਦੀ ਪਵਿਤਰਤਾ, ਸੁੰਨ ਗਗਨ ਦੀ ਜੋਤ ਤੇ ਅਨਾਹਤ ਸੰਗੀਤ ਨੇ ਇਸ ਵਿਚ ਕਿਸੇ ਨਿਰਭਉ ਸ਼ੇਰ ਦੇ ਦਿਲ ਦੀ ਧੜਕਣ ਅਤੇ ਕਿਸੇ ਉੱਚੀਆਂ ਉਡਾਰੀਆਂ ਵਾਲੇ ਬਾਜ ਦੀ ਨੀਝ ਪਾ ਦਿਤੀ ਹੈ ; ਪਰ ਇਸ ਫ਼ਲਸਫ਼ੇ ਦਾ ਪ੍ਰਕਾਸ਼ ਉਸ ਨਿਮਾਨੀ ਸਾਧ-ਭਾਸ਼ਾ ਵਿਚ ਹੋਇਆ ਹੈ ਜੋ ਉਚੇਰੇ ਗਿਆਨ ਤੇ ਅਨੰਦ ਨੂੰ ਸਚਮੁਚ ਸੁਰਗਾਂ ਤੋਂ ਉਤਾਰ ਕੇ ਕਿਰਸਾਨਾਂ, ਕਾਮਿਆਂ ਤੇ ਸਾਧਾਰਨ ਜਨਾਂ ਦੀ ਬੁੱਕਲ ਵਿਚ ਪਾ ਦਿੰਦੀ ਹੈ—

1. **ਬੇਦ ਪੁਕਾਰਣ ਕਥੇ ਸਣੇ ਹਾਰੇ ਮੁਨੀ ਅਨੇਕਾ । ਅਠ ਸਠਿ ਤੀਰਥ ਬਹੁ ਘਣਾ ਭ੍ਰਮਿ ਥਾਕੇ ਭੇਖਾ । ਸਾਚੋ ਸਾਹਿਬੁ ਨਿਰਮਲੋ ਮਨਿ ਮਾਨੈ ਏਕਾ ॥**
**ਮਾਰੂ ਅਸਟਪਦੀ ਪੰ: 1008-9**

2. **ਆਚਾਰੀ ਨਹੀਂ ਜੀਤਿਆ ਜਾਇ । ਪਾਠ ਪੜੇ ਨਹੀਂ ਕੀਮਤਿ ਪਾਇ । ਅਸਟਦਸੀ ਚਹੁ ਭੇਦ ਨ ਪਾਇਆ । ਨਾਨਕ ਸਤਿਗੁਰਿ ਬ੍ਰਹਮੁ ਦਿਖਾਇਆ ।**
**ਆਸਾ ਪੰ: 355**

3. **ਫਕੜ ਜਾਤੀ ਫਕੜ ਨਾਉ । ਸਭਨਾ ਜੀਆ ਏਕਾ ਛਾਉ । ਸਿਰੀ ਰਾਗ ।**

4. **ਨੀਚਾਂ ਅੰਦਰ ਨੀਚ ਜਾਤਿ, ਨੀਚੀ ਹੂ ਅਤਿ ਨੀਚ ।
ਨਾਨਕ ਤਿਨ ਕੇ ਸੰਗ ਸਾਥਿ, ਵਡਿਆ ਸਿਉ ਕਿਆ ਰੀਸ ।
ਜਿਥੇ ਨੀਚ ਸਮਾਲੀਅਨਿ ਤਿਥੇ ਨਦਰਿ ਤੇਰੀ ਬਖਸੀਸ । ਸਿਰੀ ਰਾਗ ।**

ਸਿਖ ਧਰਮ ਨੂੰ ਭਾਈ ਸਾਹਿਬ ਸਿੰਘ ਜੀ ਨੇ 'ਰਾਜ ਜੋਗ' ਮੰਨਿਆ ਹੈ ।* ਪਰ ਰਾਜ ਜੋਗ ਵਿਚ ਭੋਗ ਦੀ ਜੋ ਵਾਸ਼ਨਾ ਹੈ ਉਹ ਆਦਿ ਸਿਖ ਮਤ ਵਿਚ ਬਹੁਤ ਘਟ ਹੈ । ਇਸਦੀ ਥਾਂ ਸਹਿਜ ਯਗ ਵਧੇਰੇ ਢੁਕਵਾਂ ਹੈ । ਘਰ ਵਿਚ ਉਦਾਸੀ ਦੀ ਰੀਤ ਹੀ ਜੀਵਨ ਮੁਕਤੀ ਦਾ ਸੰਕੇਤ ਹੈ । ਨਾਮ ਭਗਤੀ ਦੇ ਨਾਲ ਹੀ ਸਹਿਜ ਯੋਗ ਜਾਂ ਜੀਵਨ ਮੁਕਤੀ ਦੀ ਸਾਧਨਾ ਜੁੜੀ ਹੋਈ ਹੈ । ਇਸ ਦੇ ਕਾਰਣ ਸੁਰਗਾਂ ਦੇ ਲਾਰੇ ਤੇ ਨਰਕਾਂ ਦੇ ਡਰਾਵੇ ਮੁਕ ਜਾਂਦੇ ਹਨ—

---

*ਇਹੋ ਭਾਵ ਕਬੀਰ ਜੀ ਨੇ ਇੰਿਤ ਦਸਿਆ ਹੈ—
ਅਰਧ ਉਰਧ ਬਿਦਿ ਸਮ ਪਹਿਚਾਣਿ । ਨੀਚ ਊਚ ਨਹੀਂ ਮਾਨ ਅਮਾਨ ।
ਬਿਆਪਕ ਰਾਮ ਸਗਲ ਸਮਾਨ ॥14॥ ਗਉੜੀ ਕਬੀਰ, ਪੰ: 334.



Digitized by Panjab Digital Library | www.panjabdigilib.org

**ਦਰ ਦਰਸ਼ਨ ਕਾ ਪ੍ਰੀਤਮ ਹੋਵੈ**
**ਮੁਕਤੀ ਬੈਕੁੰਠੇ ਕਰੈ ਕਿਆ ॥** ਆਸਾ ॥

ਇਸ ਪ੍ਰਕਾਰ ਗੁਰੂ ਨਾਨਕ ਨੇ ਆਪਣੇ ਅਨੁਭਵ ਧਰਕ ਫ਼ਲਸਫ਼ੇ ਨੂੰ ਸਰਬ-ਸਾਧਾਰਣ ਦੇ ਜੀਵਨ ਵਿਚ ਸਮਤਾ, ਏਕਤਾ, ਸੁਖਲ, ਨਿਮਰਤਾ ਸਹਿਨਸ਼ੀਲਤਾ ਅਤੇ ਖਿਮਾਸ਼ੀਲਤਾ ਤੇ ਸੇਵਾ-ਬਿਰਤੀ ਲਿਆਉਣ ਲਈ ਦੇਸ਼ ਦੇਸ਼ਾਂਤਰਾਂ ਵਿਚ ਪ੍ਰਚਲਿਤ ਕੀਤਾ। ਇਹ ਨਿਰੋਲ ਜਨਤਾ ਵਾਦੀ ਦ੍ਰਿਸ਼ਟੀਕੋਣ ਸੀ।

ਉਨ੍ਹਾਂ ਨੇ ਮੁਕਤੀ ਜਾਂ ਮਹਾਂ ਸੁਖ (ਨਾਮ ਮਹਾਂ ਰਥ) ਨਵੇਕਲੇ ਰੂਪ ਵਿਚ ਮਾਣਨ ਦੀ ਪ੍ਰੇਰਨਾ ਨਹੀਂ ਦਿੱਤੀ ਸਗੋਂ ਉਨ੍ਹਾਂ ਨੇ ਮੁਕਤੀ ਭਾਵ ਨੂੰ ਸਰਬਤ ਲਈ, ਸਮੁਚੇ ਸਮਾਜ ਦੀ ਪਹਰ ਤੇ ਵਿਕਾਸ-ਵਾਨ ਕੀਤਾ ਤੇ ਦਸਿਆ—

1. **ਗੁਰ ਸੇਵ ਤਰੇ ਤਜਿ ਮੇਰ ਤੋਰ ॥** ਪੰ: 1170
2. **ਆਪਿ ਤਰੈ ਜਨੁ ਮਿਤਰਾਂ ਤਾਰੇ। ਸੰਗਤਿ ਮੁਕਤਿ ਸੁ ਪਾਰਿ ਉਤਾਰੇ ॥** ਪੰ: 1026
3. **ਜਿਨੀ ਨਾਮੁ ਧਿਆਇਆ ਗਏ ਮੁਸਕਤਿ ਘਾਲਿ।**
   **ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥ ਜਪੁ।**

ਗੁਰੂ ਨਾਨਕ ਨੇ ਵੇਦਾਂ ਦੀ ਵਿਆਖਿਆ ਦੇ ਅਧਿਕਾਰ ਬ੍ਰਾਹਮਣਾਂ ਦੇ ਹਥੋਂ ਕਢਣ ਲਈ ਲੋਕਾਂ ਦੀ ਬੋਲੀ ਵਿਚ ਕਵਿਤਾ ਰਚੀ ਤੇ ਉਸਨੂੰ ਵੇਦਾਂ ਦੀ ਅਸਲ ਸਪਿਰਿਟ ਦਾ ਸਕਾਰ ਰੂਪ ਦਸਿਆ।

—ਪ੍ਰੋ: ਰਾਮ ਸਿੰਘ, ਲੇਖ, 'ਗੁਰੂ, ਸੰਤ ਤੇ ਸੂਫ਼ੀ' (ਰਹੱਸਵਾਦੀ) ਗ੍ਰੰਥ 'ਪੰਜਾਬ' ਭਾਸ਼ਾ ਵਿਭਾਗ, ਪਟਿਆਲਾ, ਪੰ: 357.

ਉਸ ਯੁਗ ਵਿਚ ਯੋਰੁਪ ਵਾਲੇ ਆਪਣੇ ਫ਼ਲਸਫ਼ੇ ਦੇ ਗ੍ਰੰਥ ਲਾਤੀਨੀ ਭਾਸ਼ਾ ਵਿਚ ਲਿਖਦੇ ਸਨ, ਮੁਸਲਮਾਨ ਅਰਬੀ ਜਾਂ ਫਾਰਸੀ ਵਿਚ ਅਤੇ ਹਿੰਦੁਸਤਾਨ ਦੇ ਪੰਡਤ ਸੰਸਕ੍ਰਿਤ ਵਿਚ ਲਿਖਦੇ ਸਨ। ਸ਼ੰਕਰ ਆਚਾਰਜ, ਰਾਮਾਨੁਜ, ਮਾਧਵ ਆਚਾਰਜ, ਵਲਭਾ ਆਚਾਰਜ ਅਤੇ ਰਾਮਾਨੰਦ ਨੇ ਸਾਰੇ ਗ੍ਰੰਥ ਦੇਵ ਭਾਸ਼ਾ ਸੰਸਕ੍ਰਿਤ ਵਿਚ ਲਿਖੇ।

ਗਿਆਨੇਸ਼ਵਰ (13ਵੀਂ ਸਦੀ) ਪਹਿਲੇ ਸੰਤ ਸਨ ਜਿਨ੍ਹਾਂ ਨੇ ਗੀਤਾ ਦਾ ਟੀਕਾ ਮਰਾਠੀ ਕਵਿਤਾ ਵਿਚ ਕੀਤਾ। ਬਾਬਾ ਫਰੀਦ ਨੇ ਵੀ ਫ਼ਲਸਫ਼ੀਆਨਾ ਵਿਸ਼ੇ ਅਰਬੀ ਫ਼ਾਰਸੀ ਵਿਚ ਹੀ ਲਿਖੇ ਸਨ। ਉਤਰੀ ਭਾਰਤ ਵਿਚ ਗੁਰੂ ਨਾਨਕ ਪਹਿਲੇ ਧਰਮ ਪ੍ਰਵਰਤਕ ਸਨ ਜਿਨ੍ਹਾਂ ਨੇ ਲੋਕ ਭਾਸ਼ਾ ਵਿਚ ਜਪੁਜੀ, ਸਿਧ ਗੋਸ਼ਟ, ਆਸਾ ਦੀ ਵਾਰ, ਮਾਰੂ ਸੋਲਹੇ ਆਦਿ ਗੰਭੀਰ ਦਾਰਸ਼ਨਿਕ ਰਚਨਾਵਾਂ ਲਿਖੀਆਂ।

ਇਹ ਗਲ ਵਿਸ਼ੇਸ਼ ਧਿਆਨ ਜੋਗ ਹੈ ਕਿ ਇਨ੍ਹਾਂ ਨੇ ਰੁਖਾ ਫਿਕਾ, ਕਲਪਨਿਕ ਧਰਮ ਸ਼ਾਸਤ੍ਰ

---

*ਪੰ: 106 ਕੁਝ ਹੋਰ ਧਾਰਮਿਕ ਲੇਖ; ਇਸ ਵਿਚਾਰ ਦਾ ਕਾਰਨ ਭੱਟ ਕਵਿ ਕਲ ਦਾ ਵਾਕ ਹੈ—ਕਬਿ ਕਲ ਸੁਜਸੁ ਗਾਵਉ ਗੁਰੂ ਨਾਨਕ ਰਾਜੁ ਜੋਗ ਜਿਨਿ ਮਾਣਿਓ ॥ ਪੰ: 1390.

ਨਾਨਕ ਪਰਕਾਸ਼ ਵਿਚ ਵੀ ਲਿਖਿਆ ਹੈ—

ਮੋਛ ਸਦਨ ਕੀ ਜਹ ਤਨੁ ਸੇਨੀ। ਸੁਮਿਰਨੁ ਸਤਿਨਾਮੁ ਦਿਨ ਰੈਨੀ॥ ॥20॥ ਅਧ. 56.

Digitized by Panjab Digital Library | www.panjabdigilib.org

ਰਚਣ ਦੀ ਉਚੇਚ ਨਹੀਂ ਕੀਤੀ ਸਗੋਂ ਜੀਵਨ ਦਾ ਸਜੀਵ ਫ਼ਲਸਫ਼ਾ ਦਿੱਤਾ ਹੈ ਜਿਸ ਵਿਚ ਸੰਗੀਤ ਰਾਹੀਂ ਸੁਖੈਨ ਜਨ ਭਾਸ਼ਾ ਵਿਚ ਉੱਚੇ ਤੋਂ ਉੱਚੇ ਭਾਵ ਤੇ ਡੂੰਘੇ ਤੋਂ ਡੂੰਘੇ ਵਿਚਾਰ ਅਨੁਭਵ ਸਿਧ ਹੋ ਕੇ ਪ੍ਰਕਾਸ਼ਿਤ ਹੋਏ ਹਨ। ਜੀਵਨ ਦਾ ਇਹ ਫ਼ਲਸਫ਼ਾ ਸਿਧਾਤਾਂ, ਤਰਕਵਿਤਰਕਾਂ, ਦਲੀਲ-ਬਾਜ਼ੀਆਂ ਦੇ ਅਡੰਬਰਾਂ ਤੋਂ ਰਹਿਤ ਹੈ। ਇਸ ਵਿਚ ਜੀਵਨ ਤੇ ਜਗਤ ਨੂੰ ਨੈਤਿਕ ਤੇ ਅਧਿਆਤਮਕ ਦ੍ਰਿਸ਼ਟੀ-ਕੋਣ ਤੋਂ ਵੇਖਿਣ ਪਰਖਿਣ, ਸੁਧਾਰਨ ਤੇ ਪੁਸ਼ਟ ਕਰਨ ਦਾ ਸਹਿਜ ਉਪਰਾਲਾ ਕੀਤਾ ਗਿਆ ਹੈ। ਇਹ ਵੀ ਦਸਿਆ ਹੈ ਕਿ ਮਨੁਖ ਦਾ ਸੱਚਾ ਜੀਵਨ ਆਦਰਸ਼ ਕੀ ਹੈ। ਪੂਰਨ-ਮਨੁਖ ਬਣਨ ਦੀ ਕੀ ਜੁਗਤ ਹੈ।

ਗੁਰੂ ਨਾਨਕ ਪੰਡਤਾਈ ਵਿਖਾਉਣ ਲਈ ਬਾਣੀ ਨਹੀਂ ਸਨ ਲਿਖਦੇ ਨਾ ਉਹ ਬੰਦੇ ਨੂੰ ਅਖਰਾਂ ਜਾਂ ਮੰਤ੍ਰਾਂ ਦਾ ਦਾਸ ਬਣਾਉਣਾ ਚਾਹੁੰਦੇ ਸਨ। ਉਨ੍ਹਾਂ ਦੀ ਨਿਗਾਹ ਵਿਚ ਮਨੁਖਤਾ ਦਾ ਮੁਲ ਪੁਸਤਕਾਂ ਦੇ ਹਵਾਲਿਆਂ ਤੋਂ ਵਧੇਰੇ ਉਚਾ ਸੀ। ਇਸੇ ਲਈ ਉਨ੍ਹਾਂ ਨੇ ਫ਼ਲਸਫ਼ੇ ਨੂੰ ਕਲਿਆਣ-ਕਾਰੀ ਭਵ-ਦੁਖ-ਹਰਨ ਮੰਨਿਆ ਤੇ ਕਿਹਾ :—

**'ਗੁਰਮਤਿ ਲੇਹੁ ਤਰਹੁ ਭਵ ਦੁਤਰੁ।'** ਮਾਰੂ ਸੋਹਲੇ

ਇਹ ਫ਼ਲਸਫ਼ਾ ਕਾਂਤ ਤੇ ਵਰਜਿਲ ਦੇ ਫ਼ਲਸਫ਼ੇ ਵਾਂਗ ਰਸਹੀਨ ਮਹੀਨ ਨਹੀਂ ਸਗੋਂ ਭਾਉ ਭਗਤੀ ਦੀ ਚਾਸ਼ਨੀ ਨਾਲ ਰਸਿਆ ਰੰਗਿਆ ਹੈ।

ਇਸ ਵਿਚ ਸ੍ਰਿਸ਼ਟੀ ਦੀ ਰਚਨਾ, ਭੌਤਿਕ ਤੇ ਪਾਰਲੌਕਿਕ ਅਨੁਮਾਨ ਦੀਆਂ ਖੁੱਡਾਂ ਪੁਟਣ ਦਾ ਜਤਨ ਨਹੀਂ ਕੀਤਾ ਗਿਆ, ਗਿਟਕਾਂ ਗਿਣਨ ਵਿਚ ਵਕਤ ਨਹੀਂ ਗੁਆਇਆ ਗਿਆ ਸਗੋਂ ਰਸਾਲ (ਅੰਬ) ਚਖਣ ਦੀ ਜੁਗਤ ਦਸੀ ਗਈ ਹੈ। ਸ੍ਰਿਸ਼ਟੀ ਨਾਲੋਂ ਸਿਰਜਨਹਾਰ ਵਲ ਵਧੇਰੇ ਧਿਆਨ ਦਿਤਾ ਗਿਆ ਹੈ।

ਸੰਸਾਰ ਦੀ ਅਸਾਰਤਾ ਤੋਂ ਸਾਵਧਾਨ ਹੋ ਕੇ ਮਾਨੁਖੀ ਜੀਵਨ ਨੂੰ ਪਾਪਾਂ ਤੋਂ ਮੁਕਤ ਕਰਕੇ ਇਸੇ ਧਰਤੀ ਤੇ, ਇਸੇ ਜਾਮੇਂ ਵਿਚ ਆਨੰਦ ਮਨਾਉਣ ਦੀ ਜਾਚ ਦਸੀ ਗਈ ਹੈ। ਮੈਦਾਨ ਛਡ ਕੇ ਆਪਣੇ ਪਿੰਡ ਨੂੰ ਦੌੜ ਜਾਣ ਦੀ ਭਗੌੜੀ ਬ੍ਰਿਤੀ ਦੀ ਨਿਖੇਧੀ ਕੀਤੀ ਗਈ ਹੈ।

ਪੁਰਾਤਨ ਉਕਤੀਆਂ ਤੇ ਅਖਰਾਂ ਦਾ ਦਾਸ ਬਣਨ ਦੀ ਥਾਂ ਉਨ੍ਹਾਂ ਦੇ ਯੋਗ ਮਾਲਕ ਬਣਨ ਦੀ ਸਿਖਿਆ ਦਿਤੀ ਗਈ ਹੈ। ਬੁੱਧੀ ਨੂੰ ਸੁਰਜੀਤ ਤੇ ਹਿਰਦੇ ਨੂੰ ਜਾਗ੍ਰਤ ਰਖਣ ਦੀ ਸਾਧਨਾ ਦਸੀ ਗਈ ਹੈ। ਅਜੇਹੀ ਨਿਰਮਲ ਤੇ ਉੱਜਲ ਬੁੱਧੀ ਤੋਂ ਗਿਆਨ ਲਭਦਾ ਹੈ ਤੇ ਨਿਰਦੋਸ਼, ਹਉਮੈ ਰਹਿਤ ਮਨ ਤੋਂ ਭਗਤੀ ਤੇ ਸ਼ਰਧਾ ਮਿਲਦੀ ਹੈ। ਇਸੇ ਲਈ ਪਦਾਰਥਕ ਵਿਗਿਆਨ ਨਾਲੋਂ ਅਧਿ-ਆਤਮਕ ਗਿਆਨ ਦਾ ਦਰਜਾ ਉਚੇਰਾ ਦਸਿਆ ਗਿਆ ਹੈ। ਭੌਤਿਕਵਾਦ ਤਾਂ "ਦੂਜਾ ਭਾਇ" ਉਤਪੰਨ ਕਰਕੇ ਮਨੁਖ ਨੂੰ ਮਨਮੁਖ ਤੇ ਪਸੂਵਤ ਬਣਾ ਦੇਂਦਾ ਹੈ। ਸੰਪੱਤੀ ਸੱਚੇ ਜੀਵਨ ਦਾ ਆਦਰਸ਼ ਨਹੀਂ, ਜੀਵਨ ਦਾ ਆਦਰਸ਼ ਸਦੀਵੀ ਅਨੰਦ ਮਾਣਨਾ ਤੇ ਅੰਮ੍ਰਿਤ ਛਕਣਾ ਹੈ ਇਕ-ਸੁਰ ਇਕ-ਰਸ ਤੇ ਸਮਦਰਸ਼ੀ ਹੋਣ ਲਈ।

ਭਉ ਵਿਚ ਰਹਿਕੇ ਨਿਰਭਉ-ਪ੍ਰਭ ਪ੍ਰਾਪਤ ਕਰਨ, ਵਿਸਮਾਦ ਤੇ ਉਪਰਾਮ ਅਵਸਥਾ ਤੋਂ ਚਉਥੇ ਪਦ ਦੀ ਤੁਰਿਆ ਅਵਸਥਾ ਤ੍ਰਿਗੁਣਾਤੀਤ ਅਨਾਹਤ ਅਨੁਭੂਤੀ ਤਕ ਪੁਜਣਾ ਹੀ ਗੁਰ-ਭਗਤੀ ਮਾਰਗ ਹੈ।

Digitized by Panjab Digital Library | www.panjabdigilib.org

ਗੁਰਮਤ ਦਾ ਆਦਰਸ਼ ਹੈ ਦਾਰਸ਼ਨਿਕ ਜੀਵਨ ਥਾਪਣਾ ; ਦਾਰਸ਼ਨਿਕ ਸਿਧਾਂਤ ਥਾਪਣਾ ਜਾਂ ਜੰਤਰ ਮੰਤਰ ਬਣਾਉਣਾ ਨਹੀਂ। ਸਿਖ-ਪੰਥ ਚਲਣ ਲਈ ਬਣਿਆ ਹੈ, ਦੇਖਣ ਸੁਣਨ ਲਈ ਨਹੀਂ।

ਗੁਰੂ ਨਾਨਕ ਨੇ ਦਿੱਬ-ਸ਼ਕਤੀ ਨਾਲ ਗਿਆਨ ਤੇ ਭਗਤੀ ਦਾ ਸੁਮੇਲ ਕਰਕੇ ਨਾਮ ਸਾਧਨਾ ਦਾ ਨਵਾਂ ਗਾਡੀ-ਰਾਹ ਬਣਾਇਆ ਜੋ ਘਰ ਬਾਹਰ, ਉਚ ਨੀਚ ਦੇ ਭਾਵਾਂ ਨੂੰ ਪਧਰ ਕਰ ਦੇਂਦਾ ਹੈ। 'ਗੁਰ ਪ੍ਰਸਾਦਿ' ਨਾਲ ਹਉਮੈ ਤੋਂ ਮੁਕਤੀ ਮਿਲਦੀ ਹੈ ਤੇ ਸਾਰੇ ਕਰਮ ਸ਼ੁੱਧ ਹੋ ਜਾਂਦੇ ਹਨ, ਸਗੋਂ ਅਕਰਮ ਤੇ ਨਿਸ਼ਕਾਮ ਅਵਸਥਾ ਵੀ ਮਿਲ ਜਾਂਦੀ ਹੈ : —

**1. ਹਉਮੈਂ ਦੀਰਘ ਰੋਗ ਹੈ, ਦਾਰੂ ਭੀ ਇਸ ਮਾਹਿ ॥ ਵਾਰ ਆਸਾ**

**2. ਜਨਮ ਜੀਤਿ ਮਰਣਿ ਮਨੁ ਮਾਨਿਆ ਆਪਿ ਮੂਆ ਮਨ ਮਨ ਤੇ ਜਾਨਿਆ ॥**

**218 ਗਉੜੀ।**

ਜੋਤ ਵਾਲਾ ਸੁਰਜੀਤ ਮਨ ਜਦੋਂ ਤਮੋ ਗੁਣੀ ਮਨ ਨੂੰ ਮਨਾ ਲੈਂਦਾ ਹੈ ਤਾਂ ਹਉਮੈ ਸੁਧ ਹੋ ਜਾਂਦਾ ਹੈ ਤੇ ਇਹ ਅਵਸਥਾ ਪ੍ਰਾਪਤ ਹੁੰਦੀ ਹੈ—

**ਬਾਹਰਹੁ ਹਉਮੈ ਕਹੈ ਕਹਾਏ।**
**ਅੰਦਰਹੁ ਮੁਕਤ ਲੇਪੁ ਕਦੇ ਨਾ ਲਾਏ। ਪੰਨਾ 412**

ਨਾਨਕ ਬਾਣੀ ਵਿਚ ਅਨੇਕ ਵਿਗਿਆਨਕ ਵਿਚਾਰ ਵਿਖਰੇ ਪਏ ਹਨ। ਆਧੁਨਿਕ ਸਿਧਾਤਾਂ ਦੇ ਪੁਰਾਤਨ ਰੂਪ ਵੀ ਇਨ੍ਹਾਂ ਵਿਚ ਲਭ ਜਾਂਦੇ ਹਨ। ਉਦਾਹਰਣ ਵਜੋਂ ਵਿਕਾਸ ਵਾਦ ਪ੍ਰਤੀ ਵਿਚਾਰ ਵੇਖੋ।

(i) **ਕੇਤੇ ਰੁਖ ਬਿਰਖ ਹਮ ਚੀਨੇ ਕੇਤੇ ਪਸੂ ਉਪਾਏ**
**ਕੇਤੇ ਨਾਗ ਕੁਲੀ ਮਹਿ ਆਏ ਕੇਤੇ ਪੰਖ ਉੜਾਏ ॥ 2:17 ਪੰ: 156**

(ii) **ਜੇਤੇ ਦਾਣੇ ਅੰਨ ਕੇ ਜੀਆ ਬਾਝੁ ਨਾ ਕੋਇ।**
**ਪਹਿਲਾ ਪਾਣੀ ਜੀਉ ਹੈ ਜਿਤ ਹਰਿਆ ਸਭੁ ਕੋਇ ॥**

**ਵਾਰ ਆਸਾ ਪੰ: 473**

ਮਨੋਵਿਗਿਆਨਕ ਸੂਝ ਵੀ ਇਸ ਬਾਣੀ ਵਿਚ ਮੌਜੂਦ ਹੈ—

1. **ਪਾਪ ਬੁਰਾ ਪਾਪੀ ਕਉ ਪਿਆਰਾ ॥ ਪੰ: 935**
2. **ਕ੍ਰੋਧ ਬਿਨਾਸੈ ਸਗਲ ਵਿਕਾਰੀ ॥ ਪੰ: 225**
3. **ਗੋਰੀ ਸੇਤੀ ਤੁਟੈ ਭਤਾਰੁ। ਪੁਤੀ ਗੰਢੁ ਪਵੈ ਸੰਸਾਰਿ ॥ ਪੰ: 143**
4. **ਅਪਰਾਧੀ ਦੂਣਾ ਨਿਵੈ ਜੋ ਹੰਤਾ ਮਿਰਗਾਹਿ**
**ਸੀਸ ਨਿਵਾਇਐ ਕਿਆ ਥੀਐ ਜਾ ਰਿਦੈ ਕੁਸਧੇ ਜਾਹਿ ॥ ਪੰ: 470**
5. **ਮੂਏ ਕਉ ਰੋਵੈ ਦੁਖੁ ਕੋਇ। ਸੋ ਰੋਵੈ ਜਿਸੁ ਬੇਦਨ ਹੋਇ ॥ ਪੰ: 413**

Digitized by Panjab Digital Library | www.panjabdigilib.org

ਜੋਤਸ਼ ਅਨੁਸਾਰ ਅਸੰਖ ਲੋਕ ਤੇ ਅਸੰਖ ਥਾਵਾਂ ਬ੍ਰਹਮੰਡ ਵਿਚ ਹਨ ਇਸ ਸਿਧਾਂਤ ਪ੍ਰਤਿ ਸੰਕੇਤ ਹੈ ।

**ਅਸੰਖ ਨਾਵ ਅਸੰਖ ਥਾਵ । ਅਗੰਮ ਅਗੰਮ ਅਸੰਖ ਲੋਅ ।**
**ਅਸੰਖ ਕਹਹਿ ਸਿਰਿ ਭਾਰੁ ਹੋਇ ॥ 19 ॥ ਜਪੁ**

———

Digitized by Panjab Digital Library | www.panjabdigilib.org

# •ਨਾਨਕ ਫ਼ਲਸਫ਼ੇ ਦੀ ਰੂਪ ਰੇਖਾ

**ਮੂਲ ਮੰਤ੍ਰ**

ਨਾਨਕ-ਪੰਥ ਦਾ ਸਭ ਤੋਂ ਸਪਸ਼ਟ ਤੇ ਸੰਖੇਪ ਸਿਧਾਂਤ ਆਦਿ ਬਾਣੀ ਦੇ ਮੂਲ ਮੰਤ੍ਰ ਵਿਚ ਅੰਕਿਤ ਹੋਇਆ ਹੈ—

**੧ੳ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰ**
**ਅਕਾਲ ਮੂਰਤ ਅਜੂਨੀ ਸੈਭੰ ਗੁਰ ਪ੍ਰਸਾਦਿ ॥**

ਇਸ ਪ੍ਰਤਿ ਉਨ੍ਹਾਂ ਨੇ ਆਪ ਸੰਕੇਤ ਕੀਤਾ ਹੈ :—

**ਅਉਖਦ ਮੰਤ੍ਰ ਮੂਲ ਤਨ ਏਕੈ ਜੇ ਕਰਿ ਦਿੜ੍ਹ ਚਿਤੁ ਕੀਜੈ ਰੇ**
**ਜਨਮ ਜਨਮ ਕੇ ਪਾਪ ਕਰਮ ਕੇ ਕਾਟਨਹਾਰਾ ਲੀਜੈ ਰੇ ॥ 1 ॥ 16, ਪੰ: 156**

ਸਚ ਪੁਛੋ ਤਾਂ ਇਹ ਗੱਦ ਦਾ ਸੁੰਦਰ ਟੋਟਾ ਵਿਚਾਰ ਦੀ ਸਚੀ ਉਡਾਰੀ ਦਾ ਇਕ ਚਮਤਕਾਰ ਹੈ। ਇਸ ਦਾ ਵੀ ਸਾਰ ਹੈ—

**੧ੳ ਸਤਿਗੁਰ ਪ੍ਰਸਾਦਿ।**

**ਏਕ**

**੧ੳ ਅੰਕਾਰ ਨੂੰ ਵੇਦ ਨੇ ਏਕਾਕਸ਼ਰ* ਜਾਂ ਪ੍ਰਣਵ ਆਖਿਆ ਹੈ।**

तमदिं निगतं सह: स एव एक एव वृदक एव"=अथर्व०—13—20

ਅਰਥ ਹੈ, ਉਹ ਸਦਾ ਇਕ ਹੈ, ਬੇਮਿਸਾਲ ਹੈ, ਉਸ ਤੋਂ ਭਿੰਨ ਦੂਜਾ ਪ੍ਰਭੂ ਕੋਈ ਵੀ ਨਹੀਂ ਹੈ। ਨਾਨਕ-ਬਾਣੀ ਵਿਚ ਆਇਆ ਹੈ—

1 **ਏਕੈ ਰਵ ਰਹਿਆ ਸਭ ਠਾਈਂ। ਅਪਰ ਨ ਦੀਸੈ ਕਿਸੁ ਪੂਜ ਚੜਾਈ**
**ਪ੍ਰਭਾਤੀ ਅਸ਼ਟ: 611**

2. **ਕਿਆ ਉਪਮਾ ਤੇਰੀ ਆਖੀ ਜਾਇ। ਤੂ ਸਰਵੇ ਪੂਰ ਰਹਿਆ ਲਿਵ ਲਾਇ।** 7-ਆਸਾ

3. **ਏਕਮ ਏਕੰਕਾਰੁ ਨਿਰਾਲਾ ਅਮਰ ਅਜੋਨੀ ਜਾਤਿ ਨ ਜਾਲਾ**
**ਅਗਮ ਅਗੋਚਰ ਰੂਪ ਨਾ ਰੇਖਿਆ। ਖੋਜ ਖੋਜਤ ਘਟਿ ਘਟਿ ਦੇਖਿਆ।**
**ਬਿਲਾਵਲ, ਥਿਤਿ।**

एको देव: सर्व भूतेष, गूढ: सर्वव्यापी सर्व भूतान्तरात्म।
कर्माध्यक्ष: सर्वभूता धिवास: साक्षी चेता केवलो निर्गुणश्च ॥
6—11 श्वेताश्वतरोपनिषद

ਅਰਥਾਤ, ਉਹ "ਇਕੋ ਹੈ" ਸਭਨਾਂ ਜੀਆਂ ਅੰਦਰ ਮੌਜੂਦ ਹੈ ਸਰਬ ਵਿਆਪੀ ਹੈ, ਸਭਨਾਂ

*ਏਕ ਸ਼ਬਦ ਇਕ ਭਿਖਿਆ ਮਾਗੈ—ਗਉੜੀ ਪੰ: 223.



Digitized by Panjab Digital Library | www.panjabdigilib.org

ਜੀਆਂ ਦੀ ਆਤਮਾ ਵਿਚ ਹੈ, ਉਹ ਸਾਰੇ ਕਰਮਾਂ ਦਾ ਸਾਟੀ ਹੈ, ਸਭ ਜੀਵਾਂ ਵਿਚ ਉਹ ਵਸਦਾ ਹੈ, ਉਹ ਹਾਦਰਾ ਹਦੂਰ ਹੈ, ਕੇਵਲ ਇਕੋ ਇਕ ਹੈ ਤੇ ਨਿਰਗੁਣ (ਨਿਰੰਕਾਰ) ਹੈ ।

ਗੁਰੂ ਨਾਨਕ ਦੇਵ ਜੀ ਨੇ ਰਾਗ ਆਸਾ ਦੇ ਪੰਜਵੇਂ ਚਉਪਦੇ ਵਿਚ ਕਿਹਾ ਹੈ—

**ਜੇਤਾ ਸਬਦੁ ਸੁਰਤਿ ਧੁਨਿ ਤੇਤੀ ਜੇਤਾ ਰੂਪੁ ਕਾਇਆ ਤੇਰੀ ।**
**ਤੂੰ ਆਪੇ ਰਸਨਾ ਆਪੇ ਬਸਨਾ ਅਵਰੁ ਨ ਦੂਜਾ ਕਹਉ ਮਾਈ ।**
**ਸਾਹਿਬੁ ਮੇਰਾ ਏਕੋ ਹੈ । ਏਕੋ ਹੈ ਭਾਈ ਏਕੋ ਹੈ । ॥1॥ ਰਹਾਉ**

ਕੁਰਾਨ ਨੇ ਵੀ ਕਿਹਾ ਸੀ, "ਅੱਲਾਹੂ ਵਾਹਿਦੁਨ ਲਾ ਸ਼ਰੀਕ" ਫਿਰ ਮਤ ਮਤਾਤਰਾਂ ਵਿਚ ਵਿਤਕਰੇ, ਝਗੜੇ ਤੇ ਵੈਰ ਕਿਉਂ ਪਏ ਹਨ ?

ਇਸ ਵਿਚਾਰ ਨੇ ਗੁਰੂ ਜੀ ਨੂੰ ਏਕਤਾ ਵਲ ਵਧੇਰੇ ਪ੍ਰੇਰਿਆ । ਓ ਦੇ ਉਪਰ ਏਕਾ, ਉਪਨਿਸ਼ਦਾਂ ਦਾ ਏਕ—ਅਖਰ, ੧ਓਂ ਹੀ ਹੈ—

1. **ਅਵਰੁ ਨ ਦੀਸੈ ਕਿਸੁ ਸਾਲਾਹੀ ਤਿਸਹਿ ਸਰੀਕੁ ਨ ਕੋਈ ।**
   **ਪ੍ਰਣਵਤਿ ਨਾਨਕ ਦਾਸਨਿ ਦਾਸਾ ਗੁਰਮਤਿ ਜਾਣਿਆ ਸੋਈ । ॥4॥5॥**
   **—ਵਡਹੰਸ**
2. **ਛਿਅ ਘਰ ਛਿਅ ਗੁਰ ਛਿਅ ਉਪਦੇਸ ।**
   **ਗੁਰੁ ਗੁਰੁ ਏਕੋ ਵੇਸ ਅਨੇਕ ॥1॥30 ਆਸਾ ਪੰ: 357**
3. **ਸੂਰਜੁ ਏਕੋ ਰੁਤਿ ਅਨੇਕ ।***
   **ਨਾਨਕ ਕਰਤੇ ਕੇ ਕੇਤੇ ਵੇਸ ॥2॥30 ਆਸਾ**

*कतम एको देव इति प्राण इति स ब्रह्म त्यादित्याचक्षते
3—9—9 बृहदरण्यक उपनिषद

ਹੇ ਯਾਗਵਲਕਯ । ਤੁਸੀਂ ਜੋ ਇਹ ਕਿਹਾ ਸੀ ਪਈ ਦੇਵ ਇਕ ਹੈ । ਉਹ ਕਿਹੜਾ ਹੈ ? ਯਾਗਵਲਕਯ ਨੇ ਆਖਿਆ—ਪ੍ਰਾਣ (ਜੀਵਨ) ਹੀ ਤਾਂ ਇਕੋ ਦੇਵ ਹੈ, ਉਸ ਨੂੰ ਬ੍ਰਹਮ ਕਹਿੰਦੇ ਹਨ, ਉਸੇ ਨੂੰ ਬ੍ਰਹਮ ਗਿਆਨੀ 'ਓਹੋ' (ਅਗੋਚਰ) ਆਖਦੇ ਹਨ । ਇਸੇ ਤੋਂ ਉਸ ਦਾ ਬੋਧ ਹੁੰਦਾ ਹੈ—ਵ੍ਰਿਹਦਾਰਨਯਕ ਉਪਨਿਸ਼ਦ ।

ਨਾਨਕ ਬਾਣੀ ਵਿਚ ਹੈ—

(i) **ਏਕ ਮਹਿ ਸਰਬ ਸਰਬ ਮਹਿ ਏਕਾ ਏਹੁ ਸਤਿਗੁਰਿ ਦੇਖਿ ਦਿਖਾਈ ॥1॥8**
**ਰਾਮਕਲੀ ਅਸ਼ਟ**

(ii) **ਸਗਲ ਰੂਪ ਵਰਨ ਮਨ ਮਾਹੀ । ਕਹੁ ਨਾਨਕ ਏਕੋ ਸਲਾਹੀ ।**
**ਗਉੜੀ ਗੁਆਰੇਰੀ**

ਇਕ ਨੂੰ ਵਿਸਾਰ ਕੇ ਦੂਜੇ ਭਾਇ ਪੈ ਜਾਣਾ ਹੀ ਮਨਮੁਖਤਾ ਹੈ । ਬਹੁਦੇਵ ਉਪਾਸਨਾ, ਮੂਰਤੀ

*ਦਸਮ ਪਾਤਸ਼ਾਹ ਨੇ ਵੀ ਕਿਹਾ ਹੈ—ਏਕ ਪਿਤਾ ਏਕਸ ਕੇ ਹਮ ਬਾਰਿਕ ।

Digitized by Panjab Digital Library | www.panjabdigilib.org

ਪੂਜਾ ਆਦਿ ਅਨੇਕ ਕਰਮ ਕਾਂਡ ਦੂਜਿਆਂ ਦੀ ਮ੍ਰਿਗ-ਤ੍ਰਿਸ਼ਨਾ ਦਾ ਹੀਲਾ ਹੈ । ਨਾਰਦ ਭਗਤੀ ਸੂਤ੍ਰ ਵਿਚ ਨਖਿਧ ਪ੍ਰਕਾਰ ਦੀ ਉਪਾਸਨਾ ਮੂਰਤੀ-ਪੂਜਾ ਮੰਨੀ ਗਈ ਸੀ ਪਰ ਮੱਧ ਕਾਲ ਵਿਚ ਇਸ ਨੂੰ ਉਤਮ ਮੰਨਿਆ ਜਾਣ ਲਗਾ—

**ਹਿੰਦੂ ਮੂਲੇ ਭੂਲੇ ਅਖੁਟੀ ਜਾਹੀ । ਨਾਰਦ ਕਹਿਆ ਸਿਪੂਜ ਕਰਾਹੀ ।**
**ਅੰਧੇ ਗੂੰਗੇ ਅੰਧ ਅੰਧਾਰ । ਪਾਥਰ ਲੇ ਪੂਜਹਿ ਮੁਗਧ ਗਵਾਰ ॥**
**ਓਹ ਜਾਂ ਆਪ ਡੁੱਬੇ ਤੁਮ ਕਹਾ ਤਰਾਵਣ ਹਾਰ ॥20॥ ਬਿਹਾਗੜਾ**

ਕਿਸੇ ਅਚੇਤਨ ਵਸਤੂ ਨੂੰ ਚੇਤਨ-ਵਤ ਮੰਨ ਕੇ ਉਸ ਦੀ ਪੂਜਾ ਕਰਨਾ ਮੂਰਤੀ ਪੂਜਾ ਹੈ । ਨਾਨਕ ਨਿਰੰਕਾਰ ਦੇ ਪ੍ਰਚਾਰਕ ਸਨ । ਉਨ੍ਹਾਂ ਨੇ ਮੂਰਤੀ-ਪੂਜਾ ਦੀ ਨਿਖੇਧੀ ਖੁਲ੍ਹੇ ਸ਼ਬਦਾਂ ਵਿਚ ਕੀਤੀ।

1. **ਦੇਵੀ ਦੇਵੀ ਪੂਜੀਏ ਭਾਈ ਕਿਆ ਮਾਂਗਉ ਕਿਆ ਦੇਹ ।**
   **ਪਾਹਣ ਨੀਰ ਪਖਾਲੀਏ ਭਾਈ ਜਲ ਮਹਿ ਡੁਬੇ ਤੇਹ ॥4।6**
   **ਸੋਰਠਿ ਅਸ਼ਟ:**

2. **ਪੂਜਾ ਸਿਲਾ ਤੀਰਥ ਬਨਵਾਸਾ । ਭ੍ਰਮਤ ਡੋਲਤ ਭਏ ਉਦਾਸਾ ।**
   ***ਮਨ ਮੈਲੇ ਸੂਚਾ ਕਿਉਂ ਹੋਇ । ਸਾਚ ਮਿਲੇ ਪਾਵੈ ਪਤਿ ਸੋਇ ।**
   **॥2।5—ਧਨਾਸਰੀ ਅਸ਼ਟ:**

3. **ਦੁਬਿਧਾ ਨ ਪੜਉ ਹਰਿ ਬਿਨ ਹੋਰ ਨ ਪੂਜਉ ਮੜੈ ਮਸਾਣਿ ਨਾ ਜਾਇ ।**
   **ਘਰ ਭੀਤਰ ਘਰ ਗੁਰੂ ਦਿਖਾਇਆ ਸਹਜ ਰਤੇ ਮਨ ਭਾਈ ।**
   **ਸੋਰਠਿ ਅਸ਼ਟ: 1।1****

4. **ਘਰ ਨਾਰਾਇਣ ਸਭਾ ਨਾਲ । ਪੂਜ ਕਰੇ ਰਖੇ ਨਾ ਵਾਲ ।**
   **ਕੁੰਗੂ ਚੰਨਣ ਫੁਲ ਚੜਾਏ । ਪੈਰੀ ਪੈ ਪੈ ਬਹੁਤ ਮਨਾਏ ।**
   **ਮਾਣੂਆ ਮੰਗ ਮੰਗ ਪੈਹਨੇ ਖਾਇ । ਅੰਧੀ ਕੰਮੀ ਅੰਧ ਸਜਾਇ । ਪੰ: 1240**

ਬਹੁ-ਦੇਵ-ਉਪਾਸਨਾਂ ਦੇ ਭੁਲੇਖੇ ਬਹੁਤ ਪੁਰਾਣੇ ਜਾਪਦੇ ਹਨ । ਜੀਵਨ ਦੀ ਅਨੇਕਤਾ ਵਿਚੋਂ ਏਕਤਾ ਨੂੰ ਲਭਣਾ ਔਖੀ ਘਾਲਣਾ ਹੈ । ਏਕਤਾ ਵਿਚ ਅਨੇਕਤਾ ਮਚਾ ਦੇਣਾ ਸੌਖਾ ਵਿਚਾਰ ਹੈ । ਇਸ ਪ੍ਰਤਿ ਵ੍ਰਿਹਦਾਰਣਯਕ ਉਪਨਿਸ਼ਦ ਦੇ ਰਿਖੀ ਨੇ ਵੀ ਕਿਹਾ ਸੀ—

---

*ਸ਼ਾਸਤ੍ਰ ਨੇ ਵੀ ਕਿਹਾ ਹੈ -

न शरीरमल त्यागान्नरो भवति निर्मल ।
माल से तु मले त्यक्ते भव त्पंतस्सु निर्मल: ॥

**ਸ਼ਿਵ ਪੁਰਾਣ ਨੇ ਵੀ ਸਹਿਜ ਅਵਸਥਾ ਨੂੰ ਉਤਮ ਅਤੇ ਤੀਰਥ ਯਾਤਰਾ ਤੇ ਮੂਰਤੀ ਜਾਂ ਚਿੰਨ੍ਹ ਪੂਜਾ ਨੂੰ ਅਧਮ ਸਾਧਨ ਮੰਨਿਆ ਹੈ ।

उत्तमस्सह जेवास्य द्वितीय ध्यान धारण ।
तृतीय प्रतिमा पूजा होम यात्रा चतुर्धिक ।

Digitized by Panjab Digital Library | www.panjabdigilib.org

एकमेव सद्विप्रा बहुधा वदन्ति… 

इह वे लोकी कहिंदे हन, इस देवता दी उसतति करो, उस देवता दी। इक इक देवते दा नाम लै के आखदे हन, इन्हां दी पूजा करो—इह सभ बेकार गल है। इह स्रिशटी तां केवल इक आतम तत्त रूपी देवते दी है, उह सभ देवतिआं दा देवता है।

**ੴ-कार**—नूं प्रणव जां उदगीथ किहा गिआ है।

ओंकार जां ओअंकार कहिण नाल प्रभु दा निराकार रूप वधेरे सपशट हो जांदा है। मंडूकयोपनिशद ने ओम नूं अजिहा अखर किहा है जिस दी विआखिआ इह जगत है। तिंनां कालां विच ओहो तत्त है—मंत्र 1

दखणी ओअंकार विच गुरू नानक देव ने इसे गल दी पुशटी कीतीहै—

**ओनम अखर सुणहु वीचार। ओनम अखर त्रिभवण सार।**

**ओंकार वेद निरमए। ओंकार शबद उधरे।***

**ओंकार गुरमुखि तरे ॥ 1 ॥**

ओनम दा इक अरथ रखिआ करन वाला वी है। अब अते इस शबद विच जिथे प्रभु दा निरंकारी सुभाव दसिआ गिआ है उथे रखिआ करन वाली महान सता दा संकेत करके भगती भाव वी दरसाइआ है। इस रखिआ दे भाव करके संत काल विच ओअंकार नूं राम दा सुखैन नाम दिता गिआ—

**एकंकार धिआए राम** सूही छंत म: 5

गुरू नानक एकंकार नूं बेअंत मंन के अकाल दा संकेत करदे हन—

1. **सारा गणहि न करहि बीचार। साहे ऊपरि एकंकार।** रामकली
2. **एकंकार वसै मनि भावे।** मारू सोलहे महली

सारांश इह है कि ओअंकार शबद सरूप ब्रहम सरव विआपी अंतर जामी ते सदा रहिण वाला है।

---

*(i) दसम पातशाह ने विचित्र नाटक विच किहा है—

(ii) प्रिथम काल जब करा पसारा। ओअंकार ते स्रिशट उपारा

सिंध सिंधांत संग्रह विच ओंकार प्रणव नूं सूखम वेद (सुक्षम वेद) किहा गिआ है—पं: 22-27, सथूल वेद यग यातरा ते करमकांड नूं--पं: 75-76.

Digitized by Panjab Digital Library | www.panjabdigilib.org

# ਸਤਿਨਾਮੁ

ਮਨੁਖੀ ਜੀਵਨ ਦਾ ਮਨੋਰਥ ਜਾਂ ਫ਼ਲਾਸਫ਼ੇ ਦਾ ਮੂਲ ਵਿਸ਼ਾ 'ਸੱਚਾ' ਦੀ ਖੋਜ ਹੈ ਕੇਵਲ ਸਚ-ਨਿਰੂਪਣ ਕਰ ਲੈਣਾ ਇਲਮਉਲ-ਯਕੀਨ ਹੈ, ਗਿਆਨ ਖੰਡ ਹੈ ਪਰ ਇਸ ਦੇ ਨਾਲ ਫ਼ਲਸਫ਼ਾ ਕੇਵਲ ਸਿਧਾਤਾਂ ਦਾ ਪੋਥਾ ਰਹਿ ਜਾਂਦਾ ਹੈ ਜੀਵਨ ਦਾ ਅੰਗ ਨਹੀਂ ਬਣਦਾ। ਇਸ ਲਈ ਗੁਰੂ ਨਾਨਕ ਦੇਵ ਨੇ ਕਿਹਾ ਹੈ—

**ਕਿਵ ਸਚਿਆਰਾ ਹੋਈਐ ?**
**ਕਿਵ ਕੂੜੈ ਤੁਟੈ ਪਾਲਿ ?**

ਉਤਰ ਵੀ ਦਿੱਤਾ ਹੈ

1. **ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ**
2. **ਸਚੁ ਤਾ ਪਰੁ ਜਾਣੀਐ ਜਾ ਰਿਦੈ ਸਚਾ ਹੋਇ॥** ਪੰ: 468

ਜਪੁਜੀ ਵਿਚ ਸਚ-ਖੰਡ ਦਾ ਵਰਣਨ ਕਰਦਿਆਂ ਉਨ੍ਹਾਂ ਨੇ ਸਮਝਾਇਆ ਹੈ ਕਿ ਸਚ ਦਾ ਗਿਆਨ ਵਿਸਮਾਦ ਰਸ ਵਿਚ ਪੁਜ ਜਾਣਾ ਚਾਹੀਦਾ ਹੈ ਅਰਥਾਤ ਅੰਤ ਦੀ ਅਨੁਭੂਤੀ ਤਕ ਜਾਣਾ ਚਾਹੀਦਾ ਹੈ, ਸੂਫ਼ੀ ਇਸ ਪੜਾ ਨੂੰ ਐਨ-ਉਲ-ਯਕੀਨ ਜਾਂ ਹਕ-ਉਲ-ਯਕੀਨ ਆਖਦੇ ਹਨ।

ਇਸੇ ਲਈ ਸਾਧਕ ਨੂੰ ਸ੍ਰਮ ਖੰਡ ਤੇ ਕਰਮ ਖੰਡ ਵਿਚੋਂ ਲੰਘਣਾ ਜ਼ਰੂਰੀ ਹੈ। ਮਨ ਦੀ ਪਵਿਤਰਤਾ ਤੇ ਬੁੱਧੀ ਦੀ ਸਫਾਈ, ਵਿਕਾਰ ਰਹਿਤ ਹੋ ਕੇ ਹੀ ਸੰਭਵ ਹੈ; ਇਸ ਲਈ ਸਤਿ ਦੀ ਪ੍ਰਾਪਤੀ ਸਤਿਨਾਮ ਦੀ ਸ਼ਰਨ ਵਿਚ ਲਭਦੀ ਹੈ ਕਿਉਂ ਜੋ ਉਹ ਸਦੀਵੀ ਹੈ--

**ਆਦਿ ਸਚੁ ਜੁਗਾਦਿ ਸਚ**
**ਹੈ ਭੀ ਸਚੁ ਨਾਨਕ ਹੋਸੀ ਭੀ ਸਚੁ ।* ਜਪੁ**

ਪ੍ਰਭ ਸਚ ਹੈ ਉਸ ਦਾ ਹੁਕਮ ਤੇ ਵਿਧਾਨ ਵੀ ਸਚ ਹੈ।

ਉਪਨਿਸ਼ਦਾਂ ਨੇ ਕਿਹਾ ਹੈ ਉਹ ਸਚ ਅਕਥ ਹੈ, ਅਨਿਰਵਚਨੀਯ ਹੈ। ਨਾਨਕ ਵੀ ਕਹਿੰਦੇ ਹਨ—

"ਹੁਕਮ ਨ ਕਹਿਆ ਜਾਈ" —ਜਪੁ

ਇਹ ਹੁਕਮ ਉਸ ਦੀ ਸ਼ਕਤੀ ਦਾ ਲਖਾਇਕ ਹੈ। ਝੂਠ ਦੇ ਪੈਰ ਨਹੀਂ ਹੁੰਦੇ ਸਚ ਤਾਂ ਹਜ਼ਾਰਾਂ ਪੈਰਾਂ ਨਾਲ ਟੁਰਦਾ ਹੈ। ਪ੍ਰਭ ਤਾਂ 'ਸਭ ਆਪੇ ਸਚਿਆਰਾ' ਹੈ। ਸਤਿਨਾਮ ਹੈ; ਉਸ ਦੇ ਸਿਮਰਨ ਨਾਲ 'ਨਦਰੀ ਮੋਖ ਦੁਆਰੁ' ਹੈ, ਅਤੇ 'ਸਤਿ ਸੁਹਾਣ ਸਦਾ ਮਨ ਚਾਉ'। ਸਚ ਬਿਨੁ ਭਵਜਲ ਜਾਇ ਨ ਤਰਿਆ। ਮਾਰੂ

---

*ਆਪ ਸਤਿ ਕੀਆ ਸਭ ਸਤਿ—ਸੁਖਮਨੀ ਮ: ੫



Digitized by Panjab Digital Library | www.panjabdigilib.org

ਸਚਾ ਓਹੋ ਹੈ ਜੋ ਬੇ-ਅੰਤ ਹੈ ਅਤੇ ਜੋ ਸਦਾ ਆਪਣਾ ਭਾਣਾ ਕਰ ਸਕਦਾ ਹੈ :—

1. **ਜੇਵਡੁ ਭਾਵੈ ਤੇਵਡੁ ਹੋਇ ।**
**ਨਾਨਕ ਜਾਣੈ ਸਚਾ ਸੋਇ ।।**

2. **ਸਚਾ ਆਪ ਸਚਾ ਦਰਬਾਰ ।**

सत्यं ब्रह्मेति सत्यँ ह्येव ब्रह्म । बृहदारण्यक 5-5-1

ਸਤਿ ਬ੍ਰਹਮ ਹੈ, ਸਤਿ ਹੀ ਬ੍ਰਹਮ ਹੈ । ਸਤਿ ; ਸ=ਸੁਰਸਹਿਤ ਅਵਿਨਾਸ਼ੀ ਬ੍ਰਹਮ 3= ਸੁਰ ਰਹਿਤ ਵਿਨਾਸ਼ ਸ਼ੀਲ ਪ੍ਰਕਿਰਤੀ ਅਤੇ ਦੋਹਾਂ ਵਿਚਕਾਰ ਜੀਵ ਹੈ ।

ਯਥਾਰਥ, ਪ੍ਰਤਖ ਤੇ ਅਨੁਭਵ—ਸਿਧ ਗਿਆਨ ਹੀ ਸੱਚਾ ਗਿਆਨ ਹੈ । ਇਹ ਅਡੰਬਰਾਂ ਨਾਲ ਪ੍ਰਾਪਤ ਨਹੀਂ ਹੋ ਸਕਦਾ—

**ਨਾ ਸਤਿ ਮੂਡ ਮੁਡਾਈ ਕੇਸੀ । ਨਾ ਸਤਿ ਪੜ੍ਹਿਆ ਦੇਸ ਫਿਰਹਿ । —ਰਾਮਕਲੀ ।**

ਸਤਿ ਦੇ ਭਾਵ ਨੇ ਗੁਰਬਾਣੀ ਵਿਚ ਅਨੇਕ ਸ਼ਬਦ ਰਚੇ ਹਨ । ਸਤਿਗੁਰ, ਸਤਸੰਗ ਸਤਿਗੁਰੁ ਪੁਰਖੁ, ਸਤਿਨਾਮ, ਸਤਿ ਪੁਰਖ ਸਤਿਵੰਦ ਆਦਿ ।

ਸਤੀ ਨੂੰ ਦਾਨੀ ਵੀ ਮੰਨਿਆ ਹੈ—

1. **ਸਤੀਆ ਮਨਿ ਸੰਤੋਖੁ ਉਪਜੈ ਦੇਣੈ ਕੈ ਵੀਚਾਰਿ । —ਵਾਰ ਆਸਾ**
2. **ਅਸੰਖ ਸਤੀ ਅਸੰਖ ਦਾਤਾਰ । —ਜਪੁ**

ਸਤਿਨਾਮ ਦੀ ਵਿਆਖਿਆ ਪੰਚਮ ਪਾਤਸ਼ਾਹ ਨੇ ਇਉਂ ਕੀਤੀ ਹੈ :—

**'ਕਿਰਤਮ ਨਾਮ ਕਥੇ ਤੇਰੇ ਜਿਹਵਾ ਸਤਿ ਨਾਮੁ ਤੇਰਾ ਪਰਾ ਪੂਰਬਲਾ' —ਮਾਰੂ ।**

**ਨਾਮ**

ਨਾਮ ਦਾ ਇਕ ਅਰਥ ਵਰਣ ਰੂਪ ਹੈ ;

ਇਸ ਦਾ ਦੂਜਾ ਅਰਥ ਨਾਮੀ ਨਾਲ ਜੁੜਿਆ ਹੋਇਆ ਹੈ ਅਤੇ ਇਸ ਤੋਂ ਨਾਮ ਮਈ ਪ੍ਰਕਾਸ਼ਿਤ ਜਗਤ ਦਾ ਕਰਤਾ ਸਮਝਣਾ ਚਾਹੀਦਾ ਹੈ ।

**ਨਾਨਕ ਨਾਉ ਮਿਲੈ ਵਡਿਆਈ ਏਦੂ ਉਪਰਿ ਕਰਮ ਨਹੀ । ਰਾਮ ਕਲੀ—8।1**

ਨਾਮ ਨੂੰ 'ਲਿਵ' ਭੀ ਸਮਝਿਆ ਗਿਆ ਹੈ ਇਸ ਲਈ ਨਾਮ-ਭਗਤੀ ਦੀ ਮਹੱਤਾ ਨਾਨਕ-ਪੰਥ ਵਿਚ ਉਚੀ ਹੈ ।

*ਉਪਨਿਸ਼ਦਾਂ ਨੇ ਕਿਹਾ ਹੈ ਨਾਮ ਦੀ ਸ਼ਕਤੀ ਦਾ ਨਾਉ ਬਾਣੀ ਹੈ ਜੋ ਪ੍ਰਿਥਮੀ ਦੀ ਰਸਨਾ ਤੇ ਅਗਨੀ ਰਾਹੀਂ ਬ੍ਰਹਮ ਗਿਆਨ ਨੂੰ ਪਰਗਟ ਕਰਦੀ ਹੈ ਤੇ ਦੇਵ-ਲੋਕ ਵਿਚ ਰਹਿੰਦੀ ਹੈ । ਨਾਮ ਸਿਧੀ ਵਾਲਾ ਦੇਵ ਅਖਵਾਉਂਦਾ ਹੈ ਇਸੇ ਲਈ 'ਨਾਨਕ ਦੇਵ'

(i) बृहदारण्यक 1 । 6 । 1

(ii) नामानन्ता विश्वे देवा अनन्त-भेव सतेन लोक जयति बृहदारण्यक।3-2-12

(iii) **ਤੁਲਸੀ ਦਾਸ :—**

ਰਾਮ ਏਕ ਤਾਪਸ ਤਿਯ ਤਾਰੀ ।
ਨਾਮ ਕੋਟਿ ਖ਼ਲ ਕੁਮਤਿ ਸੁਧਾਰੀ ।।ਬਾਲ ਕਾਂਡ

Digitized by Panjab Digital Library | www.panjabdigilib.org

ਗੁਰਬਾਣੀ ਤੇ 'ਨਾਮ' ਸਾਧਨਾ ਸਬਦ ਸਿਖ ਮਤਿ ਵਿਚ ਪ੍ਰਚਲੱਤ ਹਨ ।

ਸਤਿ ਨਾਮ ਨੂੰ ਹੀ ਸਾਚਾ ਸਬਦ, ਰਾਮ ਨਾਮ ਜਾਂ ਹਰਿ ਨਾਮ ਕਿਹਾ ਗਿਆ ਹੈ :—

1. ਸਾਚੈ ਸਬਦਿ ਮੁਕਤਿ ਗਤਿ ਪਾਏ । ਨਾਨਕ ਵਿਚਹੁ ਆਪ ਗਵਾਏ ॥ ਪੰ: 352
2. ਨਾ ਓਹਿ ਮਰਹਿ ਨਾ ਠਾਗੇ ਜਾਹਿ । ਜਿਨ ਕੈ ਰਾਮ ਵਸੈ ਮਨਮਾਹਿ ।' 37 ॥ ਜਪੁ
3. ਮੈ ਅਵਰੁ ਗਿਆਨੁ ਨ ਧਿਆਨ ਪੂਜਾ ਹਰਿਨਾਮ ਅੰਤਰਿ ਵਸਿ ਰਹੇ । ਪੰ: 843-44
4. ਜਿਉ ਅੰਧੁਲੈ ਹਥਿ ਟੋਹਣੀ ਹਰਿਨਾਮ ਹਮਾਰੈ । ਰਾਮ ਨਾਮੁ ਹਰਿ ਟੇਕ ਹੈ ਨਿਸਿ ਦਿਉਤ ਸਵਾਰੈ । ਪੰ: 422

ਸਤਿ ਨਾਮ ਨੂੰ ਰਾਮ ਰਸਾਇਣ, ਗੁਰ ਸ਼ਬਦ, ਮਹਾਰਸ, ਹਰਿਰਸ ਤੇ ਮਹਾਸੁਖ ਵੀ ਕਿਹਾ ਗਿਆ ਹੈ । ਵੇਦ ਨੇ ਵੀ ਨਾਮ ਖੁਮਾਰੀ ਦਾ ਭਾਵ ਦਿਤਾ ਹੈ :—

यस्तो मदो वरेष्य 1-4 यजुर्वेद सुम्नमस्मे ते अस्तु ऋगवेद 1-114-10

ਗੁਰਬਾਣੀ ਕਹਿੰਦੀ ਹੈ—

1. ਨਾਨਕ ਨਾਮ ਮਹਾਰਸ ਮੀਠਾ ਗੁਰਿ ਪੂਰੈ ਸਚ ਪਾਇਆ । ਪੰ: 243 ।
2. ਗੁਰ ਕਾ ਸਬਦ ਮਹਾਰਸ ਮੀਠਾ । ਐਸਾ ਅੰਮ੍ਰਿਤ ਅੰਤਰਿ ਡੀਠਾ । ਪੰ: 1331 ।
3. ਗੁਰ ਸਬਦੀ ਮਥਿ ਅੰਮ੍ਰਤ ਪੀਤ । । ਪੰ: 226

ਨਾਮ ਦੇ ਫ਼ਲਾਸਫ਼ੇ ਪ੍ਰਤਿ ਡਾ: ਸ਼ੇਰ ਸਿੰਘ ਜੀ ਲਿਖਦੇ ਸਨ—

In short 'Nam is the sympathetic and aesthetic Communi n of man with man and with envinron.rents—such an attitude is to be made permanent. This is called the continuous remembrance of the name of God.*

ਨਾਨਕ-ਬਾਣੀ ਵਿਚ ਸਭ ਤੋਂ ਵੱਡਾ ਵਿਸ਼ਾ ਨਾਮ ਸਾਧਨ ਹੀ ਹੈ ।

ਗੁਰੂ ਜੀ ਨੇ ਆਪਣੇ ਅਨੁਭਵ ਨਾਲ ਤੱਤ ਕੱਢ ਕੇ ਕਿਹਾ ਹੈ—

1. ਸਭਿ ਜਪ ਸਭਿ ਤੱਪ ਸਭ ਚਤੁਰਾਈ । ਉਝੜਿ ਭਰਮੈ ਰਾਹਿ ਨਾ ਪਾਈ ।
   ਬਿਨੁ ਬੂਝੇ ਕੋ ਥਾਇ ਨ ਪਾਈ । ਨਾਮ ਬਿਹੂਣੈ ਮਥੇ ਛਾਈ । ਪੰ: 411
2. ਗੁਰਮਤਿ ਦਧਿ ਮਥੀਐ ਅੰਮ੍ਰਿਤ ਪਾਈਐ ਨਾਮੁ ਨਿਧਾਨਾ—ਮਾਰੂ ਅਸਟ: 3।1
3. ਸਬਦੁ ਬੀਚਾਰਿ ਭਏ ਨਿਰੰਕਾਰੀ । ਗੁਰਮਤਿ ਜਾਗੇ ਕਮਤਿ ਪਰਹਾਰੀ । ਪੰ: 904

ਗੁਰੂ ਨਾਨਕ ਦੇਵ ਜੀ ਨੇ ਮੁਕਤੀ ਦਾ ਸਾਧਨ ਨਾਮ ਭਗਤੀ ਜਾਂ ਸ਼ਬਦ ਵਿਚਾਰ ਦਸਿਆ ਹੈ :—

1. ਸਬਦ ਮਰੈ ਸੋ ਮਰਿ ਰਹੈ ਫਿਰ ਮਰੈ ਨ ਦੂਜੀ ਵਾਰ । ਪੰ: 58
2. ਹਰਿ ਨਾਮੈ ਤੁਲਿ ਨ ਪੁਜਈ ਜੇ ਲਖ ਕੋਈ ਕਰਮ ਕਮਾਇ । ਪੰ: 62
3. ਰਾਮ ਨਾਮ ਬਿਨੁ ਮੁਕਤਿ ਨ ਪਾਵਸਿ ਮੁਕਤਿ ਨਾਮਿ ਗੁਰਮਤਿ ਲਹੈ । ਪੰ: 1127

---

*Philosophy of Sikhism : p. 242-43.

Digitized by Panjab Digital Library | www.panjabdigilib.org

4. **ਇਸੁ ਜਗੁ ਮਹਿ ਰਾਮ ਨਾਮਿ ਨਿਸਤਾਰਾ। ਵਿਰਲਾ ਕੋ ਪਾਏ ਗੁਰ ਸਬਦਿ ਵੀਚਾਰਾ।** ਪੰ: 160

ਪਰ ਨਾਮ ਦੀ ਰਟਨ ਮਾਤਰ ਤਾਂ ਕਰਮ ਕਾਂਡ ਹੀ ਹੈ, ਨਾਮ ਵਿਚ ਜੀਵਣਾ ਸੱਚਾ ਨਾਮ-ਜਾਪ ਹੈ।

1. **ਕਰਮੁ ਹੋਵੈ ਸਤਿ ਗੁਰੁ ਮਿਲੈ ਬੂਝੈ ਬਿਚਾਰਾ**
   **ਨਾਮੁ ਵਿਖਾਣੈ ਸੁਣੈ ਨਾਮ ਨਾਮੇ ਬਿਉਹਾਰਾ। 9।13 ਆਸਾ ਕਾਫ਼ੀ ਪੰ: 418**
2. **ਪ੍ਰਾਣੀ ਰਾਮ ਭਗਤਿ ਸੁਖ ਪਾਈਐ।**
   **ਗੁਰਮੁਖ ਹਰਿ ਹਰਿ ਮੀਠਾ ਲਾਗੈ, ਹਰਿ ਹਰਿ ਨਾਮਿ ਸਮਾਈਐ।**

ਪ੍ਰਿੰਸੀਪਲ ਤੇਜਾ ਸਿੰਘ ਜੀ ਨੇ ਲਿਖਿਆ ਹੈ :—

"ਵਾਹਿਗੁਰੂ ਦੇ ਸਰਗੁਣ ਰੂਪ ਨੂੰ ਨਾਮ ਕਹਿੰਦੇ ਹਨ।"* ਇਸ ਦਾ ਇਹ ਅਰਥ ਵੀ ਨਿਕਲਦਾ ਹੈ ਕਿ ਨਾਮ ਸਾਧਨ ਇਕ ਪ੍ਰਕਾਰ ਦੀ ਸਗਲ ਉਪਾਸਨਾ ਹੈ। ਪਰ ਸਚ ਇਹ ਹੈ ਕਿ ਪ੍ਰਭ ਦੇ ਥਾਪੇ ਸਰਗੁਣ ਰੂਪਾਂ ਵਿਚ ਜੋ ਸ਼ਕਤੀ ਜਾਂ ਸੱਤਾ** ਕੰਮ ਕਰਦੀ ਹੈ, ਸਭ ਕੁਝ ਮਿਟ ਜਾਣ ਤੇ ਵੀ ਨਾਮ ਸ਼ੇਸ਼ ਰਹਿ ਜਾਂਦਾ ਹੈ। ਉਸ ਅਨੰਤ, ਅਜ਼ਰ ਅਮਰ ਸ਼ਕਤੀ ਵਾਲੇ ਪ੍ਰਭੂ ਨੂੰ ਨਾਮ ਜਾਂ ਸਤਿਨਾਮ ਕਿਹਾ ਗਿਆ ਹੈ। ਉਸ ਨਿਰੰਕਾਰ ਦੀ ਉਪਾਸਨਾ ਕਰਮ ਕਾਂਡ ਜਾਂ ਆਚਾਰ ਨਾਲ ਨਹੀਂ ਹੋ ਸਕਦੀ, ਉਸ ਦਾ ਨਾ ਕੋਈ ਰੂਪ ਹੈ ਨ ਰੇਖਾ ਪਰ ਉਹ ਕੁਦਰਤ ਵਿਚ ਵਸਿਆ ਹੈ।

(i) **ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ ਅਕਲ ਕਲਾ ਭਰਪੂਰ ਰਹਿਆ।** ਪੰ: 469

(ii) **ਸਰਬ ਜੋਤਿ ਨਾਮੈ ਕੀ ਚੇਰਿ ॥** ਪੰ: 1187

ਨਾਮ ਦਾ ਆਧਾਰ ਨਾਦ ਜਾਂ ਬਾਣੀ ਹੈ। ਇਸ ਲਈ ਉਸ ਨੂੰ ਨਾਦਵੇਦ ਜਾਂ ਗੁਰਬਾਣੀ ਕਿਹਾ ਹੈ।

(i) **ਸਭ ਨਾਦ ਬੇਦ ਗੁਰਬਾਣੀ—ਰਾਮਕਲੀ**

(ii) **ਧੁਨਿ ਮਹਿ ਧਿਆਨੁ, ਧਿਆਨ ਮਹਿ ਜਾਨਿਆ।**
**ਗੁਰਮੁਖ ਅਕਥ ਕਹਾਣੀ—ਰਾਮਕਲੀ।**

ਗੁਰ ਸਬਦ ਤੇ ਗੁਰੂ ਸਿਖਿਆ ਵੀ ਨਾਮ ਰੂਪ ਮੰਨੀ ਗਈ ਹੈ—**ਬਿਨ ਸਤਿਗੁਰ ਨਾਮ ਨ ਪਾਈਐ ਭਾਈ, ਬਿਨੁ ਨਾਮੈ ਭਰਮੁ ਨ ਜਾਈ ॥ ਸੋਰਠਿ**

ਗਿਆਨ ਨੂੰ ਵੀ ਨਾਮ ਦੀ ਥਾਂ ਦਿਤੀ ਗਈ ਹੈ—

(i) **ਐਸਾ ਗਿਆਨ ਜਪਹੁ ਮਨ ਮੇਰੇ। ਹੋਵਹ ਚਾਕੁਰ ਸਾਚੇ ਕੇਰੇ।***** ਪੰ: 728

(ii) **ਐਸਾ ਗਿਆਣੁ ਪਦਾਰਥ ਨਾਮੁ। ਗੁਰਮੁਖ ਪਾਵਸੀ ਰਸਿ ਰਸਿ ਮਾਨੁ।** ਪੰ: 831

---

*ਸਿਖ ਧਰਮ। ਪੰ: 10

**ਜੇਤਾ ਕੀਤਾ ਤੇਤਾ ਨਾਉ—ਜਪੁਜੀ

*** ਕਬੀਰ ਜੀ ਨੇ ਵੀ ਕਿਹਾ ਹੈ—ਕਹੁ ਰੇ ਪੰਡਿਆ ਕਉਨ ਪਵੀਤਾ।
ਐਸਾ ਗਿਆਨ ਜਪਹੁ ਮੇਰੇ ਮੀਤਾ।। ਪੰ: 331.

Digitized by Panjab Digital Library | www.panjabdigilib.org

### ਅਜਪਾ ਜਾਪ

ਨਾਮ ਰਟਣਾ ਤੇ ਮਾਲਾ ਜਪਣਾ ਵੀ ਇਕ ਪ੍ਰਕਾਰ ਦੀ ਚਿਨ੍ਹ ਪੂਜਾ ਤੇ ਕਰਮ ਕਾਂਡ ਵਰਗੀ ਗੱਲ ਹੈ । ਇਸ ਲਈ ਜੋਗ ਮਤ ਅਤੇ ਗੁਰਮਤ ਵਿਚ ਅਜਪਾ ਜਾਪ ਦੀ ਮਹੱਤਾ ਵਧੇਰੇ ਹੈ । ਗੁਰੂ ਨਨਾਕ ਦੇਵ ਦੇ ਨਾਮ-ਭਗਤੀ ਨੂੰ ਸਹਜਸਮਾਧ, ਸੁਰਤ ਸ਼ਬਦ, ਅਨਾਹਤ ਸ਼ਬਦ ਲਿਵਲੀਨ ਭਾਵ, ਵਿਸਮਾਦ ਅਵਸਥਾ ਅੰਤੇਰ ਪੂਜਾ ਮੰਨਿਆ ਹੈ—

(i) ਤੀਰਥਿ ਨਾਵਨ ਜਾਉ, ਤੀਰਥਿ ਨਾਮੁ ਹੈ—ਧਨਾਸਰੀ ਛੰਤ

(ii) ਨਾਉ ਪੂਜੀਐ, ਨਾਉ ਮੰਨੀਐ ਅਖੰਡ ਸਦਾ ਸਚੁ ਸੋਇ-ਸਿਰੀ—ਰਾਗ

(iii) ਅਪਜਾ ਜਾਪੁ ਨ ਬੀਸਰੇ ਆਦਿ ਜੁਗਾਦ ਸਮਾਇ । ਵਾਰ ਮਲਾਰ

(iv) ਬਿਨੁ ਜਿਹਵਾ ਜੋ ਜਪੈ ਹਿਆਇ । ਕੋਈ ਜਾਣੈ ਕੈਸਾ ਨਾਉ । ਮਲਾਰ

* ਇਸ ਵਿਚਾਰ ਧਾਰਾ ਵਿਚ ਕਬੀਰ ਅਤੇ ਨਾਨਕ ਪਾਠ ਰਟਨ ਵਾਲੇ ਪੰਡਿਤਾਂ ਦੇ ਰਸਹੀਨ ਕਰਮ ਕਾਂਡ ਦੀ ਨਖੇਧੀ ਇਕੋ ਜਿਹੀ ਸ਼ੈਲੀ ਵਿਚ ਕਰਦੇ ਹਨ—

ਕਬੀਰ—ਤੂੰ ਬ੍ਰਹਮਨੁ ਮੈਂ ਕਾਸੀ ਕਾ ਜੁਲਾਹਾ ਮੋਹਿ ਤੋਹਿ ਬਰਾਬਰੀ ਕੈਸੇ ਕੈ ਬਨਹਿ ।
ਹਮਰੇ ਰਾਮ ਨਾਮ ਰਾਮ ਕਹਿ ਉਬਰੇ ਬਦ ਭਰੋਸੇ ਪਾਂਡੇ ਡੂਬਿ ਮਰਹਿ । ਪੰ: 970

ਨਾਨਕ—ਪੁਸਤਕ ਪਾਠ ਵਿਆਕਰਣ ਵੇਖਾਣੈ ਸੰਧਿਆ ਕਰਮ ਤਿਕਾਲ ਕਰੈ ।
ਬਿਨੁ ਗੁਰ ਸਬਦ ਮੁਕਤਿ ਕਹਾਂ ਪ੍ਰਾਣੀ ਰਾਮ ਨਾਮ ਬਿਨੁ ਉਰਝਿ ਮਰੈ ।
ਪੰ: 1127

### ਕਰਤਾ ਪੁਰਖ

ਕਹਿੰਦੇ ਹਨ ਜਦ ਕੋਈ ਬੰਦਾ ਗੁਰੂ ਨਾਨਕ ਦੇਵ ਦੇ ਪੈਰੀ ਪੈਂਦਾ ਸੀ ਉਹ ਅਸੀਸ ਦੇਂਦੇ ਸਨ 'ਕਰਤਾਰ ਚੇਤੇ ਆਵੇ ।' ਬਾਇਬਲ ਦੇ ਵਾਕ 'Know thy self' ਆਪਣੇ ਆਪ ਨੂੰ ਪਛਾਣ ਵਿਚ ਬਣਾਉਣ ਵਾਲੇ ਦੀ ਖੋਜ ਵਲ ਇਸ਼ਾਰਾ ਹੈ । ਜੋ ਕਰਣ ਕਾਰਣ ਸਮਰਥ (ਆਸਾ) ਜਾਂ ਮੁਸੱਬਿਬ ਉਲ ਅਸਬਾਬ ਹੈ ਉਹੋ ਕਰਤਾਰ ਹੈ । ਇਸੇ ਲਈ ਪਾਣਿਨੀ ਰਿਖੀ ਨੇ ਕਰਤਾ ਦੇ ਅਰਥ ਸੁਤੰਤਰ ਜਾਂ ਆਜ਼ਾਦ ਦਸੇ ਹਨ । ਅਰਬੀ ਫ਼ਲਸਫ਼ੇ ਵਿਚ ਇਸ 'ਜਾਪਿ ਮੁਤਲਿਕ' ਆਖਦੇ ਹਨ । ਬਾਣੀ ਵਿਚ ਹੈ—

1. ਤੂ ਕਰਤਾ ਪੁਰਖ ਅਗੰਮ ਹੈ, ਆਪ ਸ੍ਰਿਸ਼ਟੀ ਉਪਾਤੀ—ਮਾਝ ਵਾਰ
2. ਹੁਕਮੀ ਸਾਜੇ ਹੁਕਮੀ ਢਾਹੇ ਏਕ ਚਸੇ ਮਹਿ ਲਖ ।
ਸਭ ਕੋ ਨਥੈ ਨਥਿਆ ਬਖਸੇ ਤੋੜੇ ਨਥ ॥
ਵਰਨਾ ਚਿਹਨਾ ਬਾਹਰਾ ਲੇਖੇ ਬਾਝੁ ਅਲਖੁ ।
ਕਿਉ ਕਥੀਐ ਕਿਉ ਆਖੀਐ ਜਾਪੈ ਸਚੋ ਸਚੁ ।

---

* ਵਿਸਥਾਰ ਲਈ ਵੇਖੋ ਸਿਰੀ ਰਾਗ ਪੰ: 62 ; ਭੈਰਉ ਪੰ: 1127 ਗੀਤਾ ਨੇ ਵੀ ਦਸ਼ਮ ਅਧਿਆਏ ਦੇ ੨੫ਵੇਂ ਸਲੋਕ ਵਿਚ ਕਿਹਾ ਹੈ "ਮੈਂ (ਭਗਵਾਨ) ਵਚਨਾ ਵਿਚ ਏਕ ਅਕਸ਼ਰ (ਓਂਕਾਰ) ਹਾਂ ; ਹੋਮਯਗ ਵਿਚ ਜਪਯਗ ਹਾਂ ਅਤੇ ਥਿਰ ਰਹਿਣ ਵਾਲਿਆਂ ਵਿਚੋਂ ਹਿਮਾਲੀਅ ਹਾਂ ।"

ਕੁਰਾਨ ਵੀ ਨਾਮ ਅਰਾਧਨਾ ਦੇ ਵਾਕ ਤੋਂ ਆਰੰਭ ਹੁੰਦਾ ਹੈ—ਬਿਸਮ ਅੱਲਾਹ ਅਰਹਮਾਨੁੱ ਰਹੀਮ ।

Digitized by Panjab Digital Library | www.panjabdigilib.org

ਕਰਣਾ ਕਥਨਾ ਕਾਰ ਸਭ ਨਾਨਕ ਆਪਿ ਸਕਥੁ ॥ ਮਲਾਰ ਵਾਰ ਪੰ: 1289

3. ਜਾ ਕਰਤਾ ਸ੍ਰਿਸ਼ਟੀ ਕੋ ਸਾਜੇ ਆਪੇ ਜਾਣੈ ਸੋਈ। ਜਪੁ

4. ਵਡਾ ਸਾਹਿਬ ਵਡੀ ਨਾਈ, ਕੀਤਾ ਜਾਕਾ ਹੋਵੈ। ਜਪੁ

5. ਕਰਣ ਕਾਰਣ ਸਮਰਥੁ ਹੈ ਕਹੁ ਨਾਨਕ ਬੀਚਾਰਿ ।
ਕਾਰਣ ਕਰਤੇ ਵਸਿ ਹੈ ਜਿਨਿ ਕਲ ਰਖੀ ਧਾਰਿ ॥2॥—ਸਲੋਕ ਸਹਸਕ੍ਰਿਤੀ

## ਪੁਰਖੁ

ਵੈਦਿਕ ਭਾਖਾ ਵਿਚ ਪੁਰ=ਪੂਰਵ (ਪੂਰਵ) ਹੈ ਅਤੇ (ਤਥ) ਉਖ=ਬਾਲਣਾ। ਅਰਥ ਹੋਏ, ਜਿਸ ਨੇ ਸ੍ਰਿਸ਼ਟੀ ਦੇ ਪਹਿਲਾਂ ਹੀ ਪਾਪਾਂ ਨੂੰ ਬਾਲ ਦਿੱਤਾ। ਸੰਕਲਪ ਵਿਚ ਆਉਣ ਤੋਂ ਪਹਿਲਾਂ ਪਾਪਾਂ ਨੂੰ ਭਸਮ ਕਰਨ ਵਾਲਾ ਬ੍ਰਹਮ ਜਾਂ ਪੁਰਖ ਕਿਹਾ ਜਾਂਦਾ ਹੈ । ਰਿਗਵੇਦ ਦੇ ਪੁਰਖ ਸੂਤ੍ਰ ਵਿਚ ਬਹੁਤ ਵਿਸ਼ਾਲ ਤੇ ਵਿਰਾਟ ਰੂਪ ਵਿਚ ਕਰਤਾ ਪੁਰਖ ਦਾ ਨਿਰੂਪਣ ਹੋਇਆ ਹੈ । ਇਸ ਤੋਂ ਪ੍ਰਭਾਵਿਤ ਹੋ ਕੇ ਯੋਗ ਸ਼ਾਸਤ੍ਰ ਵੀ ਕਹਿੰਦਾ ਹੈ "ਪੁਰਸ਼ ਵਿਸ਼ੇਸ਼ ਈਸ਼ਵਰ"=ਉਹ ਵਿਸ਼ੇਸ਼ ਪੁਰਖ ਈਸ਼ਰ ਹੀ ਹੈ ॥1॥ 24 ॥ ਉਸੇ ਨੂੰ ਆਦਿ ਪੁਰਖ ਜਾਂ ਪਰਿਪੂਰਣ ਪੁਰਖ ਵੀ ਆਖਦੇ ਹਨ, ਉਹ ਸਰਬ ਆਧਾਰ ਹੈ ।

ਸਾਂਖਯ ਸ਼ਾਸਤ੍ਰ ਵਿਚ ਪੁਰਖ ਨੂੰ ਅਸੰਗ ਤੇ ਅਲੇਪ ਦਸਿਆ ਗਿਆ ਹੈ :—

उदासितारं निगृहीत मानसगृंहीत मध्यात्म दश ।
कथश्चन बर्हिविकारं प्रकृते: पृथग्विद, : पुरातनं
त्वां पुरुषं पुराविद:*

ਉਪਨਿਸ਼ਦ ਵਿਚ ਪੁਰਖ ਨੂੰ ਆਤਮਾ ਵੀ ਕਿਹਾ ਹੈ ਇਸੇ ਕਰਕੇ ਗੁਰਬਾਣੀ ਵਿਚ ਜੀਵਾਤਮਾ ਤੇ ਪਰਮਾਤਮਾ ਨੂੰ ਪੁਰਖ ਮੰਨਿਆ ਗਿਆ ਹੈ :—

**ਪੁਰਖੈ ਪੁਰਖੁ ਮਿਲਿਆ ਗੁਰ ਪਾਇਆ—ਸੋਰਠਿ ਮਹਲਾ 4**

ਬ੍ਰਿਹਦਾਰਣਯਕ ਉਪਨਿਸ਼ਦ 3।9।11 ਵਿਚ ਪੁਰਖ ਦਾ ਵਿਰਾਟ ਰੂਪ ਧਾਰਣ ਕਰਕੇ ਉਸ ਦੀ ਸੱਤਾ ਦਸਣ ਵਾਲੀ ਪ੍ਰਕਿਰਤੀ ਹੈ । ਉਸ ਨੂੰ ਕੁਦਰਤ ਦਾ ਕਾਦਰ ਗੁਰਬਾਣੀ ਵਿਚ ਦਸਿਆ ਗਿਆ ਹੈ ਅਤੇ ਉਸ ਨੂੰ ਅਕਾਲ ਪੁਰਖ ਵੀ ਆਖਿਆ ਹੈ—

**ਤੂੰ ਅਕਾਲ ਪੁਰਖੁ ਨਾਹੀਂ ਸਿਰ ਕਾਲ। ਮਾਰੂ ।**

ਆਦਮੀ ਦਾ ਪੁਰਸ਼ਾਰਥ ਇਸ ਗੱਲ ਵਿਚ ਹੈ ਕਿ ਉਹ ਸਚ ਤੇ ਪ੍ਰੇਮ ਵਿਚ ਲੀਨ ਹੋ ਜਾਵੇ—

---

* (i) बृहदारणयक 4।3।95 'असंगो ह्य चं पुरुषा :—
ਪੁਰਖ ਆਪਣੇ ਸੁਭਾਵਕ ਰੂਪ ਵਿਚ ਤਾਂ ਅਸੰਗ ਹੀ ਹੈ । ਇਕੋ ਇਕ ਹੈ (ਕੇਵਲ ਹੈ) ਅਤੇ ੨।੩।੩ ਵਿਚ ਕਿਹਾ ਹੈ ਅਮੂਰਤ, ਅਮ੍ਰਿਤ, ਸਾਰੇ ਰੂਪਾਂ ਦਾ ਰਸ ਤੇ ਨਿਚੋੜ ਇਸ ਜਗਤ ਦਾ ਕਰਤਾ (ਪੁਰਖ) ਹੈ ।

(ii) ਯੋਗਸ਼ਾਸਤ ਵਿਚ ਪੁਰਖ ਨੂੰ 'ਸਵਪ੍ਰਕਾਸ਼' ਦ੍ਰਿਸ਼ਟਾ ਦ੍ਰਿਸ਼ਿਮਾਤ੍ਰ (सव प्रकाश) दृश्टा दृशिमात्र 2।20 ਕਿਹਾ ਹੈ. ਅਰਥਾਤ ਪੂਰਨ ਗਿਆਤਾ, ਪੂਰਨ ਬੋਧ ਵਾਲਾ ਤੇ ਨਿਰ ਵਿਸ਼ੇਸ਼ਣ ।

Digitized by Panjab Digital Library | www.panjabdigilib.org

1. ਸਾਈ ਪੁਰਖ ਜਿ ਸਾਚਿ ਸਮਾਇ ।3। ।16। ਮਲਾਰੁ ਘਰੁ 2
2. ਬਿਨ ਪਿਰ ਪੁਰਖੁ ਨ ਜਾਣਈ—ਸਿਰੀ ਰਾਗ ਅਸ਼ਟ:

## ਜਗਤ ਤੇ ਕਰਤਾਰ ਦਾ ਸੰਬੰਧ

ਕਰਤਾਰ ਸਾਰੀਆਂ ਵਸਤੂਆਂ ਆਪਣੇ ਤੋਂ ਪੈਦਾ ਕਰਦਾ ਹੈ ਪਰ ਆਪ ਮਾਇਆ ਲਿਪਤ ਨਹੀਂ ਹੈ ਅਤੇ ਆਪਣੀ ਸ੍ਰਿਸ਼ਟੀ ਵਿਚ ਵਿਆਪਤ ਹੋ ਕੇ ਵੀ ਇਸ ਤੋਂ ਮੁਕਤ ਹੈ।

ਉਹ ਪਰਮ-ਤੱਤ ਜੋਤਿ ਸਰੂਪ ਹੈ, ਸਰਬ ਸ਼ਕਤੀ ਦਾ ਭੰਡਾਰ ਤੇ ਗੁਣ ਤਾਸ ਹੈ। ਸ੍ਰਿਸ਼ਟੀ ਦੀਆਂ ਵਸਤੂਆਂ ਤਾਂ ਕਿਣਕਾ ਕਿਣਕਾ ਹੋ ਜਾਂਦੀਆਂ ਹਨ ਪਰ ਉਹ ਜੋਤਿ ਤਾਂ ਅਮਰ ਹੈ।

ਸੂਫੀਆਂ ਨੇ ਵੀ ਰੱਬ ਦੇ ਨੂਰ ਤੋਂ ਫਰਿਸ਼ਤਿਆਂ ਆਦਿ ਦੀ ਉਤਪਤੀ ਮੰਨੀ ਹੈ। ਵੇਦਾਂਤ ਤਾਂ ਮਾਇਆ ਆਦਿ ਭੌਤਿਕ ਤੇ ਦ੍ਰਿਸ਼ਟਮਾਨ ਪਦਾਰਥਾਂ ਨੂੰ ਕਲਪਿਤ ਸਮਝਦਾ ਹੈ। ਕੁਝ ਮਤ ਪ੍ਰਕਿਰਤੀ ਨੂੰ ਬ੍ਰਹਮ ਵਾਂਗ ਅਨਾਦਿ ਤੇ ਸੁਤੰਤਰ ਮੰਨਦੇ ਹਨ।

ਨਾਨਕ-ਮਤ ਵਿਚ ਪ੍ਰਕਿਰਤੀ ਤੇ ਜੀਵ ਦਾ ਮਾਲਕ ਅਲੇਖ ਕਰਤਾ ਪੁਰਖ ਹੀ ਹੈ।*

1. ਸਰਬ ਜੀਆਂ ਸਿਰਿ ਲੇਖੁ ਧੁਰਾਹੁ ਬਿਨੁ ਲੇਖੈ ਨਹੀਂ ਕੋਈ ਜਿਉ
   ਆਪਿ ਅਲੇਖੁ ਕੁਦਰਤਿ ਕਰਿ ਦੇਖੈ।
   ਹੁਕਮਿ ਚਲਾਏ ਸੋਈ ਜੀਉ ।1।1। ਸੋਰਠਿ
2. ਕੀਤਾ ਕਹਾ ਕਰੇ ਮਨਿ ਮਾਨੁ ।
   ਦੇਵਣਹਾਰੇ ਕੈ ਹਥਿ ਦਾਨੁ ।
   ਭਾਵੈ ਦੇਇ ਨ ਦੇਇ ਸੋਇ ।
   ਕੀਤੇ ਕੈ ਕਹਿਐ ਕਿਆ ਹੋਇ ।1।3।32। ਸ੍ਰੀ ਰਾਗ

ਸ੍ਰਿਸ਼ਟੀ ਵਿਚ ਜੋਤਿ ਮੌਜੂਦ ਹੈ ਤੇ ਜੋਤਿ ਵਿਚ ਸ੍ਰਿਸ਼ਟੀ ਟਿਕੀ ਹੈ :—

1. ਜਾਤਿ ਮਹਿ ਜੋਤਿ ਜੋਤਿ ਮਹਿ ਜਾਤਾ । ਅਕਲ ਕਲਾ ਭਰਪੂਰ ਰਹਿਆ ।2।12।
   —ਵਾਰ ਆਸਾ ਪੰ: 469
2. ਸਗਲੀ ਜੋਤਿ ਤੇਰਾ ਸਭੁ ਕੋਈ । ਆਪੇ ਜੋਤਿ ਵਿਛੋੜੇ ਸੋਈ ॥ ਪੰ: 414
3. ਪੰਚ ਭੂ ਨਾਇਕੋ ਆਪਿ ਸਿਰੰਦਾ ਜਿਨਿ ਸਚ ਕਾ ਪਿੰਡ ਸਵਾਰਿਆ ॥ 3 ॥
   —ਸੂਹੀ ਛੰਤ

## ਸ੍ਰਿਸ਼ਟੀ ਰਚਨਾ

ਜੋ ਸਥਾਨ ਨਾਸਦੀਯ ਸੂਕਤ ਨੂੰ ਰਿਗਵੇਦ ਵਿਚ ਹੈ ਉਹੋ ਸਥਾਨ ਮਾਰੂ ਸੋਲਹੇ ਤੇ ਜਪੁਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਹੈ। ਸੂਖਮ ਤੋਂ ਸੂਖਮ ਰੂਪ ਵਾਲੇ ਨਿਰੰਕਾਰ ਦੀ ਸਿਰਜਨ ਸ਼ਕਤੀ ਦਾ ਵਿਰਾਟ ਤੇ ਬੇਅੰਤ ਰੂਪ ਇਸ ਬਾਣੀ ਵਿਚ ਅੰਕਿਤ ਹੈ। ਸਿਧਾਂ ਤੇ ਜੋਗੀਆਂ ਦਾ ਸੁੰਨ ਰੂਪ ਵੀ ਇਥੇ ਆਣ ਰਲਿਆ ਹੈ :—

---

*ਗੀਤਾ ਅਧਿਆਇ 7 ਸ਼ਲੋਕ 4-12 ਵਿਚ ਵੀ ਇਹ ਵਿਚਾਰ ਆਇਆ ਹੈ।

Digitized by Panjab Digital Library | www.panjabdigilib.org

"ਸੁੰਨ ਤੋਂ ਹੀ ਰਾਤਿ ਦਿਨ ਬਣੇ । ਤਿਨੋਂ ਭਵਨ ਤੇ ਅਸੰਖ ਪੁਰੀਆਂ ਬਣੀਆਂ, ਧਰਤੀ ਅਕਾਸ਼ ਬਣੇ, ਸੂਰਜ ਚੰਦ ਤੇ ਖਾਣੀਆਂ ਸਿਰਜੀਆਂ, ਸਤ ਸਰੋਵਰ, ਸਤ ਪਤਾਲ ਨਿਸਰੇ ।" ਮਾਰੂ ਪੰ: 1037-38

ਇਸ ਪ੍ਰਕਾਰ "ਸੁੰਨ ਕਲਾ ਅਪਰੰਪਰਧਾਰੀ" ਕਹਿ ਕੇ ਪ੍ਰਭ ਦੀ ਮਹਾਨਤਾ ਦੱਸੀ ਹੈ।

ਦਖਣੀ ਓਅੰਕਾਰ ਵਿਚ ਉਸੇ ਸ਼ਕਤੀ ਦਾ ਨਾਮ ਓਅੰਕਾਰ ਦਸਿਆ ਹੈ । ਓਅੰਕਾਰ ਤੋਂ ਹੀ ਬ੍ਰਹਮਾ ਦੀ ਉਤਪਤੀ ਹੋਈ, ਬੇਦ ਰਚੇ ਗਏ, ਓਅੰਕਾਰ ਤੋਂ ਹੀ ਸਾਰੀ ਸ੍ਰਿਸ਼ਟੀ ਸਾਜੀ ਗਈ । ਪੰ: 929-930 । ਇਸ ਵਿਸ਼ੇ ਤੇ ਕੁਝ ਜ਼ਰੂਰੀ ਤੁਕਾਂ ਹਨ :—

(i) **ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ । ਵਾਰ ਆਸਾ**

(ii) **ਤੂ ਆਪੇ ਆਪਿ ਵਰਤਦਾ ਆਪਿ ਬਣਤ ਬਣਾਈ—ਵਾਰ ਮਲਾਰ**

(iii) **ਆਪਿ ਉਪਾਇ ਥਾਪਿ ਉਥਾਪਿ—ਆਸਾ ਪੰ: 413**

(iv) **ਤੂ ਦਾਤਾ ਜੀਆਂ ਸਭਨਾ ਕਾ ਜੀਆ ਅੰਦਰਿ ਜੀਉ ਤੂਹੀ—ਰਾਗ ਮਲਾਰ । 2 । 1**

(v) **ਆਪਿ ਉਪਾਏ ਮੇਦਨੀ ਆਪੇ ਕਰਦਾ ਸਾਰ—ਵਾਰ ਮਲਾਰ**

ਵਾਰ ਮਲਾਰ ਦੀ ਇਕ ਪਉੜੀ ਦੀਆਂ ਇਹ ਤੁਕਾਂ ਕੁਰਾਨ ਦੀ ਸ੍ਰਿਸ਼ਟੀ ਕਲਪਨਾ ਵਲ ਸੰਕੇਤ ਕਰਦੀਆਂ ਹਨ ।

**ਆਪੀਨੈ ਆਪ ਸਾਜਿ ਆਪੁ ਪਛਾਣਿਆ ।**
**ਅੰਬਰੁ ਧਰਤਿ ਵਿਛੋੜਿ ਚੰਦੋਆ ਤਾਣਿਆ।**
**ਵਿਣੁ ਥੰਮਾ ਗਗਨ ਰਹਾਇ ਸਬਦੁ ਨੀਸਾਣਿਆ।**
**ਤੁਮ ਸਰਿ ਅਵਰੁ ਨ ਕੋਇ ਕਿ ਆਖਿ ਵਖਾਣਿਆ ।**
**ਸਚੈ ਤਖਤਿ ਨਿਵਾਸੁ ਹੋਰ ਆਵਣ ਜਾਣਿਆ ।**

ਇਕ ਹੋਰ ਪਉੜੀ ਵਿਚ ਕੁਰਾਨ ਦੀ 'ਲੋਹ ਵਕਲਮੁ' ਵਲ ਸੰਕੇਤ **ਹੈ :—**

**ਆਪੇ ਪਟੀ ਕਲਮ ਆਪਿ ਉਪਰਿ ਲੇਖ ਭਿ ਤੂੰ**
**ਏਕੋ ਕਹੀਐ ਨਾਨਕਾ ਦੂਜਾ ਕਾਹੇ ਕੂ ॥ 24 ॥ ਵਾਰ ਮਲਾਰ**

ਕੁਰਾਨ ਵਿਚ ਰੱਬ ਦੇ 'ਕੁਨ' ਕਹਿਣ ਦਾ ਪ੍ਰਸੰਗ ਆਇਆ ਹੈ ਅਤੇ ਕਾਇਨਾਤ (ਸ੍ਰਿਸ਼ਟੀ) ਬਣ ਗਈ ਕੁਨ ਤੋਂ ।* ਸ਼ਾਸਤਰਾਂ ਦੇ 'ਭਵ' ਦਾ ਵੀ ਇਹੋ ਅਰਥ ਹੈ। ਇਸ ਲਈ ਗੁਰੂ ਨਾਨਕ ਨੇ ਰੱਬ ਦੀ ਅਜਿਹੀ ਇਛਾ ਜਾਂ ਹੁਕਮ ਨੂੰ ਸ੍ਰਿਸ਼ਟੀ ਦਾ ਕਾਰਨ ਦਸਿਆ ਹੈ :—

**'ਹੁਕਮੀ ਹੋਵਨਿ ਆਕਾਰਿ । ਹੁਕਮ ਨ ਕਹਿਆ ਜਾਇ ॥ 2 ॥ ਜਪੁ**
**ਹੁਕਮੇ ਆਡਾਣੇ ਆਗਾਸੀ । ਹੁਕਮੇ ਜਲ ਥਲ ਤ੍ਰਿਭਵਣ ਵਾਸੀ (ਪੰ: 1037)**
**ਹੁਕਮੀ ਸਗਲ ਕਰੇ ਆਕਾਰ । ਆਪੇ ਜਾਣੈ ਸਰਬ ਵੀਚਾਰ (ਪੰ: 150)**
**ਹੁਕਮੀ ਸਭੇ ਉਪਜਹਿ ਹੁਕਮੀ ਕਾਰ ਕਮਾਹਿ (ਪੰ: 55)**

---

* ਇਹ ਭਾਵ ਜਪੁਜੀ ਦੀ 16 ਵੀਂ ਪਉੜੀ ਵਿਚ ਸਪਸ਼ਟ ਆਇਆ ਹੈ :—
"ਕੀਤਾ ਪਸਾਉ ਏਕੋ ਕਵਾਉ"

Digitized by Panjab Digital Library | www.panjabdigilib.org

- ਹੁਕਮੀ ਪਉਣ ਪਾਣੀ ਗੈਨਾਰ (ਪੰ: 1037)
- ਹੁਕਮੇ ਦੀਸੇ ਜਗਤ ਉਪਾਇਆ (ਪੰ: 1037)

ਸੰਸਾਰ ਦੀ ਉਤਪਤੀ ਬਾਰੇ ਗੁਰੂ ਨਾਨਕ ਨੇ ਇਹ ਵਿਚਾਰ ਵੀ ਦਿਤਾ ਹੈ ਕਿ ਇਸ ਦਾ ਕਾਰਣ ਹਉਮੈ (ਅਹੰਕਾਰ) ਹੈ :—

**(i) ਹਉਮੈ ਵਿਚ ਜਗੁ ਉਪਜੈ ਪੁਰਖਾ ਨਾਮਿ ਵਿਸਰਿਐ ਦੁਖ ਪਾਇ ।**

**ਸਿਧ ਗੋਸ਼ਟਿ । ਪਉੜੀ 68**

**(ii) ਹਉ ਵਿਚਿ ਮਾਇਆ ਹਉ ਵਿਚ ਛਾਇਆ ।**
**ਹਉਮੈ ਕਰਿ ਕਰਿ ਜੰਤ ਉਪਾਇਆ ।**
**ਹਉਮੈ ਬੂਝੈ ਤਾ ਦਰੁ ਸੂਝੈ ।**
**ਗਿਆਣ ਵਿਹੂਣਾ ਕਥਿ ਕਥਿ ਲੂਝੈ । ਵਾਰ ਆਸਾ ਪੰ: 466**

**(iii) ਹੁਉਮੈ ਚਉਪੜਿ ਖੇਲਣਾ ਝੂਠੇ ਅਹੰਕਾਰਾ ।**
**ਸਭੁ ਜਗੁ ਹਾਰੈ ਸੋ ਜਿਣੈ ਗੁਰ ਸਬਦੁ ਵੀਚਾਰਾ ॥ ਪੰ: 422**

ਇਨ੍ਹਾਂ ਉਦਾਹਰਨਾਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਸ ਹਉਮੈ ਵਿਚ ਵਿਦਿਆ ਦਾ ਭਾਵ ਵੀ ਜੁੜਿਆ ਹੋਇਆ ਹੈ। ਇਸੇ ਲਈ ਅਵਿਦਿਆ ਜਾਂ ਹਉਮੈ ਤੋਂ ਮੁਕਤ ਹੋਣ ਲਈ ਗਿਆਨ ਪ੍ਰਾਪਤੀ ਦੀ ਸਾਧਨਾ ਦਸੀ ਗਈ ਹੈ :—

**ਉਪਜਹਿ ਬਿਨਸਹਿ ਬੰਧਨ ਬੰਧੇ । ਹਉਮੈ ਮਾਇਆ ਦੇ ਗਲਿ ਫੰਧੇ ॥**
**ਜਿਸ ਰਾਮ ਨਾਮੁ ਨਾਹੀ ਗਤਿ ਗੁਰਮਤਿ ਸੋ ਜਮ ਪੁਰਿ ਬੰਧ ਚਲਾਇਆ ।**
**—ਮਾਰੂ ਸੋਲਹੇ, ਪੰ: 1041**

ਸ੍ਰਿਸ਼ਟੀ ਬੇਅੰਤ ਅਤੇ ਅਨਾਦਿ ਹੈ। ਇਸੇ ਤੋਂ ਵਿਸਮਾਦ ਪੈਦਾ ਹੁੰਦਾ ਹੈ :—

**1. ਅਸੰਖ ਨਾਵ ਅਸੰਖ ਥਾਵ । ਅਗੰਮ ਅਗੰਮ ਅਸੰਖ ਲੋਅ ॥ 19 ॥ ਜਪੁ**
**2. ਕਵਣੁ ਸੁ ਵੇਲਾ ਵਖਤੁ ਕਵਣੁ ਥਿਤਿ ਕਵਣੁ ਵਾਰ ।**
**ਜਾ ਕਰਤਾ ਸਿਰਠੀ ਕਉ ਸਾਜੇ ਆਪੇ ਜਾਣੈ ਸੋਈ ॥ 21 ॥ ਜਪੁ**
**3. ਵਿਸਮਾਦ ਰੂਪ ਵਿਸਮਾਦ ਰੰਗ । ਵਾਰ ਆਸਾ**

ਇਸ ਸ੍ਰਿਸ਼ਟੀ ਦਾ ਅੰਤ ਵੀ ਪ੍ਰਭ ਆਪ ਹੀ ਕਰਦਾ ਹੈ :—

**1. ਜਿਸ ਤੇ ਉਪਜੈ ਤਿਸ ਤੇ ਬਿਨਸੇ ॥ 16 ॥ ਸਿਰੀ ਰਾਗ**
**2. ਤੁਝ ਤੇ ਉਪਜਹਿ ਤੁਝ ਮਾਹਿ ਸਮਾਵਹਿ ॥ 14 ॥ ਮਾਰੂ**
**3. ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ।**
**ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ॥ ਪੰ: 1283**

ਗੁਰੂ ਨਾਨਕ ਜਗਤ ਨੂੰ ਮਿਥਿਆ ਨਹੀਂ ਮੰਨਦੇ। ਮਿਥਿਆ ਵਿਚਾਰ ਨੇ ਭਾਰਤ ਵਿਚ ਪਹਿਲਾਂ ਹੀ ਲਖਾਂ ਬੰਦੇ ਵਿਰਾਗੀ ਫ਼ਕੀਰ ਬਣਾ ਦਿਤੇ ਸਨ । ਉਨ੍ਹਾਂ ਨੇ ਸ੍ਰਿਸ਼ਟੀ ਨੂੰ ਸੱਚਾ ਆਖਿਆ ਹੈ :

Digitized by Panjab Digital Library | www.panjabdigilib.org

1. ਸਚੇ ਤੇਰੇ ਖੰਡ ਸਚੇ ਬ੍ਰਹਮੰਡ । ਸਚੇ ਤੇਰੇ ਲੋਅ ਸਚੇ ਆਕਾਰ ॥
ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥ ਆਸਾ ਵਾਰ ਪੰ: 463
2. ਆਤਮ ਰਾਮ ਸੰਸਾਰਾ । ਸਾਚਾ ਖੇਲੁ ਤੁਮਾਰਾ ।
ਸਚੁ ਖੇਲੁ ਤੁਮਾਰਾ ਅਗਮ ਅਪਾਰਾ ਤੁਧ ਬਿਨੁ ਕਉਣ ਬੁਝਾਏ ॥ ਸੂਹੀ

## ਜਗਤ ਦਾ ਅਦਵੈਤਵਾਦੀ ਵੇਦਾਂਤ ਸਰੂਪ

ਆਪੇ ਪੁਰਖ ਆਪੇ ਹੀ ਨਾਰੀ । ਆਪੇ ਪਾਸਾ ਆਪੇ ਸਾਰੀ ।
ਆਪੇ ਪਿੜ ਬਾਧੀ ਜਗੁ ਖੇਲੈ । ਆਪੇ ਕੀਮਤਿ ਪਾਈ ਹੇ ॥ 5 ॥
ਆਪੇ ਧਨੁਖੁ ਆਪੇ ਸਰ ਬਾਣਾ । ਆਪੇ ਸੁਘੜ ਸਰੂਪ ਸਿਆਣਾ ।
ਕਰਤਾ ਬਕਤਾ ਸੁਣਤਾ ਸੋਈ । ਆਪੇ ਬਣਤ ਬਣਾਈ ਹੇ ॥ 921 ॥
ਮਾਰੂ ਸੋਲਹੇ ਪੰ: 1020

ਸ਼ੈਵ ਮਤ ਅਤੇ ਇਸਲਾਮ ਮਤ ਨੇ ਰੱਬ ਦੀ ਸੁੰਦਰਤਾ ਦੀ ਲੀਲਾ ਤੋਂ ਜਗਤ ਦੀ ਉਤਪਤੀ ਦਸੀ ਹੈ । ਇਸ ਨਾਲ ਮੇਲ ਖਾਉਂਦੀ ਭਾਵਨਾ ਹੈ :—

ਪਪੈ ਪਾਤਿਸਾਹੁ ਪਰਮੇਸਰੁ ਵੇਖਣ ਕਉ ਪਰਪੰਚੁ ਕੀਆ ।
ਦੇਖੈ ਬੂਝੈ ਸਭ ਕਿਛੁ ਜਾਣੈ ਅੰਤਰਿ ਬਾਹਰਿ ਰਵਿ ਰਹਿਆ ॥ ਆਸਾ ਪੰ: 433

ਅੰਤਲਾ ਰੂਪ ਸਹਿਜ ਵਾਲਾ ਹੈ ਜੋ ਉਨ੍ਹਾਂ ਦੇ ਦ੍ਰਿਸ਼ਟੀ ਕੋਣ ਤੋਂ ਵਧੇਰੇ ਮਹੱਤਤਾ ਪੂਰਣ ਹੈ :—

ਸਸੈ ਸਭ ਜਗੁ ਸਹਿਜ ਉਪਾਇਆ ਤੀਨਿ ਭਵਨਿ ਇਕ ਜੋਤੀ ॥
ਗੁਰਮੁਖਿ ਵਸਤੁ ਪਰਾਪਤਿ ਹੋਵੈ ਚੁਣ ਲੇ ਮਾਣਕ ਮੋਤੀ ॥
ਗੁਰਮੁਖਿ ਦੇਖੈ ਸਾਚੁ ਸਮਾਲੇ ਬਿਨੁ ਸਾਚੇ ਜਗ ਕਾਚਾ ॥ ਰਾਮ ਕਲੀ ਪੰ: 930

## ਨਿਰਗੁਣ ਸਰਗੁਣ

ਪ੍ਰਭ ਸਰਗੁਣ ਵੀ ਹੈ ਨਿਰਗੁਣ ਵੀ । ਬੇਅੰਤ ਗਿਆਨ, ਸ਼ਕਤੀ, ਸੁੰਦਰਤਾ ਆਦਿ ਕਰ ਕੇ ਉਸ ਨੂੰ ਸਰਗੁਣ ਮੰਨਿਆ ਗਿਆ ਹੈ । ਰੂਪ, ਰੇਖ ਆਦਿ ਜੜ ਦੇ ਅਤੇ ਵੈਰ ਵਿਰੋਧ ਆਦਿ ਜੀਵ ਦੇ ਗੁਣਾ ਤੋਂ ਰਹਿਤ ਹੋਣ ਕਰ ਕੇ ਉਸ ਨੂੰ ਨਿਰਗੁਣ ਵੀ ਮੰਨਿਆ ਜਾਂਦਾ ਹੈ :—

ਵੇਦਾਂਤ ਮਤ ਤੋਂ ਪ੍ਰਭਾਵਿਤ ਹੋ ਕੇ ਪੰਡਿਤ ਤਾਰਾ ਸਿੰਘ ਨਰੋਤਮ ਨੇ ਲਿਖਿਆ ਹੈ :—

'ਦੂਰ ਹੋ ਗਏ ਹੈਂ ਮਾਯਕ ਗੁਣ ਜਿਸ ਮੇਂ ਵਹ ਪਰਮਾਤਮਾ ।'' ਯਥਾ :—

'ਨਿਰਗੁਨੁ ਆਪਿ ਸਰਗੁਨ ਭੀ ਉਹੀ' (ਗਉੜੀ ਮ: 5)

''ਜੋ ਮਾਯਾ ਕੇ ਮੇਲ ਸੇ ਰਹਿਤ ਸੁਧ ਦਸ਼ਾ ਮੇਂ ਸਰਬ ਗੁਣੋਂ ਸੇ ਰਹਿਤ ਹੈ, ਵਹੀ ਮਾਯਾ ਕੇ ਮੇਲ ਸਮਯ ਸਰਗੁਣ ਗੁਣੋਂ ਵਾਲਾ ਹੋਵੇ ਹੈ..... ਸਰਵਥਾ ਗੁਣੋਂ ਸੇ ਹੀਨ ਪਰਮਾਤਮਾ ਕਭੀ ਕਹੀ ਨਹੀਂ ਹੋਤਾ । ਜੋ ਸਰਵਥਾ ਗੁਣ ਹੀਨ ਕਹਿਤੇ ਹੈਂ, ਉਨ ਕੋ ਸ਼ਾਸਤ੍ਰ ਕੇ ਸਿਧਾਂਤ ਕਾ ਗਿਆਨ ਨਹੀਂ ।'' (ਗੁਰੂ ਗਿਰਾਰਥ ਕੋਸ਼)

ਅੰਤਲੇ ਵਾਕ ਵਿਚ ਉਪਰਲੇ ਵਿਚਾਰ ਦੀ ਪੁਸ਼ਟੀ ਹੁੰਦੀ ਹੈ, ਪਰ ਦੇਵਾਂਤ ਵਿਚ ਬ੍ਰਹਮ ਨੂੰ ਸਹਿ

Digitized by Panjab Digital Library | www.panjabdigilib.org

ਦਾ ਨੰਦ ਮੰਨਿਆ ਗਿਆ ਹੈ, ਉਸ ਦੇ ਮਾਇਆ ਯੁਕਤ ਰੂਪ ਦਾ ਨਾਂ ਤਾਂ ਈਸ਼ਤ ਹੈ।

ਗੁਰੂ ਨਾਨਕ ਕਹਿੰਦੇ ਹਨ :—

(i) **ਨਿਰਗੁਣ ਰਾਮੁ ਗੁਣਹ ਵਸਿ ਹੋਇ। ਆਪਿ ਨਿਵਾਰਿ ਬੀਚਾਰੇ ਸੋਇ।**
**ਮਨੁ ਮਾਨੇ ਹਰਿ ਏਕੰਕਾਰ।** ਆਸਾ ਪੰ: 222

(ii) **ਗੁਣ ਏਹੋ ਹੋਰ ਨਾਹੀ ਕੋਇ। ਨਾ ਕੋ ਹੋਆ ਨਾ ਕੋ ਹੋਇ* ॥** ਪੰ: 349

ਡਾ.** ਜਯਰਾਮ ਮਿਸ਼੍ਰ ਨੇ ਲਿਖਿਆ ਹੈ ਕਿ ਨਾਨਕ ਬਾਣੀ ਵਿਚ ਉਪਾਸਕ ਦੀ ਅੰਦਰਲੀ ਬ੍ਰਿਤੀ ਅਨੁਸਾਰ ਬ੍ਰਹਮ ਦੇ ਸਰੂਪ ਦਾ ਨਿਰੂਪਣ ਤਿੰਨ ਤਰ੍ਹਾਂ ਦਾ ਮਿਲਦਾ ਹੈ :—

1. ਨਿਰਗੁਣ ਬ੍ਰਹਮ। 2. ਸਗੁਣ ਬ੍ਰਹਮ। 3. ਸਗੁਣ-ਨਿਰਗੁਣ ਦੋਵਾਂ ਦਾ ਮਿੱਸਾ ਰੂਪ।

## ਨਿਰਗੁਣ ਰੂਪ ਬ੍ਰਹਮ

ਅਫੁਰ ਅਵਸਥਾ ਵਾਲੇ ਅਗਿਆਤ ਪੁਰਖ ਬ੍ਰਹਮ ਪ੍ਰਤਿ ਮਾਰੂ ਰਾਗ ਦੇ 15ਵੇਂ ਸੋਲਹੇ ਵਿਚ ਵੇਦ ਦੇ ਪੁਰਸ਼ ਸੂਕਤ ਵਾਂਗ ਬਹੁਤ ਵਿਸਤ੍ਰਿਤ ਰੂਪ ਵਿਚ ਸੂਖਮ ਨਿਰਗੁਣ ਰੂਪ ਦਾ ਚਿਤਰ ਉਕਰਿਆ ਗਿਆ ਹੈ :—

1. **ਅਰਬਦ ਨਰਬਦ ਧੁੰਧੂਕਾਰਾ। ਧਰਣਿ ਨ ਗਗਨਾ ਹੁਕਮੁ ਅਪਾਰਾ।**
**ਨਾ ਦਿਨੁ ਰੈਨਿ ਨ ਚੰਦੁ ਨ ਸੂਰਜੁ ਸੁੰਨ ਸਮਾਧਿ ਲਗਾਇਦਾ।** ਪੰ: 1035

ਸਿਧ ਗੋਸਟਿ ਅਤੇ ਜਪੁਜੀ ਵਿਚ ਵੀ ਥਾਈਂ ਪਰਥਾਈਂ ਨਿਰਗੁਣ ਦਾ ਵਰਨਣ ਮਿਲਦਾ ਹੈ। ਬ੍ਰਿਹਦਾਰਣਯਕ ਆਦਿ ਉਪਨਿਸ਼ਦਾਂ ਦੇ ਵਿਚਾਰਾਂ ਦੀ ਗੂੰਜ ਵੀ ਨਾਨਕ ਬਾਣੀ ਵਿਚ ਸੁਣੀਂਦੀ ਰਹਿੰਦੀ ਹੈ :—

1. **ਭਾਉ ਨ ਭਗਤੀ ਨ ਸ਼ਿਵ ਸਕਤੀ। ਸਾਜਨ ਮੀਤ ਬਿੰਦੁ ਨਹੀਂ ਰਕਤੀ।**
**ਆਪੇ ਸਾਹੁ ਆਪੇ ਵਣਜਾਰਾ ਸਾਚੇ ਏਹੋ ਭਾਇਦਾ ॥ 12 ॥** ਮਾਰੂ ਪੰ: 1036

2. **ਜਲ ਥਲੁ ਧਰਣਿ ਗਗਨੁ ਤਹ ਨਾਹੀ ਆਪੇ ਆਪੁ ਕੀਆ ਕਰਤਾਰ।**
**ਨਾ ਤਦਿ ਮਾਇਆ ਮਗਨੁ ਨ ਛਾਇਆ ਨ ਸੂਰਜ ਚੰਦ ਨ ਜੋਤਿ ਅਪਾਰ ॥**
**ਗੂਜਰੀ, ਅਸਟ: 2**

ਬਾਇਬਲ ਵਿਚ ਆਇਆ ਹੈ :—

Greaner is He that is Within you than He that is in the world. 1-John V. 21.

ਜਗਤ ਦੇ ਬਾਹਰਜਾਮੀ ਤੋਂ ਤੇਰਾ ਅੰਤਰਜਾਮੀ ਵੱਡਾ ਹੈ।

## ਸਰਗੁਣ ਬ੍ਰਹਮ ਦਾ ਰੂਪ

ਸਫੁਰ ਅਵਸਥਾ ਵਿਚ ਪ੍ਰਭ ਸਰਬ-ਵਿਆਪੀ ਹੈ। ਗੁਰੂ ਨਾਨਕ ਨੇ ਸ਼ੈਵ ਅਤੇ ਵੈਸ਼ਣ ਮਤ

*श्वेताश्वतरोपनिषद—6 । 1 1—
साक्षी केत: कवलो निर्गुणश्च ।
** नानक बाणी – पं : 46, डा॰ जय राम मिश्र

Digitized by Panjab Digital Library | www.panjabdigilib.org

ਅਨੁਸਾਰ ਜਗਤ ਨੂੰ ਪ੍ਰਭ ਦੀ ਲੀਲਾ ਜਾਂ ਖੇਡ ਮੰਨਿਆ ਹੈ ਪਰ ਇਹ ਵੀ ਕਿਹਾ ਹੈ ਕਿ ਪ੍ਰਕਿਰਤੀ ਜਾਂ ਮਾਇਆ ਦੇ ਸਹਾਰੇ ਬਿਨਾ ਸਾਰੀ ਰਚਨਾ ਕੀਤੀ ਗਈ ਹੈ :—

(i) ਜਗਤੁ ਉਪਾਇ ਖੇਲੁ ਰਚਾਇਆ ॥11॥ ਮਾਰੂ ਸੋਲਹੇ

(ii) ਆਪਿ ਉਪਾਇਆ ਜਗਤ ਸਬਾਇਆ ॥3॥ ਮਾਰੂ ਸੋਲਹੇ

(iii) ਆਪਿ ਨਿਰਾਲਮੁ ਗੁਰ ਗਮ ਗਿਆਨਾ । ਜੋ ਦੀਸੈ ਤੁਝ ਮਾਹਿ ਸਮਾਨਾ ॥15॥

(iv) ਆਪੇ ਆਪੁ ਉਪਾਇ ਨਿਰਾਲਾ ॥16॥ ਮਾਰੂ ਸੋਲਹੇ

(v) ਜਾ ਤਿਸੁ ਭਾਣਾ ਤਾਂ ਜਗਤ ਉਪਾਇਆ । ਬਾਝੁ ਕਲਾ ਆਡਾਣ ਰਹਾਇਆ ।
ਬ੍ਰਹਮਾ ਬਿਸਨੁ ਮਹੇਸੁ ਉਪਾਏ ਮਾਇਆ ਮੋਹ ਵਧਾਇਦਾ ॥14॥

ਇਸ ਸਬੰਧ ਵਿਚ ਇਸਲਾਮੀ ਫ਼ਲਸਫ਼ੇ ਅਨੁਸਾਰ ਜਲਾਲੀ ਰੂਪ ਵਾਲੇ ਕਾਦਿਰ ਦਾ ਵਰਨਣ ਵੀ ਨਾਨਕ ਨੇ ਕਈ ਵੇਰ ਕੀਤਾ ਹੈ । ਇਹ ਵੈਸ਼ਨੂ ਵਿਰਾਟ ਬ੍ਰਹਮ ਦੇ ਨਾਲ ਵੀ ਸਮਾਨਤਾ ਰਖਦਾ ਹੈ—

(i) ਬਲਿਹਾਰੀ ਕੁਦਰਤਿ ਵਸਿਆ ਤੇਰਾ ਭੇਦ ਨ ਜਾਏ ਲਖਿਆ

(ii) ਅੰਤੁ ਨਾ ਜਾਪੈ ਕੀਤਾ ਆਕਾਰੁ । ਅੰਤੁ ਨ ਜਾਪੈ ਪਾਰਾਵਾਰੁ । ਜਪੁ

(iii) ਗਗਨ ਮੈ ਥਾਲੁ ਰਵਿ ਚੰਦੁ ਦੀਪਕ ਬਨੇ ਤਾਰਿਕਾ ਮੰਡਲ ਜਨਕ ਮੋਤੀ ॥ ਧੂਪ ਮਲਿਆਨ ਲੋ, ਪਵਣ ਚਵਰੋ ਕਰੈ, ਸਗਲ ਬਨਰਾਇ ਫੂਲੰਤ ਜੋਤੀ ॥

ਧਨਾਸਰੀ ਮਹਲਾ ਪੰ: 663

(iv) ਨਗਰੀ ਨਾਇਕੁ ਨਵਤਨੋ ਬਾਲਕੁ ਲੀਲ ਅਨੂਪੁ
ਨਾਰਿ ਨ ਪੁਰਖੁ ਨ ਪੰਖਣੂ ਸਾਚਉ ਚਤੁਰੁ ਸਰੂਪੁ ॥

ਮਾਰੂ ਅਸਟ ਪੰ: 1017

## ਮਿੱਸਾ ਰੂਪ

ਕੋਈ ਵਸਤੂ ਨਿਪਟ ਸਗੁਣ ਜਾਂ ਨਿਪਟ ਨਿਰਗੁਣ ਨਹੀਂ ਹੋ ਸਕਦੀ । ਉਸ ਦੇ ਦੋਵੇਂ ਰੂਪ ਹੁੰਦੇ ਹਨ । ਪਰ ਪ੍ਰਭੂ-ਭਗਤ ਆਪਣੀ ਤ੍ਰਿਪਤੀ ਲਈ ਕੇਵਲ ਇਕੋ ਰੂਪ ਪੁਰ ਵਧੇਰੇ ਮਗਨ ਰਹੇ । ਗੁਰੂ ਨਾਨਕ ਨੇ ਤਾਂ ਸਚ ਕਿਹਾ—

1. ਅਵਿਗਤੋ ਨਿਰਮਾਇਲੁ ਉਪਜੇ ਨਿਰਗੁਣ ਤੇ ਸਰਗੁਣ ਥੀਆ ॥ 24 ਸਿਧ ਗੋਸਟਿ
2. ਦੂਜੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ । ਪੰ: 463

ਅਕਾਲ ਪੁਰਖ ਦੇ ਦਰਸ਼ਨ ਦਾ ਨਿਜੀ ਅਨੁਭਵ ਭੀ ਨਾਨਕ ਬਾਣੀ ਵਿਚ ਕਈ ਥਾਈਂ ਮਿਲਦਾ ਹੈ । ਇਕ ਝਾਕੀ ਵੇਖੋ—

ਚਾਰੇ ਕੁੰਡਾ ਦੇਖਿ ਅੰਦਰੁ ਭਾਲਿਆ । ਸਚੈ ਪੁਰਖਿ ਅਲਖਿ ਸਿਰਜਿ ਨਿਹਾਲਿਆ
ਉਝੜ ਭੁਲੇ ਰਾਹ ਗੁਰਿ ਵੇਖਾਲਿਆ । ਸਤਿਗੁਰ ਸਚੇ ਵਾਹੁ ਸਚੁ ਸਮਾਲਿਆ
ਪਾਇਹੁ ਰਤਨੁ ਬਰਾਹੁ ਦੀਵਾ ਬਾਲਿਆ । ਸਚੈ ਸਬਦਿ ਸਲਾਹਿ ਸੁਖੀ ਏ ਸਚੁ ਵਾਲਿਆ
ਨਿਡਰਿਆ ਡਰੁ ਲਗਿ ਗਰਬਿ ਸਿਗਾਲਿਆ । ਨਾਵਹੁ ਭੁਲਾ ਜਗੁ ਫਿਰੈ ਬੇਤਾਲਿਆ

ਮਾਝ ਦੀ ਵਾਰ ਪਉੜੀ 24, ਪੰ: 149

Digitized by Panjab Digital Library | www.panjabdigilib.org

## ਸਰਬ ਆਤਮਵਾਦ

ਵੇਦਾਂਤੀਆਂ ਦੇ ਸਰਬ-ਆਤਮ ਜਾਂ ਸੂਫ਼ੀਆਂ ਦੇ ਵਾਹਿਦ ਉਵਜੂਦ ਤੇ 'ਹਮਾ ਊਸਤ' ਸਿਧਾਂਤ ਦਾ ਪ੍ਰਚਾਰ ਦੂਰ ਦੂਰ ਤਕ ਹੋਇਆ ਸੀ। ਗੁਰੂ ਨਾਨਕ ਦੀ ਆਪਣੀ ਅਨੁਭੂਤੀ ਵੀ ਸਰਬ ਆਤਮਾਵ ਦੀ ਪਿੜ ਵਿਚ ਬੋਲ ਪਈ ਸੀ—

1. **ਆਪੇ ਜੋਗੀ ਆਪੇ ਭੋਗੀ । ਆਪੇ ਰਸੀਆ ਪਰਮ ਸੰਜੋਗੀ**
2. **ਆਪੇ ਭਵਰਾ ਫੂਲ ਬੇਲਿ । ਆਪੇ ਸੰਗਤਿ ਮੀਤ ਮੇਲਿ**
3. **ਕਹਤਾ ਬਕਤਾ ਸੁਣਤਾ ਸੋਈ ਆਪੇ ਬਣਤ ਬਣਾਈ ਹੇ ॥**
4. **ਆਪੇ ਮਛੁਲੀ ਆਪੇ ਜਾਲਾ । ਆਪੇ ਗਊ ਆਪੇ ਰਖਵਾਲਾ**
   **ਸਰਬ ਜੀਆ ਜਗ-ਜੋਤਿ ਤੁਮਾਰੀ ਜੈਸੀ ਪ੍ਰਭ ਫੁਰਮਾਈ ਹੇ ॥**

ਜਗ ਜੋਤਿ ਨੂੰ ਵੈਦਿਕ ਸਾਹਿਤ ਵਿਚ ਜੋਤਿ ਸਰੂਪ ਕਿਹਾ ਗਇਆ ਹੈ। ਇਸਲਾਮ ਵਿਚ ਵੀ ਰੱਬ ਦੇ ਨੂਰ ਤੋਂ ਜਗ ਦੀ ਉਤਪਤੀ ਮੰਨੀ ਗਈ ਹੈ। ਜੋਗ ਪੰਥ ਭਾਵੇਂ ਨਿਰ ਗੁੰਥ ਰਿਹਾ ਹੈ ਪਰ ਇਹ ਵੀ ਜੋਤਿ ਦੀ ਉਪਾਸਨਾ ਤੇ ਜ਼ੋਰ ਦੇਂਦਾ ਹੈ। ਨਾਨਕ ਬਾਣੀ ਵਿਚ ਇਹ ਭਾਵ ਕਈ ਵਾਰ ਆਇਆ ਹੈ—

(ਕ) **ਸਗਲੀ ਜੋਤਿ ਜਾਤਾ ਤੂ ਸੋਈ। ਮਿਲਿਆ ਭਾਇ ਸੁਭਾਇ**—ਸੂਹੀ

(ਖ) **ਸਰਬ ਜੋਤਿ ਤੇਰੀ ਪਸਰ ਰਹੀ । ਜਹ ਜਹ ਦੇਖਾ ਤਹ ਨਰ ਹਰੀ ॥** ਰਾਮ ਕਲੀ

(ਗ) **ਜਲ ਥਲਿ ਮਹੀਅਲਿ ਭਰਿ ਪੁਰਿ ਲੀਣਾ । ਘਟਿ ਘਟਿ ਜੋਤਿ ਤੁਮਾਰੀ**—ਬਿਲਾਵਲ

(ਘ) **ਸਭਿ ਮਹਿ ਜੋਤਿ ਜੋਤਿ ਹੈ ਸੋਇ ।**
**ਤਿਸ ਦੈ ਚਾਨਣਿ ਸਭ ਮਹਿ ਚਾਨਣੁ ਹੋਇ ॥** ਧਨਾਸਰੀ

ਨਾਨਕ-ਫ਼ਲਸਫ਼ੇ ਵਿਚ ਮੁਕਤੀ ਦਾ ਭਾਵ ਵੀ ਜੋਤੀ ਜੋਤ ਸਮਾਉਣ ਦੇ ਪ੍ਰਤੀਕ ਰਾਹੀਂ ਦਸਿਆ ਗਿਆ ਹੈ—

**ਜੋਤੀ ਜੋਤਿ ਮਿਲਾਈਐ ਸੁਰਤੀ ਸੁਰਤਿ ਸੰਜੋਗੁ ।**
**ਹਿੰਸਾ ਹਉ ਮੈ ਗਤੁ ਗਏ ਨਾਹੀ ਸਹਸਾ ਰੋਗੁ ॥2।20।** ਸਿਰੀ ਰਾਗੁ, ਪੰ: 21

## ਨਿਰਭਉ

ਗੁਰੂ ਨਾਨਕ ਖਿਆਲੀ ਗਗਨ ਮੰਡਲਾਂ ਦੇ ਫ਼ਲਸਫ਼ੇ ਦੀ ਥਾਂ ਖੇਤਾਂ, ਪਗ ਡੰਡੀਆਂ ਤੇ ਗਲੀਆਂ ਬਜ਼ਾਰਾਂ ਵਿਚ ਵਰਤੀਣ ਵਾਲੇ ਜੀਵਨ-ਫ਼ਲਸਫ਼ੇ ਦੇ ਉਸਰਈਏ ਸਨ। ਉਨ੍ਹਾਂ ਦੇ ਜ਼ਮਾਨੇ ਵਿਚ ਜਨਤਾ ਜਰਵਾਣਿਆਂ, ਧਾੜਵੀਆਂ ਤੇ ਜ਼ਾਲਮ ਹਾਕਮਾਂ ਦੇ ਹੱਥੋਂ ਡਰੀ ਡਰੀ ਸਹਿਮੀ ਤ੍ਰਭਕੀ ਹੋਈ ਸੀ। ਅਜਿਹੀ ਜਨਤਾ ਦਾ ਇਸ਼ਟ ਦੇਵਤਾ ਨਚਣ ਗਾਉਣ ਜਾਂ ਮਸਤ

---

1. ਮਾਰੂ ਪੰ. 1021 2. ਬਸੰਤ ਪੰਨਾ 1190 3. ਮਾਰੂ ਪੰਨਾ 1021
4. ਮਾਰੂ ਸੋਲਹੇ ਪੰਨਾ 1021 ਹੋਰ ਉਦਾਹਰਣ ਲਈ ਵੇਖੋ
ਸਿਰੀ ਰਾਗ 14 25, ਪੰਨਾ 23

Digitized by Panjab Digital Library | www.panjabdigilib.org

ਰਹਿਣ ਵਾਲਾ ਅਰਸ਼ੀ ਪ੍ਰੀਤਮ ਨਹੀਂ ਸੀ ਲੁੜੀਂਦਾ। ਨਿਰਭਉ, ਅਡੋਲ, ਜਲਾਲੀ ਰਾਖਾ ਰਾਮ ਵਰਗਾ ਪ੍ਰਭ ਚਾਹੀਦਾ ਸੀ।

ਫ੍ਰੈਡਰਿਕ ਪਿਨਕਾਟ ਨੇ ਵੀ ਉਸ ਜੁਗ ਵਿਚ ਰਾਮ ਨਾਮ ਦੀ ਮਹਿਮਾ ਦਾ ਇਹੋ ਕਾਰਨ ਦਸਿਆ ਹੈ—

**"Many desperate fights ensued; and the patriotic feelings of the country being called forth a species of hero-worship sprang up, which was brought to a focus by Ramanand about the year 1350, who preached the godship of heroism under the name of an ancient leader, Rama. —Fredric Pincott.**

ਉਸ ਰਾਮ ਨੂੰ ਭਉ ਭੰਜਨ ਗਰਬ ਪ੍ਰਹਾਰੀ ਪਤਿਤ-ਪਾਵਨ ਦਿਆਲ, ਰਾਖਨਹਾਰਾ ਆਖਿਆ ਗਿਆ ਹੈ। ਉਸ ਦੀ ਯਾਦ ਬਿਨਾ, ਮਨੁਖ ਕੁਸੁਧੇ ਰਾਹ ਪੈ ਜਾਂਦਾ ਹੈ—

1. ਨਿਡਰਿਆ ਡਰੁ ਲਗਿ ਗਰਬਿ ਸਿ ਗਾਲਿਆ
   ਨਾਵਹੁ ਭੁਲਾ ਜਗੁ ਫਿਰ ਬੇਤਾਲਿਆ ॥ 24—ਮਾਝ ਕੀ ਵਾਰ
2. ਪ੍ਰਭੁ ਨਾਰਾਇਣ ਗਰਬ ਪ੍ਰਹਾਰੀ ॥ 4 ॥ ਗਉੜੀ ਅਸਟ:
3. ਦੈਤ ਸੰਘਾਰੇ ਬਿਨ ਭਗਤਿ ਅਭਿਆਸਾ ॥ 6 ,, ,,
4. ਦੈਤ ਸੰਘਾਰੇ ਸੰਤ ਨਿਸਤਾਰੇ ॥7॥ ,, ,,
5. ਬਿਨ ਜਗਦੀਸ ਨ ਰਾਖੈ ਕੋਈ ॥ 11 ,, ,,
6. ਇਤ ਉਤ ਰਾਖਹੁ ਦੀਨ ਦਇਆਲਾ
   ਤਉ ਸਰਣਾਗਤਿ ਨਦਰਿ ਨਿਹਾਲਾ ॥ 1 ॥ ਰਹਾਉ ॥
   ਜਹ ਦੇਖਉ ਤਹ ਰਵਿ ਰਹੇ ਰਖੁ ਰਾਖਨਹਾਰਾ।
   ਤੂ ਦਾਤਾ ਭੁਗਤਾ ਤੂ ਹੈ ਤੂ ਪ੍ਰਾਣ ਅਧਾਰਾ ॥ 2 ॥ 17—ਗਉੜੀ ਬੈਰਾਗਣਿ
7. ਏਕੋ ਕੋ ਨਾਹੀ ਭਉ ਕੋਇ—ਬਿਲਾਵਲ

महाएष महानज आत्माजरोऽमृतोऽमयो
ब्रह्मामयं वै ब्रह्मयं हिवैब्रह्मे भवतिय एवं वेद 4,4।5। वृहदारण्यक उपनिषद्

ਇਹ ਆਤਮਾ ਮਹਾਨ ਹੈ, ਅਜਨਮਾ ਹੈ, ਅਜਰ ਹੈ, ਅਮਰ ਹੈ, ਅੰਮ੍ਰਿਤ ਹੈ, ਅਭੈ (ਨਿਰਭਉ) ਹੈ, ਬ੍ਰਹਮ ਹੈ। ਨਿਰਭਉ ਹੋਣਾ ਹੀ ਤਾਂ ਬ੍ਰਹਮ ਪਦ ਪਾਉਣਾ ਹੈ। ਜੋ ਇਸ ਰਾਜ ਨੂੰ ਜਾਣਦਾ ਹੈ ਉਹ ਨਿਰਭਉ ਹੋ ਜਾਦਾ ਹੈ, ਬ੍ਰਹਮ ਹੋ ਜਾਂਦਾ ਹੈ।

ਸੂਫੀਆਂ ਵਿਚ ਉਮੀਦ ਤੇ ਬੀਮ (ਆਸਾ, ਨਿਰਾਸਾ) ਦੇ ਭਾਵ ਸਾਧਨਾ ਦੇ ਦੋ ਪਖ ਹਨ ਜਿਨ੍ਹਾਂ ਨੂੰ ਵਸਲ ਤੇ ਫ਼ਸਲ (ਸੰਜੋਗ, ਵਿਜੋਗ) ਜਮਾਲ ਦੇ ਜਲਾਲ (ਸੁੰਦਰ ਤੇ ਵਿਕਰਾਲ) ਆਦਿ ਰੂਪਾਂ ਵਿਚ ਵੀ ਵਰਨਣ ਕੀਤਾ ਜਾਂਦਾ ਹੈ। ਜੋ ਨਾ ਕਿਸੇ ਤੋਂ ਡਰੇ ਤੇ ਨਾ ਕਿਸੇ ਨੂੰ ਡਰਾਵੇ ਉਹੋ ਨਿਰਭਉ ਹੈ।

## ਭਉ

ਭਉ ਜੀਵ ਦੀ ਪ੍ਰਕਿਰਤੀ ਦਾ ਇਕ ਸੁਭਾਅ ਹੈ। ਇਸ ਤੋਂ ਪੂਰੀ ਤਰ੍ਹਾਂ ਮੁਕਤੀ ਪਾਉਣਾ ਔਖੀ ਗਲ ਹੈ; ਪਰ ਕਿਸ ਪ੍ਰਕਾਰ ਡਰ ਨੂੰ ਸਾਤਵਿਕ ਬਣਾਇਆ ਜਾਏ, ਡਰ ਦਾ ਓਹ ਰੂਪ ਕਿਹੜਾ

Digitized by Panjab Digital Library | www.panjabdigilib.org

ਹੈ ਜੋ ਨਿਡਰਤਾ ਦੇ ਨੇੜੇ ਲੈ ਜਾਵੇ—ਇਸ ਵਿਸ਼ੇ ਤੇ ਨਾਨਕ-ਬਾਣੀ ਬਹੁਤ ਵਿਸਥਾਰ ਨਾਲ ਕਹਿੰਦੀ ਹੈ—

ਡਰਿ ਘਰੁ ਘਰਿ ਡਰੁ ਡਰਿ ਡਰੁ ਜਾਇ ।
ਸੋ ਡਰੁ ਕੇਹਾ ਜਿਤੁ ਡਰਿ ਡਰੁ ਪਾਇ ।

ਡਰੀਐ ਜੇ ਡਰੁ ਹੋਵੈ ਹੋਰੁ । ਡਰਿ ਡਰਿ ਡਰਣਾ ਮਨ ਕਾ ਸ਼ੋਰ ॥ 1 ॥ ਰਹਾਉ ਪੰ: 151

*ਰੱਬ ਤੋਂ ਡਰਨਾ ਭਗਤੀ ਦਾ ਇਕੁ ਰੂਪ ਹੈ, ਪਰ ਦੁਨੀਆਦਾਰਾਂ ਤੋਂ ਡਰਨਾ ਬੁਜ਼-ਦਿਲੀ ਹੈ—

1. ਅਨ ਭੈ ਵਿਸਰੇ ਨਾਮਿ ਸਮਾਇਆ । 1 ॥ ਪੰ: 152
2. ਕਿਆ ਡਰੀਐ ਡਰੁ ਡਰਹਿ ਸਮਾਨਾ
   ਪੂਰੇ ਗੁਰ ਕੈ ਸਬਦਿ ਪਛਾਨਾ ॥ 1 ॥ 11 ॥ ਪੰ: 154
3. ਸਬਦ ਵਸੈ ਭਉ ਜਾਇ ॥ ਪੰ: 157

ਤਪਸਿਆ ਨੂੰ ਤੇਜ ਕਰਨ ਵਾਲਾ ਰੱਬ ਦਾ ਡਰ ਹੈ—

1. ਭਉ ਖਲਾ ਅਗਨਿ ਤਪ ਤਾਉ ॥38 ਜਪੁ
2. ਭੈ ਵਿਚਿ ਖੁੰਬਿ ਚੜ੍ਹਾਈਐ ਸਰਸ ਪਾਹੁ ਤਨਿ ਹੋਇ
   ਨਾਨਕ ਭਗਤੀ ਜੇ ਰਪੈ ਕੂੜੈ ਸੋਇਨ ਕੋਇ ॥ ਪੰ: 462

ਨਿਰਭਉ ਤਾਂ ਨਿਰੰਕਾਰ ਹੀ ਹੈ, ਸਾਕਾਰ ਮੂਰਤ ਨਹੀਂ—

ਨਾਨਕ ਨਿਰਭਉ ਨਿਰੰਕਾਰੁ ਹੋਰਿ ਕੇਤੇ ਰਾਮ ਰਵਾਲ ।
ਕੇਤੀਆ ਕੰਨ੍ਹ ਕਹਾਣੀਆ ਕੇਤੇ ਬੇਦ ਬੀਚਾਰ ॥ ਪੰ: 464

ਭਉ ਇਕ ਪ੍ਰਕਾਰ ਦੀ ਸਾਵਧਾਨੀ ਹੈ ਰਬ ਦਾ ਹੁਕਮ ਮੰਨਣ ਵਿਚ । ਆਸਾ ਵਾਰ ਦੀ ਪਉੜੀ 3 ਤੋਂ ਮਗਰੋਂ ਦੇ ਸਲੋਕ ਵਿਚ ਦਸਿਆ ਹੈ ਕਿ ਪਵਣ, ਪਾਣੀ, ਅਗਨਿ, ਧਰਤੀ, ਇੰਦ੍ਰ, ਰਾਜਾ, ਸੂਰਬੀਰ ਸਭ ਰਬ ਦੀ ਆਗਿਆ ਵਿਚ ਭੈ ਮੰਨਦੇ ਹਨ ।

1. ਸਗਲਿਆ ਭਉ ਲਿਖਿਆ ਸਿਰ ਲੇਖੁ ।
   ਨਾਨਕ ਨਿਰਭਉ ਨਿਰੰਕਾਰੁ ਸਚੁ ਏਕੁ ॥ ਪੰ: 464 ਆਸਾ ਵਾਰ
2. ਨਿਰਭਉ ਨਿਰੰਕਾਰੁ ਸਚੁ ਨਾਮੁ । ਜਾ ਕਾ ਕੀਆ ਸਗਲ ਜਹਾਨ ॥ ਪੰ: 465

ਭਉ ਬਿਨ ਭਾਉ ਨ ਉਪਜੈ, ਭਉ ਬਿਨ ਭਗਤੀ ਨ ਹੋਇ ਦੇ ਨਾਲ ਨਾਲ ਇਹ ਵੀ ਕਿਹਾ ਹੈ ।

1. ਮਨਮੁਖ ਭੈ ਕੀ ਸਾਰ ਨਾ ਜਾਣੈ । ਵਾਰ ਮਲਾਰ, 1288
2. ਭੈ ਬਿਨੁ ਕੋਇ ਨ ਲੰਘਸਿ ਪਾਰ ॥1॥ ਪੰਨਾ 151
3. ਜਿਨ ਮਨਿ ਭਉ ਤਿਨਾ ਮਨਿ ਭਾਉ । ਵਾਰ ਆਸਾ

ਰਿਗਵੇਦ ਵਿਚ ਸ਼ਤਰੂਆਂ, ਜੰਗਲੀ ਪਸ਼ੂਆਂ, ਰੁਦ੍ਰ, ਮੌਤ, ਵਿਖ, ਯਮ ਆਦਿ ਦੇ ਡਰ ਤੋਂ ਬਚਣ ਦੀ ਪ੍ਰਾਰਥਨਾ ਕੀਤੀ ਗਈ ਹੈ । ਭਉ ਤੋਂ ਨਿਰਭਉ ਵਲ ਜਾਣ ਦਾ ਅਰਥ ਹੈ

---

* ਇਸ ਵਿਸ਼ੇ ਦੇ ਵਿਸਥਾਰ ਲਈ ਵੇਖੋ ਗਉੜੀ ਗੁਆਰੇਰੀ ਚਉਪਦਾ ਪਹਿਲਾ, ਪੰ: 151

Digitized by Panjab Digital Library | www.panjabdigilib.org

ਪ੍ਰਾਰਥਨਾ ਤੋਂ ਮੁਕਤ ਅਵਸਥਾ ਵਲ ਜਾਣ ਦੀ ਸਾਧਨਾ ।

**ਭੈਰਚਿ ਰਸੈ ਸੁ ਨਿਰਭਉ ਹੋਇ ॥ ਪੰ: 223**

ਕਬੀਰ ਜੀ ਵੀ ਆਖਦੇ ਹਨ—

**ਭੈ ਸੇ ਭਗਤਿ ਕਰੈ ਸਬੈ ਭੈ ਸੇ ਪੂਜਾ ਹੋਇ ।**
**ਭੈ ਪਾਰਸ ਹੈ ਜੀਵ ਕੁ ਨਿਰਭੈ ਹੋਇ ਨ ਹੋਇ ॥425॥**

**— ਕਬੀਰ ਵਚਨਾਵਲੀ**

ਭਉ ਤੋਂ ਨਿਰਭਉ ਵਲ ਜਾਣ ਦੇ ਮਾਰਗ ਵਿਚ ਹੀ ਵਿਸਮਾਦ ਦਾ ਪੜਾਉ ਹੈ ਜਿਸ ਤੋਂ ਗਿਆਨ ਦੀ ਸੋਝੀ ਹੁੰਦੀ ਹੈ ।

**ਵਿਸਮਾਦ ਮਾਰਗ**

ਤ੍ਰੇਲ ਤੁਪਕੇ ਦੀ ਪਵਿਤਰ ਚਮਕ ਨੂੰ ਵੇਖ ਕੇ ਰਹਸਵਾਦੀ ਭਗਤ ਵਜਦ ਵਿਚ ਆ ਜਾਂਦਾ ਹੈ । ਤਾਰਿਆਂ ਦੀ ਅਨੰਤ ਛਟਾ ਵੇਖ ਕੇ ਜੋਤਸ਼ੀ ਹੈਰਾਣ ਰਹਿ ਜਾਂਦਾ ਹੈ । ਪ੍ਰਕਿਰਤੀ ਦੇ ਕਵੀ ਮਸਤੀ ਵਿਚ ਗਾਉਣ ਲਗ ਪੈਂਦੇ ਹਨ । ਯਜਰਵੇਦ ਨੇ ਇਸੇ ਕਰ ਕੇ ਪ੍ਰਭੂ ਨੂੰ ਚਿੱਤ੍ਰ (ਵਿਸਮਾਦ ਰੂਪ) ਕਿਹਾ ਹੈ --7।42 ਯਜੁਰਵੇਦ

ਪ੍ਰਭ ਦੀ ਵਿਰਾਟ, ਬਲਵਾਨ ਤੇ ਅਨੰਤ ਸਤਾ ਦੇ ਚਿਨ੍ਹ ਵੇਖ ਵੇਖ ਕੇ ਇਕ ਵਿਸ਼ੇਸ਼ ਪ੍ਰਕਾਰ ਦਾ ਵਿਸਮਾਦ ਪੈਦਾ ਹੋ ਸਕਦਾ ਹੈ ਜੋ ਭਗਤ ਹਿਰਦੇ ਲਈ ਬੜੀ ਕੀਮਤੀ ਵਸਤੂ ਹੈ । ਇਸੇ ਦਾ ਪਰਗਟਾਵਾ 'ਵਾਹਿਗੁਰੂ' ਸ਼ਬਦ ਰਾਹੀਂ ਹੁੰਦਾ ਹੈ । ਤੈਤਰੀਯ ਉਪਨਿਸ਼ਦ ਨੇ ਵੀ ਵਿਸਮਾਦ ਵਿਚ ਕਿਹਾ ਹੈ—

एतत्साम गायन्नास्ते । हाइ व, इहा, इव, 3 । 10 ।5

ਵਿਸਮਾਦ ਨਿਰਭਉ ਪਦ ਦੀ ਪਹਿਲੀ ਪਉੜੀ ਹੈ । ਇਹ ਇਕ ਤਰ੍ਹਾਂ ਅਗਿਆਤ ਪ੍ਰਤਿ ਗਿਆਨ ਪ੍ਰਾਪਤੀ ਦੀ ਹੁਮਕ ਹੈ ।

ਇਨ੍ਹਾਂ ਪੜਾਵਾਂ ਦੇ ਵਰਨਣ ਵਿਚ ਨਾਨਕ ਨਾਸਦੀਯ ਸੂਕਤ ਦੇ ਰਿਖੀ ਅਤੇ ਯਾਗ-ਵਲਕਯ ਦੋਹਾਂ ਦਾ ਕੰਮ ਨਿਭਾ ਜਾਂਦੇ ਹਨ । ਸ਼ੰਕਰ ਅਚਾਰਜ ਦਾ ਅਨਿਰਵਚਨੀਯਤਾਵਾਦ ਵੀ ਨਾਨਕ ਦੇ ਵਿਸਮਾਦ ਦਾ ਹੀ ਇਕ ਰੂਪ ਹੈ—

1. **ਆਦਿ ਕਉ ਬਿਸਮਾਦੁ ਬੀਚਾਰੁ ਕਥੀਅਲੇ । ਸੁੰਨ ਨਿਰੰਤਰਿ ਵਾਸੁ ਲੀਆ ॥ 23 ॥ ਸਿਧ ਗੋ:**
2. **ਨਾਨਕ ਸਾਚਿ ਕਤੇ ਬਿਸਮਾਦੀ ਬਿਸਮ ਭਏ ਗੁਣ ਗਾਇਆ ।16।15। ਮਾਰੂ**
3. **ਵਿਸਮਾਦ ਨਾਦੁ ਵਿਸਮਾਦੁ ਵੇਦੁ...ਵਾਰ ਆਸਾ, ਪੰ: 463-64.**

ਭਗਵਾਨ ਦੀ ਬਿਚਿਤ੍ਰ ਲੀਲਾ ਵੇਖ ਕੇ ਜੋ ਹੈਰਾਨੀ ਹੁੰਦੀ ਹੈ ਓਹ ਵੀ ਭਗਤੀ ਹੈ—

1. **ਭਗਤਿ ਤੇਰੀ ਹੈਰਾਨੁ ਦਰਦੁ ਗਵਾਵਹੀ ॥3॥ ਪੰ: 421**
2. **ਦੇਖਿ ਅਚਰਜ ਰਹੇ ਬਿਸਮਾਦਿ । ਘਟਿ ਘਟਿ ਸੁਰ ਨਰ ਸਹਜ ਸਮਾਧਿ ।**
   **ਭਰਪੂਰਿ ਧਾਰਿ ਰਹੇ ਮਨ ਮਾਹੀ । ਤੁਮ ਸਮਸਰਿ ਅਵਰੁ ਕੋ ਨਾਹੀ ॥6।9॥**

ਆਤਮਿਕ ਰਸ ਨੂੰ ਪ੍ਰਾਪਤ ਹੋ ਕੇ ਅੰਤਹ ਕਰਣ ਦੀ ਸਹਜ ਅਨੰਦ ਦੀ ਦਸ਼ਾ ਵਿਸਮਾਦ ਹੈ । ਗੁਰ ਸ਼ਬਦ ਰਤਨਾਕਰ ਕੋਸ਼ ਇਸ ਅਵਸਥਾ ਦਾ ਚਿਤ੍ਰਨ ਨਾਨਕ ਬਾਣੀ ਵਿਚ ਅਨੇਕ

Digitized by Panjab Digital Library | www.panjabdigilib.org

ਰੰਗਾਂ ਰੂਪਾਂ ਵਿਚ ਹੋਇਆ ਹੈ। ਬਹੁਤ ਥੋੜੇ ਸੰਤ ਕਵੀ ਉਨ੍ਹਾਂ ਦੀ ਤੁਲਨਾ ਵਿਚ ਰਖੇ ਜਾ ਸਕਦੇ ਹਨ। *ਅਦ੍ਰਿਸ਼ਟ ਤੇ ਵਿਡਾਣ ਨੂੰ ਵੇਖ ਕੇ ਉਨ੍ਹਾਂ ਦਾ ਵਿਜਮਾਦ ਦਿੱਬ ਰੂਪ ਧਾਰ ਲੈਂਦਾ ਹੈ।

ਅਨੰਦ ਦੀ ਅਦਭੁਤ ਅਨੁਭੂਤੀ ਨਾਲ ਵਿਸ਼ੇਸ਼ ਗਿਆਨ ਦਾ ਪ੍ਰਕਾਸ਼ ਮਿਲਦਾ ਹੈ ਜਿਸ ਦੇ ਕਾਰਨ ਡਰ ਤੇ ਭਰਮ ਦਾ ਹਨੇਰਾ ਦੂਰ ਹੋ ਜਾਂਦਾ ਹੈ ਅਤੇ ਭਗਤ ਨਿਰਭਉ-ਪਦ ਪ੍ਰਾਪਤ ਕਰ ਸਕਦਾ ਹੈ।

## ਗਿਆਨ ਮਾਰਗ

ਨਿਰੰਕਾਰ ਦੇ ਉਪਾਸਕ ਲਈ ਗਿਆਨ ਜਾਂ ਬ੍ਰਹਮ ਤੱਤ ਦੀ ਸੋਝੀ ਜ਼ਰੂਰੀ ਵਸਤੂ ਹੈ। ਮਨੁੱਖ ਸਰੀਰ ਰਾਹੀਂ ਅਨੇਕ ਕਰਮਾਂ ਦੇ ਸੰਸਕਾਰ ਕਮਾ ਕੇ ਅਸਲ ਵਿਚ ਬ੍ਰਹਮ ਗਿਆਨ ਪ੍ਰਾਪਤ ਕਰਨਾ ਚਾਹੁੰਦਾ ਹੈ। ਜਿਵੇਂ ਧਰਤੀ ਦੇ ਹਨੇਰੇ ਵਿਚ ਦਰਖਤ ਦੀਆਂ ਜੜ੍ਹਾਂ ਅਨੇਕ ਤੱਤ ਲਭ ਕੇ ਫੁਲ ਤੇ ਫਲ ਬਣਾਉਣ ਵਿਚ ਆਪਣੀ ਸਫਲਤਾ ਸਮਝਦੀਆਂ ਹਨ, ਤਿਵੇਂ ਮਨੁਖ ਵੀ ਚੰਗੇ ਕਰਮਾਂ ਦੁਆਰਾ ਆਤਮ ਦਰਸ਼ਨ ਜਾਂ ਬ੍ਰਹਮ ਗਿਆਨ ਦੀ ਸਾਧਨਾ ਕਰਦਾ ਹੈ—

1. ਜੇ ਜਾਣਨਿ ਬ੍ਰਹਮੰ ਕਰਮੰ ।
**ਸਭਿ ਫੋਕਟਿ ਨਿਸਚਉ ਕਰਮੰ ॥** ਵਾਰ ਆਸਾ, ਪੰ: 470

ਨਾਨਕ ਬਾਣੀ ਵਿਚ ਗਿਆਨ ਤੇ ਪ੍ਰੇਮ ਦਾ ਇਕੋ ਜਿਹਾ ਤੱਤ ਨਿਰੂਪਣ ਹੈ। ਜਦੋਂ ਅਸੀਂ ਕਿਸੇ ਨੂੰ ਆਪਣਾ ਰੂਪ ਮੰਨਣ ਲਗਦੇ ਹਾਂ ਅਸੀਂ ਆਪਣੇ ਗਿਆਨ ਤੇ ਆਪਣੇ ਪ੍ਰੇਮ ਦੀ ਗੰਭੀਰਤਾ ਪਰਗਟ ਕਰਦੇ ਹਾਂ। 'ਸੋਹੰ' ਕਹਿਣ ਵਾਲਾ ਗਿਆਨੀ ਵੀ ਹੈ ਤੇ ਪ੍ਰੇਮੀ ਭਗਤ ਵੀ। ਇਸੇ ਲਈ ਕਬੀਰ ਜੀ ਨੇ ਕਿਹਾ—

**ਢਾਈ ਅਛਰ ਪ੍ਰੇਮ ਕੇ ਪੜ੍ਹੇ ਸੋ ਪੰਡਿਤ ਹੋਏ ।**** ਅਤੇ ਨਾਨਕ ਨੇ ਕਿਹਾ ਅਗਿਆਨੀ ਪ੍ਰੇਮ ਤੋਂ ਵਾਂਝਿਆ ਜਾਂਦਾ ਹੈ—

1. **ਗਿਆਨ ਵਿਹੂਣੀ ਭਵੈ ਸਬਾਈ ।**
**ਸਾਚਾ ਰਵਿ ਰਹਿਆ ਲਿਵ ਲਾਈ ॥ 14 ਮਾਰੂ ਸੋਲਹੇ**

2. **ਗਿਆਨ ਕਾ ਬਧਾ ਮਨ ਰਹੈ ।**
**ਗੁਰ ਬਿਨੁ ਗਿਆਨ ਨ ਹੋਇ ॥ ਵਾਰ ਆਸਾ, ਪੰ: 469**

ਡਾ: ਸ਼ੇਰ ਸਿੰਘ ਨੇ ਆਪਣੀ ਪੁਸਤਕ Philosophy of Sikhism pp. 82-84 ਵਿਚ ਇਹ ਦਸਿਆ ਹੈ ਕਿ ਨਾਨਕ ਬਾਣੀ ਵਿਚ ਅਦਵੈਤ ਦੇ ਦਰਸ਼ਨ ਨਹੀਂ ਹੁੰਦੇ; ਭਾਵੇਂ ਸਰਸਰੀ ਪਾਠ ਨਾਲ ਵੀ ਇਹ ਪਤਾ ਲਗ ਜਾਂਦਾ ਹੈ ਕਿ ਗੁਰਮਤਿ ਵਿਚ ਜੋਤਿ ਜੋਤ ਸਮਾਉਣ ਦਾ ਅਦਵੈਤ ਭਾਵ ਸਦਾ ਗੂੰਜਦਾ ਰਹਿੰਦਾ ਹੈ—

---

*ਵਿਸ਼ੇਸ਼ ਕਰ ਵੇਖੋ ਪੰ: 463-64

**ਸਚੁ ਰਿਦੈ ਸਚੁ ਪ੍ਰੇਮ ਨਿਵਾਸੁ
ਪ੍ਰਣਵਤਿ ਨਾਨਕ ਹਮ ਤਾਕੇ ਦਾਸ ॥ 9—8 । ਗਉੜੀ ਗੁਆਰੇਰੀ ਮ: 1

Digitized by Panjab Digital Library | www.panjabdigilib.org

1. ਸਾਗਰ ਮਹਿ ਬੂੰਦ ਬੂੰਦ ਮਹਿ ਸਾਗਰੁ ॥ 9 ਰਾਮ ਕਲੀ
2. ਆਤਮ ਮਹਿ ਰਾਮੁ ਰਾਮ ਮਹਿ ਆਤਮ ।
   ਚੀਨਸਿ ਗੁਰ ਵੀਚਾਰਾ ॥ 9 ਭੈਰਉ ਅਸਟ :
3. ਆਤਮਾ ਪਰਮਾਤਮਾ ਏਕੋ ਕਰੈ । ਅੰਤਰਿ ਦੁਬਿਧਾ ਅੰਤਰ ਮਰੈ ॥ 4—ਧਨਾਸਰੀ
4. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ । ਵਾਰ ਆਸਾ

ਆਦਿ ਮਹਾਵਾਕ ਸਪਸ਼ਟ ਰੂਪ ਵਿਚ ਅਦਵੈਤ ਵਾਚੀ ਹਨ । 'ਦੂਜਾ ਭਾਵ' ਨਿਵਾਰਨ ਕਰਕੇ ਵੀ ਉਨ੍ਹਾਂ ਨੇ ਅਦਵੈਤ ਦੀ ਪੁਸ਼ਟੀ ਥਾਈਂ ਪਰਥਾਈਂ ਕੀਤੀ ਹੈ ।

ਅਦਵੈਤਵਾਦੀ ਸ਼ੰਕਰ ਅਚਾਰਜ 'ਸਮਾਰਤ' ਸੰਪ੍ਰਦਾਏ ਦੇ ਸਮਰਥਕਾਂ ਵਿਚੋਂ ਸਨ ਅਤੇ ਉਨ੍ਹਾਂ ਨੇ 'ਚਰਪਟ ਪੰਚਿਰਿਕਾ' ਵਰਗੀ ਭਗਤੀ ਭਾਵ ਪੂਰਨ ਰਚਨਾ ਲਿਖੀ ਹੈ । ਗੁਰੂ ਨਾਨਕ ਵੀ ਗਿਆਨ ਮਾਰਗ ਦੇ ਨਾਲ ਨਾਲ ਹੀ ਭਗਤੀ ਦੇ ਸਮਰਥਕ ਸਨ ।

ਇਹ ਗੱਲ ਸਪਸ਼ਟ ਸਮਝ ਲੈਣੀ ਚਾਹੀਦੀ ਹੈ ਕਿ ਮਧ ਕਾਲ ਦੇ ਅਚਾਰਜ ਇਕ ਬੰਨੇ ਪੁਸਤਕਾਂ ਦੇ ਟੀਕੇ ਤੇ ਭਾਸ਼ਯ ਲਿਖਣ ਤੇ ਜ਼ੋਰ ਦੇਂਦੇ ਸਨ ਦੂਜੇ ਪਾਸੇ ਕਰਮ ਕਾਂਡੀ ਆਚਾਰ ਧਰਮ ਦਾ ਪਰਚਾਰ ਕਰਦੇ ਸਨ । ਉਹ ਅਸਲ ਵਿਚ ਬ੍ਰਾਹਮਣੀ ਪਰੰਪਰਾ ਨੂੰ ਬਚਾਉਣਾ ਚਾਹੁੰਦੇ ਸਨ । ਸਿਧ, ਜੋਗੀ, ਵਾਰਕਰੀ ਸੰਤ, ਮਹਾਨੁ ਭਾਵ-ਪੰਥੀ, ਪੁਰਸ਼ੀਆ ਪੰਥੀ ਤੇ ਰਾਮਾ ਨੰਦੀ ਸੰਤ ਪੁਸਤਕ ਪਰਮਾਣ ਤੇ ਸ਼ਬਦ ਗਿਆਨ ਦੀ ਥਾਂ ਆਪ ਬੀਤੀ (ਸੂਖਮ ਵੇਦ-ਸ੍ਵਯਸੰਬਹ) ਨੂੰ ਵਧੇਰੇ ਮਹੱਤਾ ਦੇਂਦੇ ਸਨ । ਨਾਨਕ-ਫ਼ਲਸਫ਼ਾ ਵੀ ਇਸੇ ਰੁਚੀ ਦਾ ਪਰਚਾਰ ਜਨਤਾ ਦੇ ਹਿਤ ਲਈ ਕਰਦਾ ਹੈ ।

ਵਿਵੇਕ, ਉਤਸ਼ਾਹ, ਉਦਾਸੀ, ਸਰਧਾ, ਨਿਮਰਤਾ ਤੇ ਗੁਰ ਗਿਆਨ ਦੀ ਸ਼ਲਾਘਾ ਗੁਰੂ ਨਾਨਕ ਦੇਵ ਨੇ ਬਹੁਤ ਖੁਲ੍ਹੇ ਤੇ ਭਾਵ-ਪੂਰਨ ਸ਼ਬਦਾਂ ਵਿਚ ਕੀਤੀ ਹੈ । ਗਿਆਨ ਖੰਡ ਦਾ ਉਚੇਚਾ ਵਰਨਣ ਜਪੁਜੀ ਵਿਚ ਆਇਆ ਹੈ । ਇਸ ਖੰਡ ਵਿਚ ਮਾਨਸਿਕ ਮੰਡਲ ਦੀਆਂ ਅਨੇਕ ਸ਼ਕਤੀਆਂ ਦਸੀਆਂ ਗਈਆਂ ਹਨ । ਗਿਆਨੀ ਦੀ ਮੁਕਤੀ ਅਨੰਦ ਸਰੂਪ ਵਿਚ ਦਸੀ ਗਈ ਹੈ ਅਤੇ ਕਿਹਾ ਹੈ—

**ਜਿਨੀ ਆਤਮ ਚੀਨਿਆ ਪਰਮਾਤਮੁ ਸੋਈ ॥20॥ ਆਸਾ ਅਸਟ:**

ਨਾਨਕ ਬਾਣੀ ਸਚੇ ਗਿਆਨ ਨੂੰ ਕਰਨੀ ਵਿਚੋਂ ਨਿਸਰਿਆ ਮੰਨਦੀ ਹੈ ।* ਕਥਨੀ ਤੇ ਵਾਦ ਵਿਵਾਦ ਦੇ ਫੋਕੇ ਫ਼ਲਸਫ਼ੇ ਨੂੰ ਗਿਆਨ ਨਹੀਂ ਮੰਨਿਆ —

**ਗਿਆਨੁ ਨ ਗਲੀਈ ਢੂਢੀਐ ਕਥਨਾ ਕਰੜਾ ਸਾਰੁ ।**
**ਕਰਮਿ ਮਿਲੈ ਤਾ ਪਾਈਐ, ਹੋਰ ਹਿਕਮਤਿ ਹੁਕਮੁ ਖੁਆਰੁ ॥ ਆਸਾ ਵਾਰ**

ਸੱਚਾ ਗਿਆਨ ਸਾਨੂੰ ਸੰਤੁਲਨ ਵਿਚ, ਸਹਿਜ ਵਿਚ ਅਤੇ ਸ਼ਾਂਤੀ ਵਿਚ ਰਖਦਾ ਹੈ । ਇਹ

---

*ਇਹੋ ਵਿਚਾਰ ਏਡਿੰਗਟਨ ਦਾ ਹੈ—

**But let us not forget that the theology is symbolic knowledge whereas the experience is intimate knowledge.'**

**P. 323 the Nature of the Physical World : Eddington.**

Digitized by Panjab Digital Library | www.panjabdigilib.org

ਸਮਦਰਸ਼ੀ ਤੇ ਸਤਿਸੰਗੀ ਗੁਰਮੁਖ ਬਣਨਾ ਸਿਖਾਉਂਦਾ ਹੈ। ਅੰਤ ਵਿਚ ਗਿਆਨੀ ਗੁਰਮੁਖ ਕਹਿਣ ਲਗਦਾ ਹੈ—

1. **ਗੁਰ ਪਰਸਾਦੀ ਦੁਰਮਤਿ ਖੋਈ ।**
   **ਜਹ ਦੇਖਾ ਤਹ ਏਕੋ ਸੋਈ ॥8॥ ਆਸਾ**
2. **ਏਥੈ ਜਾਣੈ ਸੁ ਜਾਇ ਸਿਞਾਣੈ । ਹੋਰ ਫਕੜੁ ਹਿੰਦੂ ਮੁਸਲਮਾਣੈ ।**
   **ਸਭਨਾ ਕਾ ਦਰਿ ਲੇਖਾ ਹੋਇ । ਕਰਣੀ ਬਾਝਹੁ ਤਰੈ ਨ ਕੋਇ ॥ 2॥1॥**

**ਰਾਮਕਲੀ**

## ਨਿਰਵੈਰ

ਅਕਬਰ ਕਾਲ ਤੋਂ ਪਹਿਲਾਂ ਮੁਸਲਮਾਨਾਂ ਤੇ ਹਿੰਦੂਆਂ ਵਿਚ ਵੈਰ ਵਿਰੋਧ ਵਧ ਗਿਆ ਸੀ ਇਕੋ ਰੱਬ ਦੇ ਨਾਵਾਂ ਦੇ ਵਖੇਵੇਂ ਪੁਰ ਸੁਆਰਥੀ ਤੇ ਅਗਿਆਨੀ ਅੰਧੇ ਆਗੂ ਜਨਤਾ ਨੂੰ ਲੜਾਉਂਦੇ ਰਹਿੰਦੇ ਸਨ। ਗੁਰੂ ਨਾਨਕ ਦਾ ਪਹਿਲਾ ਉਪਦੇਸ਼ ਸੀ ਨਾ ਹਿੰਦੂ ਨਾ ਮੁਸਲਮਾਨ ਅਤੇ ਉਨ੍ਹਾਂ ਨੇ ਇਸੇ ਸਿਧਾਂਤ ਦੀ ਪੁਸ਼ਟੀ ਲਈ ਆਦਰਸ਼ ਪੁਰਖ 'ਗੁਰਮੁਖ' ਲਈ ਨਿਰਵੈਰ ਹੋਣਾ ਜ਼ਰੂਰੀ ਦਸਿਆ—

**ਗੁਰਮੁਖਿ ਵੈਰ ਵਿਰੋਧ ਗਵਾਵੈ ॥ ਗੁਰਮੁਖਿ ਸਗਲੀ ਗਣਤ ਮਿਟਾਵੈ ॥**

**ਸਿਧ ਗੋਸਟਿ, ਰਾਮ ਕਲੀ ਪੰ: 942**

ਕਿਉਂ ਜੋ ਪ੍ਰਭ ਦਾ ਆਪਣਾ ਸਰੂਪ ਹੈ—

1. **ਸਭ ਕੈ ਮਧਿ ਸਭਹੂ ਤੇ ਬਾਹਰਿ ਰਾਗ ਦੋਖ ਤੇ ਨਿਆਰੋ ॥3॥1॥11 ਸੂਹੀ ਛੰਤ**
2. **ਬਿਨ ਬਾਦ ਬਿਰੋਧਹਿ ਕੋਈ ਨਾਹੀ । ਮੈਂ ਦੇਖਾਲਿਹੁ ਤਿਸੁ ਸਾਲਾਹੀ ।**

**ਮਾਰੂ**

ਇਸੇ ਭਾਵ ਨੂੰ ਸਤਤੱਤ ਵਿਚ ਸਰਧਾ ਮਈ ਰੂਪ ਵਿਚ ਥਾਪਣ ਲਈ ਗੁਰੂ ਜੀ ਨੇ ਪ੍ਰਭ ਦਾ ਨਾਮ ਵੀ ਨਿਰਵੈਰ ਦਸਿਆ। ਰਬ ਦਾ ਬੰਦਾ ਵੀ ਓਹੋ ਹੋ ਸਕਦਾ ਹੈ ਜੋ ਨਿਰਵੈਰ ਹੋਵੇ। ਨਾਨਕ ਪ੍ਰਤਿ ਸਵੈਯੇ ਵਿਚ ਕਿਹਾ ਗਿਆ ਹੈ—

**ਬਸੀਓ ਨਿਰਵੈਰ ਰਿਦੰਤਰਿ ।***

ਈਸ਼ਵਰ ਪਰੇਮ ਸਰੂਪ ਹੈ। ਇਸ ਭਾਵ ਨੇ ਆਪਣੇ ਸਬੰਧੀਆਂ ਦੇ ਪਰੇਮ ਦੀ ਉਪਮਾ ਵਿਚ ਉਪਾਸਨਾ ਕਰਵਾਈ ਤੇ ਅੰਤ ਵਿਚ ਉਹ ਸਾਕਾਰ ਉਪਾਸਨਾ ਬਣ ਗਈ। ਅਗਿਆਤ ਤੇ ਨਿਰਾਕਾਰ ਦੀ ਉਪਾਸਨਾ ਪਰਾਏ ਲੋਕਾਂ ਵਿਚ ਪਿਆਰ ਪਾਉਣ ਤੇ ਉਹਨਾਂ ਨੂੰ ਆਪਣਾ ਸਮਝਣ ਵਿਚ ਸਹਾਈ ਹੋਈ। ਨਿਰਗੁਣਵਾਦੀ ਸੰਤਾਂ ਵਿਚ ਇਸੇ ਲਈ ਸੂਦਰ, ਬ੍ਰਾਹਮਣ ਜਾਂ ਹਿੰਦੂ ਮੁਸਲਮਾਨ ਦਾ ਕੋਈ ਵਿਤਕਰਾ ਨਹੀਂ ਰਿਹਾ। ਫਰੀਦ, ਕਬੀਰ, ਰਵਿਦਾਸ ਆਦਿ ਨਿਰੰਕਾਰੀ ਸੰਤਾਂ ਦੀ ਬਾਣੀ ਜਨਤਾ ਵਿਚ ਭਾਈਚਾਰੇ, ਸਾਂਝੀਵਾਲਤਾ, ਅਨੰਦ ਤੇ ਪਰੇਮ ਦੇ ਵਿਕਾਸ ਵਿਚ ਉਪਯੋਗੀ ਸਿਧ ਹੋਈ ਹੈ।

---

* ਅਬਦੁਲ ਕਰੀਮ ਨੇ 'ਤਾਰੀਖ ਪੰਜਾਬ ਵ ਤੁਹਫਾ ਤੁਲ ਅਹਬਾਬ' ਵਿਚ ਲਿਖਿਆ ਹੈ—
ਪੰ: 4...ਨਿਜ਼ਦ ਨਾਨਕ ਸ਼ਾਹ ਹਿੰਦੂ ਵਾ ਮੁਸਲਮਾਨ ਰੂਬਰੂ ਬੁਦਿੰਦ ਯਕੇ ਰਾਹ ਬਦੀਗਰੇ ਤਰਜੀਹ ਨਮੀ ਦਾਰਦ।

Digitized by Panjab Digital Library | www.panjabdigilib.org

ਪਰ ਸੰਤ ਸਾਹਿਤ ਵਿਚ ਨਿਰਵੈਰ ਦੇ ਸਭ ਤੋਂ ਵਡੇ ਪਰਚਾਰਕ ਨਾਨਕ ਹੋਏ ਹਨ ਜਿਨ੍ਹਾਂ ਨੇ ਕੰਮ ਰੂਪ ਤੋਂ* ਲੈਕੇ ਮੱਕੇ ਤੇ ਬਗਦਾਦ ਤਕ, ਤਿਬੱਤ ਤੋਂ ਲੈ ਕੇ ਲੰਕਾ ਤਕ ਨਿਰਵੈਰ ਦਾ ਸੁੰਦਰ ਜੀਵਨ ਸੁਨੇਹਾ ਦਿਤਾ। ਕੋਸ਼ਕਾਰਾਂ ਨੇ ਨਿਰਵੈਰ ਦਾ ਇਕ ਅਰਥ 'ਸਤਿਗੁਰ ਬਾਬਾ ਨਾਨਕ' ਵੀ ਦਿੱਤਾ ਹੈ——ਵੇਖੋ ਗੁਰ ਸ਼ਬਦ ਰਤਨਾਕਰ।

ਵੈਰ ਦਾ ਵੱਡਾ ਕਾਰਣ ਹਉਮੈ ਹੈ। ਇਸ ਲਈ ਇਸ ਵਿਸ਼ੇ ਤੇ ਵੀ ਕੁਝ ਵਿਚਾਰ ਕਰਨਾ ਜ਼ਰੂਰੀ ਹੈ।

## ਹਉਮੈ

ਭਾਵੇਂ ਹਉਮੈ ਦੇ ਕਾਰਣ ਜਗਤ ਦੀ ਉਤਪਤੀ ਹੋਈ ਹੈ। ਪਰ ਇਹ ਆਤਮਾ ਦੀ ਸਾਧਨਾ ਵਿਚ ਇਕ ਰੁਕਾਵਟ ਹੈ। ਜੋ ਮਨੁਖ ਇਸ ਵਿਚ ਲਿਪਤ ਹੋ ਜਾਂਦਾ ਹੈ ਉਹ ਮਹਾ ਰੋਗੀ ਤੇ ਪਤਿਤ ਹੋ ਜਾਂਦਾ ਹੈ। ਉਸ ਦੀ ਤ੍ਰਿਸ਼ਨਾ ਉਸ ਨੂੰ ਅਨੇਕ ਇਛਾਵਾਂ ਤੇ ਕਰਮਾਂ ਦੇ ਝਮੇਲੇ ਵਿਚ ਫਸਾ ਦੇਂਦੀ ਹੈ ਅਤੇ ਆਵਣ-ਜਾਣ ਮੁਕਦਾ ਨਹੀਂ।

1. **ਹਉਮੈ ਰੋਗੁ ਮਾਹਾ ਦੁਖੁ ਲਾਗਾ ਗੁਰਮਤਿ ਲੇਵਹੁ ਰੋਗ ਗਇਆ।**

**ਰਾਮ ਕਲੀ ਪੰ: 906**

2. **ਨਾਨਕ ਹਉਮੈ ਰੋਗ ਬੁਰੇ ॥ 1 ॥ ਭੈਰਉ ਅਸਟ :**

ਸੁਆਰਥ ਤੇ ਅਹੰਕਾਰ ਦੀ ਚਾਸ਼ਨੀ ਨਾਲ ਮਨ ਦੇ ਵਿਕਾਰ ਬਹੁਤ ਵਧ ਜਾਂਦੇ ਹਨ। ਪਰ ਕਈ ਵਿਕਾਰ ਅਜਿਹੇ ਹੁੰਦੇ ਹਨ ਜੋ ਗੁਝੀ ਮਾਰ ਮਾਰਦੇ ਹਨ——ਵਿਦਿਆ ਅਭਿਮਾਨ, ਜਾਤ-ਪਾਤ ਦਾ ਗਰਬ, ਪਰਿਵਾਰ ਤੇ ਸੰਪਤੀ ਦੇ ਅਹੰਕਾਰ ਅਨੇਕ ਸਮਾਜਕ ਕੁਰੀਤਾਂ ਤੇ ਕੁਚੱਜਾਂ ਦੇ ਕਾਰਨ ਹਨ।** ਗੁਰੂ ਨਾਨਕ ਦੇਵ ਨੇ ਆਪਣੇ ਜੁਗ ਦੇ ਸਾਰੇ ਸੰਤਾਂ ਤੇ ਸੁਧਾਰਕਾਂ ਤੋਂ ਵਧੇਰੇ ਪ੍ਰਚਾਰ ਹਉਮੈ ਦੇ ਨਿਵਾਰਨ ਲਈ ਕੀਤਾ। ਨਾਨਕ ਬਾਣੀ ਵਿਚ ਸਭ ਤੋਂ ਵਡਾ ਵਿਸ਼ਾ ਇਹੋ ਹੈ। ਜੋ ਹਉਮੈ ਨੂੰ ਮਾਰ ਲੈਂਦਾ ਹੈ ਉਹ ਜੀਵਨ ਮੁਕਤ ਕਿਹਾ ਗਿਆ ਹੈ—

**ਮਾਰਗੁ ਮੁਕਤਾ ਹਉਮੈ ਮਾਰਿ ॥ ਮਲਾਰ ਪੰ: 127**

ਭੇਖ ਤੇ ਕਰਮ ਕਾਂਡ ਨੂੰ ਵੀ ਗੁਰੂ ਜੀ ਨੇ ਅਹੰਕਾਰ ਦਾ ਰੂਪ ਮੰਨਿਆ ਹੈ ਅਤੇ ਇਸ ਦੀ ਨਖੇਧੀ ਕੀਤੀ ਹੈ —

(i) **ਬਹੁ ਭੇਖ ਕੀਆ ਦੇਹੀ ਦੁਖੁ ਦੀਆ ॥ ਆਸਾ ਵਾਰ ਪੰ: 467**

(ii) **ਅਖਰ ਪੜਿ ਪੜਿ ਭੁਲੀਐ ਭੇਖੀ ਬਹੁਤੁ ਅਭਿਮਾਨੁ ॥**
**ਤੀਰਥ ਨਾਤਾ ਕਿਆ ਕਰੇ ਮਨ ਮਹਿ ਮੈਲੁ ਗੁਮਾਨ॥ ਸਿਰੀ ਰਾਗ ਪੰ: 61**

(iii) **ਘੋਲੀ ਗੇਰੂ ਰੰਗ ਚੜਾਇਆ ਵਸਤਰ ਭੇਖ ਭੇਖਾਰੀ ॥ ਮਾਰੂ ਪੰ: 1012**

---

** ਹੋਰ ਵਿਸਥਾਰ ਲਈ ਵੇਖੋ ਵਾਰ ਆਸਾ। ਪੰ: 463

* ਰਾਜ ਮਾਲੁ ਰੂਪ ਜਾਤਿ ਜੋਬਨੁ ਪੰਜੇ ਠਗ।
ਏਨੀ ਠਗੀ ਜਗੁ ਠਗਿਆ ਕਿਨੇ ਨਾ ਰਖੀ ਲਜ॥ ਵਾਰ ਮਲਾਰ

Digitized by Panjab Digital Library | www.panjabdigilib.org

ਮਨ, ਬੁਧੀ ਤੇ ਅਹੰਕਾਰ (ਆਪਾ) ਦੇ ਮੇਲ ਨਾਲ ਇੰਦਰੀਆਂ ਦੀ ਖੇਡ ਬਣੀ ਹੋਈ ਹੈ। ਅਹੰਕਾਰ ਦੇ ਦ੍ਰਿਸ਼ਟੀਕੋਣ ਨਾਲ ਹੀ ਮਨ ਤੇ ਬੁਧੀ ਦਾ ਵਿਕਾਸ ਹੁੰਦਾ ਹੈ। ਇਹ ਚੰਗਾ ਵੀ ਹੋ ਸਕਦਾ ਹੈ ਤੇ ਮੰਦਾ ਵੀ ! ਸੰਤ-ਸਾਹਿਤ ਵਿਚ ਅਹੰਕਾਰ ਜਾਂ ਹਉਮੈ ਨੂੰ ਸੁਧ ਕਰਨ ਤੇ ਇਸ ਨੂੰ ਮਿਟਾ ਦੇਣ ਦੀ ਪ੍ਰੇਰਨਾ ਮਿਲਦੀ ਹੈ। ਪਰ ਇਸ ਵਿਸ਼ੇ ਦਾ ਜਿੰਨਾ ਡੂੰਘਾ ਤੇ ਸਪਸ਼ਟ ਵਿਸ਼ਲੇਸ਼ਣ ਗੁਰੂ ਨਾਨਕ ਦੇਵ ਨੇ ਕੀਤਾ ਹੈ, ਹੋਰ ਕੋਈ ਨਹੀਂ ਕਰ ਸਕਿਆ। ਪੰਨਾ 466 ਵਿਚ ਨਾਨਕ-ਬਾਣੀ ਨੇ ਬਹੁਤ ਵਿਸਥਾਰ ਨਾਲ ਸਭ ਕੰਮ ਕਾਜ ਦਾ ਸੋਮਾਂ ਹਉਮੈ ਦਸਿਆ ਹੈ ਤੇ ਅੰਤ ਵਿਚ ਆਇਆ ਹੈ—

**ਹਉਮੈ ਬੂਝੈ ਤਾ ਦਰੁ ਸੂਝੈ ।**
**ਗਿਆਨ ਵਿਹੂਣਾ ਕਥਿ ਕਥਿ ਲੂਝੈ ॥** ਪੰ: 466

ਇਕੋ ਸੱਤਾ ਨੂੰ ਸਭ ਤੋਂ ਵਡਾ ਮੰਨਣਾ ਤੇ ਨਿਮ੍ਰਤਾ ਨਾਲ ਜਪਣਾ ਹੀ ਸੱਚਾ ਧਰਮ ਪੰਥ ਹੈ। ਬਾਕੀ ਸਭ ਝਗੜਾ ਟੰਟਾ ਹੈ—

(i) **ਪੜੀਐ ਜੇਤੀ ਆਰਜਾ ਪੜੀਐ ਜੇਤੇ ਸਾਸ ।**
**ਨਾਨਕ ਲੇਖੈ ਇਕ ਗਲ ਹੋਰ ਹਉਮੈ ਝਖਣਾ ਝਾਖ ॥ ਪੰਨਾ** 367

(ii) **ਮਨੁ ਭੂਲੋ ਸਿਰਿ ਆਵੈ ਭਾਰੁ । ਮਨੁ ਮਾਨੈ ਹਰਿ ਏਕੰਕਾਰੁ ॥** 2 । 3 ।
**ਗਉੜੀ ਪੰ:** 222

ਹਉਮੈ ਦੇ ਕਾਰਨ ਹੀ ਵੈਰ ਵਿਰੋਧ ਵਧਦਾ ਹੈ। ਮਨੁਖ ਮਾਇਆ ਜਾਲ ਵਿਚ ਫਸਦਾ ਹੈ ਤੇ ਆਵਾਗਵਨ ਵਿਚ ਪੈਂਦਾ ਹੈ। ਨਿਰੰਕਾਰ ਦੇ ਗੁਣ ਗਾ ਕੇ ਉਸ ਦੇ ਨਾਮ ਵਿਚ ਲਿਵ-ਲੀਨ ਹੋ ਕੇ ਗੁਰਮੁਖ ਬਣ ਜਾਣ ਨਾਲ ਹੀ ਹਉਮੈ ਤੋਂ ਮੁਕਤੀ ਮਿਲ ਸਕਦੀ ਹੈ—

1. **ਹਉ ਹਉ ਕਰਤ ਨਹੀਂ ਸਚੁ ਪਾਈਐ ।**
**ਹੁਕਮਿ ਜਾਇ ਪਰਮ ਪਦ ਪਾਈਐ ॥** 1 ॥ 13 ॥ ਪੰ: 226

2. **ਹਉ ਹਉ ਮੈਂ ਮੈਂ ਵਿਚੋਂ ਖੋਵੈ ।**
**ਦੂਜਾ ਮੇਟੈ ਏਕੋ ਹੋਵੈ ॥ ਰਾਮ ਕਲੀ ।** ਪੰ: 943

3. **ਹਉਮੈ ਦੀਰਘ ਰੋਗੁ ਹੈ ਦਾਰੂ ਭੀ ਇਸੁ ਮਾਹਿ ।**
**ਕਿਰਪਾ ਕਰੇ ਜਿ ਆਪਣੀ ਤਾਂ ਗੁਰ ਕਾ ਸਬਦੁ ਕਮਾਹਿ ।**
**ਨਾਨਕ ਕਹੈ ਸੁਣਹੁ ਜਨਹੁ ਇਤੁ ਸੰਜਮਿ ਦੁਖ ਜਾਹਿ ॥** 2 ॥ 7 ॥ **ਆਸਾ ਵਾਰ**

## ਮਾਇਆ

ਤ੍ਰਿਗੁਣਾਤਮਕ ਦ੍ਰਿਸ਼ਟਮਾਨ ਜਗਤ ਜੋ ਨਾਮ, ਰੂਪ ਅਤੇ ਕਰਮ ਦਾ ਤਮਾਸ਼ਾ ਹੈ ਇਸੇ

Digitized by Panjab Digital Library | www.panjabdigilib.org

ਨੂੰ ਵੇਦਾਂਤ ਨੇ ਮਾਇਆ ਕਿਹਾ ਹੈ।* ਪਰ ਕੁਝ ਵਿਚਾਰਕ ਮਾਇਆ ਜਾਂ ਪ੍ਰਕ੍ਰਿਤੀ ਨੂੰ ਪ੍ਰਭੂ ਤੋਂ ਭਿੰਨ ਸੱਤਾ ਮੰਨਦੇ ਹਨ। ਗੁਰੂ ਨਾਨਕ ਦਾ ਵਿਚਾਰ ਇਸ ਦੇ ਉਲਟ ਹੈ। ਉਹ ਕੁਦਰਤ ਨੂੰ ਕਾਦਰ ਤੋਂ ਵਖਰਾ ਨਹੀਂ ਮੰਨਦੇ, ਸਗੋਂ ਇਸੇ ਕੁਦਰਤ ਤੋਂ ਤ੍ਰਿਦੇਵਾ ਦੀ ਉਤਪਤੀ ਦਸਦੇ ਹਨ :—

1. ਮਾਇਆ ਮੋਹੇ ਦੇਵੀ ਸਭਿ ਦੇਵਾ। ਕਾਲੁ ਨ ਛੋਡੈ ਬਿਨੁ ਗੁਰ ਕੀ ਸੇਵਾ ॥2 ॥ 14
ਗਉੜੀ ਅਸ਼ਟ:

2 ਏਕਾ ਮਾਈ ਜੁਗਤਿ ਵਿਆਈ ਤਿਨਿ ਚੇਲੇ ਪਰਵਾਣੁ।
ਇਕੁ ਸੰਸਾਰੀ, ਇਕੁ ਭੰਡਾਰੀ, ਇਕੁ ਲਾਏ ਦੀਬਾਣੁ ॥ 30 ॥ ਜਪੁ

3. ਆਪੇ ਆਪਿ ਨਿਰੰਜਨਾ ਜਿਨਿ ਆਪੁ ਉਪਾਇਆ।
ਆਪੇ ਖੇਲੁ ਰਚਾਇਓਨੁ ਸਭੁ ਜਗਤ ਸਬਾਇਆ।
ਤ੍ਰੈ ਗੁਣ ਆਪਿ ਸਿਰਜਿਅਨੁ ਮਾਇਆ ਮੋਹੁ ਬਧਾਇਆ ॥ ਵਾਰ ਸਾਰੰਗ

ਮਾਇਆ ਨੂੰ ਕਈ ਪਰੰਪਰਾ ਤੋਂ ਆਏ ਪ੍ਰਤੀਕਾਂ ਰਾਹੀਂ ਵੀ ਵਰਣਨ ਕੀਤਾ ਗਿਆ ਹੈ :—

ਸਰਪਣੀ —(i) ਜਿਉ ਸਰਪਨਿ ਕੈ ਵਸਿ ਜੀਅੜਾ ॥15॥ ਸਿਰੀ ਰਾਗੁ ਅਸਟ:
(ii) ਮਾਇਆ ਬਿਖੁ ਭੁਇਅੰਗ ਨਾਲੇ।
ਇਨ ਦੁਬਿਧਾ ਘਰ ਬਹੁਤੇ ਗਾਲੇ ॥ ਮਾਰੂ ਪੰ: 1026

ਸੱਸ—ਸਾਸੁ ਬੁਰੀ ਘਰਿ ਵਾਸੁ ਨ ਦੇਵੈ।
ਪਿਰ ਸਿਉ ਮਿਲਣ ਨ ਦੇਇ ਬੁਰੀ ॥221॥ ਆਸਾ

ਮੋਹਿਣੀ—(i) ਮਾਇਆ ਮੋਹਣੀ ਨੀਧਰੀਆ ਜੀਉ ਕੂੜਿ ਮੁਠੀ ਕੂੜਿਆਰੇ ॥
ਗਉੜੀ ਪੂਰਬੀ ਛੰਤ ਪੰ: 243
(ii) ਮਾਇਆ ਮਮਤਾ ਮੋਹਣੀ ਜਿਨਿ ਕੀਤੀ ਸੋ ਜਾਣੁ।
ਬਿਖਿਆ ਅੰਮ੍ਰਿਤੁ ਏਕੁ ਹੈ ਬੂਝੈ ਪੁਰਖੁ ਸੁਜਾਣ ॥ ਪੰ: 937

ਮਾਇਆ ਕੇ ਦੀਵਾਨੇ ਨੂੰ ਹੀ ਗੁਰੂ ਜੀ ਮਨਮੁਖ ਮੰਨਦੇ ਹਨ ਜੋ ਨਾਮ ਸਾਧਨਾ ਤੋਂ ਬਿਮੁਖ ਹੁੰਦਾ ਹੈ :—

(i) ਮਨਮੁਖਿ ਮੋਹਿ ਗੁਬਾਰਿ ਜਿਉ ਭੁਲਾ ਮੰਝਿ ਵਣੀ ॥ ਪੰ: 143 ॥
ਕਟੇ ਪਾਪ ਅਸੰਖ ਨਾਵੈ ਇਕ ਕਣੀ ॥ 11 ॥ ਵਾਰ ਮਲਾਰ ਪੰ: 1283।
(ii) ਮਾਇਆ ਮੋਹਿ ਸਗਲ ਜਗੁ ਛਾਇਆ। ਕਾਮਣਿ ਦੇਖਿ ਕਾਮ ਲੋਭਾਇਆ ॥
ਸੁਤ ਕੰਚਨ ਸਿਉ ਹੇਤੁ ਵਧਾਇਆ।

---

* (i) ਇਸ ਭਵਜਲ ਨੂੰ ਗੁਰੂ ਜੀ ਨੇ ਵੀ ਮਾਇਆ ਰੂਪ ਮੰਨਿਆ ਹੈ—
ਮਾਇਆ ਮੋਹੁ ਭਵਜਲ ਹੈ ਅਵਧੂ ਸ਼ਬਦ ਤੇਰੇ ਕੁਲ ਤਾਰੀ ॥ **22** ॥ ਰਾਮਕਲੀ, ਪੰ: 908
(ii) ਮਨ ਦੇ ਵਿਕਾਰਾਂ ਨੂੰ ਵੀ ਮਾਇਆ ਨਾਉ ਦਿਤਾ ਹੈ—
ਮਨੁ ਮਾਇਆ ਮਨੁ ਧਾਇਆ ਮਨ ਪੰਖੀਆ ਆਕਾਸਿ ਪ੍ਰਭਾਤੀ ਪੰ: 1330
(ii) ਮਾਇਆ ਧੰਧਾ ਧਾਵਣੀ ਦੁਰਮਤਿ ਕਾਰ ਵਿਕਾਰ। ਪੰ: 1343

Digitized by Panjab Digital Library | www.panjabdigilib.org

**ਸਭੁ ਕਿਛੁ ਅਪਨਾ ਇਕੁ ਰਾਮੁ ਪਰਾਇਆ ।। ਪ੍ਰਭਾਤੀ ਪੰ: 1342**

## ਅਕਾਲ ਮੂਰਤਿ

ਸੂਖਮ ਤੇ ਅਕਾਲ ਮੂਰਤਿ ਅਗੇ ਮਨੁਖ ਬਹੁਤ ਤੁਛ, ਦੀਨ ਤੇ ਅਣਜਾਣ ਹੈ। ਉਸ ਨਿਰੰਕਾਰ ਨੂੰ ਮੰਨਕੇ ਹੀ ਧਰਮ ਨਾਲ ਸਬੰਧ ਜੁੜਦਾ ਹੈ।

ਸ਼ਰਣਾਗਤੀ ਭਾਵ ਵਿਚ ਮਨੁਖ ਪ੍ਰਭੂ ਦੇ ਆਸਰੇ ਵਿਚ ਲਿਵ ਲੀਨ ਹੋ ਕੇ ਕਹਿਣ ਲਗ ਪੈਂਦਾ ਹੈ—**ਜੋ ਤੁਧ ਭਾਵੈ ਸਾਈ ਭਲੀਕਾਰ ; ਸਭ ਗੁਣ ਤੇਰੇ ਮੈਂ ਨਾਹੀ ਕੋਇ।** ਅਜਿਹੇ ਭਾਵਾਂ ਵਾਲੇ ਨੂੰ ਗੁਰਮੁਖ ਕਿਹਾ ਗਿਆ ਹੈ।

ਹਉਮੈ ਵਿਚ ਗਲਤਾਨ ਹੋ ਕੇ ਬੰਦਾ ਮਨਮੁਖ ਬਣ ਜਾਂਦਾ ਅਤੇ ਆਵਾਗਵਨ ਦੇ ਗੇੜਿਆਂ ਵਿਚ ਫਸ ਜਾਂਦਾ ਹੈ। ਅਮਰ ਹੋਣ ਲਈ ਅਮਰ ਤੇ ਅਵਨਾਸ਼ੀ ਦੀ ਉਪਾਸਨਾ ਜ਼ਰੂਰੀ ਹੈ ; ਨਿਰੰਕਾਰ ਹੀ ਅਕਾਲ ਹੈ। ਕਾਲ ਤੇ ਮ੍ਰਿਤੂ ਦੇ ਬੰਧਨਾਂ ਤੋਂ ਰਹਿਤ ਹੈ—

**ਔਰ ਸੁ ਕਾਲ ਸਬੈ ਬਸਿ ਕਾਲ ਕੇ**
**ਏਕ ਹੀ ਕਾਲ ਅਕਾਲ ਸਦਾ ਹੈ**

ਵਿਚਿਤ੍ਰ ਨਾਟਕ ਜੀਵਨ ਦੀ ਅਟੁਟ ਏਕਤਾ ਦਾ ਜੋ ਸੋਮਾਂ ਹੈ ਉਹੋ ਅਕਾਲ ਮੂਰਤਿ ਹੈ—

1. **ਤੂ ਸਦਾ ਸਲਾਮਤ ਨਿਰੰਕਾਰ ।।16।। ਜਪੁ**
2. **ਅਕਾਲ ਮੂਰਤਿ ਜਿਸ ਕਦੇ ਨਾਹੀ ਖਉ ।। ਮਾਰੂ ਮ: 5**

ਇਨ੍ਹਾਂ ਵਾਕਾਂ ਵਿਚ ਰੱਬ ਨੂੰ ਨਾਸ਼ਵਾਨ ਬੰਦੇ ਤੋਂ ਉੱਤਮ ਤੇ ਬੇਅੰਤ ਦੱਸਣ ਦਾ ਭਾਵ ਸਪਸ਼ਟ ਹੈ। ਰਬ ਅਨਾਦਿ, ਅਨੰਤ ਤੇ ਅਜਰ ਅਮਰ ਹੈ। ਉਸ ਵਿਚ ਕੋਈ ਘਾਟਾ ਵਾਧਾ ਜਾਂ ਵਿਕਾਰ ਪੈਦਾ ਨਹੀਂ ਹੁੰਦਾ—

1. **ਜੇ ਸਭਿ ਮਿਲਿ ਕੈ ਆਖਣ ਪਾਹਿ ।**
   **ਵਡਾ ਨ ਹੋਵੈ ਘਾਟਿ ਨ ਜਾਇ ।। ਗਉੜੀ ਪੰ: 349**
2. **ਥਾਪਿਆ ਨ ਜਾਇ ਕੀਤਾ ਨ ਹੋਇ ।**
   **ਆਪੇ ਆਪਿ ਨਿਰੰਜਨੁ ਸੋਇ ।।5।। ਜਪੁ**
3. **ਇਤੁ ਰੂਪਿ ਫਿਰਹਿ ਪਰਛੰਨਾ ਕੋਈ ਨ ਕਿਸਹਿ ਜੇਹਾ । ਸੋਰਠਿ**
4. **ਸਤਿਗੁਰ ਕੀ ਮੂਰਤਿ ਹਿਰਦੈ ਵਸਾਏ ।**
   **ਜੋ ਇਛੈ ਸੋਈ ਫਲੁ ਪਾਏ ।। ਧਨਾਸਰੀ**
5. **ਸਗਲ ਭਵਨ ਕੀ ਮੂਰਤਿ ਏਕਾ ਮੁਖਿ ਤੇਰੈ ਟਕਸਾਲਾ ।। ਸੋਰਠਿ**
6. **ਬ੍ਰਹਮਾ ਬਿਸਨੁ ਮਹੇਸ ਇਕ ਮੂਰਤਿ ਆਪੇ ਕਰਤਾ ਕਾਰੀ—ਰਾਮਕਲੀ**

ਸਿਖ ਮਤ ਵਿਚ ਅਕਾਲ ਸ਼ਬਦ ਇੰਨਾ ਪਿਆਰਾ ਬਣ ਗਿਆ ਕਿ ਅਨੇਕ ਪ੍ਰਤੀਕ ਇਸ ਦੇ ਆਲੇ ਦੁਆਲੇ ਉਸਰ ਪਏ—

ਅਕਾਲ ਉਸਤਤਿ, ਅਕਾਲ ਸਰ, ਅਕਾਲ ਗੜ੍ਹ, ਅਕਾਲ ਤਖਤ, ਅਕਾਲ ਪੁਰਖ, ਅਕਾਲ ਬਾਗ, ਅਕਾਲ ਬੁੰਗਾ, ਅਕਾਲੀ, ਆਦਿ।

Digitized by Panjab Digital Library | www.panjabdigilib.org

## ਅਜੂਨੀ ਸਭੰ

ਵਿਚਾਰਕਾਂ ਨੇ ਦਸਿਆ ਹੈ ਕਿ ਜੀਵਾਂ ਦੀਆਂ 84 ਲੱਖ ਜੂਨਾਂ ਹਨ। ਆਵਾਗਵਨ ਵਿਚ ਫਿਰਨਾ ਜੂਨ ਧਾਰਨ ਕਰਨਾ ਹੀ ਹੈ। ਜੋ ਅਜਰ ਅਮਰ ਤੇ ਅਜਨਮਾ ਹੈ ਉਹ ਪ੍ਰਭੂ ਕਿਸੇ ਜੂਨ ਵਿਚ ਨਹੀਂ ਆਉਂਦਾ, ਨਾ ਅਵਤਾਰ ਲੈਂਦਾ ਹੈ। ਯਜਰਵੇਦ ਨੇ ਉਸ ਨੂੰ 'ਅਜ ਏਕਪਾਤ' अजएकपात 34 । 33 । ਕਿਹਾ ਹੈ ਅਤੇ ਉਸ ਨੂੰ ਕਾਇਆ ਰਹਿਤ ਮੰਨਿਆ ਹੈ—सपर्यगच्छक्रम कायम 40।8 । ਸ੍ਵੇਤਾਸ੍ਵਤਰ ਉਪਨਿਸ਼ਦ ਵਿਚ ਆਇਆ ਹੈ—

स कारणं करणाधि पधियो न चास्यकश्चिज्जनिता न चाधिय: ॥ 6।9

=ਉਹੋ ਸਭੇ ਇੰਦ੍ਰੀਆਂ ਦੇ ਕੰਮਾਂ ਦਾ ਵੀ ਕਾਰਣ ਹੈ। ਉਨ੍ਹਾਂ ਦਾ ਮਾਲਿਕ ਤੇ ਅਧਿਪਤਿ ਹੈ। ਉਸ ਨੂੰ ਜਪਣ ਵਾਲਾ ਜਾਂ ਉਸ ਦਾ ਸਾਈਂ ਕੋਈ ਨਹੀਂ ਹੈ। ਯੋਨਿ ਦਾ ਅਰਥ ਕਾਰਣ ਵੀ ਹੈ ; ਅਯੋਨਿ ਜੋ ਅਕਰਣ ਹੈ, ਕਰਣ ਕਾਰਣ ਸਮਰਥ ਹੈ।

ਗੁਰੂ ਨਾਨਕ ਦੇਵ ਦੇ ਜੁਗ ਵਿਚ ਅਨੇਕ ਅਵਤਾਰ ਭਗਵਾਨ ਦੇ ਰੂਪ ਵਿਚ ਮੰਨੇ ਜਾਂਦੇ ਸਨ। ਇਸ ਵਿਚਾਰ ਦਾ ਸੁਧਾਰ ਕਰਨ ਲਈ ਉਨ੍ਹਾਂ ਨੇ ਆਪਣੇ ਮੂਲ ਮੰਤਰ* ਵਿਚ ਅਜੂਨੀ ਦਾ ਉਚੇਚਾ ਜ਼ਿਕਰ ਕੀਤਾ ਹੈ ਅਤੇ ਇਸ ਦੀ ਵਿਆਖਿਆ ਆਪਣੀ ਬਾਣੀ ਵਿਚ ਕੀਤੀ ਹੈ—

1. ਸੋ ਸੇਵਹੁ ਜਿਸ ਮਾਈ ਨ ਬਾਪੁ। ਪ੍ਰਭਾਤੀ ਪੰ: 1343
2. ਜਗੁ ਤਿਸ ਕੀ ਛਾਇਆ, ਜਿਸੁ ਬਾਪੁ ਨ ਮਾਇਆ। 2।1।18—ਮਾਰੂ
3. ਨਾ ਤਿਸੁ ਮਾਤ ਪਿਤਾ ਸੁਤ ਬੰਧਪ ਨ ਤਿਸੁ ਕਾਮੁ ਨ ਨਾਰੀ। ਅਕੁਲ ਨਿਰੰਜਨ ਅਪਰ ਪਰੰਪਰ ਸਗਲੀ ਜੋਤਿ ਤੁਮਾਰੀ ॥6॥—ਸੋਰਠਿ ਪੰ: 597
4. ਨ ਓਹੁ ਮਰੈ ਨ ਹੋਵੈ ਸੋਗੁ। ਦੇਂਦਾ ਰਹੈ ਨ ਚੂਕੈ ਭੋਗੁ।
   ਗੁਣ ਏਹੋ ਹੋਰੁ ਨਾਹੀ ਕੋਇ। ਨ ਕੋ ਹੋਆ ਨ ਕੋ ਹੋਇ ॥3॥ ਆਸਾ ਸੋਦਰੁ
5. ਅਜੋਨੀ ਸੰਭਉ ਨਾ ਤਿਸੁ ਭਾਉ ਨ ਭਰਮਾ—ਸੋਰਠਿ

ਸੈਭੰ ∠ स्वयंभू=ਆਪਣੇ ਆਪ ਹੋਣ ਵਾਲਾ ਪੰਡਿਤ ਸਾਧੂ ਸਿੰਘ ਨੇ ਇਸ ਸ਼ਬਦ ਨੂੰ 'ਸ਼ਯੰਭੰ' ਨਾਲ ਜੋੜਿਆ ਹੈ—शेते वासना यस्मिन् स शय: अन्त:करणम् शयभं= ਜੋ ਅੰਤਰਕਰਣ ਵਿਚ ਪ੍ਰਕਾਸ਼ ਰੂਪ ਹੈ—ਗੁਰੂ ਗ੍ਰੰਥ ਪ੍ਰਦੀਪ।

ਪਰ ਗੁਰ ਬਾਣੀ ਵਿਚ ਆਮ ਤੌਰ ਤੇ 'ਆਪਣੇ ਆਪ ਹੋਣ ਵਾਲੇ' ਅਰਥਾਂ ਵਿਚ ਸੰਭਉ ਜਾਂ ਸੈਭੰ ਆਇਆ ਹੈ—

1. ਆਪ ਅਤੀਤ ਅਜੋਨੀ ਸੰਭਉ ॥ ਮਾਰੂ
2. ਆਪੇ ਆਪ ਨਿਰੰਜਨ ਸੋਇ। ਜਪੁ
3. ਆਪੀਨੈ ਆਪੁ ਸਾਜਿਓ ਆਪੀਨੈ ਰਚਿਓ ਨਾਉ। 1 ॥ ਵਾਰ ਆਸਾ
4. ਅੰਡਜ ਜੇਰਜ ਉਤਭੁਜ ਸੇਤਜ ਤੇਰੇ ਕੀਤੇ ਜੰਤਾ।

*There is some similarity in the Mul Mantra of Adi Granth and the Kalma of Quran. The Condemnation of asceticism is also Similar. p. 279, The Critical Study of Adi Granth : Dr. Surinder Singh Kohli.

Digitized by Panjab Digital Library | www.panjabdigilib.org

**ਏਕ ਪੁਰਖ ਮੈ ਤੇਰਾ ਦੇਖਿਆ, ਤੂੰ ਸਭਨਾ ਮਾਹਿ ਰਵੰਤਾ ॥ ਸੋਰਠਿ**

**ਜੋ** ਇਛਾ ਤੋਂ ਰਹਿਤ ਹੈ ਉਹ ਕਰਮ ਤੋਂ ਵੀ ਰਹਿਤ ਹੈ ; ਜੋ ਕਰਮ ਤੋਂ ਰਹਿਤ ਹੈ ਉਹੋ ਜਨਮ ਮਰਨ ਤੋਂ ਵੀ ਮੁਕਤ ਹੁੰਦਾ ਹੈ। ਇਸ ਪ੍ਰਕਰਣ ਵਿਚ ਕਰਮ ਅਤੇ ਆਵਾਗਵਣ ਤੇ ਵਿਚਾਰ ਨਾਨਕ-ਬਾਣੀ ਦੇ ਦ੍ਰਿਸ਼ਟੀ ਕੋਣ ਤੋਂ ਕਰਦੇ ਹਾਂ।

**ਕਰਮ**

ਆਤਮਾ ਦੀਆਂ ਸ਼ਕਤੀਆਂ ਅਨੰਤ ਹਨ ਪਰ ਯਾਗਵਲਕ ਰਿਖੀ ਨੇ ਤਿਨ੍ਹਾਂ ਸ਼ਕਤੀਆਂ ਦੀਆਂ ਤਿੰਨ ਅਵਸਥਾਵਾਂ ਦਸੀਆਂ ਹਨ 1. ਜਾਗ੍ਰਤ ਅਵਸਥਾ ਜਿਸ ਵਿਚ ਰੂਪ ਵਾਲੇ ਸਾਕਾਰ ਜਗਤ ਤੇ ਸਰੀਰਕ ਕਰਮਾਂ ਦਾ ਵਿਧਾਨ ਹੁੰਦਾ ਹੈ। 2. ਸੁਪਨ ਅਵਸਥਾ ਜਦੋਂ ਅਚੇਤ ਮਨ ਆਪਣੀ ਸ੍ਰਿਸ਼ਟੀ ਕਰਦਾ ਹੈ ਤੇ ਮਨੁਖੀ ਸੁਭਾਵ ਜਾਂ ਸੰਸਕਾਰ ਉਸ ਦੀ ਸਹਾਇਤਾ ਕਰਦੇ ਹਨ। 3. ਸੁਸ਼ੁਪਤ ਅਵਸਥਾ ਜਿਸ ਵਿਚ ਧਿਆਨ ਏਕਾਗ੍ਰ ਹੋ ਕੇ ਅੰਤਹਕਰਣ ਨੂੰ ਉਚੇਰੇ ਗਿਆਨ ਦੀ ਜੋਤਿ ਤੇ ਅਨਾਹਤ ਨਾਦ ਦਾ ਅਨੰਦ ਵਿਖਾਉਂਦਾ ਹੈ। ਇਸ ਭਾਵ ਨੂੰ ਯੋਗੀਆਂ ਨੇ ਸੂਰਜ, ਚੰਨ, ਤੇ ਉਨ੍ਹਾਂ ਦੀ ਮਿਲਣ ਅਵਸਥਾ ਰਾਹੀਂ ਦਸਿਆ ਹੈ। ਗੰਗਾ, ਜਮਨਾ ਤੇ ਸਰਸਵਤੀ, ਇੜਾ, ਪਿੰਗਲਾ ਤੇ ਸੁਸ਼ਮਣਾ ਦਾ ਮੇਲ ਵੀ ਇਸੇ ਦਾ ਪ੍ਰਤੀਕ ਹੈ। ਸੁਸ਼ਮਣਾ ਹੀ ਬੁਧ ਦਾ ਮਧਿਅਮ ਮਾਰਗ ਤੇ ਅਫ਼ਲਾਤੂਨ ਦਾ Golden Mean ਹੈ।

ਨਾਮ ਸਿਧੀ, ਸ਼ਬਦ ਸਿਧੀ ਤੇ ਅਕਰਮ ਅਵਸਥਾ ਵੀ ਉਸੇ ਨਾਦ ਬਿੰਦੂ ਦੇ ਸੁਮੇਲ ਦਾ ਸਹਿਜ ਰੂਪ ਹੈ। ਮਾਇਆ ਹਉਮੈ ਜਾਂ ਵਿਚਾਰਾਂ ਦੇ ਕਾਰਨ ਮਨੁਖ ਉਸ ਅਵਸਥਾ ਤੋਂ ਬਹੁਤ ਦੂਰ ਜਾ ਪੈਂਦਾ ਹੈ। ਸਤਿ ਨਾਮ ਵਿਚ ਨਿਵਾਸ ਕਰਕੇ ਅਰਥਾਤ ਸਚੇ ਆਚਰਨ ਨਾਲ ਮਨੁਖ ਉਸ ਸਹਿਜ ਯੋਗ ਵਲ ਟੁਰ ਪੈਂਦਾ ਹੈ। ਪੂਰੀ ਸਫਲਤਾ ਤਾਂ ਪੂਰਬ ਕਰਮਾਂ ਤੇ ਗੁਰਪ੍ਰਸਾਦ ਰਾਹੀਂ ਨਸੀਬ ਹੋ ਸਕਦੀ ਹੈ ਪੂਰਾ ਬੈਰਾਗੀ ਸਹਿਜ ਸੁਭਾਗੀ ਸਚੁ ਨਾਨਕ ਮਨ ਮਾਨ।

ਘਰ ਮੇਂ ਉਦਾਸ, ਆਸ ਮਹਿ ਨਿਰਾਸ ਭਾਵ ਇਕ ਪ੍ਰਕਾਰ ਦਾ ਮਾਝਾ-ਮਾਰਗ ਹੈ, ਮਧਿਅਮ ਮਾਰਗ ਹੈ, ਪਰ ਇਹ ਘਾਲਣਾ ਗੁਰੂ ਦੀਖਿਆ ਰਾਹੀਂ ਸਹਿਜ ਹੋ ਸਕਦੀ, ਗੁਰਮੁਖ ਬਣ ਕੇ ; ਮਨਮੁਖ ਬਣ ਕੇ ਨਹੀਂ। ਇਸੇ ਸਾਧਨਾਂ ਨੂੰ ਮਰਜੀਵੜੇ ਦੀ ਸਾਧਨਾ, ਜੀਵਤ ਮਰਨ ਦੀ ਸਾਧਨਾ ਆਖਦੇ ਹਨ। ਗੁਰੂ ਨਾਨਕ ਵੇਦ-ਮਾਰਗ ਦੇ ਤ੍ਰਿਗੁਣ ਵਿਚੋਂ ਸਤੋ ਗੁਣ ਨੂੰ ਪਰਮ ਪਦ ਲਈ ਕਾਫ਼ੀ ਨਹੀਂ ਸਮਝਦੇ ਉਹ ਤ੍ਰਿਗੁਣ ਅਤੀਤ ਚਉਥੇ ਪਦ 'ਸੁਰਤਿ ਸਬਦ' ਨੂੰ ਭਵ ਸਾਗਰ ਵਿਚੋਂ ਤਰਨ ਤੇ ਦੂਜਿਆਂ ਨੂੰ ਤਰਾਉਣ ਲਈ ਜ਼ਰੂਰੀ ਮੰਨਦੇ ਹਨ।

ਨਿਜੀ ਸਾਧਨਾ ਗੁਰਮਤ ਅਨੁਸਾਰ ਤਦੋਂ ਹੀ ਸਫਲ ਸਮਝਣੀ ਚਾਹੀਦੀ ਹੈ ਜਦੋਂ ਉਸ ਰਾਹੀਂ ਦੂਜਿਆਂ ਦਾ ਕਲਿਆਣ ਹੋਵੇ। ਇਸੇ ਲਈ ਨਾਨਕ ਫਲਸਫ਼ਾ ਨਿਪਟ ਸਿਧਾਂਤ ਦਾ ਪੋਥਾ ਨਹੀਂ, ਇਹ ਜੀਵਨ ਜਾਚ ਹੈ, ਮੁਕਤੀ ਦਾ ਬੋਹਿਥ ਹੈ। ਉਹ ਜਹਾਜ਼ ਕਿਸ ਕੰਮ ਦਾ ਜਿਸ ਵਿਚ ਕੇਵਲ ਮਲਾਹ ਹੀ ਸੈਰ ਕਰਦਾ ਫਿਰੇ। ਕਿਹਾ ਹੈ :—

**ਰਿਧਿ ਸਿਧਿ ਅਵਰਾ ਸਾਦ ॥ 29 ॥ ਜਪੁ**

---

* ਜਨਿਮ ਮਰੈ ਤ੍ਰੈਗੁਣ ਹਿਤਕਾਰੀ ॥ 12 ॥ ਗਉੜੀ

Digitized by Panjab Digital Library | www.panjabdigilib.org

ਸਹਿਜ ਮਾਰਗ ਇਸ ਲਈ ਕਰਮ ਨੂੰ ਪਰਵਾਨ ਕਰਦਾ ਹੈ ਕਿ ਬੰਦਾ ਪਾਪ ਦੀ ਕਾਲਖ ਨੂੰ ਪੰਚ ਇੰਦ੍ਰੀਆਂ ਦੀ ਸੋਧੀ ਅਗ ਰਾਹੀਂ ਸਾੜ ਦੇਵੇ ਤੇ ਮਨ ਨੂੰ ਨਾਮ ਚਿੰਤਨ ਨਾਲ ਬਚਾ ਲਵੇ—

**ਕਾਇਆ ਆਰਣੁ ਮਨੁ ਵਿਚਿ ਲੋਹਾ ਪੰਚ ਅਗਨਿ ਤਿਤੁ ਲਾਗਿ ਰਹੀ**

**ਕੋਇਲੇ ਪਾਪ ਪੜੇ ਤਿਸੁ ਉਪਰਿ ਮਨਿ ਜਲਿਆ ਸੰਨ੍ਹੀ ਚਿੰਤ ਭਈ ॥ 3 ॥ 3 ॥ ਮਾਰੂ**

ਬਾਹਰਲੇ ਆਚਾਰ, ਅਡੰਬਰ, ਭੇਖ ਤੇ ਕਰਮ ਕਾਂਡ ਨੂੰ ਗੁਰੂ ਜੀ ਨੇ ਸਹਿਜ ਮਾਰਗ ਦੇ ਵਿਰੁਧ ਮੰਨਿਆ ਹੈ ਅਤੇ ਦਸਿਆ ਹੈ ਕਿ ਇਨ੍ਹਾਂ ਕਰਮਾਂ ਦਾ ਆਧਾਰ ਹਉਮੈ ਜਾਂ ਮਾਇਆ ਵੀ ਦੁਵਿਧਾ ਹੈ ਜੋ ਬੰਦੇ ਨੂੰ ਤ੍ਰਿਗੁਣੀ-ਕਰਮਾਂ ਵਿਚ ਬੰਨ੍ਹ ਰਖਦੀ ਹੈ—

**ਆਸਾ ਮਨਸਾ ਬੰਧਨੀ ਭਾਈ ਕਰਮ ਧਰਮ ਬੰਧਕਾਰੀ ॥**
**ਪਾਪਿ ਪੁੰਨਿ ਜਗੁ ਜਾਇਆ ਭਾਈ ਬਿਨਸੈ ਨਾਮ ਵਿਸਾਰੀ ॥**
**ਇਹ ਮਾਇਆ ਜਗਿ ਮੋਹਣੀ ਭਾਈ ਕਰਮ ਸਭੇ ਵੇਕਾਰੀ ॥ 1 ॥**
**ਸੁਣਿ ਪੰਡਿਤ ਕਰਮ ਕਾਰੀ ॥**
**ਜਿਤੁ ਕਰਮਿ ਸੁਖੁ ਊਪਜੈ ਭਾਈ ਸੁ ਆਤਮ ਤਤੁ ਬੀਚਾਰੀ ॥ 1 ॥ 2 ॥ ਸਰਠਿ ਅਸਟ:**

ਕਰਮਾਂ ਦਾ ਲੇਖ ਹੀ ਮੁਕਤੀ ਜਾਂ ਆਵਾਗਵਣ ਵੇਲੇ ਨਿਰਣੇ ਦਾ ਆਧਾਰ ਬਣੇਗਾ। ਇਸਲਾਮੀ 'ਕਰਾਮਾਨ ਕਾਤਿਬੈਨ ਦੀ ਵਹੀ (ਹਿੰਦੂ, ਚਿਤ੍ਰ ਗੁਪਤ ਦੀ ਵਹੀ)'. ਮੌਤ ਦਾ ਫਰਿਸ਼ਤਾ. ਅਜ਼ਰਾਈਲ (ਹਿੰਦੂ, ਜਮਦੂਤ), ਭੀੜੀ ਗਲੀ ਸੁਰਾਤਿ ਮੁਸਤਕੀਮ) ਕ੍ਸ਼ੁਰਸ੍ਯਧਾਰ ਆਦਿ, ਵਿਚਾਰ ਵੀ ਗੁਰੂ ਨਾਨਕ ਦੇਵ ਨੇ ਸਚੇ ਕਰਮਾਂ ਵਲ ਪਰੇਰਿਤ ਕਰਨ ਲਈ ਵਰਤੇ ਹਨ ਯਥਾ, ਸਲੋਕ ਮ: 1 ॥ 2 ॥ 14, ਵਾਰ ਰਾਮਕਲੀ ਮ: 3 ॥

ਸਭਨਾਂ ਦਾ ਦਰਿ ਲੇਖਾ ਹੋਇ (ਪੰ: 109); ਜੈਸਾ ਕਰੈ ਸ ਤੈਸਾ ਪਾਵੈ (ਪੰ: 662); ਲਿਖਿਅੜਾ ਸਾਹਾ ਨ ਟਲੈ ਜੇਹੜਾ ਪੁਰਬਿ ਕਮਾਇਆ (ਪੰ: 582); ਜੇਹੇ ਕਰਮ ਕਮਾਹਿ ਤੇਹਾ ਹੋਇਸੀ (ਪੰ: 730); ਹੁਕਮ ਚਲਾਏ ਆਪਣੇ ਕਰਮੀ ਵਹੇ ਕਲਾਮ (ਪੰ: 1241); ਕਰਮੀ ਆਪੋ ਆਪਣੀ ਕੇ ਨੇੜੈ ਕੇ ਦੂਰਿ (39 ਜਪੁ) ਆਦਿ ਮਹਾ ਵਾਕਾਂ ਵਿਚ ਪੂਰਬ ਕਰਮਾਂ ਦਾ ਫਲ ਭੋਗਣ ਵਿਚ ਬੰਦੇ ਨੂੰ 'ਹੁਕਮੇ ਬਧਾ' ਦਸਿਆ ਗਿਆ ਹੈ। ਬੁਰੇ ਕਰਮਾਂ ਤੋਂ ਸਦਾ ਹੀ ਸਾਵਧਾਨ ਰਹਿਣ ਦਾ ਉਪਦੇਸ਼ ਉਨ੍ਹਾਂ ਨੇ ਬਹੁਤ ਸੁੰਦਰ ਸ਼ਬਦਾਂ ਵਿਚ ਕੀਤਾ ਹੈ ਪਰਾਲਬਧ ਦਾ ਵਿਧਾਨ ਵੀ ਉਨ੍ਹਾਂ ਨੇ ਮੰਨਿਆ ਹੈ। ਪੁਰਸ਼ਾਰਥ ਤੇ ਉਦਮ ਰਾਹੀਂ ਏਕਾਗਰ-ਚਿੱਤ ਹੋ ਕੇ ਸੇਵਾ, ਭਗਤੀ ਤੇ ਕਾਰ ਵਿਹਾਰ ਕਰਨ ਵਾਲਾ ਗੁਰਮੁਖ ਸੁਖ ਦੁਖ ਤੋਂ ਨਿਰਲੇਪ ਹੋ ਜਾਂਦਾ ਹੈ। ਕਰਮ ਫਲ ਤੋਂ ਉਪਰਾਮ ਜਾਂ ਨਿਸ਼ਕਾਮ ਹੋ ਜਾਣ ਦਾ ਉੱਚਾ ਆਦਰਸ਼ ਨਾਨਕ ਬਾਣੀ ਵਿਚ ਮਿਲਦਾ ਹੈ—

1. **ਗੁਰਮੁਖਿ ਨਿਰਮਲ ਰਹਹਿ ਪਿਆਰੇ। ਜਿਉ ਜਲ ਅੰਭ ਉਪਰਿ ਕਮਲ ਨਿਹਾਰੇ ॥**
ਪੰ: 353

2. **ਦੁਖੁ ਸੁਖੁ ਗੁਰਮੁਖਿ ਸਮ ਕਰਿ ਜਾਣਾ ਹਰਖ ਸੋਗ ਤੇ ਬਿਰਕਤੁ ਭਇਆ**
**ਆਪਿ ਮਾਰਿ ਗੁਰਮੁਖਿ ਹਰਿ ਪਾਏ ਨਾਨਕ ਸਹਜਿ ਸਮਾਇ ਲਇਆ ॥** ਪੰ: 909

ਫਾਰਸੀ 'ਕਰਮ' ਜਾਂ ਦਾਤ ਦਾ ਭਾਵ ਕਰਮ ਦੇ ਫਲਸਫੇ ਵਿਚ ਆਣ ਜੁੜਿਆ ਹੈ। ਫਲ

Digitized by Panjab Digital Library | www.panjabdigilib.org

ਦਾ ਨਿਰਣਾ ਤੇ ਫਲ ਭੋਗਣ ਲਈ ਕਰਮ ਕਮਾਉਣ ਦਾ ਵਿਧਾਨ ਪ੍ਰਭ ਦੇ ਹਥ ਵਿਚ ਹੀ ਹੈ ਕਿਉਂ ਜੋ ਪੂਰਾ ਗਿਆਨ ਵੀ ਉਸੇ ਕੋਲ ਹੈ। 'ਹੁਕਮ ਰਜਾਈਂ ਚਲਣ ਵਾਲਾ' ਭਗਤ ਹਰੇਕ ਕੰਮ ਨੂੰ ਪ੍ਰਭ ਨਿਮਿਤ ਸਮਝਦਾ ਹੈ ਇਸ ਲਈ ਸਿਧ-ਅਵਸਥਾ ਵਿਚ ਕਾਰਣ ਤੇ ਕਾਰਜ ਵਿਚ ਮੇਲ ਮਿਲਾਉਣ ਦਾ ਵਿਧਾਨ ਗੁਰ ਪ੍ਰਸਾਦਿ ਤੇ ਅਧਾਰ ਰਖਦਾ ਹੈ—

1. ਤੁਧੁ ਵਿਣੁ ਸਿਧੀ ਕਿਨੈ ਨ ਪਾਈਆ ॥ ਕਰਮਿ ਮਿਲੈ ਨਾਹੀ ਠਾਕਿ ਰਹਾਈਆ ॥
ਆਸਾ ਪੰ: 349

2. ਕਰਮ ਸੁਕਰਮ ਕਰਾਏ ਆਪੇ ਆਪੇ ਭਗਤਿ ਦ੍ਰਿੜਾਂਮ ॥ 5 ॥ 1
ਸੋਰਠਿ ਅਸਟ ਪੰ: 635

3. ਆਪਿ ਜਣਾਵੈ ਮਾਰਗਿ ਪਾਵੈ ਆਪੇ ਮਨੂਆ ਲੇਵਏ ॥
ਕਰਮ ਸੁਕਰਮ ਕਰਾਏ ਆਪੇ ਕੀਮਤਿ ਕਉਣ ਅਭੇਵਏ ॥ ਸੂਹੀ ਛੰਤ ਪੰ: 766

4. ਕਰਮਿ ਮਿਲੈ ਤਾ ਪਾਈਐ ਆਪਿ ਨਾ ਲਇਆ ਜਾਇ ॥
ਗੁਰ ਕੀ ਚਰਣੀ ਲਗਿ ਰਹੁ ਵਿਚਹੁ ਆਪ ਗਵਾਇ ॥ ਸਿਰੀ ਰਾਗੁ ਪੰ: 61

ਕਰਮ, ਧਰਮ ਤੇ ਨਿਸ਼ਕਾਮ ਅਵਸਥਾ ਰਾਹੀਂ ਗਿਆਨ ॥ ਪ੍ਰਾਪਤੀ ਨੂੰ ਇਕ ਸੁੰਦਰ ਰੂਪਕ ਵਿਚ ਅੰਕਿਤ ਕੀਤਾ ਹੈ—

ਕਰਮ ਪੇਡੁ, ਸਾਖਾ ਹਰੀ, ਧਰਮੁ ਫੂਲੁ, ਫਲੁ ਗਿਆਨੁ ॥
ਪਤ ਪਰਾਪਤਿ, ਛਾਵ ਘਣੀ, ਚੂਕਾ ਮਨ ਅਭਿਮਾਨੁ ॥
ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥
ਪਤਿ ਕਾ ਧਨੁ ਪੂਰਾ ਹੋਆ ਲਾਗਾ ਸਹਜਿ ਧਿਆਨੁ ॥ ਬਸੰਤ ਪੰ: 1168

ਸਾਧਨਾ ਦੇ ਅੰਤਲੇ ਪੜਾ ਤੇ ਆ ਕੇ ਨਾਨਕ ਦੇਵ ਕਰਮਾਂ ਨੂੰ ਵੀ ਨਾਮ ਵਿਚ ਡੋਬ ਦੇਂਦੇ ਹਨ। ਇਸ ਅਵਸਥਾ ਨੂੰ ਗੀਤਾ ਨੇ ਅਕਰਮ ਅਵਸਥਾ ਕਿਹਾ ਹੈ। ਸਚ ਵੇਖਣਾ, ਸੋਚਣਾ ਤੇ ਕਰਨਾ ਜਦੋਂ ਸੁਤੇ ਸਿਧ, ਸੁਭਾਵਕ ਰੂਪ ਵਿਚ ਹੋਣ ਲੱਗ ਪੈਂਦਾ ਹੈ ਇਸ ਨੂੰ ਨਾਮ ਸਿਧੀ ਵੀ ਆਖ ਸਕਦੇ ਹਾਂ। ਇਸੇ ਲਈ ਜਗਤ ਗੁਰੂ ਨਾਨਕ ਨੇ ਕਿਹਾ ਹੈ—

1. ਹਮਰੀ ਜਾਤਿ ਪਤਿ ਸਚੁ ਨਾਉ ॥ ਕਰਮ ਧਰਮ ਸੰਜਮੁ ਸਤ ਭਾਉ ॥
ਨਾਨਕ ਬਖਸੇ ਪੂਛ ਨ ਹੋਇ ॥ ਦੂਜਾ ਮੇਟੇ ਏਕੋ ਸੋਇ ॥
ਬੁਰਾ ਭਲਾ ਕਹੁ ਕਿਸ ਨੋ ਕਹੀਐ ॥ ਦੀਸੈ ਬ੍ਰਹਮੁ ਗੁਰਮੁਖਿ ਸਚ ਲਹੀਐ ॥
ਅਕਥ ਕਥਉ ਗੁਰਮਤਿ ਵੀਚਾਰੁ ॥ ਮਿਲਿ ਗੁਰ-ਸੰਗਤਿ ਪਾਵਉ ਪਾਰੁ ॥ 3 ॥ 15
ਆਸਾ ਪੰ: 353

2. ਕਰਮ ਧਰਮ ਕੀ ਸਾਰ ਨ ਜਾਣੈ ਸੁਰਤਿ ਮੁਕਤਿ ਕਿਉ ਪਾਈਐ ॥
ਨਾਨਕ ਗੁਰਮੁਖ ਸਬਦ ਪਛਾਣੈ ਅਹਿਨਿਸਿ ਨਾਮੁ ਧਿਆਈਐ ॥ ਆਸਾ ਪੰ: 437

3. ਗੁਰ ਕੀ ਸੇਵਾ ਸਬਦੁ ਵੀਚਾਰ ॥ ਹਉਮੈ ਮਾਰੈ ਕਰਣੀ ਸਾਰੁ ॥ 6 ॥ ਗਉੜੀ ਅਸਟ

4. ਕਰਮ ਕਰਤੂਤਿ ਅੰਮ੍ਰਿਤ ਫਲੁ ਲਾਗਾ ਹਰਿ ਨਾਮ ਰਤਨੁ ਮਨਿ ਪਾਇਆ ॥
ਪੰ: 1039

Digitized by Panjab Digital Library | www.panjabdigilib.org

5. ਨਾਨਕ ਨਾਮੁ ਮਿਲੈ ਵਡਿਆਈ ਏਦੂ ਉਪਰਿ ਕਰਮੁ ਨਹੀ ॥ ਪੰ: 903

## ਆਵਾਗਵਨ

ਹਉਮੈ ਏਹੀ ਬੰਧਨਾ ਫਿਰ ਫਿਰ ਜੋਨਿ ਪਾਹਿ ॥ 7 ॥ ਆਸਾ ਵਾਰ

ਅਰਥਾਤ ਹਉਮੈ ਦੇ ਕਾਰਨ ਇਛਾ ਅਤੇ ਇਛਾ ਦੇ ਕਾਰਨ ਕਰਮ ਹੁੰਦੇ ਹਨ। ਕਰਮਫਲ ਭੋਗਣ ਲਈ ਹੀ ਜਨਮ ਜਨਮਾਂਤਰਾਂ ਦੀਆਂ 84 ਲਖ ਜੋਨੀਆਂ ਵਿਚ ਫਿਰਨਾ ਪੈਂਦਾ ਹੈ—

1. ਜੋ ਆਵਹਿ ਸੋ ਜਾਹਿ ਫੁਨਿ ਆਇ ਗਏ ਪਛੁਤਾਹਿ*
ਲਖ ਚਉਰਾਸੀਹ ਮੇਦਨੀ ਘਟੈ ਨ ਬਧੈ ਉਤਾਹਿ ॥ 43 ॥ ਪੰ: 936
2. ਜੁੜਿ ਜੁੜਿ ਬਿਛੁੜੇ ਬਿਛੁੜਿ ਜੁੜੇ ॥ ਜੀਵਿ ਜੀਵਿ ਮੂਏ ਮੂਏ ਜੀਵੇ ॥
ਕੇਤਿਆਂ ਕੇ ਬਾਪ ਕੇਤਿਆਂ ਕੇ ਬੇਟੇ ਕੇਤੇ ਗੁਰ ਚੇਲੇ ਹੂਏ ॥
ਆਗੈ ਪਾਛੈ ਗਣਤ ਨਾ ਆਵੈ ਕਿਆ ਜਾਤੀ ਕਿਆ ਹੁਣਿ ਹੂਏ ॥ ਪੰ: 1238

ਪਾਪੀ, ਮਨਮੁਖ, ਮਾਇਆ ਧਾਰੀ, ਪਾਖੰਡੀ, ਸਾਕਤ, ਸੁਆਰਥੀ ਤੇ ਵਿਕਾਰੀ ਬੰਦਾ ਆਵਾਗਵਨ ਦੇ ਗੇੜਿਆਂ ਵਿਚ ਫਿਰ ਫਿਰ ਕੇ ਅਸ਼ਾਂਤ ਹੋ ਜਾਂਦਾ ਹੈ। ਉਸ ਲਈ ਅਗਿਆਨ ਦਾ ਅਥਾਹ ਹਨੇਰਾ ਹੀ ਨਰਕ-ਵਤ ਹੁੰਦਾ ਹੈ। ਇਸ ਤੋਂ ਬਚਣ ਦਾ ਸਾਧਨ ਸਹਿਜ ਯੋਗ ਦਸਿਆ ਗਿਆ ਹੈ ਜਿਸ ਦਾ ਅਧਾਰ ਨਾਮ ਹੈ—

1. ਨਿਰੰਕਾਰ ਮਹਿ ਆਕਾਰੁ ਸਮਾਵੈ ॥ ਅਕਲ ਕਲਾ ਸਚੁ ਸਾਚਿ ਟਿਕਾਵੈ ॥
ਸੋ ਨਰੁ ਗਰਭ ਜੋਨਿ ਨਹੀ ਆਵੈ ॥ ਆਸਾ ਪੰ: 414
2. ਫੂਟੋ ਆਂਡਾ ਭਰਮ ਕਾ ਮਨਹਿ ਭਇਓ ਪ੍ਰਗਾਸੁ ॥
ਕਾਟੀ ਬੇਰੀ ਪਗਹਿ ਤੇ ਗੁਰਿ ਕੀਨੀ ਬੰਦ ਖਲਾਸੁ ॥ 1 ॥......
ਆਵਣ ਜਾਣੁ ਰਹਿਓ ॥ ਤਪਤ ਕੜਾਹਾ ਬੁਝਿ ਗਇਆ ॥
ਗੁਰ ਸੀਤਲ ਨਾਮ ਦੀਓ ॥ ਰਹਾਉ ॥ 5 ॥ 14 ॥ ਮਾਰੂ
3. ਆਵਣੁ ਜਾਵਣੁ ਤਉ ਰਹੈ ਪਾਈਐ ਗੁਰੁ ਪੂਰਾ ॥
ਰਾਮ ਨਾਮੁ ਧਨੁ ਰਾਸਿ ਦੇਇ ਬਿਨਸੈ ਭ੍ਰਮੁ ਕੂਰਾ ॥ ਪੰ: 422

ਸਬਦ ਰਾਹੀਂ ਹਊਨੇ ਨੂੰ ਮਾਰ ਕੇ, ਆਸ ਅੰਦੇਸੇ ਤੋਂ ਨਿਹਕੇਵਲ ਹੋ ਕੇ (ਪੰ: 467) ਮਧਿਅਮ ਮਾਰਗ ਪੁਰ ਚਲਦਿਆਂ 'ਪੰਡਿਤ ਨਿਦ੍ਰਾ ਅਲਪ ਅਹਾਰੰਨਾਨਕ ਤਤ ਬੀਚਾਰੋ' ਦੀ ਅਵਸਥਾ ਵਿਚ ਜੀਵਨ ਮੁਕਤ ਹੋ ਜਾਣਾ ਹੀ ਉਤਮ ਹੈ—

1. ਬੰਧਨ ਤੋਰੇ ਸਹਜਿ ਧਿਆਨੁ ॥ ਪੰ: 416
2. ਦੂਖ ਸੁਖ ਦੋਊ ਸਮ ਕਰਿ ਜਾਨੈ ਬੁਰਾ ਭਲਾ ਸੰਸਾਰ ॥
ਸੁਧਿ ਬੁਧਿ ਸੁਰਤਿ ਨਾਮ ਹਰਿ ਪਾਈਐ ਸਤਿ ਸੰਗਤਿ ਗੁਰ ਪਿਆਰ ॥ ਮਲ੍ਹਾਰ

## ਗੁਰ ਪ੍ਰਸਾਦਿ

ਗੁਰੂ ਸ਼ਬਦ ਬਹੁਤ ਪੁਰਾਣਾ ਹੈ, ਇਸ ਵਿਚ ਕਈ ਭਾਵ ਅੰਕਿਤ ਹੋ ਗਏ ਹਨ—

* ਆਵਣ ਜਾਣ ਜਨਮ ਮਰਨ ਜਾਂ ਆਵਣ ਭੰਜਣ ਸਭੋ ਆਵਾਗਵਨ ਦੇ ਹੀ ਬੋਧਕ ਹਨ।

Digitized by Panjab Digital Library | www.panjabdigilib.org

[ਕ] ਸੰਸਕ੍ਰਿਤ ਵਿਚ 'ਗੁ' ਅੰਧਕਾਰ ਅਤੇ 'ਰੁ' ਪ੍ਰਕਾਸ਼ ਹੈ। ਮਾਇਆ ਦੇ ਅੰਧਕਾਰ ਰੂਪੀ ਅਗਿਆਨ ਵਿਚੋਂ ਕਢ ਕੇ ਪ੍ਰਕਾਸ਼ ਰੂਪੀ ਬ੍ਰਹਮ ਗਿਆਨ ਵਲ ਲੈ ਜਾਣ ਵਾਲਾ ਹੀ ਗੁਰੂ ਹੁੰਦਾ ਹੈ—

1. **ਗੁਰੁ ਦਾਤਾ ਗੁਰੁ ਹਿਵੈ ਘਰ ਦੀਪਕੁ ਤਿਹ ਲੋਇ ॥ ਮਾਝ ਵਾਰ**
2. **ਜੇ ਲਖ ਕਰਮ ਕਮਾਵਹੀ ਬਿਨੁ ਗੁਰ ਅੰਧਿਆਰਾ ॥** ਗਉੜੀ

[ਖ] √ਗ੍ਰ=ਬੋਲਣਾ, ਉਪਦੇਸ਼ ਦੇਣਾ; ਹੇ ਗੁਰੂ ਧਰਮ ਉਪਦੇਸ਼ਕ ਹੁੰਦਾ ਹੈ—

**ਛਿਅ ਘਰ ਛਿਅ ਗੁਰ ਛਿਅ ਉਪਦੇਸ਼ ॥** ਆਸਾ

ਗ੍ਰ ਦਾ ਅਰਥ ਨਿਗਲ ਜਾਣਾ ਵੀ ਹੈ। ਗੁਰੂ ਦਾ ਅਰਥ ਬਣਦਾ ਹੈ— ਅਗਿਆਨ ਦੇ ਹਨੇਰੇ ਨੂੰ ਖਾ ਜਾਣ ਵਾਲਾ ਤੇ ਮਾਇਆ ਨੂੰ ਪਚਾ ਜਾਣ ਵਾਲਾ।

[ਗ] ਗੁਰੂ ਦਾ ਅਰਥ ਯਤਨ ਤੇ ਉਦਮ ਕਰਨ ਵਾਲਾ ਵੀ ਹੈ ਅਤੇ ਗੁਰੁ ਭਾਰਾ, ਵਡਾ ਜਾਂ ਪ੍ਰਧਾਨ ਨੂੰ ਵੀ ਆਖਦੇ ਹਨ। ਪ੍ਰਮੁਖ ਬਚਨ ਨੂੰ ਗੁਰ ਸ਼ਬਦ ਜਾਂ ਗੁਰ ਬਾਣੀ ਕਿਹਾ ਗਿਆ ਹੈ—

1. **ਗੁਰ ਸਬਦੀ ਸਭੁ ਬ੍ਰਹਮ ਪਛਾਣਿਆ ॥ 15 ॥ 5 ॥ 22 ॥ ਪੰ: 1043**
2. **ਗੁਰ ਬਾਣੀ ਨਿਰਬਾਣੁ ਸਬਦਿ ਪਛਾਣਿਆ ॥ ਸੂਹੀ ॥ ਪੰ: 752**

[ਘ] ਮਨੁਖ ਦਾ ਗੁਝਾ ਤੇ ਨਿਕਟ ਦਾ ਗੁਰੂ ਉਸ ਦਾ ਅੰਤਹਕਰਣ ਹੈ। ਮਹਾਤਮਾ ਗਾਂਧੀ ਨੇ ਉਸ ਨੂੰ 'ਅੰਦਰਲੀ ਅਵਾਜ਼' ਕਿਹਾ ਹੈ। ਨਾਨਕ-ਬਾਣੀ ਵਿਚ ਇਹ ਭਾਵ ਵੀ ਕਿਤੇ ਕਿਤੇ ਆਇਆ ਹੈ—

**ਕੁੰਭੇ ਬਧਾ ਜਲ ਰਹੈ, ਜਲੁ ਬਿਨ ਕੁੰਭ ਨਾ ਹੋਇ ॥**
**ਗਿਆਨ ਦਾ ਬਧਾ ਮਨੁ ਰਹੈ, ਗੁਰ ਬਿਨੁ ਗਿਆਨ ਨ ਹੋਇ ॥** ਪੰਨਾ 469

[ਙ] ਪ੍ਰਭੂ ਨੂੰ ਗੁਰੂ ਕਹਿਣ ਦੀ ਪੁਰਾਣੀ ਪ੍ਰਥਾ ਹੈ।*ਯੋਗ ਸੂਤਰ ਵਿਚ ਆਇਆ ਹੈ—

ਸ ਪੂਰ੍ਵੇਸ਼ਾਮਪਿ ਗੁਰੁ: ਕਾਲੇ ਨਾਨਵਚ੍ਛੇਦਾਨ੍ । ਸਮਾਧਿ ਪਾਦ । 26

ਉਹ ਸ੍ਰਿਸ਼ਟੀ ਦੇ ਅਰੰਭ ਵਿਚ ਅਤੇ ਵਿਕਾਸ ਦੇ ਬਾਦ ਵੀ ਗੁਰੂ ਹੈ। ਨਾਨਕ-ਬਾਣੀ ਵੀ ਆਖਦੀ ਹੈ - ਭੇਦੁ ਨਾ ਹੀ ਗੁਰ ਦੇਵ ਮੁਰਾਰ (ਪੰ: 504); ਹਰਿ ਗੁਰ ਮੂਰਤਿ ਏਕਾ ਵਰਤੇ ਨਾਨਕ ਹਰਿ ਗੁਰੁ ਭਾਇਆ (ਪੰ: 1043); ਗੁਰ ਗੁਰ ਏਕੋ ਵੇਸ ਅਨੇਕ (ਪੰ: 357); ਸਿਫ਼ਤਿ ਸਹਜ ਬਰਿ ਗੁਰੁ ਕਰਤਾਰ (ਪੰ: 413); ਹਰਿ ਗੁਰੁ ਦਾਤਾ ਰਾਮ ਗੁਪਾਲਾ (ਪੰ: 416); ਗੁਰੁ ਈਸਰੁ ਗੁਰੁ ਗੋਰਖੁ ਬਰਮਾ, ਗੁਰ ਪਾਰਬਤੀ ਮਾਈ ॥ 6 ॥ ਜਪੁ ਤਪੁ ਨਿਰੰਜਨੁ ਜੋਤਿ ਸਬਾਈ ਸੋਹੇ ਭੇਦੂ ਨ ਕੋਈ ਜੀਉ। ਅਪਰੰਪਰ ਪਾਰ ਬ੍ਰਹਮੁ ਪਰਮੇਸਰ ਨਾਨਕ ਗੁਰ ਮਿਲਿਆ ਸੋਈ

---

**(i) ਅਰਜੁਨ ਨੇ ਕ੍ਰਿਸ਼ਨ ਨੂੰ ਕਿਹਾ ਸੀ—'शष्यस्तेऽहं शाकि मां वां प्रपन्नम,7।2 ਮੈਂ ਤੁਹਾਡਾ ਸ਼ਿਸ਼ (ਸਿਖ) ਹਾਂ ; ਤੁਹਾਡੀ ਸ਼ਰਣ ਵਿਚ ਆਇਆ ਹਾਂ ; ਮੈਨੂੰ ਸਿਖਿਆ ਦਿਓ !

(ii) गुरुब्रह्मा गुरुविषणु, गुरुर्देवो महेश्वर :
गुरु साक्षात्परं ब्रह्मा तस्में श्री गुरुवे नम:॥ गुरुलीतायम

Digitized by Panjab Digital Library | www.panjabdigilib.org

ਜੀਓ ॥ ਪੰਨਾ 599

ਸਾਧਨਾ ਪਖ ਵਿਚ ਸਰੀਰ ਧਾਰੀ ਗੁਰੂ ਦੀ ਮਹਤਾ ਭਾਰਤੀ ਸੰਸਕ੍ਰਿਤੀ ਦੀ ਵਿਸ਼ੇਸ਼ਤਾ ਰਹੀ ਹੈ। ਗੁਰਬਾਣੀ ਵੀ ਇਸ ਪਖ ਤੇ ਵਿਚਾਰ ਕਰਦੀ ਹੈ—

**ਗੁਰੁ ਸੇਵਿ ਮਨਾ ਹਰਿ ਜਨ ਸੰਗੁ ਕੀਜੈ ॥**
**ਜਮ ਜੰਦਾਰੁ ਜੋਹਿ ਨਹੀ ਸਾਕੈ, ਸਰ ਪਨਿ ਡਸਿ ਨ ਸਕੈ ਹਰਿ ਕਾ ਰਸ ਪੀਜੈ ॥**
**ਰਾਮ ਕਲੀ**

ਪਰੰਤੂ ਗੁਰ-ਸੇਵਾ ਦਾ ਭਾਵ ਸੂਖਮ ਅਰਥ ਵੀ ਰਖਦਾ ਹੈ ਅਤੇ ਇਥੇ ਵੀ ਨਾਮ ਸਾਧਨਾ ਆ ਜਾਂਦੀ ਹੈ—

**ਗੁਰ ਕੀ ਸੇਵਾ ਸਬਦੁ ਵੀਚਾਰੁ। ਹਉਮੈ ਮਾਰੇ ਕਰਣੀ ਸਾਰੁ।**
**ਜਤ ਤਪ ਸੰਜਮ ਪਾਠ ਪੁਰਾਣ। ਕਹੁ ਨਾਨਕ ਅਪਰੰਪਰ ਮਾਨ ॥ ਪੰ: 223**

ਇਸ ਦੇ ਉਲਟ ਮਾਇਆ ਦੀ ਸੇਵਾ ਹੈ—

**ਚੇਰੀ ਕੀ ਸੇਵਾ ਕਰਹਿ ਠਾਕੁਰੁ ਨਹੀਂ ਦੀਸੈ।**
**ਪੋਖਰੁ ਨੀਰੁ ਵਿਰੋਲੀਐ ਮਾਖਨ ਨਹੀਂ ਰੀਸੈ ॥ ਗਉੜੀ ਬੈਰਾਗਣਿ**

ਮੈਂ ਭਾਈ ਜੋਧ ਸਿੰਘ ਜੀ ਦੇ ਇਸ ਵਿਚਾਰ ਨਾਲ ਸਹਿਮਤ ਨਹੀਂ ਹੋ ਸਕਿਆ ਕਿ "ਗੁਰੂ ਪਦ ਸਿਖ ਧਰਮ ਵਿਚ ਉਹਨਾਂ ਅਰਥਾਂ ਵਿਚ ਵਰਤਿਆ ਗਿਆ ਹੈ ਜਿਨ੍ਹਾਂ ਵਿਚ ਪਹਿਲੋਂ ਅਵਤਾਰ ਵਰਤਿਆ ਜਾਂਦਾ ਸੀ। ਤੇ ਇਸ ਦਾ ਭਾਵ ਉਹਨਾਂ ਖਾਸ ਹਸਤੀਆਂ ਤੋਂ ਹੈ ਜੋ ਨਿਰੰਕਾਰ ਵਲੋਂ ਧਰਮ ਨੂੰ ਮੁੜ ਪਰਗਟ ਕਰਨ ਲਈ ਘਲੀਆਂ ਗਈਆਂ ॥"*

ਗਰੰਥ ਸਾਹਿਬ ਦੀ ਵਿਚਲੀ ਗਵਾਹੀ ਅਵਤਾਰਵਾਦ ਦੇ ਨਿਪਟ ਉਲਟ ਹੈ। ਵੈਸ਼ਣੂ ਭਾਵ ਧਾਰਾ ਨੇ ਸਿਖਾਂ ਵਿਚ ਅਵਤਾਰਵਾਦ ਦੇ ਇਸ ਰੂਪ ਨੂੰ ਪ੍ਰਚਲਿਤ ਕਰਵਾ ਕੇ ਇਕ ਪਰਕਾਰ ਦਾ ਬਦਲਾ ਲਿਆ ਹੈ ਉਸ ਮਹਾਨ ਕ੍ਰਾਂਤੀ ਦਾ ਜ ਗੁਰੂ ਨਾਨਕ ਦੇਵ ਨੇ ਅਵਤਾਰਵਾਦ ਤੇ ਸਿਲਾ ਪੂਜਾ ਦੀ ਨਖੇਧੀ ਕਰ ਕੇ ਅਰੰਭਿਆ ਸੀ। ਸਾਡੀ ਸਮਤਾ ਤੇ ਪੁਰਾਤਨ ਸੰਸਕਾਰਾਂ ਨੇ ਗੁਰੂ ਜੀ ਨੂੰ ਵੀ ਅਵਤਾਰ ਮੰਨ ਲਿਆ। ਕੁਝ ਤਿਬਤੀ ਲੋਕ ਮਾਨ ਸਰੋਵਰ ਦੇ ਕੰਢੇ ਆਪਣੇ ਮੰਦਰ ਵਿਚ ਗੁਰੂ ਨਾਨਕ ਦੇਵ ਦੀ ਮੂਰਤੀ ਵੀ ਪੂਜਦੇ ਹਨ ਅਤੇ ਉਹਨਾਂ ਨੂੰ ਭਦਰ ਗੁਰੂ ਆਖਦੇ ਹਨ।

ਜੀਵ ਤੇ ਜਗਤ ਪ੍ਰਭ ਦੇ ਅਧੀਨ ਹਨ। ਜੀਵ ਅਸਮਰਥ ਤੇ ਅਲਪ-ਗਿਆਨੀ ਹੈ। ਉਹ ਆਪਣੇ ਕਰਮਾਂ ਦਾ ਆਪ ਨਿਰਣਾ ਨਹੀਂ ਕਰ ਸਕਦਾ। ਆਪਾ ਮਾਰ ਕੇ, ਫਲ ਦੀ ਇਛਾ ਛਡ ਕੇ ਸਤਿਗੁਰ ਕੋਲ ਸ਼ਰਨਾਗਤ ਰੂਪ ਵਿਚ ਆਉਣਾ ਤੇ ਨਾਮ ਲੀਨ ਹੋ ਕੇ ਪਰਮ ਪਦ ਲਈ ਸਾਧਨਾ ਕਰਨਾ—ਇਹ ਸਭ ਕੁਝ ਗੁਰ ਪ੍ਰਸਾਦ ਜਾਂ ਪ੍ਰਭ ਦੀ ਅਨੁਕੰਪਾ ਕਰ ਕੇ ਹੀ ਸੰਭਵ ਹੈ :—

1. **ਗੁਰ ਕੈ ਸਬਦਿ ਤਰੇ ਮੁਨਿ ਕੇਤੇ ਇੰਦਰਾਦਿਕ ਬ੍ਰਹਮਾਦਿ ਤਰੇ।**
**ਸਨਕ ਸਨੰਦਨ ਤਪਸੀ ਜਨ ਕੇਤੇ ਗੁਰ ਪਰਸਾਦੀ ਪਾਰਿ ਪਰੇ ॥** ਪੰ: 1125
2. **ਗੁਰ ਪ੍ਰਸਾਦੀ ਬੂਝਿ ਲੇ ਤਉ ਹੋਇ ਨਿਬੇਰਾ।**

*ਗੁਰਮਤ ਨਿਰਣਯ ਪੰ: 108

Digitized by Panjab Digital Library | www.panjabdigilib.org

ਘਰਿ ਘਰਿ ਨਾਮੁ ਨਿਰੰਜਨ ਸੋ ਠਾਕੁਰੁ ਮੇਰਾ ॥ ਗਉੜੀ

3. ਸਾਗਰੰ ਸੰਸਾਰਸਯ ਗੁਰ ਪਰਸਾਦੀ ਤਰਹਿ ਕੇ । ਸਲੋਕ ਸਹੰਸਕ੍ਰਿਤੀ

ਇਸੇ ਭਾਵ ਲਈ ਸ਼ੰਕਰ ਅਚਾਰਜ ਦੀ ਬਾਨੀ ਵਿਚ ਦੋ ਵਡਮੁਲੇ ਵਾਕ ਆਏ ਹਨ—

ईश्वरदानुग्रहा देव पुमान द्वैत वासन ।

=ਈਸ਼ਰ ਦੀ ਕਿਰਪਾ ਨਾਲ (ਗੁਰ ਪਰਸਾਦਿ) ਮਨੁਖ ਇਕ ਵਿਚ ਵਸ ਜਾਂਦਾ ਹੈ ।

कथं त्वत्कटाक्षं विना तत्त्व बोध

=ਤੇਰੀ ਨਦਰ ਤੇ ਮੇਹਰ ਬਿਨਾਂ ਤੱਤ ਦਾ ਬੋਧ ਜਾਂ ਬ੍ਰਹਮ ਗਿਆਨ ਦੀ ਪ੍ਰਾਪਤੀ ਕਿਵੇਂ ਹੋ ਸਕਦੀ ਹੈ ? ਅਸੰਭਵ ਹੈ ।

ਮੇਹਰ, ਅਨੁਗ੍ਰਹਿ, ਅਨੁਕੰਪਾ ਜਾਂ ਗੁਰ ਪ੍ਰਸਾਦਿ, ਕਟਾਖ ਜਾਂ ਨਦਰਿ ਨਿਹਾਲ ਇਕੋ ਭਾਵ ਨੂੰ ਪਰਗਟ ਕਰਦੇ ਹਨ । ਗਿਆਤਾ, ਗਿਆਨ ਤੇ ਜਾਨਣ ਯੋਗ ਤੋਂ ਪਰੇ ਮਨੁਖੀ ਬੁਧੀ ਨਹੀਂ ਜਾ ਸਕਦੀ ਉਥੇ ਕਵਲ ਗੁਰ ਪ੍ਰਸਾਦਿ ਹੀ ਸਹਾਈ ਹੁੰਦਾ ਹੈ । ਇਸ ਅਵਸਥਾ ਤਕ ਅਪੜਨ ਲਈ ਵੀ ਕੁਝ ਸ਼ਰਤਾਂ ਪੂਰੀਆਂ ਕਰਨੀਆਂ ਪੈਂਦੀਆਂ ਹਨ —

1. ਸਾਚ ਸਹਜ ਗੁਰ ਤੇ ਉਪਜੈ ਭਾਈ ਮਨ ਨਿਰਮਲ ਸਾਚਿ ਸਮਾਈ
ਗੁਰ ਸੇਵੈ ਸੋ ਬੂਝੈ ਭਾਈ ਗੁਰ ਬਿਨੁ ਮਗੁ ਨ ਪਾਈ ॥ 4 । 2 । ਸੋਰਠਿ ਅਸਟ:

2. ਬਿਨੁ ਗੁਰ ਰੋਗੁ ਨ ਤੁਟਈ ਹਉਮੈ ਪੀੜ ਨਾ ਜਾਇ
ਗੁਰੂ ਪਰਸਾਦੀ ਮਨਿ ਵਸੈ ਨਾਮੇ ਮਰੇ ਸਮਾਇ ॥ 1 24 । 57 ॥ ਸਿਰੀ ਰਾਗੁ

**ਸਾਰਾਂਸ਼**—ਮੂਲ ਮੰਤਰ ਵਿਚ ਆਏ ਸਿਧਾਂਤਾਂ ਨੇ ਹੀ ਗੁਰਮਤ ਨੂੰ ਹੋਰ ਮਤਾਂ ਨਾਲੋਂ ਵਖਰਾ ਤੇ ਸੁਣਖਾ ਬਣਾਇਆ ਹੈ । ਇਸ ਫ਼ਲਸਫ਼ੇ ਪ੍ਰਤਿ ਨਾਨਕ ਬਾਣੀ ਆਪ ਕਹਿੰਦੀ ਹੈ--

1. ਹਰਿ ਕੀਰਤਿ ਰਹਰਾਸਿ ਹਮਾਰੀ ਗੁਰਮੁਖ ਪੰਥ ਅਤੀਤੰ ॥ ਗਉੜੀ ।
2 ਗੁਰਮਤਿ ਲੇਹਿ ਤਰਹੁ ਭਵ ਦੁਤਰੁ ਮੁਕਤ ਭਏ ਸੁਖੁ ਪਾਇਆ ॥ ਮਾਰੂ ਸੋਲਹੇ
3. ਸਭਸੈ ਉਪਰਿ ਗੁਰ ਸਬਦੁ ਬੀਚਾਰੁ । ਹੋਰ ਕਥਨੀ ਬਦਉ ਨ ਸਗਲੀ ਛਾਰੁ ॥ ਰਾਮ ਕਲੀ

ਮੂਲ ਮੰਤ੍ਰ ਵਿਚ ਸਿਧਾਂਤ ਦਾ ਝੁਕਾਉ ਨਿਰਗੁਣ ਨਿਰੰਕਾਰ ਵਲ ਵਧੇਰੇ ਹੈ । ੧ੳ ਵਿਚ ਨਿਰੰਕਾਰ ਵਲ ਹੀ ਇਸ਼ਾਰਾ ਹੈ; ਸਤਿਨਾਮ ਤੇ ਕਰਤਾ ਪੁਰਖ ਵੀ ਨਿਰੰਕਾਰ ਦੀ ਸ਼ਕਤੀ ਤੇ ਕੁਦਰਤ ਨੂੰ ਦਰਸਾਉਂਦੇ ਹਨ । ਨਿਰਭਉ, ਨਿਰਵੈਰ, ਅਕਾਲ ਮੂਰਤਿ ਤੇ ਅਜੋਨਿ ਵਿਚ ਨਿਰਗੁਣ ਨਿਰੰਕਾਰ ਧੁਨ ਭਰੀ ਹੋਈ ਹੈ; ਸੈਭੰ ਤਾਂ ਇਕੋ ਇਕ; ਕਰਣ ਕਾਰਣ ਸਮਰਥ, ਨਿਰੰਕਾਰ ਹੀ ਹੈ ।

ਇਹ ਮੂਲ ਮੰਤ੍ਰ ਇਕ ਇਨਕਲਾਬੀ ਘੋਸ਼ਣਾ ਹੈ ਜੋ ਭੇਦ ਭਾਵ ਮਿਟਾ ਕੇ ਸਰਬ-ਸਾਂਝੀ ਜੀਵਨ ਨੁਹਾਰ ਵੇਖਣ ਦਾ ਸੱਦਾ ਦੇਂਦੀ ਹੈ । ਖੋਜਤਾਰ ਫ੍ਰੇਡਰਿਕ ਪਿਨਕਾਟ ਨੇ ਸਚ ਕਿਹਾ ਹੈ—

**"Such was Nanak; idea of the Creator and sustainer of the phenomenal world; and it was a conception which at once abrogated all petty distinctions of creed, and sect, and dogma, and ceremony. The realisation of such a God shatters the sophistries of the theologain and**

Digitized by Panjab Digital Library | www.panjabdigilib.org

he quibblings of the dialecticians; it clears the brow from the gloom of obstruse pondering over trifles and l aves the heart free for the exercise of human sympathies."

## ਉਪ ਸੰਹਾਰ

ਲੋਕ ਨੀਤੀ, ਲੋਕ ਲਹਿਰ ਜਾਂ ਲੋਕ-ਆਦਰਸ਼ ਵਲ ਰਾਜਿਆਂ ਦੇ ਇਤਿਹਾਸ ਨੇ ਧਿਆਨ ਨਹੀਂ ਦਿਤਾ। ਡਾ: ਰਾਇਬਰਨ ਦੇ ਸ਼ਬਦਾਂ ਵਿਚ 'ਜੇ ਕਰ ਓਦੋਂ ਵੀ ਲੋਕਤੰਤ੍ਰ ਹੁੰਦਾ ਤਾਂ ਗੁਰੂ ਨਾਨਕ ਨੂੰ ਸ਼ਾਂਤੀ ਤੇ ਸਾਂਝੀਵਾਲਤਾ ਦਾ ਬੇ ਮਿਸਾਲ ਪ੍ਰਚਾਰਕ ਮੰਨ ਕੇ ਇਤਿਹਾਸ ਕਹਿੰਦਾ 'ਨਾਨਕ ਮਹਾਨ' Nanak the Great.'

ਇਤਿਹਾਸ ਭਾਵੇਂ ਸਚ ਤੇ ਪਰਦੇ ਪਾਵੇ, ਭਾਵੇਂ ਸੱਚ ਦੀ ਅਣਗਹਿਲੀ ਕਰੇ ਓੜਕ ਸਚ ਰਹੇਗਾ ਤੇ ਜਿਤੇਗਾ। ਆਪਣੇ ਸਮਕਾਲੀ ਸਮਾਜ ਵਿਚ ਕਿਸੇ ਵਿਰਲੇ ਵਿਚਾਰਕ ਜਾਂ ਦਾਰਸ਼ਨਿਕ ਨੂੰ ਸਤਿਕਾਰ ਮਿਲਿਆ ਕਰਦਾ ਹੈ; ਪਰ ਗੁਰੂ ਨਾਨਕ ਦੇਵ ਨੇ ਆਪਣੇ ਜੀਵਨ ਕਾਲ ਵਿਚ ਹੀ ਆਪਣੀ ਲੋਕ ਪ੍ਰਿਯਤਾ ਵੇਖ ਲਈ ਸੀ।* ਉਨ੍ਹਾਂ ਦੇ ਦਰਸ਼ਨਾਂ ਲਈ ਲੋਕ ਦੂਰੋਂ ਦੂਰੋਂ ਆਉਂਦੇ ਸਨ ਤੇ ਜੈਕਾਰ ਕਰਦੇ ਸਨ–

**ਨਦਰ ਕਰੇ ਜੇ ਆਪਣੀ ਆਪੇ ਲਏ ਰਲਾਇ ਜੀਓ।**
**ਨਾਨਕ ਗੁਰਮੁਖਿ ਪਰਗਟੁ ਹੋਇਆ ਜਾ ਕਉ ਜੋਤਿ ਧਰੀ ਕਰਤਾਰ ਜੀਓ ॥ 15**
**ਪ੍ਰਗਟ ਪ੍ਰਤਾਪੁ ਵਰਤਾਇਓ, ਸਭ ਲੋਕੁ ਕਰੈ ਜੈਕਾਰੁ ਜੀਓ ॥ 17 ॥** ਪੰ: 73

ਨਾਨਕ ਦਰਸ਼ਨ ਦੀ ਲੋਕ ਪ੍ਰਿਯਤਾ ਦਾ ਕਾਰਨ ਇਹ ਸੀ ਕਿ ਉਸਨੇ ਸਹਿ-ਭਜਨ ਅਤੇ ਸਹਿ-ਭੋਜਨਿ ਤੋਂ ਅਗੇ ਵਧ ਕੇ ਸਹਿ ਅਸਤਿਤਵ, ਭਾਵ ਏਕਤਾ ਤੇ ਸਰਬਤ ਦੇ ਭਲੇ ਲਈ ਮਹਾਨ ਉਦਮ ਕੀਤਾ—

1. **ਨਾਨਕ ਆਤਮ ਰਾਮੁ ਸਬਾਇਆ ਗੁਰ ਸਤਿਗੁਰ ਅਲਖ ਲਖਾਇਆ ॥**
ਪੰ: 1043

2. **ਨਾਨਕ ਸਤਿਗੁਰ ਐਸਾ ਜਾਣੀਐ ਜੋ ਸਭ ਸੇ ਲਏ ਮਿਲਾਏ ਜੀਉ ॥** ਸਿਰੀਰਾਗੁ

ਨਾਨਕ-ਬਾਣੀ ਦੇ ਮੂਲ-ਮੰਤਰ ਦੇ ੧ਓ ਤੋਂ ਲੈ ਕੇ ਅੰਤਲੇ ਸਲੋਕ ਦੇ ਵਾਕ—'ਪੂਰੇ ਮਾਂਹਿ ਸਮਾਹੀਂ' ਤਕ ਦਰਸ਼ਨ ਹੀ ਦਰਸ਼ਨ ਹੈ—ਕਿਤੇ ਮਨ ਦੇ ਖੰਡਾਂ ਤੇ ਮੰਡਲਾਂ ਦੇ ਦਰਸ਼ਨ ਕਿਤੇ ਨਵੇਂ ਸਾਜੇ ਸੁਣਖੇ ਗੁਰਮੁਖ ਸਮਾਜ ਦੇ ਦਰਸ਼ਨ, ਕਿਤੇ ਸਤਿਗੁਰ ਪਾਰਬ੍ਰਹਮ ਦੇ ਦਰਸ਼ਨ--ਕਰਿਸ਼ਮਾ ਦਾਮੁਨਿ

---

*History shows that, however clever it my be, no eclectic philosophy has survived much beyond the generation of its invention, yet the perosonal influence of Guru Nanak on his disciples is certainly no les to-day than it was two hundred years ago and may evon be held to be growing warmar and more devotional.

Duncan Greenless : The Gospel of the Guru Granth Sahib.
p. clxviii

Digitized by Panjab Digital Library | www.panjabdigilib.org

ਦਿਲ ਮੀਕਸ਼ਦ ਕਿ ਜਾ ਈਂ ਜਾਸਤੇ :—

**ਦਰ ਦਰਸ਼ਨ ਕਾ ਪ੍ਰੀਤਮ ਹੋਵੈ ਮੁਕਤਿ ਬੈਕੁੰਠੈ ਕਰੈ ਕਿਆ ।**—ਆਸਾ

ਗੁਰੂ ਨਾਨਕ ਨੇ ਅਗੰਮੀ ਨਿਰੰਕਾਰ ਦੇ ਦਰਸ਼ਨ ਜਨ-ਗਣ-ਮਨ ਲਈ ਸਰਲ ਅਤੇ ਸਹਿਜ ਬਣਾ ਦੇਣ ਦਾ ਉਦਮ ਕੀਤਾ; ਜੀਵਨ ਦੀਆਂ ਕਦਰਾਂ ਬਦਲ ਕੇ ਮਨੁੱਖੀ ਧਰਮ ਦੀ ਨਵੀਂ ਵਿਆ-ਖਿਆ ਕੀਤੀ ਹੈ। ਦੂਜਾ ਭਾਇ (ਦਵੈਤ) ਮਿਟਾ ਕੇ ਸ਼ਭਨਾਂ ਮਤਾਂ ਦਾ ਆਧਾਰ ਸਾਤਵਿਕਤਾ ਨੂੰ ਬਨਾਉਣ ਲਈ ਪ੍ਰੇਰਨਾ ਦਿਤੀ ਹੈ। ਸੁਚੀ ਰਹਿਣੀ ਬਹਿਣੀ ਨੂੰ ਸਚਿਆਈ ਤੋਂ ਵੀ ਉਚੇਰਾ ਦਰਜਾ ਦਿਤਾ। ਉਨ੍ਹਾਂ ਨੇ ਗੁਰ ਪ੍ਰਸਾਦਿ ਰਾਹੀਂ ਹਉਮੈ ਤੋਂ ਨਿਕਲਣ ਲਈ ਸੇਵਾ ਕਮਾ ਕੇ ਨਿਸ਼ਕਾਮ ਰਹਿਣ ਦਾ ਨਵਾਂ ਆਦਰਸ਼ ਥਾਪਿਆ। ਕਰਮ ਕਾਂਡਾਂ, ਅੰਧ ਵਿਸ਼ਵਾਸ਼ਾਂ, ਭਰਮਾਂ, ਕੋਝਾਂ ਤੇ ਅਡੰਬਰਾਂ ਨੂੰ ਦੂਰ ਕਰਨ ਲਈ ਉਨ੍ਹਾਂ ਨੇ ਸਮਾਜਕ ਕ੍ਰਾਂਤੀ ਦੀ ਲਹਿਰ ਚਲਾਈ। ਜਾਤ-ਪਾਤ, ਛੂਤ-ਛਾਤ ਮੂਰਤੀ ਪੂਜਾ, ਅਵਤਾਰ ਵਾਦ, ਭੌਤਿਕਵਾਦ, ਤੀਰਥ ਵਰਤ, ਤੰਤ ਮੰਤ, ਧੰਨ ਸੰਚੇ (ਪੂੰਜੀਵਾਦ) ਦੀ ਨਿਖੇਧੀ ਕੀਤੀ। ਮਤਮਤਾਂਤਰਾਂ ਨੂੰ ਅਭੇਦ ਬੁਧੀ ਦੀ ਪਰਖ ਵੱਟੀ ਤੇ ਵੇਖਣ ਦੀ ਜੁਗਤ ਦਸੀ। ਸਰਬੱਤ ਦਾ ਭਲਾ ਕਰਨਾ, ਗੁਰਮੁਖ ਬਣਕੇ ਰਹਿਣਾ, ਭਿਖਿਆ ਬ੍ਰਿਤੀ ਛਡ ਕੇ ਕਿਰਤ ਕਮਾਉਣੀ ਤੇ ਵੰਡ ਕੇ ਛਕਣਾ ਸਿਖਾਇਆ—'ਘਾਲਿ ਖਾਇ ਕਿਛੁ ਹਥਹੁ ਦੇਇ।'

ਗੁਰੂ ਨਾਨਕ ਦੇਵ ਨੇ ਮਨੁਖ ਮਾਤਰ, ਸਗੋਂ ਸਗਲੇ ਜੀਆ ਜੰਤ ਨੂੰ ਆਤਮ-ਵਤ ਸਮਝਣ, ਦੁਖ ਸੁਖ ਵਿਚ ਸਮਦਰਸ਼ੀ ਬਨਣ, ਨਾਮ ਵਿਚ ਲਿਵਲੀਨ ਹੋ ਕੇ, ਜੀਵਨ ਮੁਕਤ ਹੋ ਕੇ, ਆਸਾ ਮਹਿ ਨਿਰਾਸ ਤੇ ਘਰ ਵਿਚ ਉਦਾਸ ਰਹਿਣ ਦਾ ਸਿਧ-ਪਧਰਾ ਮਧ-ਮਾਰਗ ਵਾਲਾ ਸਹਿਜ ਯੋਗ ਸਿਖਾਇਆ। ਉਨ੍ਹਾਂ ਦੇ ਦਾਰਸ਼ਨਿਕ ਆਦਰਸ਼ ਸਚੇ ਤੇ ਸੁਚੇ ਜੀਵਨ ਦੇ ਸੋਨ ਮੁਨਾਰੇ ਹਨ ਜੋ ਉਨ੍ਹਾਂ ਨੇ ਸਾਡੇ ਇਤਿਹਾਸ ਦੇ ਸੰਕਟ ਸਮੇਂ ਉਸਾਰੇ।

ਇਨ੍ਹਾਂ ਸੋਨ-ਮੁਨਾਰਿਆਂ ਤੋਂ ਸੁੰਦਰ ਤੇ ਕਲਿਆਣਕਾਰੀ ਜੀਵਨ ਦਾ ਰਾਗ ਗੂੰਜਦਾ ਰਹਿੰਦਾ ਹੈ। ਸੰਸਾਰ ਦੀ ਅਵਿਦਿਆ ਤੇ ਪਾਪ ਦੇ ਘੁਪ ਹਨੇਰੇ ਲਈ ਇਸ ਅਰਸ਼ੀ ਬਾਣੀ ਦੀ ਇਕ ਕਿਰਨ ਵੀ ਕਾਫ਼ੀ ਹੈ। ਇਸ ਦੀ ਇਕ ਇਕ ਕਿਰਨ ਹਿਰਦੇ ਪਰਿਵਤਨ ਕਰਕੇ ਮਨ-ਮੁਖ ਨੂੰ ਗੁਰਮੁਖ ਤੇ ਠਗ ਨੂੰ ਸੱਜਣ ਬਣਾ ਸਕਦੀ ਹੈ। ਨਾਨਕ-ਦਰਸ਼ਨ ਮਾਨਸ ਤੋਂ ਦੇਵਤਾ ਬਣਾ ਸਕਦਾ ਹੈ; ਇਸ ਵਿਚ ਸ਼ਕਤੀ ਵੀ ਹੈ ਤੇ ਸ਼ਾਂਤੀ ਵੀ।

———

Digitized by Panjab Digital Library | www.panjabdigilib.org

# ਗੁਰੂ ਨਾਨਕ ਦੀ ਬਾਣੀ ਦੀ ਬਿੰਬਾਵਲੀ

ਗੁਰੂ ਨਾਨਕ ਦੀ ਬਾਣੀ ਦਾ ਧੁਰਾ ਜੀਵ ਦਾ ਪਰਮਾਤਮਾ ਪਰਮ ਸੱਤ ਨਾਲ ਇੱਕ ਹੋ ਜਾਣ ਦਾ ਸੰਕਲਪ ਹੈ। ਸਰਵੱਤਰ ਮਨੁੱਖੀ ਵਿਚਾਰ ਅਨੁਸਾਰ ਗੁਰੂ ਨਾਨਕ ਦੇ ਮਤ ਵਿਚ ਵੀ ਇਸ ਏਕਤਾ ਦੀ ਪ੍ਰਾਪਤੀ ਦੇ ਤਿੰਨ ਪ੍ਰਕਾਰ ਦੇ ਸਾਧਨ ਹਨ—ਗਿਆਨ, ਕਰਮ ਤੇ ਪ੍ਰੇਮ ਜਾਂ ਭਗਤੀ। ਸਿੱਖ ਮਤ ਵਿਚ ਆਮ ਕਰਕੇ ਭਗਤੀ ਦੇ ਸਾਧਨ ਅਥਵਾ ਮਾਰਗ ਨੂੰ ਉੱਤਮ ਸਮਝਿਆ ਜਾਂਦਾ ਹੈ। ਇਸ ਦਾ ਕਾਰਣ ਕੇਵਲ ਇਹ ਹੈ ਕਿ ਮਨੁੱਖ ਦਾ ਗਿਆਨ ਤੇ ਕਰਮ ਦੀ ਸ਼ਕਤੀ ਸੀਮਿਤ ਹਨ ਤੇ ਪਰਮਸੱਤ ਜਿਸ ਨੂੰ ਉਹ ਪ੍ਰਾਪਤ ਹੋਣਾ ਲੋੜਦਾ ਹੈ ਅਸੀਮ ਹੈ। ਸੋ ਜਿੱਥੇ ਗਿਆਨ ਤੇ ਕਰਮ ਪ੍ਰਾਪਤੀ ਤੋਂ ਪਹਿਲਾਂ ਹੀ ਖਤਮ ਹੋ ਜਾਵੇ ਉਥੇ ਬਾਕੀ ਦਾ ਰਸਤਾ ਕੇਵਲ ਪ੍ਰੇਮ ਜਾਂ ਭਗਤੀ ਰਸ ਵਿਚ ਹੀ ਕੱਟਿਆ ਜਾ ਸਕਦਾ ਹੈ। ਅਸਲ ਵਿਚ ਤਾਂ ਇਉਂ ਕਹਿਣਾ ਚਾਹੀਦਾ ਹੈ ਕਿ ਗੁਰੂ ਨਾਨਕ ਦੇ ਜਾਂ ਸਿੱਖੀ ਮਤ ਅਨੁਸਾਰ ਪਰਮ-ਸੱਤ ਦੀ ਪ੍ਰਾਪਤੀ ਲਈ ਉਹ ਤਿੰਨੇ ਸਾਧਨ ਵਰਤਣ ਯੋਗ ਹਨ। ਜਿਥੋਂ ਤਕ ਮਨੁੱਖ ਨੂੰ ਪਰਮ-ਸੱਤ ਦੀ ਪ੍ਰਾਪਤੀ ਦੇ ਮਾਰਗ ਉੱਤੇ ਗਿਆਨ ਤੇ ਕਰਮ ਲੈ ਜਾ ਸਕਦੇ ਹਨ, ਉਨ੍ਹਾਂ ਸਾਧਨਾਂ ਨੂੰ ਵਰਤਣਾ ਜ਼ਰੂਰੀ ਹੈ, ਪਰ ਕਿਉਂਕਿ ਇਨ੍ਹਾਂ ਦੋਹਾਂ ਸਾਧਨਾ ਨਾਲ ਪਰਮ ਪ੍ਰਾਪਤੀ ਨਹੀਂ ਹੋ ਸਕਦੀ। ਇਨ੍ਹਾਂ ਦੇ ਨਾਲ ਹੀ ਤੇ ਇਨ੍ਹਾਂ ਤੋਂ ਉਪਰੰਤ ਪ੍ਰੇਮ-ਭਗਤੀ ਦਾ ਸਾਧਨ ਵੀ ਵਰਤੀ ਜਾਣਾ ਲੋੜੀਂਦਾ ਹੈ।

ਇਨ੍ਹਾਂ ਤਿੰਨਾਂ ਸਾਧਨਾਂ ਤੋਂ ਉਪਰੰਤ ਵੀ, ਅਸਲ ਵਿਚ, 1670 ਤੇ ਜੀਵ ਵਿਚਕਾਰ ਇਕ ਖੱਪਾ ਰਹਿ ਜਾਂਦਾ ਹੈ, ਇਕ ਪਾੜ, ਜਿਸ ਨੂੰ ਕੇਵਲ ਪਰਮ-ਸੱਤ ਦੀ ਕਿਰਪਾ ਅਥਵਾ ਨਦਰ ਹੀ ਪਾਰ ਕਰਵਾਂਦੀ ਹੈ। ਜਾਣੋਂ ਜਦੋਂ ਮਨੁੱਖ ਗਿਆਨ ਅਭਿਆਸ ਕਰਦਾ, ਕਰਮਯੋਗ ਕਰਦਾ, ਭਗਤੀ ਕਰਦਾ ਆਪਣੇ ਸਾਧਨਾਂ ਦੀ ਤੋੜ ਤਕ ਪਹੁੰਚਦਾ ਹੈ, ਤਾਂ ਵੀ ਪਰਮ-ਸੱਤ ਉਸ ਤੋਂ ਕੁਝ ਪਰੇ ਹੁੰਦਾ ਹੈ। ਉਸ ਦੇ ਤੇ ਪਰਮ-ਸੱਤ ਦੇ ਵਿਚਕਾਰ ਇਕ ਪਾੜਾ ਹੁੰਦਾ ਹੈ। ਉਥੇ ਪਰਮ-ਸੱਤ ਆਪਣੀ ਕਿਰਪਾਲਤਾ ਜਾਂ ਨਦਰ ਨਾਲ ਮਨੁੱਖ ਨੂੰ ਜਾਣੋਂ ਚੁੱਕ ਕੇ ਉਹ ਪਾੜਾ ਪਾਰ ਕਰਵਾ ਦੇਂਦਾ ਹੈ ਤੇ ਆਪਣੇ ਆਪ ਵਿਚ ਸਮਾ ਲੈਂਦਾ ਹੈ।

ਜਪੁ ਜੀ ਦੇ ਅੰਤ ਦੀਆਂ ਦੋ ਤੁਕਾਂ :—

**ਜਿਨ ਕਉ ਨਦਰਿ ਕਰਮੁ ਤਿਨ ਕਾਰ।**
**ਨਾਨਕ ਨਦਰੀ ਨਦਰਿ ਨਿਹਾਲ।**

ਇਸੇ ਵਿਚਾਰ ਦਾ ਬਿੰਬ ਹੈ।

ਜਪੁ ਜੀ ਦੀ ਅੰਤਮ ਪਉੜੀ ਸਮੁੱਚੇ ਰੂਪ ਵਿਚ ਇਸ ਧਰਮ-ਪ੍ਰਾਪਤੀ ਦੇ ਮਾਰਗ ਦਾ ਬਿੰਬ ਪੇਸ਼ ਕਰਦੀ ਹੈ।

**ਜਤੁ ਪਾਹਾਰਾ ਧੀਰਜੁ ਸੁਨਿਆਰੁ।**



Digitized by Panjab Digital Library | www.panjabdigilib.org

**ਆਹਰਣਿ ਮਤਿ ਵੇਦੁ ਹਥਿਆਰੁ ।**
**ਭਉ ਖਲਾ ਅਗਨਿ ਤਪ ਤਾਉ ।**
**ਭਾਂਡਾ ਭਾਉ ਅੰਮ੍ਰਿਤੁ ਤਿਤੁ ਢਾਲਿ ।**
**ਘੜੀਐ ਸਬਦੁ ਸਚੀ ਟਕਸਾਲ ।**
**ਜਿਨ ਕਉ ਨਦਰਿ ਕਰਮੁ ਤਿਨ ਕਾਰ ।**
**ਨਾਨਕ ਨਦਰੀ ਨਦਰਿ ਨਿਹਾਲ ।**

ਅਰਥਾਤ ਯਤਨ ਦੇ ਘਰ (ਉਪਾਇਹਾਰ) ਵਿਚ ਧੀਰਜ ਸੁਨਿਆਰ ਬਣ ਕੇ ਪ੍ਰਵੇਸ਼ ਕਰਦਾ ਹੈ, ਅਤੇ ਅਤਿ ਬੁਧੀ ਦੇ ਆਹਰਣ ਉੱਤੇ ਵੇਦ ਗਿਆਨ ਦੀਆਂ ਸੱਟਾਂ ਵਜਦੀਆਂ ਹਨ। ਡਰ ਦੀ ਧੌਂਕਣੀ ਨਾਲ ਤਪ ਅਥਵਾ ਸਾਧਨਾ ਦੀ ਅਗਨੀ ਪ੍ਰਚੰਡ ਕਰੀਦੀ ਹੈ, ਤੇ ਪ੍ਰੇਮ ਦੇ ਭਾਂਡੇ ਢਲਿਆ ਵਸਤੂ ਅੰਮ੍ਰਿਤ ਬਣਦਾ ਹੈ ਜਿਸ ਉੱਤੇ ਸੱਚੀ ਟਕਸਾਲ ਦੀ ਮੁਹਰ ਲੱਗਦੀ ਹੈ। ਪਰ ਇਹ ਸਾਰਾ ਗਿਆਨ, ਯਤਨ, ਸਾਧਨਾਂ ਪ੍ਰੇਮ-ਭਾਵ ਸਫਲ ਤਦੇ ਹੁੰਦਾ ਹੈ ਜੇ ਪਰਮ-ਸੱਤ ਦੀ ਨਦਰ ਵੀ ਹੋ ਜਾਵੇ ।

ਇਹ ਨਹੀਂ ਕਿ ਕੁਝ ਰਸਤਾ ਗਿਆਨ ਦੇ ਆਸਰੇ ਚਲੀਦਾ ਹੈ ਤੇ ਅੱਗੋਂ ਕੁਝ ਕਰਮ ਦੇ ਆਸਰੇ ਤੇ ਉਸ ਤੋਂ ਅੱਗੇ ਭਗਤੀ ਦੇ ਅਧੀਨ। ਨਹੀਂ ਇਹ ਤਿੰਨੇ ਸਾਧਨ ਨਾਲ ਨਾਲ ਹੀ ਵਰਤਣ ਯੋਗ ਹਨ । ਗਿਆਨ ਬਾਰੇ ਗੁਰੂ ਅਰਜਨ ਨੇ ਸੁਖਮਨੀ ਵਿਚ ਆਖਿਆ ਹੈ :

**ਬੀਜ ਮੰਤ੍ਰ ਸਰਬ ਕੋ ਗਿਆਨੁ ।**

ਗੁਰੂ ਨਾਨਕ ਨੇ ਆਪ ਫੁਰਮਾਇਆ ਹੈ :

**ਮਨ ਸਮਝਾਵਨ ਕਾਰਨੇ ਕਛੂਅਕ ਪੜੀਐ ਗਿਆਨ ।**

ਕਰਮ ਬਾਰੇ ਜਪੁ ਜੀ ਵਿਚ ਆਖਿਆ ਹੈ :

**ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ ।**

ਜਪੁ ਜੀ ਦੀ 34ਵੀਂ ਤੋਂ 37ਵੀਂ ਪਉੜੀਆਂ ਵਿਚ ਧਰਮ, ਗਿਆਨ, ਸਰਮ, ਕਰਮ, ਤੇ ਸੱਚ ਦੇ ਪੰਜ ਖੰਡ ਬਣਾਏ ਹਨ। ਇਨ੍ਹਾਂ ਬਾਰੇ ਸਿੱਖ ਭਾਸ਼ਕਾਰਾਂ ਤੋਂ ਪ੍ਰਯਾਪਤ ਭਾਂਤ ਦੀ ਵਿਆਖਿਆ ਹਾਲੀ ਤਕ ਨਹੀਂ ਹੋ ਸਕੀ ਪਰ ਸਮੁੱਚਾ ਭਾਵ ਕਰਮ, ਗਿਆਨ ਤੇ ਭਗਤੀ ਦੇ ਤਿੰਨਾਂ ਸਾਧਨਾਂ ਦੀ ਨਦਰਿ ਉੱਤੇ ਨਿਰਭਰਤਾ ਹੀ ਦਰਸਾਈ ਹੈ।

ਜਪੁ ਜੀ ਮੁੱਖ ਰੂਪ ਵਿਚ ਗਿਆਨ ਮਾਰਗ ਦੀ ਵਿਆਖਿਆਕਾਰੀ ਰਚਨਾ ਹੈ ਤੇ ਇਸ ਦੇ ਬਿੰਬ-ਅਲੰਕਾਰ ਮੁੱਖ ਰੂਪ ਵਿਚ ਗਿਆਨ ਪ੍ਰਬੋਧਕ ਹਨ । ਇਨ੍ਹਾਂ ਵਿਚ ਭਾਵ-ਉਦਗਾਰ ਦੀ ਉਤੇਜਨਾ ਵੱਲ ਬਹੁਤਾ ਧਿਆਨ ਨਹੀਂ ਦਿੱਤਾ ਗਿਆ। ਇਸ ਵਿਚ ਪਰਮ-ਤੱਤ ਨੂੰ ਸੰਬੋਧਨ ਨਹੀਂ ਕੀਤਾ ਗਿਆ, ਜਿਸ ਕਰਕੇ ਇਥੇ ਭਗਤੀ ਪ੍ਰਧਾਨ ਨਹੀਂ। ਭਗਤੀ ਪ੍ਰਧਾਨ ਰਚਨਾ ਵਿਚ ਪਰਮ-ਤੱਤ ਨੂੰ ਸਰਗੁਣ ਸਰੂਪ ਸਮਝ ਕੇ ਸੰਬੋਧਨ ਕੀਤਾ ਜਾਂਦਾ ਹੈ। ਇਸੇ ਤਰ੍ਹਾਂ ਦੱਖਣੀ ਓਅੰਕਾਰ ਤੇ ਸਿੱਧ ਗੋਸਟਿ ਗਿਆਨ-ਪ੍ਰਧਾਨ ਬਾਣੀਆਂ ਹਨ। ਇਸ ਦੇ ਉਲਟ ਵਾਰ ਮਾਝ ਤੇ ਵਾਰ ਆਸਾ ਵਿੱਚ ਭਗਤੀ ਭਾਵ ਵੀ ਚੋਖਾ ਹੈ।

ਪਰਮ-ਸੱਤ ਵੱਲ ਸੰਬੋਧਨ ਇਸ ਪ੍ਰਕਾਰ ਪ੍ਰਤੱਖ ਹੈ :

Digitized by Panjab Digital Library | www.panjabdigilib.org

ਤੂੰ ਕਰਤਾ ਪੁਰਖੁ ਅਗੰਮੁ ਹੈ ਆਪਿ ਸ੍ਰਿਸਟਿ ਉਪਾਤੀ ।
ਰੰਗ ਪਰੰਗ ਉਪਾਰਜਨਾ ਬਹੁ ਬਹੁ ਬਿਧਿ ਭਾਤੀ
ਤੂੰ ਜਾਣਹਿ ਜਿਨਿ ਉਪਾਈਐ ਸਭੁ ਖੇਲੁ ਤੁਮਾਤੀ ।
... ... ... ... ...
ਤੂੰ ਆਪੇ ਆਪਿ ਸੁਜਾਣੁ ਹੈ ਵਡ ਪੁਰਖੁ ਵਡਾਤੀ ।
ਜੋ ਮਨਿ ਚਿਤਿ ਤੁਧੁ ਧਿਆਇਦੇ ਮੇਰੇ ਸਚਿਆ
ਬਲਿ ਬਲਿ ਹਉ ਤਿਨ ਜਾਤੀ ।

ਵਾਰ ਮਾਝ ਪਉੜੀ ।

ਜਾਂ ਫਿਰ

ਤੁਧੁ ਆਪੇ ਜਗਤੁ ਉਪਾਇ ਕੈ ਤੁਧੁ ਆਪੇ ਧੰਦੇ ਲਾਇਆ ।
ਮੋਹ ਠਗਉਲੀ ਪਾਇ ਕੈ ਤੁਧੁ ਆਪਹੁ ਜਗਤੁ ਖੁਆਇਆ ।

ਵਾਰ ਮਾਝ ਪਉੜੀ 2 ।

ਤੇ

ਸਦਾ ਸਦਾ ਤੂੰ ਏਕੁ ਹੈ ਤੁਧੁ ਦੂਜਾ ਖੇਲੁ ਰਚਾਇਆ ।
ਹਉਮੈ ਗਰਬੁ ਉਪਾਇ ਕੈ ਲੋਭੁ ਅੰਤਰਿ ਜੰਤਾ ਪਾਇਆ ।
ਜਿਉ ਭਾਵੈ ਤਿਉ ਰਖੁ ਤੂ ਸਭ ਕਰੇ ਤੇਰਾ ਕਰਾਇਆ ।
ਇਕਨਾ ਬਖਸਹਿ ਮੇਲਿ ਲੈਹਿ ਗੁਰਮਤੀ ਤੁਧੈ ਲਾਇਆ ।
ਇਕਿ ਖੜੇ ਕਰਹਿ ਤੇਰੀ ਚਾਕਰੀ ਵਿਣੁ ਨਾਵੈ ਹੋਰ ਨ ਭਾਇਆ ।
ਹੋਰੁ ਕਾਰ ਵੇਕਾਰ ਹੈ ਇਕਿ ਸਚੀ ਕਾਰੈ ਲਾਇਆ ।

ਪਉੜੀ 31 ।

ਮਾਹਾ ਰੁਤੀ ਸਭ ਤੂੰ ਘੜੀ ਮੂਰਤ ਵੀਚਾਰਾ ।
ਤੂੰ ਗਣਤੈ ਕਿਨੈ ਨ ਪਾਇਓ ਸਚੇ ਅਲਖ ਅਪਾਰਾ । 6 ।

ਤੇ

ਦਾਤਾ ਕਰਤਾ ਆਪਿ ਤੂੰ ਤੁਸਿ ਦੇਵਹਿ ਕਰਹਿ ਪਸਾਉ ।
ਤੂੰ ਜਾਣੋਈ ਸਭਸੈ ਦੇ ਲੈਸਹਿ ਜਿੰਦ ਕਵਾਉ ।

ਵਾਰ ਆਸਾ/ਪਉੜੀ 1

ਤੇ

ਤੇਰੇ ਨਾਇ ਰਤੇ ਸੇ ਜਿਣਿ ਗਏ ਹਾਰਿ ਗਏ ਸਿ ਠਗਣ ਵਾਲਿਆ ।

ਪਉੜੀ 2 ।

ਤੇ

ਨਾਉ ਤੇਰਾ ਨਿਰੰਕਾਰ ਹੈ ਨਾਇ ਲਇਐ ਨਰਕਿ ਨ ਜਾਈਐ ।

ਪਉੜੀ 4 ।

ਤੇ

ਸਚਾ ਸਾਹਿਬੁ ਏਕੁ ਤੂੰ ਜਿਨਿ ਸਚੋ ਸਚੁ ਵਰਤਾਇਆ ।
ਜਿਸੁ ਤੂੰ ਦੇਹਿ ਤਿਸੁ ਮਿਲੈ ਸਚੁ ਤਾ ਤਿਨੀ ਸਚੁ ਕਮਾਇਆ ।

ਪਉੜੀ 8 ।

Digitized by Panjab Digital Library | www.panjabdigilib.org

ਭਗਤ ਤੇਰੇ ਮਨਿ ਭਾਵਦੇ ਦਰਿ ਸੋਹਨਿ ਕੀਰਤਿ ਗਾਵਦੇ ।

ਪਉੜੀ 9 ।

ਧੁਰਿ ਕਰਮੁ ਜਿਨ੍ਹ ਕਉ ਤੁਧੁ ਪਾਇਆ ਤਾ ਤਿਨੀ ਖਸਮੁ ਧਿਆਇਆ ।
ਏਨਾ ਜੰਤਾ ਕੈ ਵਸਿ ਕਿਛੁ ਨਾਹੀ ਤੁਧੁ ਵੇਕੀ ਜਗਤੁ ਉਪਾਇਆ ।
ਇਕਨਾ ਨੋ ਤੂੰ ਮੇਲਿ ਲੈਹਿ ਇਕਿ ਆਪਹੁ ਤੁਧੁ ਖੁਆਇਆ ।

ਪਉੜੀ 11 ।

ਤੂ ਸਚਾ ਸਚਿਆਰੁ ਜਿਨਿ ਸਚੁ ਵਰਤਾਇਆ ।

ਵਾਰ ਮਲ੍ਹਾਰ ਪਉੜੀ 2 ।

ਹਰਿ ਜੀਉ ਸਚਾ ਸਚੁ ਤੂ ਸਚੇ ਲੈਹਿ ਮਿਲਾਇ ।

ਪਉੜੀ 7 ।

ਸਚਾ ਵੇਪਰਵਾਹੁ ਇਕੋ ਤੂ ਧਣੀ ।
ਤੂ ਸਭੁ ਕਿਛੁ ਆਪੇ ਆਪਿ ਦੂਜੇ ਕਿਸੁ ਗਣੀ ।
ਮਾਣਸ ਕੂੜਾ ਗਰਬੁ ਸਚੀ ਤੁਧੁ ਮਣੀ ।

ਪਉੜੀ 11 ।

ਖੰਡ ਪਤਾਲ ਅਸੰਖ ਮੈ ਗਣਤ ਨ ਹੋਈ ।
ਤੂ ਕਰਤਾ ਗੋਵਿੰਦੁ ਤੁਧੁ ਸਿਰਜੀ ਤੁਧੈ ਗੋਈ ।
ਲਖ ਚਉਰਾਸੀਹ ਮੇਦਨੀ ਤੁਝ ਹੀ ਤੇ ਹੋਈ ।

ਪਉੜੀ 12 ।

ਅਗਮ ਅਗੋਚਰ ਤੂ ਧਣੀ ਸਚਾ ਅਲਖ ਅਪਾਰੁ ।
ਤੂ ਦਾਤਾ ਸਭਿ ਮੰਗਤੇ ਇਕੋ ਦੇਵਣਹਾਰੁ ।
... ... ... ... ... ...
ਇਕਨਾ ਨੋ ਤੁਧੁ ਏਵੈ ਭਾਵਦਾ ਮਾਇਆ ਨਾਲਿ ਪਿਆਰ ।
... ... ... ... ... ...
ਤੂ ਪ੍ਰਭੁ ਸਭਿ ਤੁਧੁ ਸੇਵਦੇ ਇਕ ਢਾਢੀ ਕਰੇ ਪੁਕਾਰ ।

ਪਉੜੀ 19 ।

ਹਉ ਕਿਆ ਆਖਾ ਇਕ ਜੀਭ ਤੇਰਾ ਅੰਤੁ ਨ ਕਿਨਹੀ ਪਾਇਆ ।
ਸਚਾ ਸਬਦੁ ਵੀਚਾਰਿ ਸੇ ਤੁਝਹੀ ਮਾਹਿ ਸਮਾਇਆ ।

ਪਉੜੀ 24 ।

ਸਿਰਿ ਸਿਰਿ ਹੋਇ ਨਿਬੇੜੁ ਹੁਕਮਿ ਚਲਾਇਆ ।
ਤੇਰੈ ਹਥਿ ਨਿਬੇੜੁ ਤੂਹੈ ਮਨਿ ਭਾਇਆ ।

ਪਉੜੀ 26 ।

Digitized by Panjab Digital Library | www.panjabdigilib.org

(2)

ਜਿਵੇਂ ਪੱਛਮ ਤੇ ਪੂਰਬ ਦੋਹਾਂ ਦੇ ਹੋਰ ਧਰਮਾਂ ਦੀ ਬਿੰਬਾਵਲੀ ਵਿਚ ਵੀ ਪ੍ਰਚਲਿਤ ਹੈ, ਗੁਰੂ ਨਾਨਕ ਨੇ ਵੀ ਪਰਮ-ਸੱਤ ਦੇ ਚਾਰ ਪੱਖ ਉਚਾਰਨ ਕੀਤੇ ਹਨ : ਰਾਜਾ, ਦਾਤਾ, ਸਾਹੂਕਾਰ ਤੇ ਕੰਤ। ਇਹ ਚਾਰੇ ਪੱਖ ਭੂਪਵਾਦੀ ਸਮਾਜ ਦੀ ਸਥਿਤੀ ਦੇ ਅਨੁਕੂਲ ਹਨ। ਇਸ ਸਮਾਜ ਵਿਚ ਜਨ ਸਾਧਾਰਣ ਸਮਾਜਕ ਸ਼ਕਤੀ ਦੀ ਉਪਰਲੀ ਸ਼੍ਰੇਣੀ ਤੇ ਇਸ ਦੇ ਸਿਖਰ ਰਾਜਾ, ਅੱਗੇ ਆਪਣੇ ਆਪ ਨੂੰ ਨਿਰਬਲ ਤੇ ਸਾਹਸਹੀਣ ਅਨੁਭਵ ਕਰਦਾ ਹੈ। ਕਿਸੇ ਸਮਾਜਕ ਕਰਾਂਤੀ ਦਾ ਕੋਈ ਸੰਕਲਪ ਜਾਂ ਆਦਰਸ਼ ਹਾਲੀ ਉਤਪੰਨ ਨਹੀਂ ਹੋਇਆ। ਸਮਾਜ ਦੀ ਸ਼੍ਰੇਣੀ ਵੰਡ, ਤੇ ਭਾਰਤ ਜੇਹੇ ਦੇਸ਼ ਵਿਚ ਵਰਣ ਵੰਡ, ਇਕ ਅਟੱਲ ਤੱਥ ਪ੍ਰਤੀਤ ਹੁੰਦਾ ਹੈ। ਪੁਸ਼ਤਾਂ ਬੱਧੀ ਲੋਕ ਆਪਣੇ ਆਪਣੇ ਸ਼੍ਰੇਣੀ ਸਥਾਨਾਂ ਉੱਤੇ, ਜੋ ਉਨਾਂ ਲਈ ਜਨਮ ਤੋਂ ਨਿਸ਼ਚਿਤ ਸਨ, ਜੀਉਂਦੇ ਤੇ ਕਾਰ ਵਿਹਾਰ ਵਿਚ ਵਿਚਰਦੇ ਆ ਰਹੇ ਹਨ, ਤੇ ਹਰ ਇਕ ਲਈ ਇਸ ਅਟੱਲ ਭਾਣੇ ਅਨੁਸਾਰ ਜੀਵਨ ਦੇ ਮਾਰਗ ਬਣੇ ਹੋਏ ਹਨ। ਪਰ ਇਨ੍ਹਾਂ ਨਿਸ਼ਚਿਤ ਰਾਹਾਂ ਉਤੇ ਚਲਦਾ ਹੋਇਆ ਵੀ ਜਨ ਸਾਧਾਰਣ ਭੁੱਖ ਤੇ ਦੁੱਖ ਦਾ ਸ਼ਿਕਾਰ ਬਣਿਆ ਰਹਿੰਦਾ ਹੈ। ਜੀਵਨ ਵਿਚ ਕਾਲ ਤੇ ਬੀਮਾਰੀ, ਅਧਾਰਜਤਾ ਤੇ ਕੰਗਾਲੀ ਦੇ ਸਮੇਂ ਅਨਿਵਾਰੀ ਜੇਹੇ ਬਣੇ ਹੋਏ ਹਨ। ਜੀਵਨ ਦੇ ਇਨਾਂ ਸਥਾਈ ਤੇ ਅਸਥਾਈ ਕਸ਼ਟਾਂ ਤੋਂ ਬਚਨ ਦੇ ਦੋ ਹੀ ਸਾਧਨ ਪ੍ਰਤੀਤ ਹੁੰਦੇ ਹਨ : ਰਾਜਾ ਜਾਂ ਉਸ ਦੇ ਸ਼੍ਰੇਣੀ ਜਾਂ ਵਿਵਿਹਾਰੀ ਪ੍ਰਤੀਨੀਧਿ ਦੀ ਕਿਰਪਾਲਤਾ, ਤੇ ਉਸ ਤੋਂ ਉਪਰੰਤ ਅਜੇਹੀ ਹੀ ਕਿਸੇ ਅਧਿਆਤਮਕ ਸ਼ਕਤੀ ਦੀ ਕਿਰਪਾਲਤਾ।

ਕਿਤੇ ਕਿਤੇ ਕਰਾਂਤੀ ਭਾਵਨਾ ਰੱਖਣ ਵਾਲਾ ਮਨੁੱਖ ਸੰਸਾਰੀ ਰਾਜਾ ਸ਼ਕਤੀ ਤੋਂ ਉਪਰਾਮਤਾ ਹੀ ਨਹੀਂ, ਵਿਦਰੋਹ ਦੀ ਤਾਂਘ ਵੀ ਅਨੁਭਵ ਕਰਦਾ ਹੈ : ਤੇ ਉਸ ਦੇ ਲਈ ਵੀ ਦੋ ਰਾਹ ਦਿਸਦੇ ਹਨ। ਇਕ ਆਪਣੀ ਸ਼੍ਰੇਣੀ ਜਾਂ ਜੱਥੇ ਤੋਂ ਸਾਹਸ ਕਰਵਾ ਕੇ ਰਾਜਾ ਜਾਂ ਉਸ ਦੇ ਕਿਸੇ ਪ੍ਰਤੀਨਿਧ ਦਾ ਸਥਾਨ ਖੋਹ ਲੈਣਾ ਅਰਥਾਤ ਕਿਸੇ ਵਿਸ਼ੇਸ਼ ਸਾਹਸ ਜਾਂ ਘਟਨਾ ਰਾਹੀਂ ਆਪਣੇ ਸ਼੍ਰੇਣੀ ਸਥਾਨ ਤੋਂ ਉੱਠ ਕੇ ਕਿਸੇ ਉਪਰਲੇ ਪੱਧਰ ਉੱਤੇ ਥਾਉਂ ਪ੍ਰਾਪਤ ਕਰ ਲੈਣਾ, ਤੇ ਦੂਜਾ ਇਸ ਸਾਰੇ ਸਾਹਸ ਨੂੰ ਕਲੇਸ਼ ਸਮਝ ਕੇ ਤੇ ਆਪਣੇ ਸਮੇਂ ਦੇ ਅਨਿਸ਼ਚਿਤ ਸ਼੍ਰੇਣੀ ਦੇ ਸੰਘਰਸ਼ ਤੋਂ ਉਪਰਾਮ ਹੋ ਕੇ ਆਪਣੇ ਸ਼੍ਰੇਣੀ ਖੇਤਰ ਦੀ ਇਕ ਨੁਕਰ ਵਿਚ ਇਕ ਨਿਰਲਾਗ ਜੇਹਾ ਜੀਵਨ ਧਾਰਨ ਕਰ ਲੈਣਾ। ਆਪਣੇ ਅਤਿ ਅਸਕਤ ਰੂਪ ਵਿਚ ਇਹ ਨੁੱਕਰ ਸਾਧਪਣ ਦੀ ਨੁੱਕਰ ਸੀ, ਤੇ ਕਈ ਉਪਰਾਮ ਵਿਅਕਤੀ ਮੰਦਰਾਂ, ਵਣਾਂ, ਪਹਾੜਾਂ ਆਦਿ ਵਿਚ ਆਪਣਾ ਜੀਵਨ ਅਧਿਆਤਮਕ ਧਿਆਨ ਤੇ ਤਪੱਸਿਆ ਆਦਿ, ਦੇ ਸਮਰਪਣ ਕਰਕੇ ਲੰਘਾ ਲੈਂਦੇ ਸਨ। ਪਰ ਸਮੇਂ ਦੀ ਗੱਲ ਨਾਲ ਇਸ ਉਪਰਾਮਤਾ ਦਾ ਰੂਪ ਬਦਲ ਜਾਂਦਾ ਹੈ, ਤੇ ਇਸ ਖੇਤਰ ਵਿਚ ਯੋਗ ਇਹ ਸਮਝਿਆ ਜਾਣ ਲੱਗਦਾ ਹੈ ਕਿ ਮਨੁੱਖ ਗ੍ਰਿਹਸਥ ਸਮਾਂ ਵਿਚ ਹੀ ਨਿਰਲੇਪ ਜੇਹਾ ਜੀਵਨ ਬਤੀਤ ਕਰੇ। ਪਰ ਗ੍ਰਿਹਸਥ ਧਰਮ ਵਿਚ ਇਹ ਨਿਰਲੇਪਤਾ ਇਕ ਅਸੰਭਵ ਜੇਹੀ ਗੱਲ ਹੈ। ਬਹੁਤੇ ਪਾਸੇ ਕਿਸੇ ਨਾ ਕਿਸੇ ਤਰ੍ਹਾਂ ਸਮਾਜ ਦੀ ਰਾਜਸੀ ਸ਼ਕਤੀ ਨਾਲ ਟਕਰਾਉ ਹੋ ਜਾਂਦਾ ਹੈ, ਤੇ ਅਜੇਹੇ ਵਿਅਕਤੀ ਆਪਣੇ ਆਪ ਨੂੰ ਰਾਜਸੀ ਸ਼ਕਤੀ ਨਾਲ ਲੜਨ ਉੱਤੇ ਮਜਬੂਰ ਹੋਇਆ ਅਨੁਭਵ ਕਰਦੇ ਹਨ। ਸਿੱਖੀ ਮਤ ਵਾਲੇ ਲੋਕ ਇਸੇ ਤਰ੍ਹਾਂ ਮੁਗਲ ਸਾਮਰਾਜ ਨਾਲ ਟਕਰਾਉ ਦੀ ਸਥਿਤੀ ਵਿਚ ਪ੍ਰਵਿਸ਼ਟ ਹੋ ਗਏ ਸਨ। ਬੀਜ ਰੂਪ ਵਿਚ ਇਹ ਟਕਰਾਉ ਗੁਰੂ ਨਾਨਕ ਦੇ ਆਪਣੇ ਜੀਵਨ-ਅਨੁਭਵ ਦਾ ਹੀ ਭਾਗ ਬਣ ਉਤਰਿਆ ਸੀ। ਤਾਂ ਵੀ ਵਿਚਾਰਾਂ ਦੇ ਖੇਤਰ ਵਿਚ ਕਰਾਂਤੀ ਇਤਨੀ ਹੀ ਕੁ ਸੀ ਕਿ ਸੰਸਾਰੀ ਰਾਜ-ਸ਼ਕਤੀ ਦੀ

Digitized by Panjab Digital Library | www.panjabdigilib.org

ਪਰਵਾਹ ਨਹੀਂ ਕਰਨੀ ਤੇ ਇਸ ਦੇ ਵਿਰੁਧ ਮਾਨਸਿਕ ਤਸੱਲੀ ਇਸ ਪ੍ਰਕਾਰ ਮਿਲ ਸਕਦੀ ਸੀ ਕਿ ਇਸ ਸੰਸਾਰਕ ਸ਼ਕਤੀ ਤੋਂ ਉਪਰਲੀ ਪਰ ਇਸੇ ਖੇਤਰ-ਸਭਾਵ ਵਾਲੀ ਸ਼ਕਤੀ ਦੇ ਅਧੀਨ ਕਰ ਲਿਆ ਜਾਵੇ। ਇਸ ਤਰ੍ਹਾਂ ਅਧਿਆਤਮਕ ਰਾਜ-ਸਕਤੀ ਦਾ ਸੰਕਲਪ ਉਤਪੰਨ ਹੁੰਦਾ ਹੈ। ਗੁਰੂ ਨਾਨਕ ਇਸ ਅਧਿਆਤਮਕ ਰਾਜ-ਸ਼ਕਤੀ ਨੂੰ ਹੀ ਮੰਨਣ-ਯੋਗ ਸਮਝਦੇ ਹਨ, ਤੇ ਉਨ੍ਹਾਂ ਦੀ ਕਲਪਨਾ ਆਪਣੇ ਸੰਸਾਰੀ ਅਨੁਭਵ ਅਨੁਸਾਰ ਇਸ ਦੇ ਉਹ ਹੀ ਪ੍ਰਤਿਰੂਪ ਕਲਪਿਤ ਕਰਦੀ ਹੈ ਜੋ ਸਮਾਜਕ ਖੇਤਰ ਵਿਚ ਮਿਲਦੇ ਸਨ। ਉਸ ਸਮੇਂ ਮੁਗਲ ਸਮਰਾਟ ਪਾਤਸ਼ਾਹ ਜਾਂ ਸੁਲਤਾਨ ਅਖਵਾਂਦਾ ਸੀ, ਤੇ ਉਸ ਦੇ ਹੇਠਲੇ ਪੱਧਰਾਂ ਦੇ, ਰਾਜ-ਪੁਰਖ ਸਾਹਿਬ, ਅਮੀਰ, ਆਦਿ ਕਹੇ ਜਾਂਦੇ ਸਨ। ਰਾਜਾ ਪਦ, ਘਟੋ ਘੱਟ ਪੰਜਾਬ ਵਿਚ, ਇਤਨਾ ਅਨੁਭਵ ਦਾ ਭਾਗ ਨਹੀਂ ਸੀ। ਸੋ ਗੁਰੂ ਨਾਨਕ ਨੇ ਅਧਿਆਤਮਕ ਪੱਧਰ ਦੀ ਰਾਜ ਸ਼ਕਤੀ ਲਈ ਵਧੇਰੇ ਇਸਲਾਮੀ ਹਕੂਮਤ ਵਾਲੇ ਪਦ ਹੀ ਵਰਤੇ ਹਨ, ਤੇ ਇਹ ਹਨ ਪਾਤਸ਼ਾਹ, ਸਾਹਿਬ, ਸੁਲਤਾਨ, ਮੀਰ, ਆਦਿ।

ਇਨ੍ਹਾਂ ਪਦਾਂ ਦੀ ਵਰਤੋਂ ਥਾਉਂ ਪਰ ਥਾਉਂ ਇਤਨੀ ਵਧੇਰੇ ਹੋਈ ਹੈ ਕਿ ਇਹ ਇਕ ਸਿਖ ਦੀ ਰਾਜਸੀ ਚੇਤਨਾ ਤੋਂ ਉਠ ਕੇ ਉਸ ਦੀ ਅਧਿਆਤਮਕ ਚੇਤਨਾ ਦੇ ਰੂਪ ਬਣ ਗਏ ਹਨ, ਉਹ ਗੁਰੂ ਨਾਨਕ ਦੀ ਆਪਣੀ ਚੇਤਨਾ ਦੇ ਪ੍ਰਤਿ ਰੂਪ ਸਨ, ਜਿਵੇਂ :—

**ਸਾਚਾ ਸਾਹਿਬੁ ਸਾਚੁ ਨਾਇ ਭਾਖਿਆ ਭਾਉ ਅਪਾਰੁ ।4।**
**ਵਡਾ ਸਾਹਿਬ ਵਡੀ ਨਾਈ ਕੀਤਾ ਜਾ ਕਾ ਹੋਵੈ ।21।**
**ਵਡਾ ਸਾਹਿਬ ਊਚਾ ਥਾਉਂ ।24।**
**ਨਾਨਕ ਪਾਤਿਸਾਹੀ ਪਾਤਿਸ਼ਾਹੁ ।25।**
**ਸੋਈ ਸੋਈ ਸਦਾ ਸਚੁ ਸਾਹਿਬੁ ਸਾਚਾ ਸਾਚੀ ਨਾਈ ।27।**
**ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ ।27।**

ਸਿਰੀ ਰਾਗ ਘਰੁ ।1।

**ਸਾਚਾ ਸਾਹਿਬੁ ਏਕੁ ਤੂ ਹੋਰ ਜੀਆ ਕੇਤੇ ਲੋਅ ।3।3।**
**ਨਾਨਕ ਸਚਾ ਪਾਤਿਸਾਹੁ ਪੂਛਿ ਨ ਕਰੇ ਬੀਚਾਰੁ ।4।7।**
**ਸਾਚੇ ਸਾਹਿਬ ਸਭਿ ਗੁਣ ਅਉਗਣ ਸਭਿ ਅਸਾਹ ।1।10।**
**ਨਾਨਕ ਸਚਾ ਪਾਤਿਸਾਹੁ ਆਪੇ ਲਏ ਮਿਲਾਇ ।4।10।**
**ਜਿਉ ਜਿਉ ਸਾਹਿਬੁ ਮਨਿ ਵਸੈ ਗੁਰਮੁਖਿ ਅੰਮ੍ਰਿਤੁ ਪੇਉ ।3।16।**

ਸਿਰੀ ਰਾਗੁ ਘਰੁ 2।

**ਰੰਗਿ ਰਤਾ ਮੇਰਾ ਸਾਹਿਬੁ ਰਵਿ ਰਹਿਆ ਭਰਪੂਰਿ ।1। ਰਹਾਉ ।25।**

ਸਿਰੀ ਰਾਗੁ ਘਰੁ 4

**ਕਿਤ ਕਉ ਸਾਹਿਬ ਆਵਹਿ ਰੋਹਿ ।**
**ਜੇ ਤੂ ਸਾਹਿਬ ਆਵਹਿ ਰੋਹਿ ।2।30।**

ਸਿਰੀ ਰਾਗੁ ਘਰੁ 5 :

**ਕਰਿ ਚਾਨਣੁ ਸਾਹਿਬੁ ਤਉ ਮਿਲੈ ।1। ਰਹਾਉ ।33।**

Digitized by Panjab Digital Library | www.panjabdigilib.org

ਸਿਰੀ ਰਾਗੁ ਅਸਟਪਦੀਆ :

ਜਿਥੈ ਵਸੈ ਮੇਰਾ ਪਾਤਿਸਾਹੁ ਸੋ ਕੇਵਡੁ ਹੈ ਥਾਉ ।5।1।

ਸਾਹਿਬ ਅਤੁਲ ਨ ਤੋਲੀਐ ਕਥਨਿ ਨ ਪਾਇਆ ਜਾਇ ।5।9।

ਸਾਚਉ ਸਾਹਿਬੁ ਸੇਵੀਐ ਗੁਰਮੁਖਿ ਅਕਥੋ ਕਾਥਿ ।6।10।

ਅਸਟ ਧਾਤਿ ਪਾਤਿਸਾਹ ਦੀ ਘੜੀਐ ਸਬਦਿ ਵਿਗਾਸਿ ।4।13।

ਨਾਨਕ ਤਰੀਐ ਸਚਿ ਨਾਮਿ ਸਿਰਿ ਸਾਹਾ ਪਾਤਿਸਾਹੁ ।8।16।

ਮਾਝ ਅਸਟਪਦੀਆ ਘਰੁ 1 :

ਸਚੇ ਦੀਨ ਦਇਆਲ ਮੇਰੇ ਸਾਹਿਬਾ ਸਚੇ ਮਨੁ ਪਤੀਆਵਣਿਆ ।1।1।

ਮਾਝ ਵਾਰ :

ਸਚੁ ਮਿਲੈ ਮੁਖਿ ਨਾਮੁ ਸਾਹਿਬੁ ਭਾਵਸੀ ।1।

ਗਉੜੀ ਚੇਤੀ :

ਮਨ ਏਕੋ ਸਾਹਿਬੁ ਭਾਈ ਰੇ ।1।4।16

ਮੇਰੇ ਸਾਹਿਬਾ ਕਉਣ ਜਾਣੈ ਗੁਣ ਤੇਰੇ ।1।ਰਹਾਉ ।5।17।

ਆਸਾ ਚਉਪਦੇ ਘਰੁ 2 :

ਵਡੇ ਮੇਰੇ ਸਾਹਿਬਾ ਗਹਿਰ ਗੰਭੀਰਾ ਗੁਣੀ ਗਹੀਰਾ ।1। ਰਹਾਉ 1।

ਅੰਧੀ ਦੁਨੀਆ ਸਾਹਿਬੁ ਜਾਣੁ ।1। ਰਹਾਉ ।4।

ਸਾਹਿਬੁ ਮੇਰਾ ਏਕੋ ਹੈ ।1। ਰਹਾਉ ।5।

ਆਸਾ ਪਚਪਦੇ :

ਮੇਰੇ ਸਾਹਿਬ ਹਉ ਕੀਤਾ ਤੇਰਾ । 1 । ਰਹਾਉ ।28।

ਆਸਾ ਘਰੁ 4 :

ਤਉ ਕਾਰਣਿ ਸਾਹਿਬਾ ਰੰਗਿ ਰਤੇ ।1। ਰਹਾਉ ।

ਤੂ ਸਾਹਿਬ ਹਉ ਸਾਂਗੀ ਤੇਰਾ ਪ੍ਰਣਵੈ ਨਾਨਕ ਜਾਤਿ ਕੈਸੀ ।4।1।33

ਆਸਾ ਅਸਟਪਦੀਆ ਘਰੁ 2 :

ਏਕੋ ਸਾਹਿਬੁ ਏਕੋ ਵਜੀਰੁ । 5 । 3 ।

ਆਸਾ ਕਾਫੀ ਅਸਟਪਦੀਆ ਘਰੁ 8 ।

ਜੇ ਤੁਧੁ ਭਾਵੈ ਸਾਹਿਬਾ ਤੂ ਮੈ ਹਉ ਤੈਡਾ ।1।14।

ਆਸਾ ਵਾਰ :

ਸਚਾ ਸਾਹਿਬੁ ਏਕੁ ਤੂ ਜਿਨਿ ਸਚੋ ਸਚੁ ਵਰਤਾਇਆ । 8 ।

ਤੂ ਸਚਾ ਸਾਹਿਬੁ ਸਿਫਤਿ ਸੁਆਲਿਉ ਜਿਨ ਕੀਤੀ ਸੋ ਪਾਰਿ ਪਇਆ ।2।12।

ਸਾਹਿਬੁ ਹੋਇ ਦਇਆਲੁ ਕਿਰਪਾ ਕਰੈ ਤਾ ਸਾਈ ਕਾਰ ਕਰਾਇਸੀ ।15।

ਜਿਸ ਦੇ ਜੀਅ ਪਰਾਣ ਹਹਿ ਕਿਉ ਸਾਹਿਬੁ ਮਨਹੁ ਵਿਸਾਰੀਐ ।20।

ਜਿਤੁ ਸੇਵਿਐ ਸੁਖੁ ਪਾਈਐ ਸੋ ਸਾਹਿਬੁ ਸਦਾ ਸਮਾਲੀਐ ।

Digitized by Panjab Digital Library | www.panjabdigilib.org

ਜਿਉ ਸਾਹਿਬ ਨਾਲਿ ਨ ਹਾਰੀਐ ਤੇ ਵੇਹਾ ਪਾਸਾ ਢਾਲੀਐ । 21 ।

ਆਸਾ ਪਟੀ :

ਖਖੈ ਖੁੰਦਕਾਰ ਸਾਹ ਆਲਮੁ ਕਰਿ ਖਰੀਦਿ ਜਿਨਿ ਖਰਚੁ ਦੀਆ । 6 ।

ਪਪੈ ਪਾਤਿਸਾਹੁ ਪਰਮੇਸੁਰ ਵੇਖਣ ਕਉ ਪਰਪੰਚ ਕੀਆ । 24 ।

ਵਡਹੰਸ ਘਰੁ 1 :

ਹਉ ਵਾਰੀ ਵੰਞਾ ਘੋਲੀ ਵੰਞਾ ਤਉ ਸਾਹਿਬ ਕੇ ਨਾਵੈ । 1 । ਰਹਾਉ ।

ਸਾਹਿਬੁ ਸਫਲਿਓ ਰੁਖੜਾ ਅੰਮ੍ਰਿਤੁ ਜਾ ਕਾ ਨਾਉ । 2 । 1 ।

ਵਡ ਹੰਸ ਅਲਾਹਣੀਆ :

ਧੰਨੁ ਸਿਰੰਦਾ ਸਚਾ ਪਾਤਿਸਾਹੁ ਜਿਨਿ ਜਗੁ ਧੰਧੈ ਲਾਇਆ । 1 ।

ਸਾਹਿਬੁ ਸਿਮਰਹੁ ਮੇਰੇ ਭਾਈਹੋ ਸਭਨਾ ਏਹੁ ਪਇਆਣਾ । 2 । 1 ।

ਰੋਵਹ ਬਿਰਹਾ ਤਨ ਕਾ ਆਪਣਾ ਸਾਹਿਬੁ ਸੰਮ੍ਹਾਲੇਹਾ ।

ਸਾਹਿਬੁ ਸੰਮਾਲਹਿ ਪੰਥੁ ਨਿਹਾਲਹਿ ਅਸਾ ਭਿ ਓਥੈ ਜਾਣਾ । 1 ।

ਸੇਵਹੁ ਸਾਹਿਬੁ ਸੰਮਰਥੁ ਆਪਣਾ ਪੰਥੁ ਸੁਹੇਲਾ ਆਗੈ ਹੋਇ

ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ । 4 । 2 ।

ਵਡ ਹੰਸੁ ਦਖਣੀ :

ਸਚੜਾ ਸਾਹਿਬੁ ਸਚੁ ਤੂ ਸਚੜਾ ਦੇਹਿ ਪਿਆਰੋ ।...2 । 3 ।

ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ।...

ਜਿਨਿ ਜਗੁ ਥਾਪਿ ਵਤਾਇਆ ਜਾਲੋ ਸੋ ਸਾਹਿਬੁ ਪਰਵਾਣੋ । 1 । 4 ।

ਸੋਰਠਿ ਘਰੁ 1 ਚਉਪਦੇ :

ਜਿਨ ਮੇਰਾ ਸਾਹਿਬੁ ਵੀਸਰੈ ਵਡੜੀ ਵੇਦਨ ਤਿਨਹਾ । 1 ।

ਮੇਰੇ ਸਾਹਿਬਾ ਤੇਰੇ ਚੋਜ ਵਿਡਾਣਾ । ਰਹਾਉ ।

ਪ੍ਰਣਵਤਿ ਨਾਨਕ ਸੁਣਿ ਮੇਰੇ ਸਾਹਿਬਾ ਡੁਬਦਾ ਪਥਰੁ ਲੀਜੈ । 4 । 4 ।

ਧਨਾਸਰੀ ਘਰੁ ਚਉਪਦੇ :

ਸਾਹਿਬ ਮੇਰਾ ਨੀਤ ਨਵਾ ਸਦਾ ਸਦਾ ਦਾਤਾਰ । 1 । ਰਹਾਉ ।

ਅਨਦਿਨ ਸਾਹਬੁ ਸੇਵੀਐ ਅੰਤਿ ਛਡਾਈ ਸੋਇ । 2 । 1

ਸੇਵੀ ਸਾਹਿਬ ਆਪਣਾ ਅਵਰ ਨ ਜਾਚਉ ਕੋਇ । 4 । 1 ।

ਸਾਹਿਬ ਤੇਰੇ ਨਾਮ ਵਿਟਹੁ ਬਿੰਦ ਬਿੰਦ ਚੁਖ ਚੁਖ ਹੋਇ । 1 । ਰਹਾਉ । 4।1।

ਧਨਾਸਰੀ ਛੰਦ :

ਨਾਨਕ ਸਾਹਿਬੁ ਅਗਮੁ ਅਗੋਚਰ ਜੀਵਾ ਸਚੀ ਨਾਈ । 1 । 2 ।

ਏਕੁ ਸਾਹਿਬੁ ਦੁਇ ਰਾਹ ਵਾਦ ਵਧੰਦਿਆ ਜੀਉ ।...

ਨਾਨਕ ਸਾਹਿਬੁ ਅਵਰੁ ਨਾ ਦੂਜਾ ਨਾਮ ਤੇਰੈ ਵਡਿਆਈ । 2 ।

ਨਾਨਕ ਸਾਹਿਬੁ ਸਬਦਿ ਸਿਞਾਪੈ ਸਾਚਾ ਸਿਰਜਨ ਹਾਰਾ । 3 । 2 ।

Digitized by Panjab Digital Library | www.panjabdigilib.org

ਤਿਲੰਗ ਘਰੁ 3 :

ਰੰਙਣ ਵਾਲਾ ਜੇ ਰੰਙੇ ਸਾਹਿਬ ਐਸਾ ਰੰਗ ਨ ਡੀਠ । 2 । 1 । 3 ।

ਸਾਹਿਬ ਕੇ ਗੁਣ ਨਾਨਕ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ ।...

ਸੱਚਾ ਸੋ ਸਾਹਿਬ ਸਚੁ ਤਪਾਵਸ ਸਚੜਾ ਨਿਆਉ ਕਰਗੁ ਮਸੋਲਾ । 2 ।3 । 5 ।

ਤਿਲੰਗ ਘਰੁ 2 :

ਤੂ ਠਾਕੁਰੁ ਤੂ ਸਾਹਿਬੋ ਤੂ ਹੈ ਮੇਰਾ ਮੀਰਾ । 21 । 2 ।

ਸੂਹੀ ਚਉਪਦੇ ਘਰੁ 1 :

ਪੂਜਾ ਪ੍ਰਾਣ ਸੇਵਕੁ ਜੇ ਸੇਵੇ ਇਨਿ ਵਿਧਿ ਸਾਹਿਬੁ ਰਵਤੁ ਰਹੈ । 3 । 1 ।

ਸੂਹੀ ਘਰੁ 6

ਛੁਟੈ ਤਾਕੈ ਬੋਲਿ ਸਾਹਿਬ ਨਦਰਿ ਜਿਸ । 3 । 3 । 5 ।

ਸੂਹੀ ਕਾਫ਼ੀ ਘਰੁ 10 :

ਰਹਉ ਸਾਹਿਬ ਕੀ ਟੇਕ ਨ ਮੋਹੈ ਮੋਹਣੀ । 1 । ਰਹਾਉ । 3 । 5 ।

ਸੂਹੀ ਛੰਤ ਘਰੁ 4 :

ਸਾਹਿਬੁ ਸੋ ਸਲਾਹੀਐ ਜਿਨਿ ਕਾਰਣੁ ਕੀਆ ।...

ਸਾਹਿਬੁ ਸੋ ਸਲਾਹੀਐ ਜਿਨਿ ਜਗਤੁ ਉਪਾਇਆ । 2 । 2 । 5 ।

ਸੂਹੀ ਵਾਰ, ਸਲੋਕ :

ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ । 2 । 12 ।

ਬਿਲਾਵਲ ਚਉਪਦੇ ਘਰੁ 1 :

ਤੂ ਸੁਲਤਾਨੁ ਕਹਾ ਹਉ ਮੀਆ ਤੇਰੀ ਕਵਨ ਵਡਾਈ । 1 ।

ਤੇਰਾ ਅੰਤ ਨ ਜਾਣਾ ਮੇਰੇ ਸਾਹਿਬੁ ਮੈ ਅੰਧੁਲੇ ਕਿਆ ਚਤੁਰਾਈ । 2 ।

ਤੁਧ ਬਿਨੁ ਅਵਰ ਨ ਜਾਣਾ ਮੇਰੇ ਸਾਹਿਬਾ ਗੁਣ ਗਾਵਾ ਨਿਤ ਤੇਰੇ । 3 । 2 ।

ਰਾਮ ਕਲੀ ਘਰ 1 ਚਉਪਦੇ :

ਤਿਨ ਕੀ ਸਾਰ ਕਰੇ ਨਿਤ ਸਾਹਿਬੁ ਸਦਾ ਚਿੰਤ ਮਨ ਮਾਹੀ । 2 । 2 ।

ਰਾਮ ਕਲੀ ਅਸਟਪਦੀਆ :

ਸਾਚਾ ਸਾਹਿਬੁ, ਅਮਰੁ ਅਤੋਲੁ ।...। 2 । 6 ।

ਮਾਰੂ ਘਰੁ 1 ਚਉਪਦੇ । ਸ਼ਬਦੁ :

ਤੂ ਦਾਨਾ ਸਾਹਿਬੁ ਸਿਰਿ ਮੇਰਾ । 3 । 5 ।

ਸਾਹਿਬ ਕਾ ਹੁਕਮੁ ਨ ਕਰਣਾ ਜਾਈ । 1 । ਰਹਾਉ ।

ਪੀਅਹਿ ਤ ਪਾਣੀ ਅਣੀ ਮੀਰਾ ਖਾਹਿ ਤ ਪੀਸਣ ਜਾਉ । 3 । 6 ।

ਭਇਆ ਦਿਵਾਨਾ ਸਾਹ ਕਾ ਨਾਨਕ ਬਉਰਾਨਾ । 1 । ਰਹਾਉ ।

ਏਕੀ ਸਾਹਿਬ ਬਾਹਰਾ ਦੂਜਾ ਅਵਰੁ ਨ ਜਾਣੈ ਕੋਇ । 2 ।

ਤਉ ਦੇਵਾਨਾ ਜਾਣੀਐ ਜਾ ਸਾਹਿਬ ਧਰੇ ਪਿਆਰ । 4 । 7 ।

ਬਾਬਾ ਸਾਚਾ ਸਾਹਿਬੁ ਦੂਰਿ ਨ ਦੇਖੁ । 1 । ਰਹਾਉ । 10 ।

Digitized by Panjab Digital Library | www.panjabdigilib.org

ਜਬ ਲਗੁ ਸਾਹਿਬੁ ਮਨਿ ਵਸੈ ਤਬ ਲਗੁ ਬਿਘਨ ਨ ਹੋਇ । 4 । 10 ।

ਮਾਰੂ ਅਸਟਪਦੀਆ ਘਰ 1 :

ਆਪੇ ਮੀਰਾ ਬਖਸਿ ਲਏ ਵਡੀ ਵਡਿਆਈ । 2 । 5 ।

ਮਾਰੂ ਸੋਲਹੇ :

ਸੁਰਿ ਨਰ ਨਾਥੁ ਸਾਹਿਬੁ ਸਭਨਾ ਸਿਰਿ ਭਾਇ ਮਿਲੈ ਭਉ ਜਾਈ ਹੇ । 7 । 2 ।
ਆਪੇ ਰਾਜਨੁ ਪੰਚਾਕਾਰੀ ।
ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ । 10 । 2 ।
ਸਾਚੇ ਸਾਹਿਬ ਸਿਰਜਣਹਾਰੇ ।.. । 1 ।
ਦਰਗਾਹ ਪੈਧੇ ਜਾਨਿ ਸੁਹੇਲੇ ਹੁਕਮਿ ਸਚੇ ਪਾਤਿਸਾਹਾ ਹੇ ।1 15 ।
ਨਾਨਕ ਸਾਚੁ ਮਿਲੈ ਪਤਿ ਰਾਖਹੁ ਤੂ ਸਿਰਿ ਸਾਹਾ ਪਾਤਿਸਾਹਾ ਹੇ । 16।6।12।

ਮਾਰੂ ਵਾਰ, ਸਲੋਕ :

ਸਾਹਿਬੁ ਲੇਖਾ ਮੰਗਸੀ ਦੁਨੀਆ ਦੇਖਿ ਨ ਭੂਲੁ ।... । 1 । 12 ।

ਭੈਰਉ ਘਰੁ 1 ਚਉਪਦੇ :

ਨਾਨਕ ਸਾਹਿਬੁ ਭਰਿਪੁਰਿ ਲੀਣਾ ਸਾਚ ਸਬਦਿ ਨਿਸਤਾਰਾ । 4 1 । 2 ।

ਬਸੰਤ ਅਸਟਪਦੀਆਂ ਘਰੁ 1 ਦੁ ਤੁਕੀਆ :

ਏਕੋ ਤਖਤੁ ਏਕੋ ਪਾਤਿਸਾਹੁ । ...। 5 । 3 ।

ਅਜੇਹੀਆਂ ਹੋਰ ਵੀ ਅਨੇਕ ਪੰਕਤੀਆਂ ਹਨ, ਜਿਨ੍ਹਾਂ ਵਿਚ ਗੁਰੂ ਨਾਨਕ ਨੇ ਪਰਮ-ਸੱਤ ਨੂੰ ਰਜੋ ਗੁਣ ਵਾਲਾ ਇਸ ਸੰਸਾਰ ਦਾ ਪਾਤਿਸਾਹ ਜਾਂ ਸਾਹਿਬ ਕਰਕੇ ਸਿਮਰਿਆ ਹੈ । 'ਸ਼ਾਹਿਬ' ਦਾ ਇਤਨਾ ਵੱਧ ਵਰਤਿਆ ਜਾਣਾ ਵੀ ਇਕ ਧਿਆਨ ਦੇਣ ਵਾਲੀ ਗੱਲ ਹੈ । 'ਸ਼ਾਹਿਬ' ਅਰਬੀ ਦਾ ਸ਼ਬਦ ਹੈ; ਜਿਸ ਦੇ ਅਰਥ ਮਿੱਤਰ. ਸੰਗੀ, ਸਹਬਤ ਦੇ ਸਦਰ ਅਥਵਾ ਪ੍ਰਧਾਨ ਦੇ ਹਨ । ਅੰਗਰੇਜ਼ੀ ਸਮੇਂ ਵਿਚ ਇਹ ਸ਼ਬਦ ਵਧੇਰੇ ਕਰਕੇ ਅੰਗਰੇਜ਼ ਅਫ਼ਸਰਾਂ ਲਈ ਜਾਂ ਸਤਿਕਾਰ ਲਈ ਹੋਰ ਪਦਾਂ, ਸਰਦਾਰ, ਰਾਇ ਜਾਂ ਖਾਨ, ਆਦਿ, ਨਾਲ ਦੇਸੀ ਉੱਚ-ਪੁਰਸ਼ਾਂ ਲਈ ਵਰਤਿਆ ਜਾਂਦਾ ਰਿਹਾ ਹੈ । ਮੁਗਲ ਸਮੇਂ ਸ਼ਾਇਦ ਇਸ ਦੀ ਵਰਤੋਂ ਪਿੱਛੋਂ ਦੱਸੇ ਗਏ ਪਦਾਂ ਦੇ ਨਾਲ ਹੀ ਵਧੇਰੇ ਕੀਤੀ ਜਾਂਦੀ ਸੀ । ਹੋ ਸਕਦਾ ਹੈ ਗੁਰੂ ਨਾਨਕ ਦੇ ਸਮੇਂ ਇਹ ਪਦ ਹਾਕਮਾਂ ਲਈ ਸਿਧਾ ਹੀ ਵਰਤਿਆ ਜਾਂਦਾ ਹੋਵੇ ਭਾਰਤੀ 'ਮਹਾਰਾਜ' ਜਾਂ ਅੰਗਰੇਜ਼ੀ 'ਸਰ' ਦੇ ਅਰਥਾਂ ਵਿਚ । ਸਾਹਿਬ, ਪਾਤਿਸ਼ਾਹ ਆਦਿ ਪ੍ਰਧਾਨ ਬਿੰਬ ਦੇ ਪ੍ਰਕਰਣ ਅਨੁਸਾਰ ਅਧੀਨ ਬਿੰਬ ਜੋ ਗੁਰੂ ਨਾਨਕ ਨੇ ਵਰਤੇ ਹਨ, ਉਨ੍ਹਾਂ ਵਿਚ ਵੰਨਗੀ ਏਡੀ ਬਹੁਤੀ ਨਹੀਂ । ਸਾਹਿਬ ਦੇ ਸਬੰਧ ਵਿਚ ਸੱਭ ਤੋਂ ਵੱਧ ਵਰਤਿਆ ਗਿਆ ਵਿਸ਼ੇਸ਼ਣ ਸੱਚ ਹੈ, ਜਿਸ ਨੂੰ ਬਿੰਬ ਆਖਣਾ ਵੀ ਮੁਸ਼ਕਿਲ ਹੈ । ਇਸ 'ਸੱਚਾ' ਸ਼ਬਦ ਦੇ ਮੁੱਢਲੇ ਅਰਥ ਤਾਂ 'ਸੱਚ', ਅਵਿਨਾਸ਼ੀ, ਅਪਰ, ਅਟਲ, ਤਥ ਦੇ ਹਨ, ਪਰ ਗੁਰੂ ਨਾਨਕ ਤੇ ਸਿੱਖ ਪ੍ਰਥਾ ਦੇ ਇਤਿਹਾਸਕ ਪ੍ਰਸੰਗ ਅਨੁਸਾਰ, ਇਹ ਸ਼ਬਦ ਪਰਮ-ਸੱਤ ਨੂੰ ਸੱਤਾ ਰੂਪ ਵਿਚ ਸੰਸਾਰਿਕ ਰਾਜ ਸ਼ਕਤੀ, ਸ਼ਾਹ, ਪਾਦਸ਼ਾਹ, ਆਦਿ ਤੋਂ ਵੱਖਰੀ ਭਾਂਤ ਦਾ ਵਰਣਨ ਕਰਨਾ ਹੈ, ਇਸ ਰਾਜ ਸੱਤ ਦੇ ਟାਕਰੇ ਵਿਚ ਸੰਸਾਰ ਦੇ ਰਾਜਿਆਂ, ਤੇ ਪ੍ਰਕਰਣ ਅਨੁਸਾਰ ਤੁਰਕ ਪਠਾਣ,

Digitized by Panjab Digital Library | www.panjabdigilib.org

ਸ਼ਾਹਾਂ ਪਾਦਸ਼ਾਹਾਂ ਦੀ ਸੱਤਾ ਤੇ ਪਦਵੀ ਵਿਨਾਸ਼ਮਈ, ਥੋੜ-ਚਿਰੀ ਤੇ ਇਸ ਲਈ ਝੂਠੀ ਹੈ। ਪਿੱਛੋਂ ਜਾ ਕੇ ਜਦੋਂ ਸਿੱਖਾਂ ਦਾ ਮੁਗਲ ਸਾਮਰਾਜ ਵਿਰੁਧ ਵਿਧਰੋਹ ਪਰਚੰਡ ਰੂਪ ਧਾਰਨ ਕਰਦਾ ਹੈ ਤਾਂ ਸਿੱਖਾਂ ਨੂੰ ਇਸ ਗੱਲ ਦਾ ਮਾਨ ਹੁੰਦਾ ਸੀ ਕਿ ਇਹ ਮੁਗਲ ਹਾਕਮ ਝੂਠੇ, ਥੋੜ-ਚਿਰੇ ਹਾਕਮ ਸਨ। ਸੱਚਾ ਤੇ ਅਮਰ ਪਾਦਸ਼ਾਹ, ਵਾਹਿਗੁਰੂ ਪਰਮ-ਸੱਤ, ਆਪ ਸੀ, ਤੇ ਉਹ ਸਿੱਖਾਂ ਦੇ ਪੱਖ ਵਿਚ ਸੀ। ਕਿਉਂਕਿ ਉਹ ਧਰਮ ਲਈ ਲੜਦੇ ਸਨ। ਇਸ ਤਰ੍ਹਾਂ ਹੀ ਗੁਰੂ ਨਾਨਕ ਨੇ ਪਰਮ-ਸੱਤ ਨੂੰ ਸੱਚਾ ਸਾਹਿਬ ਜਾਂ ਸੱਚਾ ਪਾਤਸ਼ਾਹ ਆਖਿਆ ਹੈ। ਤੇ ਇਥੋਂ ਚਲ ਕੇ ਹੀ ਹੋਰ ਉਸ ਦੇ ਗੁਣਾਂ ਦਾ ਵਿਸਤਾਰ ਕੀਤਾ ਹੈ। ਜਦੋਂ ਉਸ ਦੇ ਗੁਣ ਚਿਤਵਨ ਕੀਤੇ ਹਨ, ਤਾਂ ਸੁਭਾਵਕ ਹੀ ਇਨ੍ਹਾਂ ਨੇ ਅਣਗਿਣਤ ਵੇਖਿਆ ਹੈ, ਤੇ ਸੱਚੇ ਸਾਹਿਬ ਨੂੰ ਗੁਣਾਂ ਦਾ ਗਹੀਰਾ ਆਖਿਆ ਹੈ। ਕੁਝ ਥਾਈਂ ਉਸ ਲਈ ਸਾਗਰ, ਰਤਨਾਗਰ, ਆਦਿ, ਪਦ ਵੀ ਵਰਤੇ ਹਨ। ਉਹ ਅਕੱਥ ਹੈ, ਅਲਖ ਹੈ, ਵਰਨਣ ਤੋਂ ਬਾਹਰ ਹੈ, ਅਮੁਲ ਤੇ ਅਤੁਲ ਹੈ। ਉਸ ਦੀ ਕੀਮਤ ਨਹੀਂ ਪਾਈ ਜਾ ਸਕਦੀ। ਪਰਮ-ਸੱਤ ਦਾ ਇਹ ਮੁਲ ਤੇ ਕੀਮਤ ਤੋਂ ਬਾਹਰਾ ਹੋਣਾ ਮੁੜ ਮੁੜ ਵਰਣਨ ਕੀਤਾ ਹੈ। ਉਹ ਅਪਾਰ, ਅਥਾਹ ਹੈ। ਜੀਵ ਉਸ ਦੀ ਜਿਤਨੀ ਵੀ ਸਿਫਤ ਕਰੇ ਥੋੜ੍ਹਾ ਹੈ। ਇਸ ਤੋਂ ਉਪਰੰਤ ਪਾਤਿਸ਼ਾਹ ਰੂਪ ਵਿਚ ਉਹ ਹੁਕਮ ਕਰਨ ਵਾਲਾ ਹੈ, ਤੇ ਜੀਵਨੇ ਯੋਗ ਹੈ। ਉਸ ਦਾ ਹੁਕਮ ਨਿਸੰਗ ਹੋ ਕੇ ਮੰਨੇ, ਉਸ ਦੀ ਰਜ਼ਾ ਵਿਚ ਰਹੇ, ਉਸ ਨੂੰ ਸਦਾ ਮਨ ਵਿਚ ਰਖੇ, ਸਿਮਰੇ, ਸੰਮਾਲੇ, ਇਸ ਤੋਂ ਉਪਰੰਤ ਉਹ ਤਖਤ ਉੱਤੇ ਬੈਠ ਕੇ ਅਦਲ ਕਰਨ ਵਾਲਾ ਵੀ, ਤੇ ਉਸ ਦਾ ਨਿਆਇ ਸਚਾ ਨਿਆਇ ਹੈ। ਇਸ ਵਿਚ ਕੋਈ ਤਰਫ਼ਦਾਰੀ, ਆਦਿ ਨਹੀਂ ਹੁੰਦੀ। ਕਿਵੇਂ ਵੀ ਹੋਵ, ਗੁਰੂ ਨਾਨਕ ਵਲੋਂ ਇਸ ਪਦ ਦੀ ਇਤਨੀ ਵੱਧ ਵਰਤੋਂ ਆਪਣੇ ਆਪ ਵਿਚ ਇਕ ਸਾਹਿਤਕ-ਦਰਸ਼ਨਿਕ ਖੋਜ ਦਾ ਅਧਿਕਾਰ ਰਖਦੀ ਪ੍ਰਤੀਤ ਹੁੰਦੀ।

ਦੂਜਾ ਵਧੇਰੇ ਪ੍ਰਚਲਿਤ ਪਦ "ਖ਼ਸਮ" ਹੈ। ਇਸ ਸ਼ਬਦ ਦੇ ਅਰਥ ਅਰਬੀ ਵਿਚ ਤਾਂ ਵਿਰੋਧੀ, ਵੈਰੀ, ਦੇ ਹਨ। ਇਸਤਰੀ ਪੁਰਖ ਦੇ ਲਿੰਗ ਵਿਰੋਧ ਕਾਰਣ ਇਹ ਸ਼ਬਦ ਭਾਵੇਂ ਅਰਬ ਦੇਸਾਂ ਜਾਂ ਈਰਾਨ ਵਿਚ ਵੀ ਪਤੀ ਦੇ ਅਰਥਾਂ ਵਿਚ ਵਰਤਿਆ ਜਾਂਦਾ ਹੋਵੇ। ਤੇ ਕਿਉਕਿ ਪਤੀ ਸਮਾਜ ਵਿਚ ਹੁਣ ਤੱਕ ਇਸਤਰੀ ਉਪਰ ਅਧਿਕਾਰੀ ਰੂਪ ਵਿਚ ਸਥਾਪਿਤ ਰਿਹਾ ਹੈ, ਪਰਮ-ਸੱਤ ਨੂੰ ਜੀਵ ਰੂਪੀ ਇਸਤਰੀ ਦਾ ਖ਼ਸਮ ਕਲਪ ਲੈਣਾ ਸਾਧਾਰਣ ਗੱਲ ਹੈ। 'ਪਤੀ' ਸ਼ਬਦ ਆਪ ਇਸੇ ਤਰ੍ਹਾਂ ਅਧਿਕਾਰ-ਵਾਚਕ ਹੈ, ਭਾਵੇਂ ਅਸੀਂ ਕਹਿ ਸਕਦੇ ਹਾਂ ਕਿ ਭਾਰਤੀ-ਸੰਸਕ੍ਰਿਤ ਬੋਲੀਆਂ ਵਿਚ 'ਪਤਨੀ' ਸ਼ਬਦ ਵੀ ਇਸੇ ਪ੍ਰਕਾਰ ਇਸਤਰੀ-ਲਿੰਗ ਰੂਪ ਵਿਚ, ਅਧਿਕਾਰ ਵਾਚਕ ਹੈ। ਗੁਰੂ ਨਾਨਕ ਨੇ 'ਖ਼ਸਮ' ਤੇ ਸਾਹਿਬ ਦੋਹਾਂ ਪਦਾਂ ਨੂੰ ਉਤਮ ਅਧਿਕਾਰੀ ਸੱਤਾ ਤੋਂ ਛੁਟ ਪਤੀ, ਕੰਤ ਅਰਥਾਂ ਵਿਚ ਵੀ ਵਰਤਿਆ ਹੈ। ਪੰਜਾਬੀ ਬੋਲੀ ਵਿਚ ਖ਼ਸਮ ਸ਼ਬਦ ਦੇ ਪ੍ਰਚਲਿਤ ਅਰਥ ਗ੍ਰਿਹਸਥ ਜੀਵਨ ਵਿਚ 'ਪਤੀ' ਦੇ ਹੀ ਲਏ ਜਾਂਦੇ ਹਨ। ਗੁਰੂ ਨਾਨਕ ਦੀ ਬੋਲੀ ਵਿਚ ਇਸ ਸ਼ਬਦ ਦੇ ਅਰਥ 'ਸਾਹਿਬ' ਸ਼ਬਦ ਨਾਲੋਂ ਜਦ ਵੱਖਰਾ ਰੰਗ ਦਰਸਾਂਦੇ ਹਨ। ਵੇਖੋ ;

Digitized by Panjab Digital Library | www.panjabdigilib.org

ਸਿਰੀ ਰਾਗ ਘਰੁ 3 :

ਖ਼ਸਮ ਕੀ ਨਦਰਿ ਦਿਲਹਿ ਪਸਿੰਦੇ ਜਿਨੀ ਕਰਿ ਏਕੁ ਧਿਆਇਆ । 3 । 2 ।

ਸਿਰੀ ਰਾਗੁ ਅਸਟਪਦੀਆ :

ਮਨ ਰੇ ਸਾਚੀ ਖਸਮ ਰਜਾਇ । 1 । ਰਹਾਉ । 14 ।

ਮਾਲ ਘਰੁ :

ਫੁਰਮਾਨੀ ਹੈ ਕਾਰ ਖਸਮਿ ਪਠਾਇਆ ॥ 10 ॥

ਖਸਮੈ ਕੇ ਦਰਬਾਰਿ ਢਾਢੀ ਵਸਿਆ, ॥ 23 ॥ ਆਦਿ

ਆਸਾ ਚਉਪਦੇ ਘਰੁ 2 :

ਖਸਮੁ ਵਿਸਾਰਹਿ ਤੇ ਕਮਜਾਤਿ ॥ 4 ॥ 2 ॥

ਜੇ ਦਰਿ ਮਾਂਗਤ ਕੂਕ ਕਰੇ ਮਹਲੀ ਖਸਮੁ ਸੁਣੇ ॥ 1 ॥ 3 ॥

ਆਸਾ ਪੰਚਮ ਦੇ :

ਮਹਲੀ ਖਸਮ ਸੁਣੈ ਸਾਬਾਸਿ ॥

ਆਸਾ ਘਰੁ 6 :

ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੇ ਦਾਣੇ ॥ 3 ॥ 5 ॥ 39 ॥

ਆਸਾ ਅਸਟਪਦੀਆ ਘਰੁ 2 :

ਕਾਰ ਕਮਾਈ ਖਸਮ ਰਜਾਇ ॥—॥ 6 ॥ 1 ॥

ਆਸਾ ਵਾਰ :

ਸਤਿਗੁਰ ਵਿਟਹੁ ਵਾਰਿਆ ਜਿਤਿ ਮਿਲਿਐ ਖਸਮੁ ਸਮਾਲਿਆ ॥ 13 ॥

ਹੁਕਮੁ ਮੰਨਿਐ ਹੋਵੈ ਪਰਵਾਣੁ ਤ ਖਸਮੈ ਕਾ ਮਹਲੁ ਪਾਇਸੀ ॥

ਖਸਮੈ ਭਾਵੈ ਸੋ ਕਰੇ ਮਨਹੁ ਚਿੰਦਿਆ ਫਲੁ ਪਾਇਸੀ ॥ 15 ॥

ਚਾਕੁਰ ਲਗੈ ਚਾਕਰੀ ਜੋ ਚਲੈ ਖਸਮੈ ਭਾਇ ॥

ਖਸਮੈ ਕਰੇ ਬਰਾਬਰੀ ਫਿਰਿ ਗੈਰਤਿ ਅੰਦਰਿ ਪਾਇ ॥...

ਨਾਨਕ ਹੁਕਮੁ ਨ ਚਲਈ ਨਾਲਿ ਖਸਮ ਚਲੈ ਅਰਦਾਸਿ ॥ 22 ॥

ਵਡ ਹੰਸੁ ਛੰਤੁ :

ਵਾਰੀ ਖਸਮੁ ਕਢਾਏ ਕਿਰਤੁ ਕਮਾਵਣਾ ॥...॥ 3 ॥ 1 ॥

ਸਭ ਕੋਈ ਮੀਠਾ ਮੰਗਿ ਦੇਖੈ ਖਸਮ ਭਾਵੈ ਸੋ ਕਰੇ ॥

ਵਡ ਹੰਸੁ ਅਲਾਹਣੀਆ :

ਮਹਲੀ ਜਾਇ ਪਾਵਹੁ ਖਸਮੈ ਭਾਵਹੁ ਰੰਗ ਸਿਉ ਰਲੀਆ ਮਾਣੈ ॥ 2 ॥ 2 ॥

ਧਨਾਸਰੀ ਘਰੁ 1 ਚਉਪਦੇ :

ਨਾਮ ਖਸਮ ਕਾ ਚਿਤਿ ਨ ਕੀਆ ਕਪਟੀ ਕਪਟੁ ਕਮਾਣਾ ॥ 4 ॥ 2 ॥

ਤਿਲੰਗ ਘਰੁ 3 :

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ ॥1 ॥3॥5 ॥

Digitized by Panjab Digital Library | www.panjabdigilib.org

ਸੂਹੀ ਵਾਰ, ਸਲੋਕ :

**ਵਾਹੁ ਖਸਮ ਤੂੰ ਵਾਹੁ ਜਿਨਿ ਰਚਨਾ ਹਮ ਕੀਏ ।...**

**ਮਸਕਤਿ ਲਹਹੁ, ਮਜੂਰੀਆ ਮੰਗਿ ਮੰਗਿ ਖਸਮ ਦਰਾਹੁ । 1 ॥ 10 ॥**

ਬਿਲਾਵਲੁ ਚਉਪਦੇ ਘਰੁ 1 :

**ਭਗਤਿ ਹੀਣ ਨਾਨਕ ਜੇ ਹੋਇਗਾ ਤਾ ਖਸਮੈ ਨਾਉ ਨ ਜਾਈ ॥ 4 ॥ 1 ॥**

ਮਾਰੂ ਘਰੁ 1 ਚਉਪਦੇ :

**ਹੁਕਮੁ ਪਛਾਣੈ ਖਸਮ ਕਾ ਦੂਜੀ ਅਵਰ ਸਿਆਣਪ ਨ ਕਾਇ ॥ 3 ॥**

ਮਾਰੂ ਅਸਟਪਦੀਆ :

**ਐਸਾ ਲਾਲਾ ਮੇਰੇ ਲਾਲ ਕੋ ਸੁਣਿ ਖਸਮ ਹਮਾਰੇ ॥ 1 ॥ ਰਹਾਉ ॥ 2 ॥**

**ਲਾਲੋ ਖਸਮੁ ਪਛਾਣਿਆ ਵਡੀ ਵਡਿਆਈ ॥ 1 ॥ 5 ॥ ਆਦਿ ॥**

ਮਲਾਰ ਚਉਪਦੇ ਘਰੁ 1 :

**ਖਸਮੁ ਵਿਸਾਰਿ ਖੁਆਰੀ ਕੀਨੀ ਧ੍ਰਿਗੁ ਜੀਵਣੁ ਨਹੀ ਰਹਣਾ ॥ 1 ॥ 1 ॥**

ਪਰਭਾਤੀ ਬਿਭਾਸ ਚਉਪਦੇ ਘਰੁ 1 ;

**ਤੈਸੋ ਹੀ ਇਹੁ ਖੇਲੁ ਖਸਮ ਕਾ ਜਿਉ ਉਸ ਕੀ ਵਡਿਆਈ ॥ 2 ॥ 8 ॥**

ਇਥੇ ਇਹ ਵੇਖਿਆ ਜਾਵੇਗਾ ਕਿ 'ਖਸਮ' ਦਾ ਭਾਵ 'ਸਾਹਿਬ' ਤੇ 'ਕੰਤ' ਦੇ ਵਿਚਕਾਰ ਜਿਹੇ ਹੈ, ਸਗੋਂ ਬਹੁਤ ਥਾਈਂ 'ਕੰਤ' ਦੇ ਵਧੇਰੇ ਨਜ਼ਦੀਕ ਹੈ। ਵਿਸ਼ੇਸ਼ ਕਰਕੇ ਬਹੁਤ ਥਾਈਂ ਖਸਮ ਸ਼ਬਦ 'ਮਹਲ' ਦੇ ਨਾਲ ਵਰਤਿਆ ਗਿਆ ਹੈ, ਅਰਥਾਤ ਖ਼ਸਮ ਨੂੰ ਮਹਲ ਦਾ ਪਤੀ ਬਣਾਇਆ ਗਇਆ ਜਾਂ ਫਿਰ ਇਹ ਸ਼ਬਦ ਗ੍ਰਿਹ ਪਤੀ ਦੇ ਅਰਥਾਂ ਵਿਚ ਲਇਆ ਗਇਆ ਹੈ ਮਜ਼ਦੂਰ ਪਾਸੋਂ ਕਾਰ ਕਰਵਾਂਦਾ ਹੈ। ਇਕ ਤੇਜਾ ਅਰਥ ਲਾਲੇ ਗੋਲੇ, ਗੁਲਾਮ, ਦੇ ਮਾਲਿਕ ਵਾਲਾ ਵੀ ਹੈ। ਨਿਰਸੰਦੇਹ ਕੁਝ ਥਾਈਂ ਇਹ ਸ਼ਬਦ ਸਾਹਿਬ ਦੇ ਅਰਥਾਂ ਵਿਚ ਵੀ ਆਇਆ ਹੈ।

ਸਾਹਿਬ, ਪਾਤਿਸਾਹ, ਆਦਿ, ਤੇ ਖਸਮ ਪਦਾਂ ਦੀ ਵਰਤੋਂ ਦੇ ਪਰਿਣਾਮ ਰੂਪ ਰਾਜ-ਸੱਤਾ ਨਾਲ ਸੰਬੰਧਿਤ ਹੋਰ ਉਕਤੀਆਂ ਜੋ ਵਰਤੀਆਂ ਹਨ, ਉਨ੍ਹਾਂ ਵਿਚ ਵੀ ਪਰਧਾਨ ਸਥਾਨ ਮੁਸਲਮਾਨੀ ਪਦਾਂ ਦਾ ਹੀ ਹੈ। ਰਾਜ-ਸੱਤਾ ਦੇ ਸਥਾਨ ਦਾ ਅਰਥ ਦੇਣ ਵਾਲੇ ਪਦ ਦਰਗਾਹ, ਦਰਬਾਰ, ਦਰ, ਦੀਵਾਨ, ਤਖ਼ਤ, ਹਜ਼ੂਰ (ਹਜ਼ੂਰ), ਆਦਿ ਹਨ; ਤੇ ਮਹਲ ਸ਼ਬਦ ਬਹੁਤਾ ਖਸਮ ਨਾਲ ਜੋੜ ਕੇ ਵਿਸ਼ੇਸ਼ ਅਰਥਾਂ ਵਿੱਚ ਆਇਆ ਹੈ। ਦਰਗਾਹ, ਦੀਵਾਨ ਤੇ ਦਰਬਾਰ ਸ਼ਬਦਾਂ ਨੇ ਤਾਂ ਜਾਣੋ ਉਤਰੀ ਭਾਰਤ ਦੀ ਬੋਲੀ ਵਿਚ 'ਰਾਜ-ਸਭਾ' ਪਦ ਨੂੰ ਕੱਢ ਹੀ ਦਿੱਤਾ ਹੈ। ਸਾਧਾਰਣ ਲੋਕਾਂ ਦੀ ਬੋਲ-ਚਾਲ ਵਿੱਚ ਵੀ 'ਰਾਜ-ਸਭਾ' ਨਾਲੋਂ 'ਰਾਜ-ਦਰਬਾਰ' ਪਦ ਵਧੇਰੇ ਪ੍ਰਚਲਿਤ ਹੈ। ਗੁਰੂ ਨਾਨਕ ਦੀ ਬਾਣੀ ਦੀ ਵੀ ਇਹ ਹੀ ਗੱਲ ਹੈ।

ਮਜ਼ੇ ਦੀ ਗੱਲ ਇਹ ਹੈ ਕਿ ਮੁਸਲਮਾਨੀ ਬੋਲ-ਚਾਲ ਜਾਂ ਪਦਾਵਲੀ ਵਿੱਚ, 'ਦਰਗਾਹ' ਸ਼ਬਦ 'ਇਲਾਹੀ' ਤੋਂ ਉਪਰੰਤ ਪੀਰਾਂ ਫ਼ਕੀਰਾਂ ਨਾਲ ਜੋੜਿਆ ਜਾਂਦਾ ਹੈ, ਰਾਜਿਆਂ, ਹਾਕਮਾਂ ਨਾਲ ਨਹੀਂ। ਗੁਰੂ ਨਾਨਕ ਨੇ ਭਾਵੇਂ ਪਰਮ-ਸੱਤ ਨੂੰ ਰਾਜ-ਸੱਤਾ ਦੇ ਰੂਪ ਵਿਚ ਵੇਖਿਆ ਹੈ, ਤੇ ਉਸ ਦੇ ਸਥਾਨ ਤੇ ਸਭਾ ਦੇ ਅਰਥਾਂ ਵਿਚ ਦਰਬਾਰ ਤੇ ਦੀਵਾਨ ਸ਼ਬਦ ਖੁਲ੍ਹੇ ਵਰਤੇ ਹਨ, ਸ਼ਬਦ

Digitized by Panjab Digital Library | www.panjabdigilib.org

'ਦਰਗਾਹ' ਨੂੰ ਵੀ ਕਰੀਬ ਕਰੀਬ ਉਨ੍ਹਾਂ ਅਰਥਾਂ ਵਿਚ ਹੀ ਵਰਤਿਆ ਹੈ। ਜਪੁ ਦੀਆਂ ਹੇਠਲੀਆਂ ਪੰਕਤੀਆਂ ਨੂੰ ਦੇਖੋ :

ਫੇਰਿ ਕਿ ਅਗੈ ਰਖੀਐ ਜਿਤੁ ਦਿਸੈ ਦਰਬਾਰੁ ॥ 4 ॥
ਪੰਚੇ ਪਾਵਹਿ ਦਰਗਹਿ ਮਾਨ ॥
ਪੰਚੇ ਸੋਹਹਿ ਦਰਿ ਰਾਜਾਨ ॥ 16 ॥
ਅਮੁਲੁ ਧਰਮੁ ਅਮੁਲੁ ਦੀਬਾਣੁ ॥ 26 ॥
ਸਚਾ ਆਪਿ ਸਚਾ ਦਰਬਾਰ ॥ 34 ॥

ਇਥੇ ਦਰਬਾਰ, ਦਰਗਾਹ ਤੇ ਦੀਬਾਣੁ (ਦੀਵਾਨ) ਸ਼ਬਦ ਪੂਰੇ ਪੂਰੇ ਹੀ ਸਮਾਨਾਰਥੀ ਜਾਪਦੇ ਹਨ। ਪਰ ਸ਼ਾਇਦ ਇਨ੍ਹਾਂ ਦੀ ਵਿਸਤਰਿਤ ਵਰਤੋਂ ਵਿਚ ਇਨ੍ਹਾਂ ਦੇ ਅਰਥਾਂ ਵਿਚ ਕੁਝ ਭੇਦ ਪ੍ਰਤੀਤ ਹੋ ਸਕਦਾ ਹੈ, ਇਨ੍ਹਾਂ ਦੀ ਵਰਤੋਂ ਲਈ ਹੇਠ ਦਿੱਤੀਆਂ ਪੰਕਤੀਆਂ ਗਹੁ ਨਾਲ ਵਿਚਾਰਨ ਦੇ ਯੋਗ ਹਨ।

ਜਪੁ :

ਗਾਵੈ ਕੋ ਵੇਖੈ ਹਾਦਰਾ ਹਦੂਰਿ ॥ 3 ॥
ਸੋ ਦਰੁ ਕੇਹਾ ਸੋ ਘਰੁ ਕੇਹਾ ਜਿਤੁ ਬਹਿ ਸਰਬ ਸਮਾਲੇ ॥ 27 ॥

ਸਿਰੀ ਰਾਗੁ ਘਰੁ 1

ਊਤਮ ਸੇ ਦਰਿ ਊਤਮ ਕਹੀਅਹਿ ਨੀਚ ਕਰਮ ਬਹਿ ਰੋਇ ॥ 1 ॥ ਰਹਾਉ ॥ 4 ॥
ਸਚੁ ਮਿਲਿਆ ਤਿਨ ਸੋਫੀਆ ਰਾਖਣ ਕਉ ਦਰਵਾਰੁ ॥1॥ 5 ॥
ਜਿਤੁ ਸੇਵੀਐ ਸੁਖ ਪਾਈਐ ਤੇਰੀ ਦਰਗਹ ਚਲੈ ਮਾਣੁ ॥ 1 ॥ ਰਹਾਉ ॥ 5 ॥
ਦਰਿ ਘਰਿ ਢੋਈ ਨ ਲਹੈ ਦਰਗਹ ਝੂਠੁ ਖੁਆਰੁ ॥ 1 ॥ ਰਹਾਉ ॥ 13 ॥
ਨਾਨਕ ਦਰਿ ਪਰਧਾਨੁ ਸੋ ਦਰਗਹ ਪੈਧਾ ਜਾਇ ॥ 4 ॥ 14 ॥
ਖੜਿ ਦਰਗਹ ਪੈਨਾਈਐ ਮੁਖਿ ਹਰਿ ਨਾਮ ਨਿਵਾਸੁ ॥ 3 ॥ 18 ॥
ਹਰਿ ਗੁਰੁ ਸਰਵਰੁ ਸੇਵਿ ਤੂ ਪਾਵਹਿ ਦਰਗਹ ਮਾਨੁ ॥ 1 ॥ ਰਹਾਉ ॥ 19 ॥
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨਮਾਹਿ ॥ 20 ॥
ਗੁਰ ਮਿਲੈ ਭਉਜਲੁ ਲੰਘੀਐ ਦਰਗਹ ਪਤਿ ਪਰਵਾਣੁ ॥ 4 ॥ 22 ॥

ਸਿਰੀ ਰਾਗੁ ਘਰੁ 5 :

ਵਿਚਿ ਦੁਨੀਆ ਸੇਵ ਕਮਾਈਐ। ਤਾ ਦਰਗਹ ਬੈਸਣੁ ਪਾਈਐ ॥ 4 ॥ 33 ॥

ਸਿਰੀ ਰਾਗੁ ਅਸਟਪਦੀਆ :

ਪੀ ਅੰਮ੍ਰਿਤੁ ਸੰਤੋਖਿਆ ਦਰਗਹ ਪੈਧਾ ਜਾਇ ॥ 7 ॥ 14 ॥

ਮਾਝ ਅਸਟਪਦੀਆ :

ਸਚੀ ਦਰਗਹ ਮਹਲਿ ਬੁਲਾਏ ॥ 1 ॥ 1 ॥

ਮਾਝ ਵਾਰ :

ਹੁਕਮੁ ਮੰਨੇ ਸਿਰਦਾਰ ਦਰਿ ਦੀਬਾਣੀਐ ॥...॥10 ॥

Digitized by Panjab Digital Library | www.panjabdigilib.org

ਸਚੈ ਦੇ ਦੀਬਾਣਿ ਕੂੜਿ ਨੇ ਜਾਈਐ ॥...18 ॥
ਵਿਣੁ ਸਚੇ ਦਰਬਾਰੁ ਕੂੜਿ ਨ ਪਾਈਐ ॥ 19 ॥

ਗਉੜੀ ਚੇਤੀ :

ਠਾਕੇ ਬੋਹਿਥ ਦਰਗਹ ਮਾਰ ॥ 4 ॥ 7 ॥

ਆਸਾ ਚਉਪਦੇ ਘਰੁ 2 :

ਤਾਂ ਕਿਛੁ ਦਰਗਹ ਪਾਵੈ ਮਾਨੁ ॥ 4 ॥ 4 ॥
ਦਰਗਹ ਬੈਸਣ ਹੋਵੈ ਥਾਉ ॥...॥ 4 ॥ 18 ॥
ਗੁਰਮੁਖਿ ਸਾਚੇ ਸਾਚੈ ਦਰਬਾਰਿ ॥ 1 ॥ ਰਹਾਉ ॥
ਨਾਨਕ ਏਕੋ ਦਰੁ ਦੀਬਾਣੁ ॥ 5 ॥ 21 ॥
ਜੇ ਕੋ ਦਰਗਹ ਬਹੁਤਾ ਬੋਲੈ ਨਾਉ ਪਵੈ ਬਾਜਾਰੀ ॥ 3 ॥ 2 ॥ 36 ॥

ਆਸਾ ਅਸਟਪਦੀਆ ਘਰੁ 3 :

ਦਰਗਹ ਨਾਮੁ ਹਦੂਰਿ ਗੁਰਮੁਖਿ ਜਾਣਸੀ ॥...॥ 4 ॥ 21 ॥

ਵਡਹੰਸੁ ਅਲਾਹਣੀਆਂ :

ਸੂਰੇ ਸੇਈ ਅਗੈ ਆਖੀਅਹਿ ਦਰਗਹ ਪਾਵਹਿ ਸਾਚੀ ਮਾਣੋ ॥
ਦਰਗਹ ਮਾਣੁ ਪਾਵਹਿ ਪਤਿ ਸਿਉ ਜਾਵਹਿ ਆਗੈ ਦੂਖੁ ਨਾ ਲਾਗ ॥ 3 ॥ 2 ॥

ਆਸਾ ਵਾਰੁ :

ਐਸੀ ਕਲਾ ਨ ਖੇਡੀਐ ਜਿਤ ਦਰਗਹ ਗਇਆ ਹਾਰੀਐ ॥ 12 ॥
ਤਾ ਦਰਗਹ ਪੈਧਾ ਜਾਇਸੀ ॥ 15 ॥

ਧਨਾਸਰੀ ਘਰੁ ਦੂਜਾ :

ਦਰਗਹ ਘੜੀਅਹਿ ਤੀਨੇ ਲੇਖ ॥ 1 ॥ 5 ॥ 7 ॥

ਧਨਾਸਰੀ ਅਸਟਪਦੀਆ :

ਭਗਤ ਸੋਹਹਿ ਦਰਵਾਰਿ ਸਬਦਿ ਸੁਹਾਇਆ ਜੀਉ ॥...॥ 4 ॥ 2 ॥

ਤਿਲੰਗ ਘਰੁ 2 :

ਹਰਿ ਦਰਗਹ ਪੈਨਾਈਆ ਹਰਿ ਆਪਿ ਗਲਿ ਲਾਈਆ ॥ 11 ॥ 2 ॥

ਸੂਹੀ ਅਸਟਪਦੀਆ ਘਰੁ 10 :

ਪਤਿ ਪਾਏ ਦਰਬਾਰਿ ਸਤਿਗੁਰ ਸਬਦਿ ਭੈ ॥ 1 ॥ ਰਹਾਉ ॥ 1 ॥ 3 ॥

ਸੂਹੀ ਸਲੋਕ :

ਖੋਟੇ ਖਰੇ ਪਰਖੀਅਨਿ ਸਾਹਿਬ ਕੈ ਦੀਬਾਣਿ ॥ 1 ॥ 12 ॥

ਬਿਲਾਵਲੁ ਅਸਟਪਦੀਆ ਘਰੁ 10 :

ਸਾਚੀ ਦਰਗਹ ਪੂਛ ਨ ਹੋਇ ॥ 6 ॥ 2 ॥

ਰਾਮਕਲੀ ਘਰੁ 1 ਚਉਪਦੇ :

ਐਸੀ ਦਰਗਹ ਸਾਚਾ ਸੋਇ ॥1॥ ਰਹਾਉ ॥ 8 ॥

Digitized by Panjab Digital Library | www.panjabdigilib.org

ਰਾਮਕਲੀ ਅਸਟਪਦੀਆ :

**ਗੁਰਮੁਖਿ ਪਾਵਹਿ ਦਰਗਹ ਮਾਨੁ** ॥ 3 ॥ 6 ॥

ਮਾਰੂ ਸੋਲਹੇ :

**ਦਰਗਹਿ ਪੈਧੇ ਜਾਨਿ ਸੁਹੇਲੇ ਹੁਕਮਿ ਸਚੇ ਪਾਤਿਸਾਹਾ ਹੇ** ॥ 15 ॥ 6 ॥ 12 ॥
**ਸੋਹਨਿ ਭਗਤ ਪ੍ਰਭੂ ਦਰਬਾਰੇ** ॥ ॥ 2 ॥ 2 ॥ 14 ॥
**ਮਾਨੈ ਹੁਕਮੁ ਸੁ ਦਰਗਹ ਪੈਝੈ ਸਾਚਿ ਮਿਲਾਇ ਸਮਾਇਦਾ** ॥ 13 ॥ 4 ॥ 16 ॥
**ਜਾਚਿਕ ਸੇਵ ਕਰੈ ਦਰਿ ਹਰਿ ਕੈ ਹਰਿ ਦਰਗਹ ਜਸੁ ਗਾਇਆ** ॥ 6 ॥ 5 ॥
**ਸਾਚੀ ਦਰਗਹ ਗਤਿ ਪਤਿ ਪਾਏ** ॥ 7 ॥ 5 ॥ 22 ॥

ਮਾਰੂ ਵਾਰ, ਸਲੋਕ :

**ਹੁਕਮਿ ਰਜਾਈ ਸਾਖਤੀ ਦਰਗਹ ਸਚੁ ਕਬੂਲੁ** ॥ . ॥ 1 ॥ 12 ॥

ਬਸੰਤ ਅਸਟਪਦੀਆ :

**ਸਾਚੀ ਦਰਗਹ ਪਾਵਹਿ ਮਾਣੁ** ॥ 6 ॥ 3 ॥

ਪਰਭਾਤੀ ਬਿਭਾਸ ਚਉਪਦੇ ਘਰੁ 1 :

**ਭੂਲ ਚੂਕ ਤੇਰੇ ਦਰਬਾਰਿ** ॥ 1 ॥ 12 ॥

ਉਪਰੋਕਤ ਵਿਚੋਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ 'ਦਰਗਹ' ਦੇ ਅਰਥ 'ਦਰਬਾਰ' ਜਾਂ 'ਦੀਬਾਣੁ' ਨਾਲੋਂ ਕੁਝ ਵਿਸ਼ਾਲਤਰ ਹਨ। ਦਰਬਾਰ ਜਾਂ ਦੀਬਾਣੁ (ਦੀਵਾਨ) ਰਾਜ ਸਭਾ ਦੇ ਸਮਾਨਾਰਥੀ ਪਦ ਜਾਪਦੇ ਹਨ, ਤੇ 'ਦਰਗਹ' ਰਾਜਧਾਮ' ਦੇ ਸਮਾਨਾਰਥੀ। ਦੂਜੇ 'ਦਰਗਹ' ਦੇ ਨਾਲ ਮਾਨ ਤੇ ਪਤਿ, ਆਦਿ ਦੇ ਪਦ ਬਹੁਤ ਸੰਮਿਲਿਤ ਹਨ। ਉਪਰੋਕਤ ਵਿਚ 29 ਵਾਰੀ ਦੀ ਵਰਤੋਂ ਵਿਚ 'ਦਰਗਹ' ਪਦ ਮਾਨ ਜਾਂ ਇਸ ਦੇ ਸਮਾਨਾਰਥੀ ਪਦਾਂ ਨਾਲ ਮਿਲ ਕੇ ਆਇਆ ਹੈ।

ਉਪਰੋਕਤ ਪਦਾਂ ਦੀ ਵਰਤੋਂ ਤੋਂ ਇਹਨਾਂ ਦਾ 'ਮਹਲ' ਪਦ ਨਾਲੋਂ ਭੇਦ ਵੀ ਕੁਝ ਦਿਖਾਈ ਦੇਂਦਾ ਹੈ। ਕੇਵਲ ਇਕ ਵਾਰ 'ਦਰਗਹ' ਪਦ 'ਮਹਲ' ਪਦ ਨਾਲ ਜੁੜ ਕੇ ਆਇਆ ਹੈ। ਇਕ ਦੋ ਪੰਕਤੀਆਂ ਵਿਚ ਇਹ 'ਮਹਲ' ਵਾਲੀ ਪੰਕਤੀ ਤੋਂ ਪਿੱਛੋਂ ਆਇਆ ਹੈ। ਇਹਨੀਂ ਥਾਈਂ ਭਾਵ ਦੋਹਾਂ, ਦਰਗਹ ਤੇ ਮਹਲ, ਪਦਾਂ ਦਾ ਇਕੱਠਾ ਹੋਇਆ ਹੁੰਦਾ ਹੈ। ਨਹੀਂ ਤਾਂ ਇਉਂ ਪ੍ਰਤੀਤ ਹੁੰਦਾ ਹੈ ਜਿਵੇਂ ਦਰਗਹ ਤੇ ਦਰਬਾਰ ਪਦ ਸਾਹਿਬ, ਪਾਤਿਸਾਹ ਦੀ ਰਾਜ ਸੱਤਾ ਦੇ ਕਰਮ ਨਾਲ ਸੰਬੰਧਿਤ ਹਨ ਤੇ 'ਮਹਲ' ਪਦ 'ਖਸਮ' ਦੇ ਗ੍ਰਿਹ ਨਿਵਾਸ ਦੇ ਅਰਥ ਦੇਂਦਾ ਹੈ ਜਿਥੇ ਪਹੁੰਚਣਾ ਉਸ ਨਾਲ ਕਿਸੇ ਭਾਂਤ ਦੀ ਏਕਤਾ ਦਾ ਸੂਚਕ ਹੈ, ਜਿਵੇਂ :

ਸਿਰੀ ਰਾਗੁ ਘਰੁ 1 :

**ਤਾਂ ਮਨੁ ਖੀਵਾ ਜਾਣੀਐ ਜਾਂ ਮਹਲੀ ਪਾਏ ਥਾਉ** ॥ 2 ॥ 5 ॥
**ਊਚਉ ਥਾਨੁ ਸੁਹਾਵਣਾ ਊਪਰਿ ਮਹਲੁ ਮੁਰਾਰਿ** ॥

Digitized by Panjab Digital Library | www.panjabdigilib.org

ਸਚੁ ਕਰਣੀ ਦੇ ਪਾਈਐ ਦਰੁ ਘਰੁ ਮਹਲੁ ਪਿਆਰਿ ॥ 2 ॥ 12 ॥
ਨਿਜ ਘਰਿ ਮਹਲੁ ਪਛਾਣੀਐ ਨਦਰਿ ਕਰੇ ਮਲੁ ਧੋਇ ॥ 3 ॥ 12 ॥
ਆਪੇ ਮੇਲਿ ਮਿਲਾਵਹੀ ਸਾਚੈ ਮਹਲਿ ਹਦੂਰਿ ॥ 2 ॥ 16 ॥

ਸਿਰੀ ਰਾਗੁ ਅਸਟਪਦੀਆ 1 :

ਤਬਲਗੁ ਮਹਲੁ ਨ ਪਾਈਐ ਜਬਲਗੁ ਸਾਚੁ ਨ ਚੀਤਿ ॥ 4 ॥ 8 ॥

ਮਾਝ ਵਾਰ :

ਝੂਠੋ ਝੂਠੁ ਵਖਾਣਿ ਸੋ ਮਹਲੁ ਖੁਆਈਐ ॥
ਸਚੁ ਸੁਣਿ ਬੁਝਿ ਵਖਾਣਿ ਮਹਲਿ ਬੁਲਾਈਐ ॥ 18 ॥
ਕੂੜੇ ਲਾਲਚਿ ਲਗਿ ਮਹਲੁ ਖੁਆਈਐ ॥ 19 ॥

ਗਉੜੀ ਚੇਤੀ :

ਕਰਿ ਕਿਰਪਾ ਘਰੁ ਮਹਲੁ ਦਿਖਾਇਆ ॥ 4 ॥ 8 ॥

ਆਸਾ ਅਸਟਪਦੀਆ :

ਗੁਰਮੁਖਿ ਮਹਲੀ ਮਹਲੁ ਪਛਾਨੁ ॥ 2 ॥ 6 ॥
ਦਰਿ ਘਰਿ ਮਹਲੀ ਹਰਿ ਪਤਿ ਰਾਖੈ ॥ 5 ॥ 8 ॥

ਸੂਹੀ ਘਰੁ 6 :

ਜਾ ਕੋ ਮਹਲੁ ਹਜੂਰਿ ਦੂਜੇ ਨਿਵੈ ਕਿਸੁ ॥...॥ 3 ॥ 3 ॥ 5 ॥

ਸੂਹੀ ਅਸਟਪਦੀਆ ਘਰੁ 10 :

ਇਹ ਕਿਰੈ ਘਰੁ ਅਉਤਾਕੁ ਮਹਲੁ ਨ ਪਾਈਐ ॥ 4 ॥ 2 ॥ 4 ॥

ਰਾਮਕਲੀ ਅਸਟਪਦੀਆ :

ਦੁਬਿਧਾ ਰਾਤੇ ਮਹਲੁ ਨ ਪਾਵਹਿ ॥...॥ 7 ॥ 4 ॥
ਸਚੈ ਤਖਤਿ ਸਚ ਮਹਲੀ ਬੈਠੇ ਨਿਰਭਉ ਤਾੜੀ ਲਾਈ ॥ 8 ॥ 8 ॥

ਮਾਰੂ ਸੋਲਹੇ :

ਕਾਇਆ ਗੜ ਮਹਲ ਮਹਲੀ ਪ੍ਰਭੁ ਸਾਚਾ ਸਚੁ ਸਾਚਾ ਤਖਤੁ ਰਚਾਇਆ ॥ 12 ॥ 1 ॥ 18 ॥
ਸਤਿਗੁਰ ਮਿਲੈ ਤਾ ਮਹਲਿ ਬੁਲਾਏ ॥...॥ 7 ॥ 5 ॥ 22 ॥

ਤੁਖਾਰੀ ਛੰਤ :

ਅਮਰੁ ਅਜੋਨੀ ਅਸਥਿਰ ਜਾਪੈ ਸਾਚਾ ਮਹਲੁ ਚਿਰਾਣਾ ॥ 4 ॥ 5 ॥

ਦੋ ਹੋਰ ਉਕਤੀਆਂ ਜੋ ਇਸ ਪ੍ਰਕਰਣ ਤੇ ਮਿਲਵੇਂ ਅਰਥਾਂ ਵਿਚ ਬਹੁਤੀਆਂ ਵਰਤੀਆਂ ਗਈਆਂ ਹਨ, ਹਜ਼ੂਰ (ਹਦੂਰ) ਤੇ ਤਖ਼ਤ ਹਨ। ਇਹਨਾਂ ਦੇ ਕੁਝ ਪ੍ਰਸੰਗ ਤਾਂ ਉਪਰੋਕਤ ਵਿਚ ਆ ਚੁਕੇ ਹਨ। ਬਾਕੀ ਕੁਝ ਉਤੇ ਹੇਠਾਂ ਧਿਆਨ ਦਿਵਾਇਆ ਜਾਣਾ ਯੋਗ ਪ੍ਰਤੀਤ ਹੁੰਦਾ ਹੈ :

ਜਪੁ :

ਗਾਵੈ ਕੋ ਵੇਖੈ ਹਾਦਰਾ ਹਦੂਰਿ ॥ 3 ॥

ਸਿਰੀ ਰਾਗੁ ਘਰੁ 1 :

Digitized by Panjab Digital Library | www.panjabdigilib.org

ਮੇਰੇ ਠਾਕੁਰ ਪੂਰੈ ਤਖਤਿ ਅਡੋਲੁ । 1 । ਰਹਾਉ । 9 ।
ਪੂਰੋ ਪੂਰੋ ਆਖੀਐ ਪੂਰੈ ਤਖਤਿ ਨਿਵਾਸ ।...। 4 । 9 ।
ਜੋ ਕਛੁ ਕਰੀ ਸੁ ਤੇਰੈ ਹਦੂਰਿ । । 2 । 32 ।

ਮਾਝ ਵਾਰ :
ਕਰਸਨਿ ਤਖਤਿ ਸਲਾਮੁ ਲਿਖਿਆ ਪਾਵਸੀ । ।1 ।

ਆਸਾ ਚਉਪਦੇ ਘਰੁ 2 :
ਹੈ ਹਜੂਰਿ ਹਾਜਰੁ ਅਰਦਾਸਿ । 1 । ਰਹਾਉ । 13 ।
ਸਚੈ ਤਖਤਿ ਬੁਲਾਵੈ ਸੋਇ । 2 । 21 ।

ਆਸਾ ਅਸਟਪਦੀਆ ਘਰੁ 3 :
ਨਿਧਿ ਗੁਣ ਗਾਵਾ ਦੇਖਿ ਹਦੂਰਿ । 7 । 1 ।

ਆਸਾ ਵਾਰ :
ਵਿਸਮਾਦੁ ਦੇਖੈ ਹਾਜਰਾ ਹਜੂਰਿ । 1 । 3 ।

ਸੂਹੀ ਅਸਟਪਦੀਆ ਘਰੁ 10 :
ਗੁਰਮੁਖਿ ਵੇਖਿ ਹਦੂਰਿ ਅੰਤਰਿ ਭੀ ਤੂ ਹੈ । 7 । 3 । 5 ।

ਮਾਰੂ ਘਰੁ 1 ਚਉਪਦੇ : ਸਲੋਕ :
ਨਾਨਕ ਸਰਣਿ ਤੁਹਾਰੀਆ ਪੇਖਹੁ ਸਦਾ ਹਜੂਰਿ । 1 ।

ਮਾਰੂ ਸੋਲਹੇ :
ਤਖਤਿ ਬਹੈ ਅਦਲੀ ਪ੍ਰਭੁ ਆਪੇ ਭਰਮੁ ਭੇਦੁ ਭਉ ਜਾਈ ਹੇ । 10 । 2 ।
ਸਾਚੀ ਨਗਰੀ ਤਖਤੁ ਸਚਾਵਾ ।
ਸਾਚੇ ਸਾਚੈ ਤਖਤਿ ਵਡਾਈ ਹਉਮੈ ਗਣਤ ਗਵਾਈ ਹੇ । 11 । 3 ।
ਓਹੁ ਆਪੇ ਤਖਤਿ ਬਹੈ ਸਚਿਆਰਾ । 14 । 6 ।
ਤਖਤਿ ਬਹੈ ਤਖਤੈ ਕੀ ਲਾਇਕ ।...14 ।
ਤਖਤਿ ਸਲਾਮੁ ਹੋਵੈ ਦਿਨੁ ਰਾਤੀ । - . . । 15 । 1 । 18 ।

ਰਾਜ ਕਰਮ ਨਾਲ ਸੰਬਧਿਤ ਉਕਤੀਆਂ ਜੋ ਗੁਰੂ ਨਾਨਕ ਨੇ ਬਹੁਤ ਵਰਤੀਆਂ ਹਨ, ਉਹ ਹਨ : ਹੁਕਮ, ਰਜ਼ਾ ਫ਼ੁਰਮਾਨ, ਅਮਰ, ਨਦਰ, ਕਰਮ, ਬਖਸੀਸ, ਨੀਸਾਣ, (ਮੁਹਰ, ਝੰਡਾ ?) ਆਦਿ । ਇਹਨਾਂ ਵਿਚ ਸੱਭ ਤੋਂ ਵੱਧ ਵਰਤੀਆਂ ਗਈਆਂ ਉਕਤੀਆਂ ਹੁਕਮ, ਨਦਰ ਤੇ ਕਰਮ ਹਨ । ਇਹਨਾਂ ਦੀ ਵਰਤੋਂ ਦੇ ਕੁਝ ਪ੍ਰਮਾਣ ਜਪੁ ਵਿਚੋਂ ਹੀ ਵੇਖੇ ਜਾ ਸਕਦੇ ਹਨ, ਜਿਵੇਂ :

ਹੁਕਮ ਰਜਾਈ ਚਲਣਾ ਨਾਨਕ ਲਿਖਿਆ ਨਾਲਿ । 1 ।
ਹੁਕਮੀ ਹੋਵਨਿ ਆਕਾਰ ਹੁਕਮੁ ਨ ਕਹਿਆ ਜਾਈ ।
ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ।
ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ।
ਇਕਨਾ ਹੁਕਮੀ ਬਖਸੀਸ ਇਕਿ ਹੁਕਮੀ ਸਦਾ ਭਵਾਈਅਹਿ ।

Digitized by Panjab Digital Library | www.panjabdigilib.org

ਹੁਕਮੈ ਅੰਦਰਿ ਸਭੁ ਕੋ ਬਾਹਰਿ ਹੁਖਮ ਨ ਕੋਇ ।
ਨਾਨਕ ਹੁਕਮੈ ਜੇ ਬੁਝੈ ਤ ਹਉਮੈ ਕਹੈ ਨ ਕੋਇ । 2 ।
ਗਾਵੈ ਕੋ ਦਾਤਿ ਜਾਣੈ ਨੀਸਾਣੁ ।...
ਹੁਕਮੀ ਹੁਕਮੁ ਚਲਾਏ ਰਾਹੁ । 3 ।
ਕਰਮੀ ਆਵੈ ਕਪੜਾ ਨਦਰੀ ਮੋਖ ਦੁਆਰੁ । । 4 ।
ਜੇ ਤਿਸੁ ਨਦਰਿ ਨ ਆਵਈ ਤਾਵਾਤ ਨ ਪੁਛੈ ਕੇ । . । 7 ।
ਜਿਤੁ ਫੁਰਮਾਏ ਤਿਵ ਤਿਤੁ ਪਾਹਿ । 19 ।
ਨਾਨਕ ਨਦਰੀ ਕਰਮੀ ਦਾਤਿ । 24 ।
ਜਿਸ ਨੋ ਬਖਸੇ ਸਿਫਤਿ ਸਾਲਾਹ ।...। 25 ।
ਅਮੁਲੁ ਬਖਸੀਸ ਅਮੁਲੁ ਨੀਸਾਣ ।
ਅਮੁਲੁ ਕਰਮੁ ਅਮੁਲੁ ਫੁਰਮਾਣ । 26 ।
ਜੋ ਤਿਸੁ ਭਾਵੈ ਸੋਈ ਕਰਸੀ ਹੁਕਮੁ ਨ ਕਰਣਾ ਜਾਈ ।
ਸੋ ਪਾਤਿਸਾਹੁ ਸਾਹਾ ਪਾਤਿਸਾਹਿਬੁ ਨਾਨਕ ਰਹਣੁ ਰਜਾਈ । 27 ।
ਨਾਨਕ ਨਦਰੀ ਪਾਈਐ ਕੂੜੀ ਕੂੜੈ ਠੀਸ । 32 ।
ਨਦਰੀ ਕਰਮਿ ਪਵੈ ਨੀਸਾਣ । 34 ।
ਜਿਨ ਕਉ ਨਦਰੀ ਨਦਰਿ ਕਰਮੁ ਤਿਨ ਕਾਰ ।
ਨਾਨਕ ਨਦਰੀ ਨਦਰਿ ਨਿਹਾਲ । 38 ।

ਤੇ ਹੋਰ ਕੁਝ ਵਿਸ਼ੇਸ਼ ਭਾਵ ਵਾਲੇ ਪ੍ਰਮਾਣੁ ਇਹ ਹਨ :

ਸਿਰੀ ਰਾਗੁ ਘਰੁ 1 :

ਜਿਥੈ ਨੀਚ ਸਮਾਲੀਅਨਿ ਤਿਥੈ ਨਦਰਿ ਤੇਰੀ ਬਖਸੀਸ । 4 । 3 ।
ਨਉਨਿਧਿ ਉਪਜੈ ਨਾਮ ਏਕ ਕਰਮਿ ਪਵੈ ਨੀਸਾਣੁ ।

ਮਾਝ ਵਾਰ :

ਸਚੈ ਸਬਦਿ ਨੀਸਾਣਿ ਠਾਕ ਨ ਪਾਈਐ । 18 ।

ਗਉੜੀ ਗੁਆਰੇਰੀ :

ਜੋ ਕਿਛੁ ਵਰਤੈ ਸੋ ਤੇਰੀ ਰਜਾਇ । 1 । 2 ।

ਆਸਾ ਚਉਪਦੇ ਘਰੁ 2 :

ਕਿਰਤੁ ਪਇਆ ਪਰਵਾਣਾ ਲਿਖਿਆ ਬਾਹੜਿ ਹੁਕਮ ਨ ਹੋਈ । 1 । 36 ।

ਆਸਾ ਵਾਰ :

ਸਚਾ ਤੇਰਾ ਅਮਰੁ ਸਚਾ ਦੀਬਾਣੁ ।...। 2 । 2 ।

ਸੋਰਠਿ ਘਰੁ 1 ਅਸਟਪਦੀਆ :

ਪਤਿ ਪਰਵਾਨਾ ਸਾਚ ਕਾ ਪਿਆਰੇ ਨਾਮੁ ਸਚਾ ਨੀਸਾਣੁ ।...। 3 । 3 ।

Digitized by Panjab Digital Library | www.panjabdigilib.org

ਧਨਾਸਰੀ ਘਰੁ ਦੂਜਾ :

**ਕਾਇਆ ਕਾਗਦੁ ਮਨੁ ਪਰਵਾਣਾ । 1 ।**

**ਜਿਸੁ ਸਿਰਿ ਦਰਗਹ ਕਾ ਨੀਸਾਣੁ । 4 । 5 । 7 ।**

ਧਨਾਸਰੀ ਛੰਤ :

**ਪਰਵਾਣਾ ਆਇਆ ਹੁਕਮਿ ਪਠਾਇਆ ਫੇਰਿ ਨ ਸਕੈ ਕੋਈ । 1 । 2 ।**

ਸੂਹੀ ਘਰੁ 6 :

**ਆਗੈ ਪੂਛ ਨ ਹੋਵਈ ਜੇ ਸਣੁ ਨੀਸਾਣੈ ਜਾਇ । 2 । 5 । 7 ।**

ਬਿਲਾਵਲ ਚਉਪਦੇ ਘਰੁ 1 :

**ਜੈਸੇ ਸਚ ਮਹਿ ਰਹਉ ਰਜਾਈ । 1 । ਰਹਾਉ । 1 ।**

**ਆਪੇ ਸਬਦੁ ਆਪੇ ਨੀਸਾਨੁ ।... 1 । 3 ।**

ਮਾਰੂ ਸੋਲਹੇ :

**ਹੁਕਮਿ ਚਲਾਏ ਸਚੁ ਨੀਸਾਨਾ । 5 । 2 । 19 ।**

ਬਸੰਤ ਘਰੁ 1 ਅਸਟਪਦੀਆ :

**ਦੂਖ ਸੂਖ ਸਭ ਤਿਸੁ ਰਜਾਇ । 7 । 2 ।**

**ਏਕੋ ਸਬਦੁ ਸਚਾ ਨੀਸਾਣੁ । 3 । 3 ।**

ਜਿਵੇਂ ਉਪਰ ਕਿਹਾ ਗਿਆ ਹੈ ।

ਤਿੰਨ ਉਕਤੀਆਂ, ਹੁਕਮ, ਨਦਰ ਤੇ ਕਰਮ ਸੱਭ ਤੋਂ ਅਧਿਕ ਪ੍ਰਚਲਿਤ ਹਨ । ਤੇ ਜੇ ਇਨਾਂ ਦੀ ਵਰਤੋਂ ਦੇ ਪਮਾਣ ਇਥੇ ਲਿਖੇ ਜਾਣ ਤਾਂ ਕਈ ਪੰਨੇ ਭਰ ਜਾਂਦੇ ਹਨ । ਧਿਆਨ ਵਾਲੀ ਗੱਲ ਇਨ੍ਹਾਂ ਪਦਾਂ ਦੇ ਵਿਸ਼ੇਸ਼ ਅਰਥ ਹਨ ।

ਇਹ ਤਿੰਨੇ ਸਬਦ ਅਰਬੀ ਭਾਸ਼ਾ ਦੇ ਹਨ, ਤੇ ਸਪਸ਼ਟ ਹੈ ਕਿ ਗੁਰੂ ਨਾਨਕ ਦੇ ਚਿੰਤਨ ਉੱਤੇ ਮੁਸਲਮਾਨੀ ਪ੍ਰਭਾਵ ਦੇ ਸਚਕ ਹਨ । ਇਹ ਪ੍ਰਭਾਵ ਕਿਸ ਰਾਹ ਗੁਰੂ ਨਾਨਕ ਉੱਤੇ ਹੋਇਆ, ਇਹ ਗੱਲ ਖੋਜ ਕਰਨ ਵਾਲੀ ਹੈ । ਪਹਿਲਾ ਅਨੁਮਾਨ ਇਹ ਹੋ ਸਕਦਾ ਹੈ ਕਿ ਇਹ ਮੁਸਲਮਾਨ ਸੂਫ਼ੀ ਫਕੀਰਾਂ ਦਾ ਪ੍ਰਭਾਵ ਹੋਵੇ । 'ਕਰਮ' ਸ਼ਬਦ ਸੂਫ਼ੀ ਲਿਖਤ ਦੇ ਕਥਨ ਵਿਚ ਬਹੁਤ ਮਿਲਦਾ ਹੈ, 'ਹੁਕਮ' ਵੀ ਚੋਖਾ ਪ੍ਰਚਲਿਤ ਹੈ, ਪਰ 'ਨਦਰ' ਸ਼ਬਦ ਬਾਰੇ ਇਹ ਨਹੀਂ ਕਹਿਆ ਜਾ ਸਕਦਾ । ਸ਼ੇਖ ਫਰੀਦ ਦੀ ਬਾਣੀ ਵਿਚ ਜੋ ਗੁਰੂ ਗ੍ਰੰਥ ਵਿਚ ਮਿਲਦੀ ਹੈ, ਸ਼ਾਇਦ ਇਹ ਸ਼ਬਦ ਬਿਲਕੁਲ ਨਹੀਂ ਵਰਤਿਆ ਗਿਆ । ਨਾ ਹੀ ਸ਼ੇਖ਼ ਹੁਸੈਨ ਤੇ ਬੁਲ੍ਹੇ ਸ਼ਾਹ, ਆਦਿ ਦੀ ਰਚਨਾ ਵਿਚ ਇਹ ਸ਼ਬਦ ਕਿਧਰੇ ਮਿਲਦਾ ਹੈ । ਪਰ ਹੈ ਇਹ ਸ਼ਬਦ ਸੂਫ਼ੀ ਸੁਭਾਵ ਵਾਲਾ । ਇਹ ਮੰਨ ਲੈਣਾ ਵੀ ਔਖਾ ਪ੍ਰਤੀਤ ਹੁੰਦਾ ਹੈ ਕਿ ਇਹ ਸ਼ਬਦ ਗੁਰੂ ਨਾਨਕ ਦੀ ਕੇਵਲ ਆਪਣੀ ਹੀ ਪ੍ਰਿਯ ਉਕਤੀ ਹੋਵੇ ।

ਇਕ ਹੋਰ ਗੱਲ ਇਸ ਪ੍ਰਕਰਣ ਵਿਚ ਵਿਚਾਰਨ ਵਾਲੀ ਇਹ ਹੈ ਕਿ ਪਰਮ-ਸੱਤ ਦੇ ਰਾਜਾ ਪੱਖ ਦੇ ਵਰਣਨ ਵਿਚ ਗੁਰੂ ਨਾਨਕ ਨੇ ਪਰਿਭਾਸ਼ਾ ਬਹੁਤੀ ਅਰਬੀ ਫ਼ਾਰਸੀ ਦੀ ਹੀ ਵਰਤੀ ਹੈ । ਜੋ ਉਸ ਸਮੇਂ ਦੀ ਰਾਜਸੀ ਸਥਿਤੀ ਦੇ ਅਨੁਕੂਲ ਹੈ । ਜਿਹੜੇ ਦੇਸੀ ਸ਼ਬਦ ਇਸ ਪ੍ਰਕਰਣ ਵਿਚ ਵਰਤੇ ਹਨ । ਰਾਜਾ, ਠਾਕਰ, ਪ੍ਰਭੁ ਸੁਆਮੀ, ਆਦਿ ਉਹ ਰਾਜ ਕਰਮ ਦਾ ਇਤਨਾ ਸਪਸ਼ਟ ਤੇ ਨਿੱਗਰ ਪ੍ਰਭਾਵ ਨਹੀਂ ਉਤਪੰਨ ਕਰਦੇ, ਸੂਖਮ ਭਾਵੀ ਜੇਹੇ ਸਬਦ ਹਨ । ਹੁਕਮ ਦੇ ਟਾਕਰੇ ਵਿੱਚ 'ਆਗਿਆ' ਸ਼ਬਦ ਬਹੁਤ ਘੱਟ ਮਿਲਦਾ ਹੈ । ਆਦੇਸ ਸ਼ਬਦ ਸਗੋਂ ਕੁਝ ਬਦਲੇ ਹੋਏ ਅਰਥਾਂ ਵਿਚ

Digitized by Panjab Digital Library | www.panjabdigilib.org

ਵਰਤਿਆ ਗਿਆ ਹੈ, ਜਿਤੇਂ ਜਪੁ ਵਿਚ ਕਰਮ ਦੇ ਸਮਾਨਾਰਥ ਕਿਰਪਾ, ਕਿਰਪਾਲਤਾ ਜਾਂ ਦਇਆ ਮਿਲਦੇ ਹਨ, ਪਰ ਬਹੁਤ ਨਹੀਂ । ਜਪੁ ਵਿਚ ਇਨ੍ਹਾਂ ਜਾਂ ਸਮਾਨਾਰਥੀ ਸ਼ਬਦਾਂ ਦੀ ਗਿਣਤੀ ਜਿੱਥੇ ਅਰਬੀ ਫ਼ਾਰਸੀ ਵਿਚ—ਹੁਕਮ (17) ਤੇ ਕਰਮ (5) ਹੈ, ਉਥੇ ਦੇਸੀ ਸਮਾਨਾਰਥੀ ਸ਼ਬਦਾਂ 'ਭਾਣਾ' ਤੇ 'ਦਇਆ' ਦੀ ਗਿਣਤੀ ਕ੍ਰਮਵਾਰ ਕੇਵਲ 2 ਤੇ 3 ਹੈ । ਇਸ ਤੋਂ ਉਪਰੰਤ ਜਪੁ ਵਿਚ 'ਨਦਰ' ਸ਼ਬਦ 8 ਵਾਰੀ ਤੇ 'ਰਜ਼ਾ' ਦੋ ਵਾਰੀ ਵਰਤਿਆ ਗਿਆ ਹੈ ।

ਮੂਲ ਰੂਪ ਵਿਚ ਪਰਮ-ਸੱਤ ਦਾ ਇਹ ਸੁਆਮੀ ਰੂਪ ਵਾਲਾ ਸੰਕਲਪ ਤੇ ਇਸ ਦੇ ਸੰਬੰਧ ਵਿਚ ਆਤਮਾ ਦਾ ਦਾਸ ਰੂਪੀ ਸੰਕਲਪ ਇਕ ਭਾਂਤ ਦਾ ਦਵੈਤਭਾਵੀ ਸੰਕਲਪ ਹੈ । ਇਸ ਅਨੁਸਾਰ ਆਤਮਾ ਤੇ ਪਰਮ-ਸੱਤ ਦਾਸ ਤੇ ਸੁਆਮੀ ਦੇ ਰਿਸ਼ਤੇ ਵਿਚ ਜੁੜੇ ਹੋਏ ਏਕ ਅਭੇਦ ਰੂਪ ਨਹੀਂ ਹੋ ਸਕਦੇ । ਜੀਵਾਤਮਾ ਪੂਰਣ ਤੇ ਕੇਵਲ ਦਾਸਤਾ ਵਿਚ ਜਾਣੋ ਪਰਮਸੱਤ ਦਾ ਇਕ ਪ੍ਰਕਾਰ-ਰੂਪੀ ਭਾਗ ਬਣ ਜਾਂਦਾ ਹੈ । ਅਧਿਭੌਤਿਕ ਪੱਖ ਤੋਂ ਇਹ ਸਮਾਜ ਵਿਚ ਸੁਆਮੀ ਤੇ ਦਾਸ, ਰਾਜਾ ਤੇ ਪ੍ਰਜਾ ਦੇ ਰਾਜਾਵਾਦੀ ਸੰਬੰਧ ਦਾ ਹੀ ਇਕ ਅਧਿਆਤਮਕ ਰੂਪਾਂਤਰ ਹੈ । ਅਰਥਾਤ ਜਿਤੇਂ ਸਮਾਜ ਵਿਚ ਦਾਸ ਦੀ ਪਾਲਣਾ ਪੋਸਣਾ ਸਾਰੀ ਸੁਆਮੀ ਦੀ ਜ਼ਿਮੇਵਾਰੀ ਹੁੰਦੀ ਹੈ, ਤੇ ਜੇ ਸੁਆਮੀ ਸੁਹਿਰਦ ਤੇ ਸਿਆਣਾ ਹੈ ਤਾਂ ਇਸ ਸੰਬੰਧ ਵਿਚ ਦਾਸ ਦਾ ਜੀਵਨ ਨਿਸਚਿੰਤ ਹੋ ਜਾਂਦਾ ਹੈ, ਇਸੇ ਤਰ੍ਹਾਂ ਅਧਿ-ਆਤਮਕ ਰੂਪ ਵਿਚ ਪਰਮ-ਸੱਤ ਦੀ ਸੁਹਿਰਦੱਤਾ ਤੇ ਸਿਆਣਪ ਬਾਰੇ ਤਾਂ ਕੋਈ ਸ਼ੰਕਾ ਹੀ ਨਹੀਂ ਹੋ ਸਕਦਾ, ਤੇ ਉਸ ਦਸ਼ਾ ਵਿਚ ਜੀਵ ਦਾ ਉਸ ਦੇ ਦਾਸ-ਪਦ ਨੂੰ ਪੂਰਣ ਭਾਂਤ ਸਵੀਕਾਰ ਕਰ ਲੈਣਾ ਸੁਖ ਤੇ ਬੇਫਿਕਰੀ ਦੀ ਅਵਸਥਾ ਨੂੰ ਪ੍ਰਾਪਤ ਕਰ ਲੈਣਾ ਹੈ । ਸਿੱਖੀ ਵਿਚ 'ਬੇਗਮਪੁਰੇ' ਦਾ ਸੰਕਲਪ ਇਸੇ ਅਵਸਥਾ ਦਾ ਸੂਚਕ ਹੈ । ਗੁਰੂ ਨਾਨਕ ਆਪ ਬਿਲਾਵਲ ਰਾਗ ਵਿਚ ਆਖਦੇ ਹਨ :

> **ਜੀਆ ਜੰਤ ਸਭਿ ਬਧਿ ਤੁਮਾਰੇ ਸਰਬ ਚਿੰਤ ਤੁਧੁ ਪਾਸੇ ।**
> **ਜੋ ਤੁਧੁ ਭਾਵੈ ਸੋਈ ਚੰਗਾ ਇਕ ਨਾਨਕ ਕੀ ਅਰਦਾਸੇ ।** 4 । 2।
>
> ਚਉਪਦੇ ਘਰੁ 1

ਸੁਧ ਅਦਵੈਤ ਵਿਚ ਪਰਮ-ਪਦ ਚਿੱਤ ਸਰੂਪੀ ਹੁੰਦਾ ਹੈ । ਜੀਵਾਤਮਾ ਪਰਮਾਤਮਾ ਵਿਚ ਅਭੇਦ ਚਿੱਤ ਰੂਪ ਵਿਚ ਹੀ ਹੋ ਸਕਦਾ ਹੈ । ਉਸ ਅਵਸਥਾ ਵਿਚ ਸੁਆਮੀ-ਦਾਸ ਸਬੰਧ ਦਾ ਕੋਈ ਭੇਦ ਨਹੀਂ ਰਹਿ ਜਾਂਦਾ । ਆਪ ਦੇ ਇਸ ਸੰਕਲਪ ਵਿਚ ਗੁਰੂ ਨਾਨਕ ਨੂੰ ਅਦਵੈਤਵਾਦੀ ਨਹੀਂ ਆਖਿਆ ਜਾ ਸਕਦਾ ।

ਭੂਪਵਾਦੀ ਸਮਾਜ ਵਿਚ ਦਾਸ ਸੁਆਮੀ ਤੋਂ ਮਜ਼ਦੂਰੀ ਦਾ ਅਧਿਕਾਰੀ ਨਹੀਂ ਹੁੰਦਾ ਹੈ। ਉਸ ਨੂੰ ਇੱਕ ਰਿਵਾਜ ਅਨੁਸਾਰ ਬਚਿਆ ਹੋਇਆ ਅੰਨ ਤੇ ਹੋਰ ਵਸਤ ਮਿਲਦੀ ਹੈ ਜੋ ਮੂਲ-ਰੂਪ ਵਿਚ ਉਸ ਦੀ ਪਾਲਣਾ ਲਈ ਲੋੜੀਂਦੀ ਸੀਧਾ ਹੁੰਦਾ ਹੈ। ਉਸ ਦੀ ਪੂੰਜੀਵਾਦੀ ਪ੍ਰਬੰਧ ਅਨੁਸਾਰ ਮਜ਼ਦੂਰੀ ਨਹੀਂ । ਭਾਵੇਂ ਉਸ ਸਮੇਂ ਹੋ ਰਹੀ ਸੰਕਰਾਂਤੀ ਅਨੁਸਾਰ ਗੁਰੂ ਨਾਨਕ ਨੇ ਇਸ ਸੀਧੇ ਲਈ ਮਜ਼ਦੂਰੀ ਦਾ ਸ਼ਬਦ ਵੀ ਵਰਤਿਆ ਹੈ । ਅਸਲ ਵਿਚ 'ਮਜ਼ਦ' ਸ਼ਬਦ ਫ਼ਾਰਸੀ ਵਿਚ ਪਾਲਣ-ਪੋਸਣ ਵਾਲੀ ਸਾਮੱਗਰੀ ਦੇ ਅਰਥ ਹੀ ਰੱਖਦਾ ਹੈ । ਇਹ ਸੀਧਾ ਵੀ ਦਾਸ ਆਪਣੇ ਅਧਿਕਾਰ ਜਾਂ ਹੱਕ ਦੇ ਰੂਪ ਵਿਚ ਨਹੀਂ ਪ੍ਰਾਪਤ ਕਰਦਾ, ਇਹ ਸੁਆਮੀ ਦੀ ਉਸ ਉਤੇ ਕਿਰਪਾਲਤਾ ਦਾ ਸਰੂਪ ਹੁੰਦਾ ਹੈ ਤੇ ਇਸ ਪੱਖ ਤੋਂ ਸੁਆਮੀ ਦਾਸ ਨੂੰ ਇਕ ਦਾਤਾ

Digitized by Panjab Digital Library | www.panjabdigilib.org

ਤੇ ਰੂਪ ਵਿਚ ਦਿਸਦਾ ਹੈ।

ਗੁਰੂ ਨਾਨਕ ਨੇ ਪਰਮ-ਸੱਤ ਦੇ ਦਾਤਾ ਰੂਪ ਨੂੰ ਦੋ ਭਾਂਤ ਦੇ ਅਰਥ ਦਿੱਤੇ ਹਨ। ਇਕ ਅਰਥ ਵਿਚ ਪਰਮ-ਸੱਤ ਦਾਤਾ ਇਸ ਕਰਕੇ ਹੈ ਕਿ ਜੀਵਾਤਮਾ ਨੂੰ ਇਸ ਸੰਸਾਰ ਵਿਚ ਮੂਲ-ਰੂਪੀ ਦਾਤ, ਉਸ ਨੂੰ ਸਰੀਰਕ, ਬੌਧਿਕ ਤੇ ਮਾਨਸਿਕ ਗੁਣ ਦੇ ਕੇ ਭੇਜਣਾ ਹੈ, ਤੇ ਦੂਜੇ ਅਰਥ ਵਿਚ ਜੋ ਕੁਝ ਜੀਵ ਨੂੰ ਇਸ ਸੰਸਾਰ ਵਿਚ ਆ ਕੇ ਪ੍ਰਾਪਤ ਹੁੰਦਾ ਹੈ ਉਹ ਵੀ ਉਸ ਦੀ ਕਿਰਤ ਦਾ ਫਲ ਨਹੀਂ, ਪਰਮ ਸੱਤ ਦਾ ਦਾਨ ਹੀ ਹੈ। ਇਸ ਦੋਹਾਂ ਭਾਂਤਾਂ ਦੇ ਦਾਨ ਲਈ ਜੀਵਾਤਮਾ ਨੂੰ ਯੋਗ ਇਹ ਹੀ ਹੈ ਕਿ ਪਰਮ-ਸੱਤ ਦਾ ਸਦਾ ਰਿਣੀ ਰਹੇ, ਤੇ ਉਸ ਦੀਆਂ ਦਿੱਤੀਆਂ ਦਾਤਾਂ ਨੂੰ ਨਾ ਕੇਵਲ ਉਸ ਦੀ ਰਜ਼ਾ ਤੇ ਇੱਛਾ ਅਨੁਸਾਰ ਵਰਤੇ, ਸਗੋਂ ਇਨ੍ਹਾਂ ਲਈ ਸਦਾ ਆਪਣੇ ਮਨ, ਵਚਨ, ਕਰਮ ਰਾਹੀਂ ਪਰਮ-ਸੱਤ ਦਾ ਕਿਰਤੱਗ ਬਣਿਆ ਰਹੇ ਤੇ ਨੰਗ-ਭੁੱਖ ਜਾਂ ਕਸ਼ਟ ਸਮੇਂ ਕਦੀ ਅਸੰਤੋਸ਼ ਨਾ ਪਰਗਟ ਕਰੇ, ਤੇ ਨਾ ਹੀ ਕਿਸੇ ਸਮੇਂ ਵੀ ਜੋ ਮਿਲਦਾ ਹੈ ਉਸ ਤੋਂ ਵਧੇਰੇ ਦੀ ਲਾਲਸਾ ਕਰੇ। ਗੁਰੂ ਨਾਨਕ ਦੀ ਬਾਣੀ ਵਿਚੋਂ ਅਜੇਹੇ ਉਲੇਖਾਂ ਦੇ ਕੁਝ ਨਮੂਨੇ ਇਹ ਹਨ :—

ਦਾਤਾ :

ਸੁਖੁ ਦੁਖੁ ਪੁਰਬ ਜਨਮ ਕੇ ਕੀਏ।
ਸੋ ਜਾਣੈ ਜਿਨਿ ਦਾਤੈ ਦੀਏ। 14। 3। 9।

ਸਿਰੀ ਰਾਗੁ ਘਰੁ 1 :

ਮੰਗਣ ਵਾਲੇ ਕੇਤੜੇ ਦਾਤਾ ਏਕੋ ਸੋਇ। 2। 11।

ਸਿਰੀ ਰਾਗੁ ਘਰੁ 4 :

ਦੇਵਣਹਾਰੇ ਕੈ ਹਥਿ ਦਾਨੁ।
ਭਾਵੈ ਦੇਇ ਨ ਦੇਈ ਸੋਇ। 1। 32।

ਸਿਰੀ ਰਾਗੁ ਅਸਟਪਦੀਆ :

ਕੇਵਡੁ ਦਾਤਾ ਆਖੀਐ ਦੇ ਕੈ ਰਹਿਆ ਸਮਾਇ।
ਨਾਨਕ ਤੋਟਿ ਨ ਆਵਈ ਤੇਰੇ ਜੁਗਹ ਜੁਗਹ ਭੰਡਾਰ। 7। 1।
ਸਾਚਉ ਮਾਨੁ ਮਹਤੁ ਤੂੰ ਆਪੇ ਦੇਵਣਹਾਰੁ। 1। 3।
ਰਾਮ ਨਾਮੁ ਧਨ ਨਿਰਮਲੋ ਜੇ ਦੇਵੈ ਦੇਵਣਹਾਰ।

ਮਾਝ ਅਸਟਪਦੀਆ ਘਰੁ 2 :

ਅੰਮ੍ਰਿਤਨਾਮੁ ਸਦਾ ਸੁਖਦਾਤਾ ਗੁਰਮਤੀ ਮੰਨਿ ਵਸਾਵਣਿਆ। 1। ਰਹਾਉ। 1।

ਗਉੜੀ ਪੂਰਬੀ ਦੀਪਕੀ :

ਨਿਤ ਨਿਤ ਜੀਅੜੇ ਸਮਾਲੀਅਨਿ ਦੇਖੈਗਾ ਦੇਵਣਹਾਰੁ।
ਤੇਰੇ ਦਾਨੈ ਕੀਮਤਿ ਨ ਪਵੈ ਤਿਸੁ ਦਾਤੇ ਕਵਣੁ ਸੁਮਾਰੁ। 3। 1। 20।

ਗਉੜੀ ਦੱਖਣੀ :

ਤੂੰ ਏਵਡੁ ਦਾਤਾ ਦੇਵਣਹਾਰੁ।
ਤੋਟਿ ਨਾਹੀ ਤੁਧੁ ਭਗਤਿ ਭੰਡਾਰ।...। 2। 10।

Digitized by Panjab Digital Library | www.panjabdigilib.org

ਆਸਾ ਚਉਪਦੇ ਘਰੁ 2 :

ਆਪੇ ਕਰੇ ਆਪੇ ਬਖਸਿੰਦ । 3 । 12 ।

ਆਸਾ ਤਿਤੁਕਾ :

ਤੂੰ ਦਾਤਾ ਕਰਣਹਾਰੁ ਕਰਤਾਰੁ । 1 । ਰਹਾਉ । 18 ।

ਆਸਾ ਕਾਫ਼ੀ ਘਰੁ 8 ਅਸਟਪਦੀਆ :

ਤੂੰ ਦਾਤੌ ਹਮ ਜਾਚਿਕਾ ਹਰਿ ਦਰਸਨੁ ਦੀਜੈ । 1 । ਰਹਾਉ । 15 ।

ਗੂਜਰੀ ਅਸਟਪਦੀਆ :

ਕਵਨ ਕਵਨ ਜਾਚਹਿ ਪ੍ਰਭ ਦਾਤੇ ਤਾ ਕੇ ਅੰਤ ਨ ਪਰਹਿ ਸੁਮਾਰ ।
ਜੈਸੀ ਭੂਖ ਹੋਇ ਅਭ ਅੰਤਰਿ ਤੂੰ ਸਮਰਥੁ ਸਚੁ ਦੇਵਣਹਾਰ । 1 । 2 ।
ਸਰਬੇ ਜਾਚਿਕ ਤੂੰ ਪ੍ਰਭ ਦਾਤਾ ਦਾਤਿ ਕਰੇ ਅਪੁਨੈ ਬੀਚਾਰ । 4 । 2 ।
ਕੋਟਿ ਤੇਤੀਸ ਜਾਚਹਿ ਪ੍ਰਭ ਨਾਇਕ ਦੇਦੇ ਤੋਟਿ ਨਹੀਂ ਭੰਡਾਰ...। 5 । 2 ।

ਸੋਰਠਿ ਚਉਪਦੇ :

ਤੂ ਪ੍ਰਭੁ ਦਾਤਾ ਦਾਨਿ ਮਤਿ ਪੂਰਾ ਹਮ ਥਾਰੇ ਭੇਖਾਰੀ ਜੀਉ ।
ਮੈ ਕਿਆ ਮਾਗਉ ਕਿਛੁ ਥਿਰੁ ਨ ਰਹਾਈ ਹਰਿ ਦੀਜੈ ਨਾਮੁ ਪਿਆਰੀ ਜੀਉ ।1।8।

ਧਨਾਸਰੀ ਚਉਪਦੇ :

ਸਾਹਿਬੁ ਮੇਰਾ ਨੀਤ ਨਵਾ ਸਦਾ ਸਦਾ ਦਾਤਾਰੁ । 1 ।

ਸੂਹੀ ਘਰੁ 9 :

ਸੁਖ ਦੁਖ ਦਾਤਾ ਮਨਿ ਵਸੈ ਤਿਤੁ ਤਨਿ ਕੈਸੀ ਭੁਖ ਜੀਉ । 4 ।

ਸੂਹੀ ਵਾਰ, ਸਲੋਕ :

ਸਤਿਗੁਰ ਭੀਖਿਆ ਦੇਹਿ ਮੈ ਤੂੰ ਸੰਮ੍ਰਥ ਦਾਤਾਰੁ ।...। 1 । 15 ।

ਬਿਲਾਵਲੁ ਚਉਪਦੇ ਘਰ 1 :

ਤੂ ਦਾਤਾ ਨਾਮੁ ਪਰਵਾਣੁ । 1 । 3 ।
ਹਉ ਜਾਚਿਕੁ ਤੂ ਅਲਖ ਅਭੇਉ । 1 । ਰਹਾਉ । 3 ।

ਮਾਰੂ ਅਸਟਪਦੀਆ ਘਰ 1 :

ਮਾਣਸ ਦਾਤਿ ਨ ਹੋਵਈ ਤੂ ਦਾਤਾ ਸਾਰਾ । 7 । 1 ।
ਤੁਧੁ ਜੇਵਡ ਦਾਤਾ ਕੋ ਨਹੀ ਤੂ ਬਖਸਣਹਾਰੁ । ... । 6 । 5 ।
ਦੇ ਦੇ ਤੋਟਿ ਨ ਆਵਈ ਲੈ ਲੈ ਥਕਿ ਪਾਈ । 5 । 6 ।

ਮਾਰੂ ਸੋਲਹੇ :

ਆਪੇ ਮਿਹਰ ਦਇਆ ਪਤਿ ਦਾਤਾ ਨਾ ਕਿਸੈ ਕੋ ਬੈਰਾਈ ਹੇ । 11 । 2 ।
ਜਿਸੁ ਬਖਸੇ ਤਿਸੁ ਦੇ ਵਡਿਆਈ ।
ਸਭਸੈ ਦਾਤਾ ਤਿਲੁ ਨ ਤਮਾਈ । ... । 12 । 2 ।
ਨਿਰਮਲੁ ਏਕੁ ਨਿਰੰਜਨੁ ਦਾਤਾ ਗੁਰ ਪੂਰੇ ਤੇ ਪਤਿ ਪਾਈ ਹੇ । 12 । 3 ।
ਸਰਬ ਜੀਆ ਜਗ ਜੀਵਨੁ ਦਾਤਾ ਨਿਰਭਉ ਮੈਲੁ ਨ ਕਾਈ ਹੇ । 15 । 4 ।

Digitized by Panjab Digital Library | www.panjabdigilib.org

**ਦੇਂਦੇ ਤੋਟ ਨ ਆਵੈ ਸਾਚੇ। ਲੈ ਲੈ ਮੁਕਰਿ ਪਉਦੇ ਕਾਚੇ। 3। 5।**
**ਆਪਿ ਦਇਆਲੁ ਦੂਰਿ ਨਹੀਂ ਦਾਤਾ ਮਿਲਿਆ ਸਹਿਜ ਰਜਾਈ ਹੇ। 11। 5।**

ਪਰਮ-ਸੱਤ ਦਾ ਤੀਜਾ ਸੰਕਲਪ ਲੇਖਾਕਾਰ, ਲੇਖਾ ਮੰਗਣ ਵਾਲੇ ਸਾਹੂਕਾਰ ਦਾ ਹੈ। ਇਹ ਸੰਕਲਪ ਵੀ ਸਭ ਧਰਮਾਂ ਵਿਚ ਬੜਾ ਪੁਰਾਣਾ ਸੰਕਲਪ ਹੈ। ਬਾਈਬਲ ਵਿਚ ਇਕ ਖਾਵੰਦ ਆਪਣੀਆਂ ਤਿੰਨਾਂ ਇਸਤਰੀਆਂ ਨੂੰ ਇਕ ਇਕ ਟੈਲੰਟ ਦੇ ਕੇ ਪਰਦੇਸ ਚਲਾ ਜਾਂਦਾ ਹੈ, ਤੇ ਕਈ ਸਾਲ ਪਿਛੋਂ ਆਕੇ ਪੁਛਦਾ ਹੈ ਕਿ ਉਨ੍ਹਾਂ ਨੇ ਇਸ ਦ੍ਰਵ ਨੂੰ ਕਿਸ ਕੰਮ ਵਿਚ ਲਿਆਂਦਾ। ਇਸੇ ਪ੍ਰਕਾਰ ਪਰਮ-ਸੱਤ ਜੀਵਾਤਮਾ ਨੂੰ ਇਸ ਸੰਸਾਰ ਵਿਚ ਕੁਝ ਗੁਣ ਦੇ ਕੇ ਭੇਜਦਾ ਹੈ, ਤੇ ਇਸ ਦੇ ਦੇਹਾਂਤ ਉਪਰੰਤ ਲੇਖਾ ਮੰਗਦਾ ਹੈ ਕਿ ਜੀਵਾਤਮਾ ਨੇ ਇਨ੍ਹਾਂ ਗੁਣਾ ਨੂੰ ਕਿਸ ਪ੍ਰਕਾਰ ਵਰਤਿਆ। ਇਸਲਾਮ ਵਿਚ ਵੀ ਅੱਲਾ ਦਾ ਇਕ ਮੁਹਤਸਿਬ ਰੂਪ, ਹਿਸਾਬ ਲੈਣ ਵਾਲਾ ਰੂਪ ਵੀ ਹੈ ਤੇ ਉਹ ਕਿਆਮਤ ਦੇ ਦਿਨ ਜੀਵ ਪਾਸੋਂ ਹਿਸਾਬ ਮੰਗਦਾ ਹੈ। ਇਸ ਸੰਕਲਪ ਦਾ ਸੰਸਾਰਕ ਪ੍ਰਤਿਰੂਪ ਰਾਜਾਵਾਦੀ ਸਮਾਜ ਵਿਚ ਇਹਨਾਂ ਪ੍ਰਕਾਰਾਂ ਦਾ ਹੋ ਸਕਦਾ ਸੀ।

ਸੁਆਮੀ ਆਪਣੇ ਦਾਸ ਨੂੰ ਕੁਝ ਵਥ ਦੇ ਕੇ ਵਪਾਰ ਕਰਨ ਭੇਜੇ ਤੇ ਮੁੜ ਉਸ ਤੋਂ ਉਸ ਵਪਾਰ ਦਾ ਹਿਸਾਬ ਮੰਗੇ।

ਸੁਆਮੀ ਦਾਸ ਨੂੰ ਬੀਜ, ਆਦਿ ਸਾਮਗਰੀ ਦੇ ਕੇ ਖੇਤ ਵਿਚ ਭੇਜੇ ਤੇ ਮੁੜ ਉਸ ਤੋਂ ਲੇਖਾ ਮੰਗੇ ਕਿ ਉਸ ਨੇ ਕੀ ਕੁਝ ਖਰਚ ਕੀਤਾ ਹੈ ਤੇ ਉਸ ਦੇ ਕੰਮ ਵਿਚੋਂ ਕੀ ਆਮਦਨ ਅਥਵਾ ਉਤਪਤੀ ਹੋਈ ਹੈ।

ਇਹ ਸੰਬੰਧ ਰਾਜਾਵਾਦੀ ਯੁੱਗ ਦੀ ਪੂੰਜੀਵਾਦੀ ਯੁਗ ਵੱਲ ਸੰਕਰਾਤੀ ਦੇ ਸੂਚਕ ਹਨ। ਭਾਵੇਂ ਭਾਗਸਮ ਰੂਪ ਵਿਚ ਇਹ ਸੰਬੰਧ ਦਾਸਤਾ ਤੇ ਰਾਜਾਵਾਦੀ ਯੁੱਗ ਵਿਚ ਵੀ ਸਥਿਤ ਸਨ, ਗੁਰੂ ਨਾਨਕ ਦੇ ਸਮੇਂ ਇਹ ਵਧੇਰੇ ਪ੍ਰਤੱਖ ਰੂਪ ਧਾਰਣ ਕਰ ਰਹੇ ਸਨ। ਬਚਪਨ ਵਿਚ ਗੁਰੂ ਨਾਨਕ ਤੋਂ ਪਿਤਾ ਨੇ ਮੱਝੀਆਂ ਚਰਵਾਈਆਂ ਸਨ, ਨੌਜਵਾਨੀ ਦੀ ਅਵਸਥਾ ਵਿਚ ਕੁਝ ਰੁਪਏ ਦੇ ਲਾਹੇਵੰਦਾ ਸੌਦਾ ਕਰਨ ਲਈ ਭੇਜਿਆ ਸੀ, ਤੇ ਅੱਗੇ ਜਾ ਕੇ ਸੁਲਤਾਨਪੁਰ ਦੇ ਨਵਾਬ ਦੇ ਮੋਦੀ ਦੀ ਪਦਵੀ ਵਿਚ ਗੁਰੂ ਨਾਨਕ ਨੂੰ ਹੋਰ ਵਧੇਰੇ ਆਕਾਰ ਵਿਚ ਹਿਸਾਬ ਦੇਣਾ ਪਇਆ ਸੀ। ਇਸ ਸਮਾਜਕ ਅਵਸਥਾ ਦੀ ਚੇਤਨਾ ਦਾ ਪ੍ਰਤੀਬਿੰਬ ਗੁਰੂ ਨਾਨਕ ਦੀ ਬਾਣੀ ਵਿਚ ਵਣਜ, ਵਪਾਰ, ਲਾਹੇ, ਤੋਟੇ ਦੇ ਸੰਕਲਪਾਂ ਵਿਚ ਪ੍ਰਗਟ ਹੁੰਦਾ ਹੈ, ਤੇ ਇਸ ਸੰਕਲਪ ਦੇ ਬਿੰਬ ਵੀ ਥਾਉਂ ਪਰ ਥਾਉਂ ਮਿਲਦੇ ਹਨ, ਜਿਵੇਂ :

ਸਿਰੀ ਰਾਗ ਘਰੁ 1 :

**ਗੁਰਮੁਖਿ ਵਸਤੁ ਵਸਾਹੀਐ ਸਚੁ ਵਖਰੁ ਸਚੁ ਰਾਸਿ,**
**ਜਿਨੀ ਸਚ ਵਣੰਜਿਆ ਗੁਰ ਪੂਰੇ ਸਾਬਾਸਿ।**
**ਨਾਨਕ ਵਸਤੁ ਪਛਾਣਸੀ ਸਚੁ ਸਉਦਾ ਜਿਤੁ ਪਾਸਿ। 4। 11।**
**ਮੇਰੇ ਮਨ ਲੈ ਲਾਹਾ ਘਰਿ ਜਾਹਿ। 1। 17।**
**ਓਹੁ ਵੇਪਰਵਾਹੁ ਅਤੋਲਵਾ ਗੁਰਮਤਿ ਕੀਮਤਿ ਸਾਰੁ। 2। 17।**
**ਮਨੁ ਸਚ ਕਸਵਟੀ ਲਾਈਐ ਤੁਲੀਐ ਪੂਰੇ ਤੋਲਿ।**
**ਕੀਮਤਿ ਕਿਨੈ ਨ ਪਾਈਐ ਰਿਦ ਮਾਣਕ ਮੋਲਿ ਅਮੋਲਿ। 1। 21।**

Digitized by Panjab Digital Library | www.panjabdigilib.org

ਸਚੁ ਵਖਰੁ ਧਨੁ ਰਾਸਿ ਲੈ ਪਾਈਐ ਗੁਰ ਪਰਗਾਸਿ । 2 । 21 ।
ਮਨ ਮਹਿ ਮਾਣਕੁ ਲਾਲੁ ਨਾਮੁ ਰਤਨ ਪਦਾਰਥੁ ਹੀਰੁ ।
ਸਚੁ ਵਖਰੁ ਧਨ ਨਾਮੁ ਹੈ ਘਟਿ ਘਟਿ ਗਹਰ ਗੰਭੀਰੁ । 4 । 21 ।
ਇਹੁ ਮਾਣਕੁ ਜੀਉ ਨਿਰਮੋਲੁ ਹੈ ਇਉ ਕਉਡੀ ਬਦਲੈ ਜਾਇ । 3 । 22 ।
ਵਣਜੁ ਕਰਹੁ ਵਣਜਾਰਿਹੋ ਵਖਰੁ ਲੇਹੁ ਸਮਾਲਿ ।
ਤੈਸੀ ਵਸਤੁ ਵਿਸਾਹੀਐ ਜੈਸੀ ਨਿਬਹੈ ਨਾਲਿ ।
ਆਗੈ ਸਾਹੁ ਸੁਜਾਣੁ ਹੈ ਲੈਸੀ ਵਸਤੁ ਸਮਾਲਿ । 1 । 23 ।
ਜਿਨਾ ਰਾਸਿ ਨ ਸਚੁ ਹੈ ਕਿਉ ਤਿਨਾ ਸੁਖੁ ਹੋਇ ।
ਖੋਟੈ ਵਣਜਿ ਵਣੰਜਿਐ ਮਨੁ ਤਨੁ ਖੋਟਾ ਹੋਇ । 2 । 23 ।
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ । 4 । 23 ।

ਸਿਰੀ ਰਾਗੁ ਅਸਟਪਦੀਆ :

ਸਾਚਉ ਵਖਰੁ ਲਾਦੀਐ ਲਾਭੁ ਸਦਾ ਸਚੁ ਰਾਸਿ ।
ਪਤਿ ਸਿਉ ਲੇਖਾ ਨਿਬੜੈ ਰਾਮ ਨਾਮੁ ਪਰਗਾਸਿ । 7 ।
ਵਿਣੁ ਰਾਸੀ ਵਾਪਾਰੀਆ ਤਕੇ ਕੁੰਡਾ ਚਾਰਿ ।
ਮੂਲੁ ਨ ਬੁਝੈ ਆਪਣਾ ਵਸਤੁ ਰਹੀ ਘਰ ਬਾਰਿ ।
ਵਿਣੁ ਵਖਰ ਦੁਖੁ ਅਗਲਾ ਕੂੜਿ ਮੁਠੀ ਕੂੜਿਆਰਿ । 2 ।
ਲਾਹਾ ਅਹਿਨਿਸਿ ਨਉਤਨਾ ਪਰਖੇ ਰਤਨੁ ਵੀਚਾਰਿ ।
ਵਸਤੁ ਲਹੈ ਘਰਿ ਆਪਣੈ ਚਲੈ ਕਾਰਜੁ ਸਾਰਿ ।
ਵਣਜਾਰਿਆ ਸਿਉ ਵਣਜੁ ਕਰਿ ਗੁਰਮੁਖਿ ਬ੍ਰਹਮ ਬੀਚਾਰਿ । 3 । 6 ।
ਹਾਟ ਪਟਣ ਗੜ ਕੋਠੜੀ ਸਚੁ ਸਉਦਾ ਵਾਪਾਰ । 2 । 7 ।
ਵਾਪਾਰੀ ਵਣਜਾਰਿਆ ਆਏ ਵਜਹੁ ਲਿਖਾਇ ।
ਕਾਰ ਕਮਾਵਹਿ ਸਚ ਕੀ ਲਾਹਾ ਮਿਲੈ ਰਜਾਇ ।
ਪੂੰਜੀ ਸਾਚੀ ਗੁਰੁ ਮਿਲੈ ਨਾ ਤਿਸੁ ਤਿਲੁ ਨ ਤਮਾਇ । 6 । 9 ।
ਗੁਰਮੁਖਿ ਤੋਲਿ ਤੋਲਾਇਸੀ ਸਚੁ ਤਰਾਜੀ ਤੋਲੁ ।
ਆਪਿ ਤੁਲਾਏ ਤੋਲਸੀ ਪੂਰੇ ਪੂਰਾ ਤੋਲੁ । 7 । 9 ।

ਰਾਮਕਲੀ ਦੱਖਣੀ :

ਖੇਤੀ ਵਣਜੁ ਨਾਵੈ ਕੀ ਓਟ ।
ਪਾਪੁ ਪੁੰਨੁ ਬੀਜ ਕੀ ਪੋਟ । ... । 2 । 5 ।
ਆਪਿ ਤੁਲੈ ਆਪੇ ਵਣਜਾਰ । ... । 4 । 5 ।

ਗਉੜੀ ਚੇਤੀ :

ਤਟ ਤੀਰਥ ਹਮ ਨਵਖੰਡ ਦੇਖੇ ਹਟ ਪਟਣ ਬਾਜਾਰਾ ।
ਲੈ ਕੈ ਤਕੜੀ ਤੋਲਣਿ ਲਾਗਾ ਘਟ ਹੀ ਮਹਿ ਵਣਜਾਰਾ । 4 । 5 । 17 ।

Digitized by Panjab Digital Library | www.panjabdigilib.org

ਗਉੜੀ ਬੈਰਾਗਣਿ :

ਹਉ ਬਨਜਾਰਨਿ ਰਾਮ ਕੀ ।

ਮੇਰਾ ਨਾਮੁ ਵਖਰੁ ਵਾਪਾਰੁ ਜੀ । 1 । ਰਹਾਉ । 2 । 19 ।

ਆਸਾ ਅਸਟਪਦੀਆ ਘਰੁ 2 :

ਐਸਾ ਸਾਹੁ ਸਰਾਫੀ ਕਰੈ ।

ਸਾਚੀ ਨਦਰਿ ਏਕ ਲਿਵ ਤਰੈ । 1 । ਰਹਾਉ । 5 ।

ਹੀਰਾ ਨਾਮੁ ਜਵੇਹਰ ਲਾਲੁ ।

ਮਨ ਮੋਤੀ ਹੈ ਤਿਸ ਕਾ ਮਾਲੁ ।

ਨਾਨਕ ਪਰਖੈ ਨਦਰਿ ਨਿਹਾਲੁ । 8 । 5 ।

ਆਸਾ ਅਸਟਪਦੀਆ ਘਰੁ 8 :

ਜਿਉ ਲਾਹਾ ਤੋਟਾ ਤਿਵੈ ਵਾਟ ਚਲਦੀ ਆਈ ।

ਆਸਾ ਅਸਟਪਦੀਆ :

ਜੀਵਦਿਆ ਲਾਹਾ ਮਿਲੈ ਗੁਰ ਕਾਰ ਕਮਾਵੈ ।

ਪੂਰਬਿ ਹੋਵੈ ਲਿਖਿਆ ਤਾ ਸਤਿਗੁਰੁ ਪਾਵੈ । 5 ।

ਮਨਮੁਖ ਤੋਟਾ ਨਿਤ ਹੈ ਭਰਮਹਿ ਭਰਮਾਏ । ... 6 । 19 ।

ਆਸਾ ਵਾਰ :

ਦਰਿ ਲਏ ਲੇਖਾ ਪੀੜਿ ਛੁਟੈ ਨਾਨਕਾ ਜਿਉ ਤੇਲੁ । 2 । 20 ।

ਵਡ ਹੰਸੁ :

ਨਾਨਕੁ ਤੇਰਾ ਬਾਣੀਆ ਤੂ ਸਾਹਿਬੁ ਮੈ ਰਾਸਿ ।...4 । 1 ।

ਸੋਰਠਿ ਚਉਪਦੇ :

ਸਰਬ ਜੀਅ ਸਿਰਿ ਲੇਖੁ ਧੁਰਾਹੂ ਬਿਨੁ ਲੇਖੈ ਨਹੀ ਕੋਈ ਜੀਉ ।

ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ । 1 ।

ਧਨਾਸਰੀ ਅਸਟਪਦੀਆ :

ਨਾਨਕ ਭਗਤ ਸੋਹਨਿ ਦਰਿ ਸਾਚੈ ਸਾਚੇ ਕੇ ਵਾਪਾਰੀ । 4 । 2 ।

ਸੂਹੀ ਘਰੁ 7 :

ਕਉਣ ਤਰਾਜੀ ਕਵਣੁ ਤੁਲਾ ਤੇਰਾ ਕਵਣੁ ਸਰਾਫੁ ਬੁਲਾਵਾ । ... 1 ।

... ... ... ...

ਮਨੁ ਤਾਰਾਜੀ ਚਿਤੁ ਤੁਲਾ ਤੇਰੀ ਸੇਵ ਸਰਾਫੁ ਕਮਾਵਾ ।

ਘਟ ਹੀ ਭੀਤਰਿ ਸੋ ਸਹੁ ਤੋਲੀ ਇਨੁ ਬਿਧਿ ਚਿਤੁ ਰਹਾਵਾ । 2 ।

ਆਪੇ ਕੰਡਾ ਤੋਲੁ ਤਰਾਜੀ ਆਪੇ ਤੋਲਣ ਹਾਰਾ ।

ਆਪੇ ਦੇਖੈ ਆਪੇ ਬੂਝੈ ਆਪੇ ਹੈ ਵਣਜਾਰਾ ।

Digitized by Panjab Digital Library | www.panjabdigilib.org

ਸੂਹੀ ਘਰੁ 9 :

ਬਾਕੀ ਵਾਲਾ ਤਲਬੀਐ ਸਿਰਿ ਮਾਰੇ ਜੰਦਾਰੁ ਜੀਉ ।
ਲੇਖਾ ਮੰਗੈ ਦੇਵਣਾ ਪੁਛੈ ਕਰਿ ਬੀਚਾਰੁ ਜੀਉ ।...। 5 । 1 । 2

ਸੂਹੀ ਘਰੁ 10 :

ਚਲੈ ਜਨਮੁ ਸਵਾਰਿ ਵਖਰੁ ਸਚੁ ਲੈ ।...। 1 । ਰਹਾਉ । 1 । 3

ਸੂਹੀ ਵਾਰ, ਸਲੋਕ :

ਦੁਇ ਦੀਵੇ ਚਉਦਹ ਹਟ ਨਾਲੇ ।
ਜੇਤੇ ਜੀਆ ਤੇਤੇ ਵਣਜਾਰੇ ।
ਖੁਲੇ ਹਟ ਹੋਆ ਵਾਪਾਰ ।
ਜੋ ਪਹੁਚੇ ਸੋ ਚਲਣਹਾਰੁ ।
ਧਰਮੁ ਦਲਾਲੁ ਪਾਏ ਨੀਸਾਣੁ ।
ਨਾਨਕ ਨਾਮੁ ਲਾਹਾ ਪਰਵਾਣੁ । 1 । 13 ।

ਮਾਰੂ ਅਸਟਪਦੀਆ ਘਰੁ 1 :

ਸਚਾ ਵਖਰੁ ਨਾਮੁ ਹੈ ਸਚਾ ਵਾਪਾਰਾ ।
ਲਾਹਾ ਨਾਮੁ ਸੰਸਾਰਿ ਹੈ ਗੁਰਮਤੀ ਵੀਚਾਰਾ ।
ਦੂਜੇ ਭਾਇ ਕਾਰ ਕਮਾਵਣੀ ਨਿਤ ਤੋਟਾ ਸੈਸਾਰਾ । 5 । 1 ;
ਅਗਮ ਅਗੋਚਰੁ ਤੂ ਧਣੀ ਅਵਗਤੁ ਅਪਾਰਾ ।
ਗੁਰ ਸਬਦੀ ਦਰੁ ਜੋਈਐ ਮੁਕਤੇ ਭੰਡਾਰਾ ।
ਨਾਨਕ ਮੇਲੁ ਨ ਚੂਕਈ ਸਾਚੇ ਵਾਪਾਰਾ । 8 । 1 ।

ਮਾਰੂ ਕਾਫ਼ੀ ਘਰੁ 2 :

ਹਿਕਨੀ ਲਦਿਆ ਹਿਕਿ ਲਦਿ ਗਏ ਹਿਕਿ ਭਾਰੇ ਭਰ ਨਾਲਿ
ਜਿਨੀ ਸਚੁ ਵਣੰਜਿਆ ਸੇ ਸਚੇ ਪ੍ਰਭ ਨਾਲਿ । 7 । 2 । 10 ।

ਮਾਰੂ ਸੋਲਹ :

ਸਾਚ ਵਖਰ ਕੇ ਵਾਪਾਰੀ ਵਿਰਲੇ ਲੈ ਲਾਹਾ ਸਉਦਾ ਕੀਨਾ ਹੇ । 12 । 2 । 8 ।
ਧਰਮ ਰਾਇ ਕੀ ਬਾਕੀ ਲੀਜੈ ਜਿਨਿ ਹਰਿ ਕਾ ਨਾਮੁ ਵਿਸਾਰਾ ਹੇ । 6 । 3 । 9 ।
ਸਾਕਤ ਜਮ ਕੀ ਕਾਣਿ ਨ ਚੂਕੈ।
ਜਮ ਕਾ ਡੰਡੁ ਨ ਕਬਹੂ ਮੂਕੈ ।
ਬਾਕੀ ਧਰਮ ਰਾਇ ਕੀ ਲੀਜੈ ਸਿਰਿ ਅਫਰਿਓ ਭਾਰੁ ਅਫਾਰਾ ਹੇ 10 । 3 । 9 ।
ਕਾਚੀ ਸਉਦੀ ਤੋਟਾ ਆਵੈ । ਗੁਰਮੁਖਿ ਵਣਜੁ ਕਰੇ ਪ੍ਰਭ ਭਾਵੈ ।
ਪੂੰਜੀ ਸਾਬਤੁ ਰਾਸਿ ਸਲਾਮਤਿ ਚੂਕਾ ਜਮ ਕਾ ਫਾਹਾ ਹੇ । 10 । 6 । 12 ।
ਗੜ ਮਹਿ ਹਾਟ ਪਟਣ ਵਾਪਾਰਾ ।
ਪੂਰੇ ਤੋਲਿ ਤੋਲੈ ਵਣਜਾਰਾ ।
ਆਪੇ ਰਤਨੁ ਵਿਸਾਹੇ ਲੇਵੈ ।

Digitized by Panjab Digital Library | www.panjabdigilib.org

ਆਪੇ ਕੀਮਤਿ ਪਾਇਦਾ । 4 । 4 । 16 ।
ਪ੍ਰੇਮ ਪਦਾਰਥੁ ਲਹੈ ਅਮੋਲੋ । ਕਬਹੀ ਨ ਘਟਸਿ ਪੂਰਾ ਤੋਲੋ ।
ਸਚੇ ਕਾ ਵਾਪਾਰੀ ਹੋਵੈ ਸਚੋ ਸਉਦਾ ਪਾਇਦਾ । 8 । 4 । 16 ।
ਸਚਾ ਸਉਦਾ ਵਿਰਲਾ ਕੋ ਪਾਏ । ... 9 । 4 । 16 ।
ਆਪੇ ਸਾਹੁ ਆਪੇ ਵਣਜਾਰਾ, ਆਪੇ ਪਰਖੇ ਪਰਖਣਹਾਰਾ ।
ਆਪੇ ਕਸਿ ਕਸਵਟੀ ਲਾਏ ਆਪੇ ਕੀਮਤਿ ਪਾਇਦਾ । 12 । 2 । 19 ।

ਮਾਰੂ ਵਾਰ, ਸਲੋਕ :

ਵਿਣੁ ਗਾਹਕ ਗੁਣੁ ਵੇਚੀਐ ਤਉ ਗੁਣੁ ਸਹਘੋ ਜਾਇ ।
ਗੁਣ ਕਾ ਗਾਹਕੁ ਜੇ ਮਿਲੈ ਤਉ ਗੁਣੁ ਲਾਖ ਵਿਕਾਇ ।
ਗੁਣ ਤੇ ਗੁਣੁ ਮਿਲਿ ਪਾਈਐ ਸਤਿਗੁਰ ਮਾਹਿ ਸਮਾਇ ।
ਮੋਲਿ ਅਮੋਲੁ ਨ ਪਾਈਐ ਵਣਜਿ ਨ ਲੀਜੈ ਹਾਟਿ ।
ਨਾਨਕ ਪੂਰਾ ਤੋਲੁ ਹੈ ਕਬਹੁ ਨ ਹੋਵੈ ਘਾਟਿ । 1 । 1 ।
ਪੂੰਜੀ ਸਾਚਉ ਨਾਮੁ ਤੂ ਅਖੁਟਉ ਦਰਬੁ ਅਪਾਰੁ ।
ਨਾਨਕ ਵਖਰੁ ਨਿਰਮਲਉ ਧੰਨੁ ਸਾਹੁ ਵਾਪਾਰੁ । 2 । 13 ।

ਪ੍ਰਭਾਤੀ ਬਿਭਾਸ ਚਉਪਦੇ ਘਰੁ 1 :

ਜਿਵ ਆਇਆ ਤਿਵ ਜਾਇਸੀ ਕੀਆ ਲਿਖਿ ਲੈ ਜਾਇ ।
ਮਨਮੁਖਿ ਮੂਲੁ ਗਵਾਇਆ ਦਰਗਹ ਮਿਲੈ ਸਜਾਇ । 3 । 13 ।

ਪਰਮ-ਸੱਤ ਦਾ ਇਹ ਲੇਖਾ ਮੰਗਣ ਵਾਲੇ ਬਾਣੀਏ ਦਾ ਸ਼ਾਹੂਕਾਰ ਦਾ ਰੂਪ ਭੈ ਉਤਪੰਨ ਕਰਨ ਵਾਲਾ ਹੈ । ਉਂਜ ਤਾਂ ਸੁਆਮੀ ਦਾਸ, ਸਾਹਿਬ-ਚਾਕਰ ਸੰਬੰਧ ਵਿਚ ਵੀ ਭੈ ਦਾ ਅੰਸ਼ ਹੁੰਦਾ ਹੈ । ਗੁਰੂ ਨਾਨਕ ਨੇ ਜੀਵ ਤੇ ਪਰਮ-ਸੱਤ ਦੇ ਸੰਬੰਧ ਵਿਚ ਭੈ ਨੂੰ ਵੀ ਚੋਖੀ ਮਹੱਤਾ ਦਿੱਤੀ ਹੈ । ਜਪੁ ਵਿਚ ਭੈ ਖੱਲਾਂ ਨਾਲ ਹੀ ਤਪਤਾਉ ਦੀ ਅਗਨੀ ਨੂੰ ਪ੍ਰਚੰਡ ਕਰਨਾ ਦੱਸਿਆ ਹੈ । ਆਸਾ ਦੀ ਵਾਰ ਵਿਚ ਸਾਰੇ ਸੰਸਾਰ ਨੂੰ ਭੈ ਦੇ ਸੂਤਰ ਵਿਚ ਬੱਧਾ ਦਰਸਾਇਆ ਹੈ । ਪਰ ਸਾਹਿਬ-ਸੁਆਮੀ ਦੇ ਭੈ ਦਾ ਰੂਪ ਇਤਨਾ ਵਿਕਰਾਲ ਨਹੀਂ ਹੁੰਦਾ ਜਿਤਨਾ ਸਾਹੂਕਾਰ ਦੇ ਭੈ ਦਾ ਹੁੰਦਾ ਹੈ । ਸਾਹਿਬ-ਚਾਕਰ ਸਬੰਧ ਵਿਚ ਭਗਤੀ-ਪਿਆਰ ਦਾ ਅੰਸ਼ ਪਰਧਾਨ ਹੋ ਸਕਦਾ ਹੈ । ਸਾਹੂਕਾਰ ਤੇ ਕਾਰਿੰਦੇ ਦੇ ਸਬੰਧ ਵਿਚ ਭੈ ਦਾ ਅੰਸ਼ ਸੰਬੰਧਾਂ ਦਾ ਇਹ ਰੂਪਾਂਤਰ ਵੀ ਭੂਪ ਵਾਦੀ ਸਮਾਜ ਦੀ ਪੂੰਜੀਵਾਦੀ ਸਮਾਜ ਵੱਲ ਨੂੰ ਸੰਕਰਾਂਤੀ ਦਾ ਸੂਚਕ ਹੈ ।

ਸਾਰੇ ਧਾਰਮਿਕ ਮਤਾਂ ਵਿਚ ਸਾਧਾਰਣ ਕਰਕੇ ਤੇ ਗੁਰੂ ਨਾਨਕ ਦੇ ਮਤ ਵਿਚ ਵਿਸ਼ੇਸ਼ ਕਰਕੇ ਇਹ ਲੇਖਾ ਦੇਣਾ ਇਕ ਅਤਿ ਕਠਿਨ ਸਮਸਿਆ ਹੈ । ਜੀਵਾਤਮਾ ਕਦਾਚਿਤ ਵੀ ਇਸ ਲੇਖੇ ਵਿਚੋਂ ਸਰਖਰੂ ਨਹੀਂ ਹੋ ਸਕਦੀ । ਇਸ ਤੋਂ ਛੁਟਕਾਰਾ ਵੀ ਕੇਵਲ ਪਰਮ-ਸੱਤ ਤੋਂ, ਭਾਵੇਂ ਸੁਆਮੀ ਰੂਪ ਵਿਚ ਭਾਵੇਂ ਸਾਹੂਕਾਰ ਰੂਪ ਵਿਚ, ਨਦਰਿ, ਕਿਰਪਾਲਤਾ ਨਾਲ ਹੀ ਪ੍ਰਾਪਤ ਕੀਤਾ ਜਾ ਸਕਦਾ ਹੈ । ਗੁਰ ਅਰਜਨ ਨੇ ਦੱਸਿਆ ਹੈ :

ਲੇਖੈ ਛੋਡਿ ਅਲੇਖੈ ਛੂਟਹਿ ਹਮ ਨਿਰਗੁਣ ਲੇਹੁ ਉਬਾਰੀ ।

Digitized by Panjab Digital Library | www.panjabdigilib.org

ਇਹ ਗੱਲ ਵਿਚਾਰਯੋਗ ਹੈ ਕਿ ਪੁਰਾਤਨ ਭਾਰਤੀ ਧਾਰਮਿਕ ਚਿੰਤਨ ਵਿਚ ਪਰਮ-ਸੱਤ ਦਾ ਇਹ ਸੰਕਲਪ ਨਾ ਹੋਣ ਦੇ ਤੁਲ ਹੈ। ਜੀਵਾਤਮਾ ਆਪਣੇ ਕਰਮਾਂ ਦਾ ਫਲ ਭੁਗਤਦਾ ਹੈ। ਪਰ ਉਸੇ ਪ੍ਰਕਾਰ ਜਿਵੇਂ ਪਰਜਾ ਰਾਜਾ ਦੇ ਪਾਸੋਂ ਚੰਗੇ ਕਰਮਾਂ ਲਈ ਮਾਨ ਤੇ ਮੰਦੇ ਕਰਮਾਂ ਲਈ ਅਪ-ਮਾਨ ਤੇ ਦੰਡ ਪ੍ਰਾਪਤ ਕਰਦੀ ਹੈ। ਸਾਹੂਕਾਰ ਤੇ ਗੁਮਾਸ਼ਤੇ ਵਾਲੇ ਸੰਬੰਧ ਦਾ ਸੰਕਲਪ ਉਹਨਾਂ ਸ਼ਾਸਤਰਾਂ ਵਿਚ ਨਹੀਂ। ਗੀਤਾਂ- ਵਿਚ ਜੋ ਪ੍ਰਾਚੀਨ ਧਰਮ ਦਾ ਨਵੀਨਤਮ ਸ਼ਾਸਤਰ ਇਸ ਸੰਕਲਪ ਦਾ ਕਰੀਬ ਕਰੀਬ ਅਭਾਵ ਹੀ ਹੈ।

ਪਰ ਜਿਥੇ ਗੁਰੂ ਨਾਨਕ ਦੇ ਮਤ ਅਨੁਸਾਰ ਸਾਹੂਕਾਰ ਰੂਪੀ ਪਰਮ-ਸੱਤ ਤੋਂ ਛੁਟਕਾਰਾ ਪ੍ਰਾਪਤ ਕਰਨਾ ਕਰੀਬ ਅਸੰਭਵ ਹੈ। ਉਥੇ ਸੁਆਮੀ-ਦਾਸ ਵਾਲਾ ਸੰਬੰਧ ਵੀ ਪੂਰਣ ਪ੍ਰਕਾਰ ਸੰਤੋਸ਼-ਜਨਕ ਨਹੀਂ ਹੋ ਸਕਦਾ। ਸਾਹਿਬ ਦੀ ਵਡਿਆਈ ਦਾ ਉਸ ਦੀ ਨਦਰ ਦਾ ਅਨੁਭਵ ਵਿਸਮਾਦ-ਕਾਰੀ ਹੋ ਸਕਦਾ ਹੈ। ਉਸ ਪੱਖ ਨੂੰ ਚਿਤਵ ਕੇ ਗੁਰੂ ਨਾਨਕ ਨੂੰ ਜੋ ਅਨੁਭਵ ਹੁੰਦਾ ਹੈ ਉਸ ਦਾ ਵਰਣਨ ਇਨ੍ਹਾਂ ਪੰਕਤੀਆਂ ਵਿਚ ਵੇਖਿਆ ਜਾ ਸਕਦਾ ਹੈ :

**ਬਲਿਹਾਰੀ ਕੁਦਰਤ ਵਸਿਆ। ਤੇਰਾ ਅੰਤੁ ਨਾ ਜਾਈ ਲਖਿਆ। 1 ਰਹਾਉ। 2।**

ਵਾਰ ਆਸਾ।

ਤੇ ਵਿਸਮਾਦ, ਜਿਵੇਂ :

**ਵਿਸਮਾਦੁ ਨਾਦ ਵਿਸਮਾਦੁ ਵੇਦ।**
**ਵਿਸਮਾਦੁ ਜੀਅ ਵਿਸਮਾਦੁ ਭੇਦ।**
**ਵਿਸਮਾਦੁ ਨੇੜੈ ਵਿਸਮਾਦੁ ਦੂਰਿ।**
**ਵਿਸਮਾਦੁ ਦੇਖੈ ਹਾਜਰਾ ਹਜੂਰਿ।**
**ਵੇਖਿ ਵਿਡਾਣੁ ਰਹਿਆ ਵਿਸਮਾਦੁ।**
**ਨਾਨਕ ਬੁਝਣੁ ਪੂਰੈ ਭਾਗਿ। 1। 3।** ਵਾਰ ਆਸਾ

ਪਰ ਇਹ ਵਿਸਮਾਦ ਤੇ ਬਲਿਹਾਰ ਦਾਸਤਾ ਦੇ ਭਾਵ ਹੀ ਹਨ। ਪ੍ਰਾਪਤੀ ਦੇ ਭਾਵ ਨਹੀਂ ਅਖਵਾ ਸਕਦੇ। ਦਾਸ ਸੁਆਮੀ ਨੂੰ ਪ੍ਰਾਪਤ ਨਹੀਂ ਕਰ ਸਕਦਾ, ਕੇਵਲ ਉਸ ਦੀ ਨਦਰ, ਬਖਸ਼ਿਸ਼, ਦਾ ਭਾਗੀ ਹੋ ਸਕਦਾ ਹੈ। ਪਰ ਇਹ ਪ੍ਰਾਪਤੀ ਕਾਫ਼ੀ ਨਹੀਂ।

ਭਾਵੇਂ ਥਾਉਂ ਪਰ ਥਾਉਂ ਸਿੱਖੀ ਸ਼ਾਸਤਰ ਵਿਚ ਪਰਮ-ਸੱਤ ਨਾਲ ਅਭੇਦ ਹੋ ਜਾਣ, ਉਸ ਦੇ ਜੋਤ-ਸਰੂਪ ਨਾਲ ਇਕ ਹੋ ਜਾਣ ਦੀ ਅਵਸਥਾ ਵੱਲ ਉਲੇਖ ਹਨ, ਪਰ ਬਹੁਤਾ ਜ਼ੋਰ ਇਸ ਪੱਖ ਉੱਤੇ ਨਹੀਂ ਦਿੱਤਾ ਗਇਆ। ਇਸ ਪ੍ਰਾਪਤੀ ਲਈ ਗੁਰੂ ਨਾਨਕ ਨੇ ਪਰਮਸੱਤ ਨੂੰ ਕੰਤ ਪਤੀ-ਪਿਰ ਦੇ ਰੂਪ ਵਿਚ ਚਿਤਵਿਆ ਹੈ। ਤੇ ਜੀਵਾਤਮਾ ਨੂੰ ਕਾਮਣਿ, ਪਤਨੀ, ਧਨ ਦੇ ਰੂਪ ਵਿਚ। ਰਾਜਾਵਾਦੀ ਸਮਾਜ ਵਿਚ ਜਿਹੜਾ ਦ੍ਵੈਤ ਸੱਭ ਤੋਂ ਵਧੇਰੇ ਅਦ੍ਵੈਤ-ਭਾਵ ਵੱਲ ਜਾ ਸਕਦਾ ਹੈ, ਉਹ ਪਤੀ-ਪਤਨੀ ਦੇ ਸੰਬੰਧ ਦਾ ਹੈ, ਜੇ ਜੀਵਾਤਮਾ ਪਰਮ-ਸੱਤ ਨਾਲ ਕਿਸੇ ਪ੍ਰਕਾਰ ਦਾ ਯੋਗ ਪ੍ਰਾਪਤ ਕਰ ਸਕਦਾ ਹੈ, ਤਾਂ ਉਹ ਪਤੀ-ਪਤਨੀ ਵਾਲਾ ਯੋਗ ਸੰਬੰਧ ਹੀ ਸੰਭਵ ਹੈ। ਸੋ ਸਿਖੀ ਵਿਚ ਸੱਭ ਤੋਂ ਵਧੇਰੇ ਜ਼ੋਰ ਇਸ ਸਬੰਧ ਨੂੰ ਸਥਾਪਿਤ ਕਰਨ ਉੱਤੇ ਦਿੱਤਾ ਗਇਆ ਹੈ। ਜੀਵਾਤਮਾ ਤੇ ਪਰਮ-ਸੱਤ ਦੇ ਇਸ ਸੰਬੰਧ ਦਾ ਸੰਕਲਪ ਵੇਦ-ਸੂਤਰਾਂ ਦੇ ਸਮੇਂ ਜਿਤਨਾ ਹੀ ਪਰਾਣਾ ਹੈ। ਰਿਗ ਵਿਚ ਆਉਂਦਾ ਹੈ :

Digitized by Panjab Digital Library | www.panjabdigilib.org

स्त्रियाल्हि सतीस्तां उसे पुंसा आहुः ।
पाश्याह अक्षवां वि चेतदंधाः ।

ਤੇ ਵਿਸ਼ਨੂ ਪੁਰਾਣ ਨੇ ਵੀ ਆਖਿਆ ਹੈ :

देवतियष्मनुष्येशु पुमात् भगवान हरिः ।
स्त्रीनांनी श्रीश्च विज्ञदान आन्योविंयये वपरम ।

ਜਿਸ ਦੀ ਧੁਨੀ ਗੁਰੂ ਅਮਰਦਾਸ ਦੇ ਵਚਨ ਵਿਚ ਇਉਂ ਹੈ :

**ਏਕਾ ਪੁਰਖ ਸਬਾਈ ਨਾਰ ।**

ਭਾਗਵਤ ਪੁਰਾਣ ਵੀ ਇਸ ਸੰਬੰਧ ਨੂੰ ਸਵੀਕਾਰ ਕਰਦਾ ਹੈ, ਵੈਸਨਵ ਤੇ ਭਗਤੀ ਪਰੰਪਰਾ ਨੇ ਇਸ ਸੰਬੰਧ ਨੂੰ ਪ੍ਰਧਾਨ ਬਣਾਇਆ ਹੈ । ਪਰ ਜਿੱਥੇ ਭਗਤੀ ਪਰੰਪਰਾ ਨੇ ਰਾਮ ਤੇ ਕ੍ਰਿਸ਼ਨ ਅਵਤਾਰਾਂ ਨੂੰ ਆਪਣੀ ਦਾਸ-ਰੂਪੀ ਸ਼ਰਧਾ ਤੇ ਪਤਨੀ-ਰੂਪੀ ਪ੍ਰੀਤ ਦੇ ਪਾਤਰ ਬਣਾਇਆ ਹੈ, ਉਥੇ ਗੁਰੂ ਨਾਨਕ ਨੇ ਪਰਮ-ਸੱਤ ਨੂੰ ਸਾਮਾਨ ਰੂਪ ਵਿਚ ਹੀ ਲਇਆ ਹੈ । ਨ ਉਹ ਰਾਜਾ ਰਾਮ ਹੈ ਤੇ ਨਾ ਹੀ ਕ੍ਰਿਸ਼ਨ ਕੰਤ । ਉਹ ਕੇਵਲ ਸਾਹਿਬ ਤੇ ਪਿਰ ਜਾਂ ਕੰਤ ਹੀ ਹੈ ।

ਇਹ ਗੱਲ ਵੀ ਯਾਦ ਰੱਖਣ ਵਾਲੀ ਹੈ ਕਿ ਗੁਰੂ ਨਾਨਕ ਦੀ ਬਾਣੀ ਵਿਚ ਪਰਮ-ਸੱਤ ਦੇ ਸਾਹਿਬ ਤੇ ਖਸਮ ਰੂਪ ਸਹਜੇ ਹੀ ਪਿਰ ਤੇ ਪਤੀ ਰੂਪਾਂ ਵਿਚ ਬਦਲ ਜਾਂਦੇ ਹਨ । ਭੂਪਵਾਦੀ ਸਮਾਜ ਵਿਚ ਵੀ ਗ੍ਰਹਸਥ ਜੀਵਨ ਵਿਚ ਪੁਰਖ ਉਸੇ ਪ੍ਰਕਾਰ ਪਤੀ ਹੈ ਜਿਸ ਪ੍ਰਕਾਰ ਉਹ ਪਰਜਾਪਤੀ ਹੈ ਜਾਂ ਭੂਮੀ-ਪਤੀ ਹੈ । ਅਰਥਾਤ ਉਸ ਸਮਾਜ ਵਿਚ ਜੋ ਪੁਰਖ ਪਰਜਾ ਜਾਂ ਭੂਮੀ ਦਾ ਪਤੀ ਹੈ ਤਾਂ ਉਹ ਇਸਤਰੀ ਦਾ ਵੀ ਪਤੀ ਹੈ । ਅਸਾਡੇ ਹੁਣ ਤਕ ਦੇ ਜੀਵਨ ਵਿਚ ਵੀ ਗ੍ਰਿਹਸਤੀ ਨੂੰ ਇਸਤਰੀ ਦਾ ਖਸਮ ਜਾਂ ਮਾਲਕ ਆਖਿਆ ਜਾਂਦਾ ਹੈ । ਸੋ ਕੋਈ ਅਚੰਭੇ ਦੀ ਗੱਲ ਨਹੀਂ ਜੇ ਗੁਰੂ ਨਾਨਕ ਦੇਵ ਦਾ ਸਾਹਿਬ ਜਾਂ ਖਸਮ ਪਿਰ ਜਾਂ ਕੰਤ ਵੀ ਹੈ ।

ਗੁਰੂ ਨਾਨਕ ਦੀ ਬਾਣੀ ਦੀ ਇਸ ਬਿੰਬਾਵਲੀ ਦਾ ਇਕ ਧਿਆਨ ਖਿੱਚਣ ਵਾਲਾ ਲੱਛਣ ਇਸ ਦੀ ਅਤਿਭਾਵੀ ਸਰੀਰਕ ਤਾਂਘ ਹੈ । ਗੁਰੂ ਨਾਨਕ ਨੇ ਜੀਵਾਤਮਾ ਦੀ ਪਰਮ-ਸੱਤ ਵਲ ਤਾਂਘ ਨੂੰ ਕੇਵਲ ਸੂਖਮ ਰੂਪ ਵਿਚ ਹੀ ਧਨ ਦੀ ਪਿਰ ਵਲ ਤਾਂਘ ਨਾਲ ਸਮਾਨਤਾ ਨਹੀਂ ਦਿੱਤੀ, ਸਗੋਂ ਸਰੀਰਕ ਰੂਪ ਵਿਚ ਜਿਵੇਂ ਇਕ ਨਵ-ਯੁਵਤੀ ਆਪਣੇ ਪੁਰਖ ਲਈ ਤਾਂਘਦੀ ਤੇ ਲੋਚਦੀ ਹੈ, ਉਸ ਦੇ ਅਤਿ ਸਰੀਰ ਭਾਵੀ ਵਰਣਨ ਦਿੱਤੇ ਹਨ ।

ਇਹ ਵੀ ਦੇਖਣ ਵਾਲੀ ਗੱਲ ਹੈ ਕਿ ਪ੍ਰੇਮ-ਤਾਂਘ ਦਾ ਇਹ ਅਭਿਵਿਅੰਜਨ ਭੂਪਵਾਦੀ ਕਾਲ ਵਿਚ ਪਤੀ-ਪਤਨੀ ਪ੍ਰੇਮ ਦਾ ਸੂਚਕ ਵੀ ਹੈ । ਵਿਆਹੀ ਹੋਈ ਤੇ ਪਤੀ ਨੂੰ ਪਰਵਾਨ ਇਸਤਰੀ ਲਈ ਸੋਹਾਗਣ ਸ਼ਬਦ ਦੀ ਵਰਤੋਂ ਅਧਿਆਤਮਕ ਮੰਡਲ ਵਿਚ ਉਤਪੰਨ ਨਹੀਂ ਹੋਈ, ਇਹ ਸਮਾਜਕ ਮੰਡਲ ਦਾ ਸੰਕਲਪ ਹੈ । ਪਤੀ ਨੂੰ ਪਰਵਾਨ ਹੋਣਾ ਭੂਪਵਾਦੀ ਯੁਗ ਵਿਚ ਇਸਤਰੀ ਲਈ ਵੱਡਾ ਸੁਭਾਗ ਅਥਵਾ ਸੁਹਾਗ ਸੀ । ਤੇ ਜਿਸ ਇਸਤਰੀ ਨੂੰ ਵਰ ਦੀ ਪ੍ਰਾਪਤੀ ਨਹੀਂ ਹੁੰਦੀ ਸੀ, ਉਸ ਨੂੰ ਦੁਰਭਾਗਣ ਸਮਝਿਆ ਜਾਂਦਾ ਸੀ, ਜਿਸ ਦੀ ਧੁਨੀ ਗੁਰੂ ਨਾਨਕ ਦੇ ਇਸ ਕਥਨ ਵਿਚ ਮਿਲਦੀ ਹੈ :

**ਬਿਨੁ ਪਿਰ ਧਨ ਸੀਗਾਰੀਐ ਜੋਬਨੁ ਬਾਦਿ ਖੁਆਰੁ ।**

Digitized by Panjab Digital Library | www.panjabdigilib.org

ਨਾ ਮਾਣੇ ਸੁਖਿ ਸੇਜੜੀ ਬਿਨੁ ਪਿਰ ਬਾਦਿ ਸੀਗਾਰੁ ।
ਦੂਖੁ ਘਣੋ ਦੋਹਾਗਣੀ ਨਾ ਘਰਿ ਸੇਜ ਭਤਾਰੁ । ਸਿਰੀ ਰਾਗ । 1 ।9 ।

ਕਬੀਰ ਨੇ ਵੀ ਇਸ ਸਥਿਤੀ ਦਾ ਵਰਣਨ ਕੀਤਾ ਹੈ :

ਕੁਆਰਿ ਕੰਨਿਆ ਜੈਸੇ ਕਰਤਿ ਸੀਗਾਰਾ ।
ਕਿਉ ਰਲੀਆ ਮਾਨੈ ਬਾਝ ਭਤਾਰਾ ।

ਤੇ ਸਹੁ ਦਾ ਇਸਤਰੀ ਨੂੰ ਵਿਆਹਣ ਆਉਣਾ ਉਸ ਉਪਰ ਸਹੁ ਦੀ ਕਿਰਪਾ ਹੈ :

ਕਰਿ ਕਿਰਪਾ ਅਪਨੈ ਘਰਿ ਆਇਆ ਤਾ ਮਿਲਿ ਸਖੀਆ ਕਾਜੁ ਰਚਾਇਆ ।
ਖੇਲ ਦੇਖਿ ਮਨਿ ਅਨਦੁ ਭਇਆ ਸਹੁ ਵੀਆਹਣ ਆਇਆ ।

ਆਸਾ ਚਉਪਦੇ ਘਰੁ 2 . . । 1 ।10 ।

ਵਰ ਨੂੰ ਪ੍ਰਾਪਤ ਹੋ ਕੇ ਇਸਤਰੀ ਦੀ ਆਸਾ ਮਨਸਾ ਪੂਰੀ ਹੋ ਜਾਂਦੀ ਹੈ :

ਵਰ ਪਾਇਅੜਾ ਬਾਲੜੀਏ ਆਸਾ ਮਨਸਾ ਪੂਰੀ ਰਾਮ ।

ਸੂਹੀ ਘਰੁ 3 . . .। 3 । 1 । 3 ।

ਜਿਸ ਇਸਤਰੀ ਨੂੰ ਵਰ ਪ੍ਰਾਪਤ ਨਹੀਂ ਹੋਇਆ, ਉਸ ਦਾ ਜਨਮ ਅਕਾਰਥ ਹੀ ਗਇਆ ਸਮਝਣਾ ਚਾਹੀਦਾ ਹੈ :

ਜਿਨੀ ਨ ਪਾਇਓ ਪ੍ਰੇਮ ਰਸੁ ਕੰਤ ਨਾ ਪਾਇਓ ਸਾਉ ।
ਸੁੰਞੇ ਘਰ ਕਾ ਪਾਹੁਣਾ ਜਿਉ ਆਇਆ ਤਿਉਂ ਜਾਉ ।

ਸੂਹੀ ਵਾਰ ਸਲੋਕ । 1 । 16 ।

ਵਿਆਹ ਹੋ ਜਾਣ ਤੋਂ ਉਪਰੰਤ ਵੀ ਇਸਤਰੀ ਲਈ ਕੰਤ ਵਲੋਂ ਅੰਗੀਕਾਰ ਹੋ ਜਾਣਾ ਇਕ ਸੁਭਾਗ ਹੈ । ਜੇ ਕੰਤ ਪਰਵਾਨ ਨਾ ਕਰੇ, ਅੰਗੀਕਾਰ ਨਾ ਕਰੇ ਤਾਂ ਉਹ ਦੋਹਾਗਣ ਹੈ । ਇਸ ਦਾ ਸਭ ਹਾਰ ਸ਼ਿੰਗਾਰ ਅਕਾਰਥ ਹੈ : ਸਿਰੀਰਾਗ ਘਰੁ 1 .

ਮੁੰਧੇ ਪਿਰ ਬਿਨੁ ਕਿਆ ਸੀਗਾਰੁ ।...1 । ਰਹਾਉ । 13 ।
ਚੰਦਨੁ ਮੋਲਿ ਅਣਾਇਆ ਕੁੰਗੂ ਸਾਰਾ ਸੰਧੂਰੁ ।
ਚੋਆ ਚੰਦਨੁ ਬਹੁ ਘਣਾ ਪਾਨਾ ਨਾਲਿ ਕਪੂਰੁ ।
ਜੇ ਧਨ ਕੰਤ ਨ ਭਾਵਈ ਤ ਸਭਿ ਅਡੰਬਰ ਕੂੜੁ । 4 । 13 ।

ਸੰਗਾਰ ਤਾਂ ਸਭੇ ਕਰਦੀਆਂ ਹਨ, ਪਰ ਸੋਹਾਗਣਾਂ ਉਹ ਹਨ ਜੋ ਪਿਰੁ ਨੂੰ ਭਾ ਜਾਂਦੀਆਂ ਹਨ : ਸਿਰੀ ਰਾਗੁ ਅਸਟਪਦੀਆ :

ਸਭੇ ਕੰਤ ਮਹੇਲੀਆਂ ਸਗਲੀਆ ਕਰਹਿ ਸੀਗਾਰੁ ।...। 1 ।
ਹਰਿ ਜੀਉ ਇਉ ਪਿਰੁ ਰਾਵੈ ਨਾਹਿ ।
ਤੁਧੁ ਭਾਵਨਿ ਸੋਹਾਗਣੀ ਅਪਣੀ ਕਿਰਪਾ ਲੈਹਿ ਸਵਾਰਿ । 1 । ਰਹਾਉ ।

ਮਲ੍ਹਾਰ ਅਸਟਪਦੀਆ ਘਰੁ 1 :

ਪ੍ਰਿਉ ਪ੍ਰਿਉ ਕਰੈ ਸਭੈ ਹੈ ਜੇਤੀ ਗੁਰ ਭਾਵੈ ਪ੍ਰਿਉ ਪਾਈ ।
ਪ੍ਰਿਉ ਨਾਲੇ ਸਦ ਹੀ ਸਚਿ ਸੰਗੇ ਨਦਰੀ ਮੇਲਿ ਮਿਲਾਈ । 6 । 1 ।

Digitized by Panjab Digital Library | www.panjabdigilib.org

ਜਿਹੜੀਆਂ ਪਿਰ ਨੂੰ ਨਹੀਂ ਭਾਉਂਦੀਆਂ, ਜੋ ਉਸ ਦੇ ਕੰਮ ਨਹੀਂ ਆਉਂਦੀਆਂ, ਖੋਟੇ ਸਿਕੇ ਵਾਂਗ ਹਨ, ਉਹ ਛੁਟੜਾਂ ਦੁਰਭਾਗੀਆਂ ਹਨ : ਸਿਰੀ ਰਾਗੁ ਅਸਟਪਦੀਆ :

**ਕਾਮਣਿ ਕਾਮਿ ਨ ਆਵਈ ਖੋਟੀ ਅਵਗੁਣਿਆਰਿ ।**
**ਨਾ ਸੁਖੁ ਪੇਈਐ ਸਾਹੁਰੈ ਝੂਠਿ ਜਲੀ ਵੇਕਾਰਿ ।**
**ਆਵਣੁ ਵੰਞਣੁ ਡਾਖੜੋ ਛੋਡੀ ਕੰਤਿ ਵਿਸਾਰਿ । 4 ।**
**ਪਿਰ ਕੀ ਨਾਰਿ ਸੁਹਾਵਣੀ ਮੁਤੀ ਸੋ ਕਿਤੁ ਸਾਦਿ ।**
**ਪਿਰ ਕੈ ਕਾਮਿ ਨ ਆਵਈ ਬੋਲੇ ਫਾਦਿਲੁ ਬਾਦਿ ।**
**ਦਰਿ ਘਰਿ ਢੋਈ ਨ ਲਹੈ ਛੂਟੀ ਦੂਜੈ ਸਾਦਿ । 5 । 5 ।**

ਜਿਥੇ ਅਜੋਕੇ ਸਮਾਜ ਵਿਚ ਪਿਰ ਦਾ ਵੀ ਕੁਝ ਫਰਜ਼ ਹੈ ਇਸਤਰੀ ਵਲ, ਭੂਪਵਾਦੀ ਸਮਾਜ ਵਿਚ ਇਹ ਫਰਜ਼ ਇਤਨਾ ਨਿਸਚਿਤ ਨਹੀਂ ਸੀ । ਉਪਰਲੀਆਂ ਸ੍ਰੇਣੀਆਂ ਵਿਚ ਸ਼ਾਇਦ ਇਹ ਨਾ ਹੋਣ ਬਰਾਬਰ ਸੀ, ਤੇ ਜੇ ਪੁਰਖ ਦੂਜੀ ਇਸਤਰੀ ਲੈ ਆਉਂਦਾ ਸੀ, ਜਾਂ ਘਰ ਤੋਂ ਬਾਹਰ ਆਪਣਾ ਮਨੋਰੰਜਨ ਲੱਭ ਲੈਂਦਾ ਸੀ, ਤਾਂ ਵੀ ਇਸ ਨੂੰ ਇਸਤਰੀ ਦਾ ਹੀ ਅਵਗੁਣ ਸਮਝਿਆ ਜਾਂਦਾ ਸੀ । ਉਸ ਹਾਲਤ ਵਿਚ ਉਸ ਦੇ ਸ਼ਿੰਗਾਰ, ਵੇਸ, ਸਭ ਨਿਸਫਲ ਸਨ । ਗੁਰੂ ਨਾਨਕ ਦੇ ਅਧਿਆਤਮਕ ਪਿਰ ਨਾਲ ਵੀ ਇਹ ਬੇਪਰਵਾਹੀ ਸੰਬੰਧਿਤ ਹੈ : ਵਡ ਹੰਸੁ ਘਰੁ 1 :

**ਚੂੜਾ ਭੰਨੁ ਪਲੰਘ ਸਿਉ ਮੁੰਧੇ ਸਣੁ ਬਾਹੀ ਸਣੁ ਬਾਹਾ ।**
**ਏਤੇ ਵੇਸ ਕਰੇਦੀਏ ਮੁੰਧੇ ਸਹੁ ਰਾਤੋ ਅਵਰਾਹਾ । 1 । 3 ।**

ਭੂਪਵਾਦੀ ਸਮਾਜ ਦੇ ਮਾਪਾਂ ਅਨੁਸਾਰ ਪਤਨੀ ਦੇ ਪਤੀ ਦੇ ਸੰਬੰਧ ਵਿਚ ਪਦਵੀ ਦਾਸੀ ਵਾਲੀ ਹੈ । ਜੇ ਉਹ ਦਾਸੀ ਵਾਲੇ ਗੁਣ ਪਾਲਣ ਕਰੇ ਤਾਂ ਸੁਖ ਪਾਂਦੀ ਹੈ : ਸਿਰੀ ਰਾਗੁ ਅਸਟਪਦੀਆ :

**ਮੁੰਧੇ ਗੁਣ ਦਾਸੀ ਸੁਖੁ ਹੋਇ...। 1 । ਰਹਾਉ । 6 । 6 ।**
**ਪ੍ਰਿਆ ਕੀ ਚੇਰੀ ਕਾਢੀਐ ਲਾਲੀ ਮਾਨੈ ਨਾਉ । 3 । 2 ।**

ਤੁਖਾਰੀ ਛੰਤ :

**ਮੇਰੇ ਲਾਲ ਰੰਗੀਲੇ ਹਮ ਲਾਲਨ ਕੇ ਲਾਲੇ । . . । 1 । 5 ।**

ਸਾਰੰਗ ਚਉਪਦੇ ਘਰੁ 1 :

**ਆਪੁਨੇ ਠਾਕੁਰ ਕੀ ਹਉ ਚੇਰੀ । . . 1 । ਰਹਾਓ । 1 ।**

ਬਿਲਾਵਲ ਛੰਤ ਦੱਖਣੀ :

**ਵਾਹ ਆਪਨੇ ਸੰਗਿ ਦਾਸੀ ਮੈ ਭਗਤਿ ਹਰਿ ਕੀ ਭਾਵਏ । . . । 2 । 1 ।**

ਇਸ ਤੋਂ ਉਪਰੰਤ ਇਸਤਰੀ ਨੂੰ ਪਿਰ ਦੇ ਪ੍ਰਵਾਨ ਹੋਣ ਲਈ ਬੜੇ ਗੁਣ ਪਾਲਣ ਦੀ ਲੋੜ ਹੈ, ਜਿਵੇਂ :

ਸਿਰੀ ਰਾਗੁ ਘਰੁ 1 :

**ਜਾਇ ਪੁਛਾ ਸੋਹਾਗਣੀ ਤੁਸੀ ਰਾਵਿਆ ਕਿਨੀ ਗੁਣੀ ।**
**ਸਹਿਜ ਸੰਤੋਖਿ ਸੀਗਾਰੀਆ ਮਿਠਾ ਬੋਲਣੀ . . । 2 । 10 ।**

Digitized by Panjab Digital Library | www.panjabdigilib.org

ਸਿਰੀ ਰਾਗੁ ਅਸਟਪਦੀਆ :

ਦੁਇ ਕਰ ਜੋੜਿ ਖੜੀ ਤਕੈ ਸਚੁ ਕਹੈ ਅਰਦਾਸਿ ।
ਲਾਜਿ ਰਤੀ ਸਚੁ ਭੈ ਵਸੀ ਭਾਇ ਰਤੀ ਰੰਗਿ ਰਾਸਿ । 2 । 2 ।
ਨਾਰੀ ਅੰਦਰਿ ਸੋਹਣੀ ਮਸਤਕਿ ਮਣੀ ਪਿਆਰੁ ।
ਸੋਭਾ ਸੁਰਤਿ ਸੁਹਾਵਣੀ ਸਾਚੈ ਪ੍ਰੇਮ ਅਪਾਰੁ । . . । 6 । 2 ।

ਆਸਾ ਚਉਪਦੇ :

ਕਹਤੁ ਨਾਨਕ ਭੈ ਭਾਵ ਕਾ ਕਰੇ ਸੀਗਾਰੁ ।
ਸਦ ਹੀ ਸੇਜੈ ਰਵੈ ਭਤਾਰੁ । 4 । 27 ।
ਮਨ ਮੋਤੀ ਜੇ ਗਹਣਾ ਹੋਵੈ ਪਉਣ ਹੋਵੈ ਸੂਤਧਾਰੀ ।
ਖਿਮਾ ਸੀਗਾਰ ਕਾਮਣਿ ਤਨਿ ਪਹਿਰੈ ਰਾਵੈ ਲਾਲ ਪਿਆਰੀ । 1 । 35 ।

ਤਿਲੰਗ ਘਰ 3 :

ਭੈ ਕੀਆ ਦੇਹਿ ਸਲਾਈਆ ਨੈਣੀ ਭਾਵ ਕਾ ਕਰਿ ਸੀਗਾਰੋ,
ਤਾ ਸੋਹਾਗਣਿ ਜਾਣੀਐ ਲਾਗੀ ਜਾ ਸਹੁ ਧਰੇ ਪਿਆਰੋ । 1 ।
ਜਾਇ ਪੁਛਹੁ ਸੋਹਾਗਣੀ ਵਾਹੈ ਕਿਨੀ ਬਾਤੀ ਸਹੁ ਪਾਈਐ ।
ਜੋ ਕਿਛੁ ਕਰੇ ਸੋ ਭਲਾ ਕਰਿ ਮਾਨੀਐ ਹਿਕਮਤਿ ਹੁਕਮੁ ਚੁਕਾਈਐ ।
ਜਾ ਕੈ ਪ੍ਰੇਮਿ ਪਦਾਰਥੁ ਪਾਈਐ ਤਉ ਚਰਣੀ ਚਿਤੁ ਲਾਈਐ ।
ਸਹੁ ਕਹੈ ਸੋ ਕੀਜੈ ਤਨੁ ਮਨੋ ਦੀਜੈ ਐਸਾ ਪਰਮਲੁ ਲਾਈਐ ।
ਏਵ ਕਹਹਿ ਸੋਹਾਗਣੀ ਭੈਣੇ ਇਨੀ ਬਾਤੀ ਸਹੁ ਪਾਈਐ । 3 ।
ਆਪੁ ਗਵਾਈਐ ਤਾ ਸਹੁ ਪਾਈਐ ਅਉਰੁ ਕੈਸੀ ਚਤੁਰਾਈ । . . 4 । 2 । 4 ।

ਬਿਲਾਵਲ ਛੰਤ ਦੱਖਣੀ :

ਧਨ ਭਾਇ ਭਗਤੀ ਦੇਖਿ ਪ੍ਰੀਤਮ ਕਾਮ ਕ੍ਰੋਧ ਨਿਵਾਰਿਆ,
ਨਾਨਕ ਮੁੰਧ ਨ ਵੇਲ ਸੁੰਦਰਿ ਦੇਖਿ ਪਿਰੁ ਸਾਧਾਰਿਆ । 1 । 1 ।

ਮਾਰੂ ਕਾਫ਼ੀ ਘਰੁ 2 :

ਪੇਈਅੜੈ ਪਿਰੁ ਸੰਮਲਾ ਸਾਹੁਰੜੈ ਘਰਿ ਵਾਸੁ ।
ਸੁਖਿ ਸਵੰਧਿ ਸੋਹਾਗਣੀ ਪਿਰ ਪਾਇਆ ਗੁਣਤਾਸੁ । 3 ।

ਸਾਰੰਗ ਚਉਪਦੇ ਘਰੁ 1 :

ਹਉਮੈ ਛੋਡਿ ਭਈ ਬੈਰਾਗਨਿ ਤਬ ਸਾਚੀ ਸੁਰਤਿ ਸਮਾਨੀ । . . । 4 । 1 ।

ਜਿਸ ਤਰ੍ਹਾਂ ਭੂਪਵਾਦੀ ਸਮਾਜ ਵਿਚ ਕਈ ਵਾਰੀ ਗੁਣਵੰਤੀ ਨਾਰ ਵੀ ਆਪਣੇ ਪਤੀ ਦਾ ਪਿਆਰ ਲੈਣ ਵਿਚ ਅਸਫਲ ਰਹਿ ਜਾਂਦੀ ਹੈ, ਤਿਵੇਂ ਹੀ ਇਹ ਜ਼ਰੂਰੀ ਨਹੀਂ ਕਿ ਅਧਿ-ਆਤਮਕ ਖੇਤਰ ਵਿਚ ਵੀ ਗੁਣਵੰਤੀ ਜੀਵ-ਰੂਪੀ ਨਾਰ ਪਤੀ ਪਰਮੇਸ਼ਰ ਨੂੰ ਪਾ ਲਵੇ ।

ਵਡ ਹੰਸੁ ਘਰੁ 1 :

ਅੰਮਾਲੀ ਹਉ ਖਰੀ ਸੁਚਜੀ ਤੈ ਸਹਿ ਏਕਿ ਨ ਭਾਵਾ ।...। 1 । 3 ।

Digitized by Panjab Digital Library | www.panjabdigilib.org

ਸੂਹੀ ਅਸਟਪਦੀਆ :

**ਸਹਜਿ ਸੀਗਾਰ ਕਾਮਣਿ ਕਰਿ ਆਵੈ ।**

**ਤਾ ਸੋਹਾਗਣਿ ਜਾ ਕੰਤੈ ਭਾਵੈ । 2 ।**

**ਖਰੀ ਸਿਆਣੀ ਕੰਤ ਨਾ ਭਾਣੀ ।**

**ਮਾਇਆ ਲਾਗੀ ਭਰਮਿ ਭੁਲਾਣੀ । 5 । 1 ।**

ਗੁਣਵੰਤੀ ਹੋਣ ਤੋਂ ਉਪਰੰਤ ਜੀਵ-ਰੂਪੀ ਨਾਰੀ ਪਿਰ ਨੂੰ ਪ੍ਰਾਪਤ ਤਦੇ ਹੋ ਸਕਦੀ ਹੈ, ਜੇ ਗੁਰੂ ਦੀ ਕਿਰਪਾ ਹੋਵੇ । ਭੂਪਵਾਦੀ ਪਰਿਵਾਰ ਵਿਚ ਗੁਰੂ ਦੇ ਸਥਾਨ ਉਤੇ ਸ਼ਾਇਦ ਨਣਾਨ ਜਾਂ ਸੱਸ ਨੂੰ ਰਖਿਆ ਜਾ ਸਕਦਾ ਹੈ । ਜੇ ਉਨ੍ਹਾਂ ਦੀ ਸਦਭਾਵਨਾ ਨਾਰੀ ਦੇ ਨਾਲ ਹੋਵੇ ਤਾਂ ਹੀ ਉਸ ਦੇ ਗੁਣਾਂ ਦਾ ਮੱਲ ਪਤੀ-ਪ੍ਰੇਮ ਤੇ ਪਤੀ-ਮੇਲ ਦੇ ਰੂਪ ਵਿਚ ਪੈ ਸਕਦਾ ਸੀ । ਪਰ ਅਧਿਆਤਮਕ ਖੇਤਰ ਦੇ ਗੁਰੂ ਨੂੰ ਪਰਿਵਾਰਕ ਖੇਤਰ ਦੀ ਨਣਦ ਜਾਂ ਸੱਸ ਨਾਲ ਤੁਲਨਾ ਬਹੁਤੀ ਅਨੁਕੂਲ ਨਹੀਂ ਪ੍ਰਤੀਤ ਹੁੰਦੀ । ਇਸ ਪ੍ਰਕਰਣ ਵਿਚ ਗੁਰੂ ਦੀ ਕ੍ਰਿਪਾ ਦੀ ਲੋੜ ਬਾਰੇ ਕਥਨ ਗੁਰੂ ਨਾਨਕ ਦੀ ਬਾਣੀ ਵਿਚ ਅਨੇਕ ਹਨ, ਜਿਨ੍ਹਾਂ ਵਿਚੋਂ ਕੁਝ ਇਹ ਹਨ :

ਸਿਰੀ ਰਾਗੁ ਘਰੁ 1 :

**ਪਿਰੁ ਰੀਸਾਲੂ ਤਾ ਮਿਲੈ ਜਾ ਗੁਰ ਕਾ ਸਬਦੁ ਸੁਣੀ । 2 । 10 ।**

ਸਿਰੀ ਰਾਗੁ ਅਸਟਪਦੀਆ :

**ਗੁਰ ਸਬਦੀ ਸੀਗਾਰੀਆ ਤਨੁ ਮਨੁ ਪਿਰ ਕੈ ਪਾਸਿ । . । 2 । 2 ।**

**ਗੁਰੁ ਸੇਵਾ ਸੁਖੁ ਪਾਈਐ ਹਰਿ ਵਰੁ ਸਹਜਿ ਸੀਗਾਰੁ । . . । 2 । 9 ।**

ਗਾਉੜੀ ਬੈਰਾਗਣਿ :

**ਗੁਰ ਪਰਸਾਦੀ ਮੇਰਾ ਸਹੁ ਮਿਲੈ ਵਾਰਿ ਵਾਰਿ ਹਉ ਜਾਉ ਜੀਉ । 1 । 2 । 19 ।**

ਆਸਾ ਚਉਪਦੇ :

**ਗੁਰਪਰਸਾਦੀ ਐਸੀ ਮਤਿ ਆਵੈ ।**

**ਤਾਂ ਕਾਮਣਿ ਕੰਤੈ ਮਨਿ ਭਾਵੈ । 3 । 27 ।**

ਬਿਲਾਵਲੁ ਛੰਤ ਦੱਖਣੀ :

**ਗੁਰ ਕੈ ਭਾਇ ਚਲੋ ਸਾਚਿ ਸੰਗੁਤੀ ਰਾਮ । ... । 3 । 1 ।**

ਚਾਹੇ ਆਪਣੇ ਅਵਗੁਣਾ ਕਰਕੇ ਤੇ ਚਾਹੇ ਪਿਰ ਦੀ ਨਦਰਿ ਨਾ ਹੋਣ ਕਾਰਣ, ਦੁਹਾਗਣ ਇਸਤਰੀ ਦਾ ਜੋ ਹਾਲ ਹੁੰਦਾ ਹੈ ਉਹ ਇਸ ਤਰ੍ਹਾਂ ਵਰਣਨ ਕੀਤਾ ਹੈ :

ਸਿਰੀ ਰਾਗੁ ਘਰੁ 1 :

**ਧ੍ਰਿਗ ਜੀਵਣੁ ਦੋਹਾਗਣੀ ਮੁਠੀ ਦੂਜੈ ਭਾਇ ।**

**ਕਲਰ ਕੇਰੀ ਕੰਧ ਜਿਉ ਅਹਿਨਿਸਿ ਕਿਰਿ ਢਹਿ ਪਾਇ । । 1 । 13 ।**

ਸਿਰੀ ਰਾਗੁ ਅਸਟਪਦੀਆ :

**ਨਿਸਿ ਅਧਿਕਾਰੀ ਸੁਤੀਏ ਕਿਉ ਪਿਰ ਬਿਨੁ ਰੈਣਿ ਵਿਹਾਇ ।**

**ਅੰਕੁ ਜਲਉ ਤਨੁ ਜਾਲੀਅਉ ਮਨੁ ਧਨੁ ਜਲਿ ਬਲਿ ਜਾਇ ।**

Digitized by Panjab Digital Library | www.panjabdigilib.org

ਜਾ ਧਨ ਕੰਤਿ ਨ ਰਾਵੀਆ ਤਾ ਬਿਰਥਾ ਜੋਬਨੁ ਜਾਇ । 7 । 2 ।

ਮਾਝ ਅਸਟਪਦੀਆ :

ਪੇਈਅੜੈ ਪਿਰੁ ਜਾਤੋ ਨਾਹੀ । ਝੂਠੀ ਵਿਛੁੜੀ ਰੋਵੈ ਧਾਹੀ ।

ਅਵਗੁਣਿ ਮੁਠੀ ਮਹਲੁ ਨ ਪਾਏ ਅਵਗੁਣ ਗੁਣਿ ਬਖਸਾਵਣਿਆ । 6 । 1 ।

ਮਾਰੂ ਕਾਫ਼ੀ ਘਰੁ 2 :

ਲੇਫੁ ਨਿਹਾਲੀ ਪਟ ਕੀ ਕਾਪੜੁ ਅੰਗਿ ਬਣਾਇ ।

ਪਿਰੁ ਮੁਤੀ ਡੋਹਾਗਣੀ ਤਿਨਿ ਡੁਖੀ ਰੈਣਿ ਵਿਹਾਇ । 4 । 1 । 9 ।

ਮਾਰੂ ਸੋਲਹੇ :

ਪਿਰੁ ਬਿਨੁ ਕਿਆ ਤਿਸੁ ਧਨ ਸੀਗਾਰਾ ।

ਪਰ ਪਿਰ ਰਾਤੀ ਖਸਮੁ ਵਿਸਾਰਾ ।

ਜਿਉ ਬੇਸੁਆ ਪੂਤ ਬਾਪੁ ਕੋ ਕਹੀਐ ਤਿਉ ਫੋਕਟ ਕਾਰ ਵਿਕਾਰਾ ਹੇ । 5 । 3 । 9

ਮਾਰੂ ਵਾਰ ਸਲੋਕ :

ਮਹਲ ਕੁਚਜੀ ਮੜਵੜੀ ਕਾਲੀ ਮਨਹੁ ਕਸੁਧ ।

ਜੇ ਗੁਣ ਹੋਵਨਿ ਤਾ ਪਿਰੁ ਰਵੈ ਨਾਨਕ ਅਵਗੁਣ ਮੁੰਧ । 1 । 5।

ਸੋਰਠਿ ਅਸਟਪਦੀਆ ਘਰੁ 1 :

ਕਾਮਨਿ ਚਾਹੈ ਸੁੰਦਰਿ ਭੋਗੁ, ਪਾਨ ਫੂਲ ਮੀਠੇ ਰਸ ਰੋਗ ।

ਖੀਲੈ ਬਿਗਸੈ ਤੇਤੋ ਸੋਗ ।...। 5 । 1 ।

ਕੁਚਿਲ ਕਰੂਪ ਕੁਨਾਰਿ ਕੁਲਖਨੀ ਪਿਰ ਕਾ ਸਹਜੁ ਨ ਜਾਨਿਆ ।

ਹਰਿ ਰਸ ਰੰਗਿ ਰਸਨ ਨਹੀ ਤ੍ਰਿਪਤੀ ਦੁਰਮਤਿ ਦੂਖ ਸਮਾਨਿਆ ।...। 3 । 2 ।

ਮਲਾਰ ਚਉਪਦੇ ਘਰੁ 1 :

ਜਿਨਿ ਧਨ ਪਿਰ ਕਾ ਸਾਦੁ ਨ ਜਾਨਿਆ ਸਾ ਬਿਲਖ ਬਦਨ ਕੁਮਲਾਨੀ । 1 । 4 ।

ਬਿਰਹਣ ਇਸਤਰੀ, ਭਾਵੇਂ ਉਹ ਆਪਣੇ ਆਪ ਨੂੰ ਦੋਹਾਗਣ ਵੀ ਆਖੇ, ਸਹੀ ਅਰਥਾਂ ਵਿਚ ਦੁਹਾਗਣ ਨਹੀਂ । ਉਹ ਤਾਂ ਕੇਵਲ ਸਾਮਿਅਕ ਰੂਪ ਵਿਚ ਆਪਣੇ ਪਤੀ ਤੋਂ ਵਿਛੜੀ ਹੋਈ ਹੈ । ਉਹ 'ਦੂਜੇ ਭਾਇ ਮੁਠੀ' ਨਹੀਂ ਹੁੰਦੀ ਤੇ ਨਾ ਹੀ ਉਹ 'ਅਵਗੁਣ ਮੁਠੀ' ਹੁੰਦੀ ਹੈ । ਉਸ ਦੇ ਮਨ ਵਿਚ ਪਿਰ ਦਾ ਪ੍ਰੇਮ ਅਥਾਹ ਹੁੰਦਾ ਹੈ, ਤੇ ਉਸ ਨੂੰ ਪਿਰ ਮਿਲਣ ਦੀ ਪ੍ਰਬਲ ਤਾਂਘ ਤੇ ਆਸ ਹੁੰਦੀ ਹੈ । ਉਸ ਨੂੰ ਇਹ ਵੀ ਖਿਆਲ ਰਹਿੰਦਾ ਹੈ ਕਿ ਉਹ ਗੁਣਾ ਤੋਂ ਵਾਂਝੀ ਤੇ ਅਵਗੁਣਾਂ ਦੀ ਭਰੀ ਹੋਈ ਹੈ :

ਸਿਰੀ ਰਾਗੁ ਅਸਟਪਦੀਆ :

ਪਿਰੁ ਪਰਦੇਸੀ ਜੇ ਥੀਐ ਧਨ ਵਾਂਢੀ ਝੂਰੇਇ । ... । 2 ।

ਸਭਿ ਗੁਣਵੰਤੀ ਆਖੀਅਹਿ ਮੈ ਗੁਣੁ ਨਾਹੀ ਕੋਇ ... । 8 । 5 ।

ਆਸਾ ਚਉਪਦੇ :

ਪੇਵਕੜੈ ਧਨ ਖਰੀ ਸਿਆਣੀ,

ਤਿਸ ਸਹ ਕੀ ਮੈ ਸਾਰ ਨਾ ਜਾਣੀ । 1 । 27 ।

Digitized by Panjab Digital Library | www.panjabdigilib.org

ਸੂਹੀ ਅਸਟਪਦੀਆ :

ਸਭਿ ਅਵਗੁਣ ਮੈ ਗੁਣ ਨਹੀਂ ਕੋਈ ।
ਕਿਉ ਕਰਿ ਕੰਤ ਮਿਲਾਵਾ ਹੋਈ ।
ਨਾ ਮੈ ਰੂਪ ਨ ਬੰਕੇ ਨੈਣਾ ।
ਨਾ ਕੁਲ ਢੰਗੁ ਨਾ ਮੀਠੇ ਬੈਣਾ । 1 । ਰਹਾਉ ।
ਅਨਿਕ ਜਨਮ ਬਿਛੁਰਤ ਦੁਖ ਪਾਇਆ ।
ਕਰੁ ਗਹਿ ਲੇਹੁ ਪ੍ਰੀਤਮ ਪ੍ਰਭ ਰਾਇਆ । 7 । 1 ।

ਸੂਹੀ ਕੁਚਜੀ :

ਮੰਞੁ ਕੁਚਜੀ ਅੰਮਾਵਣਿ ਡੋਸੜੇ ਹਉ ਕਿਉ ਸਹੁ ਰਾਵਣਿ ਜਾਉ ਜੀਉ ।
ਇਕ ਦੂ ਇਕਿ ਚੜੰਦੀਆ ਕਉਣੁ ਜਾਣੈ ਮੇਰਾ ਨਾਉ ਜੀਉ ।
ਜਿਨੀ ਸਖੀ ਸਹੁ ਰਾਵਿਆ ਸੇ ਅੰਬੀ ਛਾਵੜੀਏਹਿ ਜੀਉ ।
ਸੇ ਗੁਣ ਮੰਞੁ ਨ ਆਵਨੀ ਹਉ ਕੈ ਜੀ ਦੋਸ ਧਰੇਉ ਜੀਉ ।
ਹਉ ਏਨੀ ਟੋਲੀ ਭੁਲਿਅਸੁ ਤਿਸੁ ਕੰਤ ਨਾ ਬੈਠੀ ਪਾਸਿ ਜੀਉ ।
ਤੁਧੁ ਗੁਣ ਮੈ ਸਭਿ ਅਵਗੁਣਾ ਇਕ ਨਾਨਕ ਕੀ ਅਰਦਾਸਿ ਜੀਉ ।
ਸਭਿ ਰਾਤੀ ਸੋਹਾਗਣੀ ਮੈ ਡੋਹਾਗਣਿ ਕਾਈ ਰਾਤਿ ਜੀਉ । 1 ।

ਵਡਹੰਸੁ ਘਰੁ 1 :

ਰਾਹੁ ਦਸਾਈ ਨਾ ਜੁਲਾਂ ਆਖਾਂ ਅੰਮੜੀਆਸੁ ।
ਤੈ ਸਹ ਨਾਲਿ ਅਕੂਅਣਾ ਕਿਉ ਥੀਵੈ ਘਰ ਵਾਸੁ । 3 ।
ਸਭ ਸਹੀਆ ਸਹੁ ਰਾਵਣਿ ਗਈਆ ਹਉ ਦਾਧੀ ਕੈ ਦਰਿ ਜਾਵਾ ।
ਸੁਪਨੇ ਆਇਆ ਭੀ ਗਇਆ ਮੈ ਜਲੁ ਭਰਿਆ ਰੋਇ ।
ਆਇ ਨ ਸਕਾ ਤੁਝ ਕਨਿ ਪਿਆਰੇ ਭੇਜਿ ਨ ਸਕਾ ਕੋਇ ।
ਆਉ ਸਭਾਗੀ ਨੀਦੜੀਏ ਮਤੁ ਸਹੁ ਦੇਖਾ ਸੋਇ ।
ਸਭੇ ਕੰਤੈ ਰਤੀਆ ਮੈ ਦੋਹਾਗਣਿ ਕਿਤੁ ।
ਮੈ ਤਨਿ ਅਵਗਣ ਏਤੜੇ ਖਸਮੁ ਨ ਫੇਰੇ ਚਿਤੁ । 3 ।
ਸਭਿ ਰਾਤੀ ਸੋਹਾਗਣੀ ਇਕ ਮੈ ਦੋਹਾਗਣਿ ਰਾਤਿ । 4 । 15 ।

ਬਿਲਾਵਲ ਚਉਪਦੇ ਘਰੁ 1 :

ਬਿਨੁ ਦਰਸਨ ਕੈਸੇ ਜੀਵਉ ਮੇਰੀ ਮਾਈ । 1 । ਰਹਾਉ । 4 ।
ਮੇਰਾ ਪ੍ਰਭੁ ਬਿਸਰੈ ਹਉ ਮਰਉ ਦੁਖਾਲੀ ।
ਸਾਸਿ ਗਿਰਾਸਿ ਜਪਉ ਅਪੁਨੇ ਹਰਿ ਭਾਲੀ ।
ਸਦ ਬੈਰਾਗਨਿ ਹਰਿ ਨਾਮੁ ਨਿਹਾਲੀ ।
ਅਬ ਜਾਨੇ ਗੁਰਮੁਖਿ ਹਰਿ ਨਾਲੀ । 2 । 4 ।

ਮਾਰੂ ਕਾਫੀ ਘਰੁ 2 :

ਪੇਈਅੜੈ ਡੋਹਾਗਣੀ ਸਾਹੁਰੜੈ ਕਿਉ ਜਾਉ ।
ਮੈ ਗਲਿ ਅਉਗਣ ਮੁਠੜੀ ਬਿਨੁ ਪਿਰ ਝੂਰਿ ਮਰਾਉ । 2 ।

Digitized by Panjab Digital Library | www.panjabdigilib.org

ਤੁਖਾਰੀ ਛੰਤ : ਬਾਰਾਮਾਹਾ :

ਪ੍ਰਿਅ ਬਾਝੁ ਦੁਹੇਲੀ ਕੋਇ ਨ ਬੇਲੀ ਗੁਰਮੁਖਿ ਅੰਮ੍ਰਿਤੁ ਪੀਵਾਂ । .. । 1 ।
ਘਰਿ ਘਰਿ ਕੰਤੁ ਰਵੈ ਸੋਹਾਗਣਿ ਹਉ ਕਿਉ ਕੰਤਿ ਵਿਸਾਰੀ । . . । ,!
ਬਨ ਫੂਲੇ ਮੰਝ ਬਾਰਿ ਮੈ ਪਿਰੁ ਘਰਿ ਬਾਹੁੜੈ ।
ਪਿਰ ਘਰਿ ਨਹੀ ਆਵੈ ਧਨ ਕਿਉ ਸੁਖੁ ਪਾਵੈ ਬਿਰਹਿ ਬਿਰੋਧ ਤਨੁ ਛੀਜੈ ।
ਘਰਿ ਆਉ ਪਿਆਰੇ ਦੁਤਰ ਤਾਰੇ ਤੁਧੁ ਬਿਨੁ ਅਢੁ ਨਾ ਮੋਲੋ । . . । 6 ।
ਸਾਚੈ ਮਹਲ ਰਹੈ ਬੈਰਾਗੀ ਆਵਣ ਦੇਹਿ ਤ ਆਵਾਂ । . . । 7 ।
ਪੇਂ ਮਨਿ ਤਨਿ ਸਹੁ ਭਾਵੈ ਪਿਰ ਪਰਦੇਸ ਸਿਧਾਏ ।
ਪਿਰੁ ਘਰਿ ਨਹੀਂ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ ।
ਸੇਜ ਇਕੇਲੀ ਖਰੀ ਦੁਹੇਲੀ ਮਰਣੁ ਭਇਆ ਦੁਖੁ ਮਾਏ ।
ਹਰਿ ਬਿਨੁ ਨੀਂਦ ਭੂਖ ਕਹੁ ਕੈਸੀ ਕਾਪੜੁ ਤਨਿ ਨ ਸੁਖਾਵਏ । 9 ।
ਆਸੁਨਿ ਆਉ ਪਿਰਾ ਸਾਧਨ ਝੂਰਿ ਮੁਈ ।...। 11 ।
ਬਹੁਤੇ ਵੇਸ ਕਰੀ ਪਿਰ ਬਾਝਹੁ ਮਹਲੀ ਲਹਾ ਨ ਥਾਓ । 16 ।

ਤੁਖਾਰੀ ਛੰਤ :

ਸਾਜਨ ਦੇਸਿ ਵਿਦੇਸੀਅੜੇ ਸਾਨੇਹੜੇ ਦੇਂਦੀ ।
ਸਾਰਿ ਸੰਮ੍ਹਾਲੇ ਤਿਨ ਸਜਣਾ ਮੁੰਧ ਨੈਣ ਭਰੇਦੀ ।
ਮੁੰਧ ਨੈਣ ਭਰੇਦੀ ਗੁਣ ਸਾਰੇਦੀ ਕਿਉ ਪ੍ਰਭ ਮਿਲਾ ਪਿਆਰੇ ।
ਮਾਰਗੁ ਪੰਥੁ ਨ ਜਾਣਉ ਵਿਖੜਾ ਕਿਉ ਪਈਐ ਪਿਰ ਪਾਰੇ । . . । 3 । 4 ।

ਮਲ੍ਹਾਰ ਅਸਟਪਦੀਆ ਘਰੁ 1 :

ਚਕਵੀ ਨੈਨ ਨੀਦ ਨਹਿ ਚਾਹੈ ਬਿਨੁ ਪਿਰ ਨੀਦ ਨ ਪਾਈ । 1 ।
ਤਿਸ ਬਿਨੁ ਘੜੀ ਨਹੀਂ ਜਗਿ ਜੀਵਾ ਐਸੀ ਪਿਆਸ ਤਿਸਾਈ । 1 । ਰਹਾਉ ।
ਧਨ ਥਾਂਢੀ ਪਿਰ ਦੇਸ ਨਿਵਾਸੀ ਸਚੇ ਗੁਰ ਪਹਿ ਸਬਦੁ ਪਠਾਈ ।...। 5 । 1 ।
ਪ੍ਰਿਅ ਬਿਨੁ ਸੀਗਾਰੁ ਕਰੀ ਤੇਤਾ ਤਨੁ ਤਾਪੈ ਕਾਪਰੁ ਅੰਗਿ ਨ ਸੁਹਾਈ । 6 ।
ਅਪਨੇ ਪਿਆਰੇ ਬਿਨੁ ਇਕ ਖਿਨੁ ਰਹਿ ਨ ਸਕਉ ਬਿਨੁ ਮਿਲੇ ਨੀਦ ਨਾ ਪਾਈ ।7।3

ਇਸ ਤੋਂ ਅੱਗੇ ਪਰਮ-ਸੱਤ ਨੂੰ ਪਾ ਲੈਣ ਦੀ ਅਵਸਥਾ ਆਉਂਦੀ ਹੈ । ਗੁਰੂ ਨਾਨਕ ਦੇ ਇਸ ਪਿਰ ਧਨ ਪਿਆਰੇ ਦੇ ਸੰਕਲਪ ਅਨੁਸਾਰ ਧਨ ਵਲੋਂ ਪਿਰ ਦੀ ਪ੍ਰਾਪਤੀ ਵੇਦਾਂਤ ਦੀ ਜੀਵਾਤਮਾ ਤੇ ਪਰਮਾਤਮਾ ਦੀ ਅਭੇਦਤਾ ਨਾਲੋਂ ਕੁਝ ਵਖਰੀ ਹੀ ਸਮਝਣੀ ਚਾਹੀਦੀ ਹੈ । ਜਿਵੇਂ ਉਪਰ ਸੰਕੇਤ ਕੀਤਾ ਗਇਆ ਹੈ । ਵੇਦਾਂਤ ਦੀ ਕਲਪਿਤ ਅਭੇਦਤਾ ਗਿਆਨ ਮੰਡਲ ਦੀ ਅਵਸਥਾ ਹੈ ਤੇ ਗੁਰੂ ਨਾਨਕ ਦੀ ਪਿਰ ਧਨ ਏਕਤਾ ਜਾਂ ਮੇਲ ਭਗਤੀ ਖੇਤਰ ਦੀ । ਇਹ ਅਭੇਦਤਾ ਨਹੀਂ ਏਕਤਾ ਜਾਂ ਸਦੀਵੀ ਮਿਲਾਪ ਹੈ । ਗੁਰੂ ਅਮਰਦਸ ਨੇ ਪਰਿਵਾਰਕ ਪ੍ਰਸੰਗ ਵਿਚ ਇਸ ਏਕਤਾ ਦਾ ਵਰਣਨ ਇਸ ਤਰ੍ਹਾਂ ਕੀਤਾ ਹੈ :

ਪਿਰ ਧਨ ਏਹ ਨਾ ਆਖੀਐ ਬਹਨਿ ਇਕਠੇ ਹੋਇ ।
ਏਕ ਜੋਤਿ ਦੋਇ ਮੂਰਤੀ ਪਿਰੁ ਧਨ ਕਹੀਐ ਸੋਇ ।

Digitized by Panjab Digital Library | www.panjabdigilib.org

ਅਧਿਆਤਮਕ ਖੇਤਰ ਵਿਚ ਵੀ ਪਿਰ ਧਨ ਦੀ ਏਕਤਾ ਨੂੰ ਜੋਤਿ ਦੀ ਏਕਤਾ ਸਮਝਣਾ ਚਾਹੀਦਾ ਹੈ। ਤੇ ਜੇ ਅਜੀਂ ਪਿਰ ਧਨ ਦੇ ਅਲੰਕਾਰ ਮਗਰ ਵੀ ਜਾਈਏ ਤਾਂ ਵੀ ਇਹ ਮਿਲਾਪ ਅਭੇਦਤਾ ਦਾ ਰੂਪ ਕਦੀ ਨਹੀਂ ਧਾਰ ਸਕਦਾ। ਹਾਂ ਇਹ ਸੁਆਮੀ ਦਾਸ ਦੀ ਨਿਕਟਤਾ ਨਾਲੋਂ ਵਖਰਾ ਅਨੁਭਵ ਜ਼ਰੂਰ ਸਮਝਿਆ ਜਾ ਸਕਦਾ ਹੈ। ਜਿਥੇ ਦਾਸ ਦੇ ਸੁਆਮੀ ਦੀ ਨਦਰਿ ਪ੍ਰਾਪਤ ਕਰਨ ਤੋਂ ਦਾਸ ਲਈ ਵਿਸਮਾਦ ਦਾ ਅਨੁਭਵ ਹੁੰਦਾ ਹੈ, ਉਥੇ ਧਨ ਦੇ ਪਿਰ ਨੂੰ ਪ੍ਰਾਪਤ ਕਰਨ ਤੋਂ ਅਨੰਦ ਦਾ। ਇਸ ਅਨੰਦ ਦਾ ਵਰਣਨ ਗੁਰਬਾਣੀ ਵਿਚ ਸੱਭ ਤੋਂ ਉਜਾਗਰ ਰੂਪ ਵਿਚ ਗੁਰੂ ਅਮਰਦਾਸ ਦੀ ਬਾਣੀ 'ਅਨੰਦ' ਵਿਚ ਆਇਆ ਹੈ; ਪਰ ਗੁਰੂ ਨਾਨਕ ਦੀ ਬਾਣੀ ਵਿਚ ਵੀ ਇਸ ਅਨੰਦ ਅਵਸਥਾ ਨੂੰ ਬਹੁਤ ਥਾਈਂ ਵਰਣਨ ਕੀਤਾ ਗਇਆ ਹੈ। ਸੋਹਾਗਣ ਦੀ ਸਥਿਤੀ ਇਹ ਅਨੰਦ ਦੀ ਅਵਸਥਾ ਹੀ ਦਰਸਾਂਦੀ ਹੈ: ਸਿਰੀ ਰਾਗੁ ਘਰੁ 1 :

ਨਾਨਕ ਧਨ ਸੋਹਾਗਣੀ ਜਿਨਿ ਸਹੁ ਨਾਲ ਪਿਆਰੁ। 5। 13।
ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭੁ ਸੇਜ ਭਤਾਰੁ। 3। 20।

ਸਿਰੀ ਰਾਗੁ ਅਸਟਪਦੀਆ :

ਪਿਰ ਰੀਸਾਲੂ ਨ ਉਤਨੋ ਸਾਚੋ ਮਰ ਨਾ ਜਾਇ;
ਨਿਤ ਰਵੈ ਸੋਹਾਗਣੀ ਸਾਚੀ ਨਦਰਿ ਰਜਾਇ। 4। 2।
ਪਿਰ ਸਾਲਾਹੀ ਆਪਣਾ ਸਖੀ ਸਹੇਲੀ ਨਾਲਿ।
ਤਨਿ ਸੋਹੈ ਮਨੁ ਮੋਹਿਆ ਰਤੀ ਰੰਗਿ ਨਿਹਾਲਿ...। 3। 5।
ਸਾਧਨ ਖਰੀ ਸੁਹਾਵਣੀ ਜਿਨਿ ਪਿਰੁ ਜਾਤਾ ਸੰਗਿ।
ਮਹਲੀ ਮਹਲਿ ਬੁਲਾਈਐ ਸੋ ਪਿਰੁ ਰਾਵੇ ਰੰਗਿ।
ਸਚਿ ਸੁਹਾਗਣਿ ਸਾ ਭਲੀ ਪਿਰਿ ਮੋਹੀ ਗੁਣ ਸੰਗਿ। 6। 6।
ਸਚਿ ਮਾਣੈ ਪਿਰ ਸੇਜੜੀ ਗੂੜਾ ਹੇਤੁ ਪਿਆਰੁ। 2।
ਸਚਿ ਮਿਲਹੁ ਵਰ ਕਾਮਣੀ ਪਿਰਿ ਮੋਹੀ ਰੰਗੁ ਲਾਇ...।
ਹਰਿ ਵਰੁ ਘਰਿ ਸੋਹਾਗਣੀ ਨਿਰਮਲ ਸਾਚੈ ਨਾਇ। 3। 9।

ਆਸਾ ਚਉਪਦੇ ਘਰੁ 2 :

ਖੇਲ ਦੇਖਿ ਮਨਿ ਅਨਦੁ ਭਇਆ ਪਿਰੁ ਵੀਆਹਣ ਆਇਆ। 1।
ਗਾਵਹੁ ਗਾਵਹੁ ਕਾਮਣੀ ਬਿਬੇਕ ਬੀਚਾਰੁ।
ਹਮਰੈ ਘਰੁ ਆਇਆ ਜਗਜੀਵਨੁ ਭਤਾਰੁ। 1। ਰਹਾਉ। 10।
ਹਰਿ ਵਰੁ ਜਿਨਿ ਪਾਇਆ ਧੰਨ ਨਾਰੀ।...। 3।14।

ਆਸਾ ਛੰਤ ਘਰੁ 1 :

ਮੁੰਧ ਜੋਬਨਿ ਬਾਲੜੀਏ ਮੇਰਾ ਪਿਰੁ ਰਲੀਆਲਾ ਰਾਮ।
ਧਨ ਪਿਰ ਨੇਹੁ ਘਣਾ ਰਸਿ ਪ੍ਰੀਤਿ ਦਇਆਲਾ ਰਾਮ।
ਧਨ ਪਿਰਿ ਮੇਲਾ ਹੋਇ ਸੁਆਮੀ ਆਪਿ ਪ੍ਰਭੁ ਕਿਰਪਾ ਕਰੇ।
ਸੇਜਾ ਸੁਹਾਵੀ ਸੰਗਿ ਪਿਰ ਕੈ ਸਾਤ ਸਰ ਅੰਮ੍ਰਿਤ ਭਰੇ।
ਕਰਿ ਦਇਆ ਸਇਆ ਦਇਆਲ ਸਾਚੇ ਸਬਦਿ ਮਿਲਿ ਗੁਣ ਗਾਵਓ।

Digitized by Panjab Digital Library | www.panjabdigilib.org

ਨਾਨਕ ਹਰਿ ਵਰੁ ਦੇਖਿ ਬਿਗਸੀ ਮੁੰਧ ਮਨਿ ਓਮਾਹਓ । 1 ।
ਮੁੰਧ ਸਹਿਜਿ ਸਲੋਨੜੀਏ ਇਕ ਪ੍ਰੇਮ ਬਿਨੰਤੀ ਰਾਮ ।
ਮੈ ਮਨਿ ਤਨਿ ਹਰਿ ਭਾਵੈ ਪ੍ਰਭ ਸੰਗਮਿ ਰਾਤੀ ਰਾਮ।...
ਨਾਨਕਾ ਪ੍ਰਿਉ ਪ੍ਰਿਉ ਕਰਿ ਪੁਕਾਰੇ ਰਸਨ ਰਸਿ ਮਨੁ ਭੀਜਏ । 2 । 1 ।

ਸੂਹੀ ਸੁਚਜੀ :

ਤੂ ਅੰਤਰਿ ਹਉ ਸੁਖਿ ਵਸਾ ਤੂੰ ਅੰਤਰਿ ਸਾਬਾਸਿ ਜੀਉ ।
ਭਾਣੈ ਸੋ ਸਹੁ ਰੰਗੁਲਾ ਸਿਫਤਿ ਰਤਾ ਗੁਣ ਤਾਸਿ ਜੀਤੇ।
ਭਾਣੈ ਸਹੁ ਭੀਹਾਵਲਾ ਹਉ ਆਵਣਿ ਜਾਣਿ ਮੁਈਆਸਿ ਜੀਉ ।
ਤੂ ਸਹੁ ਅਗਮ ਅਤੋਲਵ ਹਉ ਕਹਿ ਕਹਿ ਢਹਿ ਪਈਆਸਿ ਜੀਉ । 2 ।

ਸੂਹੀ ਛੰਤ ਘਰੁ 2 :

ਆਵਹੁ ਮੀਤ ਪਿਆਰੇ । ਮੰਗਲ ਗਾਵਹੁ ਨਾਰੇ । ... । 2 । 1 । 2 ।

ਸੂਹੀ ਛੰਤ ਘਰ 3 :

ਘਰਿ ਆਇਅੜੇ ਸਾਜਨਾ ਤਾ ਧਨ ਖਰੀ ਸਰਸੀ ਰਾਮ ।
ਹਰਿ ਮੋਹਿਅੜੀ ਸਾਚ ਸਬਦਿ ਠਾਕੁਰ ਦੇਖਿ ਰਹੰਸੀ ਰਾਮ ।
ਗੁਣ ਸੰਗਿ ਰਹੰਸੀ ਖਰੀ ਸਰਸੀ ਜਾ ਰਾਵੀ ਰੰਗਿ ਰਾਤੈ । ... । 2 ।
ਪਿਰੁ ਉਚੜੀਐ ਮਾੜੜੀਐ ਤਿਹੁ ਲੋਆ ਸਿਰਤਾਜਾ ਰਾਮ ।
ਹਉ ਬਿਸਮ ਭਈ ਦੇਖਿ ਅਨਹਦ ਸਬਦ ਅਗਾਜਾ ਰਾਮ...4 । 1 । 3 ।

ਬਿਲਾਵਲੁ ਛੰਤ ਦੱਖਣੀ :

ਸੁੰਧਰ ਮੋਹਿਅੜੀ ਪਿਰ ਸੰਗਿ ਸੂਤੀ ਰਾਮ...। 3 । 1
ਮੈ ਮਨਿ ਚਾਉ ਚਾਉ ਘਣਾ ਸਾਚਿ ਵਿਗਾਸੀ ਰਾਮ ।
ਮੋਹੀ ਪ੍ਰੇਮ ਪਿਰੇ ਪ੍ਰਭਿ ਅਬਿਨਾਸੀ ਰਾਮ...। 1 । 2 ।
ਭਿੰਨੜੀ ਰੈਣਿ ਭਲੀ ਦਿਨਸ ਸੁਹਾਏ ਰਾਮ ।
ਨਿਜਘਰਿ ਸੂਤੜੀਏ ਪਿਰਮੁ ਜਗਾਏ ਰਾਮ ।
ਨਵਹਾਣਿ ਨਵਧਨ ਸਬਦਿ ਜਾਗੀ ਆਪਣੇ ਪਿਰ ਭਾਣੀਆ ।...।

ਮਾਰੂ ਕਾਫੀ ਘਰੁ 2 :

ਮੈਡਾ ਮਨੁ ਰਤਾ ਆਪਨੜੇ ਪਿਰ ਨਾਲਿ ।
ਹਉ ਘੋਲਿ ਘੁਮਾਈ ਖੰਨੀਐ ਕੀਤੀ ਹਿਕ ਭੋਰੀ ਨਦਰਿ ਨਿਹਾਲਿ । 1 । ਰਹਾਉ ।।9
ਸਾਚਉ ਰੰਗਿ ਰੰਗਾਵਲੋ ਸਖੀ ਹਮਾਰੋ ਕੰਤੁ ।
ਸਚਿ ਵਿਛੋੜਾ ਨਾ ਥੀਐ ਸੋ ਸਹੁ ਰੰਗ ਰਵੰਤੁ । 4 ।
ਸਭੇ ਰੁਤੀ ਚੰਗੀਆ ਜਿਤੁ ਸਚੇ ਸਹੁ ਨੇਹੁ ।
ਸਾਧਨ ਕੰਤੁ ਪਛਾਣਿਆ ਸੁਖਿ ਸੁਤੀ ਨਿਸਿ ਡੇਹੁ । 5 । 2 । 10 ।

Digitized by Panjab Digital Library | www.panjabdigilib.org

ਮਾਰੂ ਵਾਰ, ਸਲੋਕ :

ਸਾਚੁ ਸੀਲ ਸਚੁ ਸੰਜਮੀ ਸਾ ਪੂਰੀ ਪਰਵਾਰਿ ।
ਨਾਨਕ ਅਹਿਨਿਸ ਸਦਾ ਭਲੀ ਪਿਰ ਕੈ ਹੇਤਿ ਪਿਆਰਿ । 2 । 5 ।
ਸਸੁਰੈ ਪੇਈਐ ਕੰਤੁ ਕੀ ਕੰਤੁ ਅਗੰਮ ਅਥਾਹੁ ।
ਨਾਨਕ ਧੰਨ ਸੁਹਾਗਣੀ ਜੋ ਭਾਵਹਿ ਵੇਪਰਵਾਹੁ । 2 । 6 ।

ਤੁਖਾਰੀ ਛੰਤ ਬਾਰਾਮਾਹਾ :

ਸਾਧਨ ਸਭਿ ਰਸ ਚੋਲੇ ਅੰਕਿ ਸਮਾਣੀਆ ।......।
ਸਭ ਤੇਰੀ ਤੂ ਮੇਰਾ ਪ੍ਰੀਤਮ ਨਿਸਿ ਬਾਸੁਰ ਰੰਗਿ ਗਾਵੈ ।...। 2 ।
ਮੰਘਰ ਮਾਹੁ ਭਲਾ ਹਰਿ ਗੁਣ ਅੰਕਿ ਸਮਾਵਏ ।
ਗੁਣਵੰਤੀ ਗੁਣ ਰਵੈ ਮੈ ਪਿਰੁ ਨਿਹਚਲ ਭਾਵਏ...। 13 ।
ਹਾਰ ਡੋਰ ਰਸ ਪਾਟ ਪਟੰਬਰ ਪਿਰਿ ਲੋੜੀ ਸੀਗਾਰੀ ।
ਨਾਨਕ ਮੇਲਿ ਲਈ ਗੁਰ ਆਪਣੈ ਘਰਿ ਵਰੁ ਪਾਇਆ ਨਾਰੀ । 16 ।
ਜਿਨਿ ਸੀਗਾਰੀ ਤਿਸਹਿ ਪਿਆਰੀ ਮੇਲੁ ਭਇਆ ਰੰਗ ਮਾਣੈ ।
ਘਰਿ ਸੇਜ ਸੁਹਾਵੀ ਜਾ ਪਿਰਿ ਰਾਵੀ ਗੁਰਮੁਖਿ ਮਸਤਕਿ ਭਾਗੋ ।
ਨਾਨਕ ਅਹਿਨਿਸ ਰਾਵੈ ਪ੍ਰੀਤਮੁ ਹਰਿ ਵਰੁ ਥਿਰੁ ਸੋਹਾਗੋ । 17 । 1 ।

ਮਲਾਰ ਚਉਪਦੇ ਘਰੁ 1 :

ਸਹਜਿ ਸੁਖੀ ਵਰ ਕਾਮਣਿ ਪਿਆਰੀ ਜਿਸ ਗੁਰ ਬਚਨੀ ਮਨੁ ਮਾਨਿਆ ।
ਹਰਿ ਵਰਿ ਨਾਰਿ ਭਈ ਸੋਹਾਗਣਿ ਮਨਿ ਤਨਿ ਪ੍ਰੇਮੁ ਸੁਖਾਨਿਆ । 2 । 2 ।
ਆਪੁਨੇ ਪਿਰੁ ਰਹਿ ਦੇਖਿ ਵਿਗਾਸੀ ਤਉ ਧਨ ਸਾਚੁ ਸੀਗਾਰੋ.. । 4 । 4 ।

ਇਕ ਵੇਖਣ ਵਾਲੀ ਗੱਲ ਇਹ ਹੈ ਕਿ ਗੁਰੂ ਨਾਨਕ ਨੇ ਪ੍ਰਕ੍ਰਿਤੀ ਵਰਣਨ ਜੋ ਥੋੜਾ ਬਹੁਤ ਆਪਣੀ ਬਾਣੀ ਵਿਚ ਕੀਤਾ ਹੈ, ਇਸ ਪਿਰ-ਧਨ ਪ੍ਰੇਮ, ਬਹੁਤਾ ਕਰਕੇ ਵਿਛੋੜੇ ਦੇ ਸਬੰਧ ਵਿਚ ਕੀਤਾ ਹੈ । ਤੇ ਇਹ ਸੁਭਾਵਕ ਵੀ ਹੈ, ਕਿਉਂਕਿ ਅਧਿਆਤਮਕ ਗਿਆਨ ਮੰਡਲ ਦੀਆਂ ਗੱਲਾਂ ਵਿਚ ਪ੍ਰਕ੍ਰਿਤੀ ਵਰਣਨ ਦਾ ਥਾਉਂ ਘੱਟ ਹੀ ਹੋ ਸਕਦਾ ਹੈ । ਇਹ ਪ੍ਰਕ੍ਰਿਤੀ ਵਰਣਨ ਆਮ ਕਰਕੇ ਸੰਖੇਪ ਜੇਹਾ ਹੀ ਹੁੰਦਾ ਹੈ, ਪਰ ਇਸ ਵਿਚ ਉਹ ਹੀ ਬਲ ਤੇ ਤਾਂਘ ਰੂਪਮਾਨ ਹੁੰਦੇ ਹਨ ਜੋ ਪਿਰ ਧਨ ਵਿਛੋੜੇ ਜਾਂ ਮਾਨਸਿਕ ਪ੍ਰਕਰਣ ਵਿਚ, ਜਿਵੇਂ :

ਗਉੜੀ ਬੈਰਾਗਣਿ :

ਹਰਣੀ ਹੋਵਾ ਬਨਿ ਬਸਾਂ ਕੰਦ ਮੂਲ ਚੁਣਿ ਖਾਉ ..। 1 ।
ਕੋਕਿਲ ਹੋਵਾ ਅੰਬਿ ਬਸਾ ਸਹਜਿ ਸਬਦ ਬੀਚਾਰੁ । . . । 2 ।
ਮਛਲੀ ਹੋਵਾ ਜਲਿ ਬਸਾ ਜੀਅ ਜੰਤ ਸਭਿ ਸਾਰਿ । . . । 3 ।
ਨਾਗਨਿ ਹੋਵਾਂ ਧਰਿ ਵਸਾ ਸਬਦੁ ਵਸੈ ਭਉ ਜਾਇ . . । 4 । 2 । 19 ।

ਵਡਹੰਸ ਘਰੁ 1 :

ਮੋਰੀ ਰੁਣ ਝੁਣ ਲਾਇਆ ਭੈਣੇ ਸਾਵਣ ਆਇਆ . . । 1 । 3 ।

Digitized by Panjab Digital Library | www.panjabdigilib.org

ਤੁਖਾਰੀ ਛੰਤ ਬਾਰਾਮਾਹਾ :

ਬਾਬੀਹਾ ਪ੍ਰਿਉ ਬੋਲੇ ਕੋਕਿਲ ਬਾਣੀਆ । . . ।
ਨਾਨਕ ਪ੍ਰਿਉ ਪ੍ਰਿਉ ਚਵੈ ਬਾਬੀਹਾ ਕੋਕਿਲ ਸਬਦਿ ਸੁਹਾਵੈ । 2 ।
ਬਰਸੈ ਅੰਮ੍ਰਿਤ ਧਾਰ ਬੂੰਦ ਸੁਹਾਵਣੀ । . .
ਊਨਵਿ ਘਨ ਛਾਏ ਬਰਸੁ ਸੁਭਾਏ ਮਨਿ ਤਨਿ ਪ੍ਰੇਮੁ ਸੁਖਾਵੈ । . . । 4 ।
ਚੇਤੁ ਬਸੰਤੁ ਭਲਾ ਭਵਰ ਸੁਹਾਵੜੇ ।
ਬਨ ਫੂਲੇ ਮੰਝਿ ਬਾਰਿ ਮੈ ਪਿਰੁ ਘਰਿ ਬਾਹੁੜੈ । . .
ਕੋਕਿਲ ਅੰਬਿ ਸੁਹਾਵੀ ਬੋਲੈ ਕਿਉ ਦੁਖੁ ਅੰਕਿ ਸਹੀਜੈ ।
ਭਵਰੁ ਭਵੰਤਾ ਫੂਲੀ ਡਾਲੀ ਕਿਉ ਜੀਵਾ ਮਰੁ ਮਾਏ . . । 5 ।
ਬਲ ਤਾਪਹਿ ਸਰ ਭਾਰ ਸਾ ਧਨ ਬਿਨਉ ਕਰੇ । 7 ।
ਆਸਾੜੁ ਭਲਾ ਸੂਰਜੁ ਗਗਨਿ ਤਪੈ । ਧਰਤੀ ਦੂਖ ਸਹੈ ਸੋਖੈ ਅਗਨਿ ਭਖੈ ।
ਅਗਨਿ ਰਸੁ ਸੋਖੈ ਮਰੀਐ ਧੋਖੈ ਭੀ ਸੋ ਕਿਰਤੁ ਨ ਹਾਰੇ ।
ਰਥੁ ਫਿਰੈ ਛਾਇਆ ਧਨ ਤਾਕੈ ਟੀਡੁ ਲਵੈ ਮੰਝਿ ਬਾਰੇ । . . । 8 ।
ਸਾਵਣਿ ਸਰਸ ਮਨਾ ਘਣ ਵਰਸਹਿ ਰੁਤਿ ਆਏ . . ।
ਪਿਰੁ ਘਰਿ ਨਹੀ ਆਵੈ ਮਰੀਐ ਹਾਵੈ ਦਾਮਨਿ ਚਮਕਿ ਡਰਾਏ . . । 9 ।
ਜਲ ਥਲ ਨੀਰਿ ਭਰੇ ਬਰਸ ਰੁਤੇ ਰੰਗੁ ਮਾਣੀ ।
ਬਰਸੈ ਨਿਸਿ ਕਾਲੀ ਕਿਉ ਸੁਖੁ ਬਾਲੀ ਦਾਦਰ ਮੋਰ ਲਵੰਤੇ ।
ਪ੍ਰਿਉ ਪ੍ਰਿਉ ਚਵੈ ਬਬੀਹਾ ਬੋਲੇ ਭੁਇਅੰਗਮ ਫਿਰਹਿ ਡਸੰਤੇ ।
ਮਛਰ ਡੰਗ ਸਾਇਰ ਭਰ ਸੁਭਰ ਬਿਨੁ ਹਰਿ ਕਿਉ ਸੁਖੁ ਪਾਈਐ . . । 10 ।
ਝੂਠਿ ਵਿਗੁਤੀ ਤਾ ਪਿਰ ਮੁਤੀ ਕੁਕਹ ਨਾਹ ਸੁ ਫੂਲੇ ।
ਆਗੈ ਘਾਮ ਪਿਛੈ ਰੁਤਿ ਜਾਡਾ ਦੇਖਿ ਚਲਤ ਮਨੁ ਡੋਲੇ ।
ਦਹ ਦਿਸਿ ਸਾਖ ਹਰੀ ਹਰੀਆਵਲ ਸਹਜਿ ਪਕੈ ਸੋ ਮੀਠਾ . . । 11 ।
ਪੋਖਿ ਤੁਖਾਰੁ ਪੜੈ ਵਣੁ ਤ੍ਰਿਣੁ ਰਸੁ ਸੋਖੈ । . . । 14 ।

ਸਾਰੰਗ ਚਉਪਦੇ ਘਰੁ 1 :

ਊਨਵਿ ਘਨਹਰੁ ਗਰਜੈ ਬਰਸੈ ਕੋਕਿਲ ਮੋਰ ਬੈਰਾਗੈ ।
ਤਰਵਰ ਬਿਰਖ ਬਿਹੰਗ ਭੁਇਅੰਗਮ ਘਰਿ ਪਿਰੁ ਧਨ ਸੋਹਾਗੈ । 2 । 2 ।

ਮਲਾਰ ਚਉਪਦੇ ਘਰੁ 1 :

ਸੁਣਿ ਘਨਘੋਰ ਸੀਤਲੁ ਮਨੁ ਮੋਰਾ ਲਾਲ ਰਤੀ ਗੁਣ ਗਾਵੈ । 1 । 2 ।
ਬਰਸੁ ਘਨਾ ਮੇਰਾ ਪਿਰੁ ਘਰਿ ਆਇਆ . . । ਰਹਾਉ । 4 ।

ਮਲਾਰ ਵਾਰ :

ਗੁਰਿ ਮਿਲਿਐ ਮਨੁ ਰਹਸੀਐ ਜਿਉ ਵੁਠੈ ਧਰਣਿ ਸੀਗਾਰੁ ।
ਸਭ ਦਿਸੈ ਹਰੀਆਵਲੀ ਸਰ ਭਰੇ ਸੁਭਰ ਤਾਲ . . । 1 । 1 ।

Digitized by Panjab Digital Library | www.panjabdigilib.org

**ਨਾਨਕ ਸਾਵਣਿ ਜੇ ਵਸੈ ਚਹੁ ਓਮਾਹਾ ਹੋਇ ।**
**ਨਾਗਾਂ ਮਿਰਗਾਂ ਮਛੀਆਂ ਰਸੀਆ ਘਰਿ ਧਨੁ ਹੋਇ । 1 । 2 ।**

ਸਭ ਤੋਂ ਵਧ ਵਿਗਾਸ ਵਾਲੀ ਗੱਲ ਪਿਰ-ਧਨ ਪ੍ਰੇਮ ਵਰਣਨ ਵਿਚ ਅਲੰਕਾਰ ਦੀ ਨਿੱਘੀ ਸਰੀਰਕ ਤਾਂਘ ਹੈ । ਇਸ ਸਰੀਰਕ ਤਾਂਘ ਨੂੰ ਕਥਨ ਕਰਨ ਲੱਗੇ ਗੁਰੂ ਨਾਨਕ ਨੇ ਕੋਈ ਰਸਮੀ ਸੰਕੋਚ ਨਹੀਂ ਵਰਤਿਆ, ਇਸ ਤਾਂਘ ਨੂੰ ਉਸੇ ਪ੍ਰਕਾਰ ਨਿਝੱਕ ਹੋ ਕੇ ਕਥਿਆ ਹੈ ਜਿਵੇਂ ਵਾਸਤਵ ਵਿਚ ਯੁਵਾ ਅਵਸਥਾ ਵਿਚ ਇਸਤਰੀ ਪੁਰਖ ਅਨੁਭਵ ਕਰਦੇ ਸਨ, ਇਹ ਸਰੀਰਕਤਾ ਵੈਸ਼ਨਵ ਭਗਤੀ ਕਾਵਿ ਦਾ ਸਰਵਥਾ ਲਛਣ ਹੈ ਤੇ ਜਿਥੇ ਇਹ ਕਿਸੇ ਵਿਸ਼ੇਸ਼ ਵਿਅਕਤੀ ਜਿਵੇਂ ਕ੍ਰਿਸ਼ਨ ਰਾਧਾ ਨਾਲ ਸੰਬੰਧਿਤ ਹੋ ਜਾਂਦੀ ਹੈ, ਤਾਂ ਇਹ ਬੜੀ ਭੜਕਾਊ ਵੀ ਹੋ ਉਤਰਦੀ ਹੈ । ਪਰ ਗੁਰੂ ਨਾਨਕ ਦੀ ਬਾਣੀ ਵਿਚ ਇਹ ਭੜਕਾਊ ਗੁਣ ਦੋਸ਼ ਕਦਾਚਿਤ ਨਹੀਂ ਬਣਦਾ । ਕਾਰਣ ਇਕ ਤਾਂ ਇਹ ਹੀ ਕਿਸੇ ਵਿਸ਼ੇਸ਼ ਵਿਅਕਤੀ ਨਾਲ ਇਸਦਾ ਸਬੰਧਿਤ ਨਾ ਹੋਣਾ ਤੇ ਦੂਜਾ ਅਪਭ੍ਰੰਸ਼ ਭਾਖਾ ਦੀ ਵਰਤੋਂ ਜਿਸ ਦੀ ਦੁਰਗਮਤਾ ਵਿਚ ਇਸ ਦਾ ਭੜਕੀਲਾ ਪਣ ਜਾਣੋ ਲੁਕ ਜਾਂਦਾ ਹੈ । ਨਮੂਨੇ ਮਾਤਰ :

ਸਿਰੀ ਰਾਗੁ ਘਰੁ 1 :

**ਗੁਰਮੁਖਿ ਰਵਹਿ ਸੋਹਾਗਣੀ ਸੋ ਪ੍ਰਭ ਸੇਜ ਭਤਾਰੁ । 3 । 20 ।**

ਆਸਾ ਚਉਪਦੇ ਘਰੁ 2 :

**ਸਦ ਹੀ ਸੇਜੈ ਰਵੈ ਭਤਾਰੁ । 4 । 27 ।**

ਆਸਾ ਚਉਪਦੇ :

**ਗਿਆਨ ਰਾਉ ਜਬ ਸੇਜੈ ਆਵੈ ਤ ਨਾਨਕ ਭੋਗ ਕਰੇਈ । 4 । 1 । 35 ।**

ਆਸਾ ਪਟੀ :

**ਨਨੈ ਨਾਹ ਭੋਗ ਨਿਤ ਭੋਗੈ ਨਾ ਡੀਠਾ ਨਾ ਸੰਮੁਲਿਆ . . । 23 ।**

ਆਸਾ ਛੰਤ :

**ਇਕਿ ਸੰਗਿ ਹਰਿ ਕੇ ਕਰਹਿ ਰਲੀਆ ਹਉ ਪੁਕਾਰੀ ਦਰਿ ਖਲੀ . . । 3 ।**

ਵਡਹੰਸ ਘਰੁ 1 :

**ਜੋ ਸਹ ਕੰਠਿ ਨ ਲਗੀਆ ਜਲਨੁ ਸਿ ਬਾਹੜੀਆਹ . . । 1 । 3 ।**

ਸੂਹੀ ਅਸਟਪਦੀਆ :

**ਨਾ ਮੈਂ ਰੂਪੁ ਨ ਬੰਕੇ ਨੈਨਾ ।**
**ਨਾ ਕੁਲ ਢੰਗੁ ਨ ਮੀਠੇ ਬੈਣਾ । 1 । ਰਹਾਉ ।**
**ਜੇ ਭਾਵੈ ਪਿਆਰਾ ਤੈ ਰਾਵੇਸੀ । 8 । 1 ।**

ਬਿਲਾਵਲ ਛੰਤ ਦੱਖਣੀ :

**ਸ੍ਰੀਧਰ ਮੋਹਿਅੜੀ ਪਿਰ ਸੰਗਿ ਸੂਤੀ ਰਾਮ ।**

ਤੁਖਾਰੀ ਛੰਤ ਬਾਰਾਮਾਹਾ :

**ਦੀਪਕ ਰਸ ਤੇਲੋ ਧਨ ਪਿਰ ਮੇਲੋ ਧਨ ਓਮਾਹੇ ਸਰਸੀ ।... । 12 ।**

Digitized by Panjab Digital Library | www.panjabdigilib.org

ਮਲਾਰ ਚਉਪਦੇ ਘਰੁ 1 :

**ਬਗੇ ਕਾਪੜ ਬੋਲੈ ਬੈਣ ।**
**ਲੰਮਾ ਨੱਕ ਕਾਲੇ ਤੇਰੇ ਨੈਣ ।**
**ਕਬਹੂੰ ਸਾਹਿਬੁ ਦੇਖਿਆ ਭੈਣ । 1 । 4 । 9 ।**

ਸਲੋਕ ਵਾਰਾਂ ਤੇ ਵਧੀਕ :

**ਉਤੰਗੀ ਪੈਓਹਰੀ ਗਹਿਰੀ ਗੰਭੀਰੀ ।**
**ਸਸੁੜਿ ਸੁਹੀਆ ਕਿਵ ਕਰੀ ਨਿਵਣੁ ਜਾਇ ਥਣੀ ।**
**ਗਚੁ ਜਿ ਲਗਾ ਗਿੜਵੜੀ ਸਖੀਏ ਧਉਲ ਹਰੀ ।**
**ਸੇ ਭੀ ਢਹਦੇ ਡਿਠੁ ਮੈਂ ਮੁੰਧ ਨ ਗਰਬੁ ਥਣੀ । 1 ।**

ਇਸ ਪੱਤਰ ਵਿੱਚ ਗੁਰੂ ਨਾਨਕ ਦੇਵ ਦੇ ਕਾਵਿ ਦੀ ਬਿੰਬਾਵਲੀ ਦਾ ਕੇਵਲ ਇਕ ਅੰਗ ਪ੍ਰਧਾਨ ਬਿੰਬ ਹੀ ਵਿਚਾਰਿਆ ਜਾ ਸਕਿਆ ਹੈ । ਗੁਰੂ ਨਾਨਕ ਦਾ ਕਾਵਿ, ਵਿਸ਼ੈ ਦੀ ਇਕਾਗਰਤਾ ਕਾਰਣ, ਬਿੰਬਾਵਲੀ ਉੱਤੇ ਅਧਿਕ ਨਿਰਭਰ ਹੈ । ਤੇ ਇਹ ਬਿੰਬਾਵਲੀ ਸੰਕਲਪ ਬਿੰਬਾਂ ਤੋਂ ਉਪਰੰਤ ਚਿੱਤਰ ਬਿੰਬਾਂ ਤੇ ਧੁਨੀ ਨਾਲ ਭਰਪੂਰ ਹੈ । ਵਾਸਤਵ ਵਿਚ, ਮੇਰੇ ਵਿਚਾਰ ਅਨੁਸਾਰ, ਪ੍ਰਧਾਨ ਬਿੰਬਾਂ ਤੋਂ ਉਪਰੰਤ ਗੁਰੂ ਨਾਨਕ ਕਾਵਿ ਦੀ ਬਿੰਬਾਵਲੀ ਦਾ ਵਡੇਰਾ ਅੰਗ ਇਸ ਦੇ ਧੁਨੀ ਬਿੰਬ ਹਨ, ਜਿਨ੍ਹਾਂ ਦੀ ਚਰਚਾ ਇਕ ਬੜਾ ਵਿਸਤਾਰ ਮੰਗਦੀ ਹੈ । ਇਸ ਵਿਸਤਾਰ ਵਿਚ ਕਾਵਿ ਦੇ ਹੋਰ ਉਪ ਪ੍ਰਧਾਨ ਬਿੰਬਾਂ, ਚਿਤਰ ਬਿੰਬਾਂ ਤੇ ਧੁਨੀ ਬਿੰਬਾਂ ਦੀ ਚਰਚਾ ਲਈ ਇਕ ਗ੍ਰੰਥ ਚਾਹੀਦਾ ਹੈ, ਅਜੇਹਾ ਕੋਈ ਪੱਤਰ ਕਾਫੀ ਨਹੀਂ ।

Digitized by Panjab Digital Library | www.panjabdigilib.org

# ਗੁਰੂ ਰਾਮਦਾਸ ਜੀ ਦੀ ਕਵਿਤਾ

## ਗੁਰੂ ਰਾਮਦਾਸ ਦੀ ਪ੍ਰਤਿਭਾ

ਪੰਜਾਬ ਦੀ ਧਰਤੀ ਦਾ ਬੜਾ ਸੁਭਾਗ ਹੈ ਕਿ ਇਸ ਦਾ ਜੀਵਨ ਪ੍ਰਵਾਹ, ਗੁਰੂ ਸਾਹਿਬਾਨ ਨੇ ਦਸ ਤੇਜਸਵੀ ਵਿਅਕਤੀਆਂ ਰਾਹੀਂ, ਇਸ ਭਰਮ-ਭੁਲੀ ਤੇ ਅਉਘਟ-ਰੁੱਧੀ ਭੂਮੀ ਨੂੰ ਆਪਣੇ ਕਲਾਮਈ ਸਪਰਸ਼ ਨਾਲ ਪਵਿਤ੍ਰ ਕੀਤਾ। ਉਨ੍ਹਾਂ ਨੇ ਆਪਣੀ ਜੀਵਨ-ਉਤੇਜਨਾ, ਜੀਵਨ ਕਲਾ ਤੇ ਅਨੁਭਵੀ ਗਿਆਨ ਨੂੰ ਉਚ ਕੋਟੀ ਦੀ ਪੰਜਾਬੀ ਕਵਿਤਾ ਦਾ ਪਹਿਰਾਵਾ ਪਹਿਨਾਇਆ।

ਗੁਰੂ ਨਾਨਕ ਦੇ ਅਸੀਮ ਹਿਰਦੇ ਵਿਚੋਂ ਫੁਟਿਆ, ਨਿਰਗੁਣ ਕਾਵਿ-ਧਾਰਾ ਦਾ ਠਾਠਾਂ ਮਾਰਦਾ ਸਮੁੰਦਰ, ਗੁਰੂ ਰਾਮਦਾਸ ਵਿਚ ਆ ਕੇ ਅਨੋਖੀ ਪ੍ਰਤਿਭਾ ਦੇ ਕ੍ਰਿਸ਼ਮੇ ਦਿਖਾਉਣ ਲਗਾ। ਇੰਝ ਪ੍ਰਤੀਤ ਹੋਣ ਲਗਾ, ਮਾਨੋਂ ਰਿਗ ਵੇਦ ਦੇ ਸਮੇਂ ਤੋਂ ਹਿਮਾਲੀਆ ਦੀਆਂ ਚੋਟੀਆਂ ਉਤੇ ਜਮਿਆਂ ਵਿਸ਼ਵ ਗਿਆਨ, ਗੁਰੂ ਸਾਹਿਬ ਜੀ ਦੀ ਬੀਜਲ-ਛੁਹ ਨਾਲ ਇਕ ਦਮ ਹੀ ਵਹਿ ਤੁਰਿਆ। ਭਾਵੇਂ ਇਸ ਦੀਆਂ ਛਲਾਂ ਬਗ਼ਦਾਦ, ਲੰਕਾ ਤੇ ਕਾਮਰੂਪ ਤਕ ਅਪੜੀਆਂ, ਪਰ ਇਸ ਦੀ ਮੂਲ ਰਹੱਸਮਈ ਧਾਰਾ ਇਕ ਸਦੀਵੀ ਬਿਰਹੀ ਪਿਆਰ ਅਲਾਪਦੀ, ਨਿਰਮਲ ਤੇ ਅੰਮ੍ਰਿਤਮਈ ਗੰਗਾ ਬਣ ਗਈ, ਜਿਸ ਨੂੰ ਸਾਹਿਤਕ ਸੰਸਾਰ ਵਿਚ ਅਸੀਂ 'ਗੁਰੂ ਰਾਮਦਾਸ ਜੀ ਦੀ ਕਵਿਤਾ' ਕਹਿੰਦੇ ਹਾਂ।

ਭਾਈ ਨੰਦ ਲਾਲ ਨੇ ਗੁਰੂ ਰਾਮਦਾਸ ਨੂੰ "ਖ਼ਲਕਤ ਦਾ ਸਿਰਤਾਜ ਤੇ ਸਿਦਕ ਅਰ ਪਵਿਤਤਾ ਦਾ ਬਾਦਸ਼ਾਹ ਆਖਿਆ ਹੈ।"* ਉਨ੍ਹਾਂ ਦੀ ਮਹਾਨਤਾ ਚਾਰ ਅਧਿਆਤਮਕ ਰੁਤਬਿਆਂ : ਸ਼ਰੀਅੱਤ, ਤਰੀਕੱਤ, ਹਕੀਕੱਤ, ਤੇ ਮਾਰਫਤ ਤੋਂ ਉਚੀ ਦਸੀ, ਰਾਜ-ਜੋਗ ਦੇ ਤਖਤ ਦੇ ਮਾਲਕ ਦਸਿਆ।** ਉਨ੍ਹਾਂ ਦੇ ਸਮਕਾਲੀ ਭੱਟ-ਕਵੀਆਂ ਦੇ ਕਥਨ ਅਨੁਸਾਰ, ਗੁਰੂ ਰਾਮਦਾਸ ਦੀ ਸ਼ਖਸੀਅੱਤ ਵਿਚ "ਸਹਿਜ ਕਲਾ ਦਾ ਇਕ ਨਵਾਂ ਬ੍ਰਿਛ ਪੁੰਗਰਿਆ ਅਤੇ ਇਸ ਨੂੰ ਅਦੁਤੀ ਅੰਮ੍ਰਿਤ ਫਲ ਲਗੇ।"† ਇਨ੍ਹਾਂ ਦੀ ਸ਼ਕਤੀ ਸ਼ਾਲੀ ਪ੍ਰਤਿਭਾ ਵਿਚੋਂ ਅਧਿਆਤਮਕ ਕਾਵਿ-ਤਰੰਗ ਨਿਤ ਨਵੇਂ ਰਾਗਾਂ ਤੇ ਧੁਨਾਂ ਵਿਚ ਪ੍ਰਗਟ ਹੋਣ ਲਗੇ।††

ਭਾਈ ਗੁਰਦਾਸ ਨੇ ਗੁਰੂ ਰਾਮਦਾਸ ਤੋਂ ਜੀਵਨ ਜੋਤਿ ਲਈ, ਗੁਰਸਿਖੀ ਲਈ ਅਤੇ ਵਾਰਾਂ ਲਿਖਣ ਦੀ ਪ੍ਰੇਰਨਾ ਲਈ। ਉਹ ਇਸ ਮਹਾਨ ਵਿਅਕਤੀ ਨੂੰ ਸਨਮੁਖ ਤੇ ਬੜਾ ਨੇੜਿਓਂ ਤੱਕ

---

*ਗੁਰੂ ਰਾਮਦਾਸ ਆਂ ਅਤਾਅ-ਉਲ-ਵਰਾ
ਜਹਾ ਬਾਨ ਅਕਲੀਮ ਸਿਦਕੋ ਸਫਾ। (ਤੌਸੀਫੋ-ਸਨਾ 69)

**ਰਾਜ-ਜੋਗ ਤਖਤ ਦੀਅਨ ਗੁਰੂ ਰਾਮਦਾਸ (ਤੌਸੀਫੋ ਸਨਾ 99)

†ਸਹਿਜ ਤਰੋਵਰ ਫਲਿਓ ਗਿਆਨ ਅਮ੍ਰਿਤ ਫਲ ਲਾਗੇ।
ਸਵਯੇ ਮ: 4-9

††ਸਬਦ ਤਰੰਗ ਪ੍ਰਗਟਤ ਦਿਨ ਆਗਰ। ਸਵਯੇ ਮ: 4-46



Digitized by Panjab Digital Library | www.panjabdigilib.org

ਕੋ ਲਿਖਦੇ ਹਨ : "ਗੁਰੂ ਰਾਮਦਾਸ, ਮਾਨਸਕ ਤੇ ਆਤਮਕ ਗੁਣਾਂ ਵਿਚ ਬਿਲਕੁਲ ਆਪਣੇ ਬਜ਼ੁਰਗ ਗੁਰੂ ਅਮਰਦਾਸ, ਗੁਰੂ ਅੰਗਦ ਤੇ ਗੁਰੂ ਨਾਨਕ ਤੁਲ ਸਨ ।* ਉਹ ਇਕ ਪਰਮਹੰਸ ਨਿਆਈ ਪਾਕ ਤੇ ਗਗਨ-ਉਡਾਰੀਆਂ ਲਾਉਣ ਵਾਲੇ ਮਹਾਂ ਕਵੀ ਸਨ ਜਿਨ੍ਹਾਂ ਦੇ ਹਿਰਦੇ ਵਿਚੋਂ ਉਪਜਿਆ ਕਾਵਿ ਧਾਰਾ ਦਾ ਮੋਤੀਆਂ-ਭਰਪੂਰ ਸਹਿਜ ਸਰੋਵਰ ਸਦੀਆਂ ਤੋਂ ਰੱਹਸਵਾਦੀ ਸਾਹਿਤ ਪ੍ਰੇਮੀਆਂ ਦੀ ਚੋਗ ਬਣਿਆ ਹੋਇਆ ਹੈ। ਬਾਬਾਣੇ ਸਾਹਿਤ ਦਾ ਇਹ ਅਛੂਤਾ ਕੰਵਲ,** ਵੀਹ-ਬਾਈ ਵਰ੍ਹੇ ਰਸਦਾ ਰਿਹਾ ਅਤੇ ਮਹਿਕ ਇਕੱਠੀ ਕਰਦਾ ਰਿਹਾ। ਅੰਤ ਛੇ ਸੱਤ ਵਰ੍ਹਿਆਂ ਦੇ ਸਿਰਜਨ-ਕਾਲ (creative period) ਵਿਚ ਇਸ ਤੋਂ ਬੜੀਆਂ ਮਹਾਨ ਰਚਨਾਵਾਂ ਉਪਜੀਆਂ ਜਿਨ੍ਹਾਂ ਦੀ ਮਹੱਤਤਾ ਤੇ ਅਮੁਲ ਕੀਮਤ ਦੀ ਪਰਖ ਅਜੇ ਅਰੰਭ ਨਹੀਂ ਹੋਈ।† ਬ੍ਰਹਮ-ਸੱਤਾ ਦੀ ਵਿਸ਼ਾਲ ਅੰਤ੍ਰੀਵ ਪ੍ਰਤੀਤੀ (Intution) ਵਿਚੋਂ ਉਪਜੀ ਇਹ ਕਵਿਤਾ ਇਕ ਮਨੋਰਥ-ਭਰਪੂਰ ਤੇ ਆਦਰਸ਼-ਨਿਪੁੰਨ ਰਚਨਾ ਹੈ।††

ਪ੍ਰੋਫੈਸਰ ਪੂਰਨ ਸਿੰਘ ਲਿਖਦਾ ਹੈ, "ਗੁਰੂ ਰਾਮਦਾਸ ਦੀ ਕਵਿਤਾ ਇਕ ਨਿਰੰਤਰ ਵੱਗ ਰਹੀ ਪ੍ਰੇਮ ਦੀ ਝਨਾਂ ਹੈ ਜਿਸਦੀ ਬਿਰਹੀ ਸੀਤਲ ਧੁਨ ਪ੍ਰੀਤਮ ਲਈ ਤੜਫਦੀ ਹੈ ਅਤੇ ਉਸ ਦੀ ਕਟਾਖਯ ਭਰੀ ਜਾਦੂ ਤਕਣੀ ਦੇ ਗੀਤ ਗਾਉਂਦੀ ਹੈ। ਉਨ੍ਹਾਂ ਦੀ ਕਵਿਤਾ ਪ੍ਰਭੂ-ਵਰ ਦੇ ਦਰਸ਼ਨਾਂ ਲਈ ਜਿੰਦ-ਵਹੁਟੀ ਦੀ ਪੁਕਾਰ ਹੈ। ਉਹ ਤੀਬਰ ਬੀਰਹੇ ਵਿਚ ਤਾਂਘਦੀ ਹੈ ਇਕ ਭੋਰੀ ਦਰਸ਼ਨ ਲਈ ਤੇ ਮੁੜ ਇਕ ਹੋਰ ਦਰਸ਼ਨ ਝਲਕ ਲਈ । ਗੁਰੂ ਦੇਵ ਦਾ ਅਮਿਉ ਸੰਗੀਤ ਸ੍ਰਿਸ਼ਟੀ ਦੀ ਆਤਮਾ ਨੂੰ ਟੁੰਬ ਕੇ ਉਸ ਵਿਚ ਪੁਨਰਜਾਗ੍ਰਤੀ ਦੀ ਥੱਰਾਹਟ ਪੈਦਾ ਕਰਦਾ ਹੈ। ਉਨ੍ਹਾਂ ਦੇ ਗੀਤ ਹਰ ਸਰੋਤੇ ਨੂੰ ਨਿਰਮਲਤਾ ਪ੍ਰਦਾਨ ਕਰਦੇ ਹਨ।"‡

---

*.ਪਿਓ ਦਾਦੇ ਜੇਵੇਹਆ ਪੜਦਾਦੇ ਪਰਵਾਣ ਪੜੋਤਾ। ਭਾ : ਗੁਰਦਾਸ ਵਾਰ 24-25

**ਬਾਬਾਣੇ ਕੁਲ ਕੰਵਲ ਅਛੋਤਾ। ਭਾਈ ਗੁ: ਦਾਸ

†.ਅਨਤਰੁ ਪੁਨਮਾਨਿ ਅਕਲਿ ਲਿਵ ਲਾਗੀ । ਸਵਯੇ ਮ: 4/4
ਅਨਭਉ ਨੇਜਾ ਨਾਮ ਟੇਕ, ਜਿਤ ਭਗਤ ਅਘਾਣੇ। ਸਵਯੇ ਮ: 4—12

††ਗੁਰ ਉਚਰੈ ਬਾਨੀ ਬੇਦ ਸਮਾਨੀ ਸੁਖਦਾਨੀ
ਸੁਨ ਨਰ-ਨਾਰੀ ਕਟੇ ਬਿਕਾਰੀ ਲਹਿ ਫਲਚਾਰੀ ਮਦੁਖਾਨੀ ।
ਪੰਥ ਪ੍ਰਕਾਸ਼। 76।

‡The Poetry of Ramdas flows like a stream of love whose cooling melody yearns for the Beloved and sings of the magic spell of His glance. It is put in the mouth of the bride of God who pines in her longing for one more glimpses of Him and still one more. The Ma ter's divine music thrills the soul of whole people and his song makes everyone pure.

Puran Singh
Ten Masters p. 53

Digitized by Panjab Digital Library | www.panjabdigilib.org

## ਸਾਹਿੱਤਕ ਤੇ ਦਾਰਸ਼ਨਿਕ ਪ੍ਰਭਾਵ

ਜਦ ਗੁਰੂ ਅਮਰਦਾਸ ਜੀ ਗੱਦੀ ਉਤੇ ਬਿਰਾਜੇ ਤਾਂ ਉਨ੍ਹਾਂ ਦੀ ਨਿਗਾਹ ਜੇਠਾ ਸੋਢੀ ਨਾਂ ਦੇ ਇਕ ਨੌਜਵਾਨ ਤੇ ਪਈ ਜੋ ਕਿ ਅਨਿੰਨ ਸੇਵਕ, ਬਣ ਕੇ ਓਥੇ ਗੋਇੰਦਵਾਲ ਦੀ ਉਸਾਰੀ ਵਿਚ ਸੇਵਾ ਕਰਦਾ ਅਤੇ ਆਪਣਾ ਨਿਜੀ ਗੁਜ਼ਾਰਾ ਸਵੇਰੇ ਸ਼ਾਮ ਉਬਲੇ ਹੋਏ ਚਣੇ ਵੇਚ ਕੇ ਕਰਦਾ। ਇਸ ਦੀ ਲਗਨ, ਇਸ ਦੀ ਸਰਲਤਾ ਤੇ ਇਸ ਦੀ ਮਨਮੋਹਣੀ ਸ਼ਖਸੀਅਤ ਨੇ ਗੁਰੂ ਅਮਰ ਦਾਸ ਜੀ ਦੇ ਮਨ ਉਤੇ ਐਸਾ ਅਸਰ ਪਾਇਆ ਕਿ ਉਨ੍ਹਾਂ ਨੇ ਇਸ ਨਾਲ ਆਪਣੀ ਹੋਣਹਾਰ ਬੀਬੀ ਭਾਨੀ ਨੂੰ ਪਰਣਾ ਦਿੱਤਾ।

ਜੇਠਾ ਜੀ ਜੁਆਈ ਬਣਕੇ ਅਨਿੰਨ ਸੇਵਕ ਤੇ ਰਹੱਸ-ਅਨੁਰਾਗੀ ਸਿਖ ਬਣ ਕੇ ਰਹੇ। ਉਨ੍ਹਾਂ ਦੀ ਜਮਾਂਦਰੂ ਰਸਿਕ-ਵੈਰਾਗੀ ਰੁਚੀਆਂ ਉਸ ਗਿਆਨ, ਕਲਾ ਤੇ ਸੰਗੀਤ ਦੇ ਵਾਯੂਮੰਡਲ ਅੰਦਰ ਖੇੜੇ ਵਿਚ ਆਈਆਂ ਅਤੇ ਉਨ੍ਹਾਂ ਦੀ ਆਤਮਾ ਜਾਗ ਉਠੀ। ਉਨ੍ਹਾਂ ਨੂੰ ਪਿਆਰ ਸਾਧਨਾਂ ਰਾਹੀਂ ਵਿਗਾਸ ਦਾ ਇਕ ਨੂਰਾਨੀ ਆਲਮ ਪ੍ਰਾਪਤ ਹੋਇਆ।

ਗੁਰੂ ਨਾਨਕ ਤੇ ਗੁਰੂ ਅਮਰਦਾਸ ਜੀ ਦੀ ਕਾਵਿ-ਕਲਾ ਤੇ ਬ੍ਰਹਮ-ਗਿਆਨ ਹੀ ਗੁਰੂ ਰਾਮਦਾਸ ਦੀ ਅਧਿਆਤਮਕ ਵਾਕਫੀਅਤ ਤੇ ਕਾਵਿ-ਅਨੁਭਵ ਦਾ ਮੂਲ ਸੋਮਾ ਸੀ। ਸ਼ੇਖ ਫਰੀਦ ਦੇ ਸਲੋਕਾਂ ਉਤੇ ਗੁਰੂ ਰਾਮਦਾਸ ਜੀ ਦੀ ਟੀਕਾ ਟਿੱਪਣੀ ਦੱਸਦੀ ਹੈ ਕਿ ਉਨ੍ਹਾਂ ਨੇ ਭਗਤਾਂ ਦੀ ਬਾਣੀ ਦਾ ਬੜਾ ਡੂੰਘਾ ਅਧਿਐਨ ਕੀਤਾ। ਨਾਮਦੇਵ, ਜੈਦੇਉ, ਕਬੀਰ, ਤ੍ਰਿਲੋਚਨ, ਰਵਿਦਾਸ, ਸੈਣ, ਧੰਨਾ ਦਾ ਉਚੇਚਾ ਜ਼ਿਕਰ ਉਨ੍ਹਾਂ ਦੀ ਰਚਨਾਂ ਵਿਚ ਆਉਂਦਾ ਹੈ।*

ਗੋਇੰਦਵਾਲ ਉਸ ਸਮੇਂ ਸਚਾਈ ਦੀ ਖੋਜ ਦਾ ਇਕ ਮਹਾਨ ਕੇਂਦਰ ਬਣ ਚੁਕਾ ਸੀ। ਏਥੇ ਗੁਰੂ ਅਮਰਦਾਸ ਦੀ ਦਿਬ ਵਿਅਕਤੀ ਦੇ ਸਥਾਪਤ ਕੀਤੇ ਸਤਸੰਗ ਤੋਂ ਲਾਭ ਪ੍ਰਾਪਤ ਕਰਨ ਲਈ, ਵਿਦਵਾਨ, ਪੰਡਤ, ਕਲਾਕਾਰ, ਸੰਗੀਤ-ਵੇਤਾ, ਸ਼ਿਲਪਕਾਰ ਤੇ ਮੁਸਲਮਾਨ ਫਕੀਰ ਆਦਿ ਇਕੱਠੇ ਹੋਇਆ ਕਰਦੇ ਸਨ ਅਤੇ ਇਹ ਅਨੋਖਾ ਆਸ਼ਰਮ ਇਕ ਨਵਾਂ ਤਕਸ਼ਿਲਾ ਬਣ ਗਿਆ ਸੀ। ਇਸ ਗੁਰਮਤ ਤਕਸ਼ਿਲਾ ਵਿਖੇ ਬ੍ਰਹਿਮ ਗਿਆਨ ਦੇ ਗੁਣਾਂ ਦੇ ਭੌਰੇ ਜੇਠਾ ਜੀ ਨੇ ਹਰ ਕੋਮਲ ਹੁਨਰ ਬੜੀ ਰੀਝ ਨਾਲ ਸਿਖਿਆ। ਗੁਰੂ ਰਾਮਦਾਸ ਜੀ ਆਪ ਲਿਖਦੇ ਹਨ :

**"ਸੰਤ ਸੰਗਤਿ ਸਤਿਗੁਰ ਚਟਸਾਲ ਹੈ ਜਿਤ ਹਰ ਗੁਣ ਸਿਖਾ।"**

ਇਸ ਚਟਸਾਲ ਦੇ ਵਿਚ ਉਨ੍ਹਾਂ ਨੇ ਸਾਹਿਤ, ਸੰਗੀਤ, ਸਹਿਜ ਜੋਗ, ਤੇ ਪ੍ਰਚਲਤ ਮਤ ਮਤਾਂਤਰਾਂ ਦੀ ਪੂਰੀ ਦਾਰਸ਼ਨਿਕ ਜਾਣਕਾਰੀ ਵੀ ਪ੍ਰਾਪਤ ਕੀਤੀ।

ਵੀਹ-ਬਾਈ ਵਰ੍ਹੇ ਦੀ ਗਿਆਨ ਪ੍ਰਾਪਤੀ ਦੇ ਜਤਨ ਇਕ ਬੜੀ ਲੰਬੀ ਤਪਸਿਆ ਤੇ ਨਿਧਿਆਸਨ (spiritual discipline) ਸਨ। ਛੰਦ ਸ਼ਾਸਤ੍ਰ ਦਾ ਅਧਿਐਨ ਕਰ ਕੇ ਉਨ੍ਹਾਂ ਨੇ ਕਈ ਭੇਦ ਸਿਖੇ ਅਤੇ ਆਪਣੀ ਕਵਿਤਾ ਵਿਚ ਰਚਨਾਂ ਦੇ ਸਾਰੇ ਤੱਤ ਰਖਦਿਆਂ ਹੋਇਆਂ ਛੰਦ-ਨਿਯਮਾਂ ਅਨਕੂਲ ਤੇ ਨਿਯਮਾਂ ਤੋਂ ਸੁਤੰਤਰ ਵੀ ਕਵਿਤਾ ਲਿਖੀ।

---

*ਨਾਮਾ, ਜੈਦੇਉ, ਕਬੀਰ, ਤ੍ਰਿਲੋਚਨ ਅਉ ਜਾਤਿ ਰਵਿਦਾਸ ਚਮਿਆਰੁ ਚਮਈਆ।
ਜੋ ਜੋ ਮਿਲੈ ਸਾਧੂ ਜਨ ਸੰਗੀਤ ਨ ਧੰਧੰਨਾ ਜਟੁ ਸੈਣ ਮਿਲਿਆ ਹਰਿ ਦਈਆ। ਮ: 4

Digitized by Panjab Digital Library | www.panjabdigilib.org

ਅਕਬਰ ਦੇ ਦਰਬਾਰ ਵਿਚ ਗੁਰਮਤਿ ਸਿਧਾਂਤਾਂ ਦੀ ਵਿਸ਼ੇਸ਼ਤਾ ਦਸਣ ਲਈ ਜੇਠਾ ਜੀ ਨੂੰ ਭੇਜਿਆ ਜਾਣਾ ਸਪੱਸ਼ਟ ਕਰਦਾ ਹੈ ਕਿ ਗੁਰੂ ਰਾਮਦਾਸ ਬੜੇ ਪ੍ਰਬੀਨ ਦਰਸ਼ਨ ਵੇਤਾ ਤੇ ਉਤਮ ਵਕਤਾ ਵੀ ਸਨ। ਉਨ੍ਹਾਂ ਵਿਚ ਇਕ ਕਵੀ ਤੇ ਆਤਮ ਵਾਦੀ ਹੋਣ ਦੇ ਇਲਾਵਾ ਸੁਕਰਾਤ ਤੇ ਪਲੈਟੋ (Plato) ਵਾਲੀਆਂ ਖੂਬੀਆਂ ਵੀ ਸਨ ਜਿਨ੍ਹਾਂ ਦੇ ਸਦਕੇ ਉਨ੍ਹਾਂ ਨੇ ਸਿਖ ਧਰਮ ਉਤੇ ਕਿੰਤੂ ਕਰਨ ਵਾਲਿਆਂ ਦੇ ਪ੍ਰਸ਼ਨਾਂ ਦਾ ਉਤਰ ਦਿਤਾ ਅਤੇ ਤੁਲਨਾਤਮਕ ਵਿਚਾਰ ਦੇ ਕੇ ਗੁਰੂ ਨਾਨਕ ਦੇ ਫ਼ਲਸਫ਼ੇ ਦੀ ਵਿਸ਼ੇਸ਼ਤਾ ਦਸੀ।* ਸਭ ਤੋਂ ਪਹਿਲਾਂ ਪ੍ਰਸ਼ਨ ਜੋ ਇਨ੍ਹਾਂ ਤੋਂ ਪਛਿਆ ਗਿਆ ਉਹ ਸੀ ਕਿ ਸਿਖ ਗਾਇਤ੍ਰੀ ਕਿਉਂ ਨਹੀਂ ਪੜ੍ਹਦੇ ਅਤੇ ਇਨ੍ਹਾਂ ਦੇ ਪ੍ਰਚਲਤ ਕੀਤੇ ਓਅੰਕਾਰ ਸਿਧਾਂਤ ਦਾ ਕੀ ਫਰਕ ਹੈ?

ਬਹੁਤ ਸਾਰੀ ਗੁਰੂ ਰਾਮਦਾਸ ਦੀ ਰਚਨਾ ਗੁਰੂ ਨਾਨਕ ਦੀ ਕਠਿਨ ਬਾਣੀ ਦੀ ਵਿਸਥਾਰ ਵਿਆਖਿਆ ਹੈ। ਵਾਰ ਕਾਨੜਾ ਵਿਚ ਪਉੜੀ 6, 7, 8, ਜਪੁਜੀ ਸਾਹਿਬ ਦੀਆਂ, "ਸੁਣਿਆਂ" ਦੀਆਂ ਪਉੜੀਆਂ ਦਾ ਰਸਾਤਮਕ ਟੀਕਾ ਹੈ। ਪਉੜੀਆਂ 9, 10, 11, 12, "ਮੰਨੀਐ" ਦੀਆਂ ਪਉੜੀਆਂ ਦੀ ਵਿਆਖਿਆ ਹੈ।

ਸਿਧ, ਗੁਰੂ ਨਾਨਕ ਨੂੰ ਜਦ ਪੁਛਦੇ ਹਨ: "ਮੈਣ ਕੇ ਦੰਤ ਕਿਉ ਖਾਈਐ ਸਾਰੁ।" ਤਾਂ ਗੁਰੂ ਨਾਨਕ ਜੀ ਉਤਰ ਦਿੰਦੇ ਹਨ, "ਸਬਦ ਕਮਾਈਐ ਖਾਈਐ ਸਾਰ" (ਸਿਧ ਗੋਸ਼ਟ 45) ਗੁਰੂ ਰਾਮਦਾਸ ਜੀ ਵਿਆਖਿਆ ਕਰਦੇ ਹੋਏ ਲਿਖਦੇ ਹਨ:

"ਮੈਨ ਦੰਤ ਨਿਕਸੇ ਗੁਰਬਚਨੀ
**ਸਾਰ ਚਬਿ ਚਬਿ ਹਰਿ ਰਸ ਪੀਜੈ। [ਕਲਿਆਣ ਮ: 4, 1324]**

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਗੁਰੂ ਰਾਮਦਾਸ ਨੇ ਆਪਣੇ ਬਜ਼ੁਰਗਾਂ ਦੀਆਂ ਰਚਨਾਵਾਂ ਦਾ ਬੜਾ ਵਿਚਾਰਸ਼ੀਲ ਵਿਸ਼ਲੇਸ਼ਨ ਕੀਤਾ। ਗੁਰੂ ਰਾਮਦਾਸ ਦੀਆਂ ਅਠ ਵਾਰਾਂ ਵਿਚ ਸਾਨੂੰ ਗੁਰੂ ਨਾਨਕ ਦੀਆਂ ਤਿੰਨੋ ਹੀ ਵਾਰਾਂ ਦੀ ਪੂਰਨ ਭਾਵਾਰਥ ਵਿਆਖਿਆ ਮਿਲ ਜਾਂਦੀ ਹੈ। ਸ੍ਰੀ ਰਾਗ ਦੀ ਵਾਰ ਤੇ ਮਾਝ ਦੀ ਵਾਰ ਦੀਆਂ ਪਹਿਲੀਆਂ ਪਉੜੀਆਂ ਦਾ ਟਾਕਰਾ ਕਰੀਏ ਤਾਂ ਪਤਾ ਲਗਦਾ

---

*The Guru replied, "I am too old to go anywhere. My son Mohan is absorbed in divine meditation and my other son Mohri says he has never seen a court............The Guru instructed Jetha : Thou art in mine image, Guru Nanak will be with thee, and none shall prevail against thee."

Macauliffe : The Sikh Religion, Vol. II, Page 107

*ਚਾਰਹੁ ਬੇਦ ਭੇਦ ਕੋ ਪਾਵਹਿ।
ਖਟ ਸ਼ਾਸਤ੍ਰ ਵਕਤਾ ਹੋਇ ਜਾਵਹਿ।
ਅਪਰ ਜਿ ਉਕਤਿ ਜੁਗਤ ਸਭ ਹੋਇ।
ਸਾਰ ਪੁਰਾਨਨ ਕੋ ਲਖਿ ਸੋਇ। [ਸੂਰਜ ਪ੍ਰਕਾਸ਼, ਰਾਸ਼ਿ ਅੰਸ 44]

Digitized by Panjab Digital Library | www.panjabdigilib.org

ਹੈ ਕਿ ਗੁਰੂ ਰਾਮਦਾਸ ਦੀ ਕਾਵਿ ਕਲਾ ਗੁਰੂ ਨਾਨਕ ਦੀ ਅਦੁਤੀ ਪ੍ਰਤਿਭਾ ਦੇ ਕਿਤਨੀ ਨੇੜੇ ਅਪੜ ਗਈ ਸੀ ।

| ਗੁਰੂ ਨਾਨਕ | ਗੁਰੂ ਰਾਮਦਾਸ |
|---|---|
| ਹਉ ਢਾਢੀ ਵੇਕਾਰੁ ਕਾਰੇ ਲਾਇਆ ... | ਹਉ ਢਾਢੀ ਹਰਿ ਪ੍ਰਭ ਖਸਮ ਕਾ ਹਰਿ ਕੇ ਦਰ ਆਇਆ । |
| ਰਾਤਿ ਦਿਹੈ ਕੈ, ਵਾਰ ਧੁਰਹੁ ਫੁਰਮਾਇਆ | ਹਰਿ ਅੰਦਰ ਸੁਣੀ ਪੁਕਾਰ, ਢਾਢੀ ਮੁਖ ਲਾਇਆ । |
| ਢਾਢੀ ਸਚੈ ਮਹਲਿ ਖਸਮਿ ਬੁਲਾਇਆ | ਹਰਿ ਪੁਛਿਆ ਢਾਢੀ ਸਦਿਕੇ ਕਿਤ ਅਰਥ ਤੂੰ ਆਇਆ । |
| ਸਚੀ ਸਿਫਤਿ ਸਾਲਾਹ ਕਪੜਾ ਪਾਇਆ | ਨਿਤ ਦੇਵਹੁ ਦਾਨ ਦਇਆਲ ਪ੍ਰਭ ਹਰ ਨਾਮ ਧਿਆਇਆ । |
| ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ ।... | ਹਰਿ ਦਾਤੈ ਹਰਿ ਨਾਮ ਜਪਾਇਆ ਨਾਨਕ ਪੈਨਾਇਆ । |

ਸਹਿਤ ਤੇ ਅਧਿਆਤਮਵਾਦ ਤੋਂ ਇਲਾਵਾ ਗੁਰੂ ਰਾਮਦਾਸ ਨੇ ਰਾਗਾਂ ਦੇ ਵਿਚ ਇਕ ਬੇਮਿਸਾਲ ਪਰਿਪੂਰਣਤਾ ਪ੍ਰਾਪਤ ਕੀਤੀ । ਰਾਗ-ਰਸ ਆਪਦੀ ਰਚਨਾ ਦਾ ਪ੍ਰਧਾਨ ਅੰਗ ਹੈ । ਜੈਦੇਵ ਨੇ ਆਪਣੀ 'ਗੀਤ-ਗੋਬਿੰਦ' ਦਸ ਰਾਗਾਂ ਵਿਚ ਰਚੀ : ਮਾਲਵਾ, ਗੁਜਰੀ, ਬਸੰਤ, ਰਾਮਗਿਰੀ, ਮਾਲਵਗੌੜ ਕਰਨਾਟ, ਦੇਸ਼ਾਗਾ, ਦੇਸ਼ਾਵਰਦੀ ਤੇ ਗੋਂਡ । ਵਿਦਿਆਪਤੀ ਤੇ ਚੰਡੀਦਾਸ ਨੇ ਆਪਣੀਆਂ ਰਚਨਾਵਾਂ ਪੰਦਰਾਂ ਰਾਗਾਂ ਵਿਚ ਅੰਕਤਿ ਕੀਤੀਆਂ : ਜੈਤਸਿਰੀ, ਕਮੋਦ, ਸਿੰਧੂੜਾ, ਧਾਨਸ਼ੀ, ਗੰਧਾਰੀ, ਬਰਾੜੀ, ਕਾਨੜਾ, ਆਸਾਵਰੀ, ਜੈਸਿਰੀ, ਨਟ ਨਰਾਇਣ, ਸੂਹੀ, ਸ੍ਰੀ ਰਾਗ, ਰਾਮਕਲੀ ਗੌੜੀ, ਸਾਰੰਗ । ਗੁਰੂ ਨਾਨਕ ਤੇ ਗੁਰੂ ਅਮਰਦਾਸ ਨੇ 19 ਰਾਗਾਂ ਵਿਚ ਬਾਣੀ ਰਚੀ : ਸ੍ਰੀ ਰਾਗ, ਮਾਝ, ਗਉੜੀ, ਆਸਾ, ਗੂਜਰੀ, ਬਿਹਾਗੜਾ, ਵਡਹੰਸ, ਸੋਰਠ, ਧਨਾਸਰੀ, ਤਿਲੰਗ, ਸੂਹੀ, ਬਿਲਾਵਲ, ਰਾਮਕਲੀ, ਮਾਰੂ, ਤੁਖਾਰੀ, ਬਸੰਤ, ਸਾਰੰਗ, ਮਲਾਰ, ਤੇ ਪ੍ਰਭਾਤੀ । ਗੁਰੂ ਰਾਮਦਾਸ ਜੀ ਨੇ ਇਨ੍ਹਾਂ 19 ਰਾਗਾਂ ਤੋਂ ਇਲਾਵਾ ਗਿਆਰਾਂ ਹੋਰ ਰਾਗਾਂ ਵਿਚ ਬਾਣੀ ਰਚੀ : ਦੇਵ ਗੰਧਾਰੀ, ਜੈਤਸਰੀ, ਟੋਡੀ, ਬੈਰਾੜੀ, ਗੋਂਡ, ਨਟ ਨਾਰਾਇਣ, ਮਾਲੀ ਗਉੜਾ, ਕੇਦਾਰਾ, ਕਾਨੜਾ ਤੇ ਕਲਿਆਣ । ਕੁਲ ਤੀਹ ਰਾਗਾਂ ਵਿਚ ਆਪ ਨੇ ਨਿਪੁੰਨਤਾ ਪ੍ਰਾਪਤ ਕਰਕੇ ਇਨ੍ਹਾਂ ਵਿਚ ਅਨੇਕਾਂ ਰਸੀਲੇ ਛੰਦ ਰਚੇ । ਆਪ ਤੋਂ ਪਹਿਲਾਂ ਭਾਰਤ ਦੇ ਕਿਸੇ ਕਵੀ ਨੇ ਇਤਨੇ ਰਾਗਾਂ ਵਿਚ ਬਾਣੀ ਨਹੀਂ ਰਚੀ ।

'ਰਾਗ' ਸ਼ਬਦ 'ਰੰਗ' ਤੋਂ ਬਣਿਆ ਹੈ । "ਰੰਗਿਯਤੀ ਇਤ ਰਾਗਾ" ! ਰਾਗ ਉਹ ਜੋ ਮਨ ਨੂੰ

Digitized by Panjab Digital Library | www.panjabdigilib.org

ਰੰਗ ਚਾੜ੍ਹੇ । ਰੰਗ ਤਾਂ ਭਾਵ ਹੈ ਅਨੰਦ, ਪ੍ਰੇਮ ਰਸ ਤੇ ਉਲਾਸ ।* ਕਵਿਤਾ ਵਿਚ ਰਾਗ ਤੇ ਰਾਗਾਂ ਵਿਚ ਕਵਿਤਾ, ਇੰਝ ਢਾਲਣੀ ਕਿ ਗੀਤ ਉਚ ਦਰਜੇ ਦੀ ਕਵਿਤਾ ਹੋਵੇ ਅਤੇ ਹਰ ਕਵਿਤਾ ਗਾਈ ਜਾ ਸਕੇ ਇਕ ਐਸਾ ਕਲਾ ਤੇ ਪ੍ਰਭਿਤਾ ਦਾ ਕ੍ਰਿਸ਼ਮਾਂ ਹੈ ਜਿਸਦੀ ਮਿਸਾਲ ਸਾਡੇ ਅਧੁਨਿਕ ਸਾਹਿਤ ਵਿਚ ਬਹੁਤ ਘਟ ਮਿਲਦੀ ਹੈ । ਇਨ੍ਹਾਂ ਸਭ ਵਿਚਾਰਾਂ ਤੋਂ ਸਪਸ਼ਟ ਹੋ ਜਾਂਦਾ ਹੈ ਕਿ ਗੁਰੂ ਰਾਮਦਾਸ ਨੇ ਅਪਣੇ ਸਮੇਂ ਦੇ ਸਾਰੇ ਹੀ ਸਾਹਿਤਕ, ਦਾਰਸ਼ਨਿਕ ਤੇ ਕਲਾਤ-ਮਿਕ ਪ੍ਰਭਾਵ ਅਪਣਾਏ, ਅਤੇ ਉਨ੍ਹਾਂ ਵਿਚ ਕਈ ਪਰਕਾਰ ਦਾ ਵਾਧਾ ਵੀ ਕੀਤਾ ।

## ਰਚਨਾਵਾਂ ਦਾ ਵੇਰਵਾ

ਸਾਢੇ ਛੇ ਸਾਲਾਂ ਦੇ ਅਤਿ ਹੀ ਥੋੜੇ ਸਮੇਂ ਵਿਚ ਗੁਰੂ ਸਾਹਿਬ ਨੇ ਪੰਜਾਬੀ ਸਾਹਿਤ ਨੂੰ 679 ਸ਼ਬਦ ਦਿਤੇ, ਜਿਨ੍ਹਾਂ ਵਿਚ ਦੋ ਹਜ਼ਾਰ ਤੋਂ ਉਪਰ ਛੰਦਾਂ ਦੀ ਗਿਣਤੀ ਹੈ । ਇਨ੍ਹਾਂ ਵਿਚ ਸਾਨੂੰ ਅਨੇਕ ਪ੍ਰਕਾਰ ਦੇ ਤੇ ਅਨੇਕ ਭਾਵਾਂ ਦੇ ਛੰਦ ਮਿਲਦੇ ਹਨ, ਜਿਨ੍ਹਾਂ ਦਾ ਪੂਰਾ ਵਿਸਲੇਸ਼ਨ ਕਈ ਪੁਸਤਕਾਂ ਦਾ ਵਿਸ਼ਾ ਬਣ ਸਕਦਾ ਹੈ । ਗੁਰੂ ਨਾਨਕ ਦਾ ਸਿਰਜਨ-ਕਾਲ (creative period) ਅਸੀਂ 40 ਵਰ੍ਹੇ ਲਈਏ ਤਾਂ ਉਨ੍ਹਾ ਨੇ ਸਾਲ ਵਿਚ ਔਸਤਨ 25 ਸ਼ਬਦਾਂ ਦੀ ਰਚਨਾ ਕੀਤੀ, ਗੁਰੂ ਅਮਰਦਾਸ ਨੇ ਸਾਲ ਵਿਚ 42 ਸ਼ਬਦ ਰਚੇ, ਗੁਰੂ ਅਰਜਨ ਨੇ 73 ਸ਼ਬਦ ਤੇ ਗੁਰੂ ਰਾਮਦਾਸ ਨੇ 111 ਸ਼ਬਦ ਰਚੇ ।

---

*A rags is generally mistranslated as tune air or key. It is, in fact, a pecul ar conception having no exact parallel in any other system of music. Literally, raga is something that colours or tinges the mind with some definite feeling......a Wave of passion or emotion. Rangyati it ragah: that which colours is raga.

(O C. Gangoly : Ragas and Raginis)

What is a raga. It is an atmosphere, a musical colouring. This colouring is associated with a mood of feeling and sentiment. It is often also associated with the time of the day.

(Philippe Sterne : Le Musique Hindoue

Digitized by Panjab Digital Library | www.panjabdigilib.org

| | | ਦੁਪਦੇ | ਤਿਪਦੇ | ਚਉਪਦੇ | ਪੰਚਪਦੇ | ਛਿਪਦੇ | ਅਸ਼ਟਪਦੀਆਂ | ਕਾਫ਼ੀਆਂ | ਪੜਤਾਲ | ਛੰਤ | ਪਹਿਰੇ | ਵਣਜਾਰਾਂ | ਕਰਹਲੇ | ਘੋੜੀਆਂ | ਸੋਲਹੇ | ਪਉੜੀਆਂ | ਸਲੋਕ | ਜੋੜ |
|---|---|---|---|---|---|---|---|---|---|---|---|---|---|---|---|---|---|---|
| 1. | ਸ੍ਰੀ ਰਾਗ | ... | ... | 6 | ... | ... | ... | ... | ... | 1 | 1 | 1 | ... | ... | ... | 21 | ... | 30 |
| 2. | ਮਾਝ | ... | ... | 7 | ... | ... | 1 | ... | ... | ... | ... | ... | ... | ... | ... | ... | 2 | 10 |
| 3. | ਗਉੜੀ | ... | ... | 30 | 2 | ... | ... | ... | ... | ... | ... | ... | 2 | ... | ... | 28 | 43 | 115 |
| 4. | ਆਸਾ | 2 | ... | 11 | 1 | ... | ... | 2 | ... | 14 | ... | ... | ... | ... | ... | ... | ... | 30 |
| 5. | ਗੁਜਰੀ | ... | ... | 6 | 1 | ... | 1 | ... | ... | ... | ... | ... | ... | ... | ... | ... | ... | 8 |
| 6. | ਦੇਵ-ਗੰਧਾਰੀ | 6 | ... | ... | ... | ... | ... | ... | ... | ... | ... | ... | ... | ... | ... | ... | ... | 6 |
| 7. | ਬਿਹਾਰੜ | ... | ... | ... | ... | ... | ... | ... | ... | 6 | ... | ... | ... | ... | ... | 21 | 2 | 29 |
| 8. | ਵਡਹੰਸ | ... | ... | 1 | 1 | 1 | ... | ... | ... | 4 | ... | ... | ... | 2 | ... | 21 | ... | 30 |

Digitized by Panjab Digital Library | www.panjabdigilib.org

| | | ਦੁਪਦੇ | ਤਿਪਦੇ | ਚਉਪਦੇ | ਪੰਚਪਦੇ | ਛਿਪਦੇ | ਅਸ਼ਟਪਦੀਆਂ | ਕਾਫੀਆਂ | ਪੜਤਾਲ | ਛੰਤ | ਪਹਿਰੇ | ਵਣਜਾਰਾ | ਕਰਹਲੇ | ਘੋੜੀਆਂ | ਸੋਲਹੇ | ਪਤੁੜੀਆਂ | ਸਲੋਕ | ਜੋੜ |
|---|---|---|---|---|---|---|---|---|---|---|---|---|---|---|---|---|---|---|
| 9. | ਸੋਰਠ | ... | ... | 8 | 1 | ... | ... | ... | ... | ... | ... | ... | ... | ... | ... | 29 | 7 | 45 |
| 10. | ਧਨਾਸਰੀ | 6 | ... | 7 | ... | ... | ... | ... | ... | 1 | ... | ... | ... | ... | ... | ... | ... | 14 |
| 11. | ਜੈਤਸਰੀ | ... | ... | 11 | ... | ... | ... | ... | ... | ... | ... | ... | ... | ... | ... | ... | ... | 11 |
| 12. | ਟੋਡੀ | ... | ... | 1 | ... | ... | ... | ... | ... | ... | ... | ... | ... | ... | ... | ... | ... | 1 |
| 13. | ਬੈਰਾੜੀ | 6 | ... | ... | ... | ... | ... | ... | ... | ... | ... | ... | ... | ... | ... | ... | ... | 6 |
| 14. | ਤਿਲੰਗ | 2 | ... | ... | ... | ... | ... | ... | ... | ... | ... | ... | ... | ... | ... | ... | ... | 2 |
| 15. | ਸੂਹੀ | ... | ... | 14 | ... | 1 | 2 | ... | ... | 6 | ... | ... | ... | ... | ... | ... | ... | 23 |
| 16. | ਬਿਲਾਵਲ | ... | ... | 6 | ... | ... | 6 | ... | 1 | 2 | ... | ... | ... | ... | ... | 13 | 2 | 30 |
| 17. | ਗੋਂਡ | ... | ... | 6 | ... | ... | ... | ... | ... | ... | ... | ... | ... | ... | ... | ... | ... | 6 |

Digitized by Panjab Digital Library / www.panjabdigilib.org

| | | ਦੁਪਦੇ | ਤਿਪਦੇ | ਚਉਪਦੇ | ਪੰਚਪਦੇ | ਛਿਪਦੇ | ਅਸ਼ਟਪਦੀਆਂ | ਕਾਫ਼ੀਆਂ | ਪੜਤਾਲ | ਛੰਤ | ਪਹਿਰੇ | ਵਣਜਾਰਾਂ | ਕਰਹਲੇ | ਘੋੜੀਆਂ | ਸੋਲਹੇ | ਪਉੜੀਆਂ | ਸਲੋਕ | ਜੋੜ |
|---|---|---|---|---|---|---|---|---|---|---|---|---|---|---|---|---|---|---|
| 18. | ਰਾਮਕਲੀ | ... | ... | 5 | 1 | ... | ... | ... | ... | ... | ... | ... | ... | ... | ... | ... | ... | 6 |
| 19. | ਨਟ ਨਾਰਾਇਣ | ... | ... | 6 | ... | ... | 6 | ... | 3 | ... | ... | ... | ... | ... | ... | ... | ... | 15 |
| 20. | ਮਾਲੀ ਗਉੜਾ | ... | ... | 6 | 2 | ... | ... | ... | ... | ... | ... | ... | ... | ... | ... | ... | ... | 6 |
| 21. | ਮਾਰੂ | ... | ... | 6 | 2 | ... | ... | ... | ... | ... | ... | ... | ... | ... | 2 | ... | 4 | 14 |
| 22. | ਤੁਖਾਰੀ | ... | ... | ... | ... | ... | ... | ... | ... | 4 | ... | ... | ... | ... | ... | ... | ... | 4 |
| 23. | ਕੇਦਾਰਾ | 1 | ... | 1 | ... | ... | ... | ... | ... | ... | ... | ... | ... | ... | ... | ... | ... | 2 |
| 24. | ਭੈਰਉ | ... | ... | 7 | ... | ... | ... | ... | ... | ... | ... | ... | ... | ... | ... | ... | ... | 7 |
| 25. | ਬਸੰਤ | ... | ... | 7 | ... | ... | 1 | ... | ... | ... | ... | ... | ... | ... | ... | ... | ... | 8 |
| 26. | ਸਾਰੰਗ | 7 | ... | 4 | 2 | ... | 2 | ... | ... | ... | ... | ... | ... | ... | ... | 35 | 6 | 56 |

Digitized by Panjab Digital Library / www.panjabdigilib.org

| | ਦੁਪਦੇ | ਤਿਪਦੇ | ਚਉਪਦੇ | ਪੰਚਪਦੇ | ਛਿਪਦੇ | ਅਸ਼ਟਪਦੀਆਂ | ਕਾਫੀਆਂ | ਪੜਤਾਲ | ਛੰਤ | ਪਹਿਰੇ | ਵਣਜਰਾਂ | ਕਰਹਲੇ | ਘੋੜੀਆਂ | ਸੋਲਹੇ | ਪਉੜੀਆਂ | ਸਲੋਕ | ਜੋੜ |
|---|---|---|---|---|---|---|---|---|---|---|---|---|---|---|---|---|---|
| 27. ਮਲਾਰ ... | ... | ... | 6 | 1 | ... | ... | ... | 2 | ... | ... | ... | ... | ... | ... | ... | ... | 9 |
| 28. ਕਾਨੜਾ ... | ... | ... | 6 | ... | ... | 6 | ... | 6 | ... | ... | ... | ... | ... | ... | 15 | 30 | 63 |
| 29. ਕਲਿਆਣ ... | 1 | 6 | ... | ... | ... | 6 | ... | ... | ... | ... | ... | ... | ... | ... | ... | ... | 13 |
| 30. ਪ੍ਰਭਾਤੀ ... | ... | ... | 6 | ... | ... | ... | ... | 1 | ... | ... | ... | ... | ... | ... | ... | ... | 7 |
| 31. ਵਧੀਕ ਸਲੋਕ ... | ... | ... | ... | ... | ... | ... | ... | ... | ... | ... | ... | ... | ... | ... | ... | 30 | 30 |

Digitized by Panjab Digital Library | www.panjabdigilib.org

## ਗੁਰੂ ਰਾਮਦਾਸ ਦਾ ਸਾਹਿਤਕ ਦਾਰਸ਼ਨਿਕ ਦ੍ਰਿਸ਼ਟੀਕੋਣ

ਗੁਰੂ ਰਾਮਦਾਸ ਦੀ ਕਵਿਤਾ ਸਮਝਣ ਲਈ ਉਨ੍ਹਾਂ ਦਾ ਦਾਸ਼ਨਿਕ ਤੇ ਸਾਹਿਤਕ ਦਿਸ਼ਟੀਕੋਣ ਸਮਝਣਾ ਜ਼ਰੂਰੀ ਹੈ। ਉਨ੍ਹਾਂ ਦਾ ਦਾਰਸਨਿਕ ਦ੍ਰਿਸ਼ਟੀਕੋਣ ਨਾਲ ਹੀ ਸੰਬੰਧਤ ਉਨ੍ਹਾਂ ਦਾ ਸਮਾਜਕ ਤੇ ਰਾਜਨੀਤਕ ਦਿਸ਼ਟੀਕੋਣ ਹੈ। ਉਨ੍ਹਾਂ ਦਾ ਦਾਰਸ਼ਨਿਕ ਦ੍ਰਿਸ਼ਟੀਕੋਣ ਇਕ ਨਵੀਂ ਰੂਪ ਰੇਖਾ ਵਾਲਾ ਰਹਸਵਾਦ ਸੀ। ਉਨ੍ਹਾਂ ਦਾ ਸਾਹਿਤਕ ਦ੍ਰਿਸ਼ਟੀਕੋਣ ਸੀ "ਕਲਾ ਜੀਵਨ ਅਨੁਭਵ ਤੇ ਜੀਵਨ ਉਸਾਰੀ ਲਈ।" ਉਨ੍ਹਾਂ ਦਾ ਰਾਜਨੀਤਕ ਤੇ ਸਮਾਜਕ ਦ੍ਰਿਸ਼ਟੀਕੋਣ 'ਆਤਮਕ-ਚੇਤਨਾ ਉਤੇ ਨਿਰਭਰ ਮਨੁਖਵਾਦ (Spiritual humanism) ਅਤੇ ਸ਼ਾਂਤੀਵਾਲਤਾ ਸੀ।"

## ਦਾਰਸ਼ਨਿਕ ਦ੍ਰਿਸ਼ਟੀਕੋਣ ਗੁਰਮਤ ਰਹੱਸਵਾਦ

"ਗੁਰੂ ਸਾਹਿਬ ਦਾ ਰਹੱਸਵਾਦ ਮਹਿਜ ਕਲਪਨਾਤਮਿਕ ਵਿਚਾਰ ਮਗਨਤਾ (metaphysical abstraction) ਨਹੀਂ। ਨਾ ਹੀ ਇਹ ਅਨਿਸਚਿਤ ਹੋਂਦ ਵਾਲਾ ਸਰੂਰ ਤੇ ਹਸਤੀ-ਹੀਨ ਸੁੰਨ (void) ਲਈ ਤਾਂਘ ਹੈ। ਇਹ ਇਕ ਯਥਾਰਥ ਅਖੀਂ ਡਿਠਾ, ਮਨ, ਦਿਲ ਤੇ ਆਤਮਾ ਨਾਲ ਮਾਣਿਆ ਜਾ ਸਕਣ ਵਾਲਾ ਤਜਰਬਾ ਹੈ।

**ਜਿਉ ਪਸਰੀ ਸੂਰਜ ਕਿਰਣ ਜੋਤਿ।**
**ਤਿਉ ਘਟਿ ਘਟਿ ਰਮਈਆ ਓਤਪੋਤ।**

ਮ: 4. 5 : 1177

**ਕਾਸ਼ਟ ਮਹਿ ਜਿਉ ਹੈ ਬੈਸੰਤਰ ਮਥਿ ਸੰਜਮਿ ਕਾਢਿ ਕਢੀਜੈ।**
**ਰਾਮਨਾਮ ਹੈ ਜੋਤਿ ਸਬਾਈ, ਤਤ ਗੁਰਮਿਤ ਕਾਢਿ ਲਈਜੈ।**

ਮ: 4

ਗੁਰੂ ਸਾਹਿਬ ਆਪਣੇ ਰਹੱਸਵਾਦੀ ਅਨੁਭਵ ਬਾਰੇ ਇਕ ਯਥਾਰਥ ਸਚਾਈ ਦਸਦੇ ਹਨ : "ਜੇਹਾ ਡਿਠਾ ਮੈਂ ਤੇਹੋ ਕਹਿਆ। ਤਿਸੁ ਰਸੁ ਆਇਆ ਜਿਨਿ ਭੇਦ ਲਹਿਆ।" ਉਨ੍ਹਾਂ ਦਾ ਰੱਬ ਅਲੇਖ, ਅਭੇਖ ਤੇ ਅਗਾਧ ਹੁੰਦਿਆਂ ਵੀ ਅਦਿੱਖ ਨਹੀਂ। ਓਹ ਹਰ ਥਾਂ ਪਸਰੀ ਸਰਜ ਕਿਰਣ ਵਾਂਗ ਸਾਰੀ ਸ੍ਰਿਸ਼ਟੀ ਸਾਰੀ ਮਾਨਵ ਜਾਤੀ ਵਿਚ ਵਿਆਪਕ ਹੈ : ਪਰ ਆਤਮ ਸਾਧਨ ਤੇ ਸੰਜਮ ਨਾਲ ਓਹ ਇਉਂ ਪ੍ਰਾਪਤ ਹੋ ਜਾਂਦਾ ਹੈ ਜਿਵੇਂ ਲੱਕੜੀ ਵਿਚੋਂ ਅੱਗ। ਰਹੱਸਵਾਦ ਉਹ ਅਮੋਲਿਕ ਵਸਤੂ ਹੈ ਜਿਸ ਨੂੰ ਪਾ ਕੇ ਸਾਕਿਆ ਕੁਲ ਦਾ ਸਹਿਜ਼ਾਦਾ, ਬੁਧ ਹੋ ਗਿਆ, ਜਿਸ ਨੂੰ ਪਾ ਕੇ ਜੁਲਾਹੇ ਚਮਾਰ, ਚੰਡਾਲ, ਬ੍ਰਾਹਮਣਾਂ ਤੋਂ ਭੀ ਸ੍ਰੇਸ਼ਟ ਹੋ ਗਏ, ਜਿਸ ਨੂੰ ਪਾ ਕੇ ਇਕ ਤਰਖਾਣ ਦਾ ਪੁੱਤਰ ਅੱਧੇ ਸੰਸਾਰ ਦਾ ਇਸ਼ਟ ਦੇਵ ਬਣ ਗਿਆ, ਜਿਸਦੇ ਮਹੱਤਵ ਨਾਲ ਇਕ ਊਠ ਲੱਦਣ ਵਾਲੇ ਚਾਕਰ ਨੇ ਅੱਧੀ ਧਰਤੀ ਨੂੰ ਆਪਣੀ ਸ਼ਕਤੀ ਤੇ ਸਿਧਾਂਤ ਨਾਲ ਹਲੂਣ ਦਿਤਾ।

ਰਹੱਸਵਾਦ ਦਾ ਵਿਰੋਧੀ ਪੱਖ ਹੈ, ਪਦਾਰਥਵਾਦ ਜਾਂ ਭੌਤਕਵਾਦ। ਇਸ ਸਿਧਾਂਤ ਦੇ ਦਾਅਵੇਦਾਰਾਂ ਦੀ ਉਦੋਂ ਵੀ ਘਾਟ ਨਹੀਂ ਸੀ। ਗੁਰੂ ਸਾਹਿਬ ਨੇ ਇਨ੍ਹਾਂ ਨੂੰ ਦੁਰਜਨ, ਮਨਮੁਖ, ਸਾਕਤ, ਬਿਗੜ ਰੂਪ ਬੇਰਕਟੀ, ਅਗਿਆਨੀ, ਦੂਜੇ ਭਾਇ ਪਿਆਰ ਵਾਲੇ, ਸੁਆਦਗੀਰ, ਮੁਗਧ ਆਖਿਆ। ਇਨ੍ਹਾਂ ਸ਼ਬਦਾਂ ਰਾਹੀਂ ਉਨ੍ਹਾਂ ਨੇ ਪਦ ਰਥਵਾਦੀਆਂ ਦੀ ਮਾਨਸਕ ਰੁਚੀ ਚਿਤਰੀ ਹੈ। ਇਸ ਮਾਨਸਕ ਰੁਚੀ ਤੋਂ ਰਹੱਸਵਾਦ ਦੀ ਸੂਝ ਦੀ ਆਸ ਰਖਣੀ ਭੁੱਲ ਹੈ। ਰਹੱਸਵਾਦ ਦੀ ਨਿੰਦਿਆ ਵਿਚ ਉਹ

Digitized by Panjab Digital Library | www.panjabdigilib.org

"ਨਿਤ ਝਈਆਂ ਪਾਏ ਝਗੂ ਸੁਟੇ, ਝਖਦਾ ਝਖਦਾ ਝੱੜ ਪਇਆ" ਵਾਲਾ ਵਤੀਰਾ ਰਖਦੇ ਹਨ। ਜਿਸ ਦੀਆਂ ਅੱਖੀਆਂ ਨਹੀਂ, ਉਹ ਰੋਸ਼ਨੀ ਦਾ ਅਨੁਮਾਨ ਨਹੀਂ ਲਾ ਸਕਦਾ, ਜਿਸ ਦੇ ਕੰਨ ਨਹੀਂ ਉਸ ਨੂੰ ਸੰਗੀਤ-ਰਸ ਸੰਬੰਧੀ ਚਾਹੇ ਸੌ ਪੋਥੀਆਂ ਪੜ੍ਹਾ ਦਿੱਤੀਆਂ ਜਾਣ ਉਹ ਇਸ ਰਸ ਵਿਚ ਈਮਾਨ ਨਹੀਂ ਲਿਆ ਸਕਦਾ। ਜਿਸ ਦੀ ਅਨੁਭਵੀ ਅੱਖ (intuition) ਉਤੇ ਬਜਰ ਪੜਦਾ ਪੈ ਚੁਕਾ ਹੈ ਉਹ ਕਿਸੇ ਨਾ ਕਿਸੇ ਪਰਕਾਰ ਦਾ ਭੌਤਕਵਾਦੀ ਹੀ ਰਹੇਗਾ। ਰਹੱਸਵਾਦ ਨੂੰ ਗੁਰੂ ਜੀ 'ਲਿਵ ਦਾ ਮਾਰਗ' ਕਹਿੰਦੇ ਹਨ, ਤੇ ਭੌਤਕਵਾਦ ਨੂੰ ਧਾਤ ਦਾ ਮਾਰਗ ਅਤੇ ਨਾਲ ਹੀ ਕਹਿੰਦੇ ਹਨ; "ਧਾਤ ਲਿਵੈ ਜੋੜੁ ਨ ਆਵਈ।" ਇਸ ਅਜੋੜਤਾ ਦਾ ਮੂਲ ਕਾਰਨ ਹੈ ਵਖੋ ਵਖ ਮਾਨਸਕ ਰੁਚੀਆਂ ਤੇ ਵਿਰੋਧੀ ਜੀਵਨ-ਆਦਰਸ਼।

## ਰਾਜਨੀਤਕ ਦ੍ਰਿਸ਼ਟੀਕੋਣ

ਗੁਰੂ ਸਾਹਿਬ ਦੇ ਸਮੇਂ ਅਕਬਰ ਦਾ ਲੋਕ-ਹਿਤੈਸ਼ੀ (benevolent) ਰਾਜ ਸੀ। ਪਰਜਾ ਵਿਚ ਪਹਿਲਾਂ ਨਾਲੋਂ ਵਧੇਰੇ ਸੁਖ ਤੇ ਸ਼ਾਂਤੀ ਵਰਤ ਗਈ। ਭੁਖ ਨੰਗ ਤੇ ਜ਼ੁਲਮ ਦੀਆਂ ਸ਼ਕਾਇਤਾਂ ਘਟ ਗਈਆਂ ਸਨ। ਗੁਰੂ ਅਮਰਦਾਸ ਦੇ ਲਈ ਅਕਬਰ ਬੇਹਦ ਸਤਿਕਾਰ ਪਰਗਟ ਕਰ ਚੁਕਾ ਸੀ। ਉਨ੍ਹਾਂ ਦੇ ਅਸੂਲਾਂ ਤੇ ਉਨ੍ਹਾਂ ਦੇ ਸਾਂਝੀਵਾਲਤਾ ਦੇ ਅਮਲੀ ਨਿਯਮਾਂ ਤੋਂ ਵੀ ਬੜਾ ਪ੍ਰਭਾਵਤ ਹੋ ਚੁਕਾ ਸੀ। ਗੁਰਿਆਈ ਮਿਲਣ ਤੋਂ ਪਹਿਲਾਂ ਅਕਬਰ ਦਰਬਾਰ ਵਿਚ ਗੁਰੂ ਰਾਮਦਾਸ ਜੀ ਆਪਣੇ ਦ੍ਰਿਸ਼ਟੀਕੋਣ ਦਾ ਨਿਰਾਲਾਪਣ ਤੇ ਸਰਬ-ਸਾਂਝਾ ਆਦਰਸ਼ ਪਰਗਟ ਕਰ ਚੁਕੇ ਸਨ ਪਰ ਜਗੀਰਦਾਰੀ ਨਜ਼ਾਮ ਤੋਂ ਗੁਰੂ ਸਾਹਿਬ ਨੂੰ ਸਖਤ ਨਫਰਤ ਸੀ।

"ਇਨ੍ਹਾਂ ਦੀ ਗੁਰਿਆਈ ਦੇ ਸਮੇਂ ਜਦ ਅਕਬਰ ਬਾਦਸ਼ਾਹ ਕਾਬਲ ਦੀ ਤਰਫੋਂ ਇਨ੍ਹਾਂ ਦੀ ਮਹਿਮਾ ਸੁਣ ਕੇ ਦਰਸ਼ਨ ਨੂੰ ਆਇਆ ਤਾਂ 501 ਅਸ਼ਰਫੀਆਂ ਭੇਟ ਰੱਖੀ। ਪ੍ਰਿਥੀ ਚੰਦ ਚੁਕਣ ਲਗਾ ਸੀ, ਪਰ ਗੁਰੂ ਜੀ ਦੇ ਇਸ਼ਾਰੇ ਨਾਲ ਸ੍ਰੀ ਅਰਜਨ ਜੀ ਨੇ ਇਹ ਸ਼ੀਘਰ ਉਠਾ ਕਰਕੇ ਗਰੀਬਾਂ ਮੁਹਤਾਜਾਂ ਨੂੰ ਵੰਡ ਦਿਤੀਆਂ। ਬਾਦਸ਼ਾਹ ਨੇ ਖੁਸ਼ ਹੋ ਕੇ ਇਨ੍ਹਾਂ ਦੇ ਨਗਰ ਦੀ ਹਦ ਬੰਦੀ ਕਰਨ ਦਾ ਹੁਕਮ ਦੇ ਕੇ 12 ਪਿੰਡ ਪਰਗਣੇ ਝਬਾਲ ਦਾ ਪਟਾ (ਸਨਦ) ਜੋ ਗੁਰੂ ਅਮਰ ਦਾਸ ਜੀ ਦੇ ਰੋਬਰੂ ਬੀਬੀ ਭਾਨੀ ਨੂੰ ਦੇ ਗਿਆ ਸੀ ਉਸਦੀ ਬਟਾਈ ਕਰਨ ਨੂੰ ਆਖਿਆ ਤਾਂ ਗੁਰੂ ਸਾਹਿਬ ਬੋਲੇ, ਸਾਧੂਆਂ ਦੀਆਂ ਜਾਗੀਰਾਂ ਦਾਰੋਂ ਚਕ ਹਨ। ਅਸੀਂ ਗੁਰੂ ਦੇ ਘਰ ਨੂੰ ਕਿਸੇ ਦਾ ਜਗੀਰਦਾਰ ਕਰਨਾ ਨਹੀਂ ਚਾਹੁੰਦੇ ਕਿਉਂਕਿ ਜਿਸ ਤਰ੍ਹਾਂ ਪਾਵਸ ਰੁਤ ਮੱਛਰ ਆਦਿਕ ਜੀਵਾਂ ਨੂੰ ਪੈਦਾ ਕਰਦੀ ਹੈ ਤੈਸੇ ਜਾਗੀਰ ਵੀ ਕਾਮ ਕ੍ਰੋਧ, ਝੂਠ, ਨਿੰਦਾ, ਬਖੀਲੀ, ਦੀਨਤਾ, ਆਦਿਕ ਬਿਕਾਰਾਂ ਨੂੰ ਪੈਦਾ ਕਰਨ ਵਾਲੀ ਹੈ ਤੇ ਝਗੜੇ ਤੇ ਕਜੀਆਂ ਦੀ ਜੜ੍ਹ ਹੈ।"*

ਡਾ: ਗੋਕਲ ਚੰਦ ਨਾਰੰਗ ਲਿਖਦਾ ਹੈ: "ਗੁਰੂ ਸਾਹਿਬ ਨੇ ਵੀ ਹੁਕਮਰਾਨਾਂ ਦੀ ਮਿਤ੍ਰਤਾ ਪ੍ਰਾਪਤ ਕਰਨ ਦਾ ਜਤਨ ਨਹੀਂ ਕੀਤਾ ਤੇ ਨਾ ਹੀ ਉਨ੍ਹਾਂ ਨੇ ਬਾਦਸ਼ਾਹਾਂ ਦੀ ਸਰਪਰਸਤੀ ਦੀ ਚਾਹ ਪ੍ਰਗਟ ਕੀਤੀ। ਉਨ੍ਹਾਂ ਦੇ ਸਰਬ ਸਾਂਝੇ ਅਤੇ ਪਵਿਤਰ ਅਸੂਲ, ਊਚ ਨੀਚ, ਗਰੀਬ ਅਮੀਰ ਸਭ ਨੂੰ ਖਿਚ ਪਾਉਂਦੇ ਸਨ। ਉਨ੍ਹਾਂ ਦੇ ਧਰਮ ਦੇ ਦਰਵਾਜ਼ੇ ਦੀਨ ਦੁਖੀਆਂ ਤੇ ਦਲਿਤ ਸ਼੍ਰੇਣੀਆਂ ਲਈ ਖੁਲ੍ਹੇ ਸਨ। ਨਾਲ ਹੀ ਉਨ੍ਹਾਂ ਨੇ ਸਿਣਕੀ ਤਿਆਗੀਆਂ ਵਾਂਗ ਅਮੀਰਾਂ ਤੇ ਉਚੇ ਪਦਵੀ

*ਗਿਆਨੀ ਗਿਆਨ ਸਿੰਘ: ਤਵਾਰੀਖ ਗੁਰ ਖਾਲਸਾ ਸਫ਼ਾ 188

Digitized by Panjab Digital Library | www.panjabdigilib.org

ਵਾਲਿਆਂ ਲਈ ਕੋਈ ਹੰਕਾਰ ਭਰੀ ਅਜੇਗ ਘਿਰਣਾ ਨਹੀਂ ਪ੍ਰਗਟ ਕੀਤੀ। ਗੁਰੂ ਸਾਹਿਬ ਨੇ ਕੋਈ ਜਗੀਰ ਜਾਂ ਸਰਪ੍ਰਸਤੀ ਲੈਣੋਂ ਬਿਲਕੁਲ ਇਨਕਾਰ ਕਰ ਦਿਤਾ। * ਬਾਦਸ਼ਾਹਾਂ ਦੀ ਅਮੀਰੀ ਤੇ ਉਨ੍ਹਾਂ ਦੀ ਤਾਕਤ ਗੁਰੂ ਸਾਹਿਬ ਦੀ ਨਿਗਾਹ ਵਿਚ ਬਿਲਕੁਲ ਤੁਛ ਸੀ। ਉਨ੍ਹਾਂ ਦੀ ਸਚਾਈ, ਦੌਲਤ ਤੇ ਸ਼ਕਤੀ ਬਾਰੇ ਮਿਆਰ ਹੀ ਕੁਛ ਹੋਰ ਸੀ। ਉਹ ਲਿਖਦੇ ਹਨ :

"ਜਿਤਨੇ ਸਾਹ ਪਾਤਸ਼ਾਹ ਉਮਰਾਵ ਸਿਕਦਾਰ ਚਉਧਰੀ
ਸਭ ਮਿਥਿਆ ਝੂਠ ਭਾਉ ਦੂਜਾ ਜਾਣੁ।
ਹਰਿ ਅਬਿਨਾਸੀ ਸਦਾ ਥਿਰ ਨਿਹਚਲ
ਤਿਸੁ ਮੇਰੇ ਮਨ ਭਜੁ ਪਰਵਾਣੁ।
ਜਿਤਨੇ ਧਨਵੰਤ ਕੁਲਵੰਤ ਮਿਲਖਵੰਤ ਦੀਸਹਿ ਮਨ ਮੇਰੇ
ਸਭ ਬਿਨਸਿ ਜਾਹਿ ਜਿਉ ਰੰਗੁ ਕਸੁੰਭ ਕਚਾਣੁ।

(ਮ: 4 ਪੰਨਾ 861)

ਗੁਰੂ ਸਾਹਿਬ ਨੇ ਇਕ ਨਵੇਂ ਸਭਿਆਚਾਰ ਦੀ ਨੀਂਹ ਰਖੀ ਸੀ। ਇਸ ਸਭਿਆਚਾਰ ਵਿਚ ਵਿਦਿਆ, ਕਲਾ, ਕਵਿਤਾ, ਸੰਗੀਤ, ਸਿਲਪ ਆਦਿ ਨੂੰ ਸੱਤ ਗੁਣਾਂ ਤੇ ਆਤਮਕ ਅਨੁਭਵ ਨਾਲ ਰੂਪਮਾਨ ਕੀਤਾ। ਨਿਮਰਤਾ, ਦਇਆ, ਪ੍ਰੇਮ, ਉਦਾਰਤਾ ਨੂੰ ਨੀਤੀ, ਸੁਤੰਤਰਤਾ ਤੇ ਪਰਜਾਤੰਤ੍ਰ ਅਧਿਕਾਰਾਂ ਨਾਲ ਮਿਲਾ ਕੇ ਇਕ ਚਿਰਸਥਾਈ ਆਦਰਸ਼ ਨੂੰ ਉਸਾਰਿਆ। ਅੱਕਬਰ ਦੀ ਬਾਦਸ਼ਾਹਤ ਨਾਲੋਂ ਉਚੇਰੀ ਉਨ੍ਹਾਂ ਨੇ ਇਕ ਨਵੀਂ ਬਾਦਸ਼ਾਹਤ ਖੜੀ ਕੀਤੀ ਜਿਸ ਬਾਰੇ ਭਾਈ ਮਨੀ ਸਿੰਘ ਜੀ ਲਿਖਦੇ ਹਨ :

"ਸਤਿਗੁਰੂ ਜੋ ਹੈਨਿ, ਸੁ ਸਚੇ ਪਾਤਿਸ਼ਾਹ ਹੈਨਿ, ਜਿਨ੍ਹਾਂ ਦੇ ਪਾਸ ਨਾਮ ਦਾ ਅਰ ਗਿਆਨ ਦਾ ਸਚਾ ਧਨ ਹੈ। ਤਿਨ੍ਹਾਂ ਦਾ ਹੁਕਮ ਸਭਸ ਦੇ ਉਪਰ ਹੈ ਤੇ ਬਾਦਸ਼ਾਹ ਦਾ ਹੁਕਮ ਅਪਣੇ ਦੇਸ ਪਰ ਚਲਤਾ ਹੈ। ਬਾਦਸ਼ਾਹ ਜੋ ਅਪਣਿਆਂ ਸੇਵਕਾਂ ਨੂੰ ਧਨ ਦੇਂਦੇ ਹੈਨਿ ਤੇ ਜਿਸ ਸਮੇਂ ਬਖਸ਼ੀਸ ਦਾ ਝਰੋਖਾ ਖੋਲਦੇ ਹੈਨਿ ਤਿਸ ਸਮੇਂ ਜਿਸ ਤੇ ਕਿਰਪਾ ਕਰਦੇ ਹੈਨਿ ਸੋ ਝੂਠਾ ਧਨ ਉਸ ਨੂੰ ਦੇ ਕੇ ਨਿਹਾਲ ਕਰਦੇ ਹੈਨਿ। ਪਰ ਸਤਿਗੁਰਾਂ ਦਾ

---

*It is important to note that the Gurus never made an effort to seek the friendship, far less the patronage of the ruling dynasty. Their piety and altruistic principles drew the high as well as the low to them. And while they always welcomed the most lowly and the despised to their church they were too politic to alienate the high placed by an attitude of arrogance and cyncism by which many a Diogenes of India, even at persent time, sneers at wealth and power as something to mean to deserve any regard at his hand. The Guru however refused all offers of **Jagirs** and other kinds of patronage.

Dr. Gokal Chand Narang.
Trsnsformation of Sikhism Page 58

Digitized by Panjab Digital Library | www.panjabdigilib.org

ਝਰੋਖਾ ਸਾਧ ਸੰਗਤਿ ਹੈ, ਜੋੜਾ ਸਾਧ ਸੰਗਤਿ ਵਿਚ ਟੁਰ ਆਂਵਦਾ ਹੈ ਉਸ ਨੂੰ ਸਚਾ ਧਨ ਨਾਮ ਕਾ ਅਰ ਗਿਆਨ ਕਾ ਦੇ ਕਰਿ ਤਿਸ ਦਾ ਜਨਮ ਮਰਨ ਕਟਿ ਦੇਂਦੇ ਹਨ। ......ਸਤਿਗੁਰਾਂ ਦਾ ਜੋ ਸਬਦੁ ਹੈ ਸੋ ਸਚਾ ਅੰਮ੍ਰਿਤ ਹੈ ਤੇ ਜੋ ਸਬਦੁ ਸੁਣਦੇ ਹੈਨਿ ਉਹ ਆਪ ਨੂੰ ਆਤਮਾ ਸਰੂਪ ਜਾਣਦੇ ਹੈਨਿ, ਫੇਰ ਕਦੇ ਨਹੀਂ ਮਰਦੇ ਤੇ ਈਰਖਾ ਤੇ ਅਭਿਮਾਨ ਤੇ ਕਾਮ ਕ੍ਰੋਧ ਉਨ੍ਹਾਂ ਦਾ ਸਭ ਮਿਟ ਜਾਂਦਾ ਹੈ। ਇਸ ਵਾਸਤੇ ਗੁਰਾਂ ਦਾ ਸਬਦ ਸਚਾ ਅੰਮ੍ਰਿਤ ਹੈ। ਬਾਦਸ਼ਾਹ ਦੀ ਮਜਲਸ ਵਿਚ ਜੋ ਮਦ ਦਾ ਪਿਆਲਾ ਉਸ ਨੋਂ ਪੀਲਾਂਵਦੇ ਹੈਨਿ ਜੋਹੜਾ ਗੱਲ ਦਰਬਾਰ ਦੀ ਬਾਹਰ ਨ ਕਢੇ। ਤੈਸੇ ਗੁਰੂ ਕੇ ਸਿਖਾਂ ਨੂੰ ਸਤ੍ਰਿਕਾਲੱਗਤਾ ਪ੍ਰਾਪਤ ਹੁੰਦੀ ਹੈ ਤੇ ਅਪਣੀ ਕਲਾ, ਜਣਾਂਵਤੇ ਨਹੀਂ। ਪਿਆਲੇ ਦੀ ਮਸਤੀ ਚਹੁੰ ਪਹਿਰਾਂ ਨੂੰ ਦੂਰ ਹੋ ਜਾਂਦੀ ਹੈ ਤੇ ਸਬਦ ਦੀ ਮਸਤੀ ਉਤਰਦੀ ਨਹੀਂ, ਤੇ ਭਾਉ ਭਗਤ ਸਭਸ ਨਾਲਿ ਕਰਦੇ ਹੈਨਿ। ਸਤਿਗੁਰਾਂ ਦੇ ਦਰਬਾਰ ਸ਼ਬਦ ਦਾ ਅਖੁਟ ਭੰਡਾਰ ਹੈ।"*

ਗੁਰੂ ਸਾਹਿਬ ਦਾ ਅਖੁਟ ਧਨ ਸੀ——————"ਉਨ੍ਹਾਂ ਦੀ ਅੰਮ੍ਰਿਤ-ਮਈ ਕਵਿਤਾ" ਤੇ ਇਸ ਕਵਿਤਾ ਵਿਚੋਂ ਵਿਦਤ ਗਿਆਨ। ਉਨ੍ਹਾਂ ਦੀ ਬਾਦਸ਼ਾਹਤ ਸਚ ਦੇ ਖੋਜੀਆਂ ਦੇ ਦਿਲਾਂ ਤੇ ਮਨਾਂ ਉਤੇ ਹੈ। ਉਨ੍ਹਾਂ ਦੇ ਵਜ਼ੀਰ ਤੇ ਦਰਬਾਰੀ ਹਨ, ਜ਼ਿੰਦਗੀ ਦੇ ਕਲਾਕਾਰ। ਇਸ ਬਾਦਸ਼ਾਹਤ ਪਿਛੇ ਹੀ ਉਨ੍ਹਾਂ ਦੀ ਕਲਾ ਦਾ ਸਿਧਾਂਤ ਕੰਮ ਕਰਦਾ ਹੈ ਜਿਸ ਨੂੰ ਅਸੀ ਹੁਣ ਸਪਸ਼ਟ ਕਰਨ ਦਾ ਜਤਨ ਕਰਾਂਗੇ।

## ਸਮਾਜਕ ਦ੍ਰਿਸ਼ਟੀਕੋਣ

ਹਰ ਇਕ ਕਵੀ ਤੇ ਕਲਾਕਾਰ ਦਾ ਦ੍ਰਿਸ਼ਟੀਕੋਣ ਉਸ ਦੇ ਇਨਸਾਨ ਸਬੰਧੀ ਵਿਚਾਰਾਂ ਤੇ ਨਿਰਭਰ ਹੈ। ਅਰਿਸਤੂ ਮਨੁਖ ਨੂੰ ਪੁਲਿਟੀਕਲ ਜਾਨਵਰ (political animal) ਸਮਝਦਾ ਸੀ। ਯੂਨਾਨ ਦਾ ਬਹੁਤ ਸਾਰਾ ਫ਼ਲਸਫ਼ਾ ਏਸੇ ਸਿਧਾਂਤ ਦੁਆਲੇ ਘੁੰਮਦਾ ਰਿਹਾ। ਮਾਰਕਸ ਮਨੁਖ ਨੂੰ ਇਕ ਆਰਥਕ-ਜੀਵ (economic being) ਸਮਝਦਾ ਹੈ ਜਿਸ ਨੂੰ ਪੇਟ ਲਗਾ ਹੋਇਆ ਹੈ ਅਤੇ ਉਸਦਾ ਦਿਲ, ਦਿਮਾਗ ਤੇ ਸ਼ਕਤੀ ਇਸ ਪੇਟ ਦੇ ਸੁਆਲ ਵਿਚ ਹੀ ਰੁਝੇ ਰਹਿੰਦੇ ਹਨ। ਜਦ ਆਰਥਕ ਸਮਾਨਤਾ ਆ ਗਈ ਤਾਂ ਸਾਰਾ ਸਮਾਜ ਇਕ ਸਵਰਗ ਬਣ ਜਾਏਗਾ। ਜਿਸ ਵਿਚੋਂ ਵੈਰ ਵਿਰੋਧ, ਨਿੰਦਿਆ ਚੁਗਲੀ, ਤੇ ਹੋਰ ਲੜਾਈ ਝਗੜੇ ਆਪਣੇ ਆਪ ਮਿਟ ਜਾਣਗੇ।

ਗੁਰੂ ਸਾਹਿਬ ਮਨੁਖ ਨੂੰ ਇਕੋ ਈਸ਼ਵਰ ਦੀ ਅੰਸ਼ ਸਮਝਦੇ ਹਨ ਤੇ ਉਨ੍ਹਾਂ ਦਾ ਵਿਸ਼ਵਾਸ਼ ਹੈ ਕਿ ਜਿਸ ਸਮਾਜ ਵਿਚ ਇਹ ਆਤਮਕ ਅਨੁਭਵ ਹਕੀਕੀ ਤੌਰ ਤੇ ਜਾਗ ਪਏ ਉਸ ਵਿਚੋਂ ਵੈਰ ਵਿਰੋਧ, ਈਰਖਾ, ਦਵੈਸ਼, ਕਾਣੀ ਵੰਡ ਤੇ ਇਕ ਦੂਸਰੇ ਦੇ ਹੱਕ ਖੋਹਣੇ ਇਕ ਦਮ ਦੂਰ ਹੋ ਜਾਂਦੇ ਹਨ। ਗੁਰੂ ਸਾਹਿਬ ਦੇ ਸਮੇਂ ਭਾਵੇਂ ਧਾਰਮਕ ਚਰਚਾ ਹਿੰਦੂ ਮੁਸਲਮਾਨ ਅਦਾਰਿਆਂ ਵਿਚ ਬੜੀ ਸੀ ਪਰ ਆਤਮਕ ਜਾਗ੍ਰਤੀ ਨਹੀਂ ਸੀ, ਰਹੱਸਵਾਦੀ ਮਨੁਖੀ ਅਨੁਭਵ ਨਹੀਂ ਸੀ। ਉਨ੍ਹਾਂ ਬਾਰੇ ਹੀ ਕਹਿੰਦੇ ਹਨ :

---

*ਭਾਈ ਮਨੀ ਸਿੰਘ : ਭਗਤ ਰਤਨ ਵਲੀ।

Digitized by Panjab Digital Library | www.panjabdigilib.org

"ਜੋ ਬਿਨ ਪ੍ਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਉਨ ਕਾ ਉਤਰਿ ਜਾਇਗਾ ਝੂਠ ਗੁਮਾਨ । (ਪੰਨਾ 734)
ਬਿਨ ਪ੍ਰੀਤੀ ਕਰਹਿ ਬਹੁ ਬਾਤਾ
ਕੂੜੁ ਬੋਲਿ ਕੂੜੋ ਫਲ ਪਾਵੈ ।

ਗੁਰੂ ਸਾਹਿਬ ਦਾ ਇਹ ਵਿਸ਼ਵਾਸ਼ ਸੀ ਕਿ ਆਤਮਕ ਜਾਗ੍ਰਤੀ ਆ ਜਾਏ, ਤਾਂ ਸੱਚੀ ਸਾਂਝੀਵਾਲਤਾ ਖੁਦ ਬਖੁਦ ਆ ਜਾਂਦੀ ਹੈ । ਕੌਮੀ, ਨਸਲੀ ਤੇ ਫਿਰਕਿਆਂ ਦੀਆਂ ਦੀਵਾਰਾਂ ਡਿਗ ਪੈਂਦੀਆਂ ਹਨ ਸਚੀ ਇਨਸਾਨੀਅੱਤ ਪੈਦਾ ਹੋ ਜਾਂਦੀ ਹੈ । ਜ਼ੋਰ, ਜਬਰ, ਨਫ਼ਰਤ ਤੇ ਦਬਾਉ ਦੀ ਕਿਸੇ ਪਹਿਲੂ ਤੋਂ ਵੀ ਲੋੜ ਨਹੀਂ ਪੈਂਦੀ ।

ਗੁਰੂ ਸਾਹਿਬ ਦੇ ਸਮੇਂ ਦਾ ਸਾਰਾ ਭਾਰਤੀ ਸਮਾਜ ਮਨੂੰ ਦੇ ਬਣਾਏ ਚਾਰ ਵਰਨ ਤੇ ਚਾਰ ਆਸ਼ਮਾਂ ਵਿਚ ਸਦੀਆਂ ਤੋਂ ਜਕੜਿਆ ਪਿਆ ਸੀ । ਗੁਰ ਸਾਹਿਬ ਨੇ ਮਨੂੰ ਦੇ ਧਰਮ ਸ਼ਾਸਤ੍ਰ ਨੂੰ ਲੀਰੋ ਲੀਰ ਕਰ ਦਿਤਾ । ਬ੍ਰਾਹਮਣਾਂ ਦਾ ਸਮਾਜ ਦੇ ਉਤੇ ਦਬਾਉ ਤੇ ਕਬਜ਼ਾ ਉਕਾ ਹੀ ਛੁੜਾ ਦਿਤਾ । ਰੀਤਾਂ ਰਸਮਾਂ ਦਾ ਢਾਂਚਾ ਹੀ ਬਦਲ ਦਿਤਾ । ਉਨ੍ਹਾਂ ਦੀ ਚਲਾਈ ਹਰ ਨਵੀਂ ਰੀਤ ਵਿਚ ਤਿੰਨ ਚੀਜ਼ਾਂ ਸਨ : ਬ੍ਰਾਹਮਣਾਂ ਦੀ ਅਣਹੋਂਦ, ਸਾਦਗੀ, ਤੇ ਆਤਮਕ ਜਾਗ੍ਰਤੀ ਲਈ ਪ੍ਰੇਰਨਾ । ਇਸ ਲਈ ਸਦੀਆਂ ਤੋਂ ਚਲੀਆਂ ਆ ਰਹੀਆਂ ਜਨਮ-ਮਰਨ ਵਿਆਹ, ਆਦਿ ਦੀਆਂ ਰਹੁ ਰੀਤਾਂ ਉਕਾ ਹੀ ਬਦਲ ਦਿਤੀਆਂ । ਨਵੇਂ ਸਭਿਆਚਾਰ ਵਿਚੋਂ ਅਸ਼ਲੀਲਤਾ ਤੇ ਸੋਗ ਕੱਢ ਦਿਤੇ । ਸਮਾਜਕ ਜੀਵਨ, ਪ੍ਰਭੂ ਪ੍ਰੀਤਮ ਦੀ ਉਪਾਸ਼ਨਾ ਤੇ ਮਾਨਵ ਏਕਤਾ (unity of mankind) ਲਈ ਸਾਧਨਾਂ ਬਣਾ ਦਿਤਾ ।

ਵਿਆਹ ਤੋਂ ਪਹਿਲਾਂ ਘੋੜੀਆਂ ਇਉਂ ਗਾਉਣ ਲਈ ਪ੍ਰੇਰਦੇ ਹਨ : "ਸਾਡੀ ਬਾਂਕੀ ਦੇਹ ਘੋੜੀ ਹੈ । ਇਹ ਜ਼ਿੰਦਗੀ ਦਾ ਸੋਮਾਂ ਹੈ । ਇਸ ਨੂੰ ਗੰਭੀਰ ਸੂਝ ਦੀ ਜ਼ੀਨ (ਕਾਠੀ) ਪਾਵੋ । ਇਸ ਘੋੜੀ ਉਤੇ ਚੜ੍ਹਕੇ ਬਿਖਮ-ਸਾਗਰ ਪਾਰ ਕਰਨਾ ਹੈ । ਸੋ ਗਿਆਨ ਰੂਪ ਕੜਿਆਲ ਇਸ ਘੋੜੀ ਨੂੰ ਸੰਭਾਲਣ ਲਈ ਇਸ ਦੇ ਮੂੰਹ ਵਿਚ ਪਾਵੋ । ਇਸ ਨੂੰ ਪ੍ਰੇਮ ਦੇ ਚਾਬਕ ਮਾਰ ਮਾਰ ਕੇ ਆਪਣੀ ਇਸ਼ਕ ਹਕੀਕੀ ਮੰਜ਼ਲ ਉਤੇ ਟੋਰ ਲਵੋ ।"*

'ਲਾਵਾਂ ਵਿਚ ਵਿਆਹ ਨੂੰ ਪਰਵਿਰਤੀ ਕਰਮ ਆਖਿਆ ਹੈ । ਪਰਵਿਰਤੀ ਦਾ ਅਰਥ ਹੈ ਸਮਾਜ ਵਿਚ ਫੈਲਣਾ, ਪਰਵੇਸ਼ ਹੋਣਾ । ਇਹ ਨਵਿਰਤੀ ਕਰਮ—"ਤਿਆਗ ਦੇ ਕਰਮਾਂ ਦੇ ਉਲਟ ਹੈ ।" "ਗੁਣੀ ਗਿਆਨੀ ਬਹਿ ਮਤਾ ਪਕਾਇਆ, ਫੇਰੇ ਤਤ ਦਿਵਾਏ ।"** ਨਵਤਨ ਜੋਬਨ ਵਾਲਾ ਬਾਲ ਸਖਾਈ ਮਿਤ੍ਰ ਵਰ ਮਿਲ ਗਿਆ । ਚਾਰ ਲਾਵਾਂ ਚਾਰ ਜ਼ਿੰਦਗੀ ਦੇ ਪੜਾ ਹਨ ।

ਪਹਿਲੀ ਲਾਂਵ ਪ੍ਰੇਰਦੀ ਹੈ "ਧਰਮ ਦ੍ਰਿੜ੍ਹੋ ਤੇ ਪਾਪ ਤਿਆਗੋ ਅਤੇ ਸਹਿਜ ਅਨੰਦ ਲਈ ਅਰਾਧਨਾਂ ਕਰੋ । ਦੂਸਰੀ ਲਾਂਵ ਨਿਰਭੈ ਹੋਕੇ ਹਉਮੈਂ ਦੀ ਮੈ ਤੋਂ ਮੁਕਤ ਹੋਣ ਲਈ ਪ੍ਰੇਰਦੀ ਹੈ ਤੇ ਫੇਰ ਪ੍ਰਭੂ ਹਰ ਥਾਂ ਹਾਜ਼ਰ ਨਾਜ਼ਰ ਦਿਸਦਾ ਹੈ ਤੇ ਸਭ ਵਿਚ ਭਰਪੂਰ ਪ੍ਰਤੀਤ ਹੁੰਦਾ ਹੈ । ਤੀਜ਼ਰੀ

*ਮ: 4 ਘੋੜੀਆਂ, ਰਾਗ ਵਡਹੰਸ ।
** ਸੂਹੀ ਮ: 4 ਪੰਨਾ 773 ।

Digitized by Panjab Digital Library | www.panjabdigilib.org

ਲਾਂਵ ਚਾਉ ਤੇ ਵਰਾਗ ਦੀ ਲਾਂਵ ਹੈ। ਚਾਉ ਤੇ ਵੈਰਾਗ ਰਾਹੀਂ ਨਿਰਮਲ ਜੀਵਨ ਵਲ ਕਦਮ ਉਠਾਉਣਾ ਹੈ। ਚੌਥੀ ਲਾਂਵ ਸਹਿਜ ਅਵਸਥਾ ਵਿਚ, ਅਵਿਨਾਸ਼ੀ ਵਰ ਪ੍ਰਭੂ-ਪ੍ਰੀਤਮ ਪ੍ਰਾਪਤ ਹੁੰਦਾ ਹੈ।"

ਇਕ ਆਲੋਚਕ ਨੇ ਇਕ ਲੇਖ ਵਿਚ ਇਹ ਖਿਆਲ, ਪਰਗਟ ਕੀਤਾ ਸੀ ਕਿ 'ਵਣਜਾਰਾ' ਸ਼ਬਦ ਦਾ ਗੁਰੂ ਸਾਹਿਬ ਦੀ ਬਾਣੀ ਵਿਚ ਬਾਰ ਬਾਰ ਆਉਣਾ ਉਨ੍ਹਾਂ ਦੀ ਬਾਣੀਆਂ ਰੁਚੀ ਦਾ ਸੂਚਕ ਹੈ। ਗੁਰੂ ਸਾਹਿਬ ਦੀ ਬਾਣੀ ਵਿਚੋਂ ਇਕ ਦੋ ਅਖਰਾਂ ਨੂੰ ਭਾਵਾਂ ਦੇ ਪਿਛੋਕੜ ਤੇ ਰੂਪਕ ਤੋਂ ਤੋੜਕੇ, ਗੁਰੂ ਸਾਹਿਬ ਦੀ ਰੁਚੀ ਬਾਰੇ ਕੋਝੇ ਅਨੁਮਾਨ ਲਾਉਣੇ ਇਕ ਐਸੀ ਹਾਨੀਕਾਰਕ ਰਵਸ਼ ਹੈ ਜਿਸ ਨੇ ਪੰਜਾਬੀ ਸਾਹਿਤ ਦੀ ਉਨਤੀ ਵਿਚ ਬੜੀ ਰੁਕਾਵਟ ਪਾਈ ਹੈ। ਗੁਰੂ ਸਾਹਿਬ ਦੀ ਬਾਣੀ ਵਿਚ ਜਿਥੇ ਵਣਜਾਰਾ ਸ਼ਬਦ ਹੈ ਓਥੇ ਕਿਰਸਾਣ ਸ਼ਬਦ ਵੀ ਅਨੇਕਾਂ ਵਾਰ ਆਇਆ ਹੈ।

**"ਕਿਰਸਾਣੀ ਕਿਰਸਾਣੁ ਕਰੇ ਲੋਚੈ ਜੀਉ ਲਾਇ।**
**ਹਲੁ ਜੋਤੈ ਉਦਮੁ ਕਰੇ ਮੇਰਾ ਪੁਤੁ ਧੀ ਖਾਇ।"**

ਮ: 4 ਸ੍ਰੀ ਰਾਗ, ਪੰ: 67

ਗੁਰੂ ਸਾਹਿਬ ਹਰ ਪਰਕਾਰ ਦੀ ਸ਼੍ਰੇਣੀ ਵੰਡ ਦੇ ਖਿਲਾਫ ਸਨ। ਮੁਰਦਾਰ ਖਾਣਾ (exploitation) ਉਹ ਸਭ ਤੋਂ ਵਡਾ ਗੁਨਾਹ ਸਮਝਦੇ ਸਨ। ਗਰੀਬਾਂ ਦੀ ਰਤ ਪੀਣੀ ਉਹ ਕਿਸੇ ਗਲੋਂ ਮੁਆਫ ਨਹੀਂ ਸਨ ਕਰਦੇ। ਕਿਰਸਾਣ ਜੇ ਹਲ ਵਾਹੁੰਦਾ ਹੈ, ਇਸ ਲਈ ਨਹੀਂ ਕਿ ਉਸ ਦੀ ਉਪਜ ਕੋਈ ਜਗੀਰਦਾਰ ਲੈ ਜਾਏ ਬਲਕਿ ਇਸ ਲਈ ਕਿ ਉਸ ਦੇ ਸਾਰੇ ਉਦਮ ਤੇ ਸਾਰੀ ਮਿਹਨਤ ਦਾ ਫਲ ਉਸ ਦੇ ਪੁਤ ਧੀਆਂ ਖਾਣ।

ਪਰ ਏਥੇ ਮੁੜ ਨਿਰਣਾ ਕਰ ਦੇਣਾ ਜ਼ਰੂਰੀ ਹੈ ਕਿ ਗੁਰੂ ਸਾਹਿਬ ਆਤਮਕ ਤੇ ਇਖਲਾਕੀ ਜਾਗ੍ਰਤੀ ਨੂੰ ਜੀਵਨ ਦਾ ਬੁਨਿਆਦੀ ਮਸਲਾ ਸਮਝਦੇ ਸਨ। ਉਚ ਕੋਟੀ ਦੇ ਸਭਿਆਚਾਰ ਲਈ, ਸਾਂਝੀਵਾਲਤਾ ਦੀ ਯਥਾਰਥ ਚੇਤਨਤਾ ਲਈ ਆਤਮਕ-ਕੀਮਤਾਂ (spiritual values) ਦਾ ਹੋਣਾ ਅਤਿ ਜ਼ਰੂਰੀ ਸਮਝਦੇ ਸਨ। ਇਨ੍ਹਾਂ ਆਤਮਕ ਕੀਮਤਾਂ ਨੂੰ ਮਹਿਜ਼ ਮੈਂ ਅਨੰਦ ਜਾਂ ਤ੍ਰਿਪਤੀ ਲਈ ਨਹੀਂ ਸਨ ਵਰਤਦੇ ਬਲਕਿ ਆਰਥਕ ਖੁਸ਼ਹਾਲੀ ਤੇ ਸਭਿਆਚਾਰਕ ਸਾਂਝੀਵਾਲਤਾ ਲਈ, ਦੇਸ਼ ਕੌਮ ਤੇ ਸ਼੍ਰੇਣੀ ਵੰਡ ਦੀਆਂ ਹਦਾਂ ਤੋੜ ਕੇ ਕੇਵਲ ਲੋਕ-ਸੇਵਾ ਤੇ ਮਾਨਵ-ਜਾਤੀ ਦੀ ਸਰਬ-ਪੱਖੀ-ਉਨਤੀ ਲਈ ਵਰਤਦੇ ਸਨ।

## ਸਾਹਿਤਕ ਦ੍ਰਿਸ਼ਟੀਕੋਣ

ਗੁਰੂ ਸਾਹਿਬ ਦੇ ਕਾਵਿ ਕਲਾ ਦੇ ਅਨੁਭਵ ਪਿਛੇ ਇਕ ਮਹਾਨ ਅਣ-ਪਛਾਤਾ ਕਲਾ ਦਾ ਸਿਧਾਂਤ ਹੈ ਜਿਸ ਨੂੰ ਸੰਖੇਪ ਤੌਰ ਤੇ ਇਉਂ ਵਰਣਨ ਕਰ ਸਕਦੇ ਹਾਂ :

1. ਕਵੀ ਦੀ ਕਵਿਤਾ ਵਿਚ ਉਸ ਦੀ ਸਾਰੀ ਸ਼ਖਸੀਅਤ ਜਗਮਗਾ ਉਠਦੀ ਹੈ। ਕਾਮਲ-ਕਵੀ ਦੀ ਸਖਸ਼ੀਅਤ ਖੁਦ ਜ਼ਿੰਦਗੀ ਦੀ ਸਭ ਤੋਂ ਵਧੀਆ ਕਵਿਤਾ ਹੈ। "ਬਾਣੀ ਗੁਰੂ ਗੁਰੂ ਹੈ ਬਾਣੀ।"

Digitized by Panjab Digital Library | www.panjabdigilib.org

2. ਉਤਮ ਕਵੀ ਕਾਮਲ ਪੁਰਸ਼ ਹਨ ਤੇ ਕਾਮਲ ਪੁਰਸ਼ ਸਹਿਜ ਸੁਭਾਇ ਕਵੀ ਹੁੰਦੇ ਹਨ। ਜਦ ਤਕ ਗੁਰੂ ਸਾਹਿਬ ਨੂੰ ਗਿਆਨ ਤੇ ਕਲਾ ਦੇ ਅਨੁਭਵ ਵਿਚ ਪ੍ਰਪੱਕਤਾ ਨਹੀਂ ਪਰਾਪਤ ਹੋਈ ਉਦੋਂ ਤਕ ਉਨ੍ਹਾਂ ਨੇ ਕਵਿਤਾ ਨਹੀਂ ਰਚੀ।

3. ਅੰਤਰੀਵ ਆਵੇਸ਼ (inspiration) ਤੋਂ ਉਪਜੀ ਕਵਿਤਾ ਨੂੰ ਪੱਕੀ ਬਾਣੀ (ਕਵਿਤਾ) ਕਹਿੰਦੇ ਸਨ ਤੇ ਸ੍ਰੀ ਚੰਦ, ਦਾਸੂ-ਦਾਤੂ ਤੇ ਮੇਹਰਬਾਨ ਦੀਆਂ ਨਕਲੀ ਤੇ ਫੋਕੀਆਂ ਰਚਨਾਵਾਂ ਨੂੰ ਕਚੀ ਕਵਿਤਾ (ਬਾਣੀ) ਕਹਿੰਦੇ ਸਨ। ਏਥੋਂ ਕਈ ਸਿਖਾਂ ਨੂੰ ਇਹ ਵਹਿਮ ਹੋ ਗਿਆ ਕਿ ਕੇਵਲ ਗੁਰੂ ਸਾਹਿਬ ਦੀ ਰਚਨਾ ਪੱਕੀ ਬਾਣੀ ਅਖਵਾਉਣ ਦੀ ਅਧਿਕਾਰੀ ਹੈ। ਕਈ ਭੋਲੇ ਸਿੱਖਾਂ ਨੇ ਸਮਝਿਆ ਕਿ ਭਾਈ ਗੁਰਦਾਸ ਦੀ ਬਾਣੀ ਵੀ ਵਰਜਿਤ ਹੈ। ਹਰਵੰਸ ਤਪਾ ਰੋਜ਼ ਭਾਈ ਗੁਰਦਾਸ ਦੀ ਬਾਣੀ ਪੜ੍ਹਿਆ ਕਰਦਾ ਸੀ। ਜਦ ਸਿਖਾਂ ਨੇ ਸ਼ਕਾਇਤ ਕੀਤੀ ਤਾਂ ਗੁਰੂ ਸਾਹਿਬ ਨੇ ਉੱਤਰ ਦਿਤਾ ਕਿ "ਅਗਿਆਨੀਆਂ ਦੀ ਸਰੀਕਾ ਕਰਿਕੈ ਰਚੀ ਬਾਣੀ ਉਨ੍ਹਾਂ ਨੇ ਵਰਜੀ ਹੈ, ਭਾਈ ਗੁਰਦਾਸ ਦੀ ਬਾਣੀ ਮਾਨੋਂ ਸ਼ਬਦ ਦਾ ਟੀਕਾ ਹੈ" * ਜੇਹੜੀ ਰਚਨਾ, ਹਕੀਕੀ ਆਤਮਕ ਪ੍ਰੇਰਨਾ ਲਿਖੀ ਜਾਏ, ਉਹ ਕਵਿਤਾ ਹੈ; ਜਿਹੜੀ ਰਚਨਾ ਨਕਲੀ ਤੇ ਉਤਾਰ ਹੀ ਹੋਵੇ ਉਹ ਲਫ਼ਜ਼ੀ ਛੰਦ-ਰਚਨਾ ਆਖੀ ਜਾ ਸਕਦੀ ਹੈ, ਕਵਿਤਾ ਨਹੀਂ।

4. ਗੁਰ ਸਾਹਿਬ ਦੇ ਕਾਵਿ-ਸਿਧਾਂਤ ਅਨੁਸਾਰ ਪ੍ਰੋ: ਪੂਰਨ ਸਿੰਘ ਆਪਣੀ ਪੁਸਤਕ 'ਦੀ ਸਪਿਰਿਟ ਆਫ ਓਰੀਐਂਟਲ ਪੋਏਟਰੀ' (The Spirit of Oriental Poetry) ਵਿਚ ਕਵਿਤਾ ਤਿੰਨ ਪਰਕਾਰ ਦੀ ਮੰਨਦਾ ਹੈ।

(ੳ) ਕਾਮਲ ਕਵਿਤਾ (prophetic poetry) :—ਇੰਜੀਲ, ਗੁਰੂ ਗ੍ਰੰਥ, ਉਪਨਿਸ਼ਦ ਤੇ ਕੁਰਾਨ ਦੀ ਕਵਿਤਾ ਨੂੰ ਪੂਰਨ ਸਿੰਘ ਕਾਮਲ ਕਵਿਤਾ ਮੰਨਦਾ ਹੈ। ਉਹ ਲਿਖਦਾ ਹੈ :—

> "ਕਵਿਤਾ ਇਕ ਨਿਰੰਤਰ ਵੱਗ ਰਹੀ ਨਦੀ ਹੈ ਜੋ ਜ਼ਿੰਦਗੀ ਦੇ ਅਥਾਹ ਸੋਮੇ ਵਿਚੋਂ ਉਮਡ ਉਮਡ ਪੈਂਦੀ ਹੈ। ਕਵਿਤਾ ਜੁਗ ਜੁਗਾਂਤ੍ਰਾਂ ਦੀ ਸਮਾਧੀ ਹੈ। ਕਿਸੇ ਵੀ ਕਵਿਤਾ ਦਾ ਇਤਨਾ ਮਨ ਉਤੇ ਅਸਰ ਨਹੀਂ ਪੈਂਦਾ ਜਿੰਨਾ ਇਨ੍ਹਾਂ ਕਾਮਲ-ਕਵੀਆਂ ਦੇ ਮਨੋਹਰ ਸ਼ਬਦਾਂ ਦਾ। ਰੇਡੀਅਮ ਵਾਂਗ ਉਨ੍ਹਾਂ ਵਿਚੋਂ ਅਦ੍ਰਿਸ਼ਟ ਜੋਤਮਈ ਕਿਰਨਾਂ ਸਦਾ ਨਿਕਲਦੀਆਂ ਰਹਿੰਦੀਆਂ ਹਨ। ਕਰੋੜਾਂ ਆਦਮੀ ਰੋਜ਼ ਕੁਰਾਨ ਤੇ ਅੰਜੀਲ ਪੜ੍ਹਦੇ ਹਨ, ਅਜੇ ਕਰੋੜਾਂ ਹੋਰ ਉਨ੍ਹਾਂ ਵਿਚੋਂ ਜੀਵਨ-ਗਿਆਨ ਤੇ ਰਸ ਪਰਾਪਤ ਕਰ ਸਕਦੇ ਹਨ। ਸੰਸਾਰ ਦੇ ਲੈਨਿਨ ਭਾਵੇਂ ਪਾਦਰੀਆਂ ਨੂੰ ਫਾਂਸੀ ਦੇ ਦੇਣ ਪਰ ਘਾਹ ਦਾ ਹਰ ਇਕ ਪੱਤਾ ਯਸੂਹ ਮਸੀਹ ਦੇ ਮਹਾਨ

* ਭਾਈ ਮਨੀ ਸਿੰਘ ਭਗਤਮਾਲਾ

Digitized by Panjab Digital Library | www.panjabdigilib.org

ਵਿਚਾਰਾ ਦੀ ਗਵਾਹੀ ਦੇਵੇਗਾ ।"* ਆਲੋਚਕ ਸਿਡਨੀ ਵੀ ਕਵੀਆਂ ਨੂੰ ਕਾਮਲ ਪੁਰਸ਼ ਕਹਿੰਦਾ ਹੈ । "ਗੁਰਬਾਣੀ ਇਸ ਜਗ ਮਹਿ ਚਾਨਣ" ਹੈ। ਮਾਨਸਕ ਅੰਧੇਰੇ ਦਾ ਜਦ ਵੀ ਮਾਨਵ ਜਾਤੀ ਨੂੰ ਅਹਿਸਾਸ ਹੁੰਦਾ ਹੈ, ਇਸ ਪਰਕਾਰ ਦੀ ਕਵਿਤਾ ਤੋਂ ਖੋਜੀਆਂ ਨੂੰ ਰੋਸ਼ਨੀ ਪਰਾਪਤ ਹੁੰਦੀ ਹੈ, ਇਹ ਕਵਿਤਾ ਉਹ ਗਿਆਨ-ਚਰਾਗ ਹੈ ਜੋ ਸਦਾ ਜਗਦਾ ਰਹਿੰਦਾ ਹੈ, ਸਦਾ ਰੋਸ਼ਨੀ ਦਿੰਦਾ ਰਹਿੰਦਾ ਹੈ । ਇਹ ਕਵਿਤਾ ਕਵੀ ਸ਼ੈਲੀ ਦੇ ਕਥਨ ਅਨੁਸਾਰ "ਜ਼ਿੰਦਗੀ ਦੀ ਅਮਰ-ਸਚਾਈ ਦੇ ਰੂਪ ਵਿਚ ਪਰਗਟ ਕੀਤਾ ਯਥਾਰਥ ਚਿਤ੍ਰ ਹੈ । ਇਹ ਕਵਿਤਾ ਜੀਵਨ ਦੀ ਹਰ ਕੀਮਤੀ ਵਸਤੂ ਤੇ ਤੱਤ ਨੂੰ ਅਮਰਤਾ ਪ੍ਰਦਾਨ ਕਰਦੀ ਹੈ ।"**

ਇਹ ਕਵਿਤਾ ਪਰਮ ਮਨਖਾਂ ਨੂੰ ਨਿਰਵਾਣ ਪਦ ਪਰਾਪਤ ਕਰਨ ਉਪਰੰਤ ਸਹਿਜ ਸੁਭਾਇ ਪਰਾਪਤ ਹੁੰਦੀ ਹੈ, ਅਤੇ ਉਹ ਅਪਣੇ ਆਵੇਸ਼ ਨੂੰ ਬ੍ਰਹਿਮ ਸ਼ਕਤੀ ਦਾ ਆਵੇਸ਼ ਮੰਨਦੇ ਹਨ ।

ਗੁਰੂ ਨਾਨਕ ਨੇ ਏਸੇ ਆਵੇਸ਼ ਨੂੰ ਚਿਤ੍ਰਦਿਆਂ ਆਖਿਆ ਹੈ :—

**ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨ ਵੇ ਲਾਲੋ"**
ਮ : 1

"ਜੋ ਪ੍ਰਭੁ ਕ੍ਰਿਪਾ ਕਟਾਛ ਦਿਖੈ ਹੈਂ ।
ਸੋ ਤਵ ਦਾਸ ਉਚਾਰਤ ਜੈ ਹੈਂ ।"

**ਬਚਿਤ੍ਰ ਨਾਟਕ ਪਾ : 10**

ਏਸੇ ਹੀ ਸਿਧਾਂਤ ਅਨਕੂਲ ਪੂਰਨ ਸਿੰਘ ਦੂਸਰੇ ਦਰਜੇ ਦੇ ਕਵੀ ਭਗਤ ਕਵੀ ਮੰਨਦਾ ਹੈ ਤੇ ਉਨ੍ਹਾਂ ਦੀ ਸ਼ਿਸ਼-ਕਵਿਤਾ (disciple poetry) ਨੂੰ ਪ੍ਰੇਰਿਤ ਕਵਿਤਾ ਕਹਿੰਦਾ ਹੈ । ਮੀਰਾਂ, ਭਾਈ ਗੁਰਦਾਸ, ਵਾਲਟ ਵਿਟਮੈਨ, ਓਕਾ-ਕੁਰਾ ਬ੍ਰਾਉਨਿੰਗ, ਟੈਗੋਰ, ਉਮਰ ਖਿਆਮ, ਇਕਬਾਲ ਤੇ ਮਿਲਟਨ ਆਦਿ ਸ਼ਿਸ਼-ਕਵੀ ਹਨ । ਤੀਸਰੇ

---

*Poetry is a perennial stream that flows out of this fountain of life. It is the Smadhi of ages. The infinite behind the poet infects us with life. No other poetry can equal in its subjective effect upon us, the simple sayings of these poet prophets......Like particles of radium, those words go on forever emitting their rays. Millions daily read the Koran and Bible and there is life for millions more in them Lenins may bang the bishops, but every grass blade will stand up to vindicate the faith of Jesus Christ.

—Puran Singh : The Spirit of Oriental Poetry.
Kegan Paul, London, 1926 page 3.

**A poem is the very image of life expresse in its external truth......poetry makes immortnal all that is best and beautiful in the world.

Shelly : In Defence of Poetry.

Digitized by Panjab Digital Library | www.panjabdigilib.org

ਦਰਜੇ ਤੇ ਸ਼ਿੰਗਾਰ-ਰਸੀ ਕਵਿਤਾ ਮੰਨਦਾ ਹੈ ਜਿਨ੍ਹਾਂ ਵਿਚ ਉਹ ਕਾਲੀਦਾਸ, ਵਾਰਸ ਸ਼ਾਹ, ਭਰਥਰੀ ਹਰੀ ਤੇ ਜੈਦੇਵ ਲੈਂਦਾ ਹੈ ।

ਏਸੇ ਹੀ ਮਹਾਨ ਕਾਵਿ-ਸਿਧਾਂਤ ਨੂੰ ਗੁਰੂ ਰਾਮਦਾਸ ਜੀ ਨੇ ਅਪਣਾਇਆ । ਇਸ ਨੂੰ ਵਿਸਮਾਦ ਸਿਧਾਂਤ ਵੀ ਆਖਿਆ ਜਾਂਦਾ ਹੈ ਪਰ ਵਿਸਮਾਦ ਇਸ ਦਾ ਇਕ ਅੰਸ਼ ਹੈ । ਸ੍ਰੇਸ਼ਟ ਕਵੀ ਈਸ਼ਵਰ ਵਾਂਗ ਆਪਣੀ ਰਚਨਾਂ ਦੇ ਕ੍ਰਣ ਕਣ ਵਿਚ ਸਮਾਇਆ ਹੁੰਦਾ ਹੈ । ਪ੍ਰਤਿਭਾਸ਼ਾਲੀ ਕਵੀ-ਮਨ ਉਸ ਰਾਜਸੀ ਛਾਪ ਦੀ ਮੋਹਰ ਵਾਂਗ ਹੈ ਜੋ ਪੈਸੇ ਉਤੇ ਵੀ ਤੇ ਰੁਪੈ ਅਰ ਮੋਹਰ ਉਤੇ ਵੀ ਇਕ ਸਮਾਨ ਖੂਬਸੂਰਤੀ ਨਾਲ ਚਮਕ ਉਠਦੀ ਹੈ । "* (ਵਿਕਟਰ ਹਿਊਗੋ )

ਢਾਕਿਉਂ ਆਏ ਇਕ ਸਿਖ ਨੇ ਗੁਰੂ ਸਾਹਿਬ ਤੋਂ ਪੁਛਿਆ "ਮਹਾਰਾਜ ਅਸੀਂ ਬੜੀ ਦੂਰ ਰਹਿੰਦੇ ਹਾਂ, ਫੇਰ ਤੁਹਾਡੇ ਦਰਸ਼ਨ ਕਦ ਹੋਣਗੇ ।" ਗੁਰੂ ਸਾਹਿਬ ਨੇ ਉੱਤਰ ਦਿਤਾ, "ਮੇਰੇ ਸਰੀਰਕ ਦਰਸ਼ਨ ਅਸਲੀ ਦਰਸ਼ਨ ਨਹੀਂ । ਮੇਰਾ ਤੱਤ ਦਰਸ਼ਨ ਤੁਹਾਨੂੰ ਮੇਰੇ ਸ਼ਬਦ (ਕਵਿਤਾ) ਵਿਚ ਹੋਵੇਗਾ । ਮੇਰੀ ਕਵਿਤਾ ਦੇ ਮਾਨਸਕ ਤੇ ਆਤਮਕ ਮੇਲ ਵਿਚ ਮੇਰੇ ਅਸਲੀ ਦਰਸ਼ਨ ਹਨ ।" ਗੁਰੂ ਸਾਹਿਬ ਦੀ ਸਾਰੀ ਆਤਮਾ ਉਨ੍ਹਾਂ ਦੀ ਸਾਰੀ ਸ਼ਕਤੀ, ਉਨ੍ਹਾਂ ਦੀ ਸਾਰੀ ਅਮਰ-ਕਲਾ ਉਨ੍ਹਾਂ ਦੀ ਕਵਿਤਾ ਵਿਚ ਹੈ । ਸੋ ਗੁਰੂ ਸਾਹਿਬ ਲਈ ਕਵਿਤਾ ਜੀਵਨ ਹੈ ਅਤੇ ਜੀਵਨ ਕਵਿਤਾ ਹੈ ।

## ਵਾਰਾਂ, ਛਕੇ ਤੇ ਛੰਤ

ਵਾਰ ਰਚਨਾਂ ਗੁਰੂ ਸਾਹਿਬ ਦੇ ਸਮੇਂ ਨਾ ਕੇਵਲ ਕਵੀਆਂ ਦੀ ਅਤਿ ਪਿਆਰੀ ਰਵਾਇਤੀ ਰਚਨਾ ਸੀ, ਬਲਕਿ ਇਹ ਜਨਤਾ ਵਿਚ ਬੜੀ ਦਿਲਚਸਪੀ ਨਾਲ ਗਾਈ ਸੁਣੀ ਜਾਂਦੀ ਸੀ । ਰਾਜਿਆਂ, ਮਹਾਰਾਜਿਆਂ ਤੇ ਜਗੀਰਦਾਰਾਂ ਦੇ ਨਜ਼ਾਮ ਵਿਚ, ਖ਼ਾਸ ਵਿਅਕਤੀਆਂ ਦੇ ਜਸ ਤੇ ਗੁਣ ਗਾਉਣੇ ਤੇ ਵਿਰੋਧੀ ਪਖ ਦੀ ਨਿੰਦਿਆ ਕਰਨੀ ਇਨ੍ਹਾਂ ਲੋਕਾਂ ਦਾ ਆਮ ਵਿਸ਼ਾ ਹੁੰਦੇ ਸਨ । ਅਮੂਮਨ ਇਨ੍ਹਾਂ ਵਾਰਾਂ ਵਿਚ ਨੇਕੀ ਬਦੀ ਦੇ ਪੱਖਾਂ ਦਾ ਟਾਕਰਾ ਤੇ ਅੰਤ ਨੇਕੀ ਦੀ ਜਿੱਤ ਦੱਸੀ ਜਾਂਦੀ ਸੀ ।

ਗੁਰੂ ਸਾਹਿਬ ਨੇ ਇਨ੍ਹਾਂ ਲੋਕ ਵਾਰਾਂ ਵਿਚ ਆਮ ਲੋਕਾਂ ਦੀ ਦਿਲਚਸਪੀ ਨੂੰ ਅਧਿਆਤਮਕ ਵਾਰਾਂ ਵਲ ਖਿਚਿਆ, ਜਿਸ ਵਿਚ ਨਿਰੰਕਾਰ ਦੀ ਸਿਫਤ, ਉਸ ਦਾ ਨਿਆਉ ਤੇ ਅੰਤ ਨੇਕੀ ਦੀ ਜਿੱਤ ਦਰਸਾਈ ।

ਗੁਰੂ ਰਾਮਦਾਸ ਜੀ ਨੇ ਅੱਠ ਵਾਰਾਂ ਰਚੀਆਂ :—

1. ਵਾਰ ਸਿਰੀ ਰਾਗ ... 21 ਪਉੜੀਆਂ ਸਲੋਕ ਮ: 1, ਮ: 2, ਮ: 3, ਮ: 5

*Like God the true poet is present in all parts of his work at once. Genius resembles the die which stamps the royal effigy upon copper pieces as well as upon gold crowns.

( Victor Hugo )

Digitized by Panjab Digital Library | www.panjabdigilib.org

2. ਵਾਰ ਗਉੜੀ ... 33 ਪਉੜੀਆਂ ਸਲੋਕ ਮ: 3, ਮ: 4, ਮ:5
3. ਵਾਰ ਬਿਹਾਗੜਾ ... 21 ਪਉੜੀਆਂ ਸਲੋਕ ਮ: 1, ਮ : 3, ਮ: 4, ਮ: 5, ਕਬੀਰ, ਮਰਦਾਨਾ ।
4. ਵਾਰ ਵਡਹੰਸ ... 21 ਪਉੜੀਆਂ ਸਲੋਕ ਮ: 3, ਮ: 4
5. ਵਾਰ ਸੋਰਠ ... 29 ਪਉੜੀਆਂ ਸਲੋਕ ਮ: 1, ਮ: 4, ਮ: 3, ਮ: 4
6. ਵਾਰ ਬਿਲਾਵਲ ... 13 ਪਉੜੀਆਂ ਸਲੋਕ ਮ: 1, ਮ: 3 ਮ: 4
7. ਵਾਰ ਸਾਰੰਗ ... 36 ਪਉੜੀਆਂ ਸਲੋਕ ਮ : 1, ਮ: 2, ਮ: 3, ਮ : 4
8. ਵਾਰ ਕਾਨੜਾ ... 15 ਪਉੜੀਆਂ ਮ: 4 ਸਲੋਕ ਮ: 4

ਵਾਰਾਂ ਪਹਿਲੋਂ ਪਉੜੀਆਂ ਦੇ ਰੂਪ ਵਿਚ ਹੀ ਸਨ । ਸਲੋਕ ਗੁਰੂ ਅਰਜਨ ਦੇਵ ਜੀ ਨੇ ਨਾਲ ਜੋੜੇ । ਪਰ ਕਾਨੜਾ ਦੀ ਵਾਰ ਵਿਚ ਸਲੋਕ ਵੀ ਗੁਰੂ ਰਾਮਦਾਸ ਜੀ ਦੇ ਹੀ ਹਨ ਅਤੇ ਉਹ ਇਤਨੇ ਢੁਕਵੇਂ ਤੇ ਪਉੜੀਆਂ ਨਾਲ ਮਿਲਦੇ ਜੁਲਦੇ ਹਨ, ਕਿ ਪਰਤੀਤ ਹੁੰਦਾ ਹੈ ਗੁਰੂ ਰਾਮਦਾਸ ਜੀ ਨੇ ਹੀ ਸਲੋਕਾਂ ਸਮੇਤ ਵਾਰ ਦੀ ਰਵਾਇਤ ਚਲਾਈ । ਸ਼ਾਇਦ ਏਸੇ ਕਰਕੇ ਏਸ ਵਾਰ ਵਿਚ ਗੁਰੂ ਅਰਜਨ ਜੀ ਨੇ ਕਿਸੇ ਹੋਰ ਗੁਰੂ ਵਿਅਕਤੀ ਦਾ ਸਲੋਕ ਨਹੀਂ ਪਾਇਆ ।

ਗੁਰੂ ਰਾਮਦਾਸ ਜੀ ਦੀਆਂ ਵਾਰਾਂ ਦਾ ਵਿਸ਼ਾ ਪਹਿਲੇ ਗੁਰੂ ਸਾਹਿਬਾਨ ਦੀਆਂ ਵਾਰਾਂ ਦੇ ਬਿਲਕੁਲ ਅਨਕੂਲ ਹੈ । ਬਹੁਤ ਸਾਰੀਆਂ ਵਾਰਾਂ ਦੀਆਂ ਪਹਿਲੀਆਂ ਪਉੜੀਆਂ ਅਕਾਲ ਪੁਰਖ ਦੀ ਸੈਭੰ ਸ਼ਕਤੀ ਤੇ ਸਰਬ ਵਿਆਪਕਤਾ ਬਾਰੇ ਹੀ ਹੈ ।

**ਸਭ ਆਪੇ ਤੁਧ ਉਪਾਇ ਕੈ ਆਪਿ ਕਾਰੈ ਲਾਈ ।**
**ਤੂੰ ਆਪੇ ਆਪ ਵਰਤਦਾ ਸਭਨਾਂ ਥਾਈਂ । (ਵਾਰ ਸਿਰੀ ਰਾਗ)**

ਇਹੀਓ ਭਾਵ ਤੇ ਇਹੀਓ ਵਿਸ਼ਾ ਕਰੀਬਨ ਹਰ ਇਕ ਵਾਰ ਵਿਚ ਮਿਲ ਜਾਂਦਾ ਹੈ । ਭਾਈ ਗੁਰਦਾਸ ਜੀ ਨੇ ਵੀ ਆਪਣੀ ਦੂਸਰੀ ਵਾਰ ਵਿਚ ਇਸਦਾ ਨਿਰਣਾ ਕੀਤਾ ਹੈ ।

ਦੂਸਰਾ ਪ੍ਰਧਾਨ ਵਿਸ਼ਾ ਹੈ ਸਤਿਗੁਰੂ ਦੀ ਸ਼ਕਤੀ, ਉਸ ਦੇ ਸੇਵਕਾਂ ਤੇ ਨਿੰਦਕਾਂ ਦੀ ਮਾਨਸਕ ਅਵਸਥਾ, ਸਤਿਗੁਰੂ ਦਾ ਉਚ ਆਚਰਣ । ਤੀਸਰਾ ਵਿਸ਼ਾ ਹੈ ਅਕਾਲਪੁਰਖ ਦਾ ਅੰਤਿਮ ਨਿਆਉ ਜੋ ਛਿਪ ਕੇ ਬੁਰਿਆਈਆਂ ਤੇ ਉਪੱਦਰ ਕਰਨ ਵਾਲਿਆਂ ਨੂੰ ਦੰਡ ਦਿੰਦਾ ਹੈ । ਗੁਰਮੁਖ ਤੇ ਮਨਮੁਖ ਦੇ ਆਚਰਣਾਂ ਦਾ ਟਾਕਰਾ ਵੀ ਥਾਂ ਥਾਂ ਕੀਤਾ ਹੋਇਆ ਹੈ ਅਤੇ ਨਾਮ ਦੀ ਵਿਆਖਿਆ, ਤੇ ਸਾਧਨ ਤੇ ਫਲ ਦਸੇ ਹੋਏ ਹਨ । ਚੁਗਲ ਨਿੰਦਕ ਤੇ ਹੰਕਾਰੀਆਂ ਦੀ ਮਾਨਸਕ ਦੁਰਦਸ਼ਾ ਬਿਆਨ ਕੀਤੀ ਗਈ ਹੈ ।

ਕੁਰਾਨ ਸ਼ਰੀਫ ਵਿਚ ਅਰਬੀ ਦਾ 'ਸੁਰਾ' ਸ਼ਬਦ ਆਉਂਦਾ ਹੈ* । ਪਉੜੀ ਏਸੇ ਦਾ ਹੀ

1. Each portion of the Koran is called a sura, which means a degree or step by which we mount. Some suras are big and some are short but a logical thread runs through them all.

Yusuf Ali; Koran Commentry page 13

Digitized by Panjab Digital Library | www.panjabdigilib.org

ਪੰਜਾਬੀ ਅਨੁਵਾਦ ਜਾਪਦਾ ਹੈ। ਪਉੜੀ ਦਾ ਅਰਥ ਹੈ 'ਸੀੜ੍ਹੀ । 'ਜਿਸ ਉਤੇ ਪੈਰ ਰਖਕੇ ਚੜ੍ਹੀਏ' "ਸੰਤ ਕਾ ਮਾਰਗ ਧਰਮ ਕੀ ਪਉੜੀ।" ਅਮੂਮਨ ਗੁਰੂ ਸਾਹਿਬ ਦੇ ਇਕੋ ਸ਼ਬਦ ਵਿਚ ਅਨੇਕਾਂ ਭਾਵ ਹੁੰਦੇ ਹਨ ਪਰ ਜਿਨ੍ਹਾਂ ਛੰਦਾਂ ਵਿਚ ਇਕੋ ਹੀ ਭਾਵ ਹੋਵੇ ਅਤੇ ਉਹ ਸੀੜ੍ਹੀ ਦੇ ਡੰਡਿਆਂ ਵਾਂਗ ਕਿਸੇ ਰਚਨਾ ਵਿਚ ਪ੍ਰੋਏ ਹੋਏ ਹੋਣ, ਉਨ੍ਹਾਂ ਨੂੰ ਪਉੜੀ ਕਹਿੰਦੇ ਹਨ, ਇਕ ਹਿੰਦੀ ਦੇ ਕਵੀ ਰਾਮਦਾਸ ਨੇ ਸੀੜ੍ਹੀ ਛੰਦ ਰਚਿਆ ਹੈ, ਜੋ (13+10)=23 ਮਾਤ੍ਰਾ ਦਾ ਹੈ। ਭਾਈ ਵੀਰ ਸਿੰਘ ਦਾ ਖਿਆਲ ਹੈ ਕਿ ਇਸ ਵਜ਼ਨ ਦਾ ਛੰਦ 'ਪਉੜੀ' ਹੈ ਪਰ ਇਹ ਠੀਕ ਨਹੀਂ ਜਾਪਦਾ, ਕਿਉਂਕਿ ਪਉੜੀਆਂ ਦੇ ਮਾਤ੍ਰਕ ਰੂਪ ਅਨੇਕਾਂ ਹਨ। ਦਸਮ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਨੇ ਸਿਰਖੰਡੀ ਛੰਦ ਨੂੰ ਉਸ ਥਾਂ ਪਉੜੀ ਲਿਖਿਆ ਹੈ, ਜਿਥੇ ਇਕ ਭਾਵ ਦੀ ਅਗੇ ਚਲ ਰਹੀ ਲੜੀ ਵਿਚ ਉਸ ਛੰਦ ਨੂੰ ਪ੍ਰੋਇਆ ਹੈ।* ਭਾਈ ਕਾਹਨ ਸਿੰਘ ਲਿਖਦਾ ਹੈ "ਛੰਦ ਗ੍ਰੰਥਾਂ ਵਿਖੇ ਨਿਸ਼ੈਨੀ (ਸਿ : ਸ਼੍ਰੇਣੀ) ਛੰਦ ਆਇਆ ਹੈ, ਜਿਸ ਦਾ ਉਲਥਾ ਪਉੜੀ ਹੈ। ਨਿਸ਼ੈਨੀ ਦਾ ਲਛਣ-ਚਾਰ ਚਰਣ, ਪ੍ਰਤਿ ਚਰਣ 23 ਮਾਤ੍ਰਾ 13—10 ਪਰ ਵਿਸ਼੍ਰਾਮ ਅੰਤ ਗੁਰੂ।** ਭਾਈ ਕਾਹਨ ਸਿੰਘ ਦਾ ਨਿਸ਼ੈਨੀ ਛੰਦ ਤੇ ਭਾਈ ਵੀਰ ਸਿੰਘ ਦਾ ਦਸਿਆ ਸੀੜ੍ਹੀ ਛੰਦ ਇਕੋ ਹੀ ਛੰਦ ਹੈ, ਬਹੁਤ ਘਟ ਪਉੜੀਆਂ ਵਿਚ ਚਾਰ-ਚਰਣ ਤੇ ਇਹ ਮਾਤ੍ਰਾ ਹਨ।

ਗੁਰੂ ਰਾਮਦਾਸ ਜੀ ਨੇ ਅਨੇਕ ਰੂਪਾਂ ਦੀਆਂ ਪਉੜੀਆਂ ਰਚੀਆਂ ਹਨ। ਵਾਰ ਬਿਲਾਵਲ ਵਿਚ ਪੰਜ ਚਰਣ, ਪ੍ਰਤਿ ਚਰਣ, 26 ਮਾਤ੍ਰਾ 15—11 ਪਰ ਵਿਸਰਾਮ ਅੰਤ ਰਗਣ SIS ਵਾਰ ਸਾਰੰਗ ਵਿਚ ਪੰਚ ਚਰਣ, ਪ੍ਰਤੀ ਚਰਣ 14 ਮਾਤ੍ਰਾ, ਪਹਿਲਾ ਵਿਸਰਾਮ 13 ਪਰ, ਦੂਜਾ 11 ਪਰ, ਅੰਤ ਰਗਣ SIS। ਵਾਰ ਬਿਲਾਵਲ ਵਿਚ ਅਨੇਕਾਂ ਰੂਪ ਹਨ, ਪਰ ਵਿਸੇਸ਼ ਕਰਕੇ ਪੰਜ ਚਰਣ, ਪ੍ਰਤੀ ਚਰਣ 31 ਮਾਤ੍ਰਾ, 16—15 ਵਿਸਰਾਮ, ਅੰਤ ਰਗਣ। ਪਰ ਵਜ਼ਨ ਦੀ ਆਜ਼ਾਦੀ ਲੈ ਕੇ ਗੁਰੂ ਸਾਹਿਬ ਨੇ ਹਰ ਚਰਣ ਵਿਚ ਵਖਰੀਆਂ ਵਖਰੀਆਂ ਮਾਤ੍ਰਾਂ ਲੈ ਆਂਦੀਆਂ ਹਨ ਅਤੇ ਪਉੜੀ ਨੂੰ ਵਿਖਮ ਦੰਡਕ ਰੂਪ ਦੇ ਦਿਤਾ ਹੈ। ਪਹਿਲੇ ਚਰਣ ਵਿਚ 41 ਮਾਤ੍ਰਾ, ਦੂਜੇ ਦੀਆਂ 30, ਤੀਜੇ ਦੀਆਂ 75, ਚੌਥੇ ਦੀਆਂ 59 ਅਤੇ ਪੰਜਵੇਂ ਦੀਆਂ 46।†

ਗੁਰੂ ਸਾਹਿਬ ਦੀਆਂ ਅਧਿਆਤਮਕ ਵਾਰਾਂ ਨੇ ਇਕ ਨਵੇਂ ਸਭਿਆਚਾਰ ਦੀ ਨੀਂਹ ਰਖੀ। ਹੋਰ ਵਾਰਾਂ ਦੇ ਵੈਰ ਵਿਰੋਧ ਦੇ ਭਾਵ ਦੀ ਥਾਂ ਸਚਾਈ, ਸਦਾਚਾਰ, ਤੇ ਮਾਨਵ-ਏਕਤਾ ਦੇ ਭਾਵ ਪ੍ਰਗਟਾਏ ਜਾਣ ਲੱਗੇ। ਜਗੀਰਦਾਰਾਂ, ਰਜਵਾੜਿਆਂ ਤੇ ਜ਼ਾਲਮ ਬਾਦਸ਼ਾਹਾਂ ਦੇ ਭੈ ਤੇ ਗੁਲਾਮੀ ਦੀ ਥਾਂ, ਆਤਮਕ ਜਾਗ੍ਰਤੀ, ਆਤਮ-ਵਿਸ਼ਵਾਸ਼, ਉਜਲ ਬੁਧੀ ਤੇ ਗਿਆਨ-ਮਾਰਗ ਦਾ ਭਾਵ ਪ੍ਰਗਟਾਉਣ ਲਗੀਆਂ। ਇਸ ਵਿਚ ਸੂਖਮ ਬੀਰ ਰਸ ਦਾ ਵੀ ਪ੍ਰਵੇਸ਼ ਹੈ। ਜੋਗੀ ਸੰਨਿਆਸੀ, ਕਾਮ, ਕ੍ਰੋਧ, ਲੋਭ ਤੋਂ ਸਹਿਮ ਖਾ ਕੇ ਸਮਾਜ ਛੱਡ ਬਹਿੰਦੇ ਸਨ ਪਰ ਗੁਰੂ ਸਾਹਿਬ ਸਮਾਜ ਵਿਚ ਰਹਿ ਕੇ ਇਨ੍ਹਾਂ ਉਤੇ ਗਿਆਨ ਰੂਪੀ ਤਲਵਾਰ ਨਾਲ ਕਾਬੂ ਰਖਣ ਲਈ ਪ੍ਰੇਰਦੇ ਹਨ :

**"ਸਤਿਗੁਰ ਗਿਆਨ ਖੜਗ ਹਥਿ ਦੀਨਾ, ਜਮ ਕੰਕਰ ਮਾਰ ਬਿਦਾਰੇ'**

ਮ : 4

---

*ਗੁਰੂ ਗ੍ਰੰਥ ਕੋਸ਼ : ਖਾ. ਟ੍ਰੈ. ਸੁ. ਅੰਮ੍ਰਿਤਸਰ

** ਗੁਰੂ ਛੰਦ ਦਿਵਾਕਰ ; ਭਾ. ਕਾਹਨ ਸਿੰਘ।

†ਗੁਰ ਛੰਦ ਦਿਵਾਕਰ : ਭਾ; ਕਾਹਨ ਸਿੰਘ

Digitized by Panjab Digital Library | www.panjabdigilib.org

ਅਧਿਆਤਮਕ ਵਾਰਾਂ ਨੇ ਨਾ ਕੇਵਲ ਧਰਮ ਨੂੰ ਸਮਾਜ ਨਾਲ ਜੋੜਿਆ ਬਲਕਿ ਰਾਜਨੀਤੀ ਨਾਲ ਵੀ ਅਤੇ ਸਾਰੀਆਂ ਵਾਰਾਂ ਦੀ ਅੰਤੀਵ ਧੁਨ ਰਾਜ-ਜੋਗ ਦੇ ਸਿਧਾਤਾਂ ਵਲ ਹੈ।

ਗੁਰੂ ਰਾਮਦਾਸ ਦੀ ਨਵੇਂ ਕਿਸਮ ਦੀ ਰਚਨਾ ਹੈ—ਉਨ੍ਹਾਂ ਦੇ ਛੱਕੇ। ਹਰ ਇਕ ਛਕਾ (ਛੇਆਂ ਛੰਦਾਂ ਦਾ ਜੁਟ) ਇਕ ਸੰਪੂਰਨ ਰਚਨਾ ਹੈ। ਉਨ੍ਹਾਂ ਦੇ ਚਾਰ ਛੱਕੇ ਦੁਪਦਿਆਂ ਤਿਪਦਿਆਂ ਵਿਚ ਹਨ। 10 ਛੱਕੇ ਚਉਪਦਿਆਂ ਵਿਚ ਹਨ। ਤੇ ਚਾਰ ਛੱਕੇ ਅਸਟਪਦੀਆਂ ਵਿਚ ਹਨ।

ਸੰਪਰਦਾਈ ਗਿਆਨੀਆਂ ਦਾ ਵਿਚਾਰ ਹੈ ਕਿ ਰਾਗ ਬਿਲਾਵਲ, ਨਟ ਨਾਰਾਇਣ, ਕਾਨੜਾ ਤੇ ਕਲਿਆਣ ਦੇ ਚਾਰ ਛਕੇ ਅਰਥਾਤ 24 ਅਸਟਪਦੀਆਂ ਇਕ ਸੰਪੂਰਨ ਰਚਨਾ ਹੈ, ਅਤੇ ਇਸ ਨੂੰ "ਸੁਖਮਨਾਂ" ਨਾਮ ਦਿਤਾ ਜਾਂਦਾ ਹੈ। ਇਨ੍ਹਾਂ 24 ਅਸਟਪਦੀਆਂ ਤੋਂ ਪ੍ਰੇਰਤ ਹੋ ਕੇ ਹੀ ਗੁਰੂ ਅਰਜਨ ਜੀ ਨੇ ਸੁਖਮਨੀ ਰਚੀ ਜਾਪਦੀ ਹੈ। ਸੁਖਮਨਾਂ ਸਾਹਿਬ ਦੇ ਵੱਖਰੇ ਛਪੇ ਹੋਏ ਗੁਟਕੇ ਵੀ ਮਿਲਦੇ ਹਨ, ਅਤੇ ਗੁਰਮਤਿ ਸਿਖਿਆ ਤ ਚੱਲਣ ਵਾਲ ਇਸ ਦਾ ਰੋਜ਼ ਪਾਠ ਕਰਦੇ ਹਨ।

ਇਵੇਂ ਹੀ ਆਸਾ ਦੀ ਵਾਰ ਵਿਚ ਉਨ੍ਹਾਂ ਦੇ ਛੱਕੇ ਮਿਲਾ ਲਏ ਗਏ ਹਨ, ਅਤੇ ਆਸਾ ਦੀ ਵਾਰ ਦਾ ਇਤਨਾ ਜ਼ਰੂਰੀ ਅੰਗ ਬਣ ਗਏ ਹਨ ਕਿ ਇਹ ਛੱਕੇ ਤਾਂ ਗਾਏ ਜਾਂਦੇ ਹਨ ਅਤੇ ਪਉੜੀਆਂ ਜੋ ਮੂਲ ਤੇ ਅਸਲੀ ਵਾਰ ਹੈ, ਬਿਨਾਂ ਰਾਗ ਤੇ ਗੀਤ ਲੈਅ ਦੇ ਝਟ ਪਟ ਪੜ੍ਹ ਦਿਤੀਆਂ ਜਾਂਦੀਆਂ ਹਨ। ਹਰ ਇਕ ਛੱਕਾ ਆਪਣੇ ਆਪ ਵਿਚ ਇਕ ਨਿਕਾ ਜਿਹਾ ਅਧਿਆਤਮਕ ਟੋਟਾ ਹੈ।

ਗੁਰੂ ਸਾਹਿਬ ਦੇ ਛੰਤਾਂ ਵਿਚ ਇਕ ਅਨੋਖਾ ਪ੍ਰੇਮ ਤੇ ਵੈਰਾਗ ਹੈ। ਇਨ੍ਹਾਂ ਦੀ ਸੰਗੀਤ-ਲੈਅ ਤੇ ਸਰਲ ਭਾਵਾਂ ਕਰਕੇ ਇਹ ਲੋਕ ਪ੍ਰਸਿਧ ਵੀ ਹਨ। ਬਣਤਰ ਵਿਚ ਇਹ ਤੀਸਰੇ ਸਤਿਗੁਰਾਂ ਦੇ ਛੰਤਾਂ ਨਾਲ ਮਿਲਦੇ ਜੁਲਦੇ ਹਨ। ਡਾਕਟਰ ਚਰਨ ਸਿੰਘ ਤੇ ਭਾਈ ਕਾਹਨ ਸਿੰਘ ਨੇ ਛੰਤ ਨੂੰ ਛੰਦ ਪਦ ਦਾ ਹੀ ਦੂਸਰਾ ਰੂਪ ਲਿਖਿਆ ਹੈ। 'ਇਹ ਇਕ ਸੰਗੀਤ ਵਿਦਿਆ ਅਨੁਸਾਰ ਪ੍ਰਬੰਧ ਹੈ, ਪਰੰਤੂ ਇਸਦਾ ਦੂਸਰਾ ਨਾਉਂ ਨਾ ਮਲੂਮ ਹੋਣ ਕਰਕੇ ਨਹੀਂ ਲਿਖਿਆ ਗਿਆ ਪਰੰਤੂ ਖਟ ਪਦੀ ਪ੍ਰਬੰਧ ਦੇ ਭੇਦਾਂ ਵਿਚੋਂ ਇਕ ਭੇਦ ਹੈ। ਇਹ ਛੰਤ ਕਈ ਰਾਗਾਂ ਵਿਚ ਵਿਦਮਾਨ ਹਨ ਅਤੇ ਉਨ੍ਹਾਂ ਹੀ ਰਾਗਾਂ ਦੀ ਧੁਨ, ਸੁਰ, ਲੈ ਵਿਚ ਗਾਵਣੇ ਲਈ ਤਾਲ ਦੀ ਸੂਚਨਾ ਥਾਉਂ ਥਾਈਂ ਲਿਖੀ ਹੈ ਜਿਹਾ ਕਿ ਘਰ 1 ਯਾ 4 ਆਦਿਕ ਅਥਵਾ ਫਲਾਣੇ ਦੀ ਜਤਿ (ਧਾਰਨਾ)। ਅਤੇ ਪ੍ਰਚਲਤ ਰੀਤੀ ਵੀ ਇਹ ਪ੍ਰਤੱਖ ਹੈ ਕਿ, ਜੋ ਛੰਤ ਚਹੁੰ ਤੁਕਾਂ ਦੇ ਹਨ ਉਹ ਇਕੋ ਹੀ ਕਿਸਮ ਦੇ ਤਾਰ ਵਿਚ ਗਾਂਵੇਂ ਜਾਂਦੇ ਹਨ, ਜਿਹਾ ਕਿ 'ਹਰਿ ਅੰਮ੍ਰਿਤ ਭਿੰਨੇ ਲੋਇਣਾ' ਆਦਿ 4 ਤਾਰ ਵਿਚ ਗਾਉਂਦੇ ਹਨ ਅਤੇ ਛਿਆਂ ਤੁਕਾਂ ਵਾਲੇ, 'ਤੂੰ ਸੁਣਿ ਹਰਣਾ ਕਾਲਿਆ ਆਦਿਕ ਦੀਆਂ ਪਹਿਲੀਆਂ ਦੋ ਤੁਕਾਂ ਤਿੰਨ ਤਾਰ ਵਿਚ ਤ ਬਾਕੀ ਦੀਆਂ ਚਾਰ ਤੁਕਾਂ ਦੋ ਤਾਰ ਵਿਚ ਗਾਵੀਆਂ ਜਾਂਦੀਆ ਹਨ।'*

## ਪਦ, ਪਹਰੇ, ਕਰਹਲੇ, ਵਣਜਾਰਾ

ਵਿਦਿਆਪਤੀ, ਚੰਡੀਦਾਸ ਤੋਂ ਲੈ ਕੇ ਸ਼ੰਕਰਦੇਵ, ਚੈਤੰਨਆ ਤਕ ਕਰੀਬਨ ਸਾਰਾ ਹੀ ਬੰਗਾਲੀ ਆਸਾਮੀ, ਤੇ ਮੈਥਲੀ ਸਾਹਿਤ ਪਦਾਵਲੀਆਂ ਦੇ ਰੂਪ ਵਿਚ ਮਿਲਦਾ ਹੈ। ਪੰਜਾਬੀ ਵਿਚ ਇਨ੍ਹਾਂ ਨੂੰ ਗੁਰੂ ਸਾਹਿਬ ਨੇ ਪਦੇ ਆਖਿਆ ਹੈ। "ਇਸ ਦਾ ਦੂਸਰਾ ਨਾਮ ਵਿਸ਼ਨਪਦਾ ਅਥਵਾ ਗੀਤ ਵੀ ਹੈ ਜਿਤਨੀਆਂ ਪਉੜੀਆਂ ਹੋਣ ਉਤਨੀ ਗਿਣਤੀ ਦੇ ਵਖਰੇ ਪਦੇ ਬਣ ਜਾਂਦੇ ਹਨ, ਦੁਪਦੇ ਤਿਪਦੇ,

1. ਸ੍ਰੀ ਚਰਣ ਹਰਿ ਵਿਸਥਾਰ, ਜਿਲਦ 2 ਪੰਨਾ 314

Digitized by Panjab Digital Library | www.panjabdigilib.org

ਚਉਪਦੇ। ਸੰਗੀਤ ਵਿਚ ਇਨ੍ਹਾਂ ਦੇ ਵੱਖਰੇ ਭੇਦ ਹਨ ਅਤੇ ਦਿਵਪਦੀ, ਤ੍ਰਿਪਦੀ ਤੇ ਚਤੁਸ਼ਪਦੀ ਦੇ ਨਾਮ ਨਾਲ ਪਰਸਿਧ ਹਨ।''*

ਸ਼ੈਕਸਪੀਅਰ ਵਾਂਗ ਗੁਰੂ ਸਾਹਿਬ ਧਰਤੀ ਨੂੰ ਜ਼ਿੰਦਗੀ ਦਾ ਇਕ ਸਟੇਜ ਹੀ ਸਮਝਦੇ ਸਨ। ਮਾਨਵ ਜੀਵਨ ਨੂੰ ਉਹ ਲੀਲ੍ਹਾ ਜਾਂ ਖੇਲ ਤਮਾਸ਼ਾ ਕਹਿੰਦੇ ਹਨ ਤੇ ਇਸਦੇ ਵਖੋ ਵੱਖ ਪੜਾਵਾਂ ਨੂੰ ਪਹਿਰੇ ਆਖਿਆ ਜਾਂਦਾ ਹੈ। ਉਮਰ ਨੂੰ ਜ਼ਿੰਦਗੀ ਦੀ ਰਾਤ ਦੱਸਿਆ ਹੈ। ਜੀਵ ਨੂੰ ਵਣਜਾਰਾ ਮਿਤ੍ਰ ਆਖਿਆ ਹੈ। ਪਹਿਲੇ ਪਹਿਰੇ ਵਿਚ ਕਵੀ ਵਰਡਜ਼ਵਰਥ ਵਾਲਾ ਸਿਧਾਂਤ ਹੈ** ਜਿਸ ਵਿਚ ਦਸਿਆ ਹੈ ਕਿ ਜਨਮ ਸਮੇਂ ਸਾਨੂੰ ਪਹਿਲੋਂ ਦੀ ਸੂਝ ਹੁੰਦੀ ਹੈ, ਅਤੇ ਆਪਣੀ ਆਤਮਕ ਅੰਸ਼ ਦਾ ਪੂਰਾ ਗਿਆਨ ਹੁੰਦਾ ਹੈ, ਦੂਜੇ ਪੜਾ ਤੇ ਆ ਕੇ ਆਪਣੇ ਆਤਮਕ ਅਸਲੇ ਦਾ ਗਿਆਨ ਮੱਧਮ ਪੈ ਜਾਂਦਾ ਹੈ। ਚਾਰੇ ਪੜਾ ਉਲੀਕਦੇ ਉਲੀਕਦੇ ਗੁਰੂ ਸਾਹਿਬ ਇਹ ਸਪਸ਼ਟ ਕਰਦੇ ਹਨ ਕਿ ਜੀਵਨ ਰੈਣ ਸਫਲੀ ਕਿਵੇਂ ਕਰਨੀ ਹੈ। ਆਲ ਜੰਜਾਲ ਵਿਚ ਪੈ ਕੇ ਖੁਆਰ ਹੋਣਾ ਅਤੇ ਦੂਸਰਿਆਂ ਨੂੰ ਖੁਆਰ ਕਰਨਾ ਬੜੀ ਸਖਤ ਗਲਤੀ ਹੈ। 'ਵਣਜਾਰਾ' ਨਾਮੇਂ ਰਚਨਾ ਵੀ ਜੀਵਾਂ ਨੂੰ ਵਣਜਾਰਿਆ ਮਿਤ੍ਰਾ ਕਰਕੇ ਸੰਬੋਧਨ ਕੀਤਾ ਹੈ। ਵਣਜਾਰੇ ਦੂਰ ਦੇਸ਼ਾਂ ਵਿਚ ਉਨ੍ਹਾਂ ਦਿਨਾਂ ਵਿਚ ਵਪਾਰ ਲਈ ਜਾਂਦੇ ਸਨ। ਕਿਸੇ ਥਾਂ ਨੂੰ ਆਪਣੀ ਮਲਕੀਅਤ ਨਹੀਂ ਸਨ ਸਮਝਦੇ, ਹਰ ਦੇਸ਼ ਵਿਚ, ਹਰ ਕੌਮ ਵਿਚ ਦਿਲੀ ਸਾਂਝ ਪਾ ਕੇ ਅਗੇ ਟੁਰ ਜਾਂਦੇ ਸਨ। ਇਸ ਰੁਚੀ ਦਾ ਸੂਫੀ ਫ਼ਕੀਰਾਂ ਤੇ ਗੁਰੂ ਸਾਹਿਬ ਨੇ ਇਕ ਪਖ ਲੈ ਕੇ ਆਪਣੀ ਕਵਿਤਾ ਵਿਚ ਅਨੋਖਾ ਰਹੱਸਵਾਦੀ ਰੰਗ ਭਰਿਆ ਹੈ।

ਕਰਹਲਾ : ਊਠਾਂ ਦੇ ਕਾਰਵਾਂ' ਨੂੰ ਕਹਿੰਦ ਹਨ [ਧਾਤੂ ਕਰਹੋ (ਸਿੰਧੀ) ਊਠ] ਨਨ ਨੂੰ ਕਰਹਲਾ ਆਖਿਆ ਹੈ :—

"ਕਰਹਲੇ ਮਨ ਪਰਦੇਸੀਆ,
ਮਨ ਕਰਹਲਾ ਵੀਚਾਰੀਆ।
ਮਨ ਕਰਹਲਾ ਅਤਿ ਨਿਰਮਲਾ,
ਮਨ ਕਰਹਲਾ ਮੇਰੇ ਪ੍ਰੀਤਮਾਂ,
ਮਨ ਕਰਹਲਾ ਮੇਰੇ ਪ੍ਰਾਨ ਤੂੰ
ਮਨ ਕਰਹਲਾ ਮੇਰੇ ਪਿਆਰਿਆ।
ਮਨ ਕਰਹਲਾ ਮੇਰੇ ਸਜਨਾਂ
ਮਨ ਕਰਹਲਾ ਵਡਭਾਗੀਆ
ਰੰਗਿ ਰਤੜੇ ਮਨ ਕਰਹਲੇ। ਆਦਿਕ

ਮਨ ਤੇ ਆਤਮਾ, ਮਨ ਤੇ ਬੁੱਧੀ, ਮਨ ਤੇ ਆਦਮੀ ਦੇ ਜਜ਼ਬਾਤ ਉਤੇ ਪੂਰਬ ਤੇ ਪਛਮ ਦੇ ਫ਼ਲਸਫ਼ੇ ਵਿਚ ਸੈਂਕੜੇ ਪੋਥੀਆਂ ਲਿਖੀਆਂ ਗਈਆਂ ਹਨ। ਪਰ ਇਤਨੀ ਖੂਬਸੂਰਤੀ ਨਾਲ ਕੀਤਾ ਨਿਰਣਾ ਘਟ ਹੀ ਕਿਤੇ ਮਿਲਦਾ ਹੈ।

"ਹਮ ਪੰਖੀ ਮਨ ਕਰਹਲੇ, ਹਰਿ ਤਰਵਰੁ ਪੁਰਖੁ ਅਕਾਲਿ"। ਇਸ ਮਨ ਨੂੰ ਭਾਰਤ ਵਿਚ ਸਦੀਆਂ ਤੋਂ ਅੰਧੇਰ ਕੋਠੜੀ ਸਮਝਿਆ ਜਾਂਦਾ ਰਿਹਾ, ਪਰ ਗੁਰੂ ਸਾਹਿਬ ਇਸ ਨੂੰ ਪ੍ਰੀਤਮ, ਪ੍ਰਦੇਸੀ

---

*ibid 308

**ode to Itimantion of Immorality.

Digitized by Panjab Digital Library | www.panjabdigilib.org

ਸਜਨ, ਪ੍ਰਾਨ ਪਿਆਰਾ ਤੇ ਵਡਭਾਗਾ ਆਖਦੇ ਹਨ। ਜ਼ਿੰਦਗੀ ਇਸ ਕਾਰਵਾਨ ਦੀ ਮਿਠੀ ਤੇ ਨਿਘੀ ਮੰਜ਼ਿਲ ਹੈ। ਮਨ ਜ਼ਿੰਦਗੀ ਦਾ ਵਡਾ ਆਸਰਾ ਹੈ। ਜੇ ਸੋਹਣਾ ਸਿਹਤਮੰਦ ਹੋਵੇ ਤਾਂ ਸਾਨੂੰ ਮੰਜ਼ਲ ਉਤੇ ਲੈ ਜਾਏਗਾ। ਜੇ ਰੋਗੀ ਤੇ ਮਲੀਨ ਹੋਵੇ ਤਾਂ ਸਾਨੂੰ ਆਕੜ ਵਿਚ ਪਾ ਦੇਵੇਗਾ।

## ਕਾਫ਼ੀਆਂ, ਪੜਤਾਲ ਤੇ ਸੋਹਲੇ

ਗੁਰੂ ਰਾਮਦਾਸ ਜੀ ਨੇ ਕੇਵਲ ਦੋ ਕਾਫ਼ੀਆਂ ਲਿਖੀਆਂ। ਸਿਰਲੇਖ ਹੈ 'ਰਾਗ ਆਸਾ ਘਰੁ 8 ਕੇ ਕਾਫ਼ੀ ਮ: 4'। ਡਾ: ਮੋਹਨ ਸਿੰਘ ਕਾਫ਼ੀ ਨੂੰ ਰਾਗਣੀ ਮੰਨਦੇ ਹਨ ਪਰ ਇਸਦਾ ਵੇਰਵਾ ਜਾਂ ਰਾਗਾਂ ਨਾਲ ਠੀਕ ਸਬੰਧ ਨਹੀਂ ਸਥਾਪਤ ਕਰ ਸਕੇ। ਕਈ ਇਸ ਨੂੰ ਸਿੰਧੜਾ ਮੰਨਦੇ ਹਨ ਤੇ ਕਈਆਂ ਦਾ ਕਿਆਸ ਹੈ ਕਿ ਇਹ ਛੰਦ-ਪ੍ਰਬੰਧ ਹੈ। ਖੋਜ ਕੀਤਿਆਂ ਦੇਖਿਆ ਹੈ ਕਿ ਕਾਫ਼ੀਆਂ ਗਾਉਣਾ ਉਨ੍ਹਾਂ ਸੂਫ਼ੀ ਫਿਰਕਿਆਂ ਵਿਚ ਪ੍ਰਸਿਧ ਹੈ, ਜੋ ਸਰੂਰ ਵਿਚ ਨੱਚਣ ਨੂੰ ਆਪਣੇ ਸਾਧਨਾਂ ਦਾ ਅੰਗ ਸਮਝਦੇ ਹਨ। ਸੋ ਜਾਪਦਾ ਹੈ ਕਿ ਕਾਫ਼ੀ ਉਹ ਗੀਤ-ਕਾਵਿ ਹੈ ਜੋ ਸੂਫ਼ੀ ਗਾਈ ਜਾਂਦਾ ਹੈ ਅਤੇ ਨਾਲ ਨਾਲ ਨੱਚੀ ਜਾਂਦਾ ਹੈ। ਹਰ ਇਕ ਗੀਤ ਨਾਲ ਨਾਚ ਨਹੀਂ ਕੀਤਾ ਜਾ ਸਕਦਾ। ਇਹ ਨਿਤ-ਗੀਤ ਲਿਖੇ ਹੀ ਨਚ ਨਚ ਕੇ ਗਾਉਣ ਲਈ ਸਨ। ਨਾਚ ਦਰਵੇਸ਼ ਸੂਫੀਆਂ ਦੇ ਜੀਵਨ ਦਾ ਜ਼ਰੂਰੀ ਅੰਗ ਸੀ।* ਕਾਫ਼ੀ ਇਹ ਨ੍ਰਿਤ-ਗੀਤਾਂ ਦਾ ਹੀ ਇਕ ਰੂਪ ਹੈ, ਜੋ ਸਿੰਧ ਤੇ ਪੰਜਾਬ ਵਿਚ ਬੜਾ ਪ੍ਰਸਿਧ ਹੋਇਆ। ਇਸ ਦੀ ਛੰਦ-ਚਾਲ ਤ੍ਰਿਖੀ ਤੇ ਬੜੀ ਸਰਲ ਹੁੰਦੀ ਹੈ।

ਪੜਤਾਲ ਸਿਰਲੇਖ ਦਾ ਇਕ ਸ਼ਬਦ ਹੈ। ਇਸ ਦਾ ਅੰਰਥ ਹੈ ਪਰਤਾਓ ਤਾਲ ਭਾਵ ਜਿਸ ਦੇ ਗਾਉਣ ਵਿਚ ਤੁਕ ਤੁਕ ਤੇ ਤਾਲ ਪਰਤਦਾ ਜਾਂਦਾ ਹੋਵੇ, ਸੋ ਪੜਤਾਲ। ਇਹ ਛੰਦ-ਭੇਦ ਨਹੀਂ ਸੋਲਹੇ ਸੋਲਾਂ ਪਦਾਂ ਵਾਲੇ ਸ਼ਬਦ ਦਾ ਨਾਮ ਹੈ। ਗੁਰੂ ਰਾਮਦਾਸ ਜੀ ਦੇ ਸੋਲਹੇ ਬੜੇ ਸੁੰਦਰ ਛੰਦ ਪ੍ਰਬੰਧ ਵਿਚ ਲਿਖੇ ਹੋਏ ਹਨ। ਵਿਸ਼ੇਸ਼ ਰੂਪ ਚਿਤ੍ਰਕਲਾ ਅਰਥਾਤ ਘਨਕਲਾ ਹੈ। ਕੁਲ 61 ਜਾਂ 63 ਮਾਤ੍ਰਾਂ ਤਿਨ ਵਿਸ਼੍ਰਾਮ ਸੋਲਾਂ ਸੋਲਾਂ ਮਾਤ੍ਰਾਂ ਦੇ, ਪਰ ਚੌਥਾ ਪੰਦਰਾਂ ਜਾਂ ਤੇਰਾਂ ਤੇ। ਫੁਨਹੇ ਵਾਂਗ ਅੰਤਮ ਚਰਣ ਦੇ ਅਖੀਰ ਹੇ ਲਗਦਾ ਹੈ।

## ਇਤਿਹਾਸਕ ਕਵਿਤਾਵਾਂ

ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਵਿਚ ਇਤਿਹਾਸਕ ਰਚਨਾਵਾ ਲਿਆਉਣੋਂ ਖਾਸ ਸੰਕੋਚ ਕੀਤਾ ਹੈ, ਕਿਉਂਕਿ ਜਿੰਨਾਂ ਧਾਰਮਕ ਗ੍ਰੰਥਾਂ ਵਿਚ ਇਤਿਹਾਸ ਨੂੰ ਵਿਸ਼ੇਸ਼ ਥਾਂ ਦਿਤੀ ਉਨ੍ਹਾਂ ਵਿਚ ਸਰਗੁਣ ਪੂਜਾ ਤੇ ਪਿਤ੍ਰਾਂ ਪੂਜਣ ਦੀ ਰੁਚੀ ਪ੍ਰਬਲ ਰਹੀ। ਉਹ ਵਿਅਕਤੀ ਪੂਜਾ ਉਤੇ ਵਧੇਰੇ ਜ਼ੋਰ ਦਿੰਦੇ ਰਹੇ।

ਗੁਰੂ ਰਾਮਦਾਸ ਦੀ ਕਵਿਤਾ ਵਿਚ ਕੇਵਲ ਦੋ ਤਿੰਨ ਇਤਿਹਾਸਕ ਘਟਨਾਵਾਂ ਦਾ ਜ਼ਿਕਰ ਹੈ

---

*Dance is as essential as prayer (namaz) and fasting (roza) for a mature Sheikh and for a pure disciple. It is haram for those who are neitther of these. Allha is a complete pleasure and belief is a complete joy.

Dr. Annemarie Schimmel : The Heavenly Dance. Pakistan Quartely Vol. VIII. No. 2

Digitized by Panjab Digital Library | www.panjabdigilib.org

ਅਤੇ ਦੋਹਾਂ ਦੇ ਪਿਛੇ ਸੁਧਾਰਕ ਭਾਵ ਹਨ। ਆਪਣੇ ਮਿਸ਼ਨ ਦੇ ਪ੍ਰਚਾਰ ਲਈ ਗੁਰੂ ਅਮਰ ਦਾਸ ਜੀ ਤੀਰਥਾਂ ਉਤੇ ਗਏ।

**ਤੀਰਥ ਉਦਮ ਸਤਿਗੁਰ ਕੀਆ,**
**ਸਭ ਲੋਕ ਉਧਰਣ ਅਰਥਾ।**

ਜੋ ਟੈਕਸ ਯਾਤਰੂਆਂ ਉਤੇ ਲਗਦਾ ਸੀ ਸੋ ਨਾ ਲਗਾ। ਜੋ ਵੀ ਗੁਰੂ ਜੀ ਦਾ ਨਾਮ ਲੇਵਾ ਬਣਿਆਂ ਉਸ ਦਾ ਟੈਕਸ ਮੁਆਫ਼ ਹੋ ਗਿਆ।

ਗੁਰੂ ਅਰਜਨ ਦੇਵ ਜੀ ਨੂੰ ਗੁਰਗਦੀ ਦੇਣ ਸਮੇਂ ਜੋ ਪ੍ਰਿਥੀਏ ਨੇ ਵਿਵਾਦ ਖੜਾ ਕੀਤਾ ਉਹ ਵੀ ਇਕ ਸ਼ਬਦ ਵਿਚ ਅੰਕਿਤ ਹੈ ਅਤੇ ਅਵੈੜੇ ਪੁਤ੍ਰਾਂ ਦੀ ਰਹਨੁਮਾਈ ਲਈ ਬੜਾ ਸਿਖਿਆਦਾਇਕ ਹੈ:

**ਕਾਹੇ ਪੂਤ ਝਗਰਤ ਹਉ ਸੰਗਿ ਬਾਪ।**
**ਜਿਨਕੇ ਜਣੇ ਬਡੀਰੇ ਤੁਮ ਹਉ ਤਿਨ ਸਿਉ ਝਗਰਤ ਪਾਪ।**
**ਜਿਸੁ ਧਨ ਕਾ ਤੁਮ ਗਰਬੁ ਕਰਤ ਹਉ, ਸੋ ਧਨੁ ਕਿਸਹਿ ਨ ਆਪ।**
**ਖਿਨ ਮਹਿ ਛੋਡਿ ਜਾਇ ਬਿਖਿਆ ਰਸੁ ਤਉ ਲਾਗੈ ਪਛਤਾਪ।**
**ਜੋ ਤੁਮਰੇ ਪ੍ਰਭ ਹੋਤੇ ਸੁਆਮੀ ਹਰਿ ਤਿਨ ਕੇ ਜਾਪਹੁ ਜਾਪ।**
**ਉਪਦੇਸ ਕਹਤ ਨਾਨਕ ਜਨ ਤੁਮ ਕਉ ਜਉ ਸੁਨਹੁ ਤਉ ਜਾਇ ਸੰਤਾਪ।**

ਪਰ ਪ੍ਰਿਥੀਏ ਉਤੇ ਇਸ ਉਪਦੇਸ਼ ਦਾ ਅਸਰ ਨਾ ਹੋਇਆ। ਹੋਰ ਕੁਛ ਇਤਿਹਾਸਕ ਵਿਅਕ-ਤੀਆਂ ਦੇ ਜੀਵਨ ਉਤੇ ਟੂਕ ਮਾਤ੍ਰ ਵਿਚਾਰਾਂ ਹਨ, ਇਹ ਸਪਸ਼ਟ ਕਰਨ ਲਈ ਕਿ ਨੀਚ ਜਾਤਿ ਵਿਚ ਵੀ ਪ੍ਰਭੂ ਭਗਤੀ ਰਾਹੀਂ ਉਚੀ ਤੋਂ ਉਚੀ ਪਦਵੀ ਪ੍ਰਾਪਤ ਕੀਤੀ ਜਾ ਸਕਦੀ ਹੈ। ਗੁਰੂ ਰਾਮਦਾਸ ਦੀ ਬਾਣੀ ਵਿਚ ਇਤਿਹਾਸਕ ਹਵਾਲੇ ਜਾਂ ਪੁਰਾਣਕ ਕਥਾਵਾਂ ਦੇ ਹਵਾਲੇ ਬਹੁਤ ਘਟ ਹਨ।

## ਪਿਆਰ ਤੇ ਸੁੰਦਰਤਾ ਦਾ ਅਨੁਭਵ

ਗੁਰੂ ਰਾਮਦਾਸ ਜੀ ਦੀ ਸਾਰੀ ਬਾਣੀ ਪ੍ਰਚੰਡ ਪ੍ਰੇਮ ਦੀ ਅਖੰਡ ਗਾਥਾ ਹੈ। ਪ੍ਰੇਮ ਉਨ੍ਹਾਂ ਦੀ ਸਾਧਨਾਂ ਹੈ, ਪ੍ਰੇਮ ਉਨ੍ਹਾਂ ਦੀ ਬਿਰਹੀ ਕਾਮਨਾਂ ਹੈ, ਪ੍ਰੇਮ ਉਨ੍ਹਾਂ ਦੀ ਆਤਮਾਂ ਦੀ ਆਵਾਜ਼ ਹੈ। ਪ੍ਰੇਮ ਹੀ ਉਨ੍ਹਾਂ ਦੀ ਇਸ਼ਟ ਮੂਰਤੀ ਹੈ।

ਸ਼ੇਖ ਫਰੀਦ ਦੇ ਬਿਰਹੇ ਵਿਚ ਇਕ ਡੂੰਘੀ ਨਿਰਾਸ਼ਤਾ ਦੀ ਪੀੜ ਹੈ। ਪਿਆਰੇ ਨੂੰ ਉਡੀਕ ਉਡੀਕ ਬੁਢੇਪਾ ਆ ਗਿਆ ਹੈ। ਪ੍ਰੀਤਮ ਦੇ ਕਦਮਾਂ ਦੀ ਆਹਟ ਸੁਣਨ ਦੀ ਰੀਝ ਵਿਚ ਕੰਨ ਟੀਣੇ ਹੋ ਗਏ ਹਨ। ਤੇ ਤ੍ਰਿਸ਼ਨਾਂ ਰੂਪੀ ਕਾਂ ਨੇ ਮਾਸ ਵੀ ਸਾਰਾ ਖਾ ਲਿਆ ਹੈ, ਤੇ ਬੜੀ ਨਿਰਾਸ ਦਸ਼ਾ ਵਿਚ ਆਸ ਰਖਦੇ ਹੋਏ ਫਰੀਦ ਜੀ ਕਹਿੰਦੇ ਹਨ:—

**"ਏ ਦੁਇ ਨੈਨਾਂ ਮਤਿ ਛੁਹਉ ਪਿਰ ਦੇਖਨ ਕੀ ਆਸ।"**
**ਕਾਗਾ ਚੂੰਡਿ ਨਾ ਪਿੰਜਰਾ ਬਸੈ ਤਾ ਉਡਰਿ ਜਾਹਿ।**
**ਜਿਤੁ ਪਿੰਜਰ ਮੇਰਾ ਸਹੁ ਵਸੈ ਮਾਸੁ ਨ ਤਿਦੂ ਖਾਹਿ।**

ਗੁਰੂ ਰਾਮਦਾਸ ਦੇ ਆਸ ਉਡੀਣੇ ਪ੍ਰੇਮ ਵਿਚ ਬਿਰਹੀ ਵਿਆਕੁਲਤਾ ਦਾ ਰੂਪ ਰਸ ਰੰਗ ਹੈ। ਬਸੰਤਰੁ ਤ ਦੇ ਟਹਿ-ਲਹਾਂਦੇ ਖੇੜੇ ਵਿਚ ਉਨ੍ਹਾਂ ਨੂੰ ਪ੍ਰੀਤਮ ਦੀ ਯਾਦ ਆਉਂਦੀ ਹੈ। ਇਹ ਯਾਦ

Digitized by Panjab Digital Library | www.panjabdigilib.org

ਤਨ ਮਨ ਵਿਚ ਤੀਬਰ ਬਿਰਹੇ ਦੀ ਜੁਆਲਾ ਜਗਾ ਦਿੰਦੀ ਹੈ । ਬੇਬਸ ਹੀ ਸਿਕ ਸਧਰਾਂ ਤੇ ਵਿਯੋਗ ਪੁਕਾਰਾਂ ਨਿਕਲ ਪੈਂਦੀਆਂ ਹਨ । ਮਿੱਠੇ ਪ੍ਰਭਾਤ ਦੀਆਂ ਕਿਰਨਾਂ ਉਡੀਕ ਰਹੀ ਭੌਰ ਥੀਂ ਆਪਣਾ ਆਪ ਲੁਟਾ ਦਿੰਦੀਆਂ ਹਨ । ਕੰਤ ਕਿਰਪਾਲ ਦੇ ਪ੍ਰੇਮ ਵਿਚ ਰੀਝੇ ਰਹਿਣ ਦੀ ਤਾਂਘ ਤੇ ਇਸ ਤਾਂਘ ਵਿਚ ਰੀਝੇ ਰਹਿਣ ਦੀਆਂ ਤੀਬਰ ਹੂੱਕਾਂ ਵਿਉਂ ਪੁਕਾਰ ਉਠਦੀਆਂ ਹਨ :—

ਮੈਂ ਪ੍ਰੇਮ ਨਾ ਚਾਖਿਆ ਮੇਰੇ ਪਿਆਰੇ ਭਾਉ ਕਰੇ
ਮਨ ਤ੍ਰਿਸ਼ਨਾ ਨਾ ਬੁਝੀ ਮੇਰੇ ਪਿਆਰੇ ਨਿਤ ਆਸ ਕਰੇ
ਨਿਤ ਜੋਬਨੁ ਜਾਵੈ ਮੇਰੇ ਪਿਆਰੇ ਜਮ ਸਾਸ ਹਿਰੇ
ਪਿਰ ਰਤਿਅੜੇ ਮੈਂਡੇ ਲੋਇਣ ਮੇਰੇ ਪਿਆਰੇ ਚਾਤ੍ਰਿਕ ਬੂੰਦ ਜਿਵੇ
ਮਨ ਸੀਤਲੁ ਹੋਆ ਮੇਰੇ ਪਿਆਰੇ ਹਰਿ ਬੂੰਦ ਪੀਵੈ ।
ਤਨਿ ਬਿਰਹੁ ਜਗਾਵੈ ਮੇਰੇ ਪਿਆਰੇ ਨੀਦ ਨ ਪਵੈ ਕਿਵੈ
ਚੜ ਚੇਤੁ ਬਸੰਤੁ ਮੇਰੇ ਪਿਆਰੇ ਭਲੀਅ ਰੁਤੇ ।
ਪਿਰ ਬਾਝੜਿਹੁ ਮੇਰੇ ਪਿਆਰੇ ਆਂਗਣਿ ਧੂੜ ਲੁਤੇ
ਮਨ ਆਸ ਉਡੀਣੀ ਮੇਰੇ ਪਿਆਰੇ ਦੁਇ ਨੈਨ ਜੁਤੇ ।

ਗੁਰੂ ਸਾਹਿਬ ਦੇ ਬਿਰਹੇ ਵਿਚ ਵਿਛੋੜੇ ਦੀ ਕਾਂਗ ਹੈ, ਤ ਵੇਦਨਾ ਹੈ, ਪਰ ਇਸ ਵਿਚ ਨਿਰਾਸਤਾ ਤੇ ਗਮ ਦਾ ਧੂਆਂ ਕਦੀ ਨਹੀਂ ਧਖਦਾ । ਉਨਾ ਦਾ ਪ੍ਰੀਤਮ ਵੀ ਉਨ੍ਹਾਂ ਨੂੰ ਮਿਲਣ ਲਈ ਉਤਨਾ ਹੀ ਬਿਹਬਲ ਰਹਿੰਦਾ ਹੈ, ਜਿਨ੍ਹਾਂ ਉਹ ਆਪ । ਪਿਛਲੇ ਸ਼ਬਦ ਵਿਚ ਜਦ ਉਹ ਪ੍ਰੀਤਮ ਲਈ ਚਾਤ੍ਰਿਕ ਪੁਕਾਰ ਹਨ ਤਾਂ ਉਨਾਂ ਨੂੰ ਦਰਸ਼ਨ ਹੋ ਜਾਂਦੇ ਹਨ :

"ਹਰਿ ਸਜਣ ਲਧਾ ਮੇਰੇ ਪਿਆਰੇ ਨਾਨਕ ਗੁਰੁ ਲਿਵੇ ।
ਗੁਰੁ ਨਾਨਕੁ ਦੇਖਿ ਵਿਗਸੀ ਮੇਰੇ ਪਿਆਰੇ ਜਿਉਂ ਮਾਤ ਸੁਤੇ ।"

ਉਨ੍ਹਾਂ ਨੂੰ ਸਜਣ ਲਭ ਪਿਆ ਤੇ ਸਜਣ ਉਹਨਾਂ ਨੂੰ ਮਿਲ ਕੇ ਬੇਹਦ ਖੁਸ਼ ਹੋਇਆ । ਸੋ ਗੁਰੂ ਸਾਹਿਬ ਦੇ ਪ੍ਰੇਮ ਵੈਰਾਗ ਤੇ ਸਿੱਕ ਸਧਰਾਂ ਦਰਸ ਹੁਲਾਸ ਦੇ ਉਮਾਹ ਵਿਚ ਲੀਨ ਹੋ ਜਾਂਦੀਆਂ ਹਨ । ਦਿਲ ਦਾ ਅਨਹਤ ਨਾਦ ਵਿਗਾਸ ਦੇ ਰੂਹਾਨੀ ਆਲਮ ਵਿਚ ਗੂੰਜ ਉਠਦਾ ਹੈ ।

ਗੁਰੂ ਸਾਹਿਬ ਦੀ ਕਵਿਤਾ ਦੇ ਬਾਣ, ਕਲੇਜਿਆਂ ਨੂੰ ਵਿੰਨਦੇ ਹਨ ਅਤੇ ਨਾਲ ਨਾਲ ਜ਼ਖਮਾਂ ਨੂੰ ਮਲ੍ਹਮ ਲਾ ਕੇ ਜ਼ਖਮ ਭਰੀ ਜਾਂਦੇ ਹਨ । ਉਨ੍ਹਾਂ ਦਾ ਪ੍ਰਦੀਪਤ ਹਿਰਦਾ ਐਸੇ ਰਸ-ਜੋਤ-ਜਲਵੇ ਦਾ ਚਸ਼ਮਾਂ ਹੈ, ਜਿਸ ਵਿਚੋਂ ਪਿਆਰ ਦੀ ਰਸ-ਫੁਹਾਰ ਨਿਰੰਤਰ ਪੈ ਰਹੀ ਹੈ । ਗੁਰੂ ਸਾਹਿਬ ਦੇ ਸਾਢੇ ਛੀ ਸੌ ਸ਼ਬਦਾਂ ਵਿਚ ਦੋ ਹਜ਼ਾਰ ਤੋਂ ਵਧੇਰੇ ਵਾਰ 'ਪਿਆਰ' ਦੀ ਵਰਤੋਂ ਕੀਤੀ । ਹੈ ਪ੍ਰੇਮ ਦੀ ਅਕਥ ਕਹਾਣੀ ਸੁਣਨ ਲਈ ਉਨਾਂ ਦਾ ਦਿਲ ਹਮੇਸ਼ਾਂ ਵਿਆਕੁਲ ਰਹਿੰਦਾ ਹੈ :—

ਅਕਥ ਕਹਾਣੀ ਪ੍ਰੇਮ ਕੀ ਕੋ ਪ੍ਰੀਤਮ ਆਖੈ ਆਇ ।
ਤਿਸ ਦੇਵਾਂ ਮਨ ਆਪਣਾ ਨਿਵ ਨਿਵ ਲਾਗਾ ਪਾਇ । ਮ 4, :5: 759

"ਪ੍ਰੀਤਮ ਨੂੰ ਮਿਲਣ ਲਈ ਉਹ ਤਨ ਮਨ ਕਟ ਕੇ ਅਰਪਨ ਨੂੰ ਤਿਆਰ ਹਨ, ਆਪਣਾ ਆਪ ਕੁਰਬਾਨ ਕਰਨ ਨੂੰ ਤਿਆਰ ਹਨ । ਉਸ ਦੇ ਚਰਨਾਂ ਤਲੇ ਅੱਖੀਆਂ ਵਿਛਾਉਣ ਨੂੰ ਤਿਆਰ ਹਨ । ਹਨ ਚਾਹੇ ਉਹ ਪਾਸ ਬਹਾਲੇ, ਚਾਹੇ ਨਾਰਾਜ਼ ਹੋ ਜਾਵੇ, ਉਨ੍ਹਾਂ ਨੇ ਤਾਂ ਪਿਆਰ ਹੀ ਕਰੀ ਜਾਣਾ ਹੈ । ਚਾਹੇ ਲੋਕ ਉਸ ਦੇ ਪ੍ਰੀਤਮ ਦੀ ਉਸਤਤ ਕਰਨ ਚਾਹੇ ਨਿੰਦਿਆ,

Digitized by Panjab Digital Library | www.panjabdigilib.org

ਉਹ ਆਪਣੇ ਪੀਤਮ ਨੂੰ ਨਹੀਂ ਛਡ ਸਕਦੇ । ਚਾਹੇ ਪ੍ਰੀਤਮ ਸਮੁੰਦ ਸਾਗਰ ਜਿੰਨੀ ਦੂਰੀ ਹੋਵੇ, ਚਾਹੇ, ਝਖੜ ਝਾਂਗੀ ਮੀਂਹ ਵਰਸੇ, ਚਾਹੇ ਪਾਲਾ ਕੱਕਰ ਬਰਫ ਵਰਸੇ ਗੁਰੂ ਰਾਮਦਾਸ ਜੀ ਆਪਣੇ ਪ੍ਰੀਤਮ ਨੂੰ ਮਿਲੇ ਬਗੈਰ ਨਹੀਂ ਰਹਿ ਸਕਦੇ ।" (ਸੂਹੀ ਮ: 4 ਅਸਟ: 5 : 758)

ਗੁਰੂ ਰਾਮਦਾਸ ਦਾ ਸੁੰਦਰਤਾ ਦਾ ਅਨੁਭਵ ਉਨ੍ਹਾਂ ਦੇ ਪਿਆਰ ਦੇ ਅਨੁਭਵ ਨਾਲ ਸਬੰਧਤ ਹੈ । ਉਨ੍ਹਾਂ ਦਾ ਪਿਆਰਾ, ਸੁੰਦਰ, ਮਨਮੋਹਨ, ਰੀਸਾਲ ਸੂਰਜਾਂ ਦਾ ਸੂਰਜ ਅਰ ਸਭ ਚੰਨਾਂ ਦਾ ਚੰਦ੍ਰਮਾ ਹੈ :

**ਮੇਰੋ ਸੁੰਦਰ ਕਹਹੁ ਮਿਲੈ ਕਿਤ ਗਲੀ**
**ਲਟੁਰੀ ਮਧੁਰੀ ਠਾਕੁਰ ਭਾਈ ਓਹ ਸੁੰਦਰ ਹਰਿ ਢੁਲਿ ਮਿਲੀ**

ਉਸ ਦੀ ਅਪਾਰ ਸੁੰਦਰਤਾ ਸੂਰਜ ਦੀਆਂ ਕਿਰਨਾਂ ਵਾਂਗ ਸਾਰੀ ਮਾਨਵ ਜਾਤੀ ਵਿਚ ਪਸਰੀ ਹੋਈ ਹੈ :

ਉਸਦੀ ਸੁੰਦਰਤਾ ਜਦ ਹਿਰਦੇ ਵਿਚ ਰੂਪਮਾਨ ਹੁੰਦੀ ਹੈ ਤਾਂ ਸਚ ਗਿਆਨ ਦਾ ਪ੍ਰਕਾਸ਼ ਹੁੰਦਾ ਹੈ । ਉਸ ਅਪਾਰ ਸੁੰਦਰਤਾ ਦੀ ਜੋਤ ਅੰਦਰ ਪ੍ਰਗਟ ਹੋ ਜਾਂਦੀ ਹੈ, ਤੇ ਪਿਆਰ ਦੀ ਸਹਿਜ ਸਮਾਧੀ ਵਿਚ ਪਿਆਰੇ ਨਾਲ ਸਦੀਵੀ ਮਿਲਾਪ ਹੋ ਜਾਂਦਾ ਹੈ ।

**ਮਤਿ ਪ੍ਰਗਾਸ ਭਈ ਹਰਿ ਧਿਆਇਆ ਗਿਆਨਿ ਤਤਿ ਲਿਵ ਲਾਇ ।**
**ਅੰਤਰ ਜੋਤਿ ਪ੍ਰਗਟੀ ਮਨ ਮਾਨਿਆ ਹਰਿ ਸਹਿਜ ਸਮਾਧਿ ਲਗਾਇ ।**

ਹੀਗਲ ਨੇ ਠੀਕ ਆਖਿਆ ਹੈ : "beauty is the spiritual making itself know sensuously" 'ਆਤਮ ਸ਼ਕਤੀ ਦਾ ਗਿਆਨ ਇੰਦ੍ਰਿਆਂ ਰਾਹੀਂ ਪ੍ਰਗਟਾਉ ਹੀ ਯਥਾਰਥ ਸੁੰਦਰਤਾ ਹੈ ।

ਸੁੰਦਰਤਾ ਆਤਮਕ ਪਵਿਤ੍ਰਤਾ ਦੀ ਰੂਪ ਝਲਕ ਹੈ । ਇਹ ਵਿਚਾਰ ਗੁਰੂ ਸਾਹਿਬ ਦਾ ਅਤੇ ਅਫਲਾਤੂਨ (Plato) ਦਾ ਸਾਂਝਾ ਹੈ । ਪਲੈਟੋ ਕਹਿੰਦਾ ਹੈ "ਜੇ ਆਦਮੀ ਪਾਸ ਉਹ ਦਿੱਬ ਅੱਖੀਆਂ ਹੋਣ ਜਿਨ੍ਹਾਂ ਨਾਲ ਓਹ ਯਥਾਰਥ ਸੁੰਦਰਤਾ, ਨਿਰਮਲ ਦੈਵੀ ਸੁੰਦਰਤਾ ਦੇਖ ਸਕਣ, ਬਿਨਾਂ ਮਾਨਸਕ ਭਰਮਾਂ, ਅਪਵਿਤ੍ਰ ਤੇ ਹੋਛੇ ਵਿਚਾਰਾਂ ਦੇ ਧੁੰਧਲੇਪਣ ਦੇ ਅਤੇ ਉਸ ਸੁੰਦਰਤਾ ਨਾਲ ਇਕਮਿਕਤਾ ਪ੍ਰਾਪਤ ਕਰਕੇ ਉਸ ਨਾਲ ਪੂਰੀ ਸਾਂਝ ਤੇ ਅਭਦਤਾ ਪ੍ਰਾਪਤ ਕਰ ਸਕਣ, ਅਤੇ ਅਸਲੀ ਰੂਪ ਵਿਚ ਰਸਿਕਤਾ ਦੇ ਗੁਣ ਪ੍ਰਾਪਤ ਕਰ ਸਕਣ ਨਾ-ਕੇਵਲ ਉਸਦਾ ਬੁੱਤ ਹੀ ਤਕਣ ਤਾਂ ਐਸੀ ਦਿੱਬ ਦ੍ਰਿਸਟੀ ਰਾਹੀਂ ਉਹ ਆਪਣੇ ਅੰਦਰੋਂ ਯਥਾਰਥ ਸੁੰਦਰਤਾ ਤੇ ਕੋਮਲ ਹੁਨਰ ਪ੍ਰਗਟਾ ਸਕਦੇ ਹਨ । ਇਉਂ ਉਹ ਈਸ਼ਵਰ ਦੇ ਸਚੇ ਮਿਤ੍ਰ ਤੇ ਪ੍ਰਾਣ ਸਖੇ ਬਣ ਸਕਦੇ ਹਨ । ਇਉਂ ਉਹ ਆਪ ਅਮਰ ਹੋ

Digitized by Panjab Digital Library | www.panjabdigilib.org

ਜਾਂਦੇ ਹਨ। ' *ਭਾਈ ਗੁਰਦਾਸ ਜੀ ਇਸ ਅਨੁਭਵ ਦਾ ਇਉਂ ਵਰਣਨ ਕਰਦੇ ਹਨ :

ਦਰਸ਼ਨ ਜੋਤਿ ਕੋ ਉਦੋਤ ਅਸਚਰਜ ਮੈਂ,
ਤਾਂ ਮੈਂ ਤਿਲ ਛਬਿ ਪਰਮਦ ਭੁਤ ਛਕਿ ਹੈ।
ਦੇਖਬੇ ਕੋ ਦ੍ਰਿਸ਼ਟਿ ਨ ਸੁਨਬੇ ਕੋ ਸੁਰਤਿ ਹੈ
ਕਹਿਬੇ ਕੋ ਜਿਹਵਾ ਨ ਗਿਆਨ ਮੈਂ ਉਕਤਿ ਹੈ।
ਸੋਭਾ ਕੋਟਿ ਸੋਭ ਲੋਭ ਲੁਭਿਤ ਹੈ
ਲੋਟ ਪੋਟ ਜਗ ਮਗ ਜੋਤਿ ਕੋਟਿ ਓਟ ਲੈ ਛਿਪਤ ਹੈ।
ਅੰਗ ਅੰਗ ਪੇਖ ਮਨ ਮਨਸਾ ਥਕਤ ਭਈ,
ਨੇਤਿ ਨੇਤਿ ਨਮੋ ਨਮੋ ਅਤਿ ਹੂ ਤੇ ਅਤਿ ਹੈ।

(ਭਾਈ ਗੁਰਦਾਸ)

ਏਸੇ ਹੀ ਪ੍ਰੇਮ ਅਨੰਦ ਸੁੰਦਰਤਾ ਨੂੰ ਅਨੁਭਵ ਕਰਕੇ ਗੁਰੂ ਰਾਮਦਾਸ ਜੀ ਕਹਿੰਦੇ ਹਨ :

ਹਰਿ ਪ੍ਰੇਮਿ ਕਸਾਈ ਦਿਨਸੁ ਰਾਤ ਹਰਿ ਰਤੀ ਹਰਿ ਰੰਗ ਚੋਲੇ।
ਹਰਿ ਜੈਸਾ ਪੁਰਖੁ ਨ ਲਭਈ, ਸਭ ਦੇਖਿਆ ਜਗਤ ਮੈ ਟੋਲੇ।

## ਬਲੀ ਤੇ ਕਾਵ ਸ਼ੈਲੀ

ਕਿਸੇ ਨੇ ਗੁਰੂ ਸਾਹਿਬ ਤੋਂ ਪੁਛਿਆ ਸੀ ਕਿ ਸੰਸਕ੍ਰਿਤ ਵਿਚ ਰਚੀ ਬਾਣੀ ਅਤੇ ਮਾਤਭਾਸ਼ਾ ਪੰਜਾਬੀ ਵਿਚ ਰਚੀ ਬਾਣੀ ਦਾ ਕੀ ਫਰਕ ਹੈ, ਤਾਂ ਗੁਰੂ ਸਾਹਿਬ ਨੇ ਉਤਰ ਦਿਤਾ ਸੀ ਕਿ ਸੰਸਕ੍ਰਿਤ ਦੀ ਰਚਨਾਂ ਖੂਹ ਦੇ ਪਾਣੀ ਨਿਆਈਂ ਹੈ, ਜਿਸ ਨੂੰ ਕਢਣ ਲਈ ਦੋ ਬਲਦ, ਤੇ ਇਕ ਦੋ ਆਦਮੀਆਂ ਦੇ ਬਾਹੂ ਬਲ ਦੀ ਲੋੜ ਪੈਂਦੀ ਹੈ। ਪਰ ਪੰਜਾਬੀ ਜਾਂ ਲੋਕ-ਭਾਸ਼ਾ ਦੀ ਰਚਨਾਂ ਮੀਂਹ ਨਿਆਈਂ ਹੈ, ਜੋ ਨਿਰਜਤਨ ਸਭ ਨੂੰ ਪਾਣੀ ਪੁਚਾਉਂਦਾ ਹੈ।

ਗੁਰੂ ਨਾਨਕ ਦੇਵ ਦੀ ਬੋਲੀ ਵਿਚ ਸੰਤ ਭਾਖਾ ਤੇ ਅਪਭ੍ਰੰਸ਼ ਦੀ ਮਿਲਾਵਟ ਕਾਫ਼ੀ ਹੈ। ਗੁਰੂ ਅਮਰਦਾਸ ਜੀ ਦੀ ਬਾਣੀ ਉਤੇ ਵੈਸ਼ਨਵ ਭਗਤਾਂ ਦੀਆਂ ਰਚਨਾਵਾਂ ਦਾ ਪ੍ਰਭਾਵ ਸਪਸ਼ਟ ਹੈ। ਪਰ ਗੁਰੂ ਰਾਮਦਾਸ ਜੀ ਦੀ ਬੋਲੀ ਨਿਰੋਲ ਤੇ ਸੁਧ ਪੰਜਾਬੀ ਹੈ। ਗੁਰੂ ਅਰਜਨ ਤੇ ਭਾਈ ਗੁਰਦਾਸ

---

*If man had eyes to see the true beauty, the divine beauty, I means purest and unalloyed and clear, nor clogged with the pollution of mortality and all the colours of vanities of human life......thither looking and holding converse with true beauty divine and simple and bringing into being and educating true creations of virtue and not idols only ? Do you not see that in that communion only, beholding beauty with the eye of the mind, he will be enabled to bring forth, not images of beauty but of reality, and bring forth and educating true virtue to become the friend of God and be immortal.

Plato: Symposium.

Digitized by Panjab Digital Library | www.panjabdigilib.org

ਵਿਚ ਪੰਜਾਬੀ ਅ ਬ੍ਰਿਜ ਭਾਖਾ ਬਿਲਕੁਲ ਨਿਖੜ ਜਾਂਦੀਆਂ ਹਨ ਅਤੇ ਗੁਰੂ ਗੋਬਿੰਦ ਸਿੰਘ ਦੇ ਸਮੇਂ ਨਿਖੜ ਗਈਆਂ।

ਗੁਰੂ ਰਾਮਦਾਸ ਜੀ ਦਾ ਸਬਦ-ਭੰਡਾਰ ਬੜਾ ਵਸੀਹ ਹੈ। ਉਨ੍ਹਾਂ ਦੀ ਬੋਲੀ ਉਸ ਸਮੇਂ ਦੀ ਸ਼ੁਧ ਲਾਹੌਰੀ ਆਖੀ ਜਾ ਸਕਦੀ ਹੈ। ਭਾਈ ਗੁਰਦਾਸ ਦੀਆਂ ਵਾਰਾਂ ਦੀ ਬੋਲੀ ਅਤੇ ਪਿਛੋਂ ਦੀ ਸਾਹਿਤਕ ਬੋਲੀ ਦਾ ਨਿਰਮਾਣ ਏਸੇ ਤੋਂ ਹੀ ਹੋਇਆ। ਉਨ੍ਹਾਂ ਦੀ ਬੋਲੀ ਵਿਚ ਸਰਲਤਾ ਤੇ ਆਪ-ਮੁਹਾਰਾਪਣ ਹੱਦ ਦਰਜੇ ਦਾ ਹੈ। ਇਸ 'ਵਚ ਸੰਸਕ੍ਰਿਤ ਦੇ ਉਹ ਸ਼ਬਦ ਹਨ ਜੋ ਪੰਜਾਬੀ ਵਿਚ ਘੁਲ ਮਿਲ ਗਏ ਸਨ, ਹੋਰ ਵਾਧੂ ਨਹੀਂ।

## ਸੰਸਕ੍ਰਿਤ ਦੇ ਤਤਸਮ ਅਤੇ ਅਰਧ ਤਤਸਮ ਸ਼ਬਦ

**ਤਤਸਮ ਸ਼ਬਦ :** ਕੇਸਰ, ਤਿਲਕ, ਪਾਟ ਪਟੰਬਰ, ਅੰਬਰ, ਨਖ, ਓਦਰ, ਕੰਠ, ਤਰਵਰ, ਦੀਪਕ, ਜਗਦੀਸ਼, ਰੰਗ, ਨਾਥ, ਸੁਤ, ਸਿਧ, ਸਾਧਕ, ਕਾਮ, ਕ੍ਰੋਧ, ਮਦ, ਲੋਭ, ਮੋਹ, ਗਤਿ, ਰਸ, ਜੜ, ਕੁਲ, ਗਜ, ਤੁਰੰਗ, ਖਗ, ਰਵ, ਮਨੋਰਥ, ਨੈਨ, ਮੀਨ, ਨੀਰ, ਗੰਭੀਰ, ਕਮਲ, ਸਲਿਲ ਉਤਸ਼ਾਹ, ਉਧਾਰ, ਅਗਿਆਨ, ਉਪਚਾਰ, ਤ੍ਰਾਸ, ਲਲਾਟ, **ਅਨਾਦਿ, ਅਨੂਪ, ਅਨੰਤ**, ਨਿਰਾਕਾਰ, ਗਗਨ, ਗੋਪਾਲ, ਪਵਨ, ਸਰੋਵਰ, ਨਿਰੰਤਰ, ਆਸਾ, ਮਨਸਾ।

**ਅਰਧ ਤਤਸਮ ਸ਼ਬਦ :** ਉਹ ਹਨ ਜਿਨ੍ਹਾਂ ਦੇ ਪੰਜਾਬੀ ਉਚਾਰਨ ਵਿਚ ਥੋੜਾ ਮੂਲ ਸ਼ਬਦ ਨਾਲੋਂ ਫਰਕ ਪੈ ਗਿਆ ਹੈ ਜਿਵੇਂ : ਦਰਪਨ, ਦੁਰਮਤਿ, ਬਿਲਮ, ਕਰਤਾਰ, ਥਾਨ, ਧਰਮ, ਪਰਜਾ, ਪਰਤੀਤ, ਮਿਰੰਗ, ਮਰਮ, ਕਿਰਪਾ, ਗਾਹਕ, ਨਿਹਕਾਮ, ਪਰਤਾਪ, ਲਛਮੀ, ਇਸ਼ਨਾਨ, ਪਦਾਰਥ।

**ਤਤਸਮ ਸਹਚਰ ਸ਼ਬਦ :** ਅਗਮ-ਅਗੋਚਰ, ਗਿਆਨ-ਧਿਆਨ, ਸੁਦ-ਤਾਰਾ, ਪੁਤਰ-ਕਲਤਰ, ਰੰਗ-ਰੂਪ।

**ਤਦਭਵ ਸ਼ਬਦ :** ਅੰਧਿਆਰ, ਅਖਾੜਾ, ਅਚਰਜ, ਅਜ, ਅਧਾ, ਅਪੁਠੀ, ਕਾਠ, ਕਾਜ, ਤੁਠਾ, ਜੂਠ ਆਦਿ।

**ਫਾਰਸੀ ਪ੍ਰਭਾਵ :** ਫਾਰਸੀ ਪ੍ਰਭਾਵ ਉਤਨਾਂ ਹੀ ਹੈ ਜਿਨ੍ਹਾਂ ਕੁ ਉਸ ਸਮੇਂ ਦੀ ਆਮ ਪੰਜਾਬੀ ਉਤੇ ਪੈ ਚੁਕਾ ਸੀ। ਉਨ੍ਹਾਂ ਦਾ ਉਚਾਰਣ ਵੀ ਉਹੀਓ ਹੈ ਜੋ ਪੰਜਾਬ ਵਿਚ ਪ੍ਰਚਲਤ ਸੀ। ਫਾਰਸੀ ਬੋਲੀ ਜਾਂ ਫਾਰਸੀ ਸਾਹਿਤ ਦਾ ਸਿਧਾ ਪ੍ਰਭਾਵ ਕੋਈ ਨਹੀਂ। ਕੇਵਲ ਪੰਜਾਬੀ ਵਿਚ ਰਚੇ-ਮਿਚੇ ਸ਼ਬਦ ਮਿਲਦੇ ਹਨ :—

ਪਾਤਸ਼ਾਹ, ਮਹਲ, ਬੇਪਰਵਾਹ, ਸਾਹਿਬ, ਅਰਦਾਸ, ਮਿਲਖ, ਗਰੀਬ, ਬਖਸੀਸ਼, ਲਸ਼ਕਰ, ਕਤੇਬ, ਜ਼ੋਰ, ਜੁਲਮ, ਮਸਤ, ਪੀਰ, ਫ਼ੁਰਮਾਨ, ਰਿਜ਼ਕ, ਖਾਕ, ਮਿਹਰ, ਮੁਸ਼ਕਲ, **ਕੁਰਬਾਨੀ**, ਦਾਮ, ਖੁਆਰੀ, ਕਰਮ, ਲਾਲ, ਚੁਗਲ, ਦਰ, ਦਲਾਲ, ਦੀਬਾਨ, ਰਾਹ, ਅੰਦੇਸਾ, ਦਰਦ, ਸਰਮ, ਨਾਪਾਕ, ਬਦਦੁਆਇ ਫਰਮਾਇਸ਼।

**ਅਰਬੀ ਦੇ ਸ਼ਬਦ :** ਅਮਲ, ਅਸਲ, ਜਵਾਬ, ਅਕਲ, ਖਰਚ, ਖਾਲੀ, ਗਰਜ਼, ਜਹਾਜ਼।

**ਲਹਿੰਦੀ ਦਾ ਪ੍ਰਭਾਵ :** ਲਹਿੰਦੀ ਦਾ ਪ੍ਰਭਾਵ ਗੁਰੂ ਸਾਹਿਬ ਦੀ ਕਵਿਤਾ ਉਤੇ ਬਹੁਤ ਘਟ ਹੈ ਪਰ ਕਈ ਲਹਿੰਦੀ ਦੇ ਸ਼ਬਦ ਮਿਲਦੇ ਹਨ :

Digitized by Panjab Digital Library | www.panjabdigilib.org

ਮੂੰ; ਪਿਰੀਆ, ਮੈਂਡਾ, ਵਿਟਉ, ਘਣਾ, ਕੀਤੋ, ਭੋਰੀ, ਭਾਹ, ਗਾਲੀਂ, ਬਿਆ, ਕੂ, ਪੇਈਅੜੇ, ਸਾਹੁਰੜੇ, ਮੰਤਾਰ, ਮੁੰਧ ।

**ਪਰਿਵਾਰਕ ਵਾਤਾਵਰਣ ਦੇ ਸ਼ਬਦ** : ਦਾਰਾ, ਬਨਿਤਾ, ਜਨਨੀ, ਮਾਤ, ਪਿਤਾ, ਦੇਵਰ, ਜੇਠ, ਵਿਆਹ, ਲਾਵਾਂ, ਫੇਰੇ, ਬਾਬਲ, ਜੰਞ, ਪੇਵਕੜੇ, ਦਾਜ, ਸੋਹਾਗਣੀ।

**ਰਤਨ ਜਵਾਹਰਾਤ** : ਰਤਨ, ਲਾਲ, ਜਵੇਹਰ, ਸੋਨਾ, ਲਾਲ, ਮਾਣਕ, ਮੋਤੀ, ਹੀਰਾ ।

**ਵਿਵਹਾਰਿਕ ਤੇ ਸਮਾਜਿਕ ਜੀਵਨ ਦੇ ਸ਼ਬਦ** : ਕ੍ਰਿਸਾਣੀ, ਸਉਦਾਗਰ, ਸਉਦਾ, ਸੂਦ, ਘੋੜੇ, ਰਥ, ਵਣਜਾਰਾ ।

**ਰਾਜਨੀਤਕ ਸ਼ਬਦ** : ਪਾਤਸ਼ਾਹ, ਉਮਰਾਵ, ਸਿਕਦਾਰ, ਚਉਧਰੀ, ਧੜਾ, ਫਰਮਾਨ, ਨੀਸਾਨ ।

ਇਕ ਰਾਜਨੀਤਕ ਲਫਜ਼ ਗੁਰੂ ਰਾਮਦਾਸ ਜੀ ਨੇ ਭਾਰਤ ਦੀ ਅਧੁਨਿਕ ਸ਼ਬਦਾਵਲੀ ਨੂੰ ਦਿਤਾ ਹੈ ਜੋ ਕਿ ਸਾਰੀਆਂ ਬੋਲੀਆਂ ਵਿਚ ਪ੍ਰਵੇਸ਼ ਹੋ ਗਿਆ ਹੈ। ਉਹ ਹੈ—ਮੋਰਚਾ ।'

**'ਜਨਮ ਜਨਮ ਕੇ ਲਾਗੇ ਬਿਖ ਮੋਰਚਾ**
**ਲਗਿ ਸੰਗਤਿ ਸਾਧ ਸਵਾਰੇ** ।

**ਕਾਵਿਮਈ ਸੰਧੀ ਪ੍ਰਯੋਗ**

**ਬੁਲਗ ਬੁਲਾਗੀ,**
**ਬੇਗ ਬੇਗਾਲੀ,**
**ਕੇਲ ਕੇਲਾਲੀ,**
**ਬਿਲਲ ਬਿਲਲਾਤੀ, ਬਿਲ-ਬਿਲੀਧੇ,**
**ਸਲਲ ਸਲਲੇ**
**ਬਲਿ ਬਲਿਲੇ**
**ਮੋਰ ਮੁਰਲੇ** ।

**ਮਨੋ ਵਿਗਿਆਨਕ ਸ਼ਬਦ** : ਆਸਾ, ਮਨਸਾ, ਦੁਬਿਧਾ, ਚਿੰਤਾ, ਕਲਪਨਾ, ਸੁਪਨਾ, ਬੁਧ, ਸੁਧ, ਤਰੀਆ, ਕਾਮ, ਕਰਧ, ਸੁਰਤੀ, ਭਰਮ, ਚਿਤ, ਪ੍ਰਤੀਤੀ, ਮਤਿ, ਸਮਾਧੀ ।

ਬਾਕੀ ਸਾਰੀ ਰਚਨਾਂ ਦੀ ਬੋਲੀ ਠੇਠ ਪੰਜਾਬੀ ਹੈ, ਜਿਸ ਵਿਚ ਮਾਝੀ ਦਾ ਸਥਾਨਕ ਰੰਗ ਉਘੜਿਆ ਹੋਇਆ ਹੈ। ਪੁਰਾਤਨ ਪੰਜਾਬੀ ਦੇ ਵੀ ਕੁਝ ਪ੍ਰਾਕ੍ਰਿਤਾਂ ਵਿਚੋਂ ਆਏ ਸ਼ਬਦ ਹਨ, ਜਿਨ੍ਹਾਂ ਦੀ ਅਜ ਕਲ ਆਮ ਵਰਤੋਂ ਜਾਂ ਘਟ ਹੁੰਦੀ ਹੈ ਜਾਂ ਬਦਲ ਗਈ ਹੈ, ਜਿਵੇਂ ਲਾਲਾ ਦਾ ਅਰਥ ਉਸ ਸਮੇਂ ਗੁਲਾਮ ਸੀ ਅਜ ਕਲ ਤੋਂਗੇ ਅਮੀਰ ਸੇਠ ਲਈ ਵਰਤਿਆ ਜਾਂਦਾ ਹੈ ।

ਗੁਰੂ ਸਾਹਿਬ ਦੀ ਕਾਵਿ-ਸ਼ੈਲੀ ਵੀ ਇਕ ਨਵ-ਭਾਵ ਪ੍ਰਕਾਸ਼ਕ ਪ੍ਰਤਿਭਾ ਦੀ ਬੇਨਜ਼ੀਰ ਮਿਸਾਲ ਹੈ। ਕਵਿਤਾ ਦਾ ਵਹਾਉ ਇਤਨਾ ਸਰਲ ਤੇ ਸੰਗੀਤਮਈ ਹੈ ਕਿ ਪੜ੍ਹਨ ਤੇ ਸਮਝਣ ਵਿਚ ਕੋਈ ਅੱਖਰ ਤੇ ਕੋਈ ਭਾਵ ਬੋਝਲ ਨਹੀਂ ਪ੍ਰਤੀਤ ਹੁੰਦਾ। ਇਸ ਅਦੁਤੀ ਕਾਵਿ-ਸ਼ੈਲੀ ਦੇ ਕਲਾ ਕੌਸ਼ਲ ਦੇ ਅਚੂਕ ਪ੍ਰਮਾਣ ਥਾਂ ਥਾਂ ਮਿਲਦੇ ਹਨ।

Digitized by Panjab Digital Library | www.panjabdigilib.org

ਕੋਮਲ ਸੁੰਦਰਤਾ ਦੀ ਬੇਪਰਵਾਹ ਸੁਗੰਧੀ ਨਿਰੰਤਰ ਵੇਗ ਵਿਚ ਲਪਟਾਂ ਖਲੇਰਦੀ ਅਗੇ ਟੁਰੀ ਜਾਂਦੀ ਹੈ। ਸ਼ਬਦ 13 ਮਾਤ੍ਰਾ ਦੀ ਤੁਕ ਤੋਂ ਸ਼ੁਰੂ ਹੁੰਦਾ ਹੈ ਤੇ 75 ਮਾਤ੍ਰਾ ਦੀ ਤੁਕ ਤੇ ਖਤਮ ਹੁੰਦਾ ਹੈ :

ਮਨ ਜਾਪਹੁ ਰਾਮ ਗੁਪਾਲ
ਹਰਿ ਰਤਨ ਜਵੇਹਰ ਲਾਲ।
ਹਰਿ ਗੁਰਮੁਖਿ ਘੜਿ ਟਕਸਾਲ।
ਹਰਿ ਹੋ ਹੋ ਕਿਰਪਾਲ।
ਤੁਮਰੇ ਗੁਨ ਅਗਮ ਅਗੋਚਰ ਏਕ ਜੀਆ ਕਿਆ ਕਥੈ ਬਿਚਾਰੀ
ਰਾਮ ਰਾਮ ਰਾਮ ਲਾਲ।
ਤੁਮਰੀ ਜੀ ਅਕਥ ਕਥਾ ਤੂ ਤੂ ਤੂ ਹੀ ਜਾਨਹਿ ਹਉ ਹਰਿ ਜਪਿ
ਭਈ ਨਿਹਾਲ ਨਿਹਾਲ।
ਹਮਰੇ ਹਰਿ ਪ੍ਰਾਨ ਸਖਾ ਸੁਆਮੀ ਮੀਤਾ ਮੇਰੇ ਮਨਿ ਤਨਿ ਜੀਹ ਹਰਿ
ਹਰੇ ਹਰੇ ਰਾਮ ਨਾਮ ਧਨ ਮਾਲ।
ਜਾਕੋ ਭਾਗੁ ਤਿਨਿ ਲੀਓ ਰੀ ਸੁਹਾਗ ਹਰਿ ਹਰਿ ਹਰੇ ਹਰੇ ਗੁਨ ਗਾਵੈ
ਗੁਰਮਤਿ ਹਉ ਬਲਿ ਬਲੇ ਹਉ ਬਲਿ ਬਲੇ ਜਨ ਨਾਨਕ
ਹਰਿ ਜਪਿ ਭਈ ਨਿਹਾਲ ਨਿਹਾਲ ਨਿਹਾਲ।

ਕਾਨੜਾ : 1296

ਇਉਂ ਗੁਰੂ ਸਾਹਿਬ ਨੇ ਵਾਰਤਕ ਕਵਿਤਾ ਦੀ ਵਾਲਟ ਵਿਟ੍ਮੈਨ ਤੇ ਆਲਫਰਡ ਮੁਸੇ (Alfred-de Musset) ਤੋਂ ਚਿਰੋਕਣਾ ਪਹਿਲਾਂ ਨੀਂਹ ਰਖੀ। ਇਸ ਆਮ ਵਾਰਤਾਲਾਪ ਵਾਲੀ ਸ਼ੈਲੀ (conversational Style) ਵਿਚ ਵੀ ਸੰਗੀਤਕ ਲੈ ਤੇ ਛੰਦ ਚਾਲ ਦਾ ਰਸ ਹੈ। ਅਖੀਰਲੀ ਤੁਕ ਵਿਚ ਵੇਖੋ :

ਜਾਕੋ ਭਾਗ
ਤਿਨਿ ਲੀਏ ਰੀ ਸੁਹਾਗ
ਹਰਿ ਹਰਿ ਹਰੇ ਹਰੇ
ਗੁਨ ਗਾਵੈ ਗੁਰਮਤਿ ਹਉ ਬਲਿ ਬਲੇ
ਹਉ ਬਲਿ ਬਲੇ
ਜਨ ਨਾਨਕ ਹਰਿ ਜਪਿ ਭਈ ਨਿਹਾਲ
ਨਿਹਾਲ ਨਿਹਾਲ।

ਹਰ ਠਹਿਰਾਉ ਤੇ ਅੰਦਰੂਨੀ ਤੁਕਾਂਤ-ਮੇਲ ਹੈ।

ਛੰਦ ਸ਼ਾਸਤ੍ਰ ਦੇ ਗੁਰੂ ਸਾਹਿਬ ਪੂਰਨ ਗਿਆਤਾ ਸਨ। ਕੁਛ ਛੰਦਾਂ ਦੇ ਨਮੂਨੇ ਇਹ ਹਨ :

Digitized by Panjab Digital Library | www.panjabdigilib.org

**ਤਾਟੰਕ** : ਚਾਰ ਚਰਣ, ਪ੍ਰਤਿ ਚਰਣ 30 ਮਾਤ੍ਰਾ, ਪਹਿਲਾ ਵਿਸਰਾਮ 16 ਪਰ, ਦੂਜਾ 14 ਪਰ ਅੰਤ ਮਗਣ, SSS ।*

ਜਿਉ ਜਿਉ ਜਪੈ ਤਿਵੈ ਸੁਖ ਪਾਵੈ
ਸਤਿਗੁਰ ਸੇਵ ਸਮਾਵੈ ਗੋ ।
ਭਗਤ ਜਨਾ ਕੀ ਖਿਨ ਖਿਨ ਲੋਚਾ
ਨਾਮ ਜਪਤ ਸੁਖ ਪਾਵੈਗੋ ।

ਕਾਨੜਾ ਮ: 4

**ਚਿਤ੍ਰਕਲਾ** : ਚਾਰ ਚਰਣ, ਪ੍ਰਤਿ ਚਰਣ 63 ਮਾਤ੍ਰਾ, ਤਿੰਨ ਵਿਸਰਾਮ ਸੋਲਾਂ ਸੋਲਾਂ ਮਾਤ੍ਰਾ ਪਰ, ਚੌਥਾ ਪੰਦਰਾਂ ਪਰ, ਅੰਤ ਗੁਰੂ ਲਘੂ, ਪਹਿਲੇ ਅਰੁ ਦੂਜੇ ਵਿਸਰਾਮ ਦਾ ਅਨੁਪ੍ਰਾਸ ਮਿਲਵਾਂ :

ਹਰਿ ਹਰਿ ਸਿਮਰਹੁ ਅਗਮ ਅਪਾਰਾ
ਜਿਸ ਸਿਮਰਤ ਦੁਖ ਮਿਟੈ ਹਮਾਰਾ,
ਹਰਿ ਹਰਿ ਸਤਿਗੁਰੁ ਪੁਰਖ ਮਿਲਾਵਹੁ.
ਗੁਰੂ ਮਿਲੀਐ ਸੁਖ ਹੋਈ ਰਾਮ ।

**ਸੁਗੀਤਾ ਛੰਦ** : ਪੰਜ ਚਰਣ, ਪ੍ਰਤਿ ਚਰਣ 25 ਮਾਤ੍ਰਾ, 15-10 ਪਰ ਵਿਸਰਾਮ ਅੰਤ ਦੋ ਗੁਰੂ ।

ਤੂੰ ਕਰਤਾ ਆਪ ਅਭੁਲ ਹੈ, ਭੁਲਣ ਵਿਚ ਨਾਹੀ
ਤੂੰ ਕਰੇਂ ਸੁ ਸਚੇ ਭਲਾ ਹੈ, ਗੁਰੂ ਸ਼ਬਦ ਸਲਾਹੀ ।

**ਥੀਰ ਛੰਦ** : ਪੰਜ ਚਰਣ, ਪ੍ਰਤਿ ਚਰਣ 31 ਮਾਤ੍ਰਾ, 16-15 ਪਰ ਵਿਸਰਾਮ ਅੰਤ ਰਗਣ SIS ।

ਪੰਜੇ ਸਬਦ ਵਜੇ ਮਤਿ ਗੁਰਮਤਿ
ਵਡਭਾਗੀ ਅਨਹਦ ਵਜਿਆ,
ਅਨੰਦ ਮੂਲ ਰਾਮ ਸਭ ਦੇਖਿਆ
ਗੁਰਸਬਦੀ ਗੋਬਿੰਦ ਗਜਿਆ ।

ਜੇਹੜੀ ਕਵਿਤਾ ਉਨ੍ਹਾਂ ਨੇ ਕਿਸੇ ਛੰਦ ਨੂੰ ਮੁਖ ਰਖ ਕੇ ਲਿਖੀ ਉਸ ਵਿਚ ਉਸ ਛੰਦ ਦੀ ਮਾਤ੍ਰਾ ਨੂੰ ਪੂਰਾ ਰਖਿਆ ਹੈ । ਕਿੰਨੇ ਪਰਕਾਰ ਦੇ ਕੁਲ ਛੰਦ ਉਨ੍ਹਾਂ ਨੇ ਲਿਖੇ, ਇਹ ਇਕ ਵੱਖਰੀ ਤੇ ਮਹਾਨ ਖੋਜ ਦਾ ਵਿਸ਼ਾ ਹੈ।

ਗੁਰੂ ਰਾਮਦਾਸ ਜੀ ਦੇ ਤੁਕਾਂਤ ਵੀ ਬੜੇ ਸੁੰਦਰ ਹਨ । ਉਨ੍ਹਾਂ ਨੂੰ ਬੜਾ ਨਜ਼ਾਕਤ ਭਰੀਆਂ ਮਰੋੜੀਆਂ ਦੇ ਕੇ ਅਦਭਤ ਗੀਤ-ਲੋਰੀਆਂ ਵਿਚ ਗੁੰਦ ਕੇ ਇਕ ਮਨੋਰੰਜਕ ਪੁਸ਼ਪਮਾਲਾ ਬਣਾ ਦਿਤੀ ਹੈ । ਉਨ੍ਹਾਂ ਦੀ ਸਿਰਜਨ ਸ਼ਕਤੀ ਨੇ ਸ਼ਬਦਾਂ

---

*ਗੁਰੁਛੰਦ ਦਿਵਾਕਰ

Digitized by Panjab Digital Library | www.panjabdigilib.org

ਨੂੰ ਨਵੇਂ ਤੋਂ ਨਵੇਂ ਰੂਪ ਵਿਚ ਸਿੰਗਾਰ ਕੇ ਬੜੇ ਆਭਾ-ਪੂਰਤ ਸ਼ਬਦ ਰਚੇ ਹਨ। ਕੁਝ ਇਨ੍ਹਾਂ ਕਾਵਿਮਈ ਤੁਕਾਂਤਾਂ ਦੀਆਂ ਮਿਸਾਲਾਂ ਇਹ ਹਨ :—

| | | | | | | | | | |
|---|---|---|---|---|---|---|---|---|---|
| ਲਾਗਿਬਾ | ... | | ... | ਦਲਘਾ | ... | ਵਡਫਾ | | | ... |
| ਕਾਢਿਬਾ | ... | ਕਰਾਂਝਾ | ... | ਸਮਘਾ | ... | ਕ੍ਰਿਪਫਾ | | | ... |
| ਚਾਖਿਬਾ | ... | ਮਾਂਝਾ | ... | ਪਿਰਘਾ | ... | ਨਿਮਖਫਾ | | | ... |
| ਜਾਇਬਾ | ... | ਗਵਾਂਝਾ | ... | ਕਲਘਾ | ... | ਬਸਫਾ | | | ... |
| ਲਗਾਇਬਾ | ... | ਸਾਂਝਾ | ... | ਫਲਘਾ | ... | ਪਲਫਾ | | | ... |
| ਦਿਵਾਇਬਾ | ... | | ... | ਪ੍ਰਤਿਪਲਘਾ | ... | ਇਕਫਾ | | | ... |
| | | | | | ਤੁਮਘਾ | | ... | ਮਖਫਾ | ... |
| | | | | | ਨਿਮਘਾ | | ... | | |
| | | | | | ਘੁਮਘਾ | | ... | | |

| | | | | |
|---|---|---|---|---|
| ਜਪਿਭਾ | ਸੁਨਖਈ... | ਸੁੰਞ | | ਮਨਛੇ |
| ਕਢਿਭਾ | ਫਿਰਥਈ... | ਸਲੁੰਞ | | ਬਨਛੇ |
| ਅਰਧਾਂਭਾ | ਮਥਈ | ਮੁੰਞ | | ਕ੍ਰਿਪਛੇ |
| | ਗਧਈ | | | |
| ਹਰਿਭਾ | ਭਜਥਈ... | | | ਤਿਨਛੇ |
| ਰਸਭਾ | | | | |
| ਲੁਭਿਭਾ | | ਭੁੰਞ | ... | ਉਰਛੇ |
| ਭਰਸ਼ਾ ... | | ਵੰਞ | | |
| ਸਰਨਭਾ | | | | |
| ਤੁਮਨਭਾ | | | | |

ਅਤਿ ਹੀ ਸਾਧਾਰਣ ਸ਼ਬਦਾਂ ਨੂੰ ਅਨੂਠੀ ਲਤੀਫ਼ ਕਾਂਤੀ (graceful lus ter) ਦਾ ਪਹਿਰਾਵਾ ਪਹਿਨਾ ਕੇ ਉਨ੍ਹਾਂ ਨਵਾਂ ਕਾਵਮਈ ਤੇ ਬਲਸ਼ਾਲੀ ਰੂਪ ਦਿਤਾ।

ਕਾਵਿ ਸ਼ੈਲੀ ਦੀ ਸਰਲਤਾ, ਵਿਸ਼ੇ ਦੀ ਕੋਮਲਤਾ, ਸ਼ਬਦਾਂ ਦੀ ਲਤੀਫਤਾ, ਤੀਬਰ ਰਸ-ਧੁੰਨੀ (melody) ਦੀ ਅਲੋਲ-ਚਾਲ (harmony) ਥਾਂ ਥਾਂ ਵਿਦਮਾਨ ਹੈ। ਕਵਿਤਾ ਦੀਆਂ ਰੂਪ-ਸੁਰਾਂ ਪ੍ਰਿਉ ਪ੍ਰਿਉ ਦੀ ਪੁਕਾਰ ਕਰਦੀਆਂ, ਬਿਹਰੀ ਕਾਂਗ ਅਲਾਪਦੀਆਂ ਹਨ :

ਅਨਦਿਨ ਪ੍ਰਿਉ ਪ੍ਰਿਉ ਕਰੇ ਦਿਨ ਰਾਤੀ,
ਪਿਰ ਬਿਨ ਪਿਆਸ ਨ ਜਾਏ।

ਇਸ ਅਤ੍ਰਿਪਤ ਪਿਆਸ ਵਿਚ ਰਸ-ਰੰਗ ਪ੍ਰਕਾਸ਼ ਖਿਲਾਰਦੀ ਕਵੀ ਆਤਮਾ "ਮੇਰੀ ਜਿੰਦੜੀਏ, ਮੇਰੀ ਜਿੰਦੜੀਏ" ਦੀ ਚਾਤ੍ਰਿਕਟੇਰ ਅਲਾਪਦੀ ਹੈ, "ਹਰਿ ਬਿਨ ਸਾਂਤ ਨਾ ਪਾਈਐ ਮੇਰੀ ਜਿੰਦੜੀਏ ਜਿਉ ਚਾਤ੍ਰਿਕ ਜਲ ਬਿਨ ਟੇਰੇ ਰਾਮ।" ਕਿਤੇ ਵੀ ਅਲੰਕਾਰਾਂ ਤੇ ਭਾਵਾਂ ਦਾ ਉਲਝਾਉ ਨਹੀਂ, ਕਿਤੇ ਵੀ ਅੱਖਰਾਂ ਦਾ ਖੜ-ਖੜਾਉ ਨਹੀਂ। ਕਿਤੇ ਵੀ ਕਵਿਤਾ ਦੇ ਰਸੰ ਮਈ

Digitized by Panjab Digital Library | www.panjabdigilib.org

ਵੇਗ ਵਿਚ ਅਟਕਾਉ ਨਹੀਂ । ਲਹਿਰ ਲਹਿਰ, ਠਹਿਰ-ਠਹਿਰ ਕਵਿਤਾ ਸਹਿਜ ਰਵਾਨਗੀ ਵਿਚ ਸਤੇ-ਸਫੁਰਤ ਸੁਰੀਲੀ ਹੰਸ ਚਾਲੇ ਟੁਰੀ ਜਾ ਰਹੀ ਹੈ। ਕਿਤੇ ਇਸ ਦੀ ਚਾਲ ਤੀਖਣ ਹੈ ਕਿਤੇ ਸੋਹਲ ਕਿਤੇ ਨਾਜ਼ਕ ਤੇ ਕਿਤੇ ਅਲਬੇਲੀ ।

ਗੁਰੂ ਸਾਹਿਬ ਦੀ ਕਵਿਤਾ ਵਿਚ ਇਕ ਕਰਾਮਾਤੀ ਤਾਜ਼ਗੀ ਤੇ ਪ੍ਰੇਰਨਾ ਸ਼ਕਤੀ ਹੈ। ਉਨ੍ਹਾਂ ਦੇ ਸ਼ਬਦਾਂ ਵਿਚ ਸੰਗੀਤ ਹੈ ਤੇ ਉਨ੍ਹਾਂ ਦੇ ਭਾਵਾਂ ਵਿਚ ਵੀ ਸੰਗੀਤ ਦੀ ਧੁਨ ਹੈ। ਕਲਪਨਾ, ਜਜ਼ਬਾਤ ਤੇ ਵਿਚਾਰਧਾਰਾ ਇਕ ਹੀ ਕਲਾ ਅਨੁਭਵ ਤੇ ਗੰਭੀਰ ਪ੍ਰਤੀਤੀ ਵਿਚ ਰਸ ਮਗਨ ਹੈਨ ।

ਗੁਰੂ ਸਾਹਿਬ ਦਾ ਧਰਮ ਤੇ ਫ਼ਲਸਫ਼ਾ ਆਤਮਾ ਦਾ ਧਰਮ ਤੇ ਫ਼ਲਸਫਾ ਹੈ । ਉਨ੍ਹਾਂ ਦਾ ਸਮਾਜਵਾਦ ਦਿਲਾਂ ਦਾ ਸਮਾਜਵਾਦ ਹੈ, ਉਨ੍ਹਾਂ ਦੀ ਨੀਤੀ ਪਿਆਰ ਦੀ ਨੀਤੀ ਹੈ, ਉਨ੍ਹਾਂ ਦਾ ਰਾਜ ਅਬਚਲੀ-ਜੋਤ ਦੀ ਬਾਦਸ਼ਾਹਤ ਹੈ । ਉਨ੍ਹਾਂ ਦੀ ਕਲਾ, ਅਨੁਭਵੀ ਕਲਾ ਹੈ । ਕੋਈ ਉਨ੍ਹਾਂ ਵਰਗੀ ਸਾਧਨਾਂ ਕਰੇ, ਉਨ੍ਹਾਂ ਜੇਹੀ ਸੂਖਮ ਸੁਰਤੀ ਦਾ ਮਾਲਕ ਹੋਵੇਂ, ਉਨ੍ਹਾਂ ਜੈਸੀ ਦਿਬ-ਦ੍ਰਿਸ਼ਟੀ ਤੇ ਸਹਿਜ ਨਿਰਵਾਨ ਦਾ ਗਿਆਤਾ ਹੋਵੇ, ਉਨ੍ਹਾਂ ਜੇਹਾ ਸੰਗੀਤ ਦਾ ਮਾਹਰ ਹੋਵੇ, ਉਨ੍ਹਾਂ ਵਰਗਾ ਹੀ ਪਿਆਰ-ਕੁੱਠੇ ਹਿਰਦੇ ਦਾ ਮਾਲਕ ਹੋਵੇ, ਓਹੀਓ ਗੁਰੂ ਰਾਮਦਾਸ ਦੀ ਕਵਿਤਾ ਬਾਰੇ ਕਿਸੇ ਸਮਰਥਾ ਨਾਲ ਲਿਖ ਸਕਦਾ ਹੈ। ਮੇਰੇ ਵਿਚਾਰ ਤਾਂ ਇਕ ਤੁਛ ਬੁਧੀ ਦਾ ਨਿਗੂਣ ਜਿਹਾ ਉਪਰਾਲਾ ਹਨ ।

Digitized by Panjab Digital Library | www.panjabdigilib.org

# ਅਨੰਦਪੁਰ ਦੀ ਸਾਹਿੱਤ ਨੂੰ ਦੇਣ

ਅਨੰਦਪੁਰ ਦੀ ਸਾਹਿੱਤ ਨੂੰ ਦੇਣ, ਅਨੰਦਦਾਇਕ ਹੀ ਨਹੀਂ ਬਲਕਾਰੀ ਵੀ ਹੈ। ਕਿਹਾ ਚੰਗਾ ਹੁੰਦਾ ਜੇ ਏਥੇ ਰਚੇ ਗਏ ਸਾਹਿੱਤ ਦੀਆਂ ਸਾਰੀਆਂ ਕਿਰਤਾਂ ਅੱਜ ਉਪਲੱਬਦ ਹੁੰਦੀਆਂ, ਵਿਦਿਆ ਸਾਗਰ ਗ੍ਰੰਥ ਵਿੱਚ ਅਸੀਂ ਟੁੱਭੀਆਂ ਲਾ ਲਾ ਕੇ ਉਸ ਦੇ ਮੋਤੀ ਕਦਰਦਾਨਾਂ ਸਾਹਮਣੇ ਰੱਖਣ ਦਾ ਰਸ ਮਾਣ ਸਕਦੇ, ਇਸ ਮਹਾਨ ਗ੍ਰੰਥ ਦੀ ਰਚਨਾ ਅਨੰਦਪੁਰ ਵਿੱਚ ਗੁਰੂ ਗੋਬਿੰਦ ਸਿੰਘ ਜੀ ਨੇ ਸੰਪੰਨ ਕਰਾਈ ਸੀ। ਮੰਦੇ ਭਾਗਾਂ ਨੂੰ ਦਸਮੇਸ਼ ਪ੍ਰਵਾਰ ਦੇ ਅਨੰਦਪੁਰ ਛੱਡਣ ਸਮੇਂ ਉਹ ਗ੍ਰੰਥ ਸਾਨੂੰ ਸਦੀਵੀ ਵਿਛੋੜਾ ਦੇ ਗਿਆ। ਗੁਰਪ੍ਰਤਾਪ ਸੂਰਯ ਦੇ ਲੇਖਕ ਜੀ ਦੇ ਕਥਨ ਮੁਤਾਬਿਕ ਬ੍ਰੀਕ ਅੱਖਰਾਂ ਵਿਚ ਲਿਖੇ ਇਸ ਵੱਡੇ ਆਕਾਰ ਦੇ ਗ੍ਰੰਥ ਦਾ ਵਜ਼ਨ ਨੌਂ ਮਣ ਸੀ।* ਇਸ ਮੰਦ-ਭਾਗੀ ਅਵਸਥਾ ਉਤੇ ਝੂਰਨ ਤੇ ਸਿਰ ਧੁਣਨ ਨਾਲੋਂ ਜੋ ਕੁੱਝ ਅਨੰਦਪੁਰੀ ਸਾਹਿਤ ਦੀਆਂ ਪ੍ਰਾਪਤ ਰਚਨਾਵਾਂ ਸਾਡੇ ਪਾਸ ਹਨ ਇਸ ਵੇਲੇ ਇਨ੍ਹਾਂ ਨੂੰ ਗ਼ਨੀਮਤ ਸਮਝਣਾ ਠੀਕ ਹੈ। ਸ੍ਰੀ ਦਸ਼ਮੇਸ਼ ਜੀ ਦੀਆਂ ਆਪਣੀਆਂ ਬਾਣੀਆਂ, ਉਨ੍ਹਾਂ ਦੇ ਕਵੀਆਂ ਦੀਆਂ ਰਚਨਾਵਾਂ ਤੇ ਗ੍ਰੰਥ, ਉਨ੍ਹਾਂ ਰਚਨਾਵਾਂ ਉਪਰ ਗੁਰੂ ਜੀ ਦੀਆਂ ਗੌਰਵਤਾ ਭਰੀਆਂ ਗੁਰਮਤਿ ਸਿਧਾਂਤ ਪਰਾਇਣ ਟਿਪਣੀਆਂ, ਛਪੇ ਅਣ-ਛਪੇ ਸਾਹਿੱਤ ਵਿਚ ਜਿਤਨੀ ਮਾਤਰਾ ਅਤੇ ਬਹੁ-ਭਾਂਤੀ ਰੂਪਾਂ ਵਿੱਚ ਅੱਜ ਤਕ ਮਿਲੀਆਂ ਹਨ, ਉਹ ਅਣਮੁੱਲ ਹਨ। ਉੱਤਰੀ ਭਾਰਤ ਵਿੱਚ ਕਿਸੇ ਹੋਰ ਸਾਹਿਤਯ ਕੇਂਦਰ ਨੂੰ ਉਸ ਸਮੇਂ ਇਤਨਾ ਬਹੁਪ੍ਰਕਾਰੀ ਸਾਹਿੱਤ ਸ੍ਰਿਜਣ ਦਾ ਸੁਭਾਗ ਹਾਸਲ ਨਹੀਂ।

ਅਨੰਦਪੁਰ ਦੇ ਸਾਹਿੱਤ ਦੀ ਛਾਣ ਬੀਣ, ਇੱਕ ਮਹਾਨ ਵਿਦਿਆਪੀਠ ਜਾਂ ਯੂਨੀਵਰਸਿਟੀ ਦੇ ਵਿਸਤ੍ਰਤ ਕਾਰਜਾਂ ਦਾ ਸਰਵੇਖਣ ਹੈ, ਜਿਸ ਦੇ ਕੁਝ ਕੁ ਪਹਿਲੂਆਂ ਉਤੇ ਚਲੰਤ ਜਿਹੀਆਂ ਝਾਤੀਆਂ ਪਾਉਣ ਦਾ ਹੀ ਸਾਹਸ ਕੀਤਾ ਜਾ ਸਕਦਾ ਹੈ। ਜਿਸ ਤਰ੍ਹਾਂ ਦੀ ਸੁਸਤੀ ਅਸੀਂ ਇਸ

---

*ਤਿਨ ਕਵੀਅਨ ਬਾਣੀ ਰਚੀ ਲਿਖ ਕਾਗਦ ਤਲਵਾਏ।  
ਨੌ ਮਣ ਹੋਏ ਤੋਲ ਮਹਿ ਸੂਖਮ ਲਿਖਤ ਲਿਖਾਏ।  
ਵਿਦਿਆਸਾਗਰ ਤਿਸ ਗ੍ਰੰਥ ਕੋ, ਨਾਮ ਧਰਿਓ ਕਰ ਪ੍ਰੀਤ।  
ਨਾਨਾ ਬਿਧਿ ਕਵਿਤਾ ਰਚੀ ਰਖਿ ਰਖਿ ਨੌ ਰਸ ਪ੍ਰੀਤਿ।  
ਮਚਿਯੋ ਜੰਗ ਗੁਰ ਸੰਗ ਬਡ, ਗਯੋ ਗ੍ਰੰਥ ਸੁਬੀਰ।  
ਨਿਕਸੇ ਅਨੰਦਪੁਰਿ ਤਜਯੋ, ਲੁਟਿਯੋ ਪੁਨਿ ਮਿਲਿ ਨੀਚ।  
ਪ੍ਰਿਥਕ ਪ੍ਰਿਥਕ ਪਤ੍ਰ ਹੁਤੇ, ਲੁਇਯੋ ਸੁ ਗ੍ਰੰਥ ਬਿਖੇਰ।  
ਇਕ ਥਲ ਰਹਯੋ ਨਾ ਇਮ ਗਯੋ, ਜਿਸ ਤੋਂ ਮਿਲਯੋ ਨਾ ਫੇਰ।  
(ਗੁਰਪ੍ਰਤਾਪ ਸੂਰਯ ਰੁਤ 5 ਅੰਸ਼ 42)



Digitized by Panjab Digital Library | www.panjabdigilib.org

ਸਾਹਿੱਤ ਦੇ ਵਿਚਾਰ ਤੇ ਪ੍ਰਸਾਰ ਬਾਰੇ ਵਰਤੀ ਹੈ, ਉਸ ਕਾਰਣ ਬਹੁਤਾ ਸਾਹਿੱਤ ਖਿੰਡਿਆ-ਪੁਡਿਆਂ ਵੱਖ ਵੱਖਰੀਆਂ ਥਾਵਾਂ ਤੋਂ ਕੇਂਦਰਤ ਵੀ ਨਹੀਂ ਹੋ ਸਕਿਆ, ਕਾਫੀ ਗ੍ਰੰਥ ਹਾਲਾਂ ਤੱਕ ਛਾਪੇ ਦਾ ਜਾਮਾ ਨਹੀਂ ਪਹਿਨ ਸਕੇ। ਇਹ ਅਣਗਹਿਲੀ ਸਾਡੇ ਸਾਰਿਆਂ ਦੇ ਸਾਹਿੱਤ ਪ੍ਰੇਮ ਉਤੇ ਇਕ ਵਿਅੰਗ ਹੈ, ਵੰਗਾਰ ਹੈ। ਆਓ ਇਸ ਵੰਗਾਰ ਨੂੰ ਸੁਣੀਏ ਤੇ ਇਸ ਸਾਹਿੱਤ ਸਿਰਜਣ ਦੇ ਭੰਡਾਰ ਵਿਚੋਂ ਹਿਜੇ ਬਹਿੰਦੇ ਗੋਹੜੇ ਕੱਤਣ ਦਾ ਕਾਰਜ ਕਰੀਏ।

2

ਅਨੰਦਪੁਰੀ ਸਾਹਿੱਤ ਵਿੱਚ, ਚਾਹੇ ਉਹ ਕਿਸੇ ਵੀ ਰਸ ਰੂਪ ਤੇ ਪ੍ਰਕਾਰ ਦਾ ਹੋਵੇ, ਬਲ ਧਾਰਨ ਦੀ ਪ੍ਰੇਰਨਾ ਦਾ ਖ਼ਮੀਰ ਕਣ ਕਣ ਵਿੱਚ ਰਚਿਆ ਹੋਇਆ ਹੈ ? ਇਹ ਉਸ ਸਮੇਂ ਨਵ-ਜੀਵਨ ਦੀ ਪ੍ਰੇਰਨਾ ਦੇਣ ਵਾਲਾ ਸਾਹਿੱਤ ਹੈ ਜਦੋਂ ਸਮਾਜ ਬਲ ਹੀਨ ਹੋ ਗਿਆ ਸੀ, ਅਨੇਕਾਂ ਭਾਂਤ ਦੇ ਬੰਧਕਾਂ ਵਿੱਚ ਜਕੜਿਆ ਹੋਇਆ ਕਰਾਹ ਰਿਹਾ ਸੀ, 'ਕਛ ਨਾ ਹੋਤ ਉਪਾਇ' ਦੀਆਂ ਢਹਿੰਦੀਆਂ ਕਲਾਂ ਦੀ ਖੁੱਭਣ ਵਿੱਚ ਸਿਰ ਤੱਕ ਧਸ ਚੁੱਕਿਆ ਸੀ, ਤਦੋਂ ਇਕ ਅਕਾਲ ਪੁਰਖ ਉਤੇ ਡੋਰੀ ਰੱਖ ਕੇ ਏਹੋ ਕਿਹਾ ਜਾ ਸਕਦਾ ਸੀ, 'ਹੇ ਪ੍ਰਭੂ ਤੁਸੀਂ ਆਪ ਹੀ ਸਹਾਈ ਹੋਵੋ ਤਾਂ ਹੋਵੇ ?' ਪ੍ਰਭੂ ਦੇ ਸਹਾਈ ਹੋਣ ਦੀ ਪ੍ਰਾਰਥਨਾ ਲਈ ਇਸ ਧਰਤੀ ਉਤੇ ਸਿਕਦਾਰੀ ਜਮਾਉਣ ਵਾਲਾ ਸਾਡਾ, ਸਾਰਾ ਮਨੁੱਖੀ ਸਮਾਜ, ਤੰਦੂਏ ਦੇ ਪਕੜੇ ਹਾਥੀ ਵਾਂਗ ਸੀ। ਇਸ ਦਯਾਨੀਕ ਦਸ਼ਾ ਨੂੰ ਗੁਰੂ ਤੇਗ ਬਹਾਦਰ ਜੀ ਨੇ ਇਕ ਸਲੋਕ ਦਾ ਰੂਪ ਦੇ ਕੇ ਸ਼ਬਦਾਂ ਦੇ ਚੌਖਟੇ ਵਿੱਚ ਉਤਾਰਿਆ ਹੈ। ਇਸ ਦਰਦ ਭਰੀ ਅਵਸਥਾ ਵਿਚੋਂ ਕੱਢਣ ਲਈ ਕਿਹੋ ਜਿਹੇ ਸਾਹਸ ਭਰੇ ਹੁੰਘਾਰੇ ਦੀ ਲੋੜ ਸੀ ? ਤੇ ਕਿਸ ਸਮਰੱਥ ਪੁਰਖ ਨੇ ਅਜੇਹਾ ਹੁੰਗਾਰਾ ਕਿਵੇਂ ਦਿੱਤਾ ? ਅਨੰਦਪੁਰੀ ਸਾਹਿਤ ਦਾ ਪਹਿਲਾ ਚਰਣ ਏਥੇ ਟਿਕਦਾ ਹੈ। ਨਾਵੇਂ ਮਹਿਲ ਦੇ ਸਲੋਕਾਂ ਦੇ ਅੰਤ ਉਤੇ ਜਾ ਕੇ ਉਨ੍ਹਾਂ ਦਾ ਇਕ ਸਲੋਕ ਅਸੀਂ ਨਿੱਤ ਪੜ੍ਹਦੇ-ਸੁਣਦੇ ਹਾਂ :—

'ਬਲ ਛੁਟਕਿਓ ਬੰਧਨ ਪਰੇ ਕਛੂ ਨਾ ਹੋਤ ਉਪਾਇ।
ਕਹੁ ਨਾਨਕ ਅਬ ਓਟ ਹਰਿ ਗਜਿ ਜਿਉ ਹੋਹੁ ਸਹਾਇ।'

ਇਸ ਦੇ ਨਾਲ ਹੀ ਇਕ ਦੋਹਰਾ ਹੈ :—

'ਬਲ ਹੋਆ ਬੰਧਨ ਛੁਟੇ ਸਭ ਕੁਛ ਹੋਤਿ ਉਪਾਇ।
ਨਾਨਕ ਸਭਿ ਕੁਛ ਤੁਮਰੈ ਹਾਥ ਮੇਂ ਤੁਮ ਹੀ ਹੋਤਿ ਸਹਾਇ।

ਨਾਵੇਂ ਮਹਿਲ ਦੇ ਪਹਿਲੇ ਸਲੋਕ ਦਾ ਇਹ ਦੋਹਰਾ ਸਾਹਸ ਭਰਿਆ ਉਤਰ, ਚਨੌਤੀ ਤੇ ਹੱਲ ਹੈ। ਨਿਰਬਲਤਾ ਵਿੱਚ 'ਬਲ' ਦਾ ਇੰਜੈਕਸ਼ਨ ਦੇ ਕੇ ਸੁੱਕ ਰਹੀਆਂ ਨਸਾਂ ਵਿੱਚ ਨਵੀਂ ਜੀਵਨ ਸੰਧ ਦੀ ਵਗਾਈ ਜਾਣ ਵਾਲੀ ਹਵਾ ਦਾ ਜਿੰਦ ਰੁਮਕਾਊ ਬੁੱਲਾ ਹੈ, ਰਸ-ਹੀਣ ਹੋਈ ਜੀਵਨ ਰੌਅ ਨੂੰ ਮੁੜ ਸਜਿੰਦ ਕਰਨ ਵਾਲਾ ਉਪਰੇਸ਼ਨ ਹੈ।

ਪ੍ਰਾਚੀਨ ਹੱਥ-ਲਿਖਤ ਬੀੜਾਂ, ਜਿਨੀਆਂ ਕੁ ਦਸਮੇਸ਼ ਜੀ ਦੇ ਅਨੰਦਪੁਰ ਨਿਵਾਸ ਦੇ ਸਮੇਂ ਵੱਖ ਵੱਖ ਥਾਵਾਂ ਉਤੇ ਲਿਖੀਆਂ ਗਈਆਂ, ਉਨ੍ਹਾਂ ਵਿਚੋਂ ਜਿਨ੍ਹਾਂ ਅੰਦਰ ਨਾਵੇਂ ਪਾਤਸ਼ਾਹ ਦੀ ਰਾਗਾਂ ਵਿਚ ਉਚਾਰੀ ਬਾਣੀ ਤੇ ਅੰਤਲੇ ਸ਼ਲੋਕ ਲਿਖੇ ਗਏ, ਇਹ 'ਬਲ ਹੋਆ ਬੰਧਨ ਛੁਟੇ' ਵਾਲਾ ਦੋਹਰਾ--'ਮਹਲਾ ਦਸਵਾਂ' ਦੀ ਸੂਚਨਾ ਦੇ ਕੇ ਲਿਖਿਆ ਮਿਲਦਾ ਹੈ। ਇਉਂ ਗੁਰੂ ਗ੍ਰੰਥ ਸਾਹਿਬ ਵਿਚ ਆਈ ਦਸਵੇਂ ਮਹੱਲੇ ਦੀ ਇਹੋ ਇਕੱਲੀ ਰਚਨਾ ਕਹੀ ਜਾ ਸਕਦੀ ਹੈ। ਇਹ ਰਚਨਾ, ਸਿੱਖੀ

Digitized by Panjab Digital Library | www.panjabdigilib.org

ਲਹਿਰ ਨੂੰ ਨਵਾਂ ਬਲ ਦੇਣ ਲਈ ਉਨ੍ਹਾਂ ਨੂੰ ਸੌਂਪੇ ਤੇ ਉਨ੍ਹਾਂ ਦੇ ਅੱਗੇ ਵਰਤੇ ਉਨ੍ਹਾਂ ਜੇ ਜੀਵਣ ਉਦੇਸ਼ਾਂ ਦਾ ਇਕ ਬਿੰਬ ਹੈ। ਮੱਚਣ ਵਾਲੇ ਜੁਗ ਪਲਟਾਊ ਭਾਂਬੜ ਦੀ ਇਕ ਚਿਣਗ ਹੈ। ਜੇ ਇਸ ਦੋਹਰੇ ਨਾਲ ਲਿਖੀ ਇਹ 'ਮਹਲਾ 10' ਦੀ ਸੂਚਨਾ ਨਾ ਵੀ ਹੁੰਦੀ ਤਦ ਵੀ ਇਸ ਦੇ ਸ਼ਬਦਾਂ ਦੀ ਰੂਹ ਜਿਸ ਆਸ਼ੇ ਤੇ ਉਦੇਸ਼ ਦੇ ਫੜਫੜਾਂਦੇ ਭਾਵਾਂ ਨੂੰ ਨਿਰੂਪਣ ਕਰਦੀ ਹੈ ਉਹ ਗਿੱਦੜਾਂ ਤੋਂ ਸ਼ੇਰ ਬਨਾਉਣ ਤੇ ਚਿੜੀਆਂ ਤੋਂ ਬਾਜ਼ ਤੁੜਾਉਣ ਵਾਲੀ ਹੋਣ ਕਾਰਨ, ਸਿੱਖੀ ਲਹਿਰ ਨੂੰ ਪੂਰਨਤਾ ਦੇਣ ਵਾਲੇ ਮਹਾਂਬਲੀ ਗੁਰੂ ਆਤਮਾ ਦੇ ਸਾਕਾਰ ਹੋਣ ਵਾਲੇ ਦਰਸ਼ਨਾਂ ਦਾ ਪ੍ਰਤੀਕ ਹੀ ਹੋ ਸਕਦੀ ਸੀ।[1]

ਸੰਪਰਦਾਈ ਗਿਆਨੀ ਇਸ ਦੋਹਰੇ ਦੀ ਉਥਾਨਕਾ ਇਉਂ ਦੱਸਿਆ ਕਰਦੇ ਹਨ— 'ਦਿੱਲੀ ਵਿੱਚੋਂ, ਜਿਥੇ ਉਹ ਕੈਦ ਸਨ, ਸ੍ਰੀ ਗੁਰੂ ਤੇਗ ਬਹਾਦਰ ਜੀ ਨੇ ਇਕ ਪਾਤੀ ਵਤ ਇਹ ਬੁਝਾਰਤ ਭਰਿਆ ਦੋਹਰਾ ਗੁਰੂ ਗੋਬਿੰਦ ਸਿੰਘ ਜੀ ਪਾਸ ਅਨੰਦਪੁਰ ਭੇਜਿਆ। ਜਦੋਂ ਇਸ ਦਾ ਅਨੰਦਪੁਰ ਤੋਂ 'ਬਲ ਹੋਆ' ਦੇ ਭਰਵੇਂ ਭਾਵਾਂ ਵਿੱਚ ਜਵਾਬ ਪੁੱਜਿਆ ਤਾਂ ਗੁਰੂ ਤੇਗ ਬਹਾਦਰ ਜੀ ਨੇ ਬਿਨਾਂ ਬਿਲੰਬ ਆਪਣਾ ਸਿਰ ਤਲਵਾਰ ਦੀ ਭੇਟ ਹੋਣ ਲਈ ਅਗੇ ਕਰ ਦਿੱਤਾ।'

ਸੰਪਰਦਾਈ ਕਥਾਵਾਂ ਵਿੱਚ ਇਸ ਦੋਹਰੇ ਨੂੰ ਮਹਲਾ 10 ਦੀ ਰਚਨਾ ਮੰਨਿਆਂ ਤੇ ਪ੍ਰਚਾਰਿਆ ਜਾਂਦਾ ਰਿਹਾ ਹੈ। ਦਸਮੇਸ਼ ਜੀ ਦੀ ਜੀਵਨੀ ਮੁੱਦ੍ਰਤ ਕਰਨ ਵਾਲੀਆਂ ਪੁਰਾਣੀਆਂ ਲਿਖਤਾਂ, 'ਮਹਿਮਾ ਪ੍ਰਕਾਸ਼, ਗੁਰਬਿਲਾਸ ਅਤੇ ਗੁਰ ਪ੍ਰਤਾਪ ਸੂਰਜ' ਸਭਨਾਂ ਵਿਚ ਇਸ ਦੋਹਰੇ ਦੀ ਰਚਨਾਂ ਦਾ ਪਿਛੋਕੜ ਸੰਪਰਦਾਈ ਗਿਆਨੀਆਂ ਦੀਆਂ ਕਥਾਵਾਂ ਵਾਲਾ ਹੀ ਦਿੱਤਾ ਹਇਆ ਹੈ। ਗੁਰੂ ਬਿਲਾਸ ਪਾਤਸ਼ਾਹੀ ਦਸਵੀਂ ਦੇ ਲੇਖਕ ਨੇ ਇਹ ਇਕੋ ਦੋਹਰਾ, ਬੁਝਾਰਤ ਦੇ ਰੂਪ ਵਿੱਚ ਲਿਖ ਕੇ ਭਜਿਆ ਕਿਹਾ ਹੈ, ਗੁਰ ਪ੍ਰਤਾਪ ਸੂਰਜ ਵਿੱਚ ਸਾਰੇ ਨਾਵੇਂ ਮਹੱਲੇ ਦੇ ਸਲੋਕਾਂ ਦੀ ਰਚਨਾ ਅਨੰਦਪੁਰ ਨੂੰ ਲਿਖੀਆਂ ਵਖੋ ਵਖਰੀਆਂ ਪਾਤੀਆਂ ਵਿੱਚ ਭੇਜੀ ਦੱਸੀ ਗਈ ਹੈ। ਪਹਿਲੇ ਸਲੋਕ, 'ਗੁਨ ਗੋਬਿੰਦ ਤੋਂ ਲੈ ਕੇ ਰਾਮ ਗਇਓ ਰਾਵਨ ਗਇਓ ਤੱਕ, ਸਿੱਖਾਂ ਪਰਤੀ, ਅਗਲੇ ਤਿੰਨ ਸਲੋਕ ਮਾਤਾ ਨਾਨਕੀ ਅਤੇ ਪਤਨੀ ਗੁਜਰੀ ਜੀ ਦੀ ਪਾਤੀ ਵਿੱਚ ਦਿੱਲੀ ਤੋਂ ਭੇਜੇ ਲਿਖੇ ਹਨ:

**ਪੁਨ ਆਪਨੇ ਸੁੱਤ ਕੋ ਪਤਿਆਵਨ। ਹਿਤ ਪਰਖਨ ਕੈ ਕਿਤ ਧਰ ਭਾਵਨ।**
**ਲਖਹਿ ਸਕਤਿ ਮਹਿ ਕੋ ਕੈਸੇ। ਲਖਸੋ ਜਾਇ ਅਸ ਐਸਿ ਜੈਸੇ।**
**ਇਸ ਬਿਧ ਦੋਹਾ ਲਿਖਓ ਬਨਾਇ, ਸ੍ਰੀ ਸਤਿਗੁਰ ਤੇਗ ਬਹਾਦਰ ਰਾਏ।**

(ਗੁਰ ਪ੍ਰਤਾਪ ਸੂਰਜ)

ਇਨ੍ਹਾ ਪਾਤੀਆਂ ਨੇ ਅਨੰਦਪੁਰ ਵਿੱਚ ਕਹਿਰ ਬਰਪਾ ਕਰ ਦਿੱਤਾ ਸੀ। ਹਰ ਪਾਸੇ ਨਿਰਾਸਤਾ ਦਾ ਵਾਯੂ ਮੰਡਲ ਛਾਇਆ ਹੋਇਆ ਸੀ। ਮਾਤਾ ਨਾਨਕੀ ਜੀ ਨੂੰ ਪੁੱਤਰ ਦੇ ਵਿਛੋੜੇ ਦਾ ਸੱਲ, ਮਾਤਾ ਗੁਜਰੀ ਜੀ ਨੂੰ ਪਤੀ ਦੇ ਕਸ਼ਟਾਂ ਦੇ ਅਨੁਭਵ ਨੂੰ ਵਿਆਕੁੱਲ ਕਰਨਾ ਹੀ ਸੀ। ਸਿੱਖ ਸੰਗਤਾਂ ਦੀ ਧੀਰਜ ਵੀ ਅਜਿਹੇ ਭੈ ਭੀਤ ਸਮੇਂ ਕਿਵੇਂ ਸਾਵੀਂ ਰਹਿ ਸਕਦੀ ਸੀ? ਇਸ ਤਰ੍ਹਾਂ ਦੀ ਸਾਰੇ ਪਾਸੇ ਛਾਈ ਹੋਈ ਡਗਮਗਾਹਟ ਤੇ ਘਬਰਾਹਟ ਵਿਚੋਂ ਜਿਸ ਛੋਟੀ ਉਮਰ ਦੇ ਪੁੱਤਰ ਦ ਸਿਰ ਤੋਂ ਪਿਤਾ ਦਾ ਸਾਇਆ ਉਠ ਜਾਣ ਦਾ ਸੁਨੇਹਾ ਪੁੱਜਿਆ ਹੋਇਆ ਸੀ, ਤੇ ਪਿਤਾ ਉਹ ਜੋ ਗੁਰਦੇਵ ਵੀ ਸਨ, ਜਿਨ੍ਹਾਂ ਅਨੇਕਾਂ ਤਪ ਸਾਧਨਾਂ ਪਿੱਛੋਂ ਮੂੰਹ ਵੇਖਿਆ ਸੀ, ਉਨ੍ਹਾਂ ਦਾ

Digitized by Panjab Digital Library | www.panjabdigilib.org

ਲਾਡਲਾ ਨੌ ਸਾਲ ਦਾ ਪੁੱਤਰ ਉਸ ਵੇਲੇ ਕਿਸ ਅਡੋਲ ਸ਼ਕਤੀ ਕਾਰਨ ਇਹੋ ਜਿਹਾ ਚੜ੍ਹਦੀ ਕਲਾ ਵਾਲਾ ਜਵਾਬ ਲਿਖਵਾ ਸਕਦਾ ਸੀ, ਜਰਾ ਉਸ ਦਾ ਨਿਰਣਯ ਕਰੋ ? ਇਕ ਸਾਧਾਰਣ ਤੇ ਗੁਰੂ ਵਿਅਕਤੀ ਦਾ ਏਹੋ ਭੇਦ ਹੈ, ਗੁਰੂ ਦੀ ਰੂਹਾਨੀ ਜੋਤੀ ਉਨ੍ਹਾਂ ਦੇ ਇਸ਼ ਜਵਾਬ ਵਿਚ ਝਲਕਾਰੇ ਮਾਰਦੀ ਹੈ। ਉਸ ਗੁਰੂ ਦੀ ਜਿਹੜਾ ਹਨੇਰੇ ਤੇ ਧੁੰਧੂਕਾਰੇ ਵਿੱਚ ਚਾਨਣ ਦੀਆਂ ਛਟਾਂ ਲਿਸ਼ਕਾਂ ਦੇਵੇ ।

ਇਸ ਦੋਹਰੇ ਦੀ ਰਚਨਾਂ ਦਾ ਇਕ ਪਹਿਲੂ ਹੋਰ ਵੀ ਹੋ ਸਕਦਾ ਹੈ :
ਸ੍ਰੀ ਗੁਰੂ ਤੇਗ ਬਹਾਦਰ ਜੀ ਪਾਸ ਕਸ਼ਮੀਰ ਦੇ ਪੰਡਤ ਅਨੰਦਪੁਰ ਆਏ ਤੇ ਏਥੇ ਹੀ ਉਨ੍ਹਾਂ ਆਪਣੇ ਦੁਖੜੇ ਰੋਏ ਸਨ। ਦੂਰ ਨੇੜੇ ਤੋਂ ਸਿੱਖ ਸੰਗਤਾਂ ਏਥੇ ਪੁੱਜ ਕੇ ਹੀ ਔਰੰਗਜ਼ੇਬ ਵਲੋਂ ਢਾਹੇ ਜਾ ਰਹੇ ਕਸ਼ਟ ਦਸਦੀਆਂ ਹਨ :

**ਜਯੋ ਜਯੋ ਯੋ ਬਤੀਆ ਸਿਖ ਭਨਾਂ, ਸੁਨਿ ਸੁਨਿ ਸ੍ਰੀ ਸਤਿਗੁਰ ਸਿਰ ਧੁਨਾ ।**

(ਗੁਰ ਬਿਲਾਸ ਪਾਤਸ਼ਾਹੀ 10)

ਉਸ ਦਰਦਨਾਕ ਦਸ਼ਾ ਨੂੰ ਗੁਰੂ ਤੇਗ ਬਹਾਦਰ ਜੀ ਨੇ ਇਸ ਦੋਹਰੇ ਵਿੱਚ ਅਨੰਦਪੁਰ ਵਿੱਚ ਹੀ ਅੰਕਤ ਕੀਤਾ ਹੋਵੇ ਤੇ ਇਸਦੇ ਜਵਾਬੀ ਭਾਵਾਂ ਵਾਲੀ ਪ੍ਰੇਰਨਾ ਜੋ ਅਸੀਂ ਇਕ ਸਾਖੀ ਰਾਹੀਂ ਜਾਣਦੇ ਹਾਂ, ਕਿ ਆਪ ਹੀ ਸਹਾਈ ਹੋਵੋ, ਏਥੇ ਕਥੀ ਗਈ ਹੋਵੇ। ਦੋਵੇਂ ਰੂਪਾਂ ਵਿੱਚ ਇਹ ਦੋਹਰਾ ਉਸ ਵੇਲੇ ਦੀ ਸਮੂਹਕ ਦਸ਼ਾ ਦੇ ਦੁਖਦਾਈ ਸੰਕੇਤ ਹੈ, ਨਾਕਿ 'ਭੈ ਕਾਹੂ ਕਉ ਦੇਤ ਨਹਿ ਨਹਿ ਭੈ ਮਾਨਤ ਆਨ' ਦੇ ਖਿਆਲਾਂ ਦੇ ਧਾਰਨੀ ਗੁਰੂ ਜੀ ਦੀ ਨਿਜੀ ਦਸ਼ਾ ਦਾ ? ਲਾਲਾ ਦੌਲਤ ਰਾਏ ਜੀ ਉਸ ਵੇਲੇ ਦੀ ਦਸ਼ਾ ਅਨੁਭਵ ਕਰਦੇ ਹੋਏ ਲਿਖਦੇ ਹਨ :

"ਕੌਮੀ ਬਲ ਬਰਬਾਦ ਹੋ ਚੁੱਕਾ ਸੀ, ਪਿਆਰ ਦਾ ਸਿਲਸਿਲਾ ਟੁੱਟ ਚੁੱਕਾ ਸੀ, ਉਨ੍ਹਾਂ ਦੀ ਹਸਤੀ ਟਿਮਟਿਮਾਉਂਦੇ ਹੋਏ ਦੀਵੇ ਦੀ ਰੋਸ਼ਨੀ ਸੀ, ਔਰੰਗਜ਼ੇਬ ਦੀਆਂ ਬੇਦਰਦੀਆਂ ਅਤੇ ਜ਼ੁਲਮੀ ਤਲਵਾਰ ਦੇ ਤੂਫਾਨ ਨਾਲ ਇਹ ਟਿਮਟਿਮਾਉਂਦਾ ਦੀਵਾ ਕਰੀਬ ਸੀ ਕਿ ਬੁੱਝ ਜਾਂਦਾ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਹੱਥ ਇਸ ਉਤੇ ਰਖਿਆ ਤੇ ਬੁੱਝਣ ਤੋਂ ਬਚਾ ਲਿਆ।"

(ਮਹਾਂਬਲੀ ਕ੍ਰਿਤ ਦੌਲਤ ਰਾਏ)

ਇਸ ਦੋਹਰੇ ਦੇ ਅਵਰਤਣ ਦਾ ਪਛੋਕੜ ਕਿਸੇ ਤਰ੍ਹਾਂ ਦਾ ਵੀ ਹੋਵੇ, ਇਹ ਗੱਲ ਹਰ ਖੇਤਰ ਵਿੱਚ ਪ੍ਰਮਾਣ ਸੰਕੇਤ ਹੈ ਕਿ 'ਬਲ ਛੁਟਕਿਉ' ਦੇ ਨਾਲ ਦੇ ਨਵੀਂ ਜਾਗ੍ਰਤੀ ਵਾਲੇ 'ਬਲ ਹੋਆ' ਵਾਲੇ ਦੋਹਰੇ ਦੇ ਭਾਵ ਦਸਮੇਸ਼ ਜੀ ਦੇ ਹਨ ਤੇ ਇਸ ਦਾ ਰਚਨਾ ਸਥਾਨ ਅਨੰਦਪੁਰ ਹੈ। ਪ੍ਰਾਚੀਨ ਸੰਨ ਸੰਮਤਾਂ ਵਾਲੀਆਂ ਬੀੜਾਂ ਵਿੱਚ ਮਹਲਾ 10 ਦੀ ਸੂਚਨਾ ਮੌਜੂਦ ਹੈ। ਸਿੱਧ ਹੈ ਕਿ ਇਹ ਬਲਧਾਰੀ ਵੰਗਾਰ ਨੌ-ਦਸ ਸਾਲ ਦੀ ਉਮਰ ਵਿੱਚ ਦਸਮੇਸ਼ ਜੀ ਨੇ ਦਿੱਤੀ ਸੀ। ਗੁਰੂ ਤੇਗ ਬਹਾਦਰ ਜੀ ਨੇ ਇਹ ਜਵਾਬ ਸੁਣਕੇ, ਪੁੱਤਰ ਦੇ ਬਲਧਾਰਣ ਦੀ ਪ੍ਰੇਰਨਾ ਦਾ ਅਮਲ ਜਾਣ ਕੇ; ਕੁਲ-ਕੁਰਬਾਨ ਕਰਨ ਵਾਲੇ ਕਾਰਯਕਰਮ ਦਾ ਅਰੰਭ ਆਪਣਾ ਸਿਰ ਵਾਰ ਕੇ ਕੀਤਾ ਸੀ । ਇਉਂ ਅਨੰਦਪੁਰ ਤੋਂ ਸਭ ਤੋਂ ਪਹਿਲਾਂ ਜੀਆ ਦਾਨ ਦੀ ਪ੍ਰੇਰਨਾ ਦੇਣ ਵਾਲੇ ਸਾਹਿਤ ਦੀ ਸਿਰਜਨਾ ਹੋਈ ।

ਇਉਂ ਬਲਹੀਨ ਹੋਈ ਕੌਮ ਅੰਦਰ ਖ਼ੂਨ ਸਿੰਚਾਰਨ ਲਈ ਸਾਹਿੱਤ-ਸਰਿੰਜ ਦਾ ਵਰਤੀਣਾ

Digitized by Panjab Digital Library | www.panjabdigilib.org

ਅਰੰਭ ਹੋਇਆ ।

3

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਰਚਨਾ ਕਿੱਥੇ ਹੋਈ ? ਇਸ ਬਾਰੇ ਸਾਡੇ ਪਾਸ ਛਪੇ, ਅਣਛਪੇ ਸਿੱਖ ਇਤਿਹਾਸ ਵਿਚੋਂ ਕੋਈ ਸੰਕੇਤ ਜਾਂ ਸਬੂਤ ਪ੍ਰਾਪਤ ਨਹੀਂ । ਗੁਰੂ ਤੇਗ ਬਹਾਦਰ ਸਾਹਿਬ ਦੇ ਭੋਗ ਦੇ ਅੰਤਲੇ ਸਲੋਕਾਂ ਸਬੰਧੀ ਉਪਰ ਦਸੇ ਹਵਾਲਿਆਂ ਵਾਲੇ ਇਤਿਹਾਸ ਲੇਖਕਾਂ ਦੇ ਕਥਨ ਮੁਤਾਬਿਕ ਇਹ ਸਲੋਕ ਦਿਲੀ ਕੈਦ ਸਮੇਂ ਰਚੇ ਗਏ ਸੀ, ਸੰਪਰਦਾਈ ਗਿਆਨੀਆਂ, ਦੂਜੇ ਵਿਦਵਾਨਾਂ ਦੇ ਪ੍ਰਾਯ ਤੇ ਕੋਸ਼ ਦੀ ਏਸੇ ਮਤ ਦੇ ਧਾਰਨੀ ਹਨ ।

ਗੁਰੂ ਤੇਗ ਬਹਾਦਰ ਜੀ ਦੀ ਰਾਗਾਂ ਵਿਚਕਾਰ ਆਈ ਬਾਣੀ ਦੀ ਰਚਨਾ ਕਿਥੇ ਹੋਈ ? ਇਹ ਪ੍ਰਸ਼ਨ ਸਾਡੇ ਸਾਹਮਣੇ ਜਿਉਂ ਦਾ ਤਿਉਂ ਕਾਇਮ ਹੈ : ਗੁਰੂ ਤੇਗ ਬਹਾਦਰ ਜੀ ਨੇ ਅਨੰਦਪੁਰ ਨਗਰ ਵਾਲੀ ਥਾਂ ਖਰੀਦ ਕੇ ਇਹ 'ਚੱਕ ਨਾਨਕੀ ਆਪਣੇ ਮਾਤਾ ਜੀ ਦੇ ਨਾਂ ਉਤੇ ਨਵਾਂ ਨਗਰ ਵਸਾਇਆ ਸੀ, ਛੇਵੇਂ ਗੁਰੂ ਜੀ ਦੇ ਸਮੇਂ ਤੋਂ ਸਿੱਖੀ ਦਾ ਕੇਂਦਰ ਕੀਰਤਪੁਰ ਬਣਿਆ ਆ ਰਿਹਾ ਸੀ। ਗੁਰੂ ਤੇਗ ਬਹਾਦਰ ਜੀ ਦੀ ਅਰੰਭ-ਕਾਲ ਦੀ ਅਵਸਥਾ, ਬਾਬੇ ਬਕਾਲੇ ਲੰਘੀ, ਗੁਰ ਗੱਦੀ ਤੇ ਬਿਰਾਜਣ ਦੇ ਨਾਲ ਹੀ ਔਰੰਗਜ਼ੇਬ ਦੀ ਨਜ਼ਰ ਅਜੇਹੀ 'ਸਵੱਲੀ' ਹੋਈ ਕਿ ਉਨ੍ਹਾਂ ਦਾ ਬਹੁਤਾ ਸਮਾਂ ਮਾਲਵੇ ਅਤੇ ਬਾਂਗਰ ਦੇਸ਼ ਅਤੇ ਤੀਰਥਾਂ ਵਲ ਗੁਜ਼ਰਿਆ । ਕਾਫੀ ਸਮਾਂ ਪੂਰਬੀ ਇਲਾਕਿਆਂ ਢਾਕਾ, ਬੰਗਾਲ, ਆਸਾਮ ਦੀ ਯਾਤਰਾ ਵਾਲਾ ਹੈ, ਇਉਂ ਉਨ੍ਹਾਂ ਦੇ ਜੀਵਨ ਕਾਲ ਦਾ ਬਹੁਤਾ ਸਮਾਂ ਸ਼ਾਹੀ ਹਾਕਮਾਂ ਦੀ ਨਿਗਰਾਨੀ ਹੇਠਾਂ ਪਰੇਸ਼ਾਨੀ ਵਾਲਾ ਵਧੇਰੇ ਹੈ । ਗੁਰੂ ਗੋਬਿੰਦ ਸਿੰਘ ਜੀ ਦੇ ਅਵਤਾਰ ਵੇਲੇ ਵੀ ਆਪ ਜੀ, ਆਸਾਮ ਦੀਆਂ ਪਹਾੜੀਆਂ ਵਲ ਰਾਜਾ ਰਾਮ ਸਿੰਘ ਵਲ ਪਧਾਰੇ ਹੋਏ ਸਨ ।

ਅੰਤ ਵਿੱਚ, ਜਦੋਂ ਅਨੰਦਪੁਰ ਸਾਹਿਬ ਦੇ ਆਦਿ ਸਿੰਘਾਸਣ ਦਮਦਮੇ ਵਾਲੇ ਨਿਵਾਸ ਉਤੇ ਗੁਰੂ ਜੀ ਆਪਣੇ ਪ੍ਰਵਾਰ ਅਤੇ ਸਾਹਿਬਜ਼ਾਦਾ ਦਸਮੇਸ਼ ਜੀ ਸਹਿਤ ਬਿਰਾਜੇ ਹੋਏ ਸਨ । ਰਾਗਾਂ ਵਿੱਚ ਆਈ ਬਾਣੀ ਦੇ ਉਚਾਰਨ ਲਈ ਇਹੋ ਹੀ ਦੋ-ਢਾਈ ਸਾਲਾਂ ਦਾ ਸਮਾਂ ਤੇ ਸਥਾਨ ਮੌਜ਼ਮ ਕਿਹਾ ਜਾ ਸਕਦਾ ਹੈ ।

ਗੁਰੂ ਗ੍ਰੰਥ ਦੇ ਭਿੰਨ ਭਿੰਨ ਰਾਗਾਂ ਵਿੱਚ ਆਈ 'ਮਹਲਾ 9' ਦੀ ਬਾਣੀ ਤੇ ਇਕ ਉਨ੍ਹਾਂ ਦਾ ਨਵਾਂ ਸ਼ਾਮਲ ਕੀਤਾ ਹੋਇਆ ਜੈਜਾਵੰਤੀ ਰਾਗ ਹੈ । ਜੇ ਇਹ ਸਾਰੀ ਨਹੀਂ ਤਾਂ ਬਹੁਤੀ ਰਚਨਾ ਜ਼ਰੂਰ ਅਨੰਦਪੁਰ ਦੀ ਦੇਣ ਹੈ । ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦੀ ਬੋਲੀ ਵਿੱਚ ਬਹੁ-ਪ੍ਰਾਂਤੀ ਵਿਆਪਕ ਸ਼ੈਲੀ ਭਾਸ਼ਾ ਦੀ ਅੰਤਰ ਦੇਸੀ ਭੰਮਕ, ਇਸ ਕਥਨ ਦਾ ਸਬੂਤ ਹੈ ਕਿ ਇਹ ਰਚਨਾਂ ਉਨ੍ਹਾਂ ਆਪਣੇ ਸਫਰਾਂ ਤੇ ਯਾਤਰਾਂ ਪਿੱਛੋਂ ਰਚੀ ਹੋਵੇਗੀ ।

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਵਿੱਚ ਸਥਾਨਕ ਜ਼ਿਕਰ-ਜ਼ਿਕਾਰ ਤੇ ਕਿਸੇ ਕਿਸਮ ਦੀਆਂ ਘਟਨਾਵਾਂ ਦੀ ਚਰਚਾ ਨਹੀਂ, ਜਿਵੇਂ ਮਹਲੇ ਪਹਿਲੇ ਤੋਂ ਪੰਜਵੇਂ ਤਕ ਦੀਆਂ ਬਾਣੀਆਂ ਵਿੱਚ ਕਈ ਥਾਵੀਂ ਸੰਕੇਤਕ ਛੋਹਾਂ ਆ ਜਾਂਦੀਆਂ ਹਨ ਜਿਨ੍ਹਾਂ ਤੋਂ ਉਸ "ਪ੍ਰਥਾਇ ਰਚਨਾ" ਦੇ ਪ੍ਰਮਾਣ ਮਿਲ ਪੈਂਦੇ ਹਨ । ਪਰੰਤੂ, ਗੁਰੂ ਤੇਗ ਬਹਾਦਰ ਜੀ ਦੀ ਬਾਣੀ, ਉਨ੍ਹਾਂ ਦੀ ਪੱਕੀ ਤੇ ਮਝੀ ਹੋਈ ਅਵਸਥਾ ਵਿਚੋਂ ਤਿਆਗ ਵੈਰਾਗ ਦੀ ਵਗਦੀ ਧਾਰਾ ਵਾਂਗ ਇਕ ਰਸ ਚਲਦੀ ਹੈ । ਉਸ ਪ੍ਰਵਾਰਤ ਧਾਰਾ ਦੇ ਕਲ ਕਲ ਕਰਦੇ ਮੂਲ ਸੋਮੇਂ ਜੇ ਅਨੰਦਪੁਰ ਵਿੱਚ ਨਹੀਂ ਤਾਂ ਹੋਰ ਕਿਹੜੀ ਥਾਂ ਸਫੁੱਟ ਹੋਏ ਸਨ ?

ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਾ ਪ੍ਰਮੁੱਖ ਭਾਗ ਇਸ ਜੱਗ ਨੂੰ ਝੂਠੀ ਪ੍ਰੀਤ ਤੇ ਏਥੋਂ ਦੇ

Digitized by Panjab Digital Library | www.panjabdigilib.org

ਧੰਧਿਆਂ ਵਿੱਚ ਗਲਤਾਨ ਹੋਣ ਦੇ ਸੱਤੇ ਅਨੰਦ ਦੇ ਰਾਹ ਵਿੱਚ ਅੜਚਣਾ ਦਰਸਾਉਣ ਤੇ ਇਸ ਜਨਮ ਨੂੰ ਝਟ ਪਟ ਬਿਨਾਂ ਬਿਲੰਭ ਸਚੇ ਅਨੰਦ ਦੇ ਚਿੰਤਨ ਦੀ ਲੀਨਤਾ ਵਿਚ ਸਫਲ ਕਰਨ ਦੀ ਭਰਵੀਂ ਪ੍ਰੇਰਨਾ ਵਾਲਾ ਹੈ। ਇਹ ਅਨੰਦਪੁਰ ਦਾ ਅਨੰਤਮਈ ਸੰਦੇਸ਼ ਹੈ। ਇਹ ਨਿਰਬਾਣ ਪਦ ਲਈ ਤਾਂਘ ਵਾਲੀ ਰਚਨਾ ਉਨ੍ਹਾਂ ਦੀ ਸਾਹਿੱਤ ਰਾਹੀਂ ਸਾਰੀ ਮਨੁੱਖਤਾ ਨੂੰ ਅਨੋਖੀ ਦੇਣ ਹੈ। ਸਾਨੂੰ ਇਹ ਅਮਰ ਸੁਨੇਹਾ ਕੰਨ ਖੋਲ੍ਹਕੇ ਸੁਣਨਾ ਚਾਹੀਦਾ ਹੈ ਕਿ, ਇਸ ਦਰਲੱਭ ਦੇਹੀ ਦੇ ਅੰਦਰੋਂ ਆਪਣਾ ਅਨੰਦ ਦਾ ਘਰ ਖੋਜ ਕੇ ਉਸ ਵਿੱਚ ਸੁਖ ਦੁਖ ਸਮ ਕਰ ਜਾਣਦੇ ਹੋਏ ਜੀਵਣ ਜੀਉਣਾ ਹੀ ਸਕਾਰਥਾ ਕਰਮ ਹੈ। ਇਸ ਰਾਹ ਉਤੇ ਚਲਦਿਆਂ ਆਪਣਾ ਜੀਵਨ ਵਾਰਨਾ ਖ਼ੂਨ ਵੀ ਦੇ ਦੇਣਾ ਅਨੰਦਦਾਇਕ ਅਵਸਥਾ ਵਿੱਚ ਵਿਘਨਕਾਰੀ ਨਹੀਂ ਸਗੋਂ ਗੁਰਮੁਖਾਂ ਦੇ ਪਰਉਪਕਾਰੀ ਉਮਾਹ ਭਰੇ ਸੁਭਾਹ ਦਾ ਇਕ ਸਹਿਜ ਕਰਮ ਹੀ ਹੈ, ਜੋ ਉਨ੍ਹਾਂ ਕਰਕੇ ਦਿਖਾਇਆ। ਆਦਿ ਗੁਰੂ ਨਾਨਕ ਨੇ ਪ੍ਰਉਪਕਾਰੀ ਮਾਰਗ ਦੇ ਪ੍ਰੇਮ ਪਾਂਧੀਆਂ ਲਈ ਇਸ ਰਸਤੇ ਟੁਰਨ ਦੀ ਸੇਧ ਦਿੱਤੀ ਸੀ :

**ਜੇ ਤਉ ਪ੍ਰੇਮ ਖੇਲਨ ਕਾ ਚਾਉ। ਸਿਰੁ ਧਰ ਤਲੀ ਗਲੀ ਮੇਰੀ ਆਉ।**
**ਇਤੁ ਮਾਰਗ ਪੈਰ ਧਰੀਜੈ। ਸਿਰ ਦੀਜੈ ਕਾਣ ਨਾ ਕੀਜੈ॥**

(**ਸਲੋਕ ਵਾਰਾਂ ਤੋਂ ਵਧੀਕ ਮ:** 1)

ਨੌਵੇਂ ਨਾਨਕ ਵੇਲੇ ਇਸ ਮੰਜ਼ਲ ਦਾ, ਦੂਜਾ ਮੋੜ ਸਿਖੀ ਲਹਿਰ ਨੇ ਕੱਟਿਆ। ਕਰਾਮਾਤਾਂ ਤੇ ਚਮਤਕਾਰੀ ਨਾਟਕ ਚੇਟਕ ਨਾ ਦਿਖਾਉਣ ਦੀ ਦ੍ਰਿੜਤਾ ਨ ਛੱਡੀ, ਸਿਰ ਦੇ ਦਿੱਤਾ, ਪਰ ਕਿਸੇ ਦੀ ਕਾਣ-ਕਨੌੜ ਨਹੀਂ ਝੱਲੀ। ਇਸ ਦੁਨੀਆਂ ਵਿਚ ਹਾਹ ਹਾਹ ਕਾਰ ਮਚਾਉਣ ਵਾਲੇ ਏਸ ਸਾਕੇ ਪਿਛੋਂ ਇਸ ਗਲੀ ਟੁਰਨ ਵਾਲਿਆਂ ਦਾ ਮਾਨੋ ਖੌਫ਼ ਚੁਕਿਆ ਗਿਆ, ਜਾਬਰਾਂ ਨੇ ਆਪਣੇ ਵੱਡੇ ਸ਼ਹਿਰਾਂ ਲਹੌਰ, ਸਰਹਿੰਦ ਤੇ ਦਿੱਲੀ ਦੇ ਬਾਜ਼ਾਰਾਂ ਮੁਨਾਰੇ ਕਦੀ ਵਾਰੀ ਤਲੀ ਉਤੇ ਸਿਰ ਰਖ ਕੇ ਟੁਰਨ ਵਾਲਿਆਂ ਦੇ ਹਜ਼ਾਰਾਂ ਸਿਰਾਂ ਨਾਲ ਸ਼ਿੰਗਾਰੇ, ਪਰੰਤੂ ਆਪਣਾ ਆਪਾ ਵਾਰਨ ਵਾਲਿਆਂ ਦੇ ਪੁੰਜਾਂ ਦੇ ਪੁੰਜ ਉਤਨਾ ਚਿਰ ਏਸ ਗਲੀ ਟੁਰਨ ਤੋਂ ਨਾ ਹਟੇ ਜਿਤਨਾ ਚਿਰ ਇਨ੍ਹਾਂ ਸਿਰਾਂ ਦੇ ਬਲ ਤੇ ਬੋਝ ਨਾਲ ਮੁਗਲੀਆ ਸਲਤਨਤ ਦਹਿ-ਪੁਸਤਾ ਰਾਜ ਮਹੱਲ ਢਹਿ ਢੇਰੀ ਹੋ ਕੇ ਖੰਡਰਾਂ ਵਿੱਚ ਨਾ ਬਦਲ ਗਿਆ। ਇਸ ਜੁਗ ਨੂੰ ਝੂਠਾ ਤੇ ਧੂੰਏ ਦਾ ਪਸਾਰ ਸਮਝਣ ਕਾਰਨ ਹੀ ਇਹ ਸ਼ਹੀਦਾਂ ਦੇ ਕਾਫਲੇ ਸਿਰ ਤੇ ਖੱਫਣ ਬੰਨ ਕੇ ਟੁਰਦੇ ਸਨ। ਇਹ ਨਿਰਲੇਪਤਾ ਦੇ ਸਿਧਾਂਤ ਕਾਰਨ ਸੀ ਜੋ ਖਾਸ ਕਰਕੇ ਗੁਰੂ ਤੇਗ ਬਹਾਦਰ ਜੀ ਨੇ ਆਪਣੀ ਬਾਣੀ ਰਾਹੀਂ ਪੈਦਾ ਕੀਤੀ ਸੀ।

Digitized by Panjab Digital Library | www.panjabdigilib.org

# ਪ੍ਰਾਚੀਨ ਵਾਰਤਕ ਨੂੰ ਅਨੰਦਪੁਰ ਦੀ ਦੇਣ

ਵਾਰਤਕ ਕਿਸੇ ਵੀ ਸਾਹਿੱਤ ਦੀ ਪੱਕੀ ਅਵਸਥਾ ਦਾ ਚਿੰਨ੍ਹ ਹੁੰਦੀ ਹੈ। ਪੰਜਾਬੀ ਸਾਹਿਤ ਵਿੱਚ ਵਾਰਤਕ, ਖਾਸ ਕਰਕੇ ਪ੍ਰਾਚੀਨ ਵਾਰਤਕ ਦੀ ਬਹੁਤ ਘਾਟ ਹੈ। ਕਾਵਿਰੂਪ ਕਿਉਂਕਿ ਕੁਝ ਸਾਧਨਾਂ ਤੇ ਮਿਤ ਮਰਜਾਦਾ ਦੀ ਸਿਖਿਆ (ਟ੍ਰੇਨਿੰਗ) ਨਾਲ, ਸ਼ਿਗਾਰੇ ਸਵਾਰੇ ਹੁੰਦੇ ਹੀ ਹਨ, ਵਾਰਤਕ ਸਾਹਿਤ ਪਹਿਲਾਂ ਸਿੱਧੇ ਸਾਦੇ ਢੰਗ ਨਾਲ ਉਚਾਰੇ ਬਚਨ, ਵਾਕ ਜਾਂ ਪ੍ਰਵਚਨਾਂ ਦੀਆਂ ਉਪਦੇਸ਼ ਲੜੀਆਂ ਹੁੰਦੀਆਂ ਹਨ। ਇਸ ਕਰਕੇ ਵਾਰਤਕ ਸਾਹਿੱਤ ਵਿੱਚ ਵਿਗਿਆਨਕ ਪ੍ਰਬੀਨਤਾ ਦੀ ਘਾਟ ਰਹਿੰਦੀ ਹੈ। ਏਸੇ ਲਈ ਵਾਰਤਕ ਸਾਹਿੱਤ ਪਿਛੋਂ ਬਣਦਾ ਮੰਨਿਆ ਹੈ। ਸੁਭਾਵਕ ਗੱਲਾਂ ਬਾਤਾਂ ਕਥਾ-ਕਹਾਣੀਆਂ ਤੋਂ ਪ੍ਰਵਚਨ ਤੇ ਗਿਆਨ ਉਪਦੇਸ਼, ਵਾਦ ਵਿਵਾਦ, ਵਾਰਤਕ ਵਿਚ ਕਿਸੇ ਭਾਸ਼ਾ ਦੇ ਬਾਨੀਆਂ ਦੇ ਵਿਚਾਰਾਂ ਦੀ ਪੈਂਠ ਬੈਠਣ ਤੋਂ ਬਾਦ ਹੀ ਕੋਈ ਸਥਾਈ ਰੂਪ ਧਾਰ ਕੇ ਆਉਂਦੇ ਹਨ। ਸਿੱਖ-ਸਾਹਿੱਤ ਵਿੱਚ ਵਾਰਤਕ ਦਾ ਇਹ ਸਥਾਨ ਦੂਜੇ ਸਾਹਿੱਤ ਦੇ ਨਾਲ ਨਾਲ ਵਿਗਸਣ ਦੇ ਹੀ ਸਬੂਤ ਮਿਲ ਰਹੇ ਹਨ। ਮੇਰੇ ਖਿਆਲ ਵਿੱਚ ਹਾਲਾਂ ਤੱਕ ਸਾਡੀ ਵਾਰਤਕ ਦਾ ਉਹ ਸਥਾਨ ਸਥਿਰ ਨਹੀਂ ਕੀਤਾ ਗਿਆ ਜਿਸ ਦੀ ਇਹ ਹੱਕਦਾਰ ਹੈ। ਇਸ ਦਾ ਮੁੱਖ ਕਾਰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਵਿੱਚ ਪ੍ਰਮਾਣੀਕ ਬਾਣੀ ਦਾ ਸੰਪਾਦਨ, (ਅਤੇ) ਵਾਰਤਕ ਰਚਨਾਵਾਂ ਨੂੰ, ਪ੍ਰਮਾਣੀਕਤਾ ਦੀ ਛੋਹ ਨਾਲ ਮਿਲਣਾ ਹੈ। ਆਮ ਤੌਰ ਤੇ ਖਿਆਲ ਕੀਤਾ ਜਾਂਦਾ ਹੈ ਜੋ ਕੁਝ ਗੁਰੂ ਸਾਹਿਬਾਨ ਜੀ ਦੀ ਰਚਨਾ ਸੀ. ਜਾਂ ਜੋ ਕੁਝ ਉਹ ਕਹਿਣਾ ਚਾਹੁੰਦੇ ਹਨ ਸਾਰਾ ਆਦਿ ਗੁਰੂ ਗ੍ਰੰਥ ਸਾਹਿਬ ਵਿੱਚ ਆ ਗਿਆ ਹੈ ? ਇਹ ਨਿਸਚਾ ਸਿੱਧੀ ਸ਼ਰਧਾ ਭਾਵਨੀ ਦੇ ਪਹਿਲੂ ਤੋਂ ਭਲੇ ਹੀ ਠੀਕ ਹੋਵੇ ? ਪਰੰਤੂ ਅਸੀਂ ਗੁਰਮਤ ਦੇ ਜਦੋਂ ਸਾਰੇ ਪਹਿਲੂ ਨਿਖੇੜਨੇ ਹੋਣ ਉਸ ਵੇਲੇ ਦੇ ਗੁਰੂ ਸਾਹਿਬਾਨ ਦੇ ਵਰਤਾਏ ਸਾਕੇ, ਕਾਰਨਾਮੇ ਤੇ ਉਨ੍ਹਾਂ ਦੀ ਵਿਥਿਆ ਦੇ ਕਰਮ ਪ੍ਰਤੀਕਰਮ ਦੇਖਣੇ ਜ਼ਰੂਰੀ ਹੋ ਜਾਂਦੇ ਹਨ। ਇਹ ਕਾਰਨਾਮੇ ਸਾਖੀਆਂ ਇਤਹਾਸ ਤੇ ਸਿੱਖ-ਸਾਹਿੱਤ ਵਿੱਚ ਮਿਲਦੇ ਹਨ। ਗੁਰਮਤ ਦੇ ਸਿਧਾਤਾਂ ਦੀ ਅਮਲੀ ਵਿਆਖਿਆ ਅਤੇ ਮਹੱਤਤਾ ਭਰੇ ਨੁਕਤੇ ਸਪਸ਼ਟ ਕਰਨ ਵਿੱਚ ਸਿੱਖ—ਸਾਹਿੱਤ ਦਾ ਹਿੱਸਾ ਵਿਸ਼ੇਸ਼ ਹੈ। ਗੁਰੂ ਬਾਣੀ ਦੇ ਸਿਧਾਂਤ ਮਾਰਗ ਦੇ ਪਾਂਧੀਆਂ ਲਈ ਸਿੱਖ-ਸਾਹਿੱਤ ਦੀ ਦੇਣ ਰੋਸ਼ਨ ਮੁਨਾਰੇ ਵਾਂਗ ਹੈ। ਇਸ ਸਾਹਿੱਤ ਦਾ ਕਾਫੀ ਕੁਝ, ਜਨਮ ਸਾਖੀ ਤੋਂ ਲੈ ਕੇ ਪੰਜ ਸੌ ਸਾਖੀਆਂ ਤੱਕ; ਵਾਰਤਕ ਵਿੱਚ ਲਿਖਿਆ ਜਾਂਦਾ ਰਿਹਾ ਹੈ। ਇਸ ਵਾਰਤਕ ਸਾਹਿੱਤ ਵਿੱਚ ਅਨੇਕਾਂ ਥਾਵਾਂ ਉੱਤੇ ਗੁਰੂ ਜੀ ਦੇ ਨਿਰਮਲ ਵਾਕ ਥੇਵਿਆਂ ਵਾਂਗ ਜੜਤ ਹਨ।

ਇਸ ਤੋਂ ਵਧ ਕੇ ਇਕ ਗੱਲ ਹੋਰ ਹੈ :—

ਗੁਰੂ ਸਾਹਿਬਾਨ ਦੀ ਵਾਰਤਕ ਦੇ ਜਦ ਉਹ ਭਾਗ ਮਿਲਦੇ ਹੋਣ, ਜਿਨ੍ਹਾਂ ਉਤੇ ਗੁਰੂ ਗ੍ਰੰਥ ਸਾਹਿਬ ਵਿੱਚ ਆਏ ਸ਼ਬਦਾਂ ਵਾਂਗ 'ਮਹਲਾ 3 ਅਤੇ 5' ਦੀਆਂ ਸੂਚਨਾਵਾਂ ਹੋਣ ਤਾਂ ਅਸੀਂ ਕੀ



Digitized by Panjab Digital Library | www.panjabdigilib.org

ਗੁਰੂ ਸਾਹਿਬਾਨ ਦੀ ਕੋਈ ਵਾਰਤਕ ਰਚਨਾ ਵੀ ਹੋ ਸਕਦੀ ਹੈ ? ਇਸ ਪ੍ਰਸ਼ਨ ਦੇ ਵਿਚਾਰ ਵਲੋਂ ਉਵੇਸਲੇ ਨਹੀਂ ਹੋ ਸਕਦੇ ?

1944-45 ਤੋਂ ਲੇਖਕ ਪ੍ਰਾਚੀਨ ਹੱਥ ਲਿਖਤ ਪੋਥੀਆਂ, ਬੀੜਾਂ ਤੇ ਲਿਖਤ ਸਾਹਿਤ ਦੇ ਖੋਜ ਦੇ ਕੰਮ ਕਰਦਾ ਆ ਰਿਹਾ ਹੈ। ਅਣਵੰਡੇ ਪੰਜਾਬ ਵਿੱਚ, ਜੋ ਹੁਣ ਪਾਕਿਸਤਾਨ ਦਾ ਭਾਗ ਬਣਿਆ ਹੋਇਆ ਹੈ, ਉਸ ਵੇਲੇ ਖੂਬ ਘੁੰਮਿਆ ਫ਼ਿਰਿਆ ਸੀ, ਵੰਡ ਤੋਂ ਬਾਦ ਵੀ ਏਸੇ ਖੋਜ ਦੇ ਕੰਮ ਲਈ ਤਿੰਨ ਵਾਰ ਗਿਆ ਹੈ। ਕਲਕੱਤੇ ਤੋਂ ਬੰਬਈ ਤੱਕ ਦੇ ਰਾਹ ਵਿੱਚ ਪੈਂਦੇ ਕੇਂਦਰਾਂ ਅੰਦਰ ਮਿਲਦੀਆਂ ਬੀੜਾਂ, ਪੋਥੀਆਂ ਅਤੇ ਹੱਥ ਲਿਖਤ ਦਸਤਾਵੇਜ਼ਾਂ ਦੇਖੀਆਂ ਤੇ ਘੋਖੀਆਂ ਹਨ, ਤਖਤਾਂ ਦੇ ਮੁੱਖ ਗੁਰਧਾਮਾਂ ਅਤੇ 'ਸੰਗਤਾਂ' ਦੇ ਤੋਸ਼ੇਖਾਨੇ ਟਟੋਲੇ ਹਨ। ਏਸ ਘੋਖ ਪੜਤਾਲ ਵਿੱਚ ਕਈ ਹੋਰ ਕੀਮਤੀ ਚੀਜ਼ਾਂ ਛੱਡ ਕੇ ਜਿਸ ਚੀਜ਼ ਦਾ ਵਰਣਨ ਕਰਨਾ ਏਥੇ ਜ਼ਰੂਰੀ ਹੈ, ਉਹ ਪ੍ਰਾਚੀਨ ਪੋਥੀਆਂ ਅਤੇ ਬੀੜਾਂ ਵਿਚੋਂ ਮਿਲੀਆਂ ਗੁਰੂ ਸਾਹਿਬਾਨ ਦੀਆਂ ਵਾਰਤਕ ਰਚਨਾਵਾਂ ਹਨ। ਪ੍ਰਾਚੀਨ ਪੋਥੀਆਂ ਵਿਚੋਂ ਪ੍ਰਾਪਤ ਹੋਈਆਂ ਸਾਖੀਆਂ ਦਾ ਇਕ ਛਾਪਣ ਹਿਤ ਤਿਆਰ ਕੀਤਾ ਸੰਗ੍ਰਹਿ 'ਪੰਜਾਬੀ ਦੀ ਆਦਿ ਵਾਰਤਕ' ਦਾ ਸੁੰਦਰ ਗੁਲਦਸਤਾ ਹੋ ਨਿਤਰਿਆ ਹੈ। ਇਸ ਸੰਗ੍ਰਹਿ ਵਿੱਚ ਬਹੁਤ ਸਾਰੀਆਂ ਸ੍ਰੀ ਮੁੱਖ ਵਾਕ ਸਾਖੀਆਂ ਹਨ, ਜਿਨ੍ਹਾਂ ਨੂੰ ਗੁਰੂ ਸਾਹਿਬਾਨ ਦੀ ਵਾਰਤਕ ਰਚਨਾ ਮੰਨਿਆ ਜਾ ਸਕਦਾ ਹੈ। ਜਿਸ ਗੁਰੂ ਜੀ ਦੀ ਸਾਖੀ ਹੈ ਉਸ ਦੀ ਮਹਲਾ 3, ਮਹਲਾ 5 ਕਰਕੇ ਸੂਚਨਾ ਦਿੱਤੀ ਹੋਈ ਹੁੰਦੀ ਹੈ।

ਅਨੰਦਪੁਰ ਦੀ ਪੰਜਾਬੀ ਸਾਹਿੱਤ ਨੂੰ ਦੇਣ ਵਿੱਚ ਵਾਰਤਕ ਦਾ ਵਿਸ਼ੇਸ਼ ਸਥਾਨ ਹੈ। ਏਥੋਂ ਦੀ ਵਾਰਤਕ ਦੋ ਭਾਗਾਂ ਵਿੱਚ ਵੰਡੀ ਜਾ ਸਕਦੀ ਹੈ, ਪਹਿਲੀ ਸ੍ਰੀ ਮੁਖਵਾਕ ਸਾਖੀਆਂ ਤੇ ਉਪਦੇਸ਼ ਜਿਨ੍ਹਾਂ ਦੇ ਕਈ ਅੰਸ਼ ਸਾਡੀਆਂ ਸਾਖੀਆਂ ਪੋਥੀਆਂ ਵਿੱਚ ਵੀ ਸੰਭਾਲੇ ਹੋਏ ਹਨ, ਦੂਜੀ ਚੀਜ਼ ਹੈ ਏਥੋਂ ਜਾਰੀ ਹੋਏ ਸੈਂਕੜੇ ਹੁਕਮਨਾਮੇ ਜਿਨ੍ਹਾਂ ਵਿਚੋਂ ਹੁਣ ਤਕ ਗਿਣਤੀ ਦੇ ਹੀ ਮਿਲਦੇ ਹਨ। ਸਭ ਤੋਂ ਵੱਧ ਮਹੱਤਵ ਭਰੀ ਦੇਣ ਹੈ ਸ੍ਰੀ ਗੁਰੂ ਹਰਿ ਰਾਏ ਸਾਹਿਬ ਜੀ ਦੀ ਸਪੁੱਤਰੀ ਬੀਬੀ ਰੂਪ ਕੌਰ ਜੀ ਲਿਖਤ ਪੋਥੀ ਵਿੱਚ ਆਈਆਂ 'ਸਾਖੀਆਂ'। ਇਨ੍ਹਾਂ ਸਾਖੀਆਂ ਦੇ ਅਰੰਭ ਵਿੱਚ ਦਿੱਤੀ ਮਹੱਤਵ ਭਰੀ ਸੂਚਨਾ ਹੈ, '**ਸ੍ਰੀ ਸਤਿਗੁਰੂ ਜੀ ਦੇ ਮੁਹੋ ਦੀਆਂ ਸਾਖੀਆਂ ਹੋਈਆਂ**।' ਇਸੇ ਸੂਚਨਾ ਦਾ ਅੱਗੇ ਜਾ ਕੇ 'ਸ੍ਰੀ ਮੁਖ ਵਾਕ' ਵਾਲਾ ਸੰਖੇਪ ਪਾਠ ਬਣਿਆ ਲਗਦਾ ਹੈ। ਇਸ ਸੂਚਨਾ ਤੋਂ ਸਪਸ਼ਟ ਹੈ ਇਹ ਸਾਖੀਆਂ ਗੁਰੂ ਸਾਹਿਬ ਦੇ ਮੂੰਹੋਂ ਸੁਣ ਸੁਣਾ ਕੇ ਲਿਖੀਆਂ ਗਈਆਂ ਸਨ। ਬਾਣੀ ਦੀ ਇਸ ਪੋਥੀ ਦੇ ਅੰਤਲੇ ਭਾਗ ਵਿੱਚ ਜਾ ਕੇ ਪੱਤਰਾ 482—93 ਤੋਂ ਚਲ ਕੇ 40 ਪੱਤਰਿਆਂ ਉਤੇ ਇਹ ਸਾਖੀਆਂ ਆਉਂਦੀਆਂ ਹਨ। ਇਨ੍ਹਾਂ ਦੇ ਪੱਤਰਿਆਂ ਉਤੇ ਆਏ ਮਹੱਲੇ ਪੰਜਵੇਂ ਦੇ ਸਵੱਈਏ ਵੱਖ ਕੀਤੇ ਜਾਣ ਤਾਂ 38 ਪੱਤਰੇ ਸਾਖੀਆਂ ਦੇ ਬਣਦੇ ਹਨ।

ਇਨ੍ਹਾਂ ਸਾਖੀਆਂ ਵਿਚੋਂ ਕਿਹੜੀ ਸਾਖੀ, ਕਿਸੇ ਹੋਰ ਬੀੜ ਜਾਂ ਪੋਥੀ ਵਿੱਚ ਆਈ ਤੇ ਉਸਦਾ ਰੂਪ ਕਿਤਨਾ ਕੁ ਮਿਲਦਾ ਜੁਲਦਾ ਹੈ ? ਕਿਤਨੀਆਂ ਸਾਖੀਆਂ, ਪਰਸਪਰ ਪਾਠ ਭੇਦ ਅਤੇ ਹੋਰ ਤਰ੍ਹਾਂ ਅੰਤਰ ਰਖਦੀਆਂ ਹਨ ? ਇਨ੍ਹਾਂ ਵਿਚੋਂ ਕਿਹੜੀਆਂ ਸਾਖੀਆਂ ਗੁਰੂ ਸਾਹਿਬਾਨ ਦੀ ਵਾਰਤਕ ਰਚਨਾ ਦਾ ਦਰਜਾ ਰੱਖਦੀਆਂ ਹਨ, ਇਹ ਨੁਕਤੇ ਮਨੋਰੰਜਕ ਹੋਣ ਦੇ ਬਾਵਜੂਦ ਕਿਸੇ ਵੱਖਰੇ ਖੋਜ ਤਰ ਦੇ ਅਧਿਕਾਰੀ ਹਨ। ਪਰੰਤੂ ਇਸ ਪ੍ਰਾਚੀਨ ਬਿਹੰਗਮ ਵਾਰਤਕ ਦਾ ਰਸ ਮਾਨਣ ਲਈ

Digitized by Panjab Digital Library | www.panjabdigilib.org

ਕੁਝ ਕੁ ਵਚਨ ਏਥੇ ਦੇਣੇ ਅਸੰਗਤ ਨਹੀਂ :—
ਪਹਿਲੀ ਸਾਖੀ ਹੈ :—

"ਇਕ ਦਿਨ ਸਿਖਾਂ ਗੁਰੂ ਪਾਸਿ ਅਰਦਾਸਿ ਕੀਤੀ।
ਜੀਓ ਸੋਹਣਾ ਕੌਣ ਹੈ। ਕਸੋਹਣਾ ਕੌਣ ਹੈ ?
"ਗੁਰੂ ਬੋਲਿਆ ਬਚਾ ! ਸਿਵ ਰੂਪ ਸੋਹਣਾ ਹੈ, ਸਾਕਿਤ ਰੂਪ ਕਸੋਹਣਾ ਹੈ, ਸੋਹਣੇ ਕਸੋਹਣੇ ਦਾ ਏਹ ਬਬੇਕ੍ਰ ਹੈ ਜੋ ਸੋਹਣੇ ਨੋ ਸਭ ਕੋਈ ਵੇਖਣੇ ਆਉਂਦਾ ਹੈ ਕਸੋਹਣੇ ਪਾਸ ਕੋਈ ਨਾਹੀਂ ਜਾਂਦਾ।" (ਪੱਤਰਾ 493)

ਪ੍ਰਮੇਸਰ ਦਾ ਹੁਕਮ ਹੋਇਆ ? ਨਾਨਕ ਪਰਮੇਸ਼ਰ ਕੋ ਅਰਾਧ ? ਬਾਬਾ ਬੋਲਿਆ ਜੀਓ ਤੁਸਕੋ ਕਿਉ ਕਰ ਅਰਾਧਾਂ ? ਆਗਿਆ ਹੋਈ ਸਭਨਾਂ ਜੀਆਂ ਕਾ ਭਲਾ ਮਨਾਇ ਏਹੋ ਅਰਾਧਨਾ ਹੈ। (ਪਤਰਾ 49)

ਪ੍ਰਮੇਸਰ ਕਾ ਸਰੂਪ ਤਿੰਨ ਪ੍ਰਕਾਰ ਦਾ ਹੈ। ਪ੍ਰਥਮ ਸਰੂਪ ਪਾਰ ਬ੍ਰਹਮੁ ਹੈ। ਦੂਤੀਆ ਸਰੂਪ ਗੁਰਦੇਵ ਰੂਪ ਹੈ, ਤਿਤੀਆ ਸਰੂਪ ਸੰਗਤਿ ਹੈ।

ਜੇ ਕਿਸੇ ਨੋ ਪਾਰ ਬ੍ਰਹਮ ਮਾਰੇ ਤਾਂ ਗੁਰ ਦੇਉ ਬਖਸਾਵੈ।
ਜੇ ਕਿਸੇ ਨੂੰ ਗੁਰਦੇਉ ਮਾਰੇ ਤਾਂ ਸੰਗਤ ਬਖਸਾਵੈ।
ਜੇ ਕਿਸੇ ਨੂੰ ਸੰਗਤ ਮਾਰੇ ਮੁ ਕਿਥਾਈ ਛੁਟੈ ਨਾਹੀ।
ਜਾਂ ਫਿਰ ਸੰਗਤ ਹੀ ਕਿਰਪਾਲੂ ਹੋਵੇ ਤਾਂ ਬਖਸੀਐ।
(ਪਤਰਾ 518)

ਸਾਖੀ ਮਹਲਾ 5 ॥ ਸ੍ਰੀ ਸਤਿਗੁਰੂ ਅਰਜਨ ਆਖਿਆ ਸਬਦੁ ਰਾਗਿ ਪਾਏ ਗਾਏ ਅੰਮ੍ਰਿਤ ਹੈ। ਰਾਗ* ਪਾਏ ਗਾਵੀਐ ਤਾਂ ਮਹਾਂ ਅੰਮ੍ਰਿਤ ਹੋਇਆ। ਆਤਮੇ ਅੰਤਰਿ ਭੇਟੈ। ਅਤੇ ਜੇ ਬਿਨਾ ਅਭੀਜੈ ਮਧਮ ਰਾਗਿ ਗਾਵਿਐ ਤਾਂ ਭੀ ਮਹਾਂ ਅੰਮ੍ਰਿਤ ਹੈ, ਪਰ ਰਾਗ ਅਜਾਣ ਕੋ ਨਹੀਂ ਭੇਜਦਾ। ਪਰੁ ਸੁਣੇ ਤੇ ਸਭਨਾ ਨੋ ਫਲ ਦੇਂਦਾ ਹੈ। (ਪਤਰਾ 426)
ਆਖਰੀ ਸਾਖੀ ਦਾ ਟੂਕ ਇਸ ਤਰ੍ਹਾਂ ਹੈ :—

**ਆਤਮਾ ਪ੍ਰਮਾਤਮਾ ਦੋਵੇਂ ਦੇਹੀ ਵਿਚ ਵਸਦੇ ਹੈਨਿ।**

ਆਤਮਾ ਮਾਇਆ ਤ੍ਰਿਸਨਾ ਤੇ ਨਿਰਲੇਪ ਹੈ। ਇਸ ਤੇ ਆਤਮਾ ਦੁਖ ਸੁਖ ਤੇ ਭਿੰਨ ਨਾਈ ਅਤੇ ਆਤਮਾ ਨਿਰਾਲਮ ਰਹਿੰਦਾ ਹੈ ਦੁਖ ਸੁਖ ਤੇ ਪਰੇ ਹੈ। ਪਰ ਆਤਮੇ ਛੁਟਿ ਕੀਰਤਨ ਹੋਤ ਕੋਈ ਨਾਹੀ। ਬ੍ਰਹਿਮ ਰੂਪੀ ਪਰਮਾਤਮਾ ਹੈ। ਜਦਿ ਆਤਮਾ ਪਰਮਾਤਮੇ ਨੋ ਮਿਲਦਾ, ਤਦਿ ਮੁਕਤਾ ਹੋਂਦਾ ਹੈ। ਗੁਰੂ ਆਖਿਆ ਹੈ। (33 ਪਤਰਾ 432)

ਇਨ੍ਹਾਂ ਸਾਖੀਆਂ ਪਿਛੋਂ ਕੁਝ ਬਾਣੀ ਲਿਥਕੇ ਅੰਤ ਵਿਚ ਜੋ ਸੰਨ ਸੰਮਤ ਲਿਖੇ ਹਨ ਉਨ੍ਹਾਂ ਤੋਂ ਪ੍ਰਗਟ ਹੈ ਜਿਸ ਕਲਮ ਨਾਲ ਗੁਰੂ ਹਰਿ ਰਾਏ ਜੀ ਦੇ ਜੋਤੀ ਜੋਤ ਸਮਾਉਣ ਤਕ ਦੀ ਤਿੱਥ ਲਿਖੀ ਗਈ ਹੈ ਉਸੇ ਕਲਮ ਤੋਂ ਇਹ ਪੋਥੀ ਤੇ ਸਾਖੀਆ ਲਿਖੀਆ ਹੋਇਆਂ ਹਨ। ਇਸ ਵੇਲੇ

*ਦੂਜੀ ਵਾਰ ਰਾਗ ਦਾ ਅਥਰ ਪ੍ਰੇਮ ਹੈ।

Digitized by Panjab Digital Library | www.panjabdigilib.org

ਤਕ ਇਹ ਪੋਥੀ ਕੀਰਤਪੁਰ ਸਾਹਿਬ ਦੇ ਗੁਰਦੁਆਰੇ ਬੀਬੀ ਰੂਪ ਕੌਰ ਜੀ ਤੇ ਹੋਰ ਗੁਰੂ ਪ੍ਰਵਾਰ ਦੀਆਂ ਯਾਦਗਾਰੀ ਚੀਜ਼ਾਂ ਸਹਿਤ ਸੰਭਾਲੀ ਹੋਈ ਹੈ।

ਕੀਰਤਪੁਰ ਸਾਹਿਬ ਜੋ ਅਨੰਦਪੁਰ ਵਸਣ ਤੋਂ ਪਹਿਲਾਂ ਦਾ ਸਿਖੀ ਕੇਂਦਰ ਸੀ, ਨਾ ਹੀ ਗੁਰੂ ਸਾਹਿਬਾਨਾਂ ਵੇਲੇ ਅਨੰਦਪੁਰ ਤੋਂ ਅਲਹਿਦਾ ਰਿਹਾ ਹੈ, ਨਾ ਹੀ ਹੁਣ ਹੈ, ਕਲ ਤਕ ਅਨੰਦਪੁਰ ਸਾਹਿਬ ਤੇ ਕੀਰਤਪੁਰ ਦੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਕ ਸੀ ਤੇ ਵਿਥ ਵੀ ਕੇਵਲ ਚਾਰ ਪੰਜ ਮੀਲ ਹੈ। ਅਨੰਦਪੁਰ ਤੋਂ ਕੀਰਤਪੁਰ ਦੇ ਇਲਾਕੇ ਦਾ ਪ੍ਰਾਚੀਨ ਨਾਮ 'ਹਥਾਯਤ' ਇਕੋ ਹੀ ਸਥਾਨਕ ਨਾਮ ਤੌਰ ਤੇ ਪ੍ਰਸਿੱਧ ਹੈ। ਇਸ ਲਈ ਇਹ ਸਾਖੀਆਂ ਅਨੰਦਪੁਰ ਦੇ ਮੂਲ ਕੇਂਦਰ ਦੀ ਕਿਰਤ ਅਨੰਦਪੁਰ ਦੀ ਦੇਣ ਵਿੱਚ ਆ ਜਾਂਦੀਆਂ ਹਨ।

ਇਹ ਸਾਖੀਆਂ ਜਿਸ ਪ੍ਰੌਢ ਤੇ ਰਸੀ ਹੋਈ ਸਰਲ ਸਲੱਖਣੀ ਗੁਣਵਤ ਵਾਰਤਕ ਦੇ ਨਮੂਨੇ ਹਨ, ਇੰਨ੍ਹਾਂ ਗੁਣਾਂ ਕਾਰਨ ਇਹ ਉਨ੍ਹਾਂ ਵਿਰਲੀਆਂ ਪ੍ਰਮਾਣੀਕ ਲਿਖਤਾਂ ਵਿਚ ਆ ਜਾਂਦੀਆਂ ਹਨ ਜੋ ਗੁਰੂ ਗ੍ਰੰਥ ਸਾਹਿਬ ਦਾ ਭਾਗ ਤਾਂ ਨਹੀਂ ਪਰੰਤੂ ਗੁਰੂ ਸਾਹਿਬਾਨ ਦੀਆਂ ਹੋਰ ਰਚਨਾਵਾਂ ਨਾਲੋਂ ਘੱਟ ਮਹੱਤਤਾ ਵੀ ਨਹੀਂ ਰਖਦੀਆਂ। ਸਿੱਖ ਸਾਹਿੱਤ ਵਿੱਚ ਇਸ ਭਾਂਤ ਦੀਆਂ ਮਹੱਤਵ ਭਰਪੂਰ ਰਚਨਾਵਾਂ ਖੋਜਿਆਂ ਹੀ ਲੱਭੀਆਂ ਜਾ ਸਕਦੀਆਂ ਹਨ। ਕਵੀ ਸੰਤੋਖ ਸਿੰਘ ਜੀ ਨੂੰ ਜੋ ਸਮਗਰੀ ਮਿਲੀ ਉਸ ਦਾ ਵਰਨਣ ਕਰਦੇ ਇਕ ਥਾਂ ਦਸਦੇ ਹਨ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਸਾਖੀਆਂ ਸੁਣਾਇਆ ਉਚਾਰਿਆ ਕਰਦੇ ਸਨ, ਉਨ੍ਹਾਂ ਵਿਚੋਂ ਇਕ ਹਜ਼ੂਰੀ ਲਿਖਾਰੀ ਸਾਹਿਬ ਸਿੰਘ ਦੀ ਲਿਖੀ ਸਾਖੀ ਮੈਨੂੰ ਮਿਲੀ ਹੈ :—

**ਸੁਨਿ ਬਹਿ ਸਾਹਿਬ ਸਿੰਘ ਲਿਖਾਰੀ। ਬਹਿ ਸਾਖੀ ਗੁਰੂ ਆਪ ਉਚਾਰੀ।**
**ਮੋਕਉ ਦੀਨੀ ਕਿਰਪਾ ਕਰਕੈ। ਤੂੰ ਲਿਖੀ ਸਿਖਨ ਹੇਤ ਸੁਧਰਿ ਕੈ॥35॥**

ਇਸ ਭਾਂਤ ਦੀਆਂ ਸਮੂਹ ਸਾਖੀਆਂ ਦੀ ਖੋਜ ਪੜਤਾਲ ਦਾ ਵਿਸ਼ਾ ਪਤਾ ਨਹੀਂ ਕਿਤਨਾ ਚਿਰ ਅਛੋਹ ਰਹੇਗਾ। ਗੁਰੂ ਸਾਹਿਬਾਨ ਦੇ ਪ੍ਰਵਚਨ, ਫੁਰਮਾਨ, ਨੀਸ਼ਾਣ, ਹੁਕਮਨਾਮੇ ਆਦਿ ਦਸਤਾਵੇਜ਼ਾਂ ਅਜ ਕੱਲ ਸਾਹਿੱਤ ਦੇ ਦਾਇਰੇ ਦੀਆਂ ਚੀਜ਼ਾਂ ਨਾ ਵੀ ਮੰਨੀਆਂ ਜਾਣ ਪਰੰਤੂ ਸਰਲ ਸਪਸ਼ਟ ਵਾਕ ਵਰਤੋਂ ਵਿਹਾਰ ਦੇ ਕੰਮਾਂ ਲਈ ਜਿਹੋ ਜਿਹੀ ਸਿਧੀ ਸੋਧ ਵਾਲੀ ਵਾਰਤਕ ਇਸ ਭਾਂਤ ਦੀਆਂ ਲਿਖਤਾਂ ਖਾਸ ਕਰਕੇ ਸੂਛ ਤੇ ਸੰਜਮੀ ਭਾਸ਼ਾ (ਪ੍ਰੇਮੀ ਰਚਨਾ) ਹੁਕਮਨਾਮਿਆਂ ਆਦਿ ਲਿਖਤਾਂ ਵਿੱਚ ਹੈ ਉਸ ਨੂੰ ਆਪਣੀ ਮਿਸਾਲ ਆਪ ਕਹਿਣਾ ਹੀ ਠੀਕ ਹੈ।

ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਤੋਂ ਜਾਰੀ ਕੀਤੇ ਗਏ ਹੁਕਮਨਾਮੇ ਇਸ ਖੇਤਰ ਵਿੱਚ ਆਪਣੀ ਭਾਂਤ ਦੀ ਵਚਿੱਤ੍ਰ ਵਸਤੂ ਹਨ, ਜਿਨ੍ਹਾਂ ਵਿਚ ਬਲ ਧਾਰਨ, ਮਸੰਦਾਂ ਦੇ ਮਰਨੇ ਪਰਨੇ ਨਾ ਜਾਣਾ ਜਿਹੀ ਮੁਹਾਵਰੇਦਾਰ ਪੰਜਾਬੀ ਦੇ ਉਸ ਸਮੇਂ ਦੇ ਵਾਕਅੰਸ਼ ਵਾਰਤਕ ਦੀਆਂ ਇਨ੍ਹਾਂ ਟੁਕੜੀਆਂ ਬਿਨਾਂ ਹੋਰ ਕਿਥੋਂ ਲੱਭੇ ਜਾ ਸਕਦੇ ਹਨ ?

ਹੁਕਮਨਾਮਿਆਂ ਦੀ ਵਾਰਤਕ ਕਿਤਨੀ ਚੁਸਤ ਸਪੱਸ਼ਟ ਅਤੇ ਫੌਰੀ ਅਮਲ ਵਿਚ ਆਉਣ ਵਾਲੀ ਪ੍ਰੇਰਨਾਮਈ ਚੁੰਬਕ ਖਿੱਚ ਰਖਦੀ ਹੈ ਉਸ ਦੀ ਭਾਸ਼ਾ ਦਾ ਰੂਪ ਨੀਝ ਨਾਲ ਤੱਕਣ ਵਾਲਾ ਹੈ। ਭਾਈ ਰੂਪੇ ਦੀ ਸੰਗਤ ਦੇ ਨਾਮ 1753 ਭਾਦਰੋਂ 2 ਦਾ ਲਿਖਿਆ ਹੁਕਮਨਾਮਾ ਵੰਨਗੀ ਵਜੋਂ ਦੇਖਿਆ ਜਾ ਸਕਦਾ ਹੈ :

Digitized by Panjab Digital Library | www.panjabdigilib.org

੧ੳ ਸਤਿਗੁਰੂ ਜੀ,

ਸ੍ਰੀ ਗੁਰੂ ਜੀਉ ਦੀ ਆਗਿਆ ਹੈ ਭਾਈ ਮੁਖੀਆ ਸਰਬਤ ਸੰਗਤਿ ਰੂਪੇ ਕੀ, ਗੁਰੂ ਰਖੇਗਾ ਸੰਗਤਿ ਗੁਰੂ ਜਪਣਾ ਜਨਮ ਸਉਰੇਗਾ । ਅਸਵਾਰ ਪਿਆਦੇ ਬੰਦੂਕੀ ਜਮੀਅਤਿ ਲੈ ਕੇ ਤੁਰਤਾਂ ਆਵਣਾ । ਮੇਰੀ ਬਹੁਤ ਖੁਸ਼ੀ ਹੈ । ਜੋ ਆਵਗੁ ਨਿਹਾਲ ਹੋਗੁ । ਹੁਕਮ ਦੇਖਦੇ ਹੀ ਸਿਤਾਬੀ ਆਵਣਾ । ਗੁਰੂ ਸੰਗਤ ਕੀ ਬਹੁੜੀ ਕਰੇਗਾ । ਗੁਰੂ ਸੰਗਤ ਕੇ ਸਭ ਮਨੋਰਥ ਪੂਰੇ ਕਰੇਗਾ । ਸੰਗਤ ਨਿਹਾਲ ਹੋਗੀ ।

ਇਹ ਲਿਖਤ ਲਿਖਾਰੀ ਦੀ ਕਲਮ ਦੀ ਹੈ । ਜਿਸ ਦਾ ਸੰਖੇਪ ਕੋਨੇ ਵਿਚ ਖਾਸ ਦਸਤਖਤੀ ਦਿੱਤਾ ਹੋਇਆ ਹੈ ਜੋ ਹੋਰ ਸੰਖੇਪ ਹੈ । ਵਾਰਤਕ ਦਾਂ ਇਹ ਟੋਟਾ ਸੰਖੇਪ ਹੋਣ ਦੇ ਨਾਲ ਨਾਲ ਜ਼ੋਰਦਾਰ ਤੇ ਤੇਜ਼ ਭਾਵਾਂ ਦੀ ਮੂੰਹ ਬੋਲਦੀ ਤਸਵੀਰ ਹੈ । ਕਈ ਹੁਕਮਨਾਮੇ ਚੋਖੇ ਵੱਡੇ ਹਨ, ਕਈਆਂ ਦਾ ਦੋ ਦੋ, ਤਿੰਨ ਤਿੰਨ ਸਫਿਆਂ ਉਤੇ ਮਜ਼ਮੂਨ ਆਉਂਦਾ ਹੈ, ਜਿਨ੍ਹਾਂ ਵਿੱਚ ਵਾਰਤਾਵਾਂ ਲੰਮੀਆਂ ਤੇ ਵੇਰਵੇ ਭਰੀਆਂ ਹਨ । ਪਰ ਬਣਤਰ ਵਿੱਚ ਲਟਕਾਉ ਤੇ ਪੋਲਾਪਣ ਜਾਂ ਕਿਸੇ ਤਰ੍ਹਾਂ ਦੀ ਕਚਿਆਈ ਨਹੀਂ । ਜ਼ੋਰਦਾਰ ਤੇ ਢੁੰਗੀ ਵਿਵਹਾਰਕ ਸੂਝ ਵਾਲੀ ਸਾਹਿੱਤਕ ਗਾਥਾ ਰਚਣ ਲਗਿਆਂ ਇਨ੍ਹਾਂ ਲਿਖਤਾਂ ਨੂੰ ਸਾਹਮਣੇ ਰੱਖਿਆਂ ਸਾਹਿੱਤਕ ਲਾਭ ਉਠਾਏ ਜਾ ਸਕਦੇ ਹਨ ।

## ਢਾਡੀਆਂ ਦੀ ਦੇਣ

ਅਨੰਦਪੁਰ ਦੀ ਸਾਹਿੱਤਕ ਦੇਣ ਵਿਚ ਭੱਟ ਤੇ ਢਾਡੀਆਂ ਦਾ ਚੋਖਾ ਭਾਗ ਹੈ । ਜਿਉਂ ਹੀ ਅਨੰਦਪੁਰ ਸਾਹਿਬ ਵਿੱਚ ਦਸਮੇਸ਼ ਜੀ ਦਾ ਆਗਮਨ ਹੋਇਆ, ਜਿਵੇਂ ਸ਼ਹਿਦ ਉਤੇ ਮੱਖੀਆਂ ਆਉਂਦੀਆਂ ਹਨ, ਭੱਟ, ਢਾਡੀ, ਚਾਰਣ ਤੇ ਡੂਮ ਕਾਫੀ ਗਿਣਤੀ ਵਿੱਚ ਅਨੰਦਪੁਰ ਪੁੱਜ ਗਏ ਸੀ ।

ਗੁਰੂ ਤੇਗ ਬਹਾਦਰ ਜੀ ਦਾ ਸੀਸ, ਕੀਰਤਪੁਰ ਤੋਂ ਅਨੰਦਪੁਰ ਤੱਕ ਬਬਾਨ ਬਣਾ ਕੇ ਲਿਜਾਇਆ ਗਿਆ ਤਾਂ ਉਸ ਵਿੱਚ ਰਾਗੀਆਂ ਰਬਾਬੀਆਂ ਤੋਂ ਇਲਾਵਾ ਭੱਟ ਤੇ ਹੋਰ ਜਸਗਾਇਕ ਲੋਕ ਵੀ ਸ਼ਾਮਲ ਸਨ :—

**ਡੋਮ ਭਟ ਢਾਡੀਨ ਤਾਂ ਤੇ ਚੌਕੀ ਚਾਰ ।**
**ਗਾਵਣ ਜਸ ਗੁਰਦੇਵ ਕਾ ਲਹਿਤ ਪਦਾਰਥ ਚਾਰ ।**
**ਸੰਗਤ ਜੁਰੀ ਚੌਕੀਆਂ ਤਾਂ ਤੇ ਅਧਿਕ ਸੁਰੰਗ ।**
**ਗਾਵਤ ਸ਼ਬਦ ਸੁ ਬਿਬਿਧ ਸੁਰ, ਬਾਜਤ ਨਾਦ ਮ੍ਰਿਦੰਗ ।**

(ਗੁ: ਬਿਲਾਸ, ਪਾਤਸ਼ਾਹੀ 10)

ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਦਾ ਉਸ ਵੇਲੇ ਸਿਖ ਸੰਗਤਾਂ ਨੇ ਜਿਥੇ ਪ੍ਰਗਟ ਰੂਪ ਵਿੱਚ ਕੋਈ ਸਮਾਗਮ ਰਚਿਆ ਤਾਂ ਉਹ ਕੇਵਲ ਸਿਵਾਲਕ ਪਹਾੜੀਆਂ ਦੇ ਚਰਨਾਂ ਵਿੱਚ ਵਸਿਆ ਨਵਾਂ ਨਗਰ ਅਨੰਦਪੁਰ ਸੀ । ਇਥੇ ਯੱਗ ਵੀ ਕੀਤਾ ਗਿਆ ਦਸਮੇਸ਼ ਜੀ ਦੀ ਦਸਤਾਰਬੰਦੀ ਤੇ ਗੁਰਿਆਈ ਦੀ ਰਸਮ ਵੀ ਹੋਈ । ਇਹ ਸਥਾਨ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦਗੰਜ ਸਾਹਮਣੇ,

Digitized by Panjab Digital Library | www.panjabdigilib.org

ਤਖਤ ਨਸ਼ੀਨੀ ਵਾਲਾ ਬੜਾ ਕਟਕੇ ਪ੍ਰਸਿੱਧ ਹੈ। ਢਾਡੀਆਂ ਭੱਟਾਂ ਨੇ ਗੁਰਿਆਈ ਰ ਮ ਵੇਲੇ ਪਉੜੀਆਂ, ਪਦੇ ਤੇ ਛੰਦ ਗਾਏ, ਇਸ ਦਾ ਵਰਨਣ ਗੁਰ ਬਿਲਾਸ ਅਤੇ ਗੁਰ ਪ੍ਰਤਾਪ ਸੂਰਯ ਵਿੱਚ ਖਾਸ ਤੌਰ ਤੇ ਮਿਲਦਾ ਹੈ :

**ਰਾਗੀ ਬ੍ਰਿੰਦ ਸਾਰੇ। ਆਏ ਅਨੰਦਪੁਰ ਦਰਸ ਨਿਹਾਰੇ।**
**ਕੇਤਕ ਢਾਡੀ ਚਲ ਕਰ ਆਏ। ਮਿਲਹ ਪਰਸਪਰ ਭਾਉ-ਵਧਾਇ।**
**ਡੋਮ ਭੱਟ ਆਦਿ ਕਹਿਤ ਜਾਚਾ। ਹੇਰਨ ਹੇਤ ਨਵੇਂ ਗੁਰ ਸਾਚਾ।**

(ਗੁਰ ਪ੍ਰਤਾਪ ਸੂਰਯ)

ਇਹ ਖੁਸ਼ੀ ਗ਼ਮੀ ਦਾ ਬਰਾਬਰ ਦਾ ਸਮਾਗਮ ਸੀ। ਜਿਸ ਵਿੱਚ ਇੱਕ ਪਾਸੇ ਨੌਵੇਂ ਗੁਰੂ ਜੀ ਦੀ ਸ਼ਹੀਦੀ ਦਾ ਸਦਮਾ ਸੀ ਦੂਜੇ ਪਾਸੇ, ਦਸਮਸ਼ ਜੀ ਦੀ ਗੁਰਿਆਈ ਦਾ ਉਤਸ਼ਾਹ ਸੀ, ਜਸ ਗਾਇਕਾਂ ਜੋ ਚੀਜ਼ਾਂ ਰਚੀਆਂ ਤੇ ਗਾਈਆਂ ਪੜ੍ਹੀਆਂ ਉਨ੍ਹਾਂ ਵਿਚੋਂ ਜੋ ਰਚਨਾਵਾਂ ਮਿਲਦੀਆਂ ਹਨ, ਉਨ੍ਹਾਂ ਵਿਚੋਂ ਇਕ ਚਾਂਦ ਭੱਟ ਦਾ ਪਦ ਹੈ, ਜਿਸ ਵਿੱਚ ਆਏ ਭਾਵ ਉਸ ਸਮੇਂ ਦੀ ਖੂਨੀ ਗਾਥਾ ਦੀ ਯਾਦ ਤਾਜ਼ਾ ਕਰਦੇ ਹਨ :

**ਚਿਤਿ ਚਰਨ ਕਮਲ ਕਾ ਆਸਰਾ ਚਿਤ ਚਰਨ ਕਮਲ ਸੰਗਿ ਜੋੜੀਏ।**
**ਮਨ ਲੋਚੈ ਬੁਰਿਆਈਆ ਗੁਰ ਸਬਦੀ ਇਹ ਮਨ ਹੋੜੀਐ।**
**ਬਾਂਹ ਜਿਨ੍ਹਾਂ ਦੀ ਪਕੜੀਏ ਸਿਰ ਦੀਜੈ ਬਾਂਹ ਨਾ ਛੋੜੀਐ।**
**ਗੁਰੂ ਤੇਗ ਬਹਾਦਰ ਬੋਲਿਆ ਧਰ ਪਈਐ ਧਰਮ ਨਾ ਛੋੜੀਐ।**

ਗੁਰੂ ਗੋਬਿੰਦ ਸਿੰਘ ਜੀ ਦੀ ਗੁਰ ਗੱਦੀ ਦੀ ਰਸਮ ਸਮੇਂ ਪਰੰਪਰਾ ਮੁਤਾਬਿਕ ਟਿਕੇ ਦੀ ਪਉੜੀ ਵੀ ਕਹੀ ਤੇ ਗਾਈ ਗਈ :—

**"ਇਕ ਪੌੜੀ ਢਾਡੀ ਜਬਿ ਲਾਈ।**
**ਮਨ ਭਾਵਤ ਬਖਸ਼ਸ ਤਿਨ ਪਾਈ।"**

(ਗੁਰ ਪ: ਸੂ: ਅੰਸੂ. ਰੁਤ)

ਗੁਰਗੱਦੀ ਬੈਠਣ ਵੇਲੇ ਦੀ ਟਿਕੇ ਦੀ ਵਾਰ ਜਿਹੀਆਂ ਪਉੜੀਆਂ ਵਰਗੀ ਸੰਬੋਧਨੀ ਇਕ ਪਉੜੀ, ਢਾਡੀਆਂ ਪਾਸੋਂ ਮਿਲੀ ਹੈ, ਜਿਸ ਵਿੱਚ ਗੁਰ ਜੀ ਦੀ ਇਸ ਦਸਤਾਰ ਬੰਦੀ ਦੀ ਰਸਮ ਦਾ ਇਸ ਤਰ੍ਹਾਂ ਦਾ ਵਰਨਣ ਹੈ :—

**ਤੂੰ ਸਾਜ ਤਿਹਥੀ ਮੇਦਨੀ, ਸਭਿ ਧੰਧੇ ਲਾਈ।**
**ਤੂੰ ਵੱਡਾ ਪੁਰਖ ਮਹਾਂਬਲੀ, ਧੁਰ ਅਜ਼ਮਤ ਪਾਈ।**
**ਤੂੰ ਜਗ ਆਇਉ ਬਲ ਰਾਜ, ਹੋਇ ਤੂੰ ਦੇਹ ਵਧਾਈ।**
**ਤੂੰ ਜਨਕ ਧਰੇ ਸਿਰ ਸੇਹਰੇ ਸੀਤਾ ਪਰਨਾਈ।**
**ਤੂੰ ਨਾਮੇ ਉਤੇ ਬਹੁੜਿਉਂ ਮੋਈ ਗਊ ਜਿਵਾਈ।**
**ਤੂੰ ਦ੍ਰੋਪਤਾਂ ਦੀ ਪੈਜ ਰਾਖੀਆ ਕਾਇਆ ਲਜਵਾਈ।**
**ਤੂੰ ਮੱਛ ਅਕਾਸੋਂ ਲਾਇਆ ਪਰ ਧਨਖ ਚਲਾਈ।**
**ਨਾਨਕ ਅੰਗਦ ਅਮਰ ਗੁਰ, ਰਾਮ ਦਾਸੈ ਭਗਤ ਕਮਾਈ।**

Digitized by Panjab Digital Library | www.panjabdigilib.org

ਫਿਰ ਚਲੀ ਘਰ ਸੋਢੀਆਂ, ਅਰਜਨ ਜੋਤੀ ਜੋਤ ਮਿਲਾਈ।
ਹਰਿਗੋਬਿੰਦਹੁ ਗੁਰ ਗੋਬਿੰਦ, ਤੇਗ ਬਹਾਦਰ ਧੰਨ ਕਮਾਈ।
ਤੂੰਹ ਚਾਰੁ ਜੁਗਾ ਵਿਚ ਪੜ੍ਹੀਦਾ ਤੇਰੇ ਚਾਰ ਵੇਦ ਉਗਾਹੀ।
ਪੱਗ ਬਧੀ ਗੁਰੂ ਗੋਬਿੰਦ ਸਿੰਘ, ਦਸਵੀਂ ਪਾਤਸ਼ਾਹੀ।

ਕਵੀ ਸੁਖਾ ਸਿੰਘ ਲਿਖਦੇ ਹਨ :—

'ਢਾਡਿਨ ਕੌ ਧਨ ਦੀਆ ਭੰਡਾਰਾ।
ਅਉਰਨ ਗ੍ਰਿਹਿ ਜਾਇ ਨਾ ਹਾਥ ਪਸਾਰਾ।' (218)

'ਢਾਡੀਆਂ ਨੂੰ ਇਤਨਾ ਧਨ ਦਿੱਤਾ ਕਿ ਉਹ ਹੋਰ ਥਾਂ ਜਾ ਕੇ ਹੱਥ ਨਾ ਪਸਾਰਨ। ਢਾਡੀਆਂ ਨੂੰ ਬਖਸ਼ੀ ਇਹ ਪ੍ਰਸੰਨਤਾ ਕਾਫੀ ਸੀ ਕਿ ਗੁਰੂ ਘਰ ਪ੍ਰਾਇਣ ਹੀ ਰਹਿਣ। ਹਜ਼ੂਰੀ ਢਾਡੀਆਂ ਦੀਆਂ ਪਉੜੀਆਂ ਕਾਫੀ ਮਿਲਦੀਆਂ ਹਨ। ਜੰਗਾਂ ਦੀਆਂ ਕਈ ਪਉੜੀਆਂ ਤੇ ਰਚੀਆਂ ਵਾਰਾਂ ਢਾਡੀਆਂ ਦੇ ਸਰਲ ਜਿਹੇ ਢੰਗ ਨਾਲ ਕਹੀਆਂ ਵਾਰਤਾਵਾਂ ਵਿੱਚ ਨਵੀਆਂ ਵਰਗਾ ਠਾਠਾ ਬਾਗਾ ਤੇ ਅਲੰਕਾਰੀ ਜੜਤ ਬੇਸ਼ੱਕ ਨਹੀਂ, ਪਰ ਉਹ ਸਮੇਂ ਦੀ ਇਕ ਭਖਵੀਂ ਗਵਾਹੀ ਦਾ ਮਹੱਤਵ ਰਖਦੀਆਂ ਹਨ। ਇਕ ਢਾਡੀ ਦਾ ਕਥਨ ਹੈ :

'ਸਤਿਗੁਰਾਂ ਦੇ ਢਾਡੀ ਭੱਟ ਗਵਾਹ ਹਨ ਜੋਹੜੇ ਕਰਨ ਕਹਾਣੀ।'

ਢਾਡੀ ਸਤਿਗੁਰਾਂ ਦੇ ਅਨੰਦਪੁਰ ਦਰਬਾਰ ਵਿੱਚ ਰਹਿੰਦੇ ਸੀ. ਉਨ੍ਹਾਂ ਦੀਆਂ ਅੱਖਾਂ ਸਾਹਮਣੇ ਦਸਮੇਸ਼ ਜੀ ਦੀ ਯੁੱਧ ਨੀਤੀ ਬਣੀ, ਸ਼ਸਤ੍ਰ ਸਿੰਗਾਰੇ ਗਏ, ਖੰਡੇ ਲਿਸ਼ਕੇ, ਤਲਵਾਰਾਂ ਲਚਕਰਾਈਆਂ, ਉਨ੍ਹਾਂ ਨੇ ਇਸ ਯੁੱਧ-ਤਿਆਰੀ ਨੂੰ ਬੜੇ ਸੁਆਦ ਲਾ ਲਾ ਕੇ ਕਿਹਾ ਹੈ। ਗੁਰੂ ਜੀ ਵਲੋਂ 'ਨਵੇਂ ਸੱਜਣਾਂ' ਦੀ ਅਨੋਖੀ ਪ੍ਰਾਹੁਣਦਾਰੀ ਲਈ ਬਣਾਏ ਬਹੁਭਾਂਤੇ ਪਕਵਾਨਾਂ ਦੀ ਉਪਮਾ ਬੰਨ੍ਹ ਕੇ ਇਕ ਪਉੜੀ ਵਿੱਚ ਖੂਬ ਰੰਗ ਬੰਨ੍ਹਿਆ ਹੈ :—

ਤਖਤ ਬੈਠੇ ਸਚ ਧਿਆਇ ਕੇ।
ਆਹਰ ਕੀਤਾ ਗੁਰੂ ਗੋਬਿੰਦ ਸਿੰਘ ਸ੍ਰੀ ਸਾਹਿਬ ਅਲਖ ਧਿਆਇ ਕੇ।
ਮਿਜਮਾਨੀ ਦੇਣੀ ਪ੍ਰਾਹੁਣਿਆਂ ਢਾਲਾਂ ਦੀ ਪੱਤਲ ਪਾਇਕੇ।
ਤੀਰ ਕਮਾਣ ਜਲੇਬੀਆ ਘੇਉ ਨਾਲ ਸਿਰੇਸ ਜੜਾਇਕੇ।
ਸਾਂਗਾਂ ਕੀਤੀਆਂ ਸੇਵੀਆਂ, ਸਾਰ ਮਸਾਲੇ ਪਾਏ ਕੇ।
ਲਡ ਖੁਰਮੇ ਸਾਰ ਦੇ ਦਾਰੂ ਵਿੱਚ ਮਿਲਾਏਕੇ।
ਸਿੰਘ ਪ੍ਰੀਹਣ ਐਹੜੇ ਤਲਵਾਰੀ ਕੜਛ ਬਣਾਏਕੇ।
ਆਖ ਭੇਜਿਉ ਸੂ ਜਾਇਓ ਖਾਇਕੇ।

ਮੀਰ ਮੁਸਕੀ, ਮੀਰ ਛਬੀਲਾਂ, ਗੁਰੂ ਗੋਬਿੰਦ ਸਿੰਘ ਜੀ ਦੇ ਅਨੰਦਪੁਰ ਸਮੇਂ ਢਾਡੀਆਂ ਵਿਚੋਂ ਪ੍ਰਮੁਖ ਸਨ। ਕੁਝ ਪਉੜੀਆਂ ਵਿੱਚ ਇਨ੍ਹਾਂ ਦੇ ਨਾਮ ਵੀ ਮਿਲਦੇ ਹਨ। ਪਿੰਡ ਸੁਰ ਸਿੰਘ ਦੇ ਢਾਡੀਆਂ ਨੇ, ਪਉੜੀਆਂ ਸੁਣਾਉਣ ਵੇਲੇ ਵਰਤੇ ਸਹਿਤ ਸਿੱਧ ਕੀਤਾ ਸੀ ਕਿ ਉਨ੍ਹਾਂ ਦੇ ਬਜ਼ੁਰਗ ਦਸਮੇਸ਼ ਜੀ ਨਾਲ ਅੰਤਲੇ ਸਫਰ ਤੱਕ ਰਹੇ ਸੀ। ਗੁਰੂ ਜਸ ਕਹਿਣਾ ਉਨ੍ਹਾਂ ਦਾ ਨਿੱਤ ਕਰਮ ਸੀ।

ਪਟਿਆਲੇ ਦੇ ਢਾਡੀਆਂ ਜਿਨ੍ਹਾਂ ਤੋਂ ਪੁਰਾਤਨ ਲਿਖਤ ਤੇ ਅਮਰਨਾਮਾ ਪੋਥੀ ਮਿਲੀ ਸੀ,

Digitized by Panjab Digital Library | www.panjabdigilib.org

ਗੁਰੂ ਜੀ ਦੇ ਜੰਗਾਂ ਜੁੱਧਾਂ ਦਾ ਵਿਵਰਣ ਤੇ ਪਉੜੀਆਂ ਦਾ ਸੁਨਾਉਣਾ ਛੋਟੇ ਪ੍ਰਮਾਣ ਨਹੀਂ। ਭਾਈ ਛਬੀਲੇ ਦੀ ਇਕ ਪਉੜੀ ਰਾਏ ਕੋਟ ਦੇ ਢਾਡੀਆਂ ਨੇ ਸੁਣਾਈ ਸੀ :

**ਹਰੀ ਚੰਦ ਵੰਗਾਰਿਆ, ਰਣ ਨੱਚੇ ਘੋੜੇ।**
**ਢਾਣ ਚਲਿਤਾ ਸੋਧ ਕੇ ਤੀਰ ਚਿਲੇ ਜੋੜੇ।**
**ਆਖ ਛਬੀਲੇ ਢਾਡੀਆਂ ਕਿਤ ਵੰਝ ਮਰੋੜੇ।**

ਦੇਸ਼ ਵੰਡ ਤੋਂ ਪਹਿਲਾਂ ਏਨ੍ਹਾਂ ਢਾਡੀਆਂ ਦੇ ਘਰਾਂ ਵਿੱਚ ਜਾ ਜਾ ਕੇ ਮਿਲਣ ਦਾ ਸਮਾਂ ਮਿਲਿਆ ਹੈ। ਜੋ ਕੁਝ ਉਦੋਂ ਤੱਕ ਗੁੰਮ ਨਹੀਂ ਹੋਇਆ ਸੀ ਉਹ ਸੰਭਾਲਣ ਦਾ ਯਤਨ ਵੀ ਕਾਫੀ ਹੱਦ ਤੱਕ ਤੋੜ ਚੜ੍ਹਿਆ ਹੈ। ਸੀਨੇ ਬਸੀਨੇ ਚਲੇ ਆਉਂਦੇ ਉਨ੍ਹਾਂ ਦੇ ਬਿਆਨ ਤੇ ਵੇਰਵੇ, ਜੋ ਢਾਡੀ ਦਸਦੇ ਸਨ ਜਦੋਂ ਇਹ ਵਿਵਰਣ ਸਾਹਮਣੇ ਆਏ, ਅਜ ਦੇ ਕਲਪਤ ਸਾਹਿਤ ਨਾਲੋਂ ਸਾਰਗ੍ਰਾਹੀ ਸਜਣਾਂ ਨੂੰ ਆਸ਼ਾ ਹੈ ਉਹ ਪਿਆਰੇ ਲੱਗਣਗੇ। ਵੰਨਗੀ ਵਜੋਂ ਕੁਝ ਟੂਕਾਂ ਏਥੇ ਦੇਣੀਆਂ ਜ਼ਰੂਰੀ ਸਨ, ਤਾਂ ਜੁ ਅਨੰਦਪੁਰੀ ਸਾਹਿੱਤ ਦੇ ਇਕ ਅੱਧ-ਕਜੇ ਜਿਹੇ ਮੁਹਾਂਦਰੇ ਦੀ ਇਤਨੀ ਕੁ ਜਾਣ ਪਛਾਣ ਹਾਸਲ ਕਰ ਲਈਏ!

Digitized by Panjab Digital Library | www.panjabdigilib.org

# ਭੱਟ ਰਚਨਾ

ਤੀਜੇ ਗੁਰੂ ਅਮਰ ਦਾਸ ਜੀ ਦੇ ਸਮੇਂ ਤੋਂ ਭੱਟਾਂ ਦਾ ਗੁਰੂ ਘਰ ਨਾਲ ਸਬੰਧ ਜੁੜਦਾ ਹੈ। ਇਹ ਗੁਰੂ ਸਾਹਿਬਾਨ ਦੇ ਕੁਲ ਭੱਟ ਨਹੀਂ, ਸਿਖ ਸੇਵਕ ਤੇ ਸ਼ਰਧਾਲੂ ਭੱਟ ਸਨ। ਇਸ ਪਿਛੋਂ ਗਰੂ ਜਯੋਤੀ ਜਦੋਂ ਜਦੋਂ ਦੂਜੇ ਸਰੂਪ ਵਿੱਚ ਪ੍ਰਵੇਸ਼ ਕਰਦੀ ਰਹੀ, ਗੁਰਗੱਦੀ ਦੀ ਰਸਮ ਸਮੇਂ ਭੱਟ ਉਸਤਤੀ ਦੇ ਛੰਦ ਰਚਦੇ ਰਹੇ। ਪੰਚਮ ਪਾਤਸ਼ਾਹ ਜੀ ਤੱਕ ਦੇ ਛੰਦ ਸਵੱਈਏ ਸ੍ਰੀ ਗੁਰੂ ਗ੍ਰੰਥ ਸਾਹਿਬ ਵਿੱਚ ਹਨ। ਛੇਵੇਂ ਗਰੂ ਜੀ ਦੀ ਉਸਤਤ ਵਿੱਚ ਗਾਏ ਸਵੱਈਏ ਗੁਰ ਬਿਲਾਸ ਪਾਤਸ਼ਾਹੀ ਛੇਵੀਂ ਦੇ ਲੇਖਕ ਨੇ ਦਿੱਤੇ ਹਨ। ਉਸ ਪਿਛੋਂ ਦੇ ਕਹੇ ਹੋਏ ਛੰਦ ਤੇ ਸਵੱਈਏ ਪ੍ਰਾਪਤ ਨਹੀਂ।

ਗੁਰੂ ਗੋਬਿੰਦ ਸਿੰਘ ਜੀ ਦੀ ਗੁਰਗੱਦੀ ਦੀ ਰਸਮ ਵੇਲੇ ਭੱਟਾਂ ਦੇ ਛੰਦ ਗਾਉਣ ਦੀ ਗੱਲ ਭਾਈ ਸੁਖਾ ਸਿੰਘ ਤੇ ਕਵੀ ਸੰਤੋਖ ਸਿੰਘ ਨੇ ਕਹੀ ਹੈ। ਭਾਈ ਸੁਖਾ ਸਿੰਘ ਨੇ ਭੱਟਾਂ ਨੂੰ ਘੋੜਾ ਦਾਨ ਦੇਣ ਦਾ ਵੀ ਜ਼ਿਕਰ ਕੀਤਾ ਹੈ।

**"ਲਲਤ ਅਸ ਭਾਟਨ ਰਾਹਿ ਦੀਨੇ। ਆਜ ਲਗੇ ਜਸ ਕਰਤ ਪ੍ਰਬੀਨੇ।"**

(ਗੁਰ ਬਿਲਾਸ, 5. 10)

ਭਾਈ ਜੀ ਲਿਖ ਰਹੇ ਹਨ ਜਿਸ ਤੋਂ ਪ੍ਰਸੰਨ ਹੋਕੇ ਹੁਣ ਤੱਕ ਭੱਟ ਗੁਰੂ ਜੀ ਦਾ ਸ਼ੋਭਾ ਕਰ ਰਹੇ ਹਨ।

ਚੰਦ ਭੱਟ ਦਾ ਇਸ ਗੁਰਗੱਦੀ ਦੀ ਰਸਮ ਸਮੇਂ ਦਾ ਰਚਿਆ ਇਕ ਛੰਦ ਮਿਲਦਾ ਹੈ। ਜਿਸ ਬਾਰੇ ਭਾਈ ਵੀਰ ਸਿੰਘ ਲਿਖਦੇ ਹਨ—'ਇਹ ਦੋ ਛੰਦ ਕਈ ਭੱਟਾਂ ਦੇ ਯਾਦ ਹਨ ਸੋ ਅੱਜ ਤੱਕ ਸੇਹਰਾ ਬੰਦੀ ਵੇਲੇ ਪੜ੍ਹਦੇ ਹਨ' (ਸਫਾ 440 ਕ. ਧ. ਚ.) 'ਉਸੇ ਤਰ੍ਹਾਂ ਜਿਵੇਂ ਪੰਜਾਬ ਵਿੱਚ ਹਜ਼ੂਰੀ ਢਾਡੀਆਂ ਦੀ ਇਕ ਪਉੜੀ ਦੀ ਤੁੱਕ ਚੜ੍ਹਦਾ ਹੋਇਆ ਬੋਲਿਆ 'ਪੈਜ ਰਖੀਂ ਆਪਣੇ ਨਾਵ ਦੀ।' ਅਸੀਂ ਕਈ ਵਾਰੀ ਸੇਹਰਾ ਬੰਦੀ ਪਿਛੋਂ ਜੰਞ ਚੜ੍ਹਣ ਵੇਲੇ ਲਾੜੇ ਪ੍ਰਤੀ ਅਸੀਸ ਦੇ ਰੂਪ ਵਿੱਚ ਸੁਣੀ ਹੈ। ਚੰਦ ਕਵੀ ਦੇ ਦੋ ਛੰਦਾਂ ਵਿਚੋਂ ਇਕ ਵਿੱਚ ਪਟਨਾ ਵਸਾਏ ਜਾਣ ਦੀ ਗੱਲ ਆਉਂਦੀ ਹੈ ਜੋ ਗੁਰਗੱਦੀ ਵੇਲੇ ਦੀ ਰਚਨਾ ਤੋਂ ਪਿਛੋਂ ਦੀ ਰਚੀ ਹੋਈ ਮਲੂਮ ਹੁੰਦੀ ਹੈ, ਪਰੰਤੂ ਇਕ ਛੰਦ ਗੁਰਗੱਦੀ ਸਮੇਂ ਮਿਲਦਾ ਹੈ। ਇਸ ਛੰਦ ਵਿੱਚ ਪਹਿਲੇ ਗੁਰੂ ਸਾਹਿਬਾਨ ਬਾਰੇ ਕਹੇ ਹੋਏ ਸਵੱਈਆਂ ਜਿਹੀ ਗੌਰਵੱਤਾ ਤਾਂ ਭਾਵੇਂ ਨਾ ਜਾਪੇ ਪਰੰਤੂ ਆਦਿ ਗੁਰੂ ਨਾਨਕ ਤੋਂ ਦਸਵੇਂ ਰੂਪ ਤੱਕ ਇਕ ਜੋਤ ਦੇ ਪ੍ਰਕਾਸ ਤੇ ਨਿਵਾਸ, ਸਿੱਖਾਂ ਨੂੰ ਸ਼ਬਦ ਦਾਨ ਦੇਣ ਦੀ ਪ੍ਰੰਮਪਰਾ ਦਾ ਵਰਨਣ ਮਹੱਤਵ ਰਹਿਤ ਨਹੀਂ। ਖਾਸ ਕਰਕੇ ਕਲਯੁਗ ਵਿੱਚ ਸਿਖੀ ਦੀ ਜੋਤ ਨੂੰ ਪ੍ਰਗਟ ਰਖਣ ਲਈ ਦਸਵੀਂ ਜਯੋਤੀ ਦੀ ਜੈ ਜੈ ਕਾਰ ਬੁਲਾਉਂਦਾ ਹੋਇਆ ਭੱਟ, ਜਦੋਂ ਗੁਰੂ ਨੂੰ ਆਪਣੇ ਬਿਰਦ ਦੀ ਪੈਜ ਰਖਣ ਦੀ ਗੱਲ



Digitized by Panjab Digital Library | www.panjabdigilib.org

ਕਰਦਾ ਹੈ ਤਾਂ ਉਹ ਗੁਰੂ ਤੇਗ ਬਹਾਦਰ ਜੀ ਦੀ ਸ਼ਹੀਦੀ ਨਾਲ ਵਾਪਰੇ ਹਾਲਾਤ ਅੱਖਾਂ ਅਗੇ ਲੈ ਆਉਂਦਾ ਹੈ। ਜਿਸ ਪਿਛੋਂ ਖੌਫਨਾਕ ਹਾਲਾਤ ਵਿੱਚ ਨਵ-ਪ੍ਰਕਾਸ਼ੀ ਗੁਰੂ ਜਯੋਤੀ ਦੀਆਂ ਕਿਰਨਾਂ ਵਧੇਰੇ ਲੋੜੀਂਦਾ ਨਿੱਘ ਦੇਂਦੀਆ ਅਨੁਭਵ ਹੋਈਆਂ :—

**ਗੁਰੂ ਨਾਨਕ ਅੰਗਦ ਅਮਰਦਾਸ ਰਾਮ ਦਾਸ ਗੁਰੂ ਅਰਜਨ ਧਾਰਿਓ ।**
**ਗੁਰੂ ਹਰਿ ਗੋਬਿੰਦ ਹਰਿਰਾਏ ਗੁਰੂ ਹਰਿ ਕ੍ਰਿਸ਼ਨ ਬਿਚਾਰਿਓ ।**
**ਸਬਦ ਗੁਰੂ ਉਪਦੇਸ ਦਾਨ ਸੰਗਤਿ ਕਉ ਦੀਨੋ ।**
**ਕਲਾਧਾਰ ਗੁਰ ਗੋਬਿੰਦ ਭਏ ਪ੍ਰਗਟ ਭਈ ਕਲ ਮੈ ਸਿਖੀ ।**
**ਜੈ ਜੈ ਕਾਰ ਭਇਤਿ ਤ੍ਰਿਲੋਕ ਮਹਿ ਜੋ ਬਿਰਦ ਪੈਜ ਸਤਿਗੁਰ ਰਖੀ ।**

ਦੂਜਾ ਛੰਦ ਜਿਥੇ ਇਸ ਗੁਰਗੱਦੀ ਦੀ ਪ੍ਰੰਮਪਰਾ ਨੂੰ ਪੱਕਾ ਕਰਦਾ ਹੈ, ਜਿਸ ਦੀ ਅਨੇਕਾਂ ਗੁਰੂ ਬਣਨ ਵਾਲੇ ਧੀਰ ਮਲੀਏ ਰਾਮ ਰਾਈਆਂ ਸੋਢੀਆਂ ਬੇਦੀਆਂ ਚਲ ਰਹੀਆਂ ਗੱਦੀਆਂ ਤੋਂ ਬਚਾਉਣ ਤੇ ਸੱਚ ਦਰਸਾਉਣਾ ਸਮੇਂ ਦੀ ਲੋੜ ਸੀ, ਓਥੇ ਇਸ ਛੰਦ ਵਿੱਚ ਦਿਤੇ ਸੰਮਤ ਵਿੱਚ ਗੁਰੂ ਜੀ ਦੇ ਅਵਤਾਰ ਧਾਰਨ ਦੀ ਗਵਾਹੀ ਵੀ ਹੈ :

**ਕਲ ਮੈਂ ਭਇਓ ਏਕ ਮਰਦ ਨਾਨਕ ਹੈ ਨਾਮ**
**ਜਾਕੋ ਤਾਤੇ ਭਏ ਨੌ ਏਕ ਜੋਤੀ ਸਹਾਇਓ ਹੈ ।**
**ਫੇਰ ਗੁਰ ਗੋਬਿੰਦ ਕਲਗੀ ਅਵਤਾਰ ਹੋਏ**
**ਖੜਗਧਾਰੀ ਹੋਇ ਮਹਲ ਦਸਵਾਂ ਕਹਾਇਓ ਹੈ ।**
**ਤੇਈਅਨ ਮੈਂ ਆਏ ਪੈਂਠੇ ਸਮਾਇ**
**ਗੁਰ ਦੂਨੀਆ ਵਸਾਇ ਜਾਇ ਪਾਉਂਟਾ ਬਸਾਇਓ ਹੈ ।**
**ਸਤਿਗੁਰ ਬਚਨ ਸਾਰ ਮਰਦ ਗੁਰਕਾ ਬਿਚਾਰ**
**ਗੁਰ ਗੋਬਿੰਦ ਸਿੰਘ ਕਿਰਪਾ ਤੇ ਦਾਸ ਚੰਦ ਸੁਨਾਇਓ ਹੈ ।**

ਹਜ਼ੂਰੀ ਭੱਟਾਂ ਵਿਚੋਂ ਸੰਭਵ ਹੈ ਹੋਰ ਰਚਨਾਵਾਂ ਖੋਜ ਕੀਤਿਆਂ ਮਿਲ ਪੈਣ। ਦਸਮੇਸ਼ ਜੀ ਦੀ ਗੁਰਗੱਦੀ ਦੇ ਸਮੇਂ ਦੀ ਕਿਸੇ ਵੀ ਭੱਟ ਦੀ ਕੋਈ ਵੀ ਰਚਨਾ ਨਾਂ ਮਿਲਦੀ ਤਾਂ ਉਨ੍ਹਾਂ ਦੇ ਦਰਬਾਰੀ ਕਵੀਆਂ ਦੀ ਛੰਦ ਰਚਨਾ ਜਿਨ੍ਹਾਂ ਵਿੱਚ ਕਵੀਆਂ ਦੀ ਗਿਣਤੀ ਤੇ ਰਚਨਾਂ ਘੱਟ ਨਹੀਂ, ਸਾਰੇ ਭਾਂਗੇ ਪੂਰੇ ਕਰ ਦਿੰਦੀ ਹੈ। ਹੀਰ ਭੱਟ, ਬ੍ਰਿਹਮ ਭਟ, ਮਲ ਭੱਟ ਦੇ ਛੰਦ ਤੇ ਸਵੱਟੀਏ, ਗੁਰੂ ਗੋਬਿੰਦ ਜੀ ਦੇ ਦਾਨ ਪ੍ਰਤਾਪ, ਅਤੇ ਬਲਕਾਰੀ ਹੋਣ ਦੇ ਮੂੰਹ ਬੋਲਦੇ ਚਿਤ੍ਰ ਹਨ। ਅਨੇਕਾਂ ਕਵੀਆਂ ਦੇ ਚਿਤ੍ਰਮਈ ਰੂਪਕਾਂ ਦੀ ਕਸ਼ੀਦਾਕਾਰੀ ਕਦੇ ਵੀ ਆਪਣੀਆਂ ਰੀਝਾਂ ਸਕਾਰਥ ਨਾ ਕਰ ਸਕਦੀ ਜੇ ਉਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਜੀ ਜੈਸੇ ਸਰਬਾਂਗੀ 'ਹੀਰੋ' ਦੇ ਸਰਬਗੁਣ ਚਰਿਤ੍ਰਾਂ ਦੀ ਮਜੀਠੀ ਰੰਗ-ਭੂਮੀ ਜੌਹਰ ਦਿਖਾਉਣ ਲਈ ਪ੍ਰਾਪਤ ਨਾ ਹੁੰਦੀ ।

Digitized by Panjab Digital Library | www.panjabdigilib.org

# ਦਸਮੇਸ਼ ਸਾਹਿੱਤ

ਗੁਰੂ ਗੋਬਿੰਦ ਸਿੰਘ ਜੀ ਦਾ, ਪਾਉਂਟੇ ਤੇ ਹੋਰ ਬਹਰ'ਲਿਆਂ ਮੁਕਾਮਾਂ ਉਤੇ ਜਾਣ ਦਾ ਸਮਾਂ ਕੱਢਕੇ ਵੀਹ-ਪੰਝੀ ਸਾਲ ਦੇ ਕਰੀਬ ਅੰਨਦਪੁਰ ਦਾ ਨਿਵਾਸ ਬਣਦਾ ਹੈ। ਇਸ ਸਮੇਂ ਅੰਦਰ ਵਿਸ਼ੇਸ਼ ਖੂਬੀ ਇਸ ਸਥਾਨ ਦੇ ਵਿਦਿਅਕ ਕੇਂਦਰ ਹੋਣ ਦੀ ਹੈ । ਦੋ ਦਹਾਕੇ ਇਥੇ ਸਾਸ਼ਤ੍ਰ ਵਾਚੀਦੇ ਤੇ ਭਾਖੀਦੇ ਰਹੇ ਸ਼ਸਤ੍ਰ ਮਾਂਜੀ ਦੇ ਅਤੇ ਸਾਧੀ ਦੇ ਰਹੇ। ਦੋਵਾਂ ਦੇ ਧਾਰਨ ਕਰਨ ਵਾਲਿਆਂ ਦੇ ਹੁੱਨਰਾਂ ਦੇ ਪ੍ਰਯੋਗ ਹੁੰਦੇ ਤੇ ਪਰਤਿਆਵੇ ਲਏ ਜਾਂਦੇ ਰਹੇ।

'ਸਾਸ਼ਤ੍ਰ' ਤੇ ਸ਼ਸਤ੍ਰ ਦਾ ਬਾਹਰਮੁਖੀ ਰੂਪ ਇਕ ਦੂਜੇ ਦੇ ਬਿਲਕੁਲ ਉਲਟ ਭਾਸਦਾ ਹੈ, ਹਾਲਾਂ ਕਿ ਅੰਤਰਮੁਖੀ ਆਸ਼ਾ ਤੇ ਉਦੇਸ਼ ਇਕ ਹੈ । ਜਿਰਾਹ ਦੇ ਇਕ ਹੱਥ ਵਿੱਚ ਨਸ਼ਤਰ ਦੂਜੇ ਵਿੱਚ ਮਲ੍ਹਮ, ਆਖਰ ਦੋਵੇਂ ਚੀਜ਼ਾਂ ਮਰੀਜ਼ ਦੇ ਸੁੱਖ ਲਈ ਹੀ ਤਾਂ ਹੁੰਦੀਆਂ ਹਨ ?

ਸਾਸ਼ਤ੍ਰ ਸਮਾਜ ਦੀ ਰਖਿਆ ਲਈ ਪੁਰਖ ਨੂੰ ਗਿਆਨਵਾਨ ਬਣਾਉਂਦਾ ਹੈ, ਸਸ਼ਤ੍ਰ ਗਿਆਨ ਨੂੰ ਅਮਲੀ ਕਰਨ ਲਈ ਬਲਵਾਨ ਕਰਦਾ ਹੈ। ਇਨ੍ਹਾਂ ਦੀ ਕੁਵਰਤੋਂ ਓਦੋਂ ਹੋਂਦ ਵਿੱਚ ਆਉਂਦੀ ਹੈ ਜਦ ਇਨ੍ਹਾਂ ਦੇ ਧਾਰਨੀ ਲੋਕ-ਹਿਤਾਂ ਦੀ ਥਾਂ ਨਿੱਜੀ ਲਾਭਾਂ-ਪ੍ਰਾਇਣ ਹੋ ਜਾਂਦੇ ਹਨ। ਆਪਣੇ ਗੁਟਾਂ ਦੇ ਸੰਘਠਨ ਵਿੱਚ ਲਗ ਕੇ ਪ੍ਰਸਵਾਰਥ ਦੀ ਥਾਂ ਆਪਣੇ ਅਤੇ ਆਪਣਿਆਂ ਦੇ ਲਾਭਾਂ ਦੀ ਵਿਰਧੀ ਲਈ ਵਰਤੋਂ ਸ਼ੁਰੂ ਕਰ ਦਿੰਦੇ ਹਨ । ਏਥੇ ਹੀ ਬਸ ਨਹੀਂ ਦੂਜਿਆਂ ਦੇ ਹਿਤਾਂ ਨੂੰ ਰੋਂਦਣਾ ਵੀ ਧਰਮ ਦਾ ਕਰਮ ਸਮਝਣ ਲਗ ਪੈਂਦੇ ਹਨ । 'ਕੁਰਾਨ' ਦੀ ਕਾਫ਼ਰਾਂ ਨੂੰ ਸਜ਼ਾ ਦੇਣ ਲਈ ਮੌਲਾਣਿਆ ਵਲੋਂ ਕੀਤੀ ਵਰਤੋਂ ਮੈਨੂੰ ਸਿਮ੍ਰਤੀ ਦੀ ਸਮਾਜ ਦੰਡ, ਤੇ ਛੂਤ ਛਾਤ ਦੇ ਸਿਧਾਂਤਕੀ ਸਾਸ਼ਤ੍ਰਾਂ ਤੋਂ ਵੀ ਵਧ ਮਾਰੂ ਸਿੱਧ ਨਹੀਂ ਹੋਏ ?

ਅੰਨਦਪੁਰ ਵਿੱਚ ਜਿਤਨੇ ਸਾਸ਼ਤ੍ਰਾਲਯ ਬਣਾਏ ਗਏ ਗੁਰੂ ਪ੍ਰੇਰਨਾ ਨਾਲ ਲੋਕਾਂ ਨੇ ਲੋਕ-ਹਿਤਾਂ ਦੀ ਰੱਖਿਆ ਲਈ ਫੂਹੀ ਫੂਹੀ ਕਰ ਕੇ ਬਣਾਏ । ਅੰਨਦਪੁਰ ਵਿੱਚ ਜੋ ਜੋ ਸਾਸ਼ਤ੍ਰ ਰਚੇ ਗਏ ਲੋਕ-ਗਿਆਨ ਦੇ ਵਾਧੇ ਤੇ ਸੁਖ ਸੰਤਾਂ ਕਰਨੂੰ ਦੇ ਮਨੋਰਥ ਲਈ ਬਣਾਏ ਗਏ ।

ਲੋਕਾਂ ਦੇ ਤਿਲਫੁਲ ਤੋਂ ਬਣੇ ਹਜ਼ਾਰਾਂ ਲੱਖਾਂ ਰੁਪਿਆਂ ਦੇ ਸਸ਼ਤ੍ਰ ਤੇ 'ਸਾਸ਼ਤ੍ਰ' ਨਿਰਸੰਦੇਹ ਮਾਨਵੀ ਸਮਾਜ ਨੂੰ ਜ਼ੁਲਮ ਦੇ ਟਾਕਰੇ ਨਿਰਭਉ ਬਣਾਕੇ ਅੰਦਰੋਂ ਬਾਹਰ ਤਿਆਰ-ਬਰ-ਤਿਆਰ ਕਰਨ ਵਾਸਤੇ ਸਨ । ਅੰਨਦਪੁਰ ਵਿੱਚ ਸਸ਼ਤ੍ਰ ਤੇ ਸਾਸ਼ਤ੍ਰ ਵਿਚਕਾਰਲੀ ਮੂਲ ਸੰਧੀ ਨੂੰ ਪੱਕਾ ਕਰਨ ਲਈ ਨਿੱਤ ਦੁਹਰਾਇਆ ਜਾਂਦਾ ਸੀ :—

**ਧਨ ਜੀਓ ਤਿਹ ਕੋ ਜਗ ਮੈ**
**ਮੁਖ ਤੇ ਹਰਿ, ਚਿਤ ਮੈ ਯੁੱਧ ਵਿਚਾਰੇ ।**

ਇਸ ਕਿਸਮ ਦੇ ਭਾਵਾਂ ਤੇ ਭਾਂਡਿਆਂ ਦੀ ਮਿੱਟੀ ਕਰਣੀ ਦੇ ਖਮੀਰ ਪਾ ਪਾ ਕੇ ਗੁੰਨ੍ਹੀ ਜਾਂਦੀ ਸੀ। ਏਥੇ ਸਾਸ਼ਤ੍ਰਾਂ ਦਾ ਸਸ਼ਤ੍ਰਕਾਰਾਂ ਕਵੀਆਂ ਵਿਦਵਾਨਾਂ ਦੀ ਰਖਿਆ ਤੇ ਵ੍ਰਿਧੀ ਲਈ ਵਰਤੇ



Digitized by Panjab Digital Library | www.panjabdigilib.org

ਜਾਣ ਦਾ ਅਮਲ ਹੋਇਆ । ਓਧਰ ਸਸ਼ਤ੍ਰਾਂ ਦੀਆਂ ਸਾਸ਼ਤ੍ਰਾਂ ਨੇ ਆਰਤੀਆਂ ਉਤਾਰੀਆਂ, ਸਸ਼ਤ੍ਰਨਾਮਾ ਮਾਲਾ ਗ੍ਰੰਥ ਕੀ ਹੈ ? ਸਸ਼ਤ੍ਰ ਸਤ੍ਰੋਤ ਸਸ਼ਤ੍ਰਾਂ ਦੀ ਅਰਤੀ :

ਜਿਤੇ ਸਸ਼ਤ੍ਰ ਨਾਮੰ । ਨਮਸਕਾਰ ਤਾਮੰ ।
ਜਿਤੇ ਸਸ਼ਤ੍ਰ ਭੇਮੰ । ਨਮਸਕਾਰ ਤੇਯੰ ਹੈ ।

ਇਕ ਲੋਕ ਵਾਕ ਹੈ, 'ਕਾਇਰ ਦੇ ਹੱਥ ਵਿਚ ਆਇਆ ਸਸ਼ਤ੍ਰ ਆਪਣੀ ਜਾਨ ਦਾ ਹੀ ਖੌਅ ਹੁੰਦਾ ਹੈ ? ਇਸ ਲਈ ਜ਼ਰੂਰੀ ਸਮਝਿਆ ਗਿਆ ਕਿ ਸਸ਼ਤ੍ਰ ਚੁਕਣ ਵਾਲਿਆਂ ਦੇ ਮਨ ਬਲਵਾਨ ਹੋਣ ਤੇ ਉਨ੍ਹਾਂ ਸਾਹਮਣੇ ਨਿੱਜੀ ਲਾਭਾਂ ਤੇ ਲੁੱਟ ਖੱਸੁਟ ਦੀ ਥਾਂ ਆਪਾ ਵਾਰਨ ਦੀ ਭਾਵਨਾ ਤੇ ਧਰਮ ਯੁਧ ਦੇ ਚਾਉ ਦਾ ਆਦਰਸ਼ ਹੋਵੇ । ਕਾਇਰ ਤੇ ਨਿਤਾਣੇ ਪਏ ਲੋਕਾਂ ਅੰਦਰ ਬੀਰਤਾ ਦੀਆਂ ਸੁੱਤੀਆਂ ਕਲਾਂ ਜਗਾਉਣ ਲਈ ਬਾਣੀ ਦੇ ਬਾਣ ਸਭ ਤੋਂ ਉਤਮ ਸਾਸ਼ਤ੍ਰ ਹਨ। ਏਸੇ ਲਈ ਦਿਲੀ ਭਾਵਾਂ ਨੂੰ ਝੁਣਝੁਣੀਆਂ ਛੇੜਨ ਵਾਲੇ ਟੁੰਬਵੇਂ ਛੰਦ ਏਥੇ ਰਚੇ ਜਾਂਦੇ ਰਹੇ । ਜਿਨ੍ਹਾਂ ਦੀ ਕੜਾਕੇਦਾਰ ਬਨਤਰ ਜੰਗ ਦੇ ਰੰਗ ਤੁਰੀਆਂ ਤੋਪਾਂ ਦੀਆਂ ਗੜਗਜਾਂ ਧੌਂਸਿਆਂ ਦੀ ਘਨਘੋਰ ਪਹਿਲਾਂ ਹੀ ਮਨ ਨੂੰ ਬੇਖੌਫ ਕਰ ਦਿੰਦੀ ਹੈ । ਹੌਲੀ ਹੌਲੀ ਉਨ੍ਹਾਂ ਬੀਰ ਰਸੀ ਛੰਦਾਂ ਦੇ "ਪ੍ਰਬੰਧ' ਬਣ ਗਏ ਪ੍ਰਬਧਾਂ ਦੇ ਗ੍ਰੰਥ ਤੇ ਗ੍ਰੰਥਾਂ ਤੇ ਸਮੂਹ ਦਾ ਮਹਾਨ; ਗ੍ਰੰਥ "ਵਿਦਿਆ ਸਾਗਰ" ਬਣਾਇਆ ਗਿਆ ।

ਗੁਰੂ ਗ੍ਰੰਥ ਸਾਹਿਬ ਦਾ ਇਕ ਵਾਕ ਹੈ :—

"ਜਿਉਂ ਨਦੀਆਂ ਨਾਲਿਆਂ ਕਾ ਜਲ ਜਾਇ ਪਵੈ ਵਿਚ ਸੁਰਸਰੀ
ਮਿਲ ਸੁਰਸਰੀ ਪਤਿਤ ਪਾਵਨ ਹੋਇ ਜਾਵੈ ।"

ਅਨੰਦਪੁਰ ਦੀ ਧਰਤੀ ਉਤੇ ਭਿੰਨ ਭਿੰਨ ਭਾਸ਼ਾਵਾਂ ਅਤੇ ਭਾਂਤ ਭਾਂਤ ਦੇ ਗਿਆਨ ਦੇ ਸੋਮਿਆਂ ਤੋਂ ਸਫੁਟਤ ਵਿਚਾਰਾਂ ਦਾ ਨਿਰਮਲ ਜਲ 'ਵਿਦਿਆ ਸਾਗਰ' ਦੇ ਰੂਪ ਵਿਚ, ਸਾਡੀਆਂ ਰੂਹਾਂ ਦੀਆਂ ਪੈਲੀਆਂ ਨੂੰ ਪ੍ਰਫੁਲਤ ਕਰਨ ਲਈ ਗੁਰੂ-ਗੋਬਿੰਦ ਨੇ ਇਕ ਬੰਨ੍ਹ ਦੇ ਰੂਪ ਵਿੱਚ ਤਿਆਰ ਕੀਤਾ ਸੀ । ਭਾਵੀ ਦਾ ਚੱਕਰ ਉਹ ਬੰਨ੍ਹ ਟੁੱਟ ਗਿਆ, ਪੱਤਰ ਖਿੰਡਰ ਗਏ, ਕੁਝ ਉਡ ਗਏ, ਕੁਝ ਜ਼ੁਲਮੀ ਨਾਲੇ ਦੇ ਹੜ ਨੇ ਰੜ ਸੁੱਟੇ । ਵਰ੍ਹਿਆਂ ਪਿਛੋਂ ਜਾ ਕੇ ਜੋ ਬਚਿਆ ਖੁਚਿਆ ਮਾਲ ਹੱਥ ਲਗਿਆ ਯਤਨ ਕਰਕੇ ਸਿਖਾਂ ਨੇ ਸੰਭਾਲਿਆ ਉਸ ਦੇ ਇਕ ਭਾਗ ਦਾ ਅੱਜ ਕਲ 'ਦਸਮ ਗ੍ਰੰਥ ਨਾਮ ਪ੍ਰਚਲਤ ਹੈ ਪੁਰਾਣੇ ਡੇਰਿਆਂ, ਪੁਰਾਤਨ ਬੀੜਾਂ ਤੇ ਪੋਥੀਆਂ ਵਿੱਚ ਕੁੱਝ ਰਚਨਾਵਾਂ ਮਿਲਦੀਆਂ ਹਨ, ਜਿਨ੍ਹਾਂ ਵਿੱਚ ਕਈ ਨਿਰਸੰਦੇਹ ਸ੍ਰੀ ਮੁਖਵਾਕ ਹੋਣ ਦੇ ਬਾਵਜੂਦ ਵੀ ਦਸਮ ਗ੍ਰੰਥ ਦਾ ਭਾਗ ਨਹੀਂ ਬਣ ਸਕੀਆਂ (ਕੁਝ ਕੁ ਚੀਜ਼ਾਂ ਕਈ ਬੀੜਾਂ ਦਾ ਭਾਗ ਪਿਛੋਂ ਬਣਾ ਵੀ ਲਈਆਂ ਹਨ) ਇਹ ਦੂਜੀ ਕਿਸਮ ਦਾ ਅਨੰਦਪੁਰੀ ਸਾਹਿੱਤ ਹੈ ।

ਤੀਜੀ ਕਿਸਮ ਦਾ ਸਾਹਿੱਤ ਹੈ ਅਨੰਦਪੁਰ ਦੇ ਵਿਦਿਆ ਦਰਬਾਰ ਦੇ ਕਵੀ ਰਤਨਾਂ ਦੀਆਂ ਅਮੁੱਲ ਰਚਨਾਵਾਂ । ਇਨ੍ਹਾਂ ਰਚਨਾਵਾਂ ਦੇ 60 ਕੁ ਪੱਤਰੇ ਭਾਈ ਸੰਤੋਖ ਸਿੰਘ ਜੀ ਨੂੰ ਅਨੰਦਪੁਰ ਤੋਂ ਲੱਭ ਪਏ ਸਨ, ਉਨ੍ਹਾਂ ਵਿਚੋਂ ਕਵੀ ਜੀ ਨੇ ਕਈ ਛੰਦ, ਅਪਣੀ ਅਮਰ ਕ੍ਰਿਤ 'ਗੁਰ ਪ੍ਰਤਾਪ ਸੂਰਯ' ਗ੍ਰੰਥ ਵਿੱਚ ਸੰਭਾਲ ਦਿੱਤੇ ਹਨ । ਕੁਝ ਰਚਨਾਵਾਂ ਪਟਨੇ ਸਾਹਿਬ ਤੇ ਮਹੰਤ ਬਾਬਾ ਸੁਮੇਰ ਸਿੰਘ ਜੀ ਨੇ ਸੰਭਾਲ ਦਿੱਤੀਆਂ ਹਨ । ਕਈ ਲਿਖਤਾਂ ਮਹਾਰਾਜਾ ਨਰਿੰਦਰ

Digitized by Panjab Digital Library | www.panjabdigilib.org

ਸਿੰਘ ਪਟਿਆਲਾ, ਸਰ ਅਤਰ ਸਿੰਘ ਭਦੌੜ ਦੇ ਵਿ'ਦਿਆ ਪ੍ਰੇਮ ਦੇ ਸਿਰ ਸਦਕੇ ਉਨ੍ਹਾਂ ਦੀਆਂ ਲਾਇਬ੍ਰੇਰੀਆਂ ਵਿੱਚ ਸੰਭਾਲੀਆਂ, ਮਿਲਦੀਆਂ ਹਨ।

ਪੰਜਾਬ ਦੇ ਆਸ ਪਾਸ ਦੇ ਇਲਕਿਆਂ ਦੇ ਪ੍ਰਾਚੀਨ ਡੇਰਿਆਂ ਮੰਦਰਾਂ ਦੇ ਤੱਸ਼ੇਖਾਨਿਆਂ ਵਿੱਚ ਇਨ੍ਹਾਂ ਗ੍ਰੰਥਾਂ ਦੀਆਂ ਨਕਲਾਂ, ਕੁਝ ਲਿਖਤਾਂ ਦੇ ਅਸਲ ਵੀ ਇਸ ਵੇਲੇ ਤੱਕ ਮਿਲਦੇ ਹਨ। ਿਸ ਤੋਂ ਬਹੁ ਭਾਂਤੇ ਸਾਹਿਤ ਭੰਡਾਰ ਵਿੱਚ ਜੋ ਜੋ ਵਸਤੂਆਂ ਪ੍ਰਾਪਤ ਹ5। ਉ5ਂ ਵਿੱਚ 99 ਫੀ ਸਦੀ ਲਿਖਤਾਂ ਉਤੇ ਅਨੰਦਪੁਰ ਦੀ ਛਾਪ ਹੈ।

ਇਹ ਸਾਹਿੱਤ ਹੈ:

1. ਦਸਮ ਗ੍ਰੰਥ
2. ਫੁਟਕਲ ਰਚਨਾਵਾਂ
3. ਦਰਬਾਰੀ ਕਵੀਆਂ ਦੇ ਗੰਥ ਤੇ ਰਚਨ ਵਾਂ

Digitized by Panjab Digital Library | www.panjabdigilib.org

# ਦਸਮ ਗ੍ਰੰਥ

ਪੁਰਾਣੀਆਂ ਹੱਥ ਲਿਖਤ ਬੀੜਾਂ ਵਿੱਚ ਆਮ ਤੌਰ ਤੇ ਇਸ ਗ੍ਰੰਥ ਦੇ ਤਤਕਰੇ ਅਰੰਭ ਵਿੱਚ 'ਤਤਕਰਾ ਸ੍ਰੀ ਬਚਿੱਤ੍ਰ ਨਾਟਕ ਗ੍ਰੰਥ ਜੀ ਕਾ' ਸੂਚਨਾ ਹੋਦੀ ਹੈ। ਇਸ ਤੋਂ ਜਾਣਿਆ ਜਾਂਦਾ ਹੈ ਕਿ ਇਸ ਗ੍ਰੰਥ ਦਾ ਮੂਲ ਨਾਮ 'ਬਚਿੱਤ੍ਰ ਨਾਟਕ ਹੈ ਜਿਥੇ ਅਧਿਆਇ ਜਾਂ ਪ੍ਰਬੰਧ ਸਮਪਿਤ ਹੁੰਦੇ ਹਨ ਉਥੇ ਵੀ ਏਹੋ ਸੂਚਨਾ, 'ਇਤਿ ਸ੍ਰੀ' 'ਬਚਿੱਤ੍ਰ ਨਾਟਕ' ਗ੍ਰੰਥੇ ਅਗੇ ਅਧਿਆਇ ਤੇ ਪ੍ਰਸੰਗਾਂ ਤੇ ਪ੍ਰਬੰਧ ਦਾ ਵਰਨਣ ਦਿੱਤਾ ਹੁੰਦਾ ਹੈ। ਜਿਵੇਂ:

'ਇਤਿ ਸ੍ਰੀ ਬਚਿਤ੍ਰ ਨਾਟਕ ਗਿਰੰਥੇ ਨਰਨਰਾਯਣ ਅਵਤਾਰ ਚਤਰਥੁ ਸੰਪੂਰਨ।' ਤਤਕਰੇ ਅਤੇ ਗ੍ਰੰਥ ਜੀ ਦੇ ਵਿਚਕਾਰ ਕਈ ਰਚਨਾਵਾਂ ਦੀ ਸੂਚਨਾ "ਗ੍ਰੰਥ" ਲਿਖਕੇ ਦਿਤੀ ਹੈ, ਜਿਵੇਂ ਗਿਆਨ ਪ੍ਰਬੋਧ ਗ੍ਰੰਥ, ਸਸ਼ਤ੍ਰਨਾਮ ਮਾਲਾ ਗ੍ਰੰਥ, ਪਖਿਯਾਨੋ ਚਰਿੱਤ੍ਰ ਥਗ੍ਰੰ ਇਨ੍ਹਾਂ ਸੂਚਨਾਵਾਂ ਤੋਂ ਪ੍ਰਗਟ ਹੈ ਕਿ ਬਚਿੱਤ੍ਰ ਨਾਟਕ ਕਈ ਗ੍ਰੰਥਾਂ ਦਾ ਸੰਗ੍ਰਹਿ ਕਰਕੇ ਸਿਰਜਿਆ ਗਿਆ ਹੈ। ਇਉਂ ਇਸ ਗ੍ਰੰਥ ਨੂੰ ਬਚਿਤ੍ਰ ਗ੍ਰੰਥਾਂ ਦਾ ਸੰਗ੍ਰਹਿ ਕਿਹਾ ਜਾ ਸਕਦਾ ਹੈ।

ਇਨ੍ਹਾਂ ਗ੍ਰੰਥਾਂ ਦੀ ਤਰਤੀਬ ਵੱਖੋ ਵੱਖਰੀਆਂ ਬੀੜਾਂ ਵਿੱਚ ਭਿੰਨ ਭਿੰਨ ਤਰ੍ਹਾਂ ਦੀ ਹੈ, ਕੁਝ ਬੀੜਾਂ ਵਿੱਚ ਸਾਸ਼ਤ੍ਰ ਨਾਮ ਮਾਲਾ ਜਾਪ ਸਾਹਿਬ ਨਾਲ ਦਿੱਤੀ ਹੈ ਕਈਆਂ ਬੀੜਾਂ ਵਿਚਕਾਰ ਚਰਿਤ੍ਰਾਂ ਤੋਂ ਪਹਿਲਾਂ ਹੈ। ਵਾਰ ਸ੍ਰੀ ਭਗਉਤੀ ਜੀ ਕੀ, ਰਾਗਾਂ ਵਿੱਚ ਲਿਖੇ ਸ਼ਬਦਾਂ, 33 ਸਵੱਈਏ ਵੀ ਤਰਤੀਬ ਵਿੱਚ ਵੀ ਕਈ ਅੰਤਰ ਹਨ। ਮੋਟੇ ਤੌਰ ਤੇ ਦੋ ਵੱਡੇ ਭੇਦ ਆਮ ਹਨ: ਕੁਝ ਲਿਖਤੀ ਬੀੜਾਂ ਦੀ ਸਮਾਪਤੀ ਜ਼ਫਰਨਾਮੇ ਪਿਛੋਂ ਆਉਂਦੀਆਂ ਹਿਕਾਇਤਾਂ ਉਤੇ ਹੈ, ਕਈਆਂ ਦੀ ਅਸਫੋਕਟ ਕਬਿੱਤ ਸਵੱਈਆਂ ਉਪਰ। ਅਸਫੋਕਟ ਕਬਿੱਤ ਸਵੱਈਆਂ ਉਪਰ ਭੋਗ ਪਾਉਣ ਦੀ ਤਰਤੀਬ ਗੁਰੂ ਗ੍ਰੰਥ ਦੀ ਪਰੰਮਪਰਾ ਨੂੰ ਸਾਹਮਣੇ ਰੱਖਣ ਵਾਲੀ ਹੈ। ਯਾਦ ਰਹੇ ਗੁਰੂ ਗ੍ਰੰਥ ਸਾਹਿਬ ਦੇ ਅੰਤਕਾ ਭਾਗ ਵਿੱਚ ਫੁਟਕਲ ਰਚਨਾਵਾਂ ਤੇ ਵਾਰਾਂ ਤੋਂ ਵਧੇ ਹੋਏ (ਵਾਰਾਂ ਤੋਂ ਵਧੀਕ) ਸਲੋਕਾਂ ਨੂੰ ਅੰਤ ਵਿੱਚ ਰੱਖਿਆ ਹੈ। ਦੂਜੀ ਤਰਤੀਬ ਦੀਆਂ ਬੀੜਾਂ, ਜੋ ਰਚਨਾਵਾਂ ਪਿਛੋਂ ਰਚੀਆਂ ਗਈਆਂ ਉਨ੍ਹਾਂ ਨੂੰ ਅੰਤ ਵਿੱਚ ਰੱਖਣ ਦੀ ਸੋਚ ਕੰਮ ਕਰਦੀ ਹੈ। ਜੇ ਦਸਮੇਸ਼ ਜੀ ਇਸ ਗ੍ਰੰਥ ਦੀ ਬੀੜ ਆਪ ਤਿਆਰ ਕਰਦੇ ਤਾਂ ਉਨ੍ਹਾਂ ਦਾ ਕੋਈ ਸੰਚਯ ਜਾਂ ਤਿਆਰ ਕੀਤੀ ਤਰਤੀਬ ਦਾ ਰੂਪ ਮਿਲ ਸਕਦਾ, ਜਿਵੇਂ ਕੇਸਰ ਸਿੰਘ ਛਿਬਰ ਨੇ ਲਿਖਿਆ ਹੈ ਕਿ ਦਸਮੇਸ਼ ਜੀ ਨੇ ਵੱਡੇ ਤੇ ਛੋਟਾ ਦੋ ਗ੍ਰੰਥ ਤਿਆਰ ਕੀਤੇ ਸੀ—ਉਨ੍ਹਾਂ ਦੀਆਂ ਬਾਣੀਆਂ ਦੀ ਵੰਡ ਦਾ ਥਹੁ ਮਿਲ ਸਕਦਾ, ਤਾਂ ਅਸੀਂ ਬੜੇ ਵਡਭਾਗੀ ਹੁੰਦੇ। ਉਸ ਸੂਰਤ ਵਿੱਚ ਨਾ ਸਿਰਫ ਤਰਤੀਬ, ਬਲਕਿ ਇਸ ਗ੍ਰੰਥ ਵਿੱਚ ਆਈਆਂ ਬਾਣੀਆਂ ਬਾਰੇ ਸ਼ੰਕੇ ਉਠਣ ਦੀ ਸੰਭਾਵਨਾ ਨਾ ਰਹਿੰਦੀ।

ਗਿਆਨੀ ਗਿਆਨ ਸਿੰਘ ਜੀ ਨੇ ਆਪਣੇ 'ਪੰਥ ਪ੍ਰਕਾਸ਼' ਵਿੱਚ ਬੀੜਾਂ ਦੇ ਭੇਦਾਂ ਬਾਰੇ ਸਭ ਤੋਂ ਪਹਿਲਾਂ ਵੇਰਵੇ ਭਰੀ ਵਾਕਫੀ ਦਿੱਤੀ ਹੈ। ਉਨ੍ਹਾਂ ਦਾ ਕਥਨ ਹੈ ਸਤਾਰਾਂ ਸੌ



Digitized by Panjab Digital Library | www.panjabdigilib.org

ਅਠੱਤਰ ਵਿੱਚ ਗੁਰੂ ਗੋਬਿੰਦ ਜਿੰਘ ਜੀ ਦੇ ਨਿਜ ਧਾਮ ਪਧਾਰਨ ਤੋਂ 13 ਸਾਲ ਪਿਛੋਂ ਭਾਈ ਮਨੀ ਸਿੰਘ ਜੀ ਨੇ ਪੰਥ ਦੀ ਆਗਿਆ ਨਾਲ ਦਸਵੇਂ ਗੁਰੂ ਦੀ ਬਾਣੀ ਇਕੱਠੀ ਕਰਨ ਲਈ ਉਦਮ ਕੀਤਾ :—

"ਇਕ ਦਿਨ ਆਗਿਆ ਪੰਥ ਕੀ ਮਨੀ ਸਿੰਘ ਜੀ ਪਾਇ।
ਬਾਣੀ ਦਸਮੇ ਗੁਰੂ ਕੀ ਸੰਗ੍ਰਹਿ ਕਰ ਧਰ ਭਾਇ।
ਏਕੇ ਜਿਲਦ ਮੈ ਦੀਨੀ ਕਰ ਹੈ।
ਤਿਸਕਾ ਭੋਗ ਹਿਕਾਇਤ ਪਰ ਹੈ।"

2

ਦੂਸਰ ਬੀੜ ਦਮਦਮੇ ਪਈ। ਦੀਪ ਸਿੰਘ ਸ਼ਹੀਦ ਰਚਈ।
ਸੰਮਤ ਅਠਾਰਾ ਸੈ ਚਾਰ। ਮੱਧ ਕਰਿਓ ਉਨ ਬੱਗ ਉਪਕਾਰ।
ਭੋਗ ਸਫੁਟਕ ਕਬਿੱਤਨ ਪਰ ਹੈ, ਇਹੇ ਪਾਛਾਨ ਸਿਆਨੈ ਰਰਹੈ।

(ਪੰਥ ਪ੍ਰਕਾਸ਼)

ਗਿਆਨੀ ਜੀ ਨੇ ਅਗੇ ਜਾ ਕੇ ਲ਼ਿਖਿਆ ਹੈ, ਸੰਮਤ 1932 ਵਿੱਚ ਪਟਨੇ ਸਾਹਿਬ ਦੇ ਸੁਖਾ ਸਿੰਘ ਨੇ ਕਈ ਹੋਰ ਰਚਨਾਵਾਂ ਵਿਚ ਸ਼ਾਮਲ ਕਰਕੇ, ਭੋਗ ਦੇਵੀ ਜੀ ਦੇ ਛੱਕਿਆ ਉਤੇ ਪਾਇਆ ਹੈ। ਇਕ ਬੀੜ ਉਸ ਦੇ ਪੁੱਤਰ ਚੜ੍ਹਤ ਸਿੰਘ ਨੇ ਵੀ ਲਿਖੀ ਜਿਸ ਵਿੱਚ ਪੰਜ ਪੱਤਰੇ ਦਸਵੇਂ ਗੁਰੂ ਜੀ ਵਲੋਂ ਲਿਖੇ ਬਣਾਏ ਦਸੇ ਹਨ। ਇਹ ਬੀੜ ਬਾਵਾ ਹਾਕਮ ਸਿੰਘ ਜੀ ਨੇ ਲੈ ਲਈ ਸੀ ਜੋ ਉਨ੍ਹਾਂ ਕਿਹਾ ਹੈ ਮੈ ਮੋਤੀ ਬਾਗ (ਪਟਿਆਲਾ) ਵਿੱਚ ਦੇਖੀ ਹੈ। ਗਿਆਨੀ ਜੀ ਦੇ ਦਸੇ ਹੋਏ ਇਹ ਚਾਰੇ ਸੰਚੇ ਦੇਖਣ ਦਾ ਲੇਖਕ ਨੂੰ ਸੁਭਾਗ ਪ੍ਰਾਪਤ ਹੈ। ਦਸਮ ਗ੍ਰੰਥ ਦੀਆਂ ਬੀੜਾਂ ਬਾਰੇ ਇਸ ਭਾਵ ਦੀ ਵਿਚਾਰ ਚਰਚਾ ਇਸ ਲੇਖ ਦਾ ਵਿਸ਼ਾ ਨਹੀਂ।

ਛਾਪੇਖਾਨਿਆਂ ਵਾਲਿਆਂ ਕੁਝ ਮਨ ਭਾਉਂਦੀਆਂ ਅਦਲਾ ਬਦਲੀਆਂ ਨਾਲ ਭਾਈ ਮਨੀ ਸਿੰਘ ਜੀ ਵਾਲੀ ਕਥਿਤ ਤਰਤੀਬ ਨੂੰ ਪ੍ਰਚਲਤ ਕਰ ਦਿੱਤਾ ਹੈ। ਇਸ ਛਾਪੇ ਹੋਏ ਦਸਮ ਗ੍ਰੰਥ ਵਿੱਚ ਬਚਿੱਤ੍ਰ ਨਾਟਕ ਗ੍ਰੰਥ ਦੇ 'ਗੋਪੀ ਬਿਰਹਾ ਛੰਦ *ਪਉਂਟੇ ਦੀ ਰਚਨਾ ਹੈ ? ਜ਼ਫਰਨਾਮਾ ਦੀਨੇ ਕਾਗੜ ਦੀ। ਇਨ੍ਹਾਂ ਦੋਵਾਂ ਰਚਨਾਵਾਂ ਤੋਂ ਇਲਾਵਾ ਇਸ ਗ੍ਰੰਥ ਦੀਆਂ ਹੋਰ ਰਚਨਾਵਾਂ ਕਰੀਬ ਕਰੀਬ ਅਨੰਦਪੁਰ ਦੀ ਦੇਣ ਹਨ।

ਜਾਪ ਸਾਹਿਬ, ਅਕਾਲ ਉਸਤਤ, ਅਰੰਭਕ ਰਚਨਾਵਾਂ, ਅਕਾਲ ਪੁਰਖ ਦੇ ਬਹੁਭਾਂਤੀ ਸਰੂਪਾਂ ਦੀ ਬਹੁਗੁਣੀ ਲੀਲ੍ਹਾ ਦੀਆਂ ਝਲਕੀਆਂ ਅਕਾਲ ਜੀ ਦੀ ਸ਼ਕਤੀ ਦੇ ਰੂਪਾਂ ਦਾ ਸਤੋਤ੍ਰ ਤੇ ਵਰਨਣ ਹਨ। ਇਨ੍ਹਾਂ ਵਿੱਚ ਲੇਖਕ ਦੀ ਗੁਰੂ ਜਯੋਤੀ ਦੇ ਅਝੁੱਕ, ਅਹਿੱਲ ਕਲਾਧਾਰੀ ਅਭੁੱਲਤਾਂ ਦੀ ਛਾਪ ਅੱਖਰ ਅੱਖਰ ਉਤੇ ਹੈ। ਅਜੇਹੀ ਮੌਜ ਤੇ ਔਜ ਵਿੱਚ ਲਿਖੀਆਂ ਰਚਨਾਵਾਂ ਦਸਮ ਗ੍ਰੰਥ ਦੇ ਵਿਚਕਾਰ ਕਈ ਥਾਵਾਂ ਉਤੇ ਟਿਪਣੀਆਂ ਦੇ ਰੂਪ ਵਿੱਚ ਵੀ ਹਨ। ਜਿਥੇ

---

*ਸਤਰਾਂ ਸੈ ਪੰਤਾਲ ਮੈ, ਸਾਵਨ ਸੁਦਿ ਥਿਤ ਦੀਪ।
ਨਗਰ ਪਾਵਟਾ ਸ਼ੁਭ ਕਰਨ ਜਮਨਾ ਬਹੈ ਸਮੀਪ। (2490)
**ਕਿ ਤਸਫੀਫ ਦਰ ਕਸਬਾਇ ਕਾਂਗੜ ਕਨੰਦ।
ਵਾਜਾਂ ਪਸ ਮੁਲਾਕਾਤ ਬਾਹਮ ਸਵੰਦ। (ਜਫਰਨਾਮਾ)

Digitized by Panjab Digital Library | www.panjabdigilib.org

ਜਿਥੇ ਇਹ ਟਿ ਾਣੀਆਂ ਅਤੇ ਦੂਜੇ ਹੋਤ ਭੇਦਾਂ ਵਿਚਲੀਆਂ ਰਚਨਾਵਾਂ ਆਉਂਦੀਆਂ ਹਨ ਉਹ ਇਕ ਉਲਥਾਕਾਰ ਦੀ ਹੈਸੀਅਤ ਵਿੱਚ ਹਨ, ਜਿਨ੍ਹਾਂ ਨੂੰ ਪ੍ਰਸੰਗ ਨਾਲੋਂ ਨਿਖੇੜ ਕੇ ਉਨ੍ਹਾਂ ਦਾ ਮਹੱਤਵ ਘਟਦਾ ਨਹੀਂ ਸਗੋਂ ਵਧਦਾ ਹੈ। ਉਨ੍ਹਾਂ ਦੀ ਨਿੱਜੀ ਰਚਨਾ ਦਾ ਮਹੱਤਵ ਅਸਲੋਂ ਹੀ ਵਖਰਾ ਹੈ, ਇਤਿਹਾਸ ਤੇ ਮਿਥਿਹਾਸਕ ਰਚਨਾਵਾਂ ਦੇ ਲੇਖਕ ਤੇ ਤੌਰ ਤੇ ਨਿਭਾਏ ਫਰਜਾਂ ਤੇ ਕਰਤੱਬਾਂ ਨਾਲੋਂ ਉਕਾ ਹੀ ਭਿੰਨ ਤੇ ਉਤਮ। ਉਨ੍ਹਾਂ ਦੀਆਂ ਗੁਰੁ ਜਯੋਤੀ ਦੇ ਰੂਪ ਵਿੱਚ ਉਚਾਰੀਆਂ ਬਾਣੀਆਂ, ਸ਼ਬਦਾਂ ਪਦਿਆਂ, ਛੰਦਾ ਵਿੱਚ ਕਿਤੇ ਵੀ ਖਿਮਾ ਜਾਚਨਾ ਵਾਲੀਆਂ ਅਰਜੋਈਆਂ ਨਹੀਂ। ਜਦੋਂ ਕਿ ਉਲਥਾਕਾਰ ਦੀ ਹੈਸੀਅਤ ਵਿੱਚ "ਭੂਲ ਚੂਕ ਯਹਿ ਸਮਝੀਏ ਕ੍ਰਵਿ ਜਨ ਲੇਹ ਸਧਾਰ' ਦੀਆਂ ਤੁਕਾਂ ਥਾਂ ਥਾਂ ਆ ਜਾਂਦੀਆਂ ਹਨ। ਇਨ੍ਹਾਂ ਸੰਕੇਤਾਂ ਤੋਂ ਪ੍ਰਗਟ ਹੈ ਕਿ ਉਨ੍ਹਾਂ ਨੂੰ ਕਥਾਵਾਂ ਵਿੱਚ ਆਈਆਂ ਵਾਰਤਾਵਾਂ ਦੀ ਦੀ ਪ੍ਰਮਾਣੀਕਤਾ ਨਾਲ ਬਹੁਤਾ ਸਰੋਕਾਰ ਨਹੀਂ ਸੀ, ਉਨ੍ਹਾਂ ਦਾ ਗੂੜ੍ਹ ਤੇ ਔਖੀਆਂ ਭਾਸ਼ਾਵਾਂ ਨੂੰ ਸਰਲ ਬਣਾਕੇ, ਕਲਾਧਾਰੀ ਤੇ ਬੀਰ ਪੁਰਖਾਂ ਦੇ ਚਰਿਤ੍ਰਾਂ ਤੋਂ ਆਮ ਜਨਤਾ ਨੂੰ ਜਾਗ੍ਰਿਤਿ ਕਰਨਾ ਸੀ। ਏਸੇ ਕਾਰਨ ਉਨ੍ਹਾਂ ਦੇ ਉੱਲਥੇ ਮੱਖੀ ਤੇ ਮੱਖੀ ਮਾਰਨ ਵਾਲੇ ਨਹੀਂ ਖਲੇ ਅਨੁਵਾਦ ਹਨ। ਪੌਰਾਣਕ ਕਥਾਵਾਂ ਨੂੰ ਆਧਾਰ ਬਣਾਕੇ ਜਿਥੇ ਆਮ ਫਹਿਮ ਭਾਸ਼ਾ ਵਿੱਚ ਨਵੇਂ ਸਸ਼ਤ੍ਰ ਬਸਤ੍ਰ ਸਜਾਕੇ ਪੁਰਾਣੇ ਵਿਰਸੇ ਦੀ ਢੋਅ ਦੇ ਕੇ ਲੋਕਾਂ ਨੂੰ ਤਿਆਰ ਬਰ ਤਿਆਰ ਕਰਨਾ ਉਨ੍ਹਾਂ ਦਾ ਇੱਕ ਮਨੋਰਥ ਸੀ, ਨਾਲ ਹੀ ਬਹੁਤਾ ਜੋਰ ਇਸ ਸਾਹਿੱਤ ਦੇ ਪੁਰਾਣੇ ਕਲਬੂਤ ਵਿੱਚ ਨਵੀਂ ਰੂਹ ਭਰ ਕੇ ਪ੍ਰੇਰਨਾਦਾਇਕ ਬਣਾਉਣਾ ਵੀ ਸੀ। ਇਸ ਲਈ ਜਦੋਂ ਕੋਈ ਵਾਦੀ ਇਹ ਕਹੇ ਇਸ ਵਾਰਤਾ ਦਾ ਉਲਥਾ ਇਸ ਤਰ੍ਹਾਂ ਦਾ ਨਹੀਂ, ਇਉਂ ਚਾਹੀਦਾ ਸੀ ? ਜਾਂ ਅਮਕੇ ਵਿੱਚ ਇਹ ਗ੍ਰੰਥ ਕਥਾ ਇਉਂ ਹੈ ? ਤਾਂ ਉਨ੍ਹਾਂ ਦਾ ਕਥਨ ਹੈ, ਤੁਸੀਂ ਇਉਂ ਕਰ ਲਵੋ ? "ਭੂਲ ਚੂਕ ਹਮ ਤੇ ਪਰੀ ਕਵਿ ਜਨ ਲੇਹੁ ਸੁਧਾਰ" ਪੌਰਾਣਕ ਕਥਾਵਾਂ ਉਪਖਿਯਾਨਾ ਤੇ ਪ੍ਰਮਾਣੀਕਤਾ ਦਾ ਕੀ ਮੇਲ ? ਭਲੇ ਹੀ ਉਨ੍ਹਾਂ ਗ੍ਰੰਥਾਂ ਦੇ ਮੂਲ ਰੂਪ ਕਿਸ ਤਰ੍ਹਾਂ ਦੇ ਹੋਣ, ਉਨ੍ਹਾਂ ਨੇ ਜਿਸ ਰੰਗ ਵਿੱਚ ਠੀਕ ਸਮਝਿਆ ਉਸ ਵਸਤੂ ਨੂੰ ਘਚੋਲ ਦਿੱਤਾ। ਇਹ ਖੁਲ੍ਹ ਪੌਰਾਣਕ ਗ੍ਰੰਥਾਂ ਦੇ ਉਲਥਿਆਂ ਆਦਿਕ ਵਿੱਚ ਹੀ ਵਰਤੀ ਜਾ ਸਕਦੀ ਸੀ। ਇਤਿਹਾਸਿਕ ਤੇ ਸਵੈ-ਰਚਨਾ ਵਿੱਚ ਨਹੀਂ। ਗੁਰੂ ਜੀ ਸਵੈ-ਰਚਨਾ ਵਿੱਚ ਇਕ ਅੱਖਰ ਦੀ ਅਦਲਾ ਬਦਲੀ ਪਾਪ ਹੈ ਆਦਿ। ਏਸੇ ਕਾਰਨ "ਉਹ ਰਚਨਾਵਾਂ ਅਤੁਲ ਗੁਰ ਕਰਤਾਰ" ਦੀ ਰਚਨਾ ਦਾ ਦਰਜਾ ਰਖਦੀਆਂ ਹਨ, ਉਨ੍ਹਾਂ ਰਚਨਾਵਾਂ ਵਿਚ ਅਜੇਹੀਆਂ ਭੁੱਲਾਂ ਦਰੁਸਤਾਂ ਕਰ ਲੈਣ ਦੀ ਖੁਲ੍ਹ ਵਰਤਣ ਦੀ ਆਗਿਆ ਦਾ ਕੋਈ ਸੰਕੇਤ ਮਾਤਰ ਨਹੀਂ ਉਨ੍ਹਾਂ ਗੁਰੂ ਰਚਨਾਂ ਵਿਚੋਂ ਕੁੱਝ ਸਿਖਾਂ ਦੇ ਨਿਤ ਪੜ੍ਹੀਆਂ ਤੇ ਗਾਈਆਂ ਜਾਣ ਵਾਲੀਆਂ ਹਨ ਕੁੱਝ ਸਿਖੀ ਦੀ ਦੀਖਿਆ ਸਮੇਂ ਛਕਣ ਵਾਲੇ ਅੰਮ੍ਰਿਤ ਦੇ ਮੰਤਰ-ਪਾਠ ਦਾ ਭਾਗ ਹਨ।

ਦਸਮ ਗ੍ਰੰਥ ਵਿੱਚ, ਇਉਂ, ਇਕ ਗੁਰੂ ਜੀ ਦੀਆਂ ਸਵੈ-ਰਚਨਾਵਾਂ ਹਨ ਜੋ ਗੁਰੂ ਬਾਣੀ ਹੈ, ਦੂਜੀ ਕਿਸਮ ਦੀ ਕਿਸੇ ਪ੍ਰਯੋਜਨ ਦੀ ਸਿੱਧੀ ਵਾਲੀ ਇਤਿਹਾਸਕ ਤੇ ਪ੍ਰੇਰਨਾਤਮਕ ਰਚਨਾ ਹੈ ਜਿਵੇਂ "ਆਪਣੀ ਕਥਾ" ਜਫ਼ਰਨਾਮਾ ਆਦਿਕ। ਤੀਜੀ ਕਿਸਮ ਦੀ ਰਚਨਾ ਅਵਤਾਰ ਲੀਲਾ ਚਰਿਤ੍ਰੀ ਕਥਾਵਾਂ, ਉਲੱਥੇ ਆਦਿ ਹਨ, ਉਲੱਥਿਆਂ ਵਿੱਚ ਆਉਂਦੀਆਂ ਟਿੱਪਣੀਆਂ ਵਿੱਚ ਉਹ ਝੱਟ ਪੁਕਾਰ

Digitized by Panjab Digital Library | www.panjabdigilib.org

ਉਠਦੇ ਹਨ, "ਮੈਨੂੰ ਇਨ੍ਹਾਂ ਦਾ ਵਿਆਖਿਆਕਾਰ ਸਮਝ ਕੇ ਏਨ੍ਹਾਂ ਦੇਵੀ ਦੇਵਾਂ ਅਵਤਾਰਾਂ ਨੂੰ ਮੰਨਣ ਵਾਲਾ ਸਮਝਣ ਦਾ ਭੁਲੇਖਾ ਨਾ ਖਾ ਜਾਣਾ, ਮੇਰਾ ਆਪਣਾ ਨਿੱਜੀ ਮੱਤ ਭਿੰਨ ਹੈ। "ਏਹੋ ਸ੍ਵੈ-ਚੇਤਨਾ ਹੈ ਜਿਸ ਕਰਕੇ ਉਹ ਇਕ ਪਾਸੇ ਕ੍ਰਿਸ਼ਨਾ ਅਵਤਾਰ ਦੀ ਕਥਾ ਸੁਆਦ ਲਾ ਲਾ ਕੇ ਰਚਦੇ ਹਨ, ਦੂਜੇ ਪਾਸੇ ਆਖਦੇ ਹਨ :—"ਕਈ ਕ੍ਰਿਸ਼ਨ ਸੇ ਕੀਟ ਕੋਟਾਂ ਉਪਾਏ" ਏਧਰ ਪੂਰੇ ਤਰਾਣ ਤੇ ਕਾਵਿ-ਲੜੀਆਂ ਦੇ ਰਸਾਂ ਰੰਗਾਂ ਵਿੱਚ ਸਮੋ ਕੇ ਅਵਤਾਰਾਂ ਤੇ 'ਦੇਵੀ ਜੂ ਕੀ ਉਸਤਤ' ਦੇ ਗ੍ਰੰਥ ਅਨੁਵਾਦੇ ਜਾ ਰਹੇ ਹਨ ਦੂਜੇ ਪਾਸੇ ਝਟ ਪਟ, ਜਦੋਂ ਕਿ ਪਹਿਲੀ ਲਿਖਤ ਦੀ ਸ਼ਿਆਹੀ ਵੀ ਨਹੀਂ ਸੁੱਕੀ ਹੁੰਦੀ, ਉਹ ਲਿਖਣਾ ਅਰੰਭ ਕਰ ਦੇਂਦੇ ਹਨ "ਪਾਇ ਗਹੇ ਜਬ ਤੇ ਤੁਮਰੇ ਤਬ ਤੇ ਕੋਊ ਆਂਖ ਤਰੇ ਨਹੀਂ ਆਨਿਓ। ... ਮੈਂ ਨਾ ਗਨੇਸਹਿ ਪ੍ਰਿਥਮ ਮਨਾਊਂ। ਕ੍ਰਿਸ਼ਨ ਬਿਸਨ ਕਬਹੂੰ ਨਹਿ ਧਿਆਊਂ।" ਜਿਉਂ ਇਸ ਬਚਿਤ੍ਰ ਚਰਿਤ੍ਰਾਂ ਤੇ ਨਾਟਕੀ ਗ੍ਰੰਥ ਵਿਚ ਗੁਰੂ ਗੋਬਿੰਦ ਸਿੰਘ ਜੀ ਦੇ ਪਰਮ ਪਵਿਤ੍ਰ ਚਰਿਤ੍ਰ ਬਾਰੇ ਕੋਈ ਭਰਾਂਤੀ ਨਹੀਂ ਆ ਸਕਦੀ। ਇਹ ਉਨ੍ਹਾਂ ਦੀ ਆਪਣੇ ਨਿਰਾਲੇ ਚਰਿਤ੍ਰ ਬਾਰੇ ਥਾਂ ਥਾਂ ਰੱਖੀ ਸ੍ਵੈ-ਚੇਤਨਾ ਦਾ ਪਰਮਾਣ ਹੈ।

ਬਚਿਤ ਨਾਟਕ, ਜਾਂ ਅਵਤਾਰ ਲੀਲਾ ਦੇ ਗ੍ਰੰਥ ਵਿੱਚ ਗੁਰੂ ਜੀ ਦੀ ਆਪਣੀ ਕਥਾ ਪ੍ਰਮੁੱਖ ਹੈ। ਇਸ ਵਿੱਚ ਉਨ੍ਹਾਂ ਨੇ ਆਪਣੇ ਪੂਰਵਜਾਂ ਦੇ ਹਾਲ ਕੁਲ-ਵਰਨਣ, ਪਿਤਾ ਪੁਰਖੀ ਕਰਮ ਧਰਮ ਦਸੇ ਹਨ। ਦਸਾਂ ਗੁਰੂਆਂ ਦੇ ਸੰਸਾਰ ਆਗਮਨ ਉਨ੍ਹਾਂ ਦੀ ਇਕ ਜੋਤ ਦੇ ਸਿਧਾਂਤ ਦਾ ਨਿਰਣਯ ਕੀਤਾ ਹੈ। ਆਪਣੀ ਜਨਮ ਕਥਾ, ਇਸ ਜੱਗ ਵਿਚ ਆਉਣ ਦੇ ਕਾਰਨ, ਤੇ ਨਾ ਚਾਹੁੰਦਿਆਂ ਹੋਇਆਂ ਵੀ ਪ੍ਰਭੂ ਵਲੋਂ ਪਠਾਇ ਜਾਣ ਦੀ ਵਿਥਿਆ ਕਹੀ ਹੈ। ਆਪਣੇ ਆਸ਼ੇ ਤੇ ਉਦੇਸਾਂ ਨੂੰ ਨਿਸਚਿਤ ਕਰ ਕੇ ਉਨ੍ਹਾਂ ਦੀ ਪੂਰਤੀ ਲਈ ਕੰਮ ਕਰਨ ਵਾਸਤੇ ਵਿਚਰਨਾ, ਜੀਵਨ ਦਾ ਮਨੋਰਥ ਦੱਸਿਆ ਗਿਆ ਹੈ। ਆਪਣੇ ਬਚਪਨ ਦੇ ਸਮੇਂ ਦੀ ਵਿਥਿਆ, ਤੇ ਦਿਲੀ ਸਵਰ ਸਿਰ ਠੀਕਰ ਫੋੜ ਕੇ ਗੁਰੂ ਪਿਤਾ ਜੀ ਦੀ ਸ਼ਹੀਦੀ ਦੇ ਸਮਰਣ ਲਿਖੇ ਹਨ। ਰਾਜ ਕਾਜ ਵਿੱਚ ਆ ਜਾਣ ਤੋਂ ਸਿਰ ਲਈਆਂ ਜ਼ਿੰਮੇਵਾਰੀਆਂ ਨੂੰ ਨਿਭਾਉਣ ਲਈ ਜੋ ਕੁਝ ਵੀ ਕਰਨਾ ਪਿਆ ਉਹ ਕਰਨ ਲਈ ਤਤਪਰਤਾ ਦੇ ਅਮਲਾਂ ਨੂੰ ਬਿਆਨ ਕੀਤਾ ਹੈ। ਜੁਆਨੀ ਸਮੇਂ ਦੇ ਅਰੰਭਕ ਜੰਗਾਂ ਦੇ ਅਕਾਰਣ ਛਿੜ ਜਾਣ ਦੇ ਕਾਰਣ ਦਸੇ ਹਨ। ਫਿਰ ਜਦੋਂ ਜੰਗ ਧੱਕੇ ਨਾਲ ਗਲ ਹੀ ਆ ਪਏ ਫਿਰ ਉਨ੍ਹਾਂ ਨੂੰ ਜਿਤ ਪ੍ਰਾਪਤੀ ਤਕ ਉਸ ਦੇ ਵੇਰਵੇ ਸਹਿਤ ਨਜ਼ਾਰੇ ਬੀਰ ਰਸੀ ਚਰਿਤ੍ਰਾਂ ਨਾਲ ਸ਼ਿੰਗਾਰ ਸ਼ਿੰਗਾਰ ਚਟਖਾਰੇ ਲਾ ਲਾ ਕੇ ਬਿਆਨ ਕੀਤੇ ਹਨ। ਆਪਣੀ ਕਥਾ ਵਿੱਚ ਹੀ ਉਨ੍ਹਾਂ ਨੇ ਸੰਤ ਕ੍ਰਿਪਾਲ ਦਾਸ ਉਦਾਸੀ ਦੀ ਰੋਹ ਵਿਚ ਆ ਕੇ ਮਾਰੀ ਕੁੱਤਕ ਦਾ ਕ੍ਰਿਸ਼ਨ ਜੀ ਦੀ ਮਟਕੀ ਫੋੜਨ ਵਾਲੀ ਘਟਨਾ ਦਾ ਅਲੰਕਾਰ ਬੰਨ੍ਹਿਆ ਹੈ। ਖਾਨ ਹਯਾਤ ਦੇ ਸਿਰ ਵਿਚ ਮੋਟੇ ਮੁਦਗਰੇ (ਸੋਟੇ) ਦੇ ਲੱਗਣ ਨਾਲ ਜਿਵੇਂ ਉਸ ਦਾ ਸਿਰ ਭੱਜਿਆ ਉਸ ਬਾਰੇ ਆਖਦੇ ਹਨ :—

ਕ੍ਰਿਪਾਲ ਕੋਪੀਅੰ ਕੁਤਕੋ ਸੰਭਾਰੀ ॥
ਹਠੀ ਖਾਨ ਹਯਾਦ ਕੇ ਸੀਸ ਝਾਰੀ ॥
ਉਠੀ ਛਿੱਛ ਇੱਛੰ ਕਢਾ ਮੇਝ ਜੋਰੰ ॥
"ਮਾਨੋ ਮਾਖਨੰ ਮਟਕੀ ਕਾਨ ਫੋਰੰ।"

ਬਚਿਤ੍ਰ ਨਾਟਕ ਵਿੱਚ ਆਈਆਂ ਪੌਰਾਣਕ ਕਥਾਵਾਂ ਨੂੰ ਆਮ ਲੋਕਾਂ ਦੀ ਵਾਕਫੀ ਲਈ ਉਲਥਾਉਣਾ

Digitized by Panjab Digital Library | www.panjabdigilib.org

ਵੀ ਇਕ ਪ੍ਰਯੋਜਨ ਸੀ ਪਰ ਉਸਤੋਂ ਵਧੀਕ ਇਨ੍ਹਾਂ ਵਿਚ ਆਈਆਂ ਬੀਰ ਰਸੀ ਗਾਥਾ ਰਾਹੀਂ ਧਰਮ ਯੁੱਧ ਦੀ ਪ੍ਰੇਰਨਾ ਦਾ ਆਦਰਸ਼ ਦ੍ਰਿੜ੍ਹ ਕਰਨਾ ਹੋਰ ਪ੍ਰਬਲ ਅਕਾਂਖਿਆ ਵੀ ਸੀ :—

**ਦਸਮ ਕਥਾ ਭਗੌਤ ਕੀ ਭਾਖਾ ਕਰੀ ਬਣਾਇ ।**
**ਅਵਰ ਵਾਸਨਾ ਨਾਹਿ ਪ੍ਰਭ. ਧਰਮ ਯੁਧ ਕੋ ਚਾਏ ।**

ਸਮੁੱਚਾ ਬਚਿੱਤ ਨਾਟਕ ਗ੍ਰੰਥ ਸਾਡੇ ਕਲਾਧਾਰੀ ਪੁਰਖਾਂ ਦੀ ਜੀਵਨ ਦੀ ਬਚਿਤ੍ਰ ਲੀਲਾ ਦੇ ਰਸਾਂ ਰੰਗਾਂ ਖਾਣ ਹੈ। ਕਾਵਯ, ਸ਼ਾਸ਼ਤ ਦੇ ਭੇਦਾਂ ਪਭੇਦਾਂ ਰਸਾਂ ਅਲੰਕਾਰਾਂ ਦਾ ਕੋਸ਼ ਹੈ। ਕਾਵਯ ਦੀ ਬਰੀਕ ਤੋਂ ਬਰੀਕ ਰੀਤੀ ਔਖੀ ਤੋਂ ਔਖੀ ਲਯ. ਹਾਵਾਂ ਭਾਵਾਂ ਦੀ ਸੂਖਮ ਰੌਅ ਸ਼ਾਇਦ ਹੀ ਕਵੀ ਅੱਖ ਦੀ ਤਕਣੀ ਤੋਂ ਬਚੀ ਹੋਵੇ। ਵੇਦਾਂਗ ਦੇ ਖੇਤਰ ਵਿੱਚ ਆਉਂਦੀਆਂ ਸਾਹਿਤਕ ਕਿਸਮਾਂ ਵਿਚੋਂ ਉਹ ਮੰਦ ਭਾਗੇ ਗੁਣ ਹੀ ਹੋਣਗੇ ਜੋ ਕਵੀ ਦੀ ਬਾਣੀ ਦੀ ਛੋਹ ਨਾਲ ਪਿਊਂਦ ਹੋ ਕੇ ਨਵ-ਜੀਵਨ ਦਾ ਅੰਮ੍ਰਿਤ ਸਿੰਚਾਰ ਕੇ ਅਮਰ ਪਦ ਦੇ ਧਾਰਨੀ ਨਾ ਬਣ ਗਏ ਹੋਣ।

ਉਨ੍ਹਾਂ ਦਾ ਵਰਨਣ ਢੰਗ ਆਪਣਾ ਹੈ, ਪਾਖੰਡ ਖੰਡਨ ਵਾਲੇ ਚੀਰਵੇਂ ਵਿਅੰਗ ਨਿਰਮਲ ਅਰਾਧਨਾ ਵਲ ਯੁੱਧ ਵਿੱਚ ਵੀ ਉਮਲ ਉਮਲ ਪੈਂਦਾ ਮੋਹ, ਨਰ ਸਿੰਙਿਆਂ ਦੀਆਂ ਭਿਆਨਕ ਛੈਨਕਾਰਾਂ, ਖੰਡਿਆਂ ਦੀ ਖੜਕਾਰ ਜੈ ਤੇਗ ਦੇ ਜੈਕਾਰੇ, ਮੁਰਦਿਆਂ ਦੀਆਂ ਲੋਥਾਂ ਵਿੱਚ ਠੰਡੇ ਪਏ ਖਨ ਨੂੰ ਗਰਮ ਕਰ ਦੇਣ ਦੇ ਸਮਰਥ ਹਨ । ਖੜਗ ਕੇਤ ਦੀ ਪਨਾਹ, ਪਰ ਬਾਕੀ ਦੇਵੀ ਦੇਵਾਂ ਤੇ ਅਵਤਾਰਾਂ ਨੂੰ ਅੱਖ ਤਲੇ ਨਾ ਲਿਆਉਣ ਦੀ ਬੇਪਰਵਾਹੀ ਦਸਮੇਸ਼ ਸਾਹਿੱਤ ਦੇ ਇਕ ਇਕ ਅੰਗ ਵਿੱਚ ਝਲਕਾਰੇ ਮਾਰਦੀ ਹੈ। ਦਸਮ ਗ੍ਰੰਥ ਵਿੱਚ ਆਈਆਂ ਰਚਨਾਵਾਂ ਦੀ ਭਿੰਨ ਭਿੰਨ ਕਰਕੇ ਨਿਖੇੜਵੀਂ ਵਿਥਿਆ ਕਹਿਣੀ ਵੱਡਾ ਕੰਮ ਹੈ। ਉਨ੍ਹਾਂ ਦੇ ਰਚਨ ਕਾਲ ਤੇ ਵਿਸ਼ਿਆਂ ਬਾਰੇ ਦਸਣਾ ਇਸ ਵੇਲੇ ਦਾ ਧਿਆਨ ਅਧੀਨ ਵਿਸ਼ਾ ਨਹੀਂ। ਕਾਵਯ ਦੀ ਰੰਗ ਸ਼ਾਲਾ ਉਤੇ ਕਿਥੇ ਕਿਥੇ ਦਸਮੇਸ਼ ਜੀ ਨੇ ਭਾਵ-ਲੀਲਾ ਤੇ ਸੁਚੇਤ ਸ਼ਬਦ-ਲੀਲਾ ਦੇ ਰਹੱਸ ਮਈ ਕਉਤਕ ਰਚੇ, ਵਿਰਤਾਂਤਕ ਭੂੰਮੀ ਉਤੇ ਕਾਵਿ ਦੇ ਰਚਣਹਾਰ ਨੇ ਕਿਹੋ ਜਿਹੀਆਂ ਕਾਵਿ-ਬਿਲਾਸੀ ਕਲੋਲਾਂ ਕੀਤੀਆਂ, ਇਹ ਨੁਕਤੇ ਸਾਡੇ ਧਿਆਨ ਦਾ ਮੁਖ ਕੇਂਦਰ ਹਨ ?

ਆਪਣੀ ਸ੍ਵੈ-ਜੀਵਨੀ ਵਿੱਚ ਅਪਣੇ ਲਖਸ਼ ਤੇ ਰਜਿਤ ਨੂੰ ਉਨ੍ਹਾਂ ਇਸ ਤਰ੍ਹਾਂ ਬਿਆਨ ਕੀਤਾ ਹੈ :—

**ਨਾ ਜਟਾਂ ਮੂੰਡ ਧਾਰ ਹੋ।**
**ਨਾ ਮੁਦ੍ਰਕਾ ਸਵਾਰ ਹੋ ।**
**ਕਾਨ ਕਿਸਹੋ ਕੀ ਨਾ ਧਰੂੰ ।**
**ਨਾ ਆਨ ਕਿਸੀ ਪੈ ਡਰੂੰ ।**

ਭੰਗਾਣੀ ਦੀ ਲੜਾਈ ਦਾ ਵਰਨਣ ਕਰਦਿਆਂ ਉਨ੍ਹਾਂ ਜੋ ਸ਼ਬਦਾਵਲੀ ਤੇ ਵਾਕ ਵਰਤੇ ਉਹ ਇਤਨੇ ਸ਼ਕਤੀ ਸ਼ਾਲੀ ਤੇ ਪ੍ਰਭਾਵ ਭਰੇ ਹਨ ਕਿ ਅੱਜ ਤੱਕ ਲੋਕ ਅਖਾਣ ਬਣ ਕੇ, ਆਮ ਲੋਕਾਂ ਦੀਆਂ ਬਾਰਤਾਵਾਂ ਵਿੱਚ ਝਰ ਝਰ ਕੇ ਆ ਰਹੇ ਹਨ :

**ਜਬੈ ਬਾਣ ਲਾਗਯੰ ਹੈ ਤਬੈ ਰੋਸ ਜਾਗੇਜੰ।**
**ਭਈ ਜੀਤ ਮੇਰੀ। ਕ੍ਰਿਪਾ ਕਾਲ ਤੇਰੀ।**

Digitized by Panjab Digital Library | www.panjabdigilib.org

ਜੀ ਸਾਡੀ ਆਮ ਗੱਲ ਕਥ ਤੇ ਵਰਤਾਉ ਵਿੱਚ ਇਹ ਬੀਰਤਾ ਦੀ ਵੰਗਾਰ ਪਾਉਣ ਵਾਲੇ ਸਤ, ਵਿਆਪੀ ਹੋਈ ਸੁਸਤੀ ਦੀ ਸੁੰਨ ਵਿੱਚ ਕਈ ਵਾਰੀ ਆਸ਼ਾਵਾਂ ਤੇ ਉਦਮ ਦਾ ਝਲਕਾਰਾ ਨਹੀਂ ਸੁਟਦੇ ? ਯੁੱਧ ਵਰਨਣ ਵਿੱਚ ਉਨਾਂ ਦੇ ਛੰਦ ਤੇ ਸ਼ਬਦਾਵਲੀ ਇਸ ਤਰ੍ਹਾਂ ਦੀ ਹੋ ਜਾਂਦੀ ਹੈ ਜਿਵੇਂ ਇਹ ਰਚਨਾ ਕਿਸੇ ਮਨੁੱਖੀ ਜੀਭ ਦੀ ਥਾਂ ਤਲਵਾਰਾਂ ਤੇ ਤੀਰਾਂ ਦੀਆਂ ਜੀਭਾਂ ਵਿੱਚੋਂ ਨਿਕਲੀ ਹੋਵੇ। ਛੰਦ ਚੋਣ, ਉਨ੍ਹਾਂ ਦੇ ਸ਼ਬਦਾਂ ਦਾ ਨਾਦ, ਬਿੰਬ, ਪ੍ਰਭਾਵ, ਜੋਧਿਆਂ ਦੇ ਯੁੱਧ ਪੈਂਤੜਿਆਂ ਨਾਲ ਇਉਂ ਸੁਰ ਤਾਲ ਹੋ ਕੇ ਚਲਦੇ ਹਨ ਜਿਵੇਂ ਇਹ ਸ਼ਬਦ ਤੇ ਛੰਦ ਯੁੱਧ ਸਮਗ੍ਰੀ ਦੇ ਤਰੂਤ ਤੇ ਸਿੱਕੇ ਵਾਂਗ ਯੁਧ ਅੰਦਰ ਵੀ ਨਾਲੋਂ ਨਾਲ ਕੰਮ ਆ ਰਹੀਆਂ ਹੋਣ :—

ਜੁਝੰਤ ਜੁਆਣ, ਬਾਹੇ ਕ੍ਰਿਪਾਣ।
ਲੁੜੇ ਨਿਦਾਨ, ਤਜੰਤ ਪ੍ਰਾਣ।
ਗਿਰ ਪਰਤ ਘੁੰਮ। ਜਣ ਮੇਘ ਝੂਮ॥ 10॥

ਇਕ ਥਾਂ ਛੰਦ ਚਾਲ ਆਉਂਦੀ ਹੈ :—

ਤ੍ਰਿਣਣਣ ਤੀਰੰ ਬ੍ਰਿਣਣਿਣ ਬੀਰੰ।
ਢੁਣਣਣ ਢਾਲੰ। ਜੁਣਣ ਜਾਲੰ। 533

ਛੰਦਾਂ ਦੀ ਇਸ ਬਾਂਕੀ ਚਾਲ ਦੀ ਲਟਕ ਵੇਖਣ ਜੋਗ ਹੈ।

ਤਤ ਤੀਰੰ। ਬਤ ਬੀਰੰ।
ਢਢ ਢਾਲੰ। ਜਜ ਜਾਲੰ।
ਤਤ ਤਾਜੀ। ਗੱਗ ਗਾਜੀ।
ਮੱਖ ਮਾਰੇ। ਤਤ ਤਾਰੇ।

ਜਿਸ ਵਿਸ਼ੇ-ਵਸਤੂ ਨੂੰ ਸਾਹਿੱਤ ਦਾ ਰੂਪ ਦਿੱਤਾ ਜਾ ਰਿਹਾ ਹੋਵੇ ਸ਼ੈਲੀ ਲਜ ਛੰਦਾਂ ਬੰਦੀ ਤੇ ਭਾਸ਼ਾ, ਸ਼ਬਦਾਵਲੀ ਤੇ ਵਾਕੰਸ਼, ਉਪਮਾ ਤੇ ਅਲੰਕਾਰ ਉਸ ਦੇ ਹਾਣ ਪ੍ਰਮਾਣ ਤੇ ਵਰਤਣੇ ਕਰਤ ਦੀ ਕਰਤਾਰੀ ਕਾਰਾਗਰੀ ਦੇ ਪ੍ਰਮਾਣ ਹੁੰਦੇ ਹਨ।

ਗੁਰੂ ਗੋਬਿੰਦ ਸਿੰਘ ਜੀ ਭਾਸ਼ਾ ਦੀ ਇਸ ਸ਼ਿਲਪ ਕਲਾ ਵਿੱਚ, ਜੋ ਲੋੜੀਂਦੇ ਸਾਧਨਾ ਜਾਂ ਰਿਆਜ਼ ਬਿਨਾ ਸੰਭਵ ਨਹੀਂ ਸੀ, 20-21 ਸਾਲ ਦੀ ਛੋਟੀ ਉਮਰ ਵਿੱਚ ਪ੍ਰਬੀਨ ਪੱਦ ਤੱਕ ਪੁੱਜ ਹੋਏ ਸਨ। ਉਨ੍ਹਾਂ ਦੀ ਰਚੀ ਆਤਮਾ ਦਰਸੀ ਬਾਣੀ ਪੜ੍ਹੀਏ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਾਂਤ ਸਰੂਪ ਬਾਣੀ ਨਾਲ ਤਦਰੂਪਤਾ ਦੇ ਝਾਉਲੇ ਪੈਣ ਲਗ ਜਾਂਦੇ ਹਨ।

ਰੇ ਮਨ ਐਸੋ ਕਰ ਸੰਨਿਆਸਾ।
ਬਨਸੇ ਸਦਨ ਸਭੈ ਕਰ ਸਮਝੋ ਮਨ ਹੀ ਮਾਹਿ ਉਦਾਸਾ।

× × ×

ਪ੍ਰਾਨੀ ਪਰਮ ਪੁਰਖ ਪਗ ਲਾਗੋ।
ਸੋਵਤ ਕਹਾਂ ਮੋਹ ਨਿੰਦਰਾ ਮਹਿ
ਕਬਹੂ ਸੁਚਿਤ ਹੋਵੇ ਜਾਗੋ॥ ।ਰਹਾਉ॥

Digitized by Panjab Digital Library | www.panjabdigilib.org

ਪਖੰਡ ਖੰਡਨ ਦੀ ਦਿਸ਼ਾ ਵਲ ਅੱਖ ਚੁੱਕੀ ਤਾਂ ਉਸ ਦੇ ਏਨੇ ਪੜਦੇ ਫਾਸ਼ ਕੀਤੇ ਤੇ ਦੰਭੀਆਂ ਨੂੰ ਏਨੀਆਂ ਜ਼ੋਰਦਾਰ ਲੋਟਣੀਆਂ ਦਿੱਤੀਆਂ ਕਿ ਪਖੰਡੀਆਂ ਦੇ ਗੁੱਝੇ ਕਾਰਨਾਮੇ ਵੀ ਸਾਹਮਣੇ ਲਿਆ ਧਰੇ । ਅਕਾਲ ਉਸਤਤ ਨਾਂ ਦੀ ਬਾਣੀ ਦਾ ਅਰੰਭ ਹੀ ਅਜਿਹੀਆਂ ਖਾਕ ਲਿਬੜੇ ਮੈਲ ਧਾਰੀਆਂ ਸਾਧੂਆਂ ਦੀ ਗਧੇ ਜਿਹੀ ਦਸ਼ਾ ਦੇ ਘਿਣਾਉਣੇ, ਰੂਪਕਾਂ ਤੋਂ ਹੁੰਦਾ ਹੈ :—

'ਖੂਕ ਮਲ ਧਾਰੀ ਗਜ ਗਦਹਾ ਬਿਭੂਤ ਧਾਰੀ
ਗਿੱਦੂਆਂ ਮਸਾਨ ਬਾਸ ਕਰਿਓ ਈ ਕਰਤ ਹੈ।

ਬੜੀ ਮਜ਼ੇਦਾਰ ਉਥਾਨਕਾ ਲੈ ਕੇ ਸੰਪਰਦਾਈ ਗਿਆਨੀ ਇਨ੍ਹਾਂ ਪਖੰਡ ਖੰਡਨੀ ਛੰਦਾਂ ਦੇ ਅਰਥ ਸੁਣਾਇਆ ਕਰਦੇ ਹਨ :—

"ਇਕ ਦਿਨ ਗੁਰੂ ਜੀ ਦੀ ਸਭਾ ਵਿੱਚ ਕਿਸੇ ਕਿਹਾ, 'ਮਹਾਰਾਜ'! ਅਮਕੇ ਥਾਂ ਵਾਲੇ ਸਾਧੂ ਜੀ ਬੜੇ ਕਰਨੀ ਵਾਲੇ ਹਨ, ਹਰ ਵੇਲੇ ਬਸ ਜੀ ਧੂੜ ਵਿੱਚ ਹੀ ਲਿਟਦੇ ਰਹਿੰਦੇ, ਅੱਠ ਪਹਿਰ ਪਿੰਡੇ ਨੂੰ ਸੁਆਹ ਮਲੀ ਰਖਦੇ ਹਨ ।

ਗੁਰੂ ਜੀ ਨੇ ਕਿਹਾ 'ਭਾਈ ਸਿਖੋ ! ਉਹ ਸਾਧੂ ਨਹੀਂ, ਉਸ ਨੂੰ ਗਧਾ ਸਮਝੋ ਜੋ ਦਿਨੇ ਰਾਤੀਂ ਰੂੜੀਆਂ ਉਤੇ ਲਿਟਦਾ ਰਹਿੰਦਾ ਹੈ।

'ਅਮਕੇ ਸੰਤ, ਮਹਾਰਾਜ ਜੀ ਸਦਾ ਮਸਾਣਾ ਵਿੱਚ ਈ ਰਹਿੰਦੇ ਹਨ ? ਤਾਂ ਭਾਈ ਇਹ ਗਿਦੜਾ ਦੇ ਸਾਥੀ ਹੋਣਗੇ ? ਇਸ ਤਰ੍ਹਾਂ ਹਰ ਤੁਕ ਦੀ ਪ੍ਰੋਸਨਤਰੀ ਵਿੱਚ ਅਰਥ ਭਾਵ ਜਾਣ ਕੇ ਪਤਾ ਚਲਦਾ ਹੈ ਕਿ ਕਿਸ ਤਰ੍ਹਾਂ ਭੇਖ ਧਾਰੀਆਂ ਦੀ ਆਪ ਜੀ ਨੇ ਝੰਡ ਲਾਹੀ ਹੈ। ਸੱਚੀ ਸੇਵ ਵਾਲੀ ਕਰਣੀ ਤੋਂ ਰਹਿਤ ਜੀਵਨ ਖਤਰ ਦੇ ਭਗੌੜਿਆਂ ਦਾ ਜੋ ਅਸਲੀ ਰੂਪ ਆਪ ਜੀ ਨੇ ਸਾਹਮਣੇ ਲਿਆਂਦਾ ਹੈ ਭੇਖ ਧਾਰੀਆਂ ਦੇ ਪਖੰਡ ਦਾ ਖੁਲ੍ਹਾ ਵਰਨਣ ਅਤਿਅੰਤ ਮਨੋਰੰਜਕ ਵੀ ਹੈ ਤੇ ਬਖੀਏ ਉਧੇੜਣ ਵਾਲਾ ਵੀ ।

ਯੁੱਧ ਵਰਨਣ ਉਨ੍ਹਾਂ ਦਾ ਮਨ ਭਾਉਂਦਾ ਵਿਸ਼ਾ ਸੀ। ਸਾਡੇ ਮਿਥਿਹਾਸ ਵਿੱਚ ਇਕ ਯੁੱਧ ਦੀ ਦੇਵੀ ਮੰਨੀ ਗਈ ਹੈ 'ਚੰਡੀ' ਜਾਂ ਭਵਾਨੀ। ਇਸੇ ਤਰ੍ਹਾ ਬਾਣੀ ਦੀ ਦੇਵੀ ਸਰਸ੍ਵਤੀ ਮੰਨਦੇ ਹਨ। ਯੁੱਧ ਜਿਤਣ ਲਈ ਰਣਖੇਤਰ ਵਿੱਚ ਯੁਧ ਦੀ ਦੇਵੀ ਦਾ ਸਾਥ ਮੰਗਦੇ ਹਨ, ਕਾਵਿ ਰਚਨਾ ਲਈ ਸਰਸਵਤੀ ਦੀ ਅਰਾਧਨਾ ਕਰਕੇ ਉਸ ਦੇ ਕਿਰਪਾ ਕਟਾਂਖਸਾਂ ਦੀ ਕਾਮਨਾਂ ਕੀਤੀ ਜਾਂਦੀ ਹੈ। ਅਜੇਹੇ ਇਛਾ ਧਾਰੀ ਲੋਕਾਂ ਦੀ ਧਾਰਨਾਂ ਪਤਾ ਨਹੀਂ ਕਦੋਂ 'ਬਰ ਬਰੂੰਹ' ਹੁੰਦੀ ਹੋਵੇਗੀ, ਜਾਂ ਕਦੇ ਹੋਈ ਵੀ ਹੈ ? ਪਰ ਗੁਰੂ ਗੋਬਿੰਦ ਸਿੰਘ ਜੀ ਦੇ 'ਸਦਾ ਭਵਾਨੀ ਦਾਹਨੇ' ਅਤੇ ਸਰਸਵਤੀ ਹਰ ਵੇਲੇ ਰਖ-ਰਕਾਬ ਹੋਣ ਦੇ ਸਬੂਤ ਸਲੱਭ ਹਨ ।

ਗੁਰੂ ਗੋਬਿੰਦ ਸਿੰਘ ਜੀ ਜਦੋਂ ਰਣ ਮੈਦਾਨ ਵਿਚ ਜੂਝਦੇ ਸਨ, ਇਉਂ ਭਾਸਦਾ ਹੈ ਜਿਵੇਂ ਇਹ ਦੋਵੇਂ ਦੇਵੀਆਂ ਉਨ੍ਹਾਂ ਦੇ ਘੋੜੇ ਦੀਆਂ ਰਕਾਬਾਂ ਉਤੇ ਨ੍ਰਿਤ ਕਰਨ ਲਈ ਆ ਜਾਂਦੀਆਂ ਸੀ। ਇਕ ਸ਼ਸਤ੍ਰਾਂ ਦੇ ਤਾਲ ਚੇ ਖੜਕਾਉਂਦੀ ਸੀ, ਬੰਦੂਕਾਂ ਦੀ ਠੂਹ ਠਾਹ, ਦੇ ਤਾਲਾਂ ਉਤੇ ਤੀਰਾਂ ਦੀ ਝੰਕਾਰ ਦਾ ਰੰਗ ਬੰਨ੍ਹਦੀ ਸੀ, ਦੂਜੀ, ਉਨ੍ਹਾਂ ਯੁੱਧ ਦੇ ਨਜ਼ਾਰੇ ਨੂੰ ਪਿਛੇ ਰਖਕੇ ਨਾਲੋਂ ਨਾਲ ਛੰਦਾਂ ਦੀ ਭਾਸ਼ਾ ਤੇ ਲਯ ਵਿੱਚ ਸਾਹਿੱਤਕ ਭਾਵ ਚਿਤ੍ਰਤ ਕਰਦੀ ਰਹਿੰਦੀ ਸੀ । ਇਹ ਯੁੱਧ ਸੀ ਕਿ ਰਾਗ ਦਰਬਾਰ, ਜਿਥੇ ਬਾਣੀ ਤੇ ਯੁੱਧ ਦੀਆਂ ਦੇਵੀਆਂ ਦੇ ਸਾਜ਼ ਇਕ ਸੁਰ

Digitized by Panjab Digital Library | www.panjabdigilib.org

ਹੋ ਕੇ ਛਣਕਾਟੇ ਛੱਡਦੇ ਸਨ ? ਗੁਰੂ ਜੀ ਮੌਜ ਵਿੱਚ ਆਉਂਦੇ ਸਨ ਤਾਂ ਬਾਣੀ ਦੀ ਦੇਣੀ ਆਪਣੇ ਦ੍ਰਿਸ਼ਾਂ ਨੂੰ ਸ਼ਬਦਾਂ ਦਾ ਜਾਮਾ ਪਹਿਨਾ ਲੈਂਦੀ ਸੀ। ਔਜ ਵਿੱਚ ਆਉਂਦੇ ਸਨ ਤਾਂ ਯੁੱਧ ਦੀ ਦਵੀ ਆਪਣੀ ਮਨ ਇਛਤ ਕਿਰਿਆ ਕਰਾ ਲੈਂਦੀ ਸੀ। ਦੋਵਾਂ ਦੇਵੀਆਂ ਦਾ ਸੰਗਮ ਜਿਸ ਕਾਰਜ ਲਈ ਸੀ ਉਹ ਨੁਕਤਾ ਇਕੋ ਸੀ ਉਹ ਸੀ ਸੰਤਾਂ ਨੂੰ ਸਖ ਦੇਣਾ ਦੁਸਟਾਂ ਨੂੰ ਸੰਘਾਰਨਾ। ਨਾ ਕਿ ਕਿਸੇ ਰਾਜ ਕਾਜ ਧੰਨ ਦੌਲਤ ਦੀ ਲੋੜ ਦੀ ਨਵਿਰਤੀ ਲਈ ? ਆਉ ਯੁੱਧ ਅਤੇ ਸੰਗੀਤ ਦੋਵਾਂ ਦੇਵੀਆਂ ਦੀ ਕੀਰਤਨ ਮੰਡਲੀ ਤੋਂ ਇਕ ਭਜਨ ਸੁਣੀਏ :—

**ਖਗ ਖੰਡ ਬਿਹੰਡੰ ਖਲ ਦਲ ਖੰਡੰ ਅਤਿ ਰਣ ਮੰਡੰ ਵਰ ਭੰਡੰ।**<br>
**ਭੁਜ ਦੰਡ ਅਖੰਡੰ ਤੇਜ ਪ੍ਰਚੰਡੰ ਜੋਤਿ ਅਮੰਡੰ ਭਾਨ ਪ੍ਰਭੰ।**<br>
**ਸੁਖ ਸੰਤਾ ਕਰਣੰ ਦੁਰਮਤ ਦਰਣੰ ਕਿਲ ਬਿਖ ਹਰਣੰ ਅਸ ਸਰਣੰ।**<br>
**ਜਯ ਜਯ ਜਗ ਕਾਰਣ, ਸ੍ਰਿਸਟ ਉਬਾਰਣ ਮਮ ਪ੍ਰਤਿਪਾਰਣ ਜਯ ਤੇਗੰ।**

ਇਸ ਤ੍ਰਿਭੰਗੀ ਛੰਦ ਵਿੱਚ ਤੇਗ ਦੀ 'ਜਯ ਬੁਲਾਈ ਗਈ ਹੈ। ਉਸ ਤੇਗ ਦੀ ਜੋ ਸਘਾਰਨੀ ਹੀ ਨਹੀਂ ਜਿਸ ਤੋਂ ਸ੍ਰਿਸ਼ਟੀ ਦੀ ਉਪਜ ਹੈ, ਜੋ ਸਭ ਦੀ ਪ੍ਰਤਿਪਾਲਣਾ ਕਰਨ ਵਾਲੀ ਵੀ ਹੈ।

ਗੁਰੂ ਗੋਬਿੰਦ ਸਿੰਘ ਜੀ ਜਿਸ ਤੇਗ ਦੀ ਇਉਂ ਮੁਕਤ ਕੰਠ ਤੋਂ ਜਯ ਪੁਕਾਰਦੇ ਸਨ, ਕੀ ਉਸ ਦੀ ਬਣਤਰ ਕਿਸੇ ਖਾਸ ਕਿਸਮ ਦੀ ਸੀ ?

ਉਨ੍ਹਾਂ ਦੇ ਸਾਸਤ੍ਰਾਲਯ ਵਿਚ ਸਭੀ ਕਿਸਮਾਂ ਤੇ ਹਰ ਤਰ੍ਹਾਂ ਦੇ ਤਾਏ ਕਮਾਏ ਸੋਧੇ ਤੇ ਜਿਲ੍ਹਾ ਕੀਤੇ ਲੋਹੇ ਦੀਆਂ ਜੌਹਰਾਂ ਵਾਲੀਆਂ ਤਲਵਾਰਾਂ ਦੇ ਭੰਡਾਰ ਹਨ। ਉਨ੍ਹਾਂ ਵਿਚੋਂ ਇਕ ਸਵਾ ਕੁ ਇੰਚ ਚੌੜੀ ਦੂਜ ਦੇ ਚੰਦ ਨੁਮਾ ਖੰਮ ਵਾਲੀ ਖਾਲੀਦਾਰ ਤਲਵਾਰ ਦੀ ਤੇਗਾ "ਸੰਗਿਆਵੀ ਹੈ, ਪਰ ਜਦੋਂ ਉਹ ਜਯ ਤੇਗੰ" ਆਖਦੇ ਸਨ ਉਸ ਵੇਲੇ ਤਲਵਾਰਾਂ ਦੀ ਇਹ ਇਕ ਜਾਂ ਸਮੂਹ ਕਿਸਮਾਂ ਉਨ੍ਹਾਂ ਦੇ ਸਾਹਮਣੇ ਹੁੰਦੀਆਂ ਸਨ ? ਨਾ ਕਿ ਇਹ ਜਯ ਤੇਗੰ ਕਿਸੇ ਹੋਰ ਪ੍ਰਰਾਸ੍ਰੀਰਕ ਸ਼ਕਤੀ ਦਾ ਚਿੰਨ੍ਹ ਰੂਪ ਸੀ ? ਇਸ ਪ੍ਰਸ਼ਨ ਦਾ ਉਤਰ ਲਭਣਾ ਧਿਆਨ ਦਾ ਮੁਥਾਜ ਹੈ।

ਇਸ ਪੱਖੋਂ ਉਨ੍ਹਾਂ ਦੇ ਸਾਹਮਣੇ ਸਾਰੀਆਂ ਤਲਵਾਰਾਂ ਦੀਆਂ ਕਿਸਮਾਂ ਇਸਟ ਦੇਵ ਦਾ ਦਰਜਾ ਰੱਖਦੀਆਂ ਸਨ :—

**ਕ੍ਰਿਪਾਨ, ਖੰਡੋ ਖੜਗ ਤੁਪਕ ਤਬਰ ਅਰ ਤੀਰ।**<br>
**ਸੈਫ, ਸਰੋਹੀ ਸੈਹਥੀ ਯਹੀ ਹਮਾਰੇ ਪੀਰ।**

ਕੇਵਲ ਤਲਵਾਰ ਦੇ ਭਿੰਨ ਭਿੰਨ ਰੂਪ ਹੀ ਨਹੀਂ ਦੋ ਧਾਰੇ 'ਖੜਗ' ਨੂੰ ਵੀ ਏਸ ਤਰ੍ਹਾਂ ਇਸਟ ਮੰਨ ਕੇ ਉਨ੍ਹਾਂ ਦੇ ਸਾਹਿੱਤ ਵਿੱਚ ਨਮਸਕਾਰਿਆ ਜਾਂਦਾ ਹੈ :—

**ਨਮੋ ਖੜਗ ਖੰਡੂ ਕ੍ਰਿਪਾਣੂ ਕਟਾਰ।**<br>
**ਸਦਾ ਇਕ ਰੂਪੰ ਸਦਾ ਨਿਰ ਬਿਕਾਰੰ।**

ਇਉਂ ਸਾਡੀ ਸੋਝੀ ਇਕ ਤਲਵਾਰ ਦੀ ਥਾਂ ਸਮੂਹਕ ਰੂਪ ਵਿੱਚ ਤਲਵਾਰਾਂ ਫਿਰ ਦੁਧਾਰੇ ਖ਼ੜਗ ਦੀ ਏਕਤਾ ਤੱਕ ਅਪੜ ਪੈਂਦੀ ਹੈ। ਉਨ੍ਹਾਂ ਦੀਆਂ ਰਚਨਾਵਾਂ ਵਿੱਚ ਇਕ ਹੋਰ ਵਰਨਣ 'ਖੜਗ ਕੇਤ ਤੇ ਅਸ੍ਰਧੁਜ ਦਾ ਆਮ ਤੌਰ ਤੇ ਆਉਂਦਾ ਹੈ। 'ਖੜਗ ਕੇਤ' ਦਾ ਅਰਥ ਉਸ ਦੇ

Digitized by Panjab Digital Library | www.panjabdigilib.org

'ਝੰਡੇ' ਵਿੱਚ 'ਖੰਡੇ' ਦੀ ਧ੍ਵਜਾ, ਹੈ। ਇਸ ਚਿੰਨ੍ਹ ਸ਼ਕਤੀ ਦਾ ਉਹ ਵਾਰੰਬਾਰ ਚਿੰਤਨ ਕਰਦੇ ਹਨ :

**ਖੜਗ ਕੇਤ ਮੈ ਸਰਣ ਤਿਹਾਰੀ।......**

**ਸ੍ਰੀ ਅਸਧੁਜ ਜਬ ਭਏ ਦਿਆਲਾ।......**

ਹੁਣ ਅਸੀਂ ਤਲਵਾਰ ਤੇ ਖੜਗ ਦੀ ਜਾਤਿ ਤੋਂ ਉੱਚਾ ਉਠਦੇ ਉਠਦੇ ਇਕ ਅਰਧ-ਚਿੰਨੀ ਅਵਸਥਾ ਤੇ ਪੁੱਜ ਗਏ ਹਾਂ ਜਿਥੇ ਕੇਵਲ 'ਤੇਗ' ਜਾਂ ਖੜਗ ਦੀ ਹੀ ਨਹੀਂ ਇਕ ਹੋਰ ਪ੍ਰਾ ਸ੍ਰੀਰਕ ਸ਼ਕਤੀ ਦਾ ਝੌਲਾ ਪੈਂਦਾ ਹੈ ਜਿਸ ਬਿਨਾਂ ਇਹ ਚੀਜ਼ਾਂ ਬੇਅਰਥੀਆਂ ਹਨ। ਖੜਗ ਤੇ ਕ੍ਰਿਪਾਨ ਦਾ ਸੰਬੰਧ ਭੁਜ-ਬਲ ਨਾਲ ਹੈ, ਭੁਜਾਂ ਵਿੱਚ ਬਲ ਦੀ ਪ੍ਰੇਰਨਾ ਕਿਥੋਂ ਆਉਂਦੀ ਹੈ ? ਉਹ ਕੋਈ ਹੋਰ ਸ਼ਕਤੀ ਹੈ ਜੋ ਸਾਡੇ ਅੰਦਰ ਭਾਵਾਂ ਦੇ ਵਲਵਲੇ ਉਠਾਲਦੀ ਹੈ, ਵਲਵਲੇ ਕਈ ਵਾਰੀ ਗਲਤ ਗੱਲਾਂ ਤੋਂ ਵੀ ਉਠਦੇ ਢਹਿੰਦੇ ਰਹਿੰਦੇ ਹਨ। ਵਿਕਾਸ਼ਕਾਰੀ ਸ਼ਕਤੀਆਂ ਦੀ ਰੱਖਿਆ ਲਈ ਵਿਨਾਸਕ ਸ਼ਕਤੀਆ ਦੀ 'ਖੈ' ਲਈ ਕੋਈ ਕਲਾ ਧਾਰੀ ਪੁਰਖ ਹੀ ਟੀਚਾ ਰਖਕੇ ਟੁਰਦਾ ਤੇ ਉੱਚਾ ਆਦਰਸ਼ ਨਿਸਚਿੱਤ ਕਰਦਾ ਹੈ ਜਿਸ ਆਦਰਸ਼ ਦਾ ਲਖਣ 'ਸੁਖ ਸੰਤਾ ਕਰਨੂੰ ਹੋਵੇ। ਜਦੋਂ ਅਜੇਹੇ ਉਚ ਆਦਰਸ਼ ਦੀ ਪੂਰਤੀ ਲਈ ਕ੍ਰਿਪਾਨ ਵਰਤੀ ਜਾਂਦੀ ਹੈ ਉਸ ਦਾ ਕਾਰਜ ਉਦੋਂ ਵਿਨਾਸ਼ਕਾਰੀ ਦੀ ਥਾਂ ਵਿਕਾਸ਼ਕਾਰੀ ਹੋ ਜਾਂਦਾ ਹੈ ਕਿਉਂਕਿ ਉਹ ਗਿਆਨ ਦੀ ਬਢਨੀ ਬਣ ਜਾਂਦੀ ਹੈ ਜਿਸ ਦਾ ਕੰਮ ਗੰਦ ਮੰਦ ਨੂੰ ਸਾਫ਼ ਕਰਨਾ ਵਿਸ਼ੇਸ਼ ਕਰ ਕੇ ਹੁੰਦਾ ਹੈ।

**ਗਿਆਨਹਿ ਕੀ ਬਢਨੀ ਮਨੋ ਹਾਥ ਲੈ ਕਾਤਰਤਾ ਕੁਤਵਾਰ ਬੁਹਾਰੇ।**

ਇਹ ਗਿਆਨ ਦੀ ਉਹ ਸ਼ਕਤੀ ਹੈ ਜੋ ਆਤਮਾ ਨੂੰ ਉਪਦੇਸ਼ ਦੀ ਪ੍ਰੇਰਨਾ ਦਿੰਦੀ ਹੈ। ਇਸੇ ਦੀ ਜਯ ਜਯ ਕਾਰ ਦੇ ਲਹਿਰਾ ਰਹੇ ਝੰਡੇ ਵਿਚੋਂ ਖੰਡੇ ਦੀ ਧ੍ਵਜਾ ਹੋਣ ਦਾ ਦਸਮੇਸ਼ ਜੀ ਨੇ ਸੰਕੇਤ ਕੀਤਾ ਹੈ। ਉਸ ਖੰਡੇ ਦਾ ਵਾਸਤਵਕ ਰੂਪ ਕੀ ਹੈ ? ਉਹ 'ਹੁਕਮ' ਧੁਨੀ, ਜਾਂ ਸਿਰਜਣਾ-ਤਮਕ ਸ਼ਕਤੀ ਜੋ ਇਸ ਸ੍ਰਿਸਟੀ ਦੇ ਕਾਰਯ-ਕਰਤਾ ਦੇ ਰੂਪ ਵਿੱਚ ਪ੍ਰਗਟ ਹੋਈ :—

**'ਖੰਡਾ ਪ੍ਰਥਮੈ ਸਾਜਕੇ ਜਿਨ ਸਭ ਸੰਸਾਰ ਉਪਾਇਆ।'**

ਇਹ ਉਹੋ ਹੀ 'ਹੁਕਮ' ਹੈ ਜਿਸ ਬਾਰੇ 'ਹੁਕਮੀ ਹੋਵਣ ਅਕਾਰ' ਕਿਹਾ ਗਿਆ ਹੈ। ਇਸ ਦੇ ਸਰੂਪ ਨੂੰ 'ਅਕਾਲ ਮੂਰਤ ਆਖਿਆ ਗਿਆ ਹੈ। ਜਿਸਦੀ ਤਸਵੀਰ ਸਮੇਂ ਦੀਆਂ ਹੱਦਾਂ ਦੇ ਚੌਖਟੇ ਵਿੱਚ ਉਤਾਰੀ ਨਹੀਂ ਜਾ ਸਕਦੀ। ਪਰਲੋ ਆਉਣ ਤੇ ਜੋ ਇਕ ਕਾਲ ਜਾਂ 'ਕਲਪ' ਦੇ ਖਾਤਮੇ ਤੋਂ ਦੂਜੇ 'ਕਾਲ' ਦੇ ਅਰੰਭ ਦਾ ਸੂਚਕ ਮੰਨੀ ਜਾਂਦੀ ਹੈ। ਕਾਲ ਨੂੰ ਖੰਡਤ ਕਰਨ, ਅਰਥਾਤ ਸਮੇਂ ਨੂੰ ਭਿੰਨ ਭਿੰਨ ਭਾਗਾਂ ਵਿੱਚ ਖੰਡ ਖੰਡ ਵੰਡਣ ਵਾਲੀ ਹੋਣ ਕਰਕੇ ਉਸ ਸ਼ਕਤੀ ਦਾ ਨਾਮ ਖੰਡਾ ਹੈ, ਜੋ ਸਰਬ ਕਾਲ 'ਜਾਂ' ਮਹਾਂ ਕਾਲ ਦੇ ਅਨੰਤ ਪਸਾਰ ਨੂੰ ਖੰਡਤ ਕਰਕੇ ਇਕ ਸਮੇਂ ਜਾਂ 'ਕਾਲ' ਦਾ ਰੂਪ ਦਿੰਦੀ ਹੈ। ਜੋ 'ਸਤਾ' ਇੱਕ ਕਾਲ ਦਾ 'ਖੈ' ਦੂਜੇ ਦੀ ਓਸ ਦੇ ਖੰਡਰਾਂ ਤੇ ਰਚਨਾ ਕਰਦੀ ਹੈ ਉਹ ਸਤਾ ਅਕਾਲ ਵੀ ਹੈ ਸਰਬ ਕਾਲ ਵੀ :

**ਕਾਲ ਕੇ ਬਨਾਏ ਸਭੈ ਕਾਲ ਹੀ ਖਪਾਹਿਗੇ।......**

**"ਸਰਬ ਕਾਲ ਪਸਰਿਓ ਪਸਾਰਾ**

**ਸਦਾ ਸਦਾ ਇਕ ਏਕੈ ਕਾਰਾ।"**

ਉਹ 'ਸਤਾ' ਬੇਹਿਸ ਜੜ੍ਹ ਰੂਪ ਨਹੀਂ ਉਹ ਚੇਤਨ ਤੇ ਵਿਗਾਸ ਮਈ ਕਲਾ ਦੀ ਧਾਰਨੀ ਹੈ।

Digitized by Panjab Digital Library | www.panjabdigilib.org

ਉਹ "ਕਾਲ" ਸ਼ਕਤੀ ਸ਼ਾਲੀ (ਪੌਰਖ) ਹੈ। ਇਸ ਲਈ ਉਸਦਾ ਢੁਕਵਾਂ ਤੇ ਠੀਕ ਨਾਮ 'ਅਕਾਲ ਪੁਰਖ' ਦਿੱਤਾ ਗਿਆ ਹੈ। ਮਹਾਂ ਕਾਲ ਕਾਲਕਾ ਅਰਾਧੀ, ਭਗਉਤੀ ਭਵਾਨੀ, ਜਗਮਾਤਾ, ਏਸੇ ਕਲਾ-ਸ਼ਕਤੀ ਦੇ ਦੂਜੇ ਨਾਮ ਹਨ :

ਜਾ ਕੀ ਕਲਾ ਬਰਤੈ ਜਗ ਮੈ ਅਰ ਜਾਕੀ ਕਲਾ ਸਭਿ ਰੂਪਨ ਮੈਂ।
ਫੁਨਿ ਜਾਂ ਕੀ ਕਲਾ ਬਿਮਲਾ ਹਰਕੈ ਕਮਲਾ ਪਤਕੈ ਕਮਲਾ ਤਨ ਮੈਂ।
ਫੁਨਿ ਜਾ ਕੀ ਕਲਾ ਗਿਰ ਰੂਖਨ ਮੈ, ਸਸਿ ਪੂਖਨ ਮੈਂ ਅਘਵਾ ਘਨ ਮੈਂ।
ਸੋ ਤੂੰ ਨਹੀਂ ਜਾਨੀ 'ਭਵਾਨੀ' ਕਲਾ ਜਗ ਮਾਨੀ ਤੋ ਧਿਆਨ ਧਰੋਂ ਮੈਂ।
(ਦਸਮ ਗ੍ਰੰਥ)

ਗੁਰੂ ਗੋਬਿੰਦ ਸਿੰਘ ਜੀ ਤੇਗਾਂ ਤੇ ਖੰਡਿਆਂ ਦੇ ਰੂਪ ਵਿੱਚ ਜਿਸ ਸ਼ਕਤੀ ਨੂੰ ਇਸ਼ਟ ਮੰਨਦੇ ਸਨ ਉਸ ਨੂੰ ਹੀ ਉਨ੍ਹਾਂ ਇਹ ਨਾਮ ਦਿੱਤੇ ਹਨ :

ਅਕਾਲ ਪੁਰਖ ਜੀ ਕੀ ਰਖਾ ਹਮ ਨੈ।
ਸਰਬ ਕਾਲ ਜੀ ਕੀ ਰੱਛਾ ਹਮ ਨੈ।
ਸਰਬ ਲੋਹ ਜੀ ਕੀ ਰਛਾ ਹਮ ਨੈ।

ਜਿਸ ਦੇ ਕਾਲ ਦਾ ਲੋਹਾ ਸਭਨਾ ਦੇ ਸਿਰ ਉਤੇ ਖੜਕਦਾ ਹੈ, ਜੋ ਸ਼ਕਤੀ ਕਾਲ (ਸਮੇਂ) ਦਾ ਵੀ ਕਾਲ (ਖੈ) ਹੈ, ਉਸ ਅਪਾਰ ਸ਼ਕਤੀ ਨੂੰ ਬਹੁਪੱਖੀ ਰੂਪਾਂ ਤੇ ਅਨੇਕਾਂ ਭਿੰਨ ਭਿੰਨ ਤਰ੍ਹਾਂ ਦੀ ਭਾਵਾਂ ਭਿੰਨੇ ਝਿਲਮਿਲਾਉਂਦੇ ਦਰਸ਼ਨ ਤੇ ਉਨ੍ਹਾਂ ਦਰਸ਼ਨਾਂ ਦੀ ਕੀਰਤੀ ਦੇ ਵਰਨਣ ਉਨ੍ਹਾਂ ਆਪਣੀ ਰਚਨਾ ਵਿੱਚ ਪਹਿਲੀ ਵਾਰੀ ਅਨੇਕਾਂ ਪਹਿਲੂਆਂ ਤੋਂ ਸਾਕਾਰ ਕੀਤੇ ਹਨ :

ਏਕ ਮੂਰਤ ਅਨੇਕ ਦਰਸ਼ਨ ਕੀਨ ਰੂਪ ਅਨੇਕ।
ਖੇਲ ਖੇਲ ਅਖੇਲ ਖੇਲਨ ਅੰਤ ਕੋ ਫਿਰ ਏਕ।

ਸਭ, ਅਵਤਾਰੀ ਸਤਾ ਧਾਰੀ ਤੇ ਕਲਾ ਧਾਰੀ ਸ਼ਕਤੀਆਂ, ਤਾਂ ਉਸਦੇ ਇਕ ਕਾਲ ਸਾਹਮਣੇ ਹਥ ਬੰਨ੍ਹੀ ਖੜ੍ਹੀਆਂ, ਉਨ੍ਹਾਂ ਵਿਸ਼ੇਸ਼ ਤੌਰ ਤੇ ਸਿਧਾਂਤੀਆਂ ਤੇ ਦਰਸਾਈਆਂ ਹਨ :

ਫਿਰੈ ਚੌਦਹਿ ਲੋਕੰ ਕਾਲ ਚਕ੍ਰੰ।
ਸਭੈ ਨਾਥ ਨਾਥੇ ਭਰਮੰ ਭਡਰ ਬਕ੍ਰੰ।
ਕਹਾਂ ਰਾਮ ਕ੍ਰਿਸ਼ਣ ਕਹਾਂ ਚੰਦ ਸੂਰੰ।
ਸਭੈ ਹਾਥ ਬਾਧੇ ਖਰੇ ਕਾਲ ਹਜੂਰੰ।

ਇਸ ਸ਼ਕਤੀ ਦਾ ਭੈਦਾਇਕ ਨਾਸ਼ਵਾਨ ਪਹਿਲੂ ਹੀ ਉਨ੍ਹਾਂ ਦੇਖਿਆ ਜਾਂ ਦਿਖਾਇਆ ਨਹੀਂ, ਓਹ 'ਗੜਨ ਭੰਜਨ' ਹਾਰ ਸ੍ਰਿਜਣਾਤਮਕ ਸ਼ਕਤੀ ਦੀ ਲੀਲਾ ਦੇ ਪਸਰੇ ਪਸਾਰ ਦੇ ਕਣ ਕਣ ਵਿੱਚ ਉਸ ਦਾ ਵਿਗਾਸ ਤੇ ਅਨੇਕ ਰੰਗਾਂ ਤੇ ਰੂਪਾਂ ਦੇ ਚਮਤਕਾਰੀ ਦ੍ਰਿਸ਼ ਦੇਖਦੇ ਦੇਖਦੇ ਵਿਸਮਾਦੀ ਰਸ-ਲੀਨਤਾ ਵਿੱਚ ਚਲੇ ਜਾਂਦੇ ਸਨ :

ਨਿਰਜਰ ਸਰੂਪ ਹੋਂ ਕਿ ਸੁੰਦਰ ਸਰੂਪ ਹੋ
ਕਿ ਭੂਪਨ ਕੇ ਭੂਪ ਹੋ, ਕਿ ਦਾਤਾ ਮਹਾਂ ਦਾਨ ਹੋ।
ਪ੍ਰਾਨ ਕੇ ਬਚੱਯਾ ਦੂਧ ਪੂਤ ਕੇ ਦਵੱਯਾ,

Digitized by Panjab Digital Library | www.panjabdigilib.org

**ਰੋਗ ਸੋਗ ਕੇ ਮਟੱਯਾ ਕਿ ਮਾਨੀ ਮਹਾਂ ਮਾਨ ਹੋ ।**
**ਵਿਦਿਆ ਕੇ ਵਿਚਾਰ ਹੋਂ ਕਿ ਅਦ੍ਵੈ ਅਵਤਾਰ ਹੋ**
**ਕਿ ਸਿਧਤਾ ਕੀ ਸੂਰਤ ਹੋਂ ਕਿ ਸੁਧਤਾ ਕੀ ਸ਼ਾਨ ਹੋ ।**
**ਜੋਬਨ ਕੇ ਜਾਲ ਹੋਂ ਕਿ ਕਾਲ ਹੂੰ ਕੋ ਕਾਲ ਹੋ**
**ਕਿ ਸਤ੍ਰਿਨ ਕੇ ਸੂਲ ਹੋਂ ਕਿ ਮਿਤ੍ਰਨ ਕੇ ਪ੍ਰਾਨ ਹੋ ।**

ਸ਼ਕਤੀ ਤੇ ਭਗਤੀ ਦੀ ਇਸੇ ਸੰਧੀ ਦਾ ਏਹੋ ਗੁਝਾ ਭੇਦ ਹੈ ਜੋ ਬੇਦਾਂ ਕਤੇਬਾਂ ਵਾਲਿਆਂ ਦੀ ਸਮਝ ਤੋਂ ਪਰੇਡਾ ਰਿਹਾ ਪਰ ਉਨ੍ਹਾਂ ਨੇ ਇਹ 'ਗੁਰ' ਲਿਖਿਆ ਤੇ ਲਿਖਾਇਆ :

**'ਬੇਦ ਕਤੇਬ ਨਾ ਭੇਦ ਲਖਯੋ ਯਹਿ ਸੋਈ ਗੁਰੂ 'ਗੁਰ' ਮੋਹ ਬਤਾਯੋ ।'**

× × ×

ਗੁਰੂ ਗੋਬਿੰਦ ਸਿੰਘ ਜੀ ਦਾ ਕ੍ਰਿਪਾਨ ਧਾਰੀ ਹੋਣਾ ਉਨ੍ਹਾਂ ਦੇ ਅਪਾਰ ਕਿਰਪਾਨਿਧਿ ਸਰੂਪ ਦੇ ਦਰਸ਼ਨ ਹਨ । ਉਸ ਸਰੂਪ ਦੇ ਦਰਸ਼ਨ ਜੋ ਦੁਸ਼ਟ ਦੋਖੀਅਨ ਨੂੰ ਪਕੜ ਕੇ ਪਛਾੜਨ ਲਈ ਹਰ ਸਮੇਂ ਤਤਪਰ ਸੀ :

**ਕ੍ਰਿਪਾਨ ਪਾਣ ਧਾਰੀਯੰ । ਕਰੋਰ ਪਾਪ ਟਾਰੀਯੰ ।**

ਜੋ ਲੋਕ ਉਨ੍ਹਾਂ ਦੀ ਕ੍ਰਿਪਾਨ ਉਠਾਉਣ ਦੇ ਭੇਦ ਤੋਂ ਅਣਜਾਣ ਹਨ, ਉਨ੍ਹਾਂ ਨੂੰ ਕੰਨ ਦੇ ਕੇ ਭਵਿੱਖ ਦੇ ਉਨ੍ਹਾਂ ਲਖਸ਼ਾਂ ਦੀ ਸੁਪਨਾਵਲੀ ਤੇ ਝਾਤੀ ਪੁਆਉਣੀ ਚਾਹੀਦੀ ਹੈ । ਉਹ ਸੁਪਨਾਵਲੀ ਇਕ ਸਾਧ ਪੁਰਖ ਦੀ ਬਚਨਾਵਲੀ ਵੀ ਹੈ । ਇਕ ਸਮਰੱਥ ਪੁਰਖ ਦੀ ਜਿਸ ਨੂੰ ਆਪਣੀ ਛੋਹ ਲਾ ਦੇਵੇ ਉਹ ਕਲਪਨਾ ਨੂੰ ਭਵਿਖ ਦੇ ਭਖਵੇਂ ਦਾਈਏ ਪੂਰੇ ਕਰਨ ਦਾ ਜੋਰ ਭਰ ਦੇਵੇ ਇਹ ਕੋਈ ਅਚੰਭਾ ਨਹੀਂ ਉਨ੍ਹਾਂ ਦੀ ਇਸ ਟੂੰਬ ਵਿੱਚ ਸੁਨਹਿਰੀ ਭਵਿੱਖ ਦਾ ਇਕਰਾਰ ਹੈ :

**ਪੁਨ ਪ੍ਰਤਾਪਨ ਬਾਢ ਜਤੇ ਧੁਨ ਪਾਪਨ ਕੇ ਬਹੁੰ ਪੁੰਜ ਖਪੈਂਗੇ ।**
**ਸਾਧ ਸਮੂੰਹ ਪ੍ਰਸੰਨ ਫਿਰੈ ਜਗ ਸਤ੍ਰ ਸਭੇ ਅਵਲੋਕ ਚਪੈਂਗੇ ।**

ਸਰਬ ਸੁਖਦਾਈ ਅਨੁਭਵੀ ਖਿਆਲਾਂ ਦੇ ਹੜ੍ਹ ਦੀ ਇਹ ਚੜ੍ਹੀ ਹੋਈ ਕਾਂਗ, ਕੱਖ ਕੰਡੇ ਛੇਤੀ ਵਹਾ ਕੇ ਜੇ ਉਨ੍ਹਾਂ ਦੇ ਸੁਪਨਿਆਂ ਦਾ ਸੰਸਾਰ ਝਬਦੇ ਹੀ ਸਾਕਾਰ ਕਰ ਦੇਵੇ ਤਾਂ ਉਹ ਕਿਸੇ ਨੂੰ ਚੰਗਾ ਨਹੀਂ ਲੱਗੇਗਾ ? ਉਨ੍ਹਾਂ ਦਾ ਸਾਹਿੱਤ ਭਵਿੱਖ ਦੇ ਇਸ ਇਕਰਾਰੀ, ਲਖਸ਼ ਨੂੰ ਸਦਾ ਚਮਕਦਾ ਰਖੇਗਾ। ਇਸ ਦੀ ਸ੍ਰਿਜਣਾ ਲਈ ਸਦਾ ਪ੍ਰੇਰਨਾ ਤੇ ਬਲ ਦਿੰਦਾ ਰਹੇਗਾ ।

× × ×

ਅਸੀਂ ਹੁਣੇ ਦਸਮੇਸ਼ ਸਾਹਿੱਤ ਦੀ ਛਾਣ ਬੀਣ ਕਰਦੇ ਹੋਏ ਦੇਖ ਰਹੇ ਸੀ ਕਿ, ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਸਾਹਿੱਤ ਉਤੇ 'ਪੁਰਖ' ਦੀ ਛਾਪ ਹੈ ।

ਸਾਡਾ ਸਮਾਜ ਪੁਰਖਾਂ ਦਾ ਸਮੂੰਹ ਹੈ । ਵਿੱਚ ਇਸਤ੍ਰੀਆਂ ਵੀ ਹਨ, ਪਰ ਪੁਰਖਾਂ ਦੀ ਪੌਰਖਤਾ ਨਾ ਹੋਵੇ ਤਾਂ ਪੁਰਖ ਇਸਤ੍ਰੀਆਂ ਨਾਲੋਂ ਵੀ ਨਖਿਧ ਮੰਨੇ ਜਾਂਦੇ ਹਨ, ਪੌਰਖਤਾ (ਬਲ) ਇਸਤ੍ਰੀਆਂ ਵਿੱਚ ਆ ਜਾਵੇ, ਜਿਵੇਂ ਮਾਈ ਭਾਗੋ ਜੀ ਵਿੱਚ ਆ ਗਈ ਸੀ, ਤਾਂ ਇਸਤ੍ਰੀਆਂ ਵੀ ਪੁਰਖ ਬਣ ਜਾਂਦੀਆਂ ਹਨ । ਇਸ ਲਈ ਸਮਾਜ ਨੂੰ ਪੁਰਖਾਂ ਦਾ ਸਮੂੰਹ ਕਹਿਣ ਦੀ ਗੱਲ ਠੀਕ ਹੈ । ਹਰ ਪੁਰਖ ਭਾਵਾਂ ਤੇ ਘਟਨਾਵਾਂ ਦਾ ਸਮੂੰਹ ਹੁੰਦਾ ਹੈ । ਉਨ੍ਹਾਂ ਘਟਨਾਵਾਂ ਤੇ ਭਾਵਾਂ ਦਾ ਪ੍ਰਗਟਾਉ ਕਰਨ

Digitized by Panjab Digital Library | www.panjabdigilib.org

ਵਾਲਿਆਂ ਨੂੰ ਤੀਖਣ-ਦ੍ਰਿਸ਼ਟੇ ਮੰਨਿਆ ਜਾਂਦਾ ਹੈ। ਦੂਜੇ ਸ਼ਬਦਾਂ ਵਿੱਚ ਕੋਮਲ ਭਾਵਾਂ ਦੇ ਚਿਤ੍ਰਕਾਰ ਸੰਗੀਤੱਗ ਇਸ ਭਾਂਤ ਦੇ ਲੋਕ ਹੁੰਦੇ ਹਨ। ਜਿੰਨ੍ਹਾਂ ਵਿਚੋਂ ਕਵੀ ਦਾ ਦਰਜਾ ਵਿਸ਼ੇਸ਼ ਹੈ ਕਿਉਂ ਕਿ ਉਹ ਕਾਵਿ ਰਾਹੀ ਚਿਤ੍ਰਕਾਰੀ ਦਾ ਕਾਰਯ ਵੀ ਕਰ ਸਕਦਾ ਤੇ ਸੰਗੀਤਕ ਦੀ ਭੂੰਮੀ ਦਾ ਰਚਨਹਾਰ ਵੀ ਹੁੰਦਾ ਹੈ।

ਸਾਡੀ ਮਨੁੱਖੀ ਦੁਨੀਆਂ ਵਿੱਚ ਕਲਾ ਕੌਸ਼ਲਤਾ ਕੋਮਲ ਭਾਵ ਦਾ ਚਿਤ੍ਰਕਾਰੀ ਜਾਗੀਆਂ ਹੋਈਆਂ ਰੂਹਾਂ ਵਾਲੇ ਪੁਰਖਾਂ ਦਾ ਕਰਮ ਮੰਨੀ ਜਾਂਦੀ ਹੈ।

ਕਈ ਮਨੁੱਖ ਏਸੇ ਗੁਣ ਕਾਰਣ ਮਹਾਨਤਾ ਦੀ ਟੀਸੀ, ਅਤੇ ਇਤਿਹਾਸਕ ਪੁਰਖਾਂ ਵਾਲੀ ਗੌਰਵਤਾ ਦੇ ਰੰਗ ਮੰਚ ਉਤੇ ਆ ਟਿਕੇ ਹਨ ਕਿਉਂਕਿ, ਉਹ ਕਵੀ ਸਨ।

ਭਾਵੇਂ ਉਨ੍ਹਾਂ ਦੀ ਕਾਵਿ ਦਾ ਸੰਦੇਸ਼ ਉਤਨਾ ਮਹਾਨ ਨਹੀਂ। ਨਾ ਹੀ ਉਹ ਕਾਮਲ 'ਹੀਰੋ' ਆਪਣੇ ਕਾਵਿ ਲਈ ਪ੍ਰਾਪਤ ਕਰ ਸਕੇ ਸਨ, ਜਿਸ ਦੀ ਉਪਮਾ ਵਿੱਚ ਉਨ੍ਹਾਂ ਜ਼ਿਮੀਂ ਅਸਮਾਨ ਦੇ ਕਲਾਬੇ ਮੇਲ ਸੁਟੇ। ਕਿਉਂਕਿ ਕਾਵਿ ਕਾਵਯ ਵਸਤੂ ਦੀ ਗੁਣ ਬਣਤਰ ਤੇ ਮਨੁੱਖੀ ਮਨੋਭਾਵਾਂ ਨੂੰ ਜਾਣਨ ਦੀ ਕਲਾ ਕੌਸ਼ਲਤਾ ਵਿਚ ਪ੍ਰਵੀਨਤਾ ਹਾਸਲ ਸੀ। ਇਸ ਲਈ ਆਪਣੇ ਹੁਨਰ ਦੀ ਨਿਪੁੰਨਤਾ ਕਾਰਨ ਅਮਰ ਮੰਨੇ ਗਏ, ਜਾਂ ਹੋ ਗਏ।

ਗੁਰੂ ਗੋਬਿੰਦ ਸਿੰਘ ਜੀ ਦੀ ਰਚਨਾ ਦਾ ਸੰਦੇਸ਼ ਮੁਰਦਿਆਂ ਵਿਚ ਜਾਨ ਪਾਉਣ ਵਾਲਾ ਹੈ ਉਨ੍ਹਾਂ ਦਾ ਹੀਰੋ ਪਰਮ ਪੁਰਖ ਸਰਬੱਗ ਹੈ, ਜਿਸਦੀ ਕੀਰਤੀ ਕਿਸੇ ਵੀ ਕਵੀ ਦੀ ਰਚਨਾ ਤੇ ਉਸਦੇ ਰਚਨਹਾਰ ਨੂੰ ਅਮਰ ਬਨਾਉਣ ਦੇ ਸਦਾ ਸਮਰਥ ਹੈ। ਕੇਵਲ ਕਾਵਿਯਦ੍ਰਿਸ਼ਟੀ ਤੋਂ ਦੇਖੀਏ ਉਨ੍ਹਾਂ ਦੀ ਕਾਵਿ ਕੌਸ਼ਲਤਾ ਅਨੇਕਾਂ ਮਹਾਨ ਕਵੀਆਂ ਤੋਂ ਅਨੇਕਾਂ ਗੱਲਾਂ ਛੱਡ ਕੇ ਆਪਣੀ ਗੁਣ-ਨਿਪੁੰਨਤਾ ਕਾਰਨ ਵੀ ਮਹਾਨ ਹੈ, ਉਨ੍ਹਾਂ ਦੇ ਬਾਕੀ ਸਾਰੇ ਕੰਮ, ਕੁਰਬਾਨੀ, ਗੁਰ-ਵਡਿਆਈ, ਵਿਦਿਆ ਰਤ-ਨਾਈ ਕਦਰਦਾਨੀ, ਇਕ ਪਾਸੇ ਰੱਖ ਦਿੱਤੀ ਜਾਵੇ ਕੇਵਲ ਇਕ ਕਵੀ ਦੇ ਤੌਰ ਤੇ ਉਨ੍ਹਾਂ ਦੀਆਂ ਰਚਨਾਵਾਂ ਉਚਾ ਦਰਜਾ ਤੇ ਸਰਵ ਸ੍ਰੇਸ਼ਟ ਥਾਂ ਰਖਦੀਆਂ ਹਨ। ਜਦੋਂ ਅਸੀਂ ਇਹ ਗੱਲਾਂ ਕਰ ਰਹੇ ਹਾਂ ਉਨ੍ਹਾਂ ਦੀ ਉਚ ਮਿਆਰੀ ਤੇ ਬਹੁ ਪ੍ਰਕਾਰੀ ਰਚਨਾਵਾਂ ਪ੍ਰਤੀ ਸਾਡੇ ਮਨੋਭਾਵ ਝੁਰਮਟਾਂ ਪਾ ਉਠਦੇ ਹਨ ਜੋ ਅਨੇਕਾਂ ਖੋਜ ਪਤਰਾਂ ਦੀ ਨਹੀਂ ਗੰਥਾਂ ਦੀ ਮੰਗ ਕਰਦੇ ਹਨ। ਭਾਵਾਂ ਦੇ ਉਸ ਸਾਗਰ ਨੂੰ ਏਨੇ ਕੁ ਖੋਜ-ਪੱਤਰ ਦੇ ਸੀਮਤ ਘੇਰੇ ਵਿਚ ਬੰਦ ਕਰਨ ਦੀ ਗੁਸਤਾਖੀ ਨਹੀਂ ਕੀਤੀ ਜਾ ਸਕਦੀ।

ਸਾਡਾ ਭਗਤੀ ਸਾਹਿੱਤ ਮਾਨੋ ਇਸਤ੍ਰੀ ਹਿਰਦੇ ਦੀ ਝੀਣੀ ਬਾਣ ਹੈ। ਭਾਵੇਂ ਭਗਤਣੀ, ਇਕ ਮੀਰਾਂ ਬਾਈ ਪ੍ਰਸਿੱਧ ਅਰ ਭਗਤ ਅਨੇਕਾਂ ਹੋਏ ਹਨ, ਪਰੰਤੂ ਭਗਤਾਂ ਦਾ ਹਿਰਦਾ ਜਿਵੇਂ ਇਸਤੀਤੱਵ ਦਾ ਖਮੀਰ ਪਾ ਪਾ ਕੇ ਹੀ ਘੜਿਆ ਹੋਇਆ ਸੀ, ਭਗਤ ਜਨਾਂ ਨੇ ਆਪਣੇ ਵਲਵਲਿਆਂ ਨੂੰ ਮਨੁੱਖ ਹੁਦਿਆਂ ਇਸਤ੍ਰੀਆਂ ਦੀ ਸੁਰ ਵਿੱਚ ਵਧੇਰੇ ਝੂੰਮ ਨਾਲ ਗਾਵਿਆ ਹੈ।

ਗੁਰੂ ਗੋਬਿੰਦ ਸਿੰਘ ਜੀ ਨੇ ਜਿੰਨੀ ਵੀ ਰਚਨਾ ਰਚੀ। ਜਿਨ੍ਹਾਂ ਵਿੱਚ ਭਗਤੀ ਰਸ ਦੀ ਮਾਤਰਾ ਵੀ ਕਿਸੇ ਭਗਤ ਦੀ ਬਾਣੀ ਤੋਂ ਘੱਟ ਨਹੀਂ—ਸਾਰੀ ਦ. ਸਾਰੀ ਰਚਨਾ ਉਤੇ 'ਪੁਰਖ' ਦੀ ਛਾਪ ਹੈ। ਕੀ ਸਾਹਿੱਤ ਦੀ ਦੁਨੀਆਂ, ਅਤੇ ਉਸ ਤੋਂ ਵੀ ਵੱਧ ਭਗਤੀ ਲਹਿਰ ਦੇ ਖੇਤਰ ਵਿੱਚ ਇਹ ਇੱਕ ਅਸਚਰਜ ਘਟਨਾ ਨਹੀਂ ?

Digitized by Panjab Digital Library | www.panjabdigilib.org

ਜਿਥੇ ਸਾਰਾ ਭਗਤੀ ਸਾਹਿੱਤ ਇਸਤ੍ਰੀ ਭਾਵਾਂ ਦੀ ਲੀਲ੍ਹਾ ਤੇ ਕੁੰਜ ਗਲੀਆਂ ਦੀਆਂ ਘੁੰਮਣ ਘੇਰੀਆਂ ਵਿੱਚ ਦੀ ਗੁਜਰਦਾ ਹੈ ਓਥੇ ਗੁਰੂ ਗੋਬਿੰਦ ਸਿੰਘ ਦਾ ਅਨੰਤਪੁਰੀ ਸਾਹਿੱਤ—ਬਲਕਾਰੀ ਸਿੰਘ ਨਾਦ ਦੀਆਂ ਗੂੰਜਾਂ ਰਣ ਮੈਦਾਨ ਵਿੱਚ ਪਾਉਂਦਾ ਹੈ।

**'ਜੂਝ ਮਰਉਂ ਰਣ ਮੈਂ ਤਜ ਭੈ ਤੁਝ ਤੇ ਕਵਿ ਸਿਆਮ ਇਹੇ ਬਰ ਪਾਵੈ।'**

ਭਗਤੀ ਸਾਹਿੱਤ ਤੇ ਲਹਿਰ ਵਿੱਚ ਇਹ ਵਿਲੱਖਣਤਾ ਕਿਵੇਂ ਆਈ ? ਇਸਦਾ ਜਵਾਬ ਗੁਰੂ ਪਰੰਪਰਾਂ ਦੇ ਡੂੰਘੇ ਅਧਿਯਨ ਤੋਂ ਬਾਅਦ ਹੀ ਲੱਭਿਆ ਜਾ ਸਕਦਾ ਹੈ। ਜਿਨ੍ਹਾਂ ਨੇ ਆਪਣੇ ਪ੍ਰੀਤਮ ਨੂੰ 'ਏਕਾ ਪੁਰਖ ਸਬਾਈ ਨਾਰ' ਦੀ ਦ੍ਰਿਸ਼ਟੀ ਤੋਂ ਭਿੰਨ, ਸਖਾ, ਬੰਧਪ, ਭਰਾਤਾ ਦੇ ਤੌਰ ਤੇ ਦੇਖਣ ਦੇ ਨਵੇਂ ਝਰੋਖੇ ਖੋਲ੍ਹੇ। ਆਪਣੇ ਆਪਨੂੰ 'ਦਾਸੀ' ਭਾਵ ਤੋਂ ਉਠਾਕੇ 'ਹਮ ਆਦਮੀ ਹਾਂ' ਦੀ ਪੱਧਰ ਅਨੁਭਵ ਕਰਾਈ। ਕਦੇ ਆਪਣੇ ਆਪ ਨੂੰ 'ਸ਼ਾਇਰ' ਆਖਕੇ ਕਰਾਰੇ ਬੋਲ ਟੁਣਕਾਏ। ਏਤੀ ਮਾਰ ਪਈ ਕੁਰਲਾਣੇ ਅਜਿਹਾ ਵੰਗਾਰਾ ਪਾਉ ਬਾਬਰ ਵਾਣੀਆਂ ਰਚਕੇ, ਭਗਤੀ ਦੇ ਮੂੰਹ ਤੋਂ ਸਜ ਵਿਆਹੀ ਵਹੁਟੀ ਦੀ ਬੇ ਮਤਲਬੀ ਲਜਿਆ ਦਾ ਘੁੰਡ ਚੁੱਕ ਕੇ, 'ਸਚ ਸੁਣਾਇਸੀ ਸਚੁ ਕੀ ਵੇਲਾ' ਵਾਲੀ ਨਿਸੰਗਤਾ ਵਰਤਣ ਦੀ ਖੁੱਲ ਲਈ। ਪਰ ਜਿਸ ਮਹਾਂਬਲੀ ਨੇ ਇਨ੍ਹਾਂ ਭਾਵਾਂ ਦੀ ਗੁੜ੍ਹਤੀ ਤੋਂ ਪਲੇ ਵਿਅੱਕਤੀਆਂ ਦੀ ਆਤਮਾਂ ਨੂੰ ਲੋਹੇ ਦੀ ਪਾਨ ਚਾੜ੍ਹਕੇ, ਮੌਤ ਤੇ ਖੌਫ਼ ਤੇ ਭਿਆਨਕ ਮਿਲਾਪ ਨੂੰ ਲਾੜਿਆਂ ਵਰਗੇ ਚਾਉ ਵਿਚ ਬਦਲਿਆ। ਜੇ ਇਸ ਪ੍ਰੰਪਰਾਂ ਦਾ ਸਿੱਟਾ ਉਨ੍ਹਾਂ ਦੇ ਭਬਕਾਰਦੇ ਲਲਕਾਰਦੇ ਸਾਹਿੱਤ ਨੂੰ ਆਖ ਦਿੱਤਾ ਜਾਵੇ ਤਾਂ ਇਹ ਗਲਤ ਨਹੀਂ ਹੋਵੇਗਾ।

Digitized by Panjab Digital Library | www.panjabdigilib.org

# ਅਨੰਦਪੁਰ ਦੇ ਵਿਦਿਆ ਰਤਨ

ਸੰਸਕ੍ਰਿਤ ਦੇ ਮਹਾਂ ਕਵੀ ਬਾਣ ਭੱਟ ਬਾਰੇ ਇਕ ਉਕਤੀ ਪ੍ਰਸਿੱਧ ਹੈ : 'ਕਾਵਿਯ ਦਾ ਕੋਈ ਉਪਮਾ ਤੇ ਰੂਪਕ ਬਾਣ ਭੱਟ ਨੇ ਸੁਚਾ ਨਹੀਂ ਛੱਡਿਆ।' ਬਾਣ ਭੱਟ ਦੀ ਸੋਭਾ ਕਰਨ ਵਾਲਿਆ ਦਾ ਮਨੋਰਥ ਇਹ ਜਾਪਦਾ ਹੈ ਕਿ ਉਸ ਨੇ ਉਪਮਾਵਾਂ ਦੀ ਵਰਤੋਂ ਕਰਦਿਆਂ, ਬਾਕੀ ਕੁਝ ਪਿਛੇ ਰਹਿਣ ਹੀ ਨਹੀਂ ਦਿੱਤਾ। ਇਹ ਆਖਣਾ ਕਿਸੇ ਸਮੇਂ ਸ਼ਾਇਦ ਠੀਕ ਹੀ ਹੋਵੇ। ਬਾਣ ਭੱਟ ਤੋਂ ਲੈ ਕੇ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਤੱਕ ਜਿਤਨੇ 'ਕਵੀ ਰਾਜ' ਹੋਏ ਹਨ ਉਨ੍ਹਾਂ ਨੇ ਉਪਮਾਵਾਂ ਤੇ ਅਲੰਕਾਰਾਂ ਦੀ ਦੁਨੀਆਂ ਵਿੱਚ ਜ਼ਰੂਰ ਕੁਝ ਵਾਧਾ ਕੀਤਾ ਹੋਵੇਗਾ। ਪਰ ਇੱਕ ਪਹਿਲੂ ਸਾਹਿੱਤ ਦੇ ਖੇਤਰ ਵਿੱਚ ਅਲੰਕਾਰਾਂ ਤੇ ਉਪਮਾਵਾਂ ਤੋਂ ਸੱਖਣਾ ਹੀ ਰਹਿੰਦਾ ਜੇ ਗੁਰੂ ਹਰਗੋਬਿੰਦ ਤੇ ਗੁਰੂ ਗੋਬਿੰਦ ਸਿੰਘ ਜੀ ਇਸ ਧਰਤੀ ਉਤੇ ਯੁੱਧ ਸ਼ਾਲਾ ਦੇ ਰੰਗ ਤਮਾਸੇ ਨਾ ਰਚਦੇ। ਸਾਡੇ ਇਸ ਗਰੀਬੀ ਦਾਅਵੇ ਦੇ ਪਿੱਛੇ ਮਾਨ ਭਰੇ ਪ੍ਰਮਾਣ ਹਨ। ਯਾਦ ਰਹੇ ਅਸੀਂ ਬੀਰ ਰਸ ਦੇ ਕਾਵਿ ਖੇਤਰ ਵਿੱਚ ਦੀ ਗੁਜ਼ਰ ਰਹੇ ਹਾਂ। 18 ਫਰਵਰੀ, 1937 ਵਿੱਚ 'ਰਾਜਸਥਾਨ ਰੀਸਰਚ ਸੁਸਾਇਟੀ' ਦੀ ਸਭਾ ਸਾਹਮਣੇ ਕਵੀ ਸਮਰਾਟ ਟੈਗੋਰ ਨੇ ਇਕ ਭਾਸ਼ਣ ਦਿੱਤਾ ਸੀ।

ਉਨ੍ਹਾਂ ਨੇ ਕਿਹਾ ਸੀ : 'ਭਗਤਿ ਸਾਹਿੱਤ ਤੋ ਹਮੇਂ ਪ੍ਰਤੀਯੇਕ ਪ੍ਰਾਂਤ ਮੇਂ ਮਿਲਤਾ ਹੈ, ਸਭੀ ਸਥਾਨੋਂ ਕੇ ਕਵਿਓਂ ਨੇ ਰਾਧਾ ਔਰ ਕ੍ਰਿਸ਼ਣ ਕੇ ਗੀਤੋਂ ਕਾ ਗਾਨ ਕੀਆ ਹੈ। ਪਰੰਤੂ ਆਪਣੇ ਰਕਤ ਸੇ ਰਾਜਸਥਾਨ ਨੇ ਜਿਸ ਸਾਹਿਤਯ ਕਾ ਨਿਰਮਾਣ ਕੀਆ ਹੈ ਵਹਿ ਅਦੁਤੀਯ ਹੈ। .. .. .. ਮੇਰੇ ਮਿਤ੍ਰ ਛਿਤ ਮੋਹਨ ਸੇਨ ਨੇ ਹਿੰਦੀ ਕਾਵਯ ਸੇ ਮੇਰਾ ਪ੍ਰੀਚਯ ਕਰਾਯਾ ਆਜ ਮੁਝੇ ਏਕ ਨਈ ਵਸਤੂ ਕੀ ਜਾਨਕਾਰੀ ਹੂਈ ਹੈ। ਇਕ ਉਤਸਾਹ ਬ੍ਰਿਧਿ (ਬੀਰ ਰਸੀ) ਗੀਤੇ ਨੇ ਮੇਰੇ ਸਮੱਖਸ਼ ਸਾਹਿੱਤਯ ਕੇ ਪ੍ਰਤੀ ਇਕ ਨਵੀਨ ਦ੍ਰਿਸ਼ਟੀਕੋਣ ਉਪਸਥਤ ਕੀਆ ਹੈ।'

ਕਾਸ਼! ਪੰਜਾਬ ਵਿੱਚ ਵੀ ਕੋਈ ਅਜੇਹੀ ਰੀਸਰਚ ਸੁਸਾਇਟੀ ਹੁੰਦੀ ? (ਜੋ ਹੁਣ ਤੱਕ ਵੀ ਨਹੀਂ ਹੈ) ਉਸ ਸੋਸਾਇਟੀ ਕਵਿੰਦ, ਰਵਿੰਦ੍ਰ ਜੀ ਸਾਹਮਣੇ ਮਨੁੱਖਤਾ ਦੀ ਕਲਿਆਣ ਤੇ ਸੁਖ ਸ਼ਾਂਤੀ ਲਈ ਲੜ ਗਏ ਜੰਗਾਂ ਯੁੱਧਾਂ ਪ੍ਰਤੀ ਰਚਿਆ ਸਾਹਿੱਤ ਵੀ ਰੱਖਿਆ ਜਾਂਦਾ ਜੇ ਅਜਿਹਾ ਹੋ ਜਾਂਦਾ ਤਾਂ ਕਵੀ ਜੀ ਨੂੰ ਰਾਜਪੂਤਨੇ ਅਤੇ ਪੰਜਾਬ ਦੇ ਬੀਰ ਸਾਹਿੱਤ ਵਿੱਚ ਸਪਸ਼ਟ ਅੰਤਰ ਦਿਸ ਆਉਂਦੇ। ਕਿਉਂਕਿ ਪੰਜਾਬ ਦੇ ਬੀਰਰਸੀ ਸਾਹਿੱਤ ਦੀ ਧਾਰਾ ਉਕਾ ਹੀ ਵੱਖਰੀ ਕਰਮ ਭੂਮੀ ਵਿਚੋਂ ਲੰਘਦੀ ਹੈ। ਸਾਡੇ ਸਾਹਿੱਤ ਦਾ ਬੀਰ ਰਸ, ਸਵਾਰਥ ਸਿੱਧੀ ਤੋਂ ਮੁਕਤ, ਪਰਉਪਕਾਰੀ ਗੁਣਾਂ ਨਾਲ ਭੂਸ਼ਤ ਹੈ। ਸਾਡੇ ਬੀਰ ਰਸੀ ਸਾਹਿੱਤ ਵਿੱਚ ਇਕ ਰਾਜੇ ਦਾ ਦੂਜੇ ਰਾਜ ਉਤੇ ਹਮਲਾ ਕਰਨ ਵਾਲੀ ਸੁਆਰਥੀ ਬੀਰਤਾ ਦੀ ਚਰਚਾ ਨਹੀਂ ਡੇ ਨਾਹੀਂ ਦੂਜੇ ਦਾ ਉਸ ਤੋਂ ਆਪਣਾ ਇਲਾਕਾ ਮੁੜ



Digitized by Panjab Digital Library | www.panjabdigilib.org

ਛੁਡਾਉਣ ਦੀ ਹੇਰਾ ਫੇਰੀ ਵਿੱਚ ਉਲਝਿਆ ਬੀਰ ਰਸ ਹੈ। ਕੁੱਝ ਰਾਜਿਆਂ ਦੀਆਂ ਕਿਸੇ ਇਕ ਸੁੰਦਰੀ ਪਿਛੇ ਲੜੀਆਂ ਲੜਾਈਆਂ ਦੀ ਸੰਘਰਸ਼ ਗਾਥਾ ਵੀ ਸਾਡੇ ਬੀਰ-ਸਾਹਿੱਤ ਦਾ ਵਿਸ਼ਾ ਨਹੀਂ। ਪੰਜਾਬ ਦਾ ਬੀਰ ਰਸੀ ਸੇਵਾ ਸਾਹਿੱਤ ਗੁਰੂ ਗੋਬਿੰਦ ਸਿੰਘ ਜੀ ਦੀ ਕਿਰਪਾ ਦੇ ਸਿਰ ਸਦਕੇ, ਪਰ-ਸਵਾਰਥੀ ਦੀ ਨਿਰਮਲ ਧਾਰਾ ਵਾਲਾ ਸਵੱਛ ਹੈ। ਇਹ ਪਰਉਪਕਾਰ ਅਤੇ ਦੀਨਾਂ ਦੁਖੀਆਂ ਦੀ ਰਖਿਆ ਲਈ ਜਾਨਾਂ ਤਲੀ ਉਤੇ ਧਰ ਕੇ ਮਰਨ ਵਾਲਿਆਂ ਦੀ ਬੀਰ ਗਾਥਾ ਭਰੇ ਕਾਰਨਾਮੇ ਹਨ।

ਭਾਵੇਂ ਸਾਡਾ ਭਗਤੀ ਸਾਹਿੱਤ ਵੀ ਰਾਧਾ, ਰਾਮ ਦੇ ਅਵਤਾਰੀ ਗੁਣਾਂ ਵਾਲਾ ਨਹੀਂ, ਸਾਡਾ ਭਗਤੀ ਸਾਹਿੱਤ ਵਧੇਰੇ ਨਿਰੰਕਾਰੀ ਮੰਡਲਾਂ ਉਤੇ ਆਧਾਰਤ ਨਿਰਗੁਣ ਵਾਦੀ ਹੈ, ਜਿਸ ਦੇ ਟੈਗੋਰ ਜੀ ਪ੍ਰਸ਼ੰਸਕ ਸਨ, ਪਰ ਬੀਰ ਰਸੀ ਤਾਂ ਬਿਲਕੁਲ ਹੀ ਵਿਲੱਖਣ ਹੈ। ਜੇ ਟੈਗੋਰ ਜੀ ਸਾਡੇ ਸਾਹਿੱਤ ਦੀ ਆਤਮਾ ਨਾਲ ਪ੍ਰੀਚਯ ਹੁੰਦੇ ਤਾਂ ਉਨ੍ਹਾਂ ਦੀ ਗੁਰੂ ਜੀ ਅਤੇ ਇਸ ਸਾਹਿੱਤ ਬਾਰੇ ਉਹੋ ਰਾਏ ਹੁੰਦੀ ਜੋ ਸਿੱਖ ਸਾਹਿੱਤ ਪੜ੍ਹਨ ਵਾਲੇ ਲਾਲਾ ਦੌਲਤ ਰਾਏ, ਭਾ: ਪਰਮਾ ਨੰਦ, ਸ਼ਿਵ-ਵਰਤ ਲਾਲ ਅਤੇ ਸੁਰਿੰਦਰ ਸ਼ਰਮਾ ਜੀ ਦੀ ਹੈ। ਇਨ੍ਹਾਂ ਵਾਂਗ ਹੀ ਉਨ੍ਹਾਂ ਨੂੰ ਵੀ ਗੁਰੂ ਜੀ ਦਾ ਉਦੇਸ਼ ਸਪੱਸ਼ਟ ਹੁੰਦਾ :

'ਮੈਂ ਦੁਨੀਆਂ ਵਿੱਚ ਰਾਜ ਭੋਗਣ ਲਈ ਨਹੀਂ ਆਇਆ। ਮੇਰਾ ਜਨਮ ਇਸ ਲਈ ਹੋਇਆ ਹੈ ਕਿ ਮੈਂ ਦੀਨ ਦੁਖੀਆਂ ਸੰਤਪਤ ਪਰਾਣੀਆਂ ਨੂੰ ਆਇਤ ਤਾਈ ਕੇ ਅਤਿਆਚਾਰੋਂ ਸੇ ਬਚਾਊਂ।'
(ਸੁਰਿੰਦਰ ਸ਼ਰਮਾ : ਜੀਵਨ ਗੁਰੂ ਗੋਬਿੰਦ ਸਿੰਘ)

ਗੁਰੂ ਜੀ ਦਾ ਉਦੇਸ਼ ਤੇ ਸਾਹਿੱਤ ਜੇਕਰ ਕਵੀ ਟੈਗੋਰ ਜੀ ਤੇ ਜਾਦੂ ਨਾਥ ਜੀ ਦੇ ਸਾਹਮਣੇ ਸਪੱਸ਼ਟ ਕੀਤਾ ਜਾ ਸਕਦਾ, ਜਿਵੇਂ ਮਰਹੱਟਿਆਂ ਨੇ ਸ਼ਿਵਾ ਜੀ ਬਾਰੇ ਗਲਤੀਆਂ ਠੀਕ ਕਰਾ ਲਈਆਂ ਹਨ, ਤਾਂ ਇਹ ਲੇਖਕ ਗੁਰੂ ਜੀ ਬਾਰੇ ਗਲਤ ਫ਼ਹਿਮੀਆਂ ਵਾਲੀਆਂ ਲਿਖਤਾਂ ਨਾ ਲਿਖਦੇ। ਸ਼ੋਕ ਹੈ ਕਿ ਕਵੀ ਟੈਗੋਰ ਤੱਕ ਗੁਰੂ ਗੋਬਿੰਦ ਸਿੰਘ ਜੀ ਦੇ ਨਿਰਸਵਾਰਥ ਲੜੇ ਯੁੱਧਾਂ ਦਾ ਬੀਰ ਸਾਹਿੱਤ ਨਹੀਂ ਪੁਜਿਆ, ਜੇ ਇਹ ਮਹਾਨ ਕਵੀ ਜੀ ਸ੍ਰੀ ਦਸਮੇਸ਼ ਜੀ ਦੇ ਸ਼ੁਧ ਸ੍ਵਰੂਪ ਦੇ ਦਰਸ਼ਨ ਕਰ ਲੈਂਦੇ ਤਾਂ ਉਨ੍ਹਾਂ ਦੇ ਯੁੱਧਾਂ ਲਈ ਕੀਤੇ ਗਏ ਕਾਰਨਾਮੇ ਜਾਚ ਸਕਦੇ ਤਾਂ ਇਨ੍ਹਾਂ ਮਹਾਨ ਭਾਵਾਂ ਦਾ ਸਿਖ-ਸਮਾਜ ਵਿਚ ਹੋਰ ਸਥਾਨ ਹੁੰਦਾ। ਵਿਸ਼ੇਸ਼ ਕਰਕੇ ਟੈਗੋਰ ਜੀ ਸਾਹਮਣੇ ਗੁਰੂ ਜੀ ਦੇ ਦਰਬਾਰੀ ਕਵੀਆਂ ਦੇ ਅਨੇਕਾਂ ਰਸਾਂ ਵਾਲੇ ਕਾਵਿ ਪਰੋਸ ਕੇ ਵਿਚੋਂ ਕੁਝ ਕੁ ਵੰਨਗੀਆਂ ਦੇ ਰਸ ਚਖਾਏ ਜਾਂਦੇ ਤਾਂ ਕਵੀ ਹਿਰਦੇ ਉਤੇ ਸ਼ੁਭ ਪ੍ਰਭਾਵ ਦੀ ਛਾਪ ਯਕੀਨੀ ਸੀ।

ਕਵੀ ਟੈਗੋਰ ਲਈ, ਬੀਰ ਰਸੀ ਸਾਹਿੱਤ ਵਿੱਚ ਬੀਰ ਰਸ ਇਕ ਅਨੋਖੀ ਚੀਜ਼ ਸੀ ਉਨ੍ਹਾਂ ਨੂੰ ਅਜੇਹਾ ਕਿਉਂ ਲੱਗਿਆ ? ਅਸਲ ਵਿੱਚ ਪੰਜਾਬ ਅਤੇ ਰਾਜਪੂਤਾਨੇ ਦੇ ਸਾਹਿੱਤ ਬਿਨਾਂ ਦੂਜੀਆਂ ਭਾਸ਼ਾਵਾਂ ਅੰਦਰ ਬੀਰ ਰਸ ਹੈ ਨਹੀਂ। ਬਾਕੀ ਪ੍ਰਾਂਤਾਂ ਦੇ ਲੋਕਾਂ ਨਾ ਕਦੇ ਅਜੇਹੇ ਯੁੱਧ ਲੜੇ ਨਾ ਲੁਟੇਰਿਆਂ ਨਾਲ ਭੇੜ ਭਿੜੇ, ਜਿਥੇ ਇਹ ਵਾਕੇ ਹੀ ਨਹੀਂ ਹੋਏ, ਉਥੇ ਬੀਰ ਰਸੀ ਸਾਹਿੱਤ ਕਿਸ ਲਈ ਰਚਿਆ ਜਾਂਦਾ ?

ਰਾਜਪੂਤਾਨੇ ਦੇ ਬੀਰ ਰਸ ਦਾ ਪੰਜਾਬ ਦੇ ਬੀਰ ਰਸੀ ਸਾਹਿੱਤ ਨਾਲ ਇਕ ਵੱਡਾ ਭੇਦ, ਅਸੀਂ ਦੇਖ ਲਿਆ ਹੈ। ਪੰਜਾਬ, ਸਦੀਆਂ ਤੋਂ ਹਮਲਾਵਰਾਂ ਦਾ ਦਰਵਾਜ਼ਾ ਰਿਹਾ ਹੈ, ਇਸ ਦੇ ਪ੍ਰਤੀਕਰਮ ਵੀ ਲੋਕਾਂ ਅਤੇ ਸਾਹਿੱਤਕਾਰਾਂ ਉਤੇ ਤਿਖੇ ਪੈਂਦੇ ਰਹੇ ਹਨ, ਪਰੰਤੂ ਛੇਵੇਂ ਗੁਰੂ ਜੀ ਪ੍ਰਤੀ

Digitized by Panjab Digital Library | www.panjabdigilib.org

ਰਰੇ ਸਾਹਿੱਤ ਤੋਂ ਪਹਿਲਾਂ ਏਥੋਂ ਦੇ ਸ ਹਿਤ ਵਿੱਚ ਕਿਧਰੇ ਬੀਰ ਰਸ ਦਾ ਮੁਸ਼ਕ ਮਾਤਰ ਖੋਜ ਕੇ ਭਾਵੇਂ ਲੱਭਿਆ ਜਾ ਸਕੇ, ਜਦੋਂ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਰਸੀ ਸਾਹਿੱਤ ਦਾ ਇੱਕ ਹੜ੍ਹ ਵਗਾ ਦਿੱਤਾ :—

ਭਾਈ ਪਰਮਾਨੰਦ ਤਾਰੀਖ ਪੰਜਾਬ ਵਿੱਚ ਲਿਖਦੇ ਹਨ :—

> "ਗੁਰੂ ਗੋਬਿੰਦ ਸਿੰਘ ਜੀ ਨੇ ਬੀਰ ਰਸੀ ਰਸ ਵਾਲੀ ਸ਼ਾਇਰੀ ਪੈਦਾ ਕੀਤੀ ਜੋ ਉਨ੍ਹਾਂ ਤੋਂ ਪਹਿਲਾਂ ਪੰਜਾਬ ਵਿੱਚ ਬਿਲਕੁਲ ਨਹੀਂ ਸੀ। ਜਿਸ ਨਾਲ ਗੁਰੂ ਗੋਬਿੰਦ ਸਿੰਘ ਜੀ ਨੇ ਸੁਤੀਆਂ ਤਾਕਤਾਂ ਨੂੰ ਜਗਾਇਆ। . . ਨਜਮ ਐਸੀ ਬੇ ਨਜ਼ੀਰ ਹੈ ਕਿ, ਇਸ ਤੋਂ ਵਧ ਕੇ ਦੁਨੀਆਂ ਭਰ ਦੇ ਸਾਹਿੱਤ ਵਿੱਚ ਸ਼ਾਇਦ ਹੀ ਕਿਤੇ ਹੋਰ ਮਿਲੇ।" (ਸਫਾ 133)

ਅਸੀਂ ਜਾਣ ਰਹੇ ਸੀ, ਭਾਰਤੀ ਕਾਵਿਯ ਵਿੱਚ ਬੀਰ ਰਸ ਭਰਨ ਦਾ ਸੇਹਰਾ ਪੰਜਾਬ ਤੇ ਰਾਜਸਥਾਨ ਦੇ ਸਿਰ ਹੈ, ਉਸ ਵਿੱਚ ਪੰਜਾਬ ਦਾ ਦਰਜਾ ਯੋਧਿਆਂ ਦਾ ਮਨੋਰਥ ਉਤਮ ਤੇ ਆਦਰਸ਼ਕ ਹੋਣ ਕਰਕੇ ਵਿਲੱਖਣ ਹੀ ਨਹੀਂ ਸ੍ਰੇਸ਼ਟ ਵੀ ਹੈ। ਪੰਜਾਬ ਵਿੱਚ ਸਾਹਿਤ ਦੀ ਇਹ ਕਿਸਮ ਕਿਸ ਹਥੋਂ ਤੇ ਕਿਥੇ ਇਸ ਬੇ ਨਜ਼ੀਰ ਪਦਵੀ ਉਤੇ ਬਿਰਾਜਮਾਨ ਹੋਈ ? ਇਹ ਨੁਕਤਾ ਭਾਈ ਪਰਮਾ ਨੰਦ ਜੀ ਨੇ ਨਿਖਾਰ ਦਿੱਤਾ ਹੈ। ਪੰਜਾਬ ਦੇ ਬੀਰ ਕਾਵਿ ਦੀ ਵਿਲੱਖਣਤਾ ਕਿਨ੍ਹਾਂ ਕਾਰਨਾਂ ਕਰਕੇ ਮੰਨੀ ਜਾਂਦੀ ਹੈ, ਕਵੀਆਂ ਦੀ ਕਲਪਣਾ ਤੇ ਉਪਮਾ ਕਿਤਨੀ ਅਸਲੀਅਤ ਦੀ ਤਸਵੀਰ ਹੈ ? ਆਉ ਹੁਣ ਇਸ ਵਿਸ਼ੇ ਦੇ ਇਹ ਪਹਿਲੂ ਦੇਖੀਏ।

ਦਸਮੇਸ਼ ਜੀ ਦੇ ਦਰਬਾਰੀ ਕਵੀਆਂ ਨੇ ਆਪਣੇ ਅਲੰਕਾਰ ਤੇ ਉਪਮਾਵਾਂ ਕੀ ਬਾਣ ਭੱਟ ਜਿਹੇ ਕਵੀਆਂ ਦੀਆਂ ਜੂਠੀਆਂ ਕੀਤੀਆਂ ਵਰਤੀਆਂ ਨਾ ਕਿ ਸਾਹਿੱਤ ਦੇ ਇਸ ਅਣ-ਛੋਹੇ ਹੁਸਨ ਤੋਂ ਜਦੋਂ ਅਨੰਦਪੁਰ ਦੀ ਧਰਤੀ ਉਤੇ ਨਿਕਾਬ ਲੱਥਾ ਤਾਂ ਕਈ ਬਾਣ ਭੱਟ ਆ ਪ੍ਰਗਟ ਹੋਏ। ਨਾ ਜਾਣੀਏਂ ਕਿਤਨੇ ਕਵੀਆਂ 'ਸਚੇ ਪਾਤਸ਼ਾਹ' ਦੀ ਸਿਫਤ ਲਈ ਮੁੜ ਜਨਮ ਧਾਰ ਕੇ ਜਾਂ ਜਨਮਧਾਰੀ ਕਵੀਆਂ ਵਿੱਚ ਰੂਹ ਪ੍ਰਵੇਸ਼ ਕਰਕੇ ਅਨੰਦਪੁਰ ਦੀਆਂ ਘਾਟੀਆਂ ਵਿੱਚ ਵਿਚਰ ਕੇ ਆਪਣੀ ਰੂਹ ਨੂੰ ਸ਼ਾਂਤ ਕੀਤਾ ? ਇਹ ਗੱਲਾਂ ਗੁਰੂ ਗੋਬਿੰਦ ਸਿੰਘ ਜੀ ਦੇ ਵਿਦਿਆ ਰਤਨਾਂ ਦੇ ਮੂੰਹੋਂ ਸੁਣਨੀਆਂ ਹੀ ਠੀਕ ਹਨ।

ਗੁਰੂ ਗੋਬਿੰਦ ਸਿੰਘ ਜੀ ਦੇ ਵਿਦਿਆ ਦਰਬਾਰ ਦੇ ਰਤਨ ਬਹੁਤ ਸਾਰੇ ਸਨ, ਪਰ 52 ਦੀ ਗਿਣਤੀ ਆਮ ਕਰਕੇ ਪ੍ਰਸਿੱਧ ਹੈ। ਇਨ੍ਹਾਂ ਕਵੀਆਂ ਦੀਆਂ ਇਕ ਤੋਂ ਵੱਧ ਸੁੰਦਰ ਰਚਨਾਵਾਂ, ਸਭ ਆਸਾਡਾ ਧਿਆਨ ਆਪਣੇ ਵਲ ਖਿਚਦੀਆਂ ਹਨ।

ਇਕ ਤੋਂ ਵੱਧ ਸੁੰਦਰਤਾ ਭਰੀਆਂ ਭਾਵਾਂ-ਭਿੰਨੀਆਂ ਰਚਨਾਵਾਂ ਵਿਚੋਂ, ਕਿਹੜੀ ਦਿੱਤੀ ਜਾਵ ਤੇ ਕਿਹੜੀ ਛੱਡੀ ਜਾਵੇ, ਇਸ ਬਾਰੇ ਕਿਸੇ ਫੈਸਲੇ ਤੇ ਪੁੱਜਣਾ ਸੌਖੀ ਗੱਲ ਨਹੀਂ ?

ਕਵਿਤਾ ਦੇ ਸੋਹਜ ਸੁਆਦ ਲਈ ਨੌ ਰਸ ਮੁੱਖ ਗੁਣ ਮੰਨੇ ਗਏ ਹਨ। ਕਾਵਿ ਰਾਹੀਂ ਹਾਵਾਂ ਭਾਵਾਂ ਦਾ ਚਿਤ੍ਰਣ ਕਰਕੇ, ਮਨੁੱਖ ਦੀਆਂ ਆਤਮਕ ਅਵਸਥਾਵਾਂ ਨੂੰ ਪ੍ਰਤਿਬਿੰਬਤ ਕਰਨਾ ਕਵੀਆਂ ਦੀ ਸਖਮ ਕਾਰਾਗਰੀ ਕਹੀ ਜਾਂਦੀ ਹੈ। ਅਜਿਹੇ ਰਸਾਂ ਤੇ ਅਲੰਕਾਰਾਂ ਭਰੀਆਂ ਗੁਰੂ ਗੋਬਿੰਦ ਸਿੰਘ ਜੀ ਤੇ ਉਨ੍ਹਾਂ ਦੇ ਕਵੀਆਂ ਦੀਆਂ ਅਨੇਕ ਕਵਿਤਾਵਾਂ ਹਨ ਪਰ ਕੁਝ ਕਵੀਆਂ ਦੀ ਨਿਗਾਹ ਵਿਚ

Digitized by Panjab Digital Library | www.panjabdigilib.org

ਗੁਰੂ ਗੋਬਿੰਦ ਸਿੰਘ ਜੀ ਦੀ ਹਸਤੀ ਖੁਦ ਰਸ ਭਰੀ ਕਵਿਤਾ ਸੀ। ਉਨ੍ਹਾਂ ਦੇ ਜੀਵਨ ਦੇ ਭਿੰਨ ਭਿੰਨ ਪਹਿਲੂ ਕਵੀ ਨਿਗਾਹ ਵਿੱਚ ਆਪੋ-ਆਪਣੀ ਥਾਂ ਇੱਕ ਇੱਕ ਰਸ ਤੇ ਇਉਂ ਉਹ ਨੌ ਰਸ ਭਰੀ ਕਵਿਤਾ ਸਨ। ਉਨ੍ਹਾਂ ਦੀ ਆਤਮਾ ਦੇ ਹਾਵਾਂ ਭਾਵਾਂ ਜੋ ਪਰਤੌ ਪਾਉਂਦੇ ਸੀ ਉਹ ਇੱਕ ਇੱਕ ਕਾਵਿਯ ਰਸ ਦੀ ਰੂਹ ਦਾ ਕਿਹੋ ਜਿਹਾ ਝਲਕਾਰਾ ਦੇ ਜਾਂਦੀ ਸੀ? ਇਸ ਬਾਰੇ ਇਕ ਹਜ਼ੂਰੀ ਕਵੀ ਦੀ ਬੜੀ ਸੁੰਦਰ ਕਲਪਨਾ ਹੈ:

ਕਵੀ ਅੰਮ੍ਰਿਤਰਾਏ (ਲਾਹੌਰੀ) ਉਨ੍ਹਾਂ ਦੀ ਹਸਤੀ ਨੂੰ ਨੌ ਰਸ ਭਰੀ ਕਵਿਤਾ ਦੇ ਰੂਪ ਵਿੱਚ ਦੇਖਦਾ ਹੋਇਆ ਕਹਿੰਦਾ ਹੈ, ਕਿਉਂਕਿ, ਉਨ੍ਹਾਂ ਦੇ ਆਪਣੇ ਪਿਆਰੇ ਦਾ ਪ੍ਰੇਮ 'ਸਿੰਗਾਰ' ਵਾਂਗ ਧਾਰਨ ਕੀਤਾ ਹੋਇਆ ਹੈ ਹਾਸਯ ਤੇ ਵਿਨੋਦ ਉਨ੍ਹਾਂ ਦੇ ਚੋਜਾਂ ਤੇ ਕੌਤਕਾਂ ਵਿਚੋਂ ਸਦਾ ਪ੍ਰਗਟ ਹੀ ਹੁੰਦਾ ਹੈ, ਦੁਖੀਆਂ ਦੀਨਾਂ ਉਪਰ ਹਰ ਸਮੇਂ ਕਰਣਾ (ਕ੍ਰਿਪਾ) ਕਰਦੇ ਹੀ ਰਹਿੰਦੇ ਹਨ, ਇਸ ਲਈ ਸਿੰਗਾਰ, ਹਾਸ ਤੇ ਕਰਣਾ ਰਸ ਤਾਂ ਉਨ੍ਹਾਂ ਦੇ ਗੁਣਾਂ ਦਾ ਪ੍ਰਗਟ ਪ੍ਰਮਾਣ ਹੀ ਹੋਏ। ਵੈਰੀਆਂ ਦੇ ਦਲਾਂ ਦੇ ਝੁੰਡਾਂ ਨੂੰ ਉਹ ਰੁੰਡ ਮੁੰਡ ਕਰ ਦਿੰਦੇ ਹਨ, ਇਸ ਲਈ ਰੁਦ੍ਰ ਰਸ ਉਨ੍ਹਾਂ ਵਿਚ ਬਿਰਾਜਮਾਨ ਹੈ। ਫੌਜਾਂ ਨੂੰ ਸਾਧਨ ਵਾਲੇ ਹੋਣ ਕਾਰਨ ਵੀਰ ਰਸੀ ਸਨ। ਉਨ੍ਹਾਂ ਦੇ ਨਗਾਰੇ ਦੀ ਚੋਟ ਸੁਣਕੇ ਲੰਕਾ ਦੇ ਰਾਜੇ ਜੈਸੇ ਬਲਧਾਰੀ ਭਯਭੀਤ ਹੋ ਉਠਦੇ ਹਨ, ਇਉਂ ਆਪ ਭਿਆਨਕ ਰਸ ਦੇ ਵੀ ਧਾਰਨੀ ਹਨ। ਉਨ੍ਹਾਂ ਦੀ ਚੜ੍ਹਤ ਦੀ ਖਬਰ ਸੁਣਕੇ ਵੈਰੀਆਂ ਦੀਆਂ ਇਸਤ੍ਰੀਆਂ, ਆਪਣੇ ਪ੍ਰੇਮੀਆਂ ਦੇ ਵਿਯਗ ਵਿੱਚ ਬਢੰਗੇ ਬੋਲਾਂ ਵਿੱਚ ਕੁਰਲਾਹਟ ਮਚਾਉਣ ਲੱਗ ਪੈਂਦੀਆਂ ਹਨ, ਇਹ ਉਨ੍ਹਾਂ ਦਾ ਬੀਭਤਸ ਰਸ ਹੈ। ਉਨ੍ਹਾਂ ਦੇ ਅਦਭੁਤ ਰਸ ਦਾ ਇਸ ਗੱਲੋਂ ਹੋਰ ਵੱਡਾ ਸਬੂਤ ਕੀ ਹੋ ਸਕਦਾ ਹੈ ਕਿ ਉਨ੍ਹਾਂ ਨੇ ਬਲਹੀਨਾਂ ਨੂੰ ਪ੍ਰਬਲ ਤੇ ਬਲਕਾਰੀ ਬਣਾ ਦਿੱਤਾ? ਆਪ ਅੰਦਰ ਬ੍ਰਹਿਮ ਗਿਆਨ ਦਾ ਸਦਾ ਨਿਵਾਸ ਸਾਂਤ ਰਸ ਦਾ ਲਖਾਯਕ ਹੈ ਹੀ, ਕਿਉਂ ਨਾ ਫਿਰ ਉਨ੍ਹਾਂ ਦੀ ਮਨੋਹਰ ਤੇ ਪ੍ਰਬੀਨ ਹਸਤੀ ਨੂੰ ਨੌ ਰਸ ਭਿੰਨੀ ਕਿਹਾ ਜਾਵੇ: ਕਵੀ ਜੀ ਦਾ ਅਸਲ ਕਬਿੱਤ ਇਹ ਹੈ:—

**ਪ੍ਰਿਯਾ ਪ੍ਰੇਮ ਸੇ ਸਿੰਗਾਰੀ, ਹਾਸਯ ਸੇ ਵਿਨੋਦ ਭਾਰੀ,**
**ਦੀਨਨ ਮੈ ਕਰਣਾ ਅਨੁਸਾਰੀ ਸੁਖ ਦੀਨੋ ਹੈ।**
**ਕੀਨ ਅਰਿ ਰੁੰਡ ਮੁੰਡ ਰੁਦ੍ਰ ਰਸ ਭਰਿਓ ਝੁੰਡ,**
**ਫੌਜਨ ਸੁਧਾਰਨ ਮੇਂ ਬੀਰ ਰਸ ਕੀਨੋ ਹੈ।**
**ਡੰਕ ਸੁਨ ਲੰਕ ਭਯ ਭੀਤ ਸਤ੍ਰੁਬਾਮ ਨਿੰਦਾ,**
**ਵਿਕ੍ਰਮ ਪ੍ਰਬਲ 'ਅਦਭੁਤ' ਰਸੋ ਕੀਨੋ ਹੈ।**
**ਬ੍ਰਹਿਮ ਗਯਾਨ ਸਮਰਸ, ਅੰਮ੍ਰਿਤ ਵਿਰਾਜੈ, ਸਦਾ,**
**ਸ੍ਰੀ ਗੁਰੂ ਗੋਬਿੰਦ ਰਾਇ ਨਵੋਂ ਰਸ ਭੀਨੋ ਹੈ।**

ਮੁਗਲੀਆ ਰਾਜਸ਼ਾਹੀ ਦੀ ਨਿਗਾਹ ਵਿੱਚ ਗੁਰੂ ਗੋਬਿੰਦ ਸਿੰਘ ਜੀ ਦੇ ਬਾਗੀ ਹੋਣ ਦਾ ਇੱਕ ਦੋਸ਼ ਇਹ ਸੀ ਕਿ, ਉਹ, ਧੌਂਸਾ (ਨਗਾਰਾ) ਰਖਦੇ ਸਨ। ਜਦੋਂ ਕਿ ਧੌਂਸਾ ਤੇ ਨਿਸ਼ਾਨ ਜਿੰਨਾਂ ਨੂੰ ਸਰਕਾਰੀ ਤੌਰ ਤੇ ਬਖਸ਼ਿਆ ਜਾਵੇ ਉਸ ਬਿਨਾਂ ਕੋਈ ਹੋਰ ਰੱਖਣ ਦਾ ਅਧਿਕਾਰੀ ਨਹੀਂ ਸੀ। ਮਸਲਾ ਇਹੋ ਨਹੀਂ ਕਿ ਉਹ ਧੌਂਸਾ ਤੇ ਨਿਸ਼ਾਨ ਰਖਦੇ ਸਨ ਇਸ ਤੋਂ ਵੀ ਵੱਧ ਮੌਕੇ ਦੀ ਸਰਕਾਰ ਨੂੰ ਇਹ ਵੀ ਗਿੱਲਾ ਸੀ ਕਿ ਉਹ ਇੰਨ੍ਹਾਂ ਚੀਜ਼ਾਂ ਦੀ ਵਰਤੋਂ ਬਾਦਸ਼ਾਹਾਂ ਵਾਂਗ ਹੀ ਨਹੀਂ ਸਗੋਂ ਸੱਚੇ ਪਾਤਸ਼ਾਹ ਕਹਾ ਕੇ ਨਿਸੰਗਤਾ ਨਾਲ ਕਰਦੇ

Digitized by Panjab Digital Library | www.panjabdigilib.org

ਸਨ ! ਕਿਥੇ ਮੁਗਲੀਆ ਨੌਤੀ ਸਾਰੇ ਵੈਰੀਆਂ ਨੂੰ ਨਾਸ ਕਰਕੇ, ਦੋਖੀਆ ਨੂੰ ਕੁਚਲਕੇ, ਗੈਰ ਧਰਮ ਧਾਰਨੀਆਂ ਦਾ ਧਰਮ ਬਦਲ ਕੇ ਆਪਣੀ ਪ੍ਰਭੂਸੱਤਾ ਜਮਾਉਣ ਦੀ ਤੇ ਕਿਥੇ ਇਹ ਇਕ ਵਖਰੀ ਸਲਤਨਤ ਖੜੀ ਹੋਣ ਦਾ ਨਿਸ਼ਾਨ ਤੇ ਧੌਂਸੇ ਦੀ ਗੂੰਜ ਦਾ ਐਲਾਨ ? ਹਜੂਰੀ ਕਵੀ ਸੈਨਾਪਤ ਕਹਿੰਦਾ ਹੈ, ਉਨ੍ਹਾਂ ਦੇ ਧੌਂਸੇ ਉਤੇ ਜਦੋਂ ਡੰਕੇ ਦੀ ਚੋਟ ਘੋਰ ਧੁਨੀ ਘੁਤਰਾਉਂਦੀ ਸੀ, ਪਹਾੜੀ ਰਾਜੇ ਤਾਂ ਕੀ ਤਿੰਨ ਪੁਰੀਆਂ ਲਰਜ਼ ਉਠਦੀਆਂ ਸਨ :—

"ਡੰਕਣ ਘੋਰ ਸੁ ਘੋਰ ਭਈ ਸੁਨਿਕੇ ਪੁਰੀਆਂ ਸਭ ਹੀ ਲਰ ਜੀ,
ਸੁਨ ਸ਼ੇਸ਼ ਮਸੇਸ਼ ਸੁਰੇਸ਼ ਬਡੇ ਲਰਜੇ ਸਿੰਘ ਗੋਬਿੰਦ ਕੇ ਡਰ ਜੀ ।

ਇਕ ਡਰ ਤਾਂ ਉਸ ਧੌਂਸੇ ਦੀ ਧੁਨੀ ਤੇ ਸੁੰਞੀਆਂ ਪਹਾੜੀਆਂ ਵਿੱਚ ਦਿਲ ਦਹਿਲਾਊ ਧੁਨੀ ਦੇ ਗੂੰਜਣ ਕਾਰਨ ਸੀ ਦੂਜਾ ਡਰ ਹਿਤੈਸ਼ੀਆਂ ਨੂੰ ਇਹ ਵੀ ਸੀ ਕਿ, ਇਤਨੀ ਵਡੀ ਸਲਤਨੱਤ ਦਾ ਬਿਨਾ ਕਿਸੇ ਮਾਲ ਖਜ਼ਾਨੇ ਦੇ ਇਕੱਲੀ ਜਾਨ ਕਿਵੇਂ ਮੂੰਹ ਚਿੜ੍ਹਾ ਰਹੀ ਹੈ । ਮੁਗਲਾਂ ਦੇ ਜ਼ੁਲਮਾਂ ਦੇ ਛਾਏ ਹੋਏ ਸਹਿਮ ਵਿਚੋਂ ਸਦਭਾਵਨਾ ਵਾਲੇ ਵੀ ਏਹੋ ਆਖ ਸਕਦੇ ਸਨ । ਰੱਬ ਖੈਰ ਕਰੇ ?

ਹੰਸ ਰਾਮ ਅਨੰਦਪੁਰ ਦਾ ਇਕ ਪ੍ਰਮੁਖ ਕਵੀ ਉਨ੍ਹਾਂ ਦੇ ਦਲਾਂ ਦੀ ਚੜ੍ਹਤ ਬਿਆਨ ਕਰਦਾ ਆਖਦਾ ਹੈ : 'ਜਿਵੇਂ ਹਵਾ ਦੇ ਝੌਲੇ ਨਾਲ ਪੱਤੇ ਡੋਲਦੇ ਹਨ ਇਸ ਤਰ੍ਹਾਂ ਉਨ੍ਹਾਂ ਦੇ ਦਲਾਂ ਦੀ ਚੜ੍ਹਤ ਦੇਖਕੇ ਵੈਰੀਆਂ ਦੇ ਦਿਲ ਕੰਬਣ ਲਗ ਪੈਂਦੇ ਹਨ । ਇਉਂ ਜਾਪਦਾ ਹੈ ਮਾਨੋ ਧਰਤੀ ਧਸਣ ਲੱਗੀ ਹੈ । ਵੱਡੇ ਵੱਡੇ ਰਾਜੇ ਦਰਬਾਨਾਂ ਵਾਂਗ ਉਨ੍ਹਾਂ ਦੇ ਬੂਹੇ ਖੜੇ ਦੇਖੀ ਜਾਂਦੇ ਹਨ :—

ਡੁਲਤ ਅਪਰ ਕਰੇਸਪਤਿ ਹਥਹਿ ਜ਼ਿਮ ਹਲੈ :
ਕਹਿਹ ਹੰਸ ਰਾਮ ਸਤ ਸਿਮਰ ਕੈ ਸਕੁਚ ਰਹਿਤ ਦਿਗਪਾਲ ਤਬ,
ਧਸਮਸਤ ਧਰਨ ਦਲ ਭਾਰ ਤੇ ਸੁ ਚਰਾਏ ਗੋਬਿੰਦ ਜਬਿ ।

ਕਵੀ ਹੀਰ ਦਾ ਕਥਨ ਹੈ ਕਿ ਓਨ੍ਹਾਂ ਦੇ ਨਗਾਰਿਆਂ ਦੀ ਧੁਨੀ ਨਾਲ ਗੋਲਕੰਡਾਂ ਤੇ ਬੀਜਾਪੁਰ ਕੰਬ ਜਾਂਦਾ ਸੀ (ਔਰੰਗਜ਼ੇਬ ਅੰਤਲੇ ਦਿਨਾਂ ਵਿਚ ਇਨ੍ਹਾਂ ਥਾਵਾਂ ਦੇ ਵਿੱਚ ਵਿਚਾਲੇ ਹੀ ਦੱਖਣ ਵਿਚ ਨਿਵਾਸ ਰਖਦਾ ਸੀ) । ਉਨ੍ਹਾਂ ਦਾ ਦਬਦਬਾ ਐਸਾ ਛਾਇਆ ਹੋਇਆ ਸੀ ਕਿ ਚੜ੍ਹਤ ਦੀ ਖਬਰ ਸੁਣਕੇ ਹੀ ਵੈਰੀਆਂ ਦੀਆਂ ਇਸਤ੍ਰੀਆਂ, ਟੋਲੀਆਂ ਬਣਾ ਕੇ ਟੁਰਦੀਆਂ, ਨਸਦੀਆਂ ਤੇ ਫਿਰ ਥੱਕ ਕੇ, ਅਰਾਮ ਲਈ ਮੰਜੇ ਟੋਲਣ ਲਈ ਭੱਜੀਆਂ ਫਿਰਦੀਆਂ ਸਨ* । ਰਣਭੂਮੀ ਵਿਚ ਤਾਂ ਉਨ੍ਹਾਂ ਦੀਆਂ ਤਲਵਾਰਾਂ ਵੈਰੀਆਂ ਦੀਆਂ ਗਰਦਣਾਂ ਤੇ ਇਉਂ ਪੈਂਦੀਆਂ ਸਨ ਜਿਵੇਂ ਪਿਆਸੇ ਲੋਕ ਨਦੀ ਦੇ ਘਾਟ ਉਤੇ ਚਾਘੀਆਂ ਲਾਉਣ ਲਈ ਧੌਣਾਂ ਸੁਟੀ ਲੇਟੇ ਪਏ ਹੋਣ ।

ਸ੍ਰੀ ਗੁਰੂ ਗੋਬਿੰਦ ਸਿੰਘ ਰਣਭੂਮ ਕੋ ਮਚੱਯਾ 'ਹੀਰ'
ਲੋਟੂ ਕੀ ਲਲਕ ਘਾਟ ਘਾਟਨ ਕੀ ਭਭਕੈ ।

---

*ਕਲਨਹਿ ਪਰਤ ਬਿਕਲ ਦੇਸ ਬੰਗਲ ਕੋ ਪਲਕ ਨਾ ਲਾਗੈ ਪਲ ਰੂਮ ਸਾਮ ਸਾਮਨੀ ।
ਗੋਲ ਕੰਡ ਕੰਪਤਿ ਨਗਾਰਨਿ ਕੀ ਧੁਨਿ ਸੁਨਿ ਬੀਜਾਪੁਰ ਬਸਤ ਇੰਦਰ ਬਨ ਜਾਮਨੀ ।
ਅ ਸਮਾਨ ਦਹਿਲ, ਹਹਿਰ ਗਿਰਯੋ ਲੰਕ 'ਹੀਰ' ਦਰੀ ਮੈਂ ਦਬਤ ਫਿਰੈ ਦਸਨ ਜਿਉਂ ਦਾਮਨੀ
ਤੇਰੇ ਡਰ ਗੋਬਿੰਦ ਮ੍ਰਿਗਿੰਦ ਗੁਰੂ ਅਰਿਨਿ ਕੀ ਟੋਲਾ ਟੋਲ ਜਾਏ ਸੋਖ ਟੋਲਾ ਮਾਂਗੈ ਭਾਮਨੀ।

Digitized by Panjab Digital Library | www.panjabdigilib.org

ਇਕ ਅਗਲੇ ਛੰਦ ਵਿਚ ਆਖਦੇ ਹਨ, ਉਨ੍ਹਾਂ ਦੀ ਤਲਵਾਰ ਜਦੋਂ ਵੈਰੀਆਂ ਦੇ ਸਿਰ ਲਾਹ ਕੇ ਉਪਰ ਨੂੰ ਉਠਦੀ ਹੈ ਤਾਂ ਇਉਂ ਲਗਦਾ ਹੈ ਮਾਨੋ ਸੀਤਾ ਜੀ ਰਾਮ ਨੂੰ ਆਪਣੀ ਸਤ ਪ੍ਰੀਖਿਆ ਦੀ ਸੌਂਹ ਦੀ ਸੱਚ ਕਸਵੱਟੀ ਦਾ ਸਿੱਕਾ ਮਨਾਕੇ ਅਗਨੀ ਪ੍ਰੀਖਿਆ ਵਿਚੋਂ ਹੁਣੇ ਹੁਣੇ ਬਾਹਰ ਨਿਕਲੀ ਹੈ।

'ਰੁਧ੍ਰ ਕੇ ਕੁੰਡ ਨਿਕਸ ਕਾਲੀ ਕੁਲ ਠਢੀ ਉਪਮਾ ਬੜੀ ਹੈ
ਹੀਰ ਅਭਿਮਤਿ ਤੇ ਖੜੀ।
ਦਲ ਦਸਮਾਥ ਰਘੁਨਾਥ ਕੌਮਨਾਦਿਮਨ,
ਮਾਨੋ ਸੀਆ ਸੌਂਹ ਦੇ ਹੁਤਾਸਨ ਤੇ ਨਿਸਰੀ।'

ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਦੀ ਉਪਮਾ ਹਜ਼ੂਰੀ ਕਵੀਆਂ ਕਈ ਰੂਪਾਂ ਵਿਚ ਕੀਤੀ ਹੈ :—

ਇਕ ਕਵੀ ਕਹਿੰਦਾ ਹੈ, 'ਗੁਰੂ ਜੀ! ਤੁਹਾਡੀ ਤੇਗ ਦਾ ਡਰ ਅਤੇ ਜਸ ਇਤਨੇ ਜਗਮਗਾਉਂਦੇ ਹਨ ਕਿ ਉਨ੍ਹਾਂ ਸਾਹਮਣੇ ਸੁਮੇਰ ਦੀ ਸ਼ੋਭਾ ਵੀ ਕੁਝ ਵੀ ਨਹੀਂ ਰਹੀ ਕਿਉਂਕਿ ਉਹ ਸਾਂਤ ਰਸ ਦੇ ਸਮੁੰਦਰ, ਤੇ ਰਣ ਵਿਚ ਧੀਰਜ ਨਾਲ ਲੜਨ ਵਾਲੇ ਅਜੇਹੇ ਬੀਰ ਯੋਧੇ ਦੇ ਹੱਥ ਵਿਚ ਹੈ ਜੋ ਨਾਲ ਨਾਲ ਦਾਨ ਬੀਰ ਵੀ ਅਜੇਹੇ ਹਨ ਕਿ, ਕਬੇਰ ਨੂੰ ਉਨ੍ਹਾਂ ਦੀ ਦਾਨ ਦੇਣ ਦੀ ਉਦਾਰਤਾ ਦੇਖ ਕੇ ਲੱਜਾ ਆਉਂਦੀ ਹੈ। ਉਨ੍ਹਾਂ ਦਾ ਤੇਜ ਪ੍ਰਤਾਪ, ਜੋ ਸੂਰਜ ਤੱਕ ਤੱਪ ਰਿਹਾ ਹੈ ਜਿਨ੍ਹਾਂ ਦੀ ਤਲਵਾਰ ਦੀ ਜਿਤ ਦੀ ਧੁੰਮ ਜ਼ਿਮੀਂ ਦੇ ਧੁਰ ਥੱਲੇ ਤਕ ਫੈਲੀ ਹੋਈ ਹੈ, ਕੋਈ ਹੈ ਐਸਾ ਕਵੀ ਜੋ ਉਨ੍ਹਾਂ ਦੇ ਤੇਜ ਦਾ ਵਰਨਣ ਕਰ ਸਕੇ ?

ਜਦੋਂ ਉਹ ਰੋਹ ਵਿਚ ਆ ਕੇ ਰਣ ਵਿਚ ਉਤਰਦੇ ਹਨ, ਖਲ-ਮੂਰਖਾਂ (ਪਹਾੜੀ ਰਾਜਿਆਂ) ਦੇ ਕਟਕਾਂ ਨੂੰ ਕੁੱਟ ਕੱਢਦੇ ਹਨ, ਦੁਰਜਨਾਂ (ਵੈਰੀਆਂ-ਮੁਗਲਾਂ) ਨੂੰ ਦਰੜ ਕੇ ਯੁੱਧ ਜਿਤਦੇ ਹੋਏ ਉਨ੍ਹਾਂ ਦੀ ਰਣ ਭੂਮੀ ਆਪਣੇ ਜ਼ੋਰ ਨਾਲ ਜੇਰੇ ਕਰ ਲੈਂਦੇ ਹਨ, ਅਜੇਹੇ ਗੁਰੂ ਗੋਬਿੰਦ ਸਿੰਘ ਦੀ ਤੇਗ ਜ਼ਾਲਮਾਂ ਨੂੰ ਤ੍ਰਾਸ, ਤੇ ਦੂਜਿਆਂ ਲਈ ਜਸ ਦਾ ਕਾਰਨ ਕਿਵੇਂ ਨਾ ਬਣੇ ?

ਸੀ ਤਰਸ ਸਾਇਰ ਰਜੀਤੋ ਰਣ ਰੰਗ ਧਾਰ,
ਜੰਗ ਜੁਰੇ ਜੈਤਵਾਰ ਕਰਨੀ ਕਰੇਰ ਕੀ।
ਕਹੈ ਕਬਿ ਕੌਨ ਤੇਜ ਧਰਤ ਲੌ ਤਪੈ,
ਤੁ ਅੰਗ ਪਾਰਾਵਾਰ ਪੱਗ ਫੈਲੀ ਜੀਤ ਸਮਸ਼ੇਰ ਕੀ।
ਕਰ ਰਣ ਕੋਸ, ਖਲ ਖੰਡਨ ਕਟਕ ਕੂਟ,
ਦੂਰਨ ਦਰੇਰ ਜਗਜੀਤ ਜਿਮੀ ਜੇਰ ਕੀ!
ਤੇਗ ਤ੍ਰਾਸ ਸਾਚੋ ਗੁਰ ਗੋਬਿੰਦ ਜੂ ਤੇਰੋ ਜਸ
ਜਗਰ ਮਗਰ ਭਏ ਸੋਭਾ ਗਈ ਮੇਰੂ ਕੀ।

ਕਵੀ ਹੀਰ ਉਨ੍ਹਾਂ ਦੀ ਤਲਵਾਰ ਉਤੇ ਹੱਥ ਲਿਆਉਣ ਲਈ ਉਨੀ ਸੋਚ ਦੇ ਸੂਖਮ ਭਾਵ ਤੋਂ ਜਿਸ ਤਰ੍ਹਾਂ ਦੀ ਹਲਚਲ ਮਚ ਜਾਣ ਦਾ ਵਰਨਣ ਕਰਦਾ ਹੈ, ਉਸ ਬਾਰੇ ਅਨੰਦਪੁਰੀ ਸਾਹਿਤ ਦੇ ਇਕ ਹੋਰਵੇਂ ਸੁੰਦਰ ਕਵੀ ਦਾ ਕਥਨ ਹੈ।

Digitized by Panjab Digital Library | www.panjabdigilib.org

ਏਨੀ ਕੁ ਹਰਕਤ ਨਾਲ ਵੈਰੀ ਦਲਾਂ ਦੀਆਂ ਚਤਰੰਗਨੀਆਂ ਸੈਨਾ ਨੂੰ ਵੀ ਆਪਣਾ ਆਪ ਸੰਭਾਲਣਾ ਸੰਭਵ ਨਹੀਂ ਰਹਿੰਦਾ। ਕਵੀ ਅੱਖ ਨੂੰ ਅਜੀਬੋ ਗਰੀਬ ਹਾਦਸੇ ਵਰਤਦੇ ਦਿਸਦੇ ਹਨ। ਖੰਡਾਂ-ਬ੍ਰਹਿਮੰਡਾਂ ਵਿਚ ਹਿਲ ਜੁਲ ਮਚ ਜਾਂਦੀ ਹੈ, ਪਾਰਬਤੀ ਗਣੇਸ ਨੂੰ ਝਟਾਪੱਟ ਗੋਦੀ ਵਿੱਚ ਲੁਕਾ ਰਹੀ ਹੈ, ਸ਼ਿਵ ਦਬਾਦਬ ਵਿਭੂਤੀ ਮਲੀ ਜਾ ਰਿਹਾ ਹੈ, ਵੱਡੇ ਵੱਡੇ ਸ਼ਹਿਰਾਂ ਦੇ ਦਰਵਾਜ਼ੇ ਬੰਦ ਹੋ ਰਹੇ ਹਨ, ਦਰਬਾਨ ਸ਼ੋਰ ਪਾ ਰਹੇ ਹਨ, ਰਾਜਿਆਂ ਦੇ ਮਨ ਡੋਲਣ ਲੱਗ ਪਏ ਹਨ ਹਾਥੀ, ਮਹਾਵਤਾਂ ਤੋਂ ਬੇਕਾਬੂ ਹੋ ਕੇ ਨੱਸ ਰਹੇ ਹਨ ਗੱਲ ਕੀ ਹੈ ? ਇਹੋ ਕਿ ਗੁਰੂ ਗੋਬਿੰਦ ਸਿੰਘ ਜੀ ਨੇ ਆਪਣਾ ਹੱਥ ਤਲਵਾਰ ਤੇ ਲਿਆਉਣ ਲਈ ਖਿਆਲ ਬਣਾ ਲਿਆ ਹੈ।

**ਗੌਰਿ ਦੁਰਾਵਤਿ ਗੋਦ ਗਣੇਸਹਿ ਅੰਗ ਬਿਭੂਤ ਮਹੇਸ ਮਲੇ ਨਿਤ।**
**ਸ਼ੋਰ ਪਰੈ ਦਿਗ ਪਾਲਨ ਕੇ, ਭਾਵ ਪਾਲਨ ਕੇ ਮਨ ਮਾਹਿੰ ਨਹੀਂ ਥਿਤ।**
**ਦ੍ਵਾਰ ਮੁੰਦੇ ਪੁਰ ਸਤ੍ਰਨ ਕੇ ਗੁਰੂ ਗੋਬਿੰਦ ਖਯਾਲ ਹੀ ਗਹੈ ਇਤ।**
**ਹਾਥੀ ਨਾ ਸਾਥੀ ਸੰਭਾਰ ਸਕੈ ਕੋਊ ਦਾਲ ਪਰੈ ਚਤਰੰਗ ਚਮੂੰ ਚਿਤ।**

ਜਦੋਂ ਇਹ ਖਿਆਲ ਅਮਲੀ ਰੂਪ ਧਾਰਨ ਕਰਦਾ ਸੀ;

**ਕਰ ਗਹਿ ਕ੍ਰਿਪਾਣ ਗੋਬਿੰਦ ਗੁਰੂ ਜਬ ਸਲੋਹ ਪਖਰ ਸਜਿਤ।**
**ਕਲਮਲਤ ਹਰਤਿਪੁਰ ਚਕਵੈ, ਸੁਘਰਨ ਛਾਡ ਘਰ ਦੇ ਭਜਤ।**

ਸ਼ਸਤ੍ਰ ਧਾਰਨ ਕਰਕੇ ਹੱਥ ਵਿਚ ਕਿਰਪਾਨ ਲੈਕੇ ਗੁਰੂ ਜੀ ਘੋੜੇ ਦੇ ਪਾਖਰ (ਕਾਠੀ) ਉਤੇ ਸਜਦੇ ਸਨ, ਉਦੋਂ ਚਕ੍ਰਵਰਤੀ ਬਣਨ ਦੇ ਫੁਰਨੇ ਲੈਣ ਵਾਲੇ ਰਾਜੇ, ਏਸ ਡਰੋਂ ਕਿ ਸਾਡੇ-'ਪੁਰ'-ਸ਼ਹਿਰ ਹੁਣ ਜ਼ਰੂਰ ਹਰੇ ਜਾਣੇ ਹਨ ਆਪਣੀਆਂ ਪ੍ਰਿਯ ਰਾਣੀਆਂ ਨੂੰ ਘਰਾਂ ਵਿਚ ਛੱਡ ਕੇ ਹੀ ਨਸ ਟੁਰਦੇ ਸਨ।

ਗੁਰੂ ਜੀ ਦੇ ਹੱਥ ਕ੍ਰਿਪਾਨ ਆਈ ਦੇਖ ਕੇ ਨਾਰਦ ਦੀ ਵਹੁਟੀ 'ਕਲਹਿ' ਦੇ ਘਰ ਵਧਾਈਆਂ ਦੇ ਸਦਿਆਨੇ ਬਜ ਪੈਂਦੇ ਹਨ, ਹੂਰਾਂ ਨੂੰ ਖੁਸ਼ੀ ਹੁੰਦੀ ਕਿ ਹੁਣ ਸਾਨੂੰ ਮਨ ਚਾਹੇ ਸੂਰਮੇ ਬਰ ਮਿਲਣਗੇ, ਜੋਗਨੀਆਂ ਨੂੰ ਆਪਣੀ ਸੈਨਾ ਰੱਜ ਜਾਣ ਦੀ ਘੜੀ ਨੇੜੇ ਆਉਣ ਦੀ ਪ੍ਰਸੰਨਤਾ ਹੁੰਦੀ ਹੈ। ਸਾਰੇ ਗਿਦੜ ਇਕ ਜ਼ਬਾਨ ਹੋ ਕੇ ਅਸੀਸਾਂ ਦੇ ਅਲਾਪ ਛੇੜ ਦਿੰਦੇ ਹਨ, ਗਿਲਝਾਂ ਨਾਲ ਰਣ ਭੂੰਮੀ ਸੁਹਾਉਣ ਲਗ ਪੈਂਦੀ ਹੈ, ਦੁਖ ਹੁੰਦਾ ਹੈ ਤਾਂ ਕੇਵਲ ਵੈਰੀਆਂ ਦੀਆਂ ਇਸਤ੍ਰੀਆਂ ਨੂੰ ਜਿੰਨ੍ਹਾਂ ਦੇ ਸੁਹਾਗ ਭਾਗ ਮਿੱਟੀ ਵਿਚ ਰੁਲਣ ਵਾਲੇ ਹੁੰਦੇ ਹਨ।

**ਹੂਰਨ ਕੋ ਨਰ ਸੂਰ ਮਿਲੇ ਬਰ, ਚੋਸਠ ਜੋਗਨ ਸੈਨ ਅਘਾਈ।**
**ਦੇਤ ਅਸੀਸ ਸਭੈ ਮਿਲੀ ਜੰਬੁਕ ਗੀਧਨ ਤੇ ਰਣ ਭੂਮਿ ਸੁਹਾਈ।**
**ਛਾਡ ਸੁਹਾਗ ਲੀਏ ਵਿਧਵਾ ਇਕ ਬੈਰਨ ਕੀ ਤੀਯ ਕੋ ਦੁਖਦਾਈ।**
**ਖਗ ਗਹੇ ਗੁਰ ਗੋਬਿੰਦ ਕੇ ਕਰ, ਨਾਰਦ ਕੇ ਘਰ ਹੋਤ ਵਧਾਈ।**

ਕਵੀ ਹੰਸ ਰਾਮ ਗੁਰੂ ਗੋਬਿੰਦ ਸਿੰਘ ਜੀ ਦੀ ਤਲਵਾਰ ਨੂੰ ਕਲਪ ਬ੍ਰਿਛ ਦੀ ਉਪਮਾ ਦਿੰਦਾ ਹੈ। ਉਸ ਕਲਪ ਬ੍ਰਿਛ ਦੀ ਜਿਸ ਬਾਰੇ ਕਿਹਾ ਜਾਂਦਾ ਹੈ ਕਿ ਦੇਵ ਲੋਕ ਵਿਚ ਇਹ ਇਕ ਬ੍ਰਿਛ ਅਨੇਕਾਂ ਫਲਾਂ ਦਾ ਦਾਤਾ ਹੈ। ਤਲਵਾਰ ਜੋ ਸਿਰ ਨੂੰ ਧੜ ਨਾਲੋਂ ਵੱਖ ਕਰ ਸੁੱਟਦੀ ਹੈ ਸਰੀਰ ਦੇ ਟੁਕੜੇ ਟੁਕੜੇ ਕਰ ਦਿੰਦੀ ਹੈ, ਇਹ ਕਲਪ ਬ੍ਰਿਛ ਕਿਵੇਂ ਹੋਈ ? ਅਖੇ ? ਇਹ ਵੀ ਕੋਈ ਗੁੱਝੀ ਛਿਪੀ

Digitized by Panjab Digital Library | www.panjabdigilib.org

ਗੱਲ ਹੈ, ਸਾਰਾ ਜਹਾਨ ਜਾਣਦਾ ਹੈ, ਵਈ ਗੁਰੂ ਜੀ ਦੀ ਤਲਵਾਰ ਸੂਰਮਿਆਂ ਦੀ ਅਤਿਅੰਤ ਦਰਜੇ ਦੀ ਪੱਤ ਰਖਣ ਵਾਲੀ ਹੈ। ਏਹੋ ਹੀ ਤਾਂ ਦੁਸਟਾਂ ਉਤੇ ਜਿੱਤ ਦਾ ਫਲ ਦਿੰਦੀ ਹੈ। ਜਿਨ੍ਹਾਂ ਦੁਸਟ ਲੋਕਾਂ ਦੇ ਮਨਾਂ ਵਿਚ ਪਰਾਏ ਹਰਦਿਆਂ ਦੀ ਸ਼ਾਂਤੀ ਭੰਗ ਕਰਨ ਦੀਆਂ ਕਾਮਨਾਂ ਉਠਦੀਆਂ ਹੋਣ ਉਨ੍ਹਾਂ ਨੂੰ ਇਹ ਓਥੇ ਹੀ ਥੰਮ ਦਿੰਦੀ ਹੈ ਤੇ ਪਨਾਹ ਲੈਣ ਵਾਲਿਆਂ ਨੂੰ ਪ੍ਰੀਤ ਫਲ ਦਿੰਦੀ ਹੈ।

ਯੁੱਧ ਭੂਮੀ ਵਿੱਚ ਖੂਨ ਪੀਣ ਵਾਲੀਆਂ ਜੋਗਣੀਆਂ ਲਈ ਤਾਂ ਮਾਨ ਇਹ ਜੀਵਨ ਫਲ ਦਾਤਾ ਹੈ ਹੀ, ਤੇ ਭੂਤਾਂ ਲਈ ਸੰਜੀਵਨੀ। ਮਲੀਨ ਮਨੁੱਖਾਂ ਨੂੰ ਹੀਣਤਾ ਤੋਂ ਪੁਨੀਤਾ ਦੇ ਵਾਧੇ ਦਾ ਕੰਮ ਕਰਦੀ ਹੈ; ਕਵੀ ਹੰਸ ਰਾਮ ਕਹਿੰਦਾ ਹੈ ਕੀ ਇਹ ਗੱਲ ਕਲਪ ਬ੍ਰਿਛ ਦੀ ਫਲਦਾਕਿ ਰੀਤੀ ਵਾਲੇ ਲੱਛਣ ਆਪ ਜੀ ਦੀ ਤਲਵਾਰ ਪਰਤੀ ਨਹੀਂ ਘਟਦੇ ?

ਸੂਰਨ ਕੀ ਪਤਿ ਮਾਤਿ ਜਾਨਤਿ ਜਹਾਨ ਜਾਕੋ
ਫਲ ਦੇਤ ਸਦਾ ਅਰਿਪਰਿ ਜੀਤ ਹੈ।
ਪੂਰ ਜੇ ਹਰੀ ਕੇ ਹਿ ਏ ਕਾਮਨਾ ਥਮਨ ਜਾਂਤੇ
ਹੰਸ ਰਾਮ ਕਹੇ ਸਦਾ ਪਾਨਿਪ ਪ੍ਰੀਤ ਹੈ।
ਜੋਗਨ ਕੀ ਜੀਵਨ ਸੰਜੀਵਨ ਹੈ ਭੂਤਨ ਕੀ
ਮੂਤਨ ਸੋ ਮੀਣ ਨਿਤ ਬਾਛਿਤ ਪੁਨੀਤ ਹੈ।
ਪ੍ਰਬਲ ਪ੍ਰਤਾਪੀ ਪਾਤਸ਼ਾਹ ਗੁਰੂ ਗੋਬਿੰਦ ਸਿੰਘ
ਤੇਰੀ ਤਲਵਾਰ ਕਾਮ ਤਰੂ ਕੀਸੀ ਰੀਤ ਹੈ।

× × ×

ਗੁਰੂ ਗੋਬਿੰਦ ਸਿੰਘ ਜੀ ਕੇਵਲ ਜੁਧ ਖੇਤਰ ਦੇ ਕਰਮ ਬੀਰ ਹੀ ਨਹੀਂ ਸਨ; ਉਨ੍ਹਾਂ ਦੀ ਦੇਣ ਮਨੁੱਖੀ ਚਰਿੱਤ੍ਰ ਨੂੰ ਚੜ੍ਹਦੀ ਕਲਾ ਬਨਾਉਣ ਦੇ ਖੇਤਰ ਵਿੱਚ ਹੀ ਦੇਣ ਅਮਰ ਨਹੀਂ; ਉਨ੍ਹਾਂ ਦੀ ਕਦਰਦਾਨੀ ਦੀ ਸੂਝ ਵੀ ਮਹਾਨ ਹੈ। ਉਨ੍ਹਾਂ ਦੇ ਦਾਨਤ ਰ ਦੇ ਤੌਰ ਤੇ ਕਾਇਮ ਕੀਤੇ ਟੀਕੇ ਹਜ਼ਾਰਾਂ ਤੋਂ ਲੱਖਾਂ ਤੱਕ ਦੇ ਕਵੀਆਂ ਨੂੰ ਬਖਸ਼ੇ ਇਨਾਮ; ਮੁਲਕਾਂ ਦੇ ਮਿਲਖਾਂ ਦੇ ਵਾਲੀਆਂ ਮਹਾਨ ਸਮਰਾਟਾਂ ਨੂੰ ਮਾਤ ਪਾਉਣ ਵਾਲੇ ਹਨ।

ਗੁਰੂ ਗੋਬਿੰਦ ਸਿੰਘ ਜੀ ਕਿਸੇ ਮਾਲ ਧਨ ਦੇ ਵਾਰਸ ਨਹੀਂ ਸਨ। ਓਨ੍ਹਾਂ ਨੂੰ ਵਿਰਸੇ ਵਿਚ ਜੋ ਕੁਝ ਮਿਲਿਆ ਸੀ ਉਹ ਸੀ ਆਪਣੇ ਪਿਤਾ ਦਾ ਧੜ ਰਹਿਤ ਸਿਰ। ਜਾਂ ਅਨੰਦਪੁਰ ਦੇ ਸਿਰ ਲੁਕਾਉਣ ਜੋਗੇ ਦੋ ਚਾਰ ਕੋਠੇ। ਮੁਲਖ ਤੇ ਧਨ ਦੌਲਤ ਇਕਠੀ ਕਰਨੀ ਉਨ੍ਹਾਂ ਦੀ ਮਨਸ਼ਾ ਨਹੀਂ ਸੀ, ਨਾ ਹੀ ਇਸ ਲਈ ਉਨ੍ਹਾਂ ਕੋਈ ਸਾਧਨ ਬਣਾਉਣ ਦਾ ਯਤਨ ਕੀਤਾ। ਉਹ ਇਕ ਫਕੀਰਾਂ ਦੀ ਗੱਦੀ ਦੇ ਵਾਰਸ ਦਰਵੇਸ਼ ਸਨ, ਗੱਦੀ ਵੀ ਉਸ ਦੇ, ਜਿਸ ਦੀ ਚੜ੍ਹਤ ਭੇਟ ਦੀਆਂ ਕੁਝ, ਵੰਡੀਆਂ ਪ੍ਰਿਥੀਚੰਦੀਏ, ਧੀਰਮਲੀਏ, ਰਾਮਰਾਈਏ, ਆਦਿਕ ਪਹਿਲਾਂ ਹੀ ਪਾਈ ਬੈਠੇ ਸਨ, ਅਜ ਤੱਕ ਜਿਨ੍ਹਾਂ ਦੇ ਪ੍ਰੀਵਾਰ ਦੀ ਇਹੋ ਪਿਰਤ ਉਪਜੀਵਕਾ ਦਾ ਮੁੱਖ ਸਾਧਨ ਰਹੀ ਹੈ। ਸੁਖ-ਰਹਿਣੀ ਸਿਖੀ ਦੇ ਧਾਰਨੀ ਅੱਜ ਕੱਲ ਵੀ ਦੰਭੀ ਲੋਕਾਂ ਦੇ ਸਿਖ ਕੋਈ ਘੱਟ ਨਹੀਂ, ਗੁਰੂ ਗੋਬਿੰਦ ਸਿੰਘ ਜੀ ਦੀ ਸਿੱਖੀ ਤੱਤਾ ਲੋਹਾ ਤਾ ਕੇ ਜੀਭ ਨਾਲ ਚੱਟਣ ਵਾਲਿਆਂ ਤੱਤ ਖਾਲਸਿਆਂ ਦੀ ਸਿੱਖੀ ਸੀ, ਜਿੰਨ੍ਹਾਂ ਨੇ ਸਿਰ ਤਲੀ ਤੇ ਧਰਕੇ ਟੁਰਨਾ ਮਾਂਡਿਆ ਹੋਇਆ ਸੀ? ਅਜੇਹੇ ਸਿਖ ਵਿਰਲੇ ਹੋਣੇ ਹੀ ਸੰਭਵ ਸਨ—'ਹੋਣ

Digitized by Panjab Digital Library | www.panjabdigilib.org

ਵਿਰਲੇ ਨਾਹੀਂ ਘਣੇ ਫੈਲ ਫਕੜ ਸੰਸਾਰ ।'—ਪਰ ਉਨ੍ਹਾਂ ਵਿਰਲਿਆਂ ਦੇ ਵੀ ਜੋ ਛੋਟੇ ਮੋਟੇ ਜੱਥੇ ਤਿਆਰ ਹੋਏ ਉਨ੍ਹਾਂ ਤਨ ਮਨ ਧਨ ਗੁਰੂ ਕੇ ਹਵਾਲੇ ਕਰ ਰਖਿਆ ਸੀ। ਕਿਉਂਕਿ ਗੁਰੂ ਜੀ ਵਲੋਂ ਆਪਣਾ ਤਨ ਮਨ ਉਨ੍ਹਾਂ ਦੇ ਜਾਂ ਉਨ੍ਹਾਂ ਜਹੇ ਹੋਰ ਲੋਕਾਂ ਲਈ ਖੰਨੀਏ ਕਰ ਕਰ ਕੇ ਨਿੱਤ ਇਸ ਸੇਵਾ ਯਗ ਉਤੇ ਵਾਰਨੇ ਕਰਨ ਦੀ ਕੁਰਬਾਨੀ ਖਿਨ ਖਿਨ ਸਾਹਮਣੇ ਆਉਂਦੀ ਸੀ। ਇਸ ਲਈ ਸ਼ਰਧਾ ਭਾਵਨੀ ਦੀ ਵੇਲ ਇਕ ਪਾਸੇ ਵੈਰੀ ਦਲਾਂ ਦੇ ਟਾਕਰੇ ਲਈ ਨਿੱਤ ਵਾਧੇ ਤੇ ਹੀ ਰਹੀ। ਸੈ ਾ ਤੇ ਸਮਿਆਨ ਸਿਰਜਣ ਦੀ ਲੋੜ ਨਿਤ ਦੂਣਾ ਚੌਗਣਾ ਮੂੰਹ ਅੱਡ ਕੇ ਸਾਹਮਣੇ ਆਉਂਦੀ ਸੀ, ਯੁਧ ਸਮੱਗਰੀ ਤੋਂ ਵੱ ਸੰਗਤਾਂ ਦੇ ਲੰਗਰ ਤੇ ਹੋਰ ਹਰ ਤਰ੍ਹਾਂ ਦੇ ਖਰਚਾਂ ਦਾ ਭਾਰੀ ਬੋਝ ਸੀ। ਉਨ੍ਹਾਂ ਸ੍ਵੈ ਰਖਿਆ ਲਈ ਕਿਲੇ ਵੀ ਕੋਈ ਘੱਟ ਮ ਾਨ ਨਹੀਂ ਬਣਾਏ, ਹੈਰਾਨੀ ਹੁੰਦੀ ਹੈ ਅਜੇਹੇ ਬਿਖੜੇ ਸਮੇਂ ਉਹ ਕਿਸ ਤਰ੍ਹਾਂ ਹਜ਼ਾਰਾਂ ਲੱਖਾਂ ਦੇ ਇਨਾਮ ਕਵੀ ਜਨਾਂ ਨੂੰ ਬਖਸ਼ਦ ਰਹੇ ? ਨਵ-ਸਮਾਜ ਨੂੰ ਹਰ ਤਰ੍ਹਾਂ ਤਿਆਰ ਬਰਤਿਆਰ ਕਰਨ ਦੀ ਲੋੜ ਪੂਰਤੀ ? ਜੇ ਉਨ੍ਹਾਂ ਦੀ ਕਾਵਿ ਵਿਲਾਸਤਾ ਮੰਨੀਏ ਤਾਂ ਇਹ ਵੀ ਇਕ ਅਜੇਹੇ ਭੀਹਾਵਲੇ ਸਮੇਂ ਬੇਪ੍ਰਵਾਹੀ ਦੀ ਰੱਬੀ ਮੌਜ ਦਾ ਉਛਾਲਾ ਸੀ, ਪਰ ਏਥੇ ਇ ਸਪੱਸ਼ਟ ਹੈ ਕਿ ਉਨ੍ਹਾਂ ਦਾ ਸਾਹਿੱਤ ਬੁਧੀ ਬਲ ਨੂੰ ਬਲਕਾਰੀ ਬਨਾਉਣ ਲਈ ਯੁੱਧ ਸਮੱਗਰੀ ਨਾਲੋਂ ਵੱ ਲੋੜੀਂਦਾ ਸੀ। ਸਭ ਗੱਲਾਂ ਇਕ ਪਾਸੇ ਰਖਕੇ ਅਜੇਹੇ ਸਮੇਂ ਚੋਣਵੇਂ ਵਿਦਵਾਨਾਂ ਨੂੰ ਪਨਾਹ ਦੇਣੀ, ਉਨ੍ਹਾਂ ਦੀਆਂ ਰਚਨਾਵਾਂ ਦਾ ਮੁਲ-ਅੰਕਣ ਕਰਨਾ ਸਧਾਰਨ ਗੱਲ ਹੀ ਨਹੀਂ ? ਪਰ ਏਥੇ ਤਾਂ ਭਾਰਤ ਦੇ ਚੋਣਵੇਂ ਵਿਦਵਾਨਾਂ ਦੇ ਇਕਠ ਨੇ ਮਹਾਉਲ ਹੀ ਅਨੁਭਵੀ ਕਿਸਮ ਦਾ ਰੱਚ ਲਿਆ ਸੀ।

ਇਹ ਅਨੰਦਪੁਰ ਦਾ ਅਨੰਦੀ ਰਹੱਸ ਹੈ। ਜਿਸ ਸਾਹਿਤ ਵਲੋਂ ਬੇ ਪ੍ਰਵਾਹ ਹੋ ਕੇ ਅਸੀਂ ਪਤਾ ਨਹੀਂ ਉਸ ਨੂੰ ਕਿਨ੍ਹਾਂ ਲਈ ਤਿਆਰ ਕਰਾਇਆ ਸਮਝ ਰੱਖਿਆ ਹੈ ? ਇਹ ਸਹਿੱਤ ਅਸਾਂ ਬਲਹੀਨਾਂ ਨੂੰ ਬਲਕਾਰੀ ਬਣਾਓਣ ਲਈ ਸੀ ਜਿਸ ਉਤੋਂ ਉਨ੍ਹਾਂ ਹੋਰ ਖਰਚਾਂ ਦੀਆਂ ਅਣਿਅੰਤ ਲੋੜਾਂ ਵਿਚ ਦੀ ਲੋਕਾਂ ਦੀ ਥੋੜੀ ਥੋੜੀ ਕਰਕੇ ਦਿਤੀ ਮਾਇਆ ਨੂੰ ਇਸ ਪਾਸੇ ਬਹੁਤੀ ਬਹੁਤੀ ਖਰਚ ਕੇ ਸੁਭਾਗੀ ਬਣਾਇਆ ।

ਉਨ੍ਹਾਂ ਵਲੋਂ ਦਿਤੇ ਗਏ ਦਾਨ ਦੇ ਵੇਰਵਿਆਂ ਦਾ ਸਾਡੇ ਪਾਸ ਕੋਈ ਵਹੀ ਖਾਤਾ ਨਹੀਂ। ਉਨ੍ਹਾਂ ਦੇ ਕਵੀਆਂ ਦੀਆਂ ਜਿੰਨੀਆਂ ਕੁ ਥੋੜੀਆਂ ਜਿਹੀਆਂ ਰਚਨਾ ਮਿਲੀਆਂ ਹਨ ਜੇ ਉਨ੍ਹਾਂ ਵਿਚੋਂ ਗੁਰੂ ਜੀ ਵਲੋਂ ਦਿਤੇ ਦਾਨ ਦੇ ਜ਼ਿਕਰ ਜ਼ਿਕਾਰ ਵਾਲੀਆਂ ਇਕ ਥਾਂ ਇਕਠੀਆਂ ਕਰ ਦਿਤੀਆਂ ਜਾਣ ਤਾਂ ਇਹ ਇਕ ਦਾਨ ਉਸਤੋਤ੍ਰ ਗ੍ਰੰਥ ਬਣ ਜਾਣ ਜੋਗੀਆਂ ਹਨ। ਉਨ੍ਹਾਂ ਦੇ ਦਰਬਾਰ ਦੇ ਬੁੱਧ ਪ੍ਰਕਾਸੀ ਕਵੀਆਂ ਦੇ ਮਿਠੇ ਵਾਕਾਂ ਨੂੰ ਗੁਰੂ ਸ਼ਰਧਾ ਦਾ ਪਾਹ ਦੇ ਕੇ ਜਿਸ ਭਾਂਤ ਦੇ ਕਾਵਯ ਰੰਗਣ ਵਿੱਚ ਰੰਗਣ ਦਾ ਸਮਾਂ ਮਿਲਿਆ ਅਜੇਹਾ ਦੂਹਰਾ ਲਾਭ ਕਿਸੇ ਹੋਰ ਦਰਬਾਰ ਦੇ ਕਵੀਆਂ ਨੂੰ ਨਸੀਬ ਨਹੀਂ ਹੋਇਆ। ਹੋਰ ਰਾਜ ਦਰਬਾਰਾਂ ਦੇ ਰਾਜ ਕਵੀਆਂ ਵਲੋਂ ਕੀਤੀ ਉਪਮਾ ਖੁਸ਼ਾਮਦ ਦੀ ਦਿੜਾਉਣੀ ਤੇ ਖਰਵੀ ਸੁਰ ਬਣ ਜਾਣ ਕਰਕੇ ਕੰਨਾਂ ਨੂੰ ਰੜਕਵੀ ਲਗਦੀ ਹੈ, ਗੁਰੂ ਜੀ ਦੇ ਦਰਬਾਰੀ ਕਵੀ ਜੇ ਅਤਿ ਕਥਨੀ ਤਕ ਵੀ ਪੁੱਜ ਜਾਣ ਤਾਂ ਵੀ ਗੁਰੂ ਸ਼ਰਧਾ ਉਸ ਦੀ ਲਯ ਇਤਨੀ ਕੋਮਲ ਤੇ ਤੇਜ ਰਖਦੀ ਹੈ ਕਿ ਉਹ ਬਿਨਾਂ ਕਿਸੇ ਬੋਝ ਦੇ ਧੁਰ ਆਤਮਾ ਤੱਕ ਲਹਿੰਦੀ ਜਾਂਦੀ ਹੈ।

ਉਨ੍ਹਾਂ ਦੇ ਦਾਨ ਬਾਰੇ ਕਵੀ ਕਵੀਆਂ ਦੀਆਂ ਮੂੰਹੋਂ ਬੋਲਦੀਆਂ ਗਵਾਹੀਆਂ ਬੜੇ ਅਚਰਜ

Digitized by Panjab Digital Library | www.panjabdigilib.org

ਰੰਗਦੀਆਂ ਹਨ :—

ਇਕ ਕਵੀ ਆਖਦਾ ਹੈ। ਗੁਰੂ ਜੀ ਤੁਹਾਡੇ ਬਖਸ਼ੇ ਘੋੜੇ ਐਸੀ ਅਸਵਾਰੀ ਦੇਣ ਵਾਲੇ ਹਨ ਕਿ ਉਹੋ ਜਿਹੇ ਇੰਦਰ ਕੋਲ ਵੀ ਨਹੀਂ :

**ਬਖਸ਼ੇ ਤਿਹਾਰੇ ਗੁਰੂ ਗੋਬਿੰਦ ਜੀ ਐਸੇ 'ਹਯ'**
**ਬਿਰਥ ਹੈ ਨ ਜਾਇ ਪਾਇ ਗਏ ਪਰਹੂਤ ਕੇ।**

ਗੁਰੂ ਜੀ ਆਪਣੇ ਕਵੀਆਂ ਨੂੰ ਕਿਹੋ ਜਿਹਾ ਦਾਨ ਦਿੰਦੇ ਸਨ ? ਕਵੀ ਹੰਸ ਰਾਮ ਨੇ ਇਸਦਾ ਇਕ ਅਦਭੁਤ ਨਜ਼ਾਰਾ ਬੰਨ੍ਹਦਿਆਂ ਇਉਂ ਲਿਖਿਆ ਹੈ।

ਸੁਣੋ ! ਦੁੰਦਭੀ ਐਸੀ ਧੁਕਾਰਦੀ (ਵਜਦੀ) ਹੈ ਜਿਵੇਂ ਬੱਦਲ ਗੱਜ ਰਹੇ ਹੋਣ, ਝੰਡਿਆਂ ਦੇ ਫਹਰਾਉਣ ਨਾਲ ਸੂਰਜ ਲੁਕ ਰਿਹਾ ਹੈ ਜਿਵੇਂ ਉਹ ਡਰ ਨਾਲ ਛੁਪ ਗਿਆ ਹੋਵੇ, ਹਜ਼ਾਰਾਂ ਦੀ ਗਿਣਤੀ ਵਿੱਚ ਹਾਥੀ ਹੀ ਟੁਰੇ ਜਾ ਰਹੇ ਹਨ ਘੋੜਿਆਂ ਨੂੰ ਕੌਣ ਗਿਣਦਾ ਹੈ ਜਿੰਨ੍ਹਾ ਦੇ ਪਾਏ ਸਾਜ ਸਮਿਆਨ ਵਿਚ ਲੱਖਾਂ ਦੇ ਹੀਰੇ ਮੋਤੀ ਜੜੇ ਹੋਏ ਜਗਮਗਾ ਰਹੇ ਹਨ। ਇੰਨ੍ਹਾਂ ਹਾਥੀਆਂ ਘੋੜਿਆਂ ਦੀਆਂ ਜਦੋਂ ਕਤਾਰਾਂ ਮਿਲਕੇ ਚਲਦੀਆਂ ਹਨ ਘੋੜਿਆਂ ਦੀਆਂ ਸੁੰਬਾਂ ਸੁਣ ਕੇ ਪ੍ਰਿਥਵੀ ਪਤ—ਰਾਜੇ ਘਬਰਾ ਜਾਂਦੇ ਹਨ, ਸੁਰਗਪੁਰੀ ਦਾ ਰਾਜਾ ਇੰਦਰ ਵੀ ਡਰ ਜਾਂਦਾ ਹੈ ਕਵੀ ਹੰਸ ਰਾਮ ਜੀ ਕਹਿੰਦੇ ਹਨ ਹੇ ਰਾਜਿਓ ਮਹਾਂਰਾਜਿਓ ਡਰਨ ਦੀ ਕੋਈ ਗੱਲ ਨਹੀਂ ਇਹ ਤੁਹਾਡੇ ਉਤੇ ਕੋਈ ਫੌਜ ਦਾ ਕਟਕ ਚੜ੍ਹਕੇ ਨਹੀਂ ਆ ਰਿਹਾ ਇਹ ਤਾਂ ਗੁਰੂ ਗੋਬਿੰਦ ਸਿੰਘ ਜੀ ਦੇ ਦਾਨ ਨਾਲ ਨਿਵਾਜੇ ਹੋਏ, ਇੱਕ ਕਵੀ ਜੀ ਅਪਣੀਆਂ ਸਵਾਰੀਆਂ ਉਤੇ ਉਥੋਂ ਮਿਲੇ ਸਮਿਆਨ ਸਮੇਤ ਲੰਘੇ ਜਾ ਰਹੇ ਹਨ :

**ਦੁੰਦ ਭੀ ਧੁੰਕਾਰੇ ਬਾਜੇ ਅਨੋ ਜਲਧਾਰੇ ਗਾਜੇ,**
**ਰਾਜਤ ਨਿਸ਼ਾਨ ਭਯ ਭਾਨ ਛਿਪੇ ਜਾਤ ਹੈ।**
**ਹਾਥਿਨ ਕੋ ਹਲਕਾ ਹਜਾਰੰਨ ਰਾਜੇ ਕੌ ਕਬ,**
**ਜੜਤ ਜਵਾਹਰ ਜੇ ਜਗਮਤ ਗਾਤ ਹੈ।**
**ਕੋਰ ਸਾਜੇ ਜੋਰ ਕਰਨਾਲਨ ਕੇ ਸੋਰ ਸੁਨੇ,**
**ਸੰਕਰ ਸੁਰੇਸ਼ ਔ ਨਰੇਸ਼ ਬਿਲਖਾਤ ਹੈ।**
**'ਹੰਸ ਰਾਮ' ਕਹਿਤ ਬਿਰਾਜੇ ਜਿਨ ਭਾਜੋ,**
**ਗੁਰੂ ਗੋਬਿੰਦ ਕੇ ਮਾਗੇ ਕਵਿਰਾਜ ਚਲੇ ਜਾਤ ਹੈ।**

ਅਨੰਦਪੁਰ ਦੇ ਜੰਗਾਂ ਜੁਧਾਂ ਵਾਲੇ ਵਾਤਾਵਰਣ ਵਿਚ ਬੀਰ ਰਸ ਦੀ ਪ੍ਰਬਲਤਾ ਕੁਝ ਐਸੀ ਘੁਲੀ ਹੋਈ ਸੀ ਕਿ ਕਵੀਆਂ ਨੂੰ ਦਾਨ ਵੀ ਉਸ ਭਾਂਤ ਦੇ ਮਿਲਦੇ ਸਨ ਤੇ ਕਵੀਆਂ ਦੀ ਭਾਸ਼ਾ ਤੇ ਵਰਨਣ ਵੀ ਉਸੇ ਖਮੀਰ ਦੀ ਤਾਸੀਰ ਵਾਲਾ ਸੀ।

ਕਵੀ ਹੰਸ ਰਾਮ ਨੇ ਇਕ ਥਾਂ ਇਕ ਗ੍ਰੰਥ ਦੇ ਅਨੁਵਾਦ ਦੇ ਸੇਵਾਫਲ ਬਾਰੇ ਲਿਖਿਆ ਹੈ :

**ਪ੍ਰਥਮ ਕਿਰਪਾ ਕਰ ਰਾਖਿ ਕਰੇ ਗੁਰੂ ਗੋਬਿੰਦ ਉਦਾਰ।**
**ਟਕਾ ਕਰੇ ਬਖਸ਼ੀਸ ਤਬ ਮੋਤਉ ਸਾਠ ਹਜ਼ਾਰ।**

ਅਨੰਦਪੁਰ ਦਰਬਾਰ ਦੀਆਂ ਇਸ ਤਰ੍ਹਾਂ ਬਖਸ਼ੀਸ਼ਾਂ ਤੇ ਦਾਨ ਦੀ ਧੁੰਮ ਉਸ ਵੇਲੇ ਦੇ ਬੁਧੀਵਾਨ ਹਲਕਿਆਂ ਵਿੱਚ ਖਾਸ ਕਰਕੇ ਕਵੀ ਸਮਾਜ ਵਿਚ ਇਤਨੀ ਧੁੰਮੀ ਹੋਈ ਸੀ ਕਿ ਸ਼ਾਇਦ ਹੀ ਭਾਰਤ

Digitized by Panjab Digital Library | www.panjabdigilib.org

ਦਾ ਕੋਈ ਉਸ ਕਾਲ ਦਾ ਹਿੰਦੀ ਕਵੀ ਉਨ੍ਹਾਂ ਦੇ ਦਰਬਾਰ ਤੋਂ ਬਾਹਰ ਰਹਿ ਗਿਆ ਹੋਵੇ। ਫ਼ਾਰਸੀ ਦੇ ਕਵੀ ਨੰਦ ਲਾਲ ਜੀ ਵੀ ਉਨ੍ਹਾਂ ਦੇ ਦਰਬਾਰ ਦੇ ਵਿਦਿਆ ਰਤਨਾਂ ਵਿੱਚੋਂ ਸਨ ਜਿਨ੍ਹਾਂ ਦੀਆਂ ਰਚਨਾਵਾਂ ਭਾਈ ਗੁਰਦਾਸ ਵਾਂਗ ਪ੍ਰਮਾਣੀਕ ਸਮਝ ਕੇ ਸਿੱਖਾਂ ਵਿਚ ਗਾਈਆਂ ਪੜ੍ਹੀਆਂ ਜਾਂਦੀਆਂ ਹਨ। ਕਈ ਵਾਰ ਕਵੀ ਜਨਾਂ ਦੀ ਕਥਨੀ ਦੇ ਪ੍ਰਭਾਵ ਤੋਂ ਨਾਟਕੀ ਰੂਪ ਵੀ ਧਾਰ ਜਾਂਦੇ ਸਨ, ਧੰਨਾਂ ਸਿੰਘ ਘਾਹੀ ਜੈਸੇ ਸਧਾਰਨ ਪੁਰਖ ਵਡੇ ਵਡੇ ਕਵੀ ਰਾਜਾਂ ਦਾ ਜਿਸ ਤਰ੍ਹਾਂ ਘੁਮੰਡ ਤੋੜਦੇ ਸਨ, ਇਹ ਗਲਾਂ ਬੜੀਆਂ ਰਸ ਭਰਪੂਰ ਤੇ ਅਦਭੁਤ ਹਨ।। ਪਰ ਸਭ ਤੋਂ ਵਧ ਇਥੇ ਵਰਨਣ ਯੋਗ ਕਿਸਾ ਹੈ ਕਵੀ ਹੀਰ ਦਾ ਜਿਸ ਨੇ ਗੁਰੂ ਜੀ ਦੇ ਦਰਬਾਰ ਵਿਚ ਇਕ ਇਕਾਂਗੀ ਨਾਟਕ ਵਾਂਗ ਤਮਾਸ਼ਾ ਰਚ ਦਿਖਾਇਆ ਤੇ ਗੁਰੂ ਜੀ ਦੀ ਕਿਰਪਾ ਨਾਲ ਆਪਣੇ ਗਲੋਂ ਦਰਿਦਰ ਨਾਰਾਇਣ ਨੂੰ ਸਦਾ ਲਈ ਲਾਹਿਆ ਸੀ। ਉਹ ਝਲਕੀ ਇਸ ਤਰ੍ਹਾਂ ਹੈ :

"ਅਨੰਦਪੁਰ ਦਾ ਵਿਦਿਆ ਦਰਬਾਰ ਹੈ, ਦੂਰ ਨੇੜੇ ਤੋਂ ਪੁਜੀਆਂ ਸੰਗਤਾਂ ਕਾਵਿ ਰਸ ਦੇ ਸਾਗਰ ਵਿਚ ਡੁਬਕੀਆਂ ਲਗਾ ਰਹੀਆਂ ਹਨ। ਕਵੀ ਜਨ ਆਪੋ ਆਪਣੇ ਕਮਾਲਾਂ ਦੇ ਕਲਾਮ ਪੇਸ਼ ਕਰ ਰਹੇ ਹਨ। ਅਚਾਨਕ ਇਕ ਧਾਮਿਕ ਰੰਗ ਵਿਚ ਭੰਗ ਪਾਉਣ ਵਾਲੀ ਘਟਨਾ ਵਰਤ ਗਈ। ਸਭ ਦੀਆਂ ਅੱਖਾਂ ਦੀ ਜੋਤ, ਇਕ ਆਦਮੀ ਦੀ ਅਜੀਬ ਜਿਹੀਆਂ ਹਰਕਤਾਂ ਨੇ ਖਿਚ ਲਈ ਉਹ ਸਭਾ ਵਿਚ ਖੜ੍ਹ ਹਵਾ ਵਿਚ ਤਲਵਾਰਾਂ ਮਾਰ ਰਿਹਾ ਸੀ, ਤਮਾਸ਼ਬੀਨਾਂ ਵਾਂਗ ਪੈਂਤੜੇ ਬਦਲ ਰਿਹਾ ਸੀ, ਕਈ ਵਾਰ ਇਸੇ ਤਰ੍ਹਾਂ ਕਰ ਰਿਹਾ ਸੀ ਜਿਵੇਂ ਉਹ ਆਪਣੇ ਨਾਲ ਚਿੰਬੜੇ ਕਿਸੇ ਭੂਤ ਨੂੰ ਪੜਛਾਨੇ ਮਾਰ ਕੇ ਗਲੋਂ ਲਾਹ ਰਿਹੀ ਹੋਵੇ। ਨੀਝ ਨਾਲ ਦੇਖਿਆਂ ਜਾਣੂਆਂ ਨੇ ਇਹ ਵਿਅਕਤੀ ਸਿਆਣ ਲਿਆ। ਇਹ ਅਨੰਦਪੁਰ ਦੇ ਵਿਦਿਆ ਦਰਬਾਰ ਵਿਚ ਹਾਜ਼ਰੀ ਭਰਨ ਆਇਆ ਇਕ ਕਵੀ 'ਹੀਰ' ਹੈ।

ਆਪਣੇ ਤਮਾਸ਼ੇ ਰਾਹੀਂ ਧਿਆਨ ਖਿਚ ਕੇ ਹੁਣ ਇਹ ਅਗੇ ਵਧਦਾ ਹੋਇਆ ਮਥਾ ਟੇਕ ਕੇ ਗੁਰੂ ਜੀ ਦੇ ਸਾਹਮਣੇ ਸਿਰ ਝੁਕਾ ਕੇ ਖੜ ਗਿਆ ਗੁਰੂ ਜੀ ਨੇ ਕਿਹਾ 'ਆ ਭਾਈ ਖੂਬ ਤਮਾਸ਼ਾ ਰਚ ਦਿਖਾਇਆ ਹੈ, ਸੁਣਾਓ ਕੀ ਗੱਲ ਹੈ' :—

ਹਜ਼ੂਰ ਇਹ ਤਮਾਸ਼ਾ ਨਹੀਂ ਯੁੱਧ ਸੀ, ਯੁੱਧ ਵੀ ਇਕ ਅਦਿਖ ਸ਼ਕਤੀ ਨਾਲ ਜੋ ਮੇਰਾ ਪਿਛਾ ਛੱਡਣ ਵਿੱਚ ਹੀ ਨਹੀਂ ਆ ਰਹੀ ਸੀ। ਆਗਿਆ ਹੋਵੇ ਤਾਂ ਉਸ ਯੁੱਧ ਵਰਨਣ ਦੇ ਛੰਦ ਆਪ ਜੀ ਦੇ ਭੇਟ ਕਰਾਂ। ਆਪ ਜੀ ਤੇ ਪ੍ਰਿਯ ਬੀਰ ਰਸ ਨੂੰ ਨਿਰੂਪਣ ਕਰਨ ਦੀ ਕੋਸ਼ਸ਼ ਹੈ ਜੇ ਪ੍ਰਵਾਨ ਹੋਵੇ ਤਾਂ ਅਹੋ ਭਾਗ।

ਪਾਸ ਠਾਢੋ ਭਗਰਤ ਟੂਕਤ ਦਰੇਹੈ ਮੋਹਿ,
ਬਾਤ ਨਾ ਕਰਨ ਪਾਊਂ ਮਹਾਂ ਬਲੀ ਬੀਰ ਸੋਂ।
ਐਸੇ ਅਰਿ ਬਿਕਟ ਨਿਕਟ ਬਸੈ ਨਿਸ ਦਿਨ,
ਨਿਪਟ ਨਿਸੰਕ ਸਠ ਘੇਰੈ ਫੇਰ ਭੀਰ ਸੋਂ।
ਦਾਰਿਦ ਕਪੂਤ! ਤੇਰੋ ਮਰਨ ਬਨਯੋ ਹੈ ਆਜ,
ਕਰ ਕੇ ਸਲਾਮ ਵਿਦਾ ਹੂਜੈ ਕਵੀ ਹੀਰ ਸੋਂ।

Digitized by Panjab Digital Library | www.panjabdigilib.org

ਨਾ ਤਰ ਗੋਬਿੰਦ ਵਿਕਲ ਕਰੇਂਗੇ ਤੋਂਹ,
**ਫੂਕ ਫੂਕ ਹੁਵੈ ਹੈ ਗਾਢੇ ਦਾਨਕ ਕੇ ਤੀਰ ਸੋਂ ।**

'ਹਜ਼ੂਰ ! ਮੇਰਾ ਯੁੱਧ ਕੁਲ ਕਲੰਕੀ ਦਾਰਿਦ੍ ਨਾਲ ਹੈ : ਇਹ ਇਸ ਵੇਲੇ ਵੀ ਮੇਰੇ ਨਾਲ ਝਗੜਾ ਕਰ ਰਿਹਾ ਹੈ, ਝੁਕ ਝੁਕ ਕੇ (ਮੈਨੂੰ) ਦਰੇਹੂ ਮਾਰ ਰਿਹਾ ਹੈ ਤਾਂ ਕਿ ਮੈਂ ਹਜ਼ੂਰ ਮਹਾਂ ਬਲੀ ਬੀਰ ਨਾਲ ਗਲ ਵੀ ਨਾ ਕਰ ਸਕਾਂ । ਇਹ ਐਸਾ ਭੈੜਾ ਵੈਰੀ ਦਿਨ ਰਾਤ ਮੇਰੇ ਨੇੜੇ ਰਹਿ ਰਹਿ ਕੇ ਸਤਾਉਂਦਾ ਹੈ, ਇੰਨਾਂ ਨਿਪਟ ਨਿਸੰਗ ਜੜ੍ਹ ਮੂਰਖ ਹੈ ਮੇਰੇ ਨਾਲ ਘਰ ਵਿੱਚ ਵੀ ਬਾਹਰ ਜਾਵਾਂ ਤਾਂ ਭੀੜ ਵਿੱਚ ਵੀ ਵੈਰ ਕਮਾਉਣੋਂ ਨਹੀਂ ਸ਼ਰਮਾਉਂਦਾ ।'

ਅਜ ਇਹ ਕਪੂਤ ਮੇਰੇ ਸੂਤ ਆ ਗਿਆ ਹੈ, ਇਹ ਹਜ਼ੂਰ ਦੀ ਸੇਵਾ ਵਿੱਚ ਵੀ ਮੇਰਾ ਪਿਛਾ ਕਰਦਾ ਆ ਵੜਿਆ ਹੈ, ਅਜ ਮੈਨੂੰ ਇਸ ਦੇ ਸਿਰ ਉਤੇ ਮੌਤ ਮੰਡਲਾਉਂਦੀ ਦਿਸ ਰਹੀ ਹੈ, ਮੇਰੀ ਇਸ ਨੂੰ ਇਕ ਨੇਕ ਸਲਾਹ ਇਹੋ ਹੈ ਭਈ ਸਦਾ ਲਈ ਮਥਾ ਟੇਕਕੇ ਕਵੀ ਹੀਰ ਕੋਲੋਂ ਬਿਦਾ ਹੋ ਜਾ, ਜੇ ਤੂੰ ਹੁਣ ਵੀ ਸਦਾ ਵਾਂਗ ਪਿਛਾ ਹੀ ਕੀਤਾ, ਤਾਂ ਮਹਾਂ ਬਲੀ ਗੁਰੂ ਗੋਬਿੰਦ ਸਿੰਘ ਜੀ ਦਾਨ ਦੇ ਭਾਰੇ ਭਾਰੇ ਤੀਰਾਂ ਨਾਲ ਤੇਰੇ ਟੁਕੜੇ ਕਰ ਕਰ ਕੇ ਬੁਰੀ ਤਰ੍ਹਾਂ ਵਿਆਕੁਲ ਕਰਕੇ ਮਾਰ ਦੇਣਗੇ ।

ਛੰਦ ਦਾ ਅਰਥ ਭਾਵ, ਕਵੀ ਜੀ ਦੀਆਂ ਹਰਕਤਾਂ ਤੇ ਅਦਾਵਾਂ ਨਾਲ ਜਦੋਂ ਸਭਾ ਵਿਚ ਪੂਰੀ ਤਰ੍ਹਾਂ ਖੁਲ੍ਹਿਆ ਤਾਂ ਇਸ ਕੌਤਕ ਪਿਛੇ ਛੁਪੀ ਅਕਾਖਿਆ ਜਾਣ ਕੇ ਸਭ ਦਰਬਾਰੀ ਖਿੜ ਖਿੜਾਕੇ ਹਸ ਪਏ । ਆਖੇ ਇਹ ਮੰਗਣ ਦਾ ਬੜਾ ਵਧੀਆ ਢੰਗ ਹੋਇਆ ?

ਪਰ ਕਵੀ ਜੀ ਨੇ ਆਪਣੀ ਗੱਲ ਦਾ ਹਾਲਾਂ ਪੂਰਾ ਤੱਤ੍ਹਾ ਨਹੀਂ ਝੇੜਿਆ ਸੀ, ਹਜ਼ੂਰ ! ਇਕ ਮੇਰੀ ਪੁਕਾਰ ਵੀ ਹੈ ? ਹੀਰ ਕਵੀ ਨੇ ਝੁਕ ਕੇ ਕਿਹਾ :

ਹਜ਼ੂਰ ਦੇ ਮੁਸਕਾਉਂਦੇ ਬੁਲ੍ਹਾਂ ਤੋਂ ਹੁਕਮ ਹੋਇਆ 'ਉਹ ਵੀ ਸੁਣਾਓ'

**ਜੈਸੇ ਪ੍ਰਹਿਲਾਦ, ਸੁਰਪਤਿ ਕੀਨੋ ਬਰ ਦੈ ਕੇ,**
ਯਾਹੂ ਪਤਿ ਕਾਜੈ ਕੈਕ ਚਿਤਵੈ ਸਮਾਰੀਏ ।
ਜੈਸੇ ਵਾਲ ਬਧਯੋ ਧਰ ਬਾਵਨ ਸਰੂਪ 'ਹੀਰ'
ਟੂਕ ਟੂਕ ਕਰੋ ਢਾਢਾ ਆਖਨ ਪਛਾਰੀਏ ।
ਛਾਤਨ ਨਾ ਸੰਗ ਜਰਯੋ ਰਹੈ ਆਠੋ ਜਾਮ,
ਮੇਰੇ ਤੇਰੋ ਕਾਮ ਦਾਨ ਤੇ ਮੇਰੇ ਝਾਰੀਏ ।
ਏਕੇ ਗੁਰੂ ਗੋਬਿੰਦ ਗਰੂਰ ਜਾਕੇ ਬਾਹਨ ਹੈ,
ਜੈਸੇ ਮ੍ਰਗਮਾਰਯੋ ਤੈਸੋ ਮੇਰੇ 'ਅਨਿ' ਮਾਰੀਐ ।

'ਤੁਸੀਂ ਕਿਸ ਕਿਸ ਦੀ ਕਦੋਂ ਕਦੋਂ ਰਖਿਆ ਨਹੀਂ ਕੀਤੀ ? ਜ਼ਰਾ ਚਿਤ ਵਿੱਚ ਸਮਰਣ ਕਰਨ ਦੀ ਖੇਚਲ ਕਰੋ ? ਜਿਵੇਂ ਪ੍ਰਹਿਲਾਦ ਦੀ ਉਸ ਦੇ ਵੈਰੀ ਤੋਂ ਰਖਿਆ ਕਰ ਕੇ ਪਤ ਰਖੀ ਸੀ ਪਤ ਹੀ ਨਹੀਂ ਰਖੀ ਪਤਵੰਤੇ ਸੁਰਪਤ ਦੇਵਤਿਆਂ ਦਾ ਰਾਜਾ ਬਣਾ ਦਿਤਾ ਸੀ, ਇਹ ਅਜ ਵੀ ਅਜਿਹੇ ਭਗਤ ਦੀ ਇਜ਼ਤ ਦਾ ਮਸਲਾ ਤੁਹਾਡੇ ਅਗੇ ਪੇਸ਼ ਹੈ । ਬਲਰਾਜੇ ਦੇ ਹੰਕਾਰ ਨੂੰ ਜਿਵੇਂ ਤੁਸੀਂ ਢਾਈ ਕਰਮਾਂ ਵਿੱਚ ਮਿਣਕੇ ਤੀਜੀ ਉਲਾਂਘ ਪੁੱਟ ਕੇ ਉਸ ਦੇ ਸਰੀਰ ਨੂੰ ਵੀ ਹਰ ਲਿਆ ਸੀ, ਏਥੇ ਮੇਰੇ ਵੈਰੀ ਦੇ ਟੁਕੜੇ ਕਰਨ ਲਈ ਤੁਹਾਨੂੰ ਉਲਾਂਘ ਪੁੱਟਣ ਦੀ ਖੇਚਲ ਦੀ ਵੀ ਲੋੜ ਨਹੀਂ

Digitized by Panjab Digital Library | www.panjabdigilib.org

ਜ਼ਰਾ ਕੁ ਅੱਖ ਦੇ ਇਸ਼ਾਰੇ ਦੀ ਹੀ ਲੋੜ ਹੈ ? ਜਿਹ ਤੇ ਅਤੇ ਪਹਿਰ ਮੇਰੇ ਨਾਲ ਜੁੜਿਆ ਫਿਰਦਾ ਹੈ, ਆਪਣੇ ਨਾਮਦਾਨ ਦੇ ਯੰਤਰ ਨਾਲ ਕਿਰਪਾ ਕਰਕੇ ਇਸ ਦਾ ਛਾਇਆ ਮੇਰੇ ਸਿਰ ਤੋਂ ਲਾਹ ਦੇਵੋ।"

ਪਹਿਲਾ : ਬਿਸਨੂੰ ਨੂੰ ਰੂਪ ਧਾਰਕੇ ਮੁਰ ਰਾਖਸ਼ ਜਿਵੇਂ ਮਾਰਿਆ ਸੀ, ਤੁਸੀਂ ਇੱਕ ਓਹੋ ਹੀ ਹੋ ਜਿਨ੍ਹਾਂ ਦੀਆਂ ਬਾਹਾਂ ਵਿੱਚ ਇਹੋ ਜਿਹੇ ਵੈਰੀ ਮਾਰਨ ਦਾ ਗਰੂਰ ਹੈ, ਜਿਵੇਂ ਉਦੋਂ ਮੁਰ ਮਾਰਿਆ ਸੀ ਹੁਣ ਮੇਰਾ ਵੈਰੀ ਵੀ ਮਾਰ ਸੁੱਟੋ।"

ਅਜੀਬ ਛੰਦ ਰਚਨਾ ਸੀ। ਛੰਦ ਸਨ ਕਿ, ਕਾਵਿ ਨਾਟਕ ਦਾ ਇੱਕ ਇਕਾਂਗੀ ਸੀ, ਜੋ ਇਕੋ ਪਾਤਰ ਨੇ ਖੇਡ ਦਿਖਾਇਆ ਸੀ ਗੁਰੂ ਜੀ ਸਮੇਤ ਸਿੱਖ ਸੰਗਤਾਂ ਬਹੁਤ ਪ੍ਰਸੰਨ ਹੋਈਆਂ। ਹੁਕਮ ਹੋਇਆ ਇਸ ਕਵੀ ਜੀ ਨੂੰ ਰੋਜ਼ੀਨਾ ਲਾ ਦਿਓ, ਦਾਨ ਜਿੰਨਾਂ ਚਾਹੇ ਦੇਕੇ ਇਨ੍ਹਾਂ ਦੇ ਵੈਰੀ ਦਰਿਦ੍ਰ ਦਾ ਅੱਜ ਹੀ, ਹੁਣੇ ਹੀ ਦਮਣ ਕਰ ਦਿਤਾ ਜਾਵੇ। ਇਨ੍ਹਾਂ ਨੂੰ ਅਜ ਤੋਂ ਹਜ਼ੂਰੀ ਵਿਦਿਆ ਰਤਨਾਂ ਵਾਲੀ ਮਾਲਾ ਦਾ ਮਣਕਾ ਬਣਾ ਲਿਆ ਜਾਵੇ।

**ਸੁਨਿ ਸਾਚੇ ਸਤਿਗੁਰ ਅਬਨਾਸੀ ਦੀਨੋ ਧਨ ਅਨਗਨ ਗਣ ਰਾਸੀ।**
**ਕਵਿ ਜਨ ਮਧ ਰੋਜ ਕਰ ਦੀਓ ਦਾਰਿਦ ਦੂਰਦ ਦਮਨ ਸੁਖ ਕੀਓ।**

(ਸੁਮੇਰ ਸਿੰਘ)

ਗੁਰੂ ਗੋਬਿੰਦ ਸਿੰਘ ਜੀ ਦੇ ਦਰਬਾਰੀ ਕਵੀ ਰਤਨਾ ਵਲੋਂ ਗੁਰੂ ਜੀ ਦੀ ਸੋਭਾ ਦਾ ਗਾਇਨ ਉਨ੍ਹਾਂ ਦੇ ਦਿਤੇ ਦਾਨ ਅਤੇ ਮਾਣ ਵਡਿਆਈ ਕਰਕੇ ਹੀ ਨਹੀਂ ਸੀ, ਇਹ ਕਵੀ ਜਨਾਂ ਨੇ ਅੱਖੀਂ ਡਿਠੇ ਚਮਤਕਾਰਾਂ ਦੇ ਵਰਨਣ ਹਨ, ਕਵੀ ਰਤਨਾਂ ਵਿੱਚੋਂ ਉਨ੍ਹਾਂ ਦੀ ਸੋਭਾ ਦੀ ਝਲਕ ਦਾ ਜੋ ਪਰਤੌ ਪੈਂਦਾ ਹੈ ਉਹ ਗੁਰੂ ਜੀ ਦੀ ਆਪਣੀ ਹਸਤੀ ਦਾ ਹੈ। ਕੇਵਲ ਇਸੇ ਲਈ ਕਵੀ ਜਨ ਉਨ੍ਹਾਂ ਦੀ ਉਪਮਾ ਨਹੀਂ ਕਰਦੇ ਸੀ ਕਿ ਉਨ੍ਹਾਂ ਦੇ ਗੁਰੂ ਜੀ ਬਹੁਤ ਕਦਰਦਾਨ ਸਨ, ਬੇਸ਼ੱਕ ਕਦਰਦਾਨੀ ਵੀ ਮਾਲਾ ਮਾਲ ਕਰ ਦੇਣ ਵਾਲੀ ਸੀ, ਇਨਾਮ ਤੇ ਬਖਸ਼ਸ਼ਾਂ ਦੀ ਹੱਦ ਮੁੱਕੀ ਹੋਈ ਸੀ, ਪਰ ਬਥੇਰੇ ਕਵੀ ਜਨ ਸਨ ਜੋ ਉਨ੍ਹਾਂ ਦੀ ਸਰਣ ਵਿੱਚ ਇਸ ਲਈ ਆਏ ਸੀ ਕਿ ਉਹ, ਉਨ੍ਹਾਂ ਜਿਹੇ ਹੋਰ ਅਨੇਕਾਂ ਦਾ ਧਰਮ ਬਚਾਉਣ ਦੇ ਵੇਲੇ ਕੇਵਲ ਗੁਰੂ ਜੀ ਹੀ ਸਮਰੱਥ ਸਨ। ਇਸ ਜ਼ਮਾਨੇ ਵਿੱਚ ਕੇਸਵ ਦਾਸ ਕਵੀ ਦੀ ਜ਼ਮਾਨੇ ਵਿੱਚ ਧਾਂਕ ਸੀ। ਓੜਛਾਂ ਦੇ ਰਾਜੇ ਨੇ ਕਈ ਪਿੰਡ ਉਸਦੀ ਵਿਦਵਤਾ ਤੋਂ ਵਾਰਨੇ ਕਰ ਦਿਤੇ ਸੀ, ਇਸ ਕਵੀ ਦਾ ਪੁੱਤਰ ਕੁਵਰੇਸ ਵਿਦਵਾਨ ਪਿਤਾ ਦੀ ਇਕ ਸਜੀਵ ਦੇਣ ਸੀ ਜੋ ਉਸ ਜਿਹੇ ਕੋਈ ਗ੍ਰੰਥ ਰਤਨ ਉਗਲੱਛਣ ਲਈ ਸਮਰੱਥ ਸੀ। ਔਰੰਗਜ਼ੇਬ ਦੀ ਕਦਰ ਭਰੀ ਨਿਗਾਹਾਂ ਵਿੱਚ ਕੁਵਰੇਸ ਦੀ ਵਿਦਵਤਾ ਹੀ ਉਸ ਲਈ ਮਾਰੂ ਬਣ ਗਈ। ਔਰੰਗਜ਼ੇਬ ਨੇ ਚਾਹਿਆ ਕਿਉਂ ਨਾ ਇਸ ਮਹਾਨ ਵਿਦਵਾਨ ਨੂੰ ਮੁਸਲਮਾਨ ਬਣਾ ਲਿਆ ਜਾਵੇ, ਮਨਸੂਬੇ ਬੰਨੇ ਹੀ ਜਾ ਰਹੇ ਸੀ, ਕਵੀ ਕੁਵਰੇਸ਼ ਆਪਣਾ ਧਰਮ ਬਚਾਉਣ ਲਈ ਭੇਸ ਵਟਾ ਕੇ ਨੱਸ ਟੁਰਿਆ। ਇਸ ਅੰਧਕਾਰ ਵਿੱਚ ਬਿਪਤ ਕਾਲ ਅਤੇ ਸਹਿਮ ਭਰੀ ਦੁਨੀਆਂ ਵਿੱਚ ਅਨੰਦਪੁਰ ਤੋਂ ਬਿਨ੍ਹਾਂ ਹੋਰ ਕਿਹੜੀ ਥਾਂ ਹੋ ਸਕਦੀ ਸੀ ਜਿੱਥੇ ਬਿਪਤਾ ਦਾ ਮਾਰਿਆ ਕੋਈ ਪਨਾਹ ਲੈਂਦਾ ? ਇੱਕ ਕਵੀ ਦੀ ਇਹ ਤੁਕ ਵਿੱਚ ਕਹੇ ਭਾਵ ਉਸ ਸਮੇਂ ਦੇ ਬਿਖੜੇ ਹਾਲਾਤ ਵਿਚ ਜਦੋਂ ਉਸਦਾ ਪੱਤਾ ਪੱਤਾ ਦੁਖਦਾਈ ਹੋ ਰਿਹਾ ਸੀ, ਬੜਾ ਜੀਜਾਵਾਂ ਢੰਢੋਰਾ ਸੀ।

Digitized by Panjab Digital Library | www.panjabdigilib.org

**ਅਨੰਦ ਕੋ ਦਾਤਾ ਹੀਰ ਸਾਹਿਬ ਗੋਬਿੰਦ ਰਾਏ,**
**ਚਾਹੋ ਤੂੰ ਅਨੰਦ ਤੋ ਅਨੰਦਪੁਰ ਆਈਐ ।**

ਕਵੀ ਕੁਵਰੇਸ ਜੀ ਨਸਦੇ ਭਜਦੇ ਲੁਕਦੇ ਛਿਪਦੇ ਅਨੰਦਪੁਰ ਆ ਗਏ, ਏਥੇ ਆਕੇ ਉਨ੍ਹਾਂ ਦੀਆਂ ਰਚੀਆਂ ਰਚਨਾਵਾਂ ਤੋਂ ਇਲਾਵਾ ਉਨ੍ਹਾਂ ਜੋ ਆਪਣੀ ਗੱਲ ਕਹੀ ਉਹ ਬੜੀ ਮਹੱਤਤਾ ਭਰੀ ਹੈ :

**'ਸੁਨਾ ਨਿਥਾਵਨ ਕੋ ਤੁਮ ਥਾਨਾ, ਸਦ ਨਿਮਾਨਨ ਕੋ ਬਡਿਮਾਨਾ ।**
**ਅਹੋ ਨਿਤਾਵਨ ਕੋ ਤੁਮ ਤਾਨਾ, ਅਸਿ ਸੰਕਾ ਕੋ ਕਹੈ ਜਹਾਨਾ ।**
**ਤੁਰਕ ਤੇਜ ਤੇ ਬਿਨਬਲ ਹਿੰਦੂ, ਧਰਮ ਬਿਨਾ ਸਤਮੇਲਤ ਬਿੰਦੂ ।**
**ਮਹਾਂ ਤ੍ਰਾਸ ਤੇ ਮੈਂ ਚਲ ਆਯੋ, ਚਾਹਤ ਆਨੋ ਧਰਮ ਬਚਾਯੋ ।**

ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ ਦਾ ਪ੍ਰਭਾਵ ਉਨ੍ਹਾਂ ਦੀ ਤਲਵਾਰ, ਫੌਜਾਂ ਸਾਜਨ ਦਾ ਕਾਰਨ ਜੇ ਕਿਧਰੇ ਅਜੇਹੇ ਕਵੀ ਰਤਨਾਂ ਦੀ ਜਾਨ ਬਚਾਉਣ ਦੇ ਯਤਨਾਂ ਦੇ ਧਰਵਾਸ ਦੇ ਰੂਪ ਵਿੱਚ ਹੀ ਹੋਂਦਾ ਤਾਂ ਇਹ ਵੀ ਛੋਟੀ ਜਿਹੀ ਗੱਲ ਨਹੀਂ ਸੀ । ਪਰ ਉਨ੍ਹਾਂ ਦਾ ਆਸ਼ਾ ਉਦੇਸ਼ ਤਾਂ ਇਸ ਤੋਂ ਕਿਤੇ ਵਧ ਧਰਮ ਰਖਸ਼ਾ ਹੀ ਨਹੀਂ ਸਗੋਂ ਧਰਮ ਦੇ ਰੁਕੇ ਵੇਗ ਨੂੰ ਨਵੇਂ-ਜੀਵਨ ਸਿੰਚਾਰ ਕੇ ਚਲਾਉਣ ਤੇ ਵਧਾਉਣ ਵਾਲੇ ਸਨ :

**ਧਰਮ ਚਲਾਵਨ ਸੰਤ ਉਬਾਰਨ ਦੁਸ਼ਟ ਸਭਿਨ ਕੋ ਮੂਲ ਉਖਾਰਨ ।**

ਸਰਬਤ ਦੇ ਭਲੇ ਦੇ ਧਾਰਨੀਆਂ ਦੀ ਰਖਿਆ ਲਈ ਆਪਣੀ ਜਾਨ ਜੋਖੋਂ ਵਿੱਚ ਪਾਕੇ ਜੂਝਣਾਂ, ਦੁਸ਼ਟ ਨੂੰ ਕੰਡਿਆਲੀਆਂ ਝਿੰਗਾਂ ਵਾਂਗ ਉਖਾੜਕੇ ਜੀਵਨ ਮਾਰਗ ਦਾ ਰਾਹ ਸਾਫ਼ ਕਰਨਾ ਉਨ੍ਹਾਂ ਦੇ ਬੀਰ ਰਸੀ ਕਰਤਬਾਂ ਦਾ ਆਦਰਸ਼ਨ ਸੀ ।

ਅਨੰਦਪੁਰ ਦੀ ਸਾਹਿੱਤਕ ਦੇਣ ਮਣਾਂ ਮੂੰਹੀ ਹੈ । ਉਨ੍ਹਾਂ ਦੀਆਂ ਕਈ ਰਚਨਾਵਾਂ, ਫੁਟਕਲ ਗ੍ਰੰਥਾਂ ਦਾ ਵਰਨਣ ਇਸ ਨਿਬੰਧ ਦੇ ਘੇਰੇ ਵਿੱਚ ਨਹੀਂ ਆ ਸਕਿਆ । ਉਸ ਸਾਹਿੱਤ ਦਾ ਅਹਿਸਾਸ ਕਰਦਿਆਂ ਮਨ ਹੁਲਾਸ ਨਾਲ ਭਰ ਜਾਂਦਾ ਅਤੇ ਅਨੰਦਪੁਰ ਦੇ ਧੰਨਤਾ ਯੋਗ ਸਾਹਿੱਤ ਸਾਹਮਣੇ ਸਿਰ ਝੁਕ ਪੈਂਦਾ ਹੈ ।

ਅਨੰਦਪੁਰ ਦੀ ਅਮਿਤ ਸਾਹਿੱਤਕ ਦੇਣ ਸਾਹਮਣੇ ਸਿਰ ਨਿਵਾਉਂਦਿਆਂ ਵਿਦਵਾਨਾਂ ਪਾਸ ਬੇਨਤੀ ਹੈ ਕਿ ਇਸ ਲੇਖ ਦੀਆਂ ਉਣਤਾਈਆਂ ਦੇਖਦੇ ਹੋਏ ਨਾ ਸਿਰਫ ਲੇਖਕ ਹੀ ਆਪਣੇ ਸੁਝਾਵਾਂ ਦੁਆਰਾ ਧੰਨਵਾਦੀ ਬਨਾਉਣ ਸਗੋਂ ਅਨੰਦਪੁਰ ਦੇ ਸਾਹਿੱਤ ਨੂੰ ਪ੍ਰਗਟਾਉਣ ਵਿਚ ਵੀ ਸਹਾਈ ਹੋਵਣ ।

Digitized by Panjab Digital Library | www.panjabdigilib.org

# ਪੰਜਾਬੀ ਵਾਰਤਕ--੧੭੯੯ ਤਕ

**ਪਿਛਵਾੜਾ** :—ਪੰਜਾਬੀ ਵਾਰਤਕ ਦੇ ਜਨਮ ਤੋਂ ਪਹਿਲਾਂ ਪੰਜਾਬੀ ਕਵਿਤਾ ਦੇ ਖੇਤਰ ਵਿਚ ਸਮੇਂ ਤੇ ਮੌਕੇ ਦੀ ਮੰਗ ਅਨੁਸਾਰ ਕਈ ਤਜਰਬੇ ਹੋ ਚੁਕੇ ਹਨ। ਪੰਜਾਬ ਦੇਸ਼ ਸੂਰਬੀਰਾਂ ਵਰਿਆਮਾਂ ਦਾ ਦੇਸ਼ ਹੈ। ਭਾਰਤ ਦੀ ਦੀਵਾਰ ਹੋਣ ਦੇ ਕਾਰਨ ਕਈ ਜਰਵਾਣੇ ਇਸ ਦੀ ਧਰਤੀ ਨੂੰ ਗਾਂਹਦੇ ਰਹੇ ਹਨ। ਏਥੋਂ ਦੇ ਬਹਾਦਰਾਂ ਤੇ ਜੋਧਿਆਂ ਨੂੰ ਸਦਾ ਤੱਤਪਰ ਰਹਿਣਾ ਪਿਆ ਹੈ। ਉਨ੍ਹਾਂ ਦੇ ਭੱਟ ਤੇ ਢਾਡੀ ਉਨ੍ਹਾਂ ਦੀ ਸੂਰਬੀਰਤਾ ਦੇ ਗੁਣ ਗਾਉਂਦੇ ਰਹੇ ਹਨ। ਵਾਰ ਕਰਦੇ, ਵਾਰ ਸਹਿੰਦੇ ਵਰਿਆਮਾਂ ਦੀ ਉਸਤਤੀ ਵਿਚ ਭੱਟਾਂ ਨੇ ਵਾਰਾਂ ਜੋੜੀਆਂ ਅਤੇ ਗਾਈਆਂ ਹਨ।

ਉੱਤਰੀ ਭਾਰਤ ਉੱਤੇ ਬਲੋਚਸਤਾਨ ਤੇ ਸਿੰਧ ਵਲੋਂ ਮੁਸਲਮ ਨਾਂ ਦੇ ਹੱਲੇ ਸ਼ੁਰੂ ਹੋਏ। ਈਰਾਨ ਤੇ ਮਕਰਾਨ ਉੱਤੇ ਕਬਜ਼ਾ ਕਰਨ ਮਗਰੋਂ ਉਨ੍ਹਾਂ ਨੇ ਸਿੰਧ ਨੂੰ ਆਪਣਾ ਨਿਸ਼ਾਨਾ ਬਣਾਇਆ। ਮੀਰ ਕਾਸਿਮ ਨੇ ਮੁਲਤਾਨ ਦੇ **ਸੂਬੇ** ਅਤੇ ਸਿੰਧ ਉੱਤੇ ਕਬਜ਼ਾ ਕਰ ਕੇ ਮੁਸਲਮਾਨੀ ਸਲਤਨਤ ਵਿਚ ਸ਼ਾਮਲ ਕੀਤਾ। ਇਨ੍ਹਾਂ ਥਾਵਾਂ ਤੋਂ ਮੁਸਲਮਾਨਾਂ ਦਾ ਰਾਜਸੀ ਤੌਰ ਤੇ ਅੱਗੇ ਵਧਣਾ ਤਿੰਨ ਸਦੀਆਂ ਤਕ ਰੁਕਿਆ ਰਿਹਾ। ਮਹਿਮੂਦ ਗ਼ਜ਼ਨਵੀ ਦੇ ਹਮਲੇ ਨੇ ਮੁਸਲਮਾਨਾਂ ਲਈ ਭਾਰਤ ਦੇ ਦਰਵਾਜ਼ੇ ਖੋਲ੍ਹ ਦਿੱਤੇ। ਭਾਵੇਂ ਇਸ ਹਮਲੇ ਤੋਂ ਪਹਿਲਾਂ ਵੀ ਮੁਸਲਮਾਨੀ ਵਪਾਰੀਆਂ ਅਤੇ ਫਕੀਰਾਂ ਦੀ ਆਵਾਜਾਈ ਹੁੰਦੀ ਰਹੀ, ਪਰ ਇਸ ਤੋਂ ਮਗਰੋਂ ਤਾਂ ਬਹੁਤ ਸਾਰੇ ਮੁਸਲਮਾਨ ਵਿਦਵਾਨ ਅਤੇ ਫ਼ਕੀਰ ਭਾਰਤ ਵਿਚ ਆਏ। ਉਨ੍ਹਾਂ ਵਿੱਚੋਂ ਹੀ ਬਾਬਾ ਫ਼ਰੀਦ ਦੇ ਸੰਬੰਧੀ ਸਨ।

ਮੁਸਲਮਾਨਾਂ ਦੇ ਕਈ ਖ਼ਾਨਦਾਨਾਂ ਨੇ ਭਾਰਤ ਉੱਤੇ ਰਾਜ ਕੀਤਾ। ਉਹ ਏਥੋਂ ਦੇ ਵਸਨੀਕ ਬਣ ਗਏ। ਉਨ੍ਹਾਂ ਦੇ ਨਾਲ ਹੀ ਸੈਮਟਿਕ ਬੋਲੀਆਂ ਦੇ ਪ੍ਰਵੇਸ਼ ਨੇ ਸਾਡੀਆਂ ਬੋਲੀਆਂ ਨੂੰ ਪ੍ਰਭਾਵਤ ਕੀਤਾ। ਦੋ ਸਭਿਆਚਾਰਾਂ ਦੀ ਟੱਕਰ ਨਾਲ ਵਿਚਾਰਾਂ ਵਿਚ ਪ੍ਰੀਵਰਤਨ ਆਇਆ ਅਤੇ ਭਗਤੀ-ਲਹਿਰ ਦਾ ਜਨਮ ਹੋਇਆ। ਕਬੀਰ ਅਤੇ ਨਾਨਕ ਵਰਗੇ ਪ੍ਰਚਾਰਕਾਂ ਅਤੇ ਕ੍ਰਾਂਤੀਕਾਰੀ ਮਹਾਂ-ਪੁਰਸ਼ਾਂ ਨੇ ਪ੍ਰੇਮ ਅਤੇ ਅਮਨ ਲਈ ਆਵਾਜ਼ ਉੱਚੀ ਕੀਤੀ। ਜਾਗੀਰਦਾਰੀ ਸਮਾਜ ਵਿਚ ਇਸ ਆਵਾਜ਼ ਨੇ ਜਾਬਰਾਂ ਤੇ ਜ਼ਾਲਮਾਂ ਨੂੰ ਵੰਗਾਰਿਆ ਅਤੇ ਜਨਤਾ ਵਿਚ ਸਾਹਸ ਭਰਿਆ।

ਇਕ ਧਿਰ ਤੁਰਕ, ਪਠਾਣ ਤੇ ਮੁਗਲ ਅਤੇ ਦੂਜੀ ਧਿਰ ਆਰੀਆ ਜਾਤੀ ਅਤੇ ਹੋਰ ਨੀਚ ਜਾਤੀਆਂ ਦੇ ਹਿੰਦੂ। ਇਕ ਧਿਰ ਬੁਤਾਂ ਨੂੰ ਤੋੜਨ ਵਾਲੇ ਮੋਮਨ ਅਤੇ ਦੂਜੀ ਧਿਰ ਬੁਤ-ਪੂਜ ਕਾਫ਼ਰ! ਇਕ ਧਿਰ ਬਹੁ-ਦੇਵ ਪੂਜਕ ਹਿੰਦੂ ਅਤੇ ਦੂਜੀ ਧਿਰ ਇੱਕੋ ਅੱਲਾ ਦੀ ਜ਼ਾਤ ਨੂੰ ਮੰਨਣ ਵਾਲੇ ਮੁਸਲਮਾਨ। ਇਨ੍ਹਾਂ ਦੋਹਾਂ ਧਿਰਾਂ ਵਿਚਾਲੇ ਨਾਨਕ ਵਰਗੇ ਮਹਾਂ-ਪੁਰਸ਼ ਪ੍ਰਗਟੇ ਜਿਨ੍ਹਾਂ ਨੇ ਇਹ ਨਾਹਰਾ ਲਾਇਆ :—

"ਨਾ ਹਮ ਹਿੰਦੂ ਨਾ ਮੁਸਲਮਾਨ"

ਪੰਜਾਬ ਦੀ ਧਰਤੀ ਉੱਤੇ ਯੂਨਾਨੀਆਂ ਦੇ ਕਦਮ ਪਏ। ਕਾਫ਼ੀ ਸਮਾਂ ਇਥੇ ਬੋਧੀਆਂ ਦਾ



Digitized by Panjab Digital Library | www.panjabdigilib.org

ਦਬਦਬਾ ਰਿਹਾ। ਫੇਰ ਜੈਨੀ ਸਾਧੂ ਆਏ। ਵੈਸ਼ਨਵਾਂ ਨੇ ਇਹਨੂੰ ਆਪਣਾ ਗੜ੍ਹ ਬਣਾਇਆ। ਸ਼ੈਵ ਮਤ, ਜੋ ਕਸ਼ਮੀਰ ਵਿਚ ਪ੍ਰਚਲਤ ਸੀ, ਉਸ ਦੇ ਅਨੁਯਾਈ ਵੀ ਪੰਜਾਬ ਦੇਸ਼ ਵਿਚ ਫਿਰਦੇ ਰਹੇ ਹੋਣਗੇ। ਸ਼ੈਵ ਮਤ ਨਾਲ ਸਬੰਧਤ ਨਾਥ ਤੇ ਜੋਗੀ ਕਈ ਸਦੀਆਂ ਇਸ ਧਰਤੀ ਨੂੰ ਗਾਂਹਦੇ ਰਹੇ। ਸਾਕਤ ਮਤ ਦੇ ਜੇ ਯੋਗੀ ਵੀ ਏਥੇ ਜ਼ਰੂਰ ਵਿਚਰਦੇ ਰਹੇ ਹੋਣਗੇ। ਸੰਨਿਆਸੀ ਵੀ ਏਥੇ ਰਮਦੇ ਰਹੇ। ਤੇ ਫੇਰ ਮੁਸਲਮਾਨ ਸੂਫ਼ੀ ਫ਼ਕੀਰਾਂ ਨੇ ਵੀ ਇਸ ਧਰਤੀ ਨੂੰ ਭਾਗ ਲਾਇਆ। ਇਉਂ ਇਹ ਧਰਤੀ ਜਿਥੇ ਲੜਾਈਆਂ ਦਾ ਖੇਤਰ ਸੀ, ਉਥੇ ਸਾਧੂਆਂ ਫ਼ਕੀਰਾਂ ਦਾ ਨਿਵਾਸ-ਅਸਥਾਨ ਵੀ ਸੀ। ਰਿਸ਼ੀਆਂ ਮੁਨੀਆਂ ਨੇ ਏਸੇ ਧਰਤੀ ਉੱਤੇ ਵੇਦ ਰਚੇ। ਸੰਸਕ੍ਰਿਤ, ਪਾਲੀ, ਪ੍ਰਾਕ੍ਰਿਤ, ਅਪਭ੍ਰੰਸ਼ ਸਮੇਂ ਸਮੇਂ ਇਨ੍ਹਾਂ ਵਿਚ ਸਾਹਿਤ ਰਚਨਾ ਹੋਈ ਤੇ ਹੁਣ ਪੰਜਾਬੀ ਵਿਚ ਮੁਸਲਮਾਨ ਤੇ ਹਿੰਦੂ ਸਾਧ ਆਪਣੇ ਵਿਚਾਰ ਪ੍ਰਗਟਾਉਣ ਲੱਗੇ।

ਬਾਰ੍ਹਵੀਂ ਸਦੀ ਵਿਚ ਬਾਬਾ ਫ਼ਰੀਦ ਸ਼ਕਰਗੰਜ ਨੇ ਪੱਛਮੀ ਪੰਜਾਬ ਵਿਚ ਆਪਣੇ ਹਰ-ਮਨ-ਪਿਆਰੇ ਸ਼ਲੋਕ ਰਚੇ ਜੋ ਹੁਣ ਵੀ ਉਵੇਂ ਹੀ ਵੈਰਾਗ ਉਤਪੰਨ ਕਰਦੇ ਹਨ। ਤੇਰ੍ਹਵੀਂ ਤੇ ਚੌਦ੍ਹਵੀਂ ਸਦੀ ਦਾ ਕਾਵਿ-ਸਾਹਿਤ ਸਾਤੋਂ ਗੁੰਮ ਹੈ। ਪੰਦਰ੍ਹਵੀਂ ਸੋਲ੍ਹਵੀਂ ਤੇ ਸਤਾਰ੍ਹਵੀਂ ਸਦੀ ਵਿਚ ਗੁਰੂ ਸਾਹਿਬਾਨ ਨੇ ਪ੍ਰੇਮ ਗੀਤ ਗਾਏ। ਇਹ ਸਭ ਮਹਾਂ-ਪੁਰਸ਼ ਆਪਣੇ ਅਮਲੀ ਜੀਵਨ ਰਾਹੀਂ ਅਤੇ ਆਪਣੇ ਮੁਖਾਰਬਿੰਦ ਤੋਂ ਲੋਕਾਂ ਨੂੰ ਰੱਬੀ-ਪ੍ਰੀਤ ਦਾ ਸੁਨੇਹਾ ਦਿੰਦੇ ਰਹੇ ਹਨ। ਬਾਬਾ ਫ਼ਰੀਦ ਨੇ ਲੱਖਾਂ ਹਿੰਦੂਆਂ ਨੂੰ ਮੁਸਲਮਾਨ ਬਣਾਇਆ। ਇਹ ਪ੍ਰਚਾਰ ਤਾਂ ਕੇਵਲ ਲੋਕ ਬੋਲੀ ਵਿਚ ਹੀ ਹੋ ਸਕਦਾ ਸੀ। ਪਰ ਲੋਕ-ਬੋਲੀ ਵਿਚ ਹਾਲੀਂ ਸਿਧਾਂਤਾਂ ਤੇ ਗੁੰਝਲਾਂ ਨੂੰ ਖੋਲ੍ਹਣ ਦੀ ਸਮਰਥਾ ਨਹੀਂ ਸੀ। ਇਸ ਲਈ ਹਲਕੇ ਫੁਲਕੇ ਕਾਵਿ-ਟੋਟਿਆਂ ਰਾਹੀਂ ਕੰਮ ਸਾਰਿਆ ਜਾਂਦਾ ਸੀ। ਲਗ ਭਗ ਤਿੰਨ ਸਦੀਆਂ ਮਗਰੋਂ ਗੁਰੂ ਸਾਹਿਬਾਨ ਨੇ ਵੀ ਹਲਕੇ ਫੁਲਕੇ ਗੀਤਾਂ ਰਾਹੀਂ ਆਪਣਾ ਸੰਦੇਸ਼ ਦਿਤਾ। ਉਨ੍ਹਾਂ ਨੇ ਆਪਣਾ ਸਿਧਾਂਤਕ ਚਿੰਤਨ ਵੀ ਇਨ੍ਹਾਂ ਗੀਤਾਂ ਰਾਹੀਂ ਹੀ ਲੋਕ-ਜੀਵਨ ਵਿੱਚੋਂ ਬਿੰਬਾਵਲੀ ਵਰਤ ਕੇ ਪ੍ਰਗਟ ਕੀਤਾ।

## ਪੰਜਾਬੀ ਵਾਰਤਕ ਦਾ ਜਨਮ

ਪੰਜਾਬ ਦੇ ਵਸਨੀਕਾਂ ਦੇ ਕੋਲ ਆਪਣਾ ਢੇਰ ਸਾਰਾ ਸਭਿਆਚਾਰਕ ਵਿਰਸਾ ਮੌਜੂਦ ਸੀ। ਇਹ ਸੀ ਸੰਸਕ੍ਰਿਤ-ਪ੍ਰਾਕ੍ਰਿਤ-ਅਪਭ੍ਰੰਸ਼ ਵਿਚ ਲਿਖਿਆ ਇਨ੍ਹਾਂ ਦਾ ਜੀਵਨ ਉਸਾਰੂ ਵਿਰਸਾ। ਇਸ ਸਮੇਂ ਉਨ੍ਹਾਂ ਦੇ ਸਾਹਮਣੇ ਦੋ ਵੱਖ-ਵੱਖ ਵਿਚਾਰ-ਪ੍ਰਣਾਲੀਆਂ ਸਨ। ਇਕ ਤਾਂ ਅਰਬੀ ਫ਼ਾਰਸੀ ਵਿਚੋਂ ਆਈ ਸੈਮਟਿਕ ਵਿਚਾਰ-ਪ੍ਰਣਾਲੀ। ਕੋਈ ਮੁਸਲਮਾਨ ਮੁਲਾਣਾਂ ਹੀ ਦੇਸ਼-ਭਾਸ਼ਾ ਵਿਚ ਇਸ ਵਿਚਾਰ ਪ੍ਰਣਾਲੀ ਨੂੰ ਪ੍ਰਗਟਾ ਸਕਦਾ ਸੀ ਪਰ ਸੰਸਕ੍ਰਿਤ-ਪ੍ਰਾਕ੍ਰਿਤ-ਅਪਭ੍ਰੰਸ਼ ਦੇ ਗਿਆਨ ਤੋਂ ਬਿਨਾਂ ਇਹ ਸੰਭਵ ਨਹੀਂ ਸੀ। ਇਸ ਲਈ ਮੁਸਲਮਾਨ ਵਿਚਾਰਾਂ ਦਾ ਵਿਸ਼ਲੇਸਨ ਦੇਸ਼-ਭਾਸ਼ਾ ਵਿਚ ਇਸ ਸਮੇਂ ਨਾ ਹੋ ਸਕਿਆ। ਦੂਜੀ ਵਿਚਾਰ-ਪ੍ਰਣਾਲੀ ਭਗਤੀ-ਲਹਿਰ ਦਾ ਸਿੱਟਾ ਸੀ; ਪੰਜਾਬ ਵਿਚ ਗੁਰੂ ਸਾਹਿਬਾਨ ਇਸ ਦੇ ਪ੍ਰਤੀਨਿਧ ਸਨ। ਪੰਜਾਬ ਦੇ ਲੋਕਾਂ ਦੀ ਇਸ ਵਿਚਾਰ ਪ੍ਰਣਾਲੀ ਨਾਲ ਅਮਿਟ ਸਾਂਝ ਸੀ। ਇਸ ਦਾ ਪਿੱਛਾ ਸ਼ੰਸਕ੍ਰਿਤ-ਪ੍ਰਾਕ੍ਰਿਤ-ਅਪਭ੍ਰੰਸ਼ ਸਾਹਿਤਾਂ ਵਿਚ ਸੀ। ਕੋਈ ਵੀ ਹਿੰਦੂ ਇਸ ਵਿਚਾਰ ਪ੍ਰਣਾਲੀ ਦੇ ਭਾਵਾਂ ਨੂੰ ਖੋਲ੍ਹ ਕੇ ਦਰਸਾ ਸਕਦਾ ਸੀ। ਵਿਚਾਰਾਂ ਨੂੰ ਖੋਲ੍ਹ ਕੇ ਪ੍ਰਗਟਾਉਣ ਦਾ ਕੰਮ ਇਕ ਵਾਰਤਕ ਰਾਹੀਂ ਹੀ ਹੋ ਸਕਦਾ ਹੈ—ਇਸ ਲਈ ਪੰਜਾਬੀ ਵਾਰਤਕ ਦਾ ਜਨਮ ਹੋਇਆ।

Digitized by Panjab Digital Library | www.panjabdigilib.org

ਵਾਰਤਕ ਦੇ ਜਨਮ ਲਈ ਕਿਸੇ ਲਹਿਰ ਦਾ ਚਲਣਾ ਅਤੇ ਉਸ ਲਹਿਰ ਦੀ ਵਿਚਾਰ-ਪ੍ਰਣਾਲੀ ਦਾ ਆਮ ਜਨਤਾ ਤਕ ਪ੍ਰਚਾਣਾ ਜ਼ਰੂਰੀ ਹੁੰਦਾ ਹੈ । ਗੁਰੂ ਨਾਨਕ ਦੇਵ ਜੀ ਦੀ ਸ਼ਖਸੀਅਤ ਹੀ ਪੰਜਾਬ ਵਾਰਤਕ ਦੇ ਜਨਮ ਦਾ ਕਾਰਨ ਬਣੀ ਕਿਉਂਕਿ ਉਨ੍ਹਾਂ ਦੀ ਮਹਾਨ ਵਿਅਕਤੀ ਸਾਰੇ ਪਾਸੇ ਛਾ ਗਈ ਸੀ । ਮੁਸਲਮਾਨ ਵੀ ਉਨ੍ਹਾਂ ਤੋਂ ਪ੍ਰਭਾਵਤ ਹੋਏ ਸਨ । ਉਨ੍ਹਾਂ ਦੀ ਰਚਨਾ 'ਪੱਟੀ' ਵਿਚ ਮਿਲਦੇ ਪੈਂਤੀ ਅੱਖਰੀ ਨੂੰ ਗੁਰੂ ਅੰਗਦ ਨੇ ਗੁਰਮੁਖੀ ਦਾ ਨਾਂ ਦਿੱਤਾ ਅਤੇ ਪਹਿਲੀ ਵਾਰਤਕ ਰਚਨਾ ਇਸ ਲਿਪੀ ਵਿਚ ਲਿਖੀ ਸੀ ।

ਗੁਰੂ ਨਾਨਕ ਦੇ ਵਿਚਾਰ ਇਕ ਵਿਸ਼ਾਲ ਪਿਛਵਾੜੇ ਤੇ ਆਲੇ ਦੁਆਲੇ ਨਾਲ ਸਬੰਧਤ ਹਨ, ਇਸ ਲਈ ਉਨ੍ਹਾਂ ਦਾ ਸ਼ਬਦ-ਭੰਡਾਰ ਚੁਫੇਰੇ ਮੰਡਲ ਵਿਚ ਵਸਦੀ ਅਨੇਕਤਾ ਦਾ ਦਰਸਾਊ ਹੈ । ਵੇਦਾਂ, ਸ਼ਾਸਤਰਾਂ, ਆਗਮਾਂ ਤੇ ਤੰਤਰਾਂ ਦੀ ਵਿਚਾਰ ਪ੍ਰਣਾਲੀ ਨੂੰ ਅਨੇਕ ਤਤਸਮਾਂ ਤੇ ਤਦਭਵਾਂ ਰਾਹੀਂ ਦੇਸ਼-ਭਾਸ਼ਾ ਵਿਚ ਬੰਦ ਕੀਤਾ ਹੈ । ਦੇਸ਼-ਭਾਸ਼ਾ ਦੀ ਸਮਰਥਾ ਨੂੰ ਅਨੇਕ ਸੰਸਕ੍ਰਿਤ, ਪ੍ਰਾਕ੍ਰਿਤ, ਅਪਭ੍ਰੰਸ਼, ਅਰਬੀ, ਫ਼ਾਰਸੀ ਆਦਿ ਦੇ ਸ਼ਬਦਾਂ ਦੀ ਵਰਤੋਂ ਕਰਕੇ ਵਧਾਇਆ ਗਿਆ ਹੈ ।

ਪਰ ਵਾਰਤਕ ਦੇ ਜਨਮ ਸਮੇਂ ਕਵਿਤਾ ਤੇ ਵਾਰਤਕ ਦੋਵੇਂ ਘੁਲ ਮਿਲ ਜਾਂਦੇ ਹਨ । ਵਾਰਤਕ ਵਿਚ ਕਾਵਿ-ਬੰਦਾਂ ਦਾ ਟਾਂਕਿਆ ਜਾਣਾ ਜ਼ਰੂਰੀ ਸਮਝਿਆ ਜਾਂਦਾ ਹੈ । ਇਸ ਤੋਂ ਛੁਟ ਵਾਰਤਕ ਵਿਚੋਂ ਵੀ ਕਵਿਤਾ ਵਰਗਾ ਸਵਾਦ ਆਉਂਦਾ ਹੈ । ਉਹੀ ਵਲਵਲਾ, ਉਹੀ ਲਿਯ ਉਹੀ ਰਹੱਸਮਈ ਪਕੜ ਤੋਲ ਤੇ ਤੁਕਾਂਤ ਤੋਂ ਬਿਨਾਂ ਹੁੰਦਿਆਂ ਵੀ ਵਾਰਤਕ ਨੂੰ ਕਿਸੇ ਕਵੀ-ਮਨ ਦੀ ਉਪਜ ਦਰਸਾਉਂਦੇ ਹਨ ।

ਸ਼ੁਰੂ ਸ਼ੁਰੂ ਵਿਚ ਜੀਵਨੀ, ਗੋਸ਼ਟ, ਪਰਮਾਰਥ ਤੇ ਟੀਕਾ ਸਭ ਸੰਮਿਲਤ ਹੁੰਦੇ ਹਨ ਪਰ ਹੌਲੇ ਹੌਲੇ ਇਹ ਅੰਗ ਨਿਖਰਦੇ ਅਤੇ ਉਘੜਦੇ ਜਾਂਦੇ ਹਨ ।

**ਪੰਜਾਬੀ ਵਾਰਤਕ ਦਾ ਵਿਕਾਸ**

ਜਿਸ ਤਰ੍ਹਾਂ ਉਪਰ ਕਿਹਾ ਜਾ ਚੁਕਾ ਹੈ, ਸ਼ੁਰੂ ਸ਼ੁਰੂ ਦੀ ਵਾਰਤਕ ਰਚਨਾ ਗੁਰੂ ਨਾਨਕ ਨਾਲ ਸਬੰਧਤ ਹੈ । ਗੁਰੂ ਨਾਨਕ ਦੇ ਮੁਖ ਤੋਂ ਰਤਨ ਰੂਪੀ ਬਚਨਾਂ ਦਾ ਜਿਹੜਾ ਪ੍ਰਗਟਾਓ ਹੋਇਆ ਉਨ੍ਹਾਂ ਨੂੰ ਸੰਭਾਲਣਾ ਜ਼ਰੂਰੀ ਸੀ । ਗੁਰੂ ਅੰਗਦ ਦੇਵ ਨੇ ਭਾਈ ਬਾਲੇ ਤੋਂ ਗੁਰੂ ਨਾਨਕ ਦਾ ਸਭ ਜੀਵਨ ਬਿਰਤਾਂਤ ਸੁਣਿਆ ਜੋ ਪੈੜੇ ਮੋਖੇ ਨੇ ਗੁਰਮੁਖੀ ਅੱਖਰਾਂ ਵਿਚ ਲਿਖਿਆ । ਇਹ ਜੀਵਨ ਬਿਰਤਾਂਤ ਭਾਈ ਬਾਲੇ ਦੀ ਜਨਮ ਸਾਖੀ ਦੇ ਨਾਂ ਨਾਲ ਪ੍ਰਸਿੱਧ ਹੋਇਆ । 1604 ਵਿਚ ਗੁਰੂ ਗ੍ਰੰਥ ਸਾਹਿਬ ਦੀ ਪਹਿਲੀ ਬੀੜ ਗੁਰੂ ਅਰਜਨ ਦੇਵ ਨੇ ਤਿਆਰ ਕਰਵਾਈ ਜਿਸ ਵਿਚ ਗੁਰੂ ਸਾਹਿਬਾਨ ਦੀ ਬਾਣੀ ਨੂੰ ਸੰਭਾਲ ਲਿਆ ਗਿਆ । ਬੀੜ ਬੰਨ੍ਹਣ ਦੇ ਸਮੇਂ ਬਾਬੇ ਮੋਹਨ ਦੀਆਂ ਪੋਥੀਆਂ ਤੋਂ ਛੁਟ ਹੋਰ ਕਈ ਸੋਮਿਆਂ ਤੋਂ ਗੁਰੂ ਨਾਨਕ ਦੀ ਬਾਣੀ ਇਕੱਠੀ ਕੀਤੀ ਗਈ । ਇਨ੍ਹਾਂ ਪੋਥੀਆਂ ਤੇ ਪਤਰਿਆਂ ਵਿਚ ਸੰਗਲਾਦੀਪ ਚੋਂ ਗੁਰੂ ਨਾਨਕ ਰਚਿਤ ਇਕ ਪੋਥੀ ਵੀ ਆਈ ਜਿਸ ਦਾ ਨਾਂ 'ਪ੍ਰਾਣ ਸੰਗਲੀ' ਹੈ । ਇਸ ਪੋਥੀ ਵਿਚ ਵੀ ਗੁਰੂ ਨਾਨਕ ਰਚਿਤ ਕੁਝ ਇਕ ਵਾਰਤਕ ਰਚਨਾਵਾਂ ਦਰਜ ਹਨ । ਇਸ ਪੋਥੀ ਦੀ ਬਾਣੀ ਗੁਰੂ ਗ੍ਰੰਥ ਸਾਹਿਬ ਵਿਚ ਸ਼ਾਮਲ ਨਹੀਂ ਕੀਤੀ ਗਈ । ਇਹ ਪੋਥੀ 1517 ਵਿਚ ਸੰਪੂਰਨ ਹੋਈ ਦੱਸੀ ਜਾਂਦੀ ਹੈ । ਗੁਰੂ ਅਰਜਨ ਦੇਵ ਦੇ ਸਮੇਂ ਵਿਚ ਹੀ ਮਿਹਰਬਾਨ ਵਾਲੀ ਜਨਮਸਾਖੀ ਤਿਆਰ ਹੋਈ 1635 ਵਿਚ ਪੁਰਾਤਨ ਜਨਮਸਾਖੀ ਲਿਖਤ ਵਿਚ ਆਈ 1640

Digitized by Panjab Digital Library | www.panjabdigilib.org

ਦੇ ਲਗਭਗ ਭਾਈ ਬਿਧੀ ਚੰਦ ਦੀ ਜਨਮਸਾਖੀ ਤਿਆਰ ਹੋਈ ਦਸੀ ਜਾਂਦੀ ਹੈ। ਮੈਕਾਲਿਫ਼ ਇਸ ਜਨਮਸਾਖੀ ਨੂੰ ਭਾਈ ਬਾਲੇ ਦੀ ਜਨਮਸਾਖੀ ਦਾ ਆਧਾਰ ਮੰਨਦਾ ਹੈ। ਇਨ੍ਹਾਂ ਜਨਮਸਾਖੀਆਂ ਤੋਂ ਛੁੱਟ ਹੋਰ ਵੀ ਕਈ ਨਸਖ਼ੇ ਬਾਅਦ ਵਿਚ ਲਿਖੇ ਗਏ। ਕਿਸੇ ਨੇ ਗੁਰੂ ਨਾਨਕ ਦੀਆਂ ਜੀਵਨ ਘਟਨਾਵਾਂ ਨਾਲ ਗੁਰੂ ਬਾਣੀ ਨੂੰ ਟਾਂਕ ਦਿੱਤਾ ਅਤੇ ਕਿਸੇ ਨੇ ਗੁਰੂ ਬਾਣੀ ਦੇ ਆਧਾਰ ਤੇ ਘਟਨਾਵਾਂ ਨੂੰ ਇਕੱਠਿਆਂ ਕੀਤਾ।

ਗੁਰੂ ਨਾਨਕ ਦੇਵ ਜੀ ਨੇ ਆਪਣੇ ਜੀਵਨ ਵਿਚ ਕਈ ਗੋਸ਼ਟਾਂ ਕੀਤੀਆਂ ਹਨ। ਇਹ ਗੋਸ਼ਟਾਂ ਜਨਮਸਾਖੀਆਂ ਤੋਂ ਅੱਡਰੀਆਂ ਵੀ ਮਿਲਦੀਆਂ ਹਨ। ਕਈ ਗੋਸ਼ਟਾਂ ਕਵਿਤਾ ਵਿਚ ਜਿਵੇਂ 'ਸਿਧ ਗੋਸ਼ਟ' ਗੁਰੂ ਗ੍ਰੰਥ ਸਾਹਿਬ ਵਿੱਚ ਹੈ। 'ਮੱਕੇ ਦੀ ਗੋਸ਼ਟ' ਕਵਿਤਾ ਵਿਚ ਹੈ। ਆਤਮੇ ਪ੍ਰਆਤਮੇ ਦੀ ਗੋਸ਼ਟ ਤੇ ਨਿਰੰਕਾਰ ਨਾਲ ਹੋਈ ਗੋਸ਼ਟ 'ਪ੍ਰਾਣ ਸੰਗਲੀ' ਵਿਚ ਦਰਜ ਹੈ। ਇਹ ਵਾਰਤਕ ਵਿਚ ਹਨ। ਹੋਰ ਗੋਸ਼ਟਾਂ ਅਜਿਤੇ ਰੰਧਾਵੇ, ਜਨਕ, ਕਲਜੁਗ, ਕਾਰੂੰ, ਗੋਰਖ ਆਦਿ ਨਾਲ ਹਨ।

ਗੁਰੂ ਅੰਗਦ ਦੇ ਬਚਨ 'ਗੁਰੂ ਕੇ ਮੁਹਿ ਦੀਆਂ ਸਾਖੀਆਂ' ਵਿਚ ਮਿਲਦੇ ਹਨ। ਗੁਰੂ ਹਰਿਰਾਏ ਸਾਹਿਬ ਦੀ ਸਪੁਤਰੀ ਬੀਬੀ ਰੂਪ ਕੌਰ ਦੇ ਹੱਥਾਂ ਦੀ ਇਕ ਲਿਖਤ ਸਾਨੂੰ ਕੀਰਤਪੁਰ ਦੇ ਇਕ ਗੁਰਦਵਾਰੇ ਵਿਚ ਮਿਲਦੀ ਹੈ।

ਗੁਰੂ ਗੋਬਿੰਦ ਸਿੰਘ ਦੇ ਸਮੇਂ ਸਿੱਖੀ ਰਹਿਤ ਲਈ ਜੋ ਸੂਚਨਾਵਾਂ ਦਿੱਤੀਆਂ ਗਈਆਂ, ਉਹ ਰਹਿਤਨਾਮਿਆਂ ਵਿਚ ਦਰਜ ਹਨ। ਗੁਰੂ ਸਾਹਿਬ ਨਾਲ ਸਬੰਧਤ ਸਾਖੀਆਂ 'ਸੌ ਸਾਖੀ' ਵਿਚ ਮਿਲਦੀਆਂ ਹਨ। ਇਕ ਹੋਰ ਗ੍ਰੰਥ ਜੋ ਗੁਰੂ ਸਾਹਿਬ ਨਾਲ ਸਬੰਧਤ ਕੀਤਾ ਜਾਂਦਾ ਹੈ, ਉਹ ਹੈ 'ਪ੍ਰੇਮ ਸੁਮਾਰਗ ਗ੍ਰੰਥ'। ਉਂਞ ਇਹ ਰਚਨਾ ਕਿਸੇ ਨਿਰਮਲੇ ਸਾਧੂ ਦੀ ਕਿਰਤ ਪ੍ਰਤੀਤ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਨੇ ਆਪ ਪੰਜਾਂ ਸਿੰਘਾਂ ਨੂੰ ਬਨਾਰਸ ਪੜ੍ਹਨ ਲਈ ਭੇਜਿਆ। ਵਾਪਸ ਆ ਕੇ ਇਨ੍ਹਾਂ ਸੱਜਣਾਂ ਨੇ ਕਵਿਤਾ ਤੇ ਵਾਰਤਕ ਦੇ ਖੇਤਰ ਵਿਚ ਉਚ ਕੋਟੀ ਦਾ ਕੰਮ ਕੀਤਾ। ਗੁਰਬਾਣੀ ਦੇ ਭਾਵਅਰਥ, ਪਰਮਾਰਥ ਤੇ ਟੀਕੇ ਲਿਖਣੇ ਸ਼ੁਰੂ ਸ਼ੁਰੂ ਵਿਚ ਇਨ੍ਹਾਂ ਮਹਾਂ ਪੁਰਸ਼ਾਂ ਦਾ ਹੀ ਕੰਮ ਹੈ। ਉਸ ਸਮੇਂ ਦੀ 'ਜਪੁ ਪਰਮਾਰਥ' ਅਤੇ 'ਟੀਕਾ ਸਿਧ ਗੋਸ਼ਟ ਆਦਿ ਮਿਲਦੇ ਹਨ।

ਪਿਛਲੇਰੇ ਮੁਗਲ ਕਾਲ ਵਿਚ ਭਾਈ ਮਨੀ ਸਿੰਘ ਤੇ ਅੱਡਣ ਸ਼ਾਹ ਦੋ ਮਹਾਨ ਵਾਰਤਕ ਲਿਖਾਰੀ ਹਨ। ਭਾਈ ਮਨੀ ਸਿੰਘ ਦੀਆਂ ਰਚਨਾਵਾਂ 'ਭਗਤ ਰਤਨਾਵਲੀ' ਤੇ 'ਗਿਆਨ ਰਤਨਾਵਲੀ ਨਿਰੇ ਟੀਕੇ ਹੀ ਨਹੀਂ, ਇਨ੍ਹਾਂ ਵਿਚ ਭਾਈ ਮਨੀ ਸਿੰਘ ਦੀ ਵਾਰਤਕ-ਸ਼ੈਲੀ ਇਕ ਨਵੇਂ ਵਾਰਤਕ ਰੂਪ ਵਿਚ ਉਘੜੀ ਹੈ। ਅੱਡਣ ਸ਼ਾਹ ਪਾਰਸ ਭਾਗ ਵਿਚ ਨਿਰਾ ਉਲਥਾਕਾਰ ਹੀ ਨਹੀਂ, ਭਾਈ ਮਨੀ ਸਿੰਘ ਵਾਂਗ ਹੀ ਉਸ ਦੀ ਆਪਣੀ ਨਿਵੇਕਲੀ ਪ੍ਰਤਿਭਾ ਹੈ। ਇਕ ਹੋਰ ਗ੍ਰੰਥ 'ਅੱਡਣ ਸ਼ਾਹ ਦੀਆਂ ਸਾਖੀਆਂ' ਵੀ ਮਿਲਦਾ ਹੈ।

ਨਾਨਕ ਕਾਲ ਦੀਆਂ ਸਾਖੀਆਂ ਦੀ ਪ੍ਰਥਾ ਇਸ ਸਮੇਂ ਜਾਰੀ ਰਹੀ ਹੈ। ਇਹ ਸਾਖੀਆਂ ਜਾਂ ਪਰਚੀਆਂ ਗੁਰੂ ਅਤੇ ਗੁਰੂ ਕੇ ਸਿੱਖਾਂ ਦੇ ਜੀਵਨ ਨਾਲ ਸੰਬੰਧਤ ਹਨ। ਇਸ ਸਮੇਂ ਭਗਤਾਂ ਦੀਆਂ ਪਰਚੀਆਂ ਵੀ ਲਿਖੀਆਂ ਗਈਆਂ ਜਿਵੇਂ ਕਬੀਰ ਦੀ ਪਰਚੀ, ਰਵਿਦਾਸ ਦੀ ਪਰਚੀ। ਪੁਰਾਤਨ ਇਤਿਹਾਸਿਕ ਕਹਾਣੀਆਂ ਨੂੰ ਪੰਜਾਬੀ ਵਾਰਤਕ ਦਾ ਜਾਮਾ ਪੁਆਇਆ ਗਿਆ ਜਿਵੇਂ ਰਾਜਾ ਬਿਕਰਮ, ਭਰਥਰੀ ਹਰੀ ਅਤੇ ਮੈਨਾਵੰਤੀ ਦੀਆਂ ਕਹਾਣੀਆਂ। ਇਸ ਸਮੇਂ ਅੱਡਣਸ਼ਾਹੀਆਂ ਨੇ ਵੀ ਸਾਹਿਤ

Digitized by Panjab Digital Library | www.panjabdigilib.org

ਰਚਨਾ ਵਿਚ ਭਾਗ ਲਿਆ। ਭਾਈ ਕਨ੍ਹਈਆ ਦੀ ਪਰਚੀ ਇਸੇ ਸਮੇਂ ਦੀ ਲਿਖਤ ਹੈ। ਵੈਸ਼ਨਵ ਸਾਧਾਂ ਦੇ ਭਾਗਵਤ ਪੁਰਾਣ, ਭਗਵਤਗੀਤਾ, ਯੋਗਵਸ਼ਿਸ਼ਟ, ਅਪਰੋਖ ਅਨੁਭਵ, ਵਿਸ਼ਨੂੰ ਪੁਰਾਣ ਅਤੇ ਉਪਨਿਸ਼ਦਾਂ ਆਦਿ ਦੇ ਉਲਥੇ ਮਿਲਦੇ ਹਨ। 'ਲਉ ਕੁਸ਼ੂ ਸੰਬਾਦ' ਬਿਬੇਕ, ਗੀਤਾ ਮਹਾਤਮ ਅਤੇ ਗੀਤਾ ਸਾਰ ਇਸ ਸਮੇਂ ਦੀਆਂ ਕੁਝ ਹੋਰ ਪੁਸਤਕਾਂ ਹਨ। ਇਸ ਸਮੇਂ ਮੁਸਲਮਾਨਾਂ ਨੇ ਵੀ ਪੰਜਾਬੀ ਵਿਚ ਕੁਝ ਲਿਖਣ ਦੀ ਕੋਸ਼ਿਸ਼ ਕੀਤੀ ਜਿਵੇਂ 'ਪੱਕੀ ਰੋਟੀ ਵਿਚ ਹਜ਼ਰਤ ਮੁਹੰਮਦ ਦੀ ਜੀਵਨੀ ਵੀ ਮਿਲਦੀ ਹੈ।

ਇਉਂ ਨਾਨਕ ਕਾਲ ਤੇ ਪਿਛਲੇਰੇ ਮੁਗਲ ਕਾਲ ਦੀਆਂ ਰਚਨਾਵਾਂ ਵਿਚ ਸਿੱਖਾਂ, ਹਿੰਦੂਆਂ ਅਤੇ ਮੁਸਲਮਾਨਾਂ ਦੀਆਂ ਧਾਰਮਕ ਤੇ ਅਧਿਆਤਮਕ ਲੋੜਾਂ ਨੂੰ ਮੁਖ ਰਖ ਕੇ ਵਾਰਤਕ ਸਾਹਿਤ ਪੈਦਾ ਹੋਇਆ। 1799 ਵਿਚ ਜਦੋਂ ਰਣਜੀਤ ਸਿੰਘ ਨੇ ਪੰਜਾਬ ਵਿੱਚ ਸਿੱਖ ਰਾਜ ਸਥਾਪਤ ਕੀਤਾ ਤਾਂ ਪੁਰਾਤਨ ਪੰਜਾਬੀ ਵਾਰਤਕ ਦੀ ਪ੍ਰਥਾ ਖ਼ਤਮ ਹੋ ਗਈ। ਜੇ ਰਣਜੀਤ ਸਿੰਘ ਕਾਲ ਵਿਚ ਵਾਰਤਕ ਦੇ ਖੇਤਰ ਵਿਚ ਕੋਈ ਕੰਮ ਹੋਇਆ ਹੈ ਤਾਂ ਉਹ ਉਲਥੇ ਹੀ ਸਨ।

ਨਾਨਕ ਕਾਲ ਅਤੇ ਪਿਛਲੇਰੇ ਮੁਗਲ ਕਾਲ ਵਿਚ ਜੋ ਵਾਰਤਕ ਸਾਹਿਤ ਪੈਦਾ ਹੋਇਆ ਉਸ ਨੂੰ ਅਸੀਂ ਹੇਠ ਲਿਖੇ ਤਿੰਨ ਭਾਗਾਂ ਵਿਹ ਵੰਡਦੇ ਹਾਂ :—

(ੳ) ਸਿੱਖੀ ਜੀਵਨ ਨਾਲ ਸਬੰਧਤ ਵਾਰਤਕ ਸਾਹਿਤ,
(ਅ) ਹਿੰਦੂ ਜੀਵਨ ਨਾਲ ਸਬੰਧਤ ਵਾਰਤਕ ਸਾਹਿਤ,
(ੲ) ਮੁਸਲਮਾਨੀ ਜੀਵਨ ਨਾਲ ਸਬੰਧਤ ਵਾਰਤਕ ਸਾਹਿਤ।

ਹੁਣ ਅਸੀਂ ਇਨ੍ਹਾਂ ਵਿਚੋਂ ਇਕ ਲੈ ਕੇ ਵਿਚਾਰ ਕਰਦੇ ਹਾਂ —

**(ੳ) ਸਿੱਖੀ ਜੀਵਨ ਨਾਲ ਸਬੰਧਤ ਵਾਰਤਕ ਸਾਹਿਤ —**

ਇਸ ਅੰਗ ਵਿਚ ਹੇਠ ਲਿਖੀਆਂ ਰਚਨਾਵਾਂ ਆਉਂਦੀਆਂ ਧਨ :—

(1) ਜਨਮ ਸਾਖੀਆਂ ਤੇ ਸਾਖੀਆਂ
  (ੳ) ਹਾਜ਼ਰਨਾਮਾ
  (ਅ) ਪ੍ਰਾਣ-ਸੰਗਲੀ
(2) ਗੋਸ਼ਟਾਂ
(3) ਪਰਮਾਰਥ ਤੇ ਟੀਕੇ
(4) ਰਹਿਤਨਾਮੇ
(5) ਨਿਰਮਲੇ ਸੰਤਾਂ ਦੀਆਂ ਵਾਰਤਕ ਰਚਨਾਵਾਂ
(6) ਭਾਈ ਮਨੀ ਸਿੰਘ ਦੀਆਂ ਰਚਨਾਵਾਂ
(7) ਅੱਡਣ ਸ਼ਾਹ ਦੀਆਂ ਰਚਨਾਵਾਂ
(8) ਉਲਥੇ ਤੇ ਹੋਰ ਰਚਨਾਵਾਂ।

(1) **ਜਨਮ ਸਾਖੀਆਂ :—** ਗੁਰੂ ਨਾਨਕ ਦੇ ਜੋਤੀ ਜੋਤ ਸਮਾਉਣ ਮਗਰੋਂ ਗੁਰਸਿਖਾਂ ਦੀ ਗਿਆਤ ਲਈ ਗੁਰੂ ਅੰਗਦ ਦੇਵ ਦੇ ਕਹਿਣ ਤੇ ਗੁਰੂ ਨਾਨਕ ਦੇ ਜੀਵਨ ਸਮਾਚਾਰ ਲੇਖਣੀ-ਬਧ ਕੀਤੇ ਗਏ। ਇਸ ਸੱਚੇ ਨੂੰ ਜਨਮ ਸਾਖੀ ਦਾ ਨਾਂ ਦਿੱਤਾ ਗਿਆ। ਇਹ ਜਨਮ ਸਾਖੀ ਭਾਈ ਬਾਲੇ

Digitized by Panjab Digital Library | www.panjabdigilib.org

ਦੀ ਜਨਮ ਸਾਖੀ ਅਖਵਾਈ, ਕਿਉਂਕਿ ਇਸ ਵਿਚਲੀਆਂ ਘਟਨਾਵਾਂ ਭਾਈ ਬਾਲੇ ਤੋਂ ਸੁਣ ਕੇ ਲਿਖੀਆਂ ਗਈਆਂ ਸਨ। ਇਹ ਜਨਮ ਸਾਖੀ ਦੇ ਕਈ ਨੁਸਖ਼ੇ ਵਾਧ ਘਾਟ ਨਾਲ ਲਿਖੇ ਗਏ। ਸਭ ਤੋਂ ਪਹਿਲਾ ਨੁਸਖ਼ਾ ਜੋ ਪੈੜ ਮੋਖੇ ਨੇ ਗੁਰੂ ਅੰਗਦ ਦੇਵ ਦੀ ਹਜ਼ੂਰੀ ਵਿਚ ਲਿਖਿਆ ਸੀ, ਉਹ ਹੁਣ ਸਾਨੂੰ ਨਹੀਂ ਮਿਲਦਾ। ਬਹੁਤ ਹੱਥਾਂ ਵਿਚੋਂ ਨਿਕਲਣ ਕਰਕੇ ਇਹਦੀ ਬੋਲੀ ਵਿਚ ਫ਼ਰਕ ਪੈਂਦਾ ਗਿਆ ਹੈ ਅਤੇ ਨਾਲ ਹੀ ਨਕਲ ਕਰਨ ਵਾਲਿਆਂ ਨੇ ਆਪਣੀ ਸਮਝ ਅਨੁਸਾਰ ਕੁਝ ਕੁ ਨਵੇਂ ਸ਼ਬਦ ਪਾ ਦਿਤੇ ਜਿਨ੍ਹਾਂ ਨੇ ਅੱਜ ਦੇ ਵਿਦਵਾਨਾਂ ਵਿਚ ਕਈ ਭੁਲੇਖੇ ਪਾ ਦਿਤੇ ਹਨ। ਕਈ ਲੋਕਾਂ ਨੇ ਤਾਂ ਇਥੋਂ ਤਕ ਕਹਿ ਦਿੱਤਾ ਹੈ ਕਿ ਬਾਲਾ ਵੀ ਇਕ ਫ਼ਰਜ਼ੀ ਨਾਂ ਹੈ। ਉਨ੍ਹਾਂ ਦੇ ਵਿਚਾਰ ਅਨੁਸਾਰ ਭਾਈ ਗੁਰਦਾਸ ਜੀ ਨੇ ਆਪਣੀ ਯਾਰ੍ਹਵੀਂ ਵਾਰ ਵਿਚ ਜਿਥੇ ਸਿੱਖਾਂ ਦੇ ਨਾਂ ਦਿਤੇ ਹਨ ਉਥੇ ਮਰਦਾਨੇ ਦਾ ਜ਼ਿਕਰ ਤਾਂ ਜ਼ਰੂਰ ਕੀਤਾ ਹੈ, ਬਾਲੇ ਦਾ ਨਹੀਂ ਕੀਤਾ। ਪਰ ਤੇਰ੍ਹਵੀਂ ਪਉੜੀ ਦੀ ਪਹਿਲੀ ਤੁਕ "ਤਾਰੂ ਪੋਪਟ ਤਾਰਿਆ ਗੁਰਮੁਖ ਬਾਲ ਸੁਭਾਇ ਉਦਾਸੀ" ਵਿਚ 'ਬਾਲ' ਸ਼ਬਦ ਨੂੰ ਤਾਰੂ ਪੋਪਟ ਨਾਲ ਜੋੜ ਕੇ ਵਿਦਵਾਨਾਂ ਨੇ ਭਾਈ ਬਾਲੇ ਦੀ ਸ਼ਖ਼ਸੀਅਤ ਨਾਲ ਅਨਿਆਂ ਕੀਤਾ ਹੈ।

ਭਾਈ ਬਾਲੇ ਦੀ ਜਨਮ ਸਾਖੀ ਦਾ ਪ੍ਰਭਾਵ ਦੂਜੀਆਂ ਜਨਮ ਸਾਖੀਆਂ ਤੇ ਪ੍ਰਤੱਖ ਹੈ। ਹਿੰਦਾਲੀਆਂ ਨੇ ਇਸ ਨੂੰ ਆਪਣੇ ਲਾਭ ਹਿਤ ਵਰਤਿਆ। ਮਿਹਰਵਾਨ ਜੋ ਪ੍ਰਿਥੀ ਚੰਦ ਦਾ ਲੜਕਾ ਸੀ ਉਸ ਨੇ ਵੀ ਆਪਣੇ ਲਾਭ ਹਿਤ ਇਸਨੂੰ ਵਰਤ ਕੇ ਆਪਣੀ ਜਨਮ ਸਾਖੀ ਬਣਾਈ। ਮਿਹਰ-ਵਾਨ ਜੋ ਨਾਨਕ ਦੇ ਨਾਂ ਹੇਠ ਬਾਣੀ ਵੀ ਰਚ ਰਿਹਾ ਸੀ ਅਤੇ ਗੁਰੂ ਅਰਜਨ ਦੇਵ ਤੋਂ ਮਗਰੋਂ ਗੁਰੂ ਬਣਨ ਦਾ ਚਾਹਵਾਨ ਸੀ, ਗੁਰੂ ਅੰਗਦ ਦੇਵ ਜੀ ਵਾਂਗ ਉਸਨੇ ਵੀ ਇਕ ਜਨਮ ਸਾਖੀ ਰਚ ਲਈ ਜਾਂ ਰਚਾ ਲਈ। ਪੁਰਾਤਨ ਜਨਮ ਸਾਖੀ ਜੋ 1635 ਵਿਚ ਲਿਖੀ ਗਈ, ਉਸ ਦੀਆਂ ਕਈ ਸਾਖੀਆਂ ਭਾਈ ਬਾਲੇ ਵਾਲੀ ਜਨਮ ਸਾਖੀ ਦੀਆਂ ਸਾਖੀਆਂ ਨਾਲ ਮਿਲਦੀਆਂ ਜੁਲਦੀਆਂ ਹਨ। ਇਉਂ ਜਾਪਦਾ ਹੈ ਕਿ ਪੁਰਾਤਨ ਜਨਮ ਸਾਖੀ ਦੇ ਕਰਤਾ ਪਾਸ ਭਾਈ ਬਾਲੇ ਵਾਲੀ ਜਨਮ ਸਾਖੀ ਦਾ ਨੁਸਖ਼ਾ ਮੌਜੂਦ ਸੀ। ਮਿਸਾਲ ਵਜੋਂ ਵੇਖੋ :—

"ਮਰਦਾਨਾ ਦੇਖ ਕਰ ਲਗਾ ਮਿਯਾਕਰਨ। ਤਬ ਉਹ ਘੜਾ ਲੈ ਕਰ ਆਈ ਤਾਂ ਗੁਰੂ ਨਾਨਕ ਜੀ ਕਹਯਾ ਅਸਾਡਾ ਆਦਮੀ ਦੇਹੁ ਆਸਾ ਸੀ ਤਬ ਉਸ ਤ੍ਰੀਮਤ ਕਹਿਯਾ ਏਥੇ ਕੋਈ ਨਹੀਂ ਆਯਾ। ਤਸੀਂ ਦੇਖ ਲੇਹੁ ਤਾਂ ਗੁਰੂ ਨਾਨਕ ਜੀ ਸਲੋਕ ਬੋਲਯਾ।

**ਕਲਰ ਦੀਆ ਵਣਜਾਰੀਆ ਝੂਠੇ ਪੁਸਕ ਮਗੇਨ।**
**ਅਮਲ ਬਾਝੋਂ ਨਾਨਕਾ ਕਿਉਂ ਕਰ ਖਸਮ ਮਿਲੇਨ।**

ਤਬ ਉਸ ਕੇ ਸਿਰ ਨਾਲ ਘੜਾ ਲਗ ਗਯਾ। ਉਤਰੇ ਨਾਹੀ। ਕੂੜ ਕਾ ਸਦਕਾ ਲਈ ਫਿਰੈ ਤਾ ਨੂਰਸਾਹ ਨੋ ਖਬਰ ਹੋਈ ਜੋ ਇਕ ਤ੍ਰੀਮਤ ਆਈ ਹੈ ਸਿਰ ਉਤੋਂ ਘੜਾ ਉਤਰਦਾ ਨਾਹੀਂ। ਹੁਕਮ ਕੀਤਾ ਨੂਰਸਾਹ ਜੋ ਕੋਈ ਸਯਾਣੇ ਮੰਤ੍ਰੀ ਹੈ ਸਭ ਨੂੰ ਲਯਾਵਹੁ। ਆਪ ਆਪਣੀ ਬਿਦਯਾ ਲੈ ਆਏ ਕੋਈ ਦਰਖਤ ਉਪਰ ਚੜਿ ਆਈ ਕੋਈ ਮ੍ਰਿਗ ਛਾਲਾ ਉਪਰ ਚੜਿ ਆਈ ਕੋਈ ਚਾਦਰ ਉਪਰ ਚੜਿ ਆਈ ਕੋਈ ਬਾਘ ਨਾਲ ਲਯਾਈ ਕੋਈ ਢੋਲ ਬਜਾਵਦੀ ਆਈ ਤਬ ਆਇ ਕਰ ਲਗੀਆ ਕਾਮਣ ਪਾਵਣ ਸਭ ਤ੍ਰੀਮਤਾਂ ਆਈਆਂ ਕਾਰੂ ਦੇਸ ਦੀਆਂ ਬਾਬੇ ਨੂੰ ਧਾਗੇ ਬੰਨ੍ਹਣ ਲਗੀਆਂ ਅਤੇ ਮੰਤ੍ਰੀ ਸਭੇ ਆਪੋ ਆਪਣਾ ਮੰਤ੍ਰ ਲਗੇ ਪੜ੍ਹਨ ਤਾਂ ਗੁਰੂ ਨਾਨਕ ਜੀ ਬੈਠੇ ਥੇ ਮਰਦਾਨੇ ਵਲ ਦੇਖਿਆ

Digitized by Panjab Digital Library | www.panjabdigilib.org

ਤਾਂ ਮਰਦਾਨਾ ਲਗਾ ਮਿਯਾਕਣ ਤਾਂ ਗੁਰੂ ਨਾਨਕ ਜੀ ਹਸੇ ਆਖਿਓਸੁ ਵਾਹਿਗੁਰੂ ਕਰ ਕੇ ਮੱਥਾ ਟੇਕ ਰਬਾਬ ਲੈ ਕਰ ਆਉ ਤਾਂ ਮਰਦਾਨੇ ਮਥਾ ਟੇਕਿਆ । ਗਲਹੁ ਧਾਗਾ ਟੁਟ ਪਇਆ ।

(ਜਨਮ ਸਾਖੀ ਸ੍ਰੀ ਗੁਰੂ ਬਾਬੇ ਨਾਨਕ ਜੀ ਕੀ । ਪ੍ਰਕਾਸ਼ਕ ਮੀਆਂ ਚਿਰਾਗ ਦੀਨ ਸਿਰਾਜ ਦੀਨ ਲਾਹੌਰ ਸੰਮਤ ਬਿਕਰਮੀ 1947, ਪੰਨਾ 103—107) ।

ਤਬ ਬਾਬੇ ਵਲੋਂ ਦੇਖਿ ਕਰ ਲਗਾ ਮੈਆਕਨਿ । ਤਬ ਓਹੁ ਘੜਾ ਲੈ ਕਰਿ ਆਈ, ਤਾਂ ਗੁਰੂ ਨਾਨਕ ਓਹੁ ਪੁਛੀ, ਆਇਆ, ਅਸਾਡਾ ਆਦਮੀ ਇਥੇ ਆਇਆ ਹੈ ?' ਤਬ ਉਸਿ ਕਹਿਆ, 'ਇਥੇ ਕੋਈ ਨਾਹੀ ਆਇਆ । ਦੇਖ ਲੈ' । ਤਬਿ ਬਾਬਾ ਬੋਲਿਆ :—

ਸਲੋਕ : **ਕਲਰੁ ਕੀਆ ਵਣਜਾਰੀਆ ਝੂੰਗੇ ਮੁਸਨੁ ਮੰਗੇਨ ।**

**ਅਮਲਾ ਬਾਝੂ ਨਾਨਕਾ ਕਿਉ ਕਰਿ ਖਸਮਿ ਮਿਲੇਨ । 1 ।**

ਤਬਿ ਉਸ ਕੇ ਸਿਰ ਉਪਰਿ ਘੜਾ ਰਹਿਆ, ਉਤਰੈ ਨਾਹੀ । ਕੂੜਿ ਕਾ ਸਦਕਾ ਲਈ ਫਿਰੇ, ਤਬਿ ਨੂਰਸਾਹਿ ਨੂੰ ਖਬਰ ਹੋਈ, ਜੋ ਏਕ ਐਸਾ ਮੰਤ੍ਰਵਾਨ ਆਇਆ ਹੈ । ਜੋ ਸਿਰ ਤੇ ਘੜਾ ਨਹੀਂ ਉਤਰਦਾ । ਤਬਿ ਨੂਰਸਾਹੁ ਹੁਕਮੁ ਕੀਤਾ, ਜੋ ਕੋਈ ਸਹਿਰ ਵਿਚ ਮੰਤ੍ਰਵਾਨ ਹੈ । ਸੋ ਰਹਿਣਾ ਨਾਹੀਂ । ਤਬ ਜਹਾ ਕਹਾ ਤਾਝੀ ਕੋਈ ਮੰਤ੍ਰਵਾਨਾ ਦੀ । ਸੋ ਸਭ ਆਪੋ ਆਪਣੀ ਵਿਦਿਆ ਲੈ ਆਈਆਂ । ਕਾਈ ਦਰਖਤ ਉਪਰਿ ਚੜਿ ਆਈ । ਕਾਈ ਮਿਰਗਛਾਲਾ ਉਪਰ ਚੜਿ ਆਈ । ਕੋਈ ਚੰਦ ਉਪਰਿ ਚੜਿ ਆਈ । ਕਾਈ ਕੰਧ ਉਪਰਿ ਚੜਿ ਆਈ । ਕੋਈ ਬਾਗੁ ਸਾਥਿ ਲੇ ਆਈ ਕਾਈ ਢੋਲ ਲੈ ਬਜਾਵਦੀ ਆਈ । ਤਬਿ ਆਇ ਕਰ ਲਗੀਆਂ ਕਾਮਣ ਪਾਵਣ ਧਾਗੇ ਬੰਨਿ ਬੰਨਿ ਕਰਿ । ਤਬ ਬਾਬੇ ਮਰਦਾਨੇ ਬੰਨੇ ਦੇਖਿਆ, ਤਾਂ ਮਰਦਾਨਾ ਲਗਾ ਮੈਆਕਨਿ; ਤਬ ਗੁਰੂ ਬਾਬਾ ਹਸਿਆ । ਆਖਿਓਸੁ, 'ਮਰਦਾਨਿਆ ! ਵਾਹਿਗੁਰੂ ਕਹਿ ਕਰ ਮਥਾ ਟੇਕ ।' ਗਲੋਂ ਧਾਗਾ ਤੁਟ ਪਇਆ ।

(ਪੁਰਾਤਨ ਜਨਮ ਸਾਖੀ ਪੰਨਾ 39-40)

ਪਾਠਕ ਨੂੰ ਇਨ੍ਹਾਂ ਦੋਹਾਂ ਮਿਸਾਲਾਂ ਦੇ ਤੁਲਨਾਤਮਕ ਅਧਿਐਨ ਤੋਂ ਪਤਾ ਲਗ ਜਾਏਗਾ, ਕਿ ਇਨ੍ਹਾਂ ਵਿਚ ਕੋਈ ਖਾਸ ਫ਼ਰਕ ਨਹੀਂ । ਹਰ ਸਾਖੀਕਾਰ ਦੇ ਹਥ ਵਿਚ ਦਾ ਥੋੜਾ ਜਿੰਨਾਂ ਸ਼ਬਦਾਂ ਦਾ ਫ਼ਰਕ ਪੈ ਜਾਣਾ ਕੋਈ ਵੱਡੀ ਗੱਲ ਨਹੀਂ । ਇਹ ਠੀਕ ਹੈ ਕਿ ਕੁਝ ਮਗਰਲੇ ਸਾਖੀਕਾਰਾਂ ਨੇ ਆਪਣੀ ਰਚਨਾ ਵਿਚ ਸਾਖੀਆਂ ਦੀ ਤਰਤੀਬ ਵਿਚ ਜ਼ਰੂਰ ਫ਼ਰਕ ਪਾਇਆ ਹੈ । ਕਿਤੇ ਗੁਰੂ ਨਾਨਕ ਦੀਆਂ ਚਾਰ ਉਦਾਸੀਆਂ ਦਾ ਜ਼ਿਕਰ ਹੈ, ਕਿਤੇ ਪੰਜ ਉਦਾਸੀਆਂ ਦਾ । ਕਿਤੇ ਉਨ੍ਹਾਂ ਦੀ ਜਨਮ ਤਿਥੀ ਵੈਸਾਖ ਦੀ ਹੈ ਕਿਤੇ ਕੱਤਕ ਦੀ । ਕਈ ਨੁਸ਼ਖਿਆਂ ਵਿਚ ਵਾਧੂ ਸਾਖੀਆਂ ਵੀ ਮਿਲਦੀਆਂ ਹਨ । ਹਰ ਸਾਖੀਕਾਰ ਨਾਲ ਸ਼ੈਲੀ ਦੀ ਭਿੰਨਤਾ ਦਾ ਉਜਾਗਰ ਹੋਣਾ ਅਵੱਸ਼ ਸੀ । 1640 ਵਿਚ ਲਿਖੀ ਗਈ ਬਿਧੀ ਚੰਦ ਦੇ ਨਾਂ ਨਾਲ ਸਬੰਧਤ ਜਨਮ ਸਾਖੀ ਵੀ ਭਾਈ ਬਾਲੇ ਦੀ ਜਨਮ ਸਾਖੀ ਤੋਂ ਭਿੰਨ ਨਹੀਂ । ਡਾ: ਮੋਹਨ ਸਿੰਘ ਨੇ ਇਸਨੂੰ ਭਾਈ ਬਾਲੇ ਦੀ ਜਨਮ ਸਾਖੀ ਦਾ ਆਧਾਰ ਮੰਨਿਆ ਹੈ ਪਰ ਮੇਰੀ ਜਾਂਚੇ ਇਉਂ ਕਹਿਣਾ ਹੀ ਠੀਕ ਹੋਏਗਾ ਕਿ ਬਿਧੀ ਚੰਦ ਦੀ ਜਨਮ ਸਾਖੀ ਭਾਈ ਬਾਲੇ ਦੀ ਜਨਮ ਸਾਖੀ ਦਾ ਹੀ ਇਕ ਰੂਪ ਹੈ ।

ਕਈ ਸਾਖੀਕਾਰਾਂ ਨੇ ਜਿਥੇ ਭਾਈ ਬਾਲੇ ਦੀ ਜਨਮ ਸਾਖੀ ਤੋਂ ਜਾਣ ਬਝ ਕੇ ਭਿੰਨਤਾ

Digitized by Panjab Digital Library | www.panjabdigilib.org

ਲਿਆਉਣ ਦੀ ਕੋਸ਼ਿਸ਼ ਕੀਤੀ ਹੈ, ਉਥੇ ਉਨ੍ਹਾਂ ਨੇ ਕਈ ਭੁਲਾਂ ਕੀਤੀਆਂ ਹਨ। ਪੁਰਾਤਨ ਜਨਮ-ਸਾਖੀ ਦੇ ਕਰਤਾ ਨੇ ਕਈ ਜਨਮ ਸਾਖੀਆਂ ਵਿਚ ਦੂਜੇ ਗੁਰੂ ਸਾਹਿਬਾਨ ਦੀ ਬਾਣੀ ਗੁਰੂ ਨਾਨਕ ਦੇਵ ਦੇ ਨਾਂ ਨਾਲ ਜੋੜ ਦਿੱਤੀ ਹੈ। ਉਦਾਸੀਆਂ ਦੇ ਸ਼ੁਰੂ ਹੋਣ ਸਮੇਂ ਗੁਰੂ ਨਾਨਕ ਦਾ ਪਹਿਰਾਵਾ ਬੜਾ ਅਜੀਬ ਜਿਹਾ ਦਸਿਆ ਹੈ। ਇਹਦਾ ਇਹ ਭਾਵ ਨਹੀਂ ਕਿ ਜੋ ਕੁਝ ਭਾਈ ਬਾਲੇ ਵਾਲੀ ਜਨਮ ਸਾਖੀ ਵਿਚ ਦਸਿਆ ਗਿਆ ਹੈ, ਉਹ ਯਥਾਰਥਕ ਹੈ। ਭਾਈ ਬਾਲੇ ਵਾਲੀ ਜਨਮ ਸਾਖੀ ਦੀਆਂ ਘਟਨਾਵਾਂ ਰੋਮਾਂਚਿਕ ਰੰਗਣ ਦੀਆਂ ਹਨ। ਜਨਮ ਸਾਖੀਆਂ ਦੇ ਲਿਖਣਹਾਰਿਆਂ ਨੇ ਗੁਰੂ ਨਾਨਕ ਦੀ ਸ਼ਖ਼ਸੀਅਤ ਨੂੰ ਅਸਾਧਾਰਨ ਬਣਾ ਦਿੱਤਾ ਹੈ। ਅਸੀਂ ਮਹਿਸੂਸ ਕਰਦੇ ਹਾਂ ਕਿ ਰੱਬ ਵਲੋਂ ਭੇਜਿਆ ਗਿਆ ਮਹਾਂ ਪੁਰਸ਼ ਪੰਜ-ਭੂਤਕ ਸਰੀਰ ਸਮੇਤ ਉਡਾਰੀ ਮਾਰ ਕੇ ਪੁਲਾੜ ਨੂੰ ਚੀਰਦਾ ਹੈ ਅਤੇ ਨਾ ਕੇਵਲ ਨੌਖੰਡਾ ਪ੍ਰਿਥਮੀ ਨੂੰ ਗਾਂਹਦਾ ਹੈ ਸਗੋਂ ਹੋਰ ਅਨੇਕ ਮੰਡਲਾਂ ਅਤੇ ਲਖਾਂ ਹੀ ਆਕਾਸ਼ਾਂ ਪਤਾਲਾਂ ਨੂੰ।

ਗੁਰੂ ਨਾਨਕ ਦੀ ਵਚਿੱਤਰ ਜੀਵਨੀ ਵਿਚ ਸਾਨੂੰ ਕੋਈ ਵਿਕਾਸ ਪ੍ਰਤੀਤ ਨਹੀਂ ਹੁੰਦਾ। ਉਹ ਬਚਪਨ ਤੋਂ ਲੈ ਕੇ ਬ੍ਰਿਧ ਅਵਸਥਾ ਤੀਕ ਇਕਸਾਰ ਰਹਿੰਦੇ ਹਨ। ਉਹ ਸਰਬਗ, ਸਰਬ ਸ਼ਕਤੀ-ਮਾਨ, ਸਰਬ-ਵਿਜਈ ਅਤੇ ਪੂਰਨ ਸਿੱਧ ਹਨ। ਉਹ ਰਾਜਿਆਂ ਅਤੇ ਪੀਰਾਂ ਫ਼ਕੀਰਾਂ, ਪੰਡਤਾਂ ਅਤੇ ਵਿਦਵਾਨਾਂ, ਯੋਗੀਆਂ ਅਤੇ ਆਚਾਰੀਆਂ ਸਾਰਿਆਂ ਦੀ ਹਉਮੈ ਦੇ ਪੋਲ ਨੂੰ ਖੋਲ੍ਹਦੇ ਹਨ ਅਤੇ ਉਚੇਰੇ ਆਤਮਕ ਜੀਵਨ ਵਲ ਪ੍ਰੇਰਦੇ ਹਨ। ਉਹ ਕਲਜੁਗ ਦੇ ਜੀਭ-ਰਸ ਅਤੇ ਇੰਦ੍ਰੀ-ਰਸ ਵਿਚ ਖਚਿਤ ਪ੍ਰਾਣੀਆਂ ਦੀ ਵਿਸ਼ੇ ਰੂਪੀ ਅਗਨੀ ਨੂੰ ਨਿਵਾਰਹ ਰਾਖਸ਼ਾਂ ਅਤੇ ਦੈਂਤਾਂ ਠੱਗਾਂ ਨੂੰ ਸੁਧਾਰਦੇ ਹਨ ਅਤੇ ਪਸੂਆਂ, ਜਾਦੂਗਰਾਂ ਅਤੇ ਬਨਮਾਣਸਾਂ ਨੂੰ ਵੀ ਤਾਰਦੇ ਹਨ।

ਜੀਵਨੀ ਦੇ ਨਿਯਮਾਂ ਨੂੰ ਮੁੱਖ ਰਖਕੇ ਜਨਮ ਸਾਖੀਆਂ ਸਫ਼ਲ ਜੀਵਨੀਆਂ ਨਹੀਂ ਕਹੀਆਂ ਜਾ ਸਕਦੀਆਂ। ਉਨ੍ਹਾਂ ਦਾ ਬਿਆਨ ਕਾਵਿਕ ਹੈ ਅਤੇ ਅ-ਵਾਸਤਵਿਕ ਵੀ। ਉਨ੍ਹਾਂ ਦੀ ਰਚਨਾਂ ਪਿਛੇ ਪੁਰਾਣਕ ਕਥਾਵਾਂ ਦੀ ਪਰੰਪਰਾ ਹੈ, ਬੋਧੀ ਜਾਤਕਾਂ ਦੀ ਪਰੰਪਰਾ ਹੈ, ਮੁਸਲਮਾਨੀ ਮਿਥਿਹਾਸ ਹੈ। ਇਹ ਸਭ ਕੁਝ ਜਿਥੇ ਉਨ੍ਹਾਂ ਨੂੰ ਕਰਾਮਾਤੀ ਘਟਨਾਵਾਂ ਨਾਲ ਭਰਦਾ ਹੈ, ਉਥੇ ਗੁਰੂ ਦੇ ਸੁੰਦਰ ਬਚਨਾਂ ਨਾਲ ਸ਼ਿੰਗਾਰਦਾ ਹੈ, ਫ਼ਾਰਸੀ ਦੀਆਂ ਤਹਿਵੀਲਾਂ ਅਤੇ ਅਹਵਾਲਾਂ ਦੀ ਪਰੰਪਰਾ ਉਨ੍ਹਾਂ ਵਿਚ ਮੂਰਤੀਮਾਨ ਹੈ।

ਫ਼ਾਰਸੀ ਬੋਲੀ ਦੇ ਦਰਬਾਰੀ ਬੋਲੀ ਹੋਣ ਕਰਕੇ ਇਸ ਦੇ ਪ੍ਰਭਾਵ ਪੰਜਾਬੀ ਬੋਲੀ ਉਤੇ ਪੈਣੇ ਜ਼ਰੂਰੀ ਸਨ। ਵਿਜੋਗਾਤਮਕ ਫ਼ਾਰਸੀ ਨੇ ਪੰਜਾਬੀ ਨੂੰ ਵਿਜੋਗਾਤਮਕ ਬਨਾਣ ਵਿਚ ਮਦਦ ਦਿੱਤੀ। ਸੰਸਕ੍ਰਿਤ-ਪ੍ਰਾਕ੍ਰਿਤ-ਅਪਭ੍ਰੰਸ਼ ਦੀ ਸੰਜੋਗਆਤਮਕਤਾ ਪੰਜਾਬੀ ਰੂਪ ਵਿਚ ਆ ਕੇ ਖ਼ਤਮ ਹੋਣ ਲਗੀ। ਪੰਜਾਬੀ ਦਾ ਪੱਛਮੀ ਭਾਖਾ-ਰੂਪ ਭਾਵ ਲਹਿੰਦੀ, ਜੋ ਵਧੇਰੇ ਪ੍ਰਚਲਤ ਸੀ, ਵਾਰਤਕ ਵਿਚ ਵੀ ਵਧੀਕ ਉਘਾੜਨ ਲੱਗਾ। ਪਿਛਲੀਆਂ ਦੋਹਾਂ ਮਿਸਾਲਾਂ ਵਿਚ 'ਆਖਿਓਸੁ' ਦੀ ਵਰਤੋਂ ਲਹਿੰਦੀ ਰੂਪ ਦੀ ਹੈ। ਇਸ ਦਾ ਇਹ ਭਾਵ ਨਹੀਂ ਕਿ ਪੂਰਬੀ ਪੰਜਾਬੀ ਦੀ ਸਾਹਿਤਕ ਸਮਰਥਾ ਨਹੀਂ ਸੀ। ਪੂਰਬੀ ਪੰਜਾਬੀ ਵਿਚ ਪੱਛਮੀ ਨਾਲੋਂ ਵਧੇਰੇ ਸਾਹਿਤ ਰਚਨਾ ਹੋਣ ਲਗੀ ਪਰ ਉਸ ਵਿਚ ਵੀ ਲਹਿੰਦੀ ਦੇ ਸ਼ਬਦ-ਰੂਪ ਵਰਤੇ ਜਾਣ ਲਗੇ।

ਨਿਰਾ ਫ਼ਾਰਸੀ ਬੋਲੀ ਦਾ ਹੀ ਨਹੀਂ, ਫ਼ਾਰਸੀ ਦੀ ਸਾਹਿਤਕ ਪਰੰਪਰਾ ਦਾ ਪੰਜਾਬੀ ਉੱਤੇ

Digitized by Panjab Digital Library | www.panjabdigilib.org

ਡੂੰਘਾ ਪ੍ਰਭਾਵ ਪਿਆ । ਅਰਬੀ ਸਾਹਿਤ ਦੀ ਵਿਚਾਰ-ਧਾਰਾ ਫ਼ਾਰਸੀ ਰਾਹੀਂ ਪੰਜਾਬੀ ਵਿਚ ਸਿੰਜਰਣ ਲੱਗੀ । ਇਸ ਦੀ ਠੋਸ ਮਿਸਾਲ ਅਸੀਂ ਅੱਗੇ ਚਲ ਕੇ ਪਾਰਸ ਭਾਗ ਵਿਚ ਵੇਖਾਂਗੇ, ਪਰ ਜਨਮ ਸਾਖੀਆਂ ਵਿਚ ਅਜਿਹੀਆਂ ਕਈ ਸਾਖੀਆਂ ਹਨ ਜਿਨ੍ਹਾਂ ਦੀ ਵਿਚਾਰਧਾਰਾ ਅਰਬੀ ਸਾਹਿਤ ਦੀ ਵਿਚਾਰਧਾਰਾ ਨਾਲ ਮੇਲ ਖਾਂਦੀ ਹੈ । ਜਨਮ ਸਾਖੀ ਦੇ ਇਕ ਨੁਸਖੇ ਵਿਚ ਸਾਨੂੰ ਦੇਵੀ ਦੀ ਸਾਖੀ ਮਿਲਦੀ ਹੈ ਜਿਸ ਵਿਚ ਆਕਾਸ਼ੀ ਮੰਡਲਾਂ ਦਾ ਵਰਣਨ ਹਜ਼ਰਤ ਮੁਹੰਮਦ ਦੇ ਰਾਤ ਦੇ ਸਫ਼ਰ (Nocturnal journey) ਨਾਲ ਕਾਫ਼ੀ ਹੱਦ ਤਕ ਮਿਲਦਾ ਹੈ ।

ਜਨਮ ਸਾਖੀਆਂ ਦੇ ਵਾਕ ਛੋਟੇ ਛੋਟੇ ਹਨ । ਅਰਬੀ ਫ਼ਾਰਸੀ ਦੇ ਆਮ ਪ੍ਰਚਲਤ ਸ਼ਬਦਾਂ ਦੀ ਵਰਤੋਂ ਕੀਤੀ ਗਈ ਹੈ । ਜਿਸ ਇਲਾਕੇ ਵਿਚ ਜਨਮ ਸਾਖੀ ਦੀ ਰਚਨਾ ਹੋਈ ਹੈ, ਉਸ ਇਲਾਕੇ ਦੇ ਆਪਣੇ ਸ਼ਬਦ ਵੀ ਮਿਲਦੇ ਹਨ । ਉਪਰਲੀਆਂ ਦੋਹਾਂ ਮਿਸਾਲਾਂ ਵਿਚ, ਵਲ, ਬੰਨੇ ਇਲਾਕਾਈ ਸ਼ਬਦ ਹਨ । ਤਤਸਮ ਸ਼ਬਦਾਂ ਦੀ ਘਾਟ ਹੈ ਅਤੇ ਤਦਭਵ ਆਮ ਮਿਲਦੇ ਹਨ ।

ਜਨਮ ਸਾਖੀਆਂ ਵਿਚ ਕਿਤੇ ਕਿਤੇ ਆਮ ਮਨੁਖੀ ਜਜ਼ਬਿਆਂ ਦਾ ਉਘਾੜ ਵੀ ਮਿਲਦਾ ਹੈ । ਮਾਤਾ, ਭੈਣ ਤੇ ਪਤਨੀ ਦਾ ਪਿਆਰ ਸਾਨੂੰ ਟੁੰਬਦੇ ਹਨ । ਸ਼ਾਂਤ-ਰਸ ਦਾ ਪ੍ਰਭਾਵ ਜ਼ਿਆਦਾ ਹੈ । ਹਰ ਸਾਖੀ ਆਪਣੇ ਆਪ ਵਿਚ ਮੁਕੰਮਲ ਹੈ ਅਤੇ ਗੁਰੂ ਨਾਨਕ ਦੀ ਸ਼ਖ਼ਸੀਅਤ ਇਕ ਸਾਖੀ ਨੂੰ ਦੂਜੀ ਨਾਲ ਜੋੜਦੀ ਹੈ । ਕਈ ਸਾਖੀਆਂ ਨਿਰੀਆਂ ਜੀਵਨ ਘਟਨਾਵਾਂ ਹੀ ਨਹੀਂ । ਉਨ੍ਹਾਂ ਦੀ ਮਹੱਤਤਾ ਪ੍ਰਥਾਇ ਸਾਖੀ (Parable) ਹੋਣ ਕਰਕੇ ਹੈ । ਸਿਧਾਂਤਕ ਅਤੇ ਭੂਗੋਲਕ ਦ੍ਰਿਸ਼ਟੀਕੋਣ ਤੋਂ ਵੀ ਕਈ ਉਕਾਈਆਂ ਹਨ ।

ਜਨਮ ਸਾਖੀਆਂ ਵਿਚ ਕਵਿਤਾ ਅਤੇ ਵਾਰਤਕ ਦੋਹਾਂ ਦਾ ਮਿਲਗੋਭਾ ਹੈ । ਥਾਂ ਥਾਂ ਤੇ ਗੁਰੂ ਨਾਨਕ ਦੇਵ ਦੀ ਬਾਣੀ ਮਿਲਦੀ ਹੈ । ਕਈ ਸਾਖੀਕਾਰਾਂ ਨੇ ਬਾਣੀ ਨੂੰ ਮੁਖ ਰਖ ਕੇ ਸਾਖੀਆਂ ਦੀ ਰਚਨਾ ਕੀਤੀ ਜਾਪਦੀ ਹੈ । ਕਈ ਸਾਖੀਆਂ ਅਤੇ ਗੋਸ਼ਟਾਂ ਕਵਿਤਾ ਵਿਚ ਅੰਕਿਤ ਹਨ । ਸਾਖੀਆਂ ਵਿਚ ਉਪਮਾਵਾਂ, ਰੂਪਕ ਤੇ ਦ੍ਰਿਸ਼ਟਾਂਤ ਆਲੇ ਦੁਆਲੇ ਦੇ ਜੀਵਨ ਨਾਲ ਸਬੰਧਤ ਹਨ ।

ਸਾਖੀਆਂ ਤੋਂ ਛੁਟ ਸਾਨੂੰ ਹੋਰ ਸਾਖੀਆਂ ਵੀ ਮਿਲਦੀਆਂ ਹਨ । ਪਰ ਇਹ ਸਭ ਸਾਖੀਆਂ ਗੁਰੂ ਤੇ ਸਿੱਖ ਦੇ ਸਬੰਧਾਂ ਨੂੰ ਪ੍ਰਗਟਾਂ ਦੀਆਂ ਹਨ । ਗੁਰੂ ਨਾਨਕ ਦੇ ਜੀਵਨ ਵਿਚੋਂ ਕਈ ਸਾਖੀਆਂ ਵੱਖ ਵੱਖ ਨੁਸਖਿਆਂ ਦੇ ਰੂਪ ਵਿਚ ਮਿਲਦੀਆਂ ਹਨ । 'ਸਤਿਗੁਰੂ ਜੀ ਦੇ ਮੁਹਿ ਦੀਆਂ ਸਾਖੀਆਂ' ਨਾਮੀ ਇਕ ਲਿਖਤ ਗੁਰੂ ਹਰਿ ਰਾਏ ਸਾਹਿਬ ਜੀ ਦੀ ਸਪੁਤਰੀ ਬੀਬੀ ਰੂਪ ਕੌਰ ਦੇ ਹੱਥਾਂ ਦੀ ਲਿਖੀ ਹੋਈ ਮਿਲਦੀ ਹੈ । ਇਸ ਪੋਥੀ ਵਿਚ 32 ਸਾਖੀਆਂ ਹਨ ।

### ਉਦਾਹਰਣ

ਸਾਖੀ । ਇਕਨਿ ਸਿਖਿ ਗੁਰੂ ਪਾਸਿ ਅਰਦਾਸਿ ਕੀਤੀ, ਜੀਉ ਪਾਤਿਸ਼ਾਹ ਸੋਹਣਾ ਕਉਣੁ ਹੈ ਕਸੋਹਣਾ ਕਉਣੁ ਹੈ । ਗੁਰੂ ਬੋਲਿਆਂ ਬਚਾ ਸਿਵ ਰੂਪ ਸੋਹਣਾ ਹੈ ਸਕਤਿ ਰੂਪ ਕਸੋਹਣਾ ਹੈ । ਸੋਹਣੇ ਕਸੋਹਣੇ ਦਾ ਏਹੁ ਬਬੇਕੁ ਹੈ । ਜੋ ਸੋਹਣੇ ਨੋ ਸਭ ਕੋਈ ਵੇਖਣ ਆਉਂਦਾ ਹੈ ਕਸੋਹਣੇ ਪਾਸਿ ਕੋਈ ਨਹਿ ਜਾਂਦਾ । ਮਹਾਂ ਪੁਰਖੋ ਦੇ ਅੰਦਰ ਸਬੁਧਿ ਹੈ ਤਿਸ ਦਾ ਦਰਸ਼ਨ ਦੇਖਣਿ ਸੰਸਾਰ ਆਉਂਦਾ ਹੈ । ਅਤੇ ਜਿਨ੍ਹਾਂ ਦੇ ਅੰਦਰ ਹਉਮੈ ਸਕਤਿ ਹੈ ਤਿਨਾ ਪਾਸਿ ਕੋਈ ਨਾਹੀਂ ਜਾਂਦਾ ਜਿਉ ਚੰਦ ਡਿਠੀਆਂ ਪਰਮ ਸਾਂਤ ਉਪਜਦੀ ਹੈ ਅਤੇ ਸੂਰਜ ਵਲ਼ ਝਾਕ ਕੋਈ ਨਹੀਂ ਸਕਦਾ । ਅਤੇ

Digitized by Panjab Digital Library | www.panjabdigilib.org

ਮਹਾਂ ਪੁਰਖੋ ਦਾ ਬੋਲਣਾ ਮਿਠਾ ਲਗਦਾ ਹੈ। ਅਤੇ ਸਕਤ ਦਾ ਬੋਲਣਾ ਕਿਸੇ ਨੋ ਨਾਹੀ ਸੁਖਾਂਦਾ। ਜਿਉਂ ਕੋਕਲਾ ਅਤੇ ਕਾਉ ਇਕਤੇ ਵਰਨਿ ਹੋਏ ਹੈਨ, ਪਰ ਜਾ ਕੋਕਲਾ ਬੋਲਦੀ ਹੈ ਤਾ ਸਭਨਾ ਕੋ ਪਿਆਰੀ ਲਗਦੀ ਹੈ। ਸਭੈ ਸਾਂਉਧਾਨ ਭਾਉ ਕਰਿ ਸਣਦੇ ਹੈਨਿ। ਅਤ ਜਾ ਕਾਉ ਬੋਲਦਾ ਹੈ ਤਾਂ ਸਭ ਕੋਈ ਮਾਰੁ ਮਾਰੂ ਕਰਿ ਉਠਦਾ ਹੈ। ਉਸ ਦਾ ਬੋਲਿਆ ਕਿਸੇ ਨੋ ਹਿਤਾਉਂਦਾ ਨਾਹੀ। 1 ।

ਇਨ੍ਹਾਂ ਸਾਖੀਆਂ ਦੀ ਸ਼ੈਲੀ ਵੀ ਜਨਮ ਸਾਖੀਆਂ ਦੀ ਸ਼ੈਲੀ ਵਰਗੀ ਹੈ। ਇਉਂ ਜਾਪਦਾ ਹੈ ਜੋ ਕੋਈ ਮਹਾਂ ਪੁਰਸ਼ ਸਾਡੇ ਨਾਲ ਗੱਲਾਂ ਕਰ ਰਿਹਾ ਹੈ। ਬੋਲੀ ਆਮ ਬੋਲ ਚਾਲ ਦੀ ਹੈ। ਉਪਮਾਵਾਂ ਘਰੋਗੀ ਹਨ। ਗੁਰ ਗੋਬਿੰਦ ਸਿੰਘ ਜੀ ਦੇ ਸਮੇਂ ਦੀ ਇਕ ਲਿਖਤ 'ਸੌ ਸਾਖੀ' ਨਾਮੇ ਮਿਲਦੀ ਹੈ ਜਿਸ ਦਾ ਜ਼ਿਕਰ ਅਗੇ ਕੀਤਾ ਜਾਏਗਾ।

**1—(ੳ) ਗੁਰੂ ਨਾਨਕ ਦੀ ਵਾਰਤਕ**—ਗੁਰੂ ਗ੍ਰੰਥ ਸਾਹਿਬ ਵਿਚ ਗੁਰੂ ਨਾਨਕ ਦੇਵ ਜੀ ਦੀ ਆਈ ਬਾਣੀ ਤੋਂ ਛੁਟ ਉਨ੍ਹਾਂ ਦੇ ਜੀਵਨਾਂ ਨਾਲ ਜੋੜੀ ਹੋਈ ਹੋਰ ਬਹੁਤ ਸਾਰੀ ਰਚਨਾ ਜਨਮ ਸਾਖੀਆਂ ਅਤੇ ਹੋਰ ਪੋਥੀਆਂ ਵਿਚ ਮਿਲਦੀ ਹੈ। ਇਹ ਸਾਰੀ ਦੀ ਸਾਰੀ ਕਵਿਤਾ ਵਿਚ ਹੈ। ਗੁਰੂ ਨਾਨਕ ਦੇ 'ਨਾਮਿਆਂ' ਵਿਚੋਂ 'ਇਕ ਨਾਮਾ ਅਜਿਹਾ ਹੈ ਜੋ ਕਵਿਤਾ ਅਤੇ ਵਾਰਤਕ ਦੀ ਵਿਚਕਾਰਲੀ ਸੂਰਤ ਵਿਚ ਪ੍ਰਤੀਤ ਹੁੰਦਾ ਹੈ। ਇਹ ਹੈ ਹਾਜ਼ਰਨਾਮਾ। ਕਈ ਵਿਦਵਾਨਾਂ ਨੇ ਇਸ ਨੂੰ ਖੁਲ੍ਹੀ ਕਵਿਤਾ ਕਿਹਾ ਹੈ। ਕਈ ਇਸ ਨੂੰ ਸਭ ਤੋਂ ਪੁਰਾਣੀ ਵਾਰਤਕ ਦਾ ਨਮੂਨਾ ਦਸਦੇ ਹਨ। ਹੇਠਾਂ ਅਸੀਂ ਇਹ ਪੂਰੀ ਰਚਨਾ ਦਿੰਦੇ ਹਾਂ:—

**ਹਾਜ਼ਰਨਾਮਾ**

ਹਾਜ਼ਰਾਂ ਕੂ ਮਿਹਰ ਹੈ। ਬੇਹਾਜਰਾ ਕਊ ਬੇ ਮਿਹਰ ਹੈ। ਈਮਾਨੁ ਦੋਸਤੁ ਹੈ। ਬੇਈਮਾਨੁ ਕਾਫਿਰ ਹੈ। ਤਿਕਬਰੁ ਕਹਰੁ ਹੈ। ਗੁਸਾ ਹਰਾਮੁ ਹੈ। ਨਫਸੁ ਸ਼ੈਤਾਨ ਹੈ। ਗੁਮਾਨੁ ਕੁਫਰੁ ਹੈ। ਪਸ ਗੈਬਿਤ ਕਾ ਮੁਹੁ ਕਾਲਾ ਹੈ। ਬੇਈਮਾਨ ਨਾਪਾਕੁ ਹੈ। ਮੋਮ ਦਿਲ ਪਾਕ ਹੈ। ਇਲਮੁ ਹਲੀਮੀ ਹੈ। ਬੇਹਿਰਸ ਅਉਲੀਆ ਹੈ। ਬੇਦਿਆਨਤਿ ਨ ਸਰਖ਼ਰੂ ਹੈ। ਅਕਿਰਤਘਣ ਜ਼ੁਰਦਰੂ ਹੈ। ਸਚ ਭਿਸਤੁ ਹੈ। ਦਰੋਗੁ ਦੋਜਕੁ ਹੈ। ਹਲੀਮੀ ਹਲੂਵੇ ਹੈ। ਜੋਰੁ ਜੁਲਮ ਹੈ। ਇਨਸਾਫੁ ਮੁਸਾਫੁ ਹੈ। ਸਿਫਿਤਿ ਵੂਜੂ ਹੈ। ਬਾਂਗ ਬਲੇਕ ਹੈ। ਚੋਰੀ ਲਾਲਚੁ ਹੈ। ਜਾਰੀ ਪਲੀਤੀ ਹੈ। ਫਕੀਰੀ ਸਬੂਰੀ ਹੈ। ਨਾ ਸਬੂਰੀ ਮਕਰੁ ਹੈ। ਰਾਹੁ ਪੀਰਾ ਹੈ। ਬੇਰਾਹੁ ਬੇਪੀਰਾ ਹੈ। ਦਿਆਨਤਿ ਦੋਸਤੁ ਹੈ। ਬੇਦਿਆਨਤਿ ਨਕਾਰੁ ਹੈ। ਗ ਮਰਦਾ ਹੈ। ਅਦਲ ਪਾਤਸਾਹਾ ਹੈ। ਇਤੇਨਿ ਟੋਲ ਜੋ ਜਾਨਿ ਜਨਾਵੈ। ਤਉ ਨਾਨਕ ਦਾਨਸ਼ਬੰਦ ਕਹਾਵੈ। 1।

ਇਸ ਰਚਨਾ ਦੇ ਹਰ ਵਾਕ ਵਿਚ ਕਵਿਤਾ ਵਰਗੀ ਸੰਜਮਤਾ ਹੈ। ਅਖੀਰਲਾ ਬੰਦ ਹੈ ਹੀ ਕਵਿਤਾ ਵਿਚ। ਵਾਕ ਛੋਟੇ ਹਨ ਅਤੇ ਲੋਕੋਕਤੀਆਂ ਦਾ ਰੂਪ ਧਾਰਦੇ ਹਨ। ਪਰ ਗੁਰੂ ਨਾਨਕ ਦੇਵ ਜੀ ਦੀ ਗੁਰੂ ਗ੍ਰੰਥ ਸਾਹਿਬ ਵਿਚ ਆਈ ਬਾਣੀ ਤੋਂ ਛੁਟ ਬਾਕੀ ਸਾਰੀ ਰਚਨਾ ਗੁਰੂ ਨਾਨਕ ਦੇ ਭਾਵਾਂ ਦਾ ਉਤਾਰਾ ਹੀ ਸਮਝੀ ਜਾਂਦੀ ਹੈ। ਗੁਰੂ ਨਾਨਕ ਦੇਵ ਨੂੰ ਇਸ ਰਚਨਾ ਦਾ ਰਚਣਹਾਰ ਮੰਨਣ ਤੋਂ ਸੰਕੋਚ ਕੀਤਾ ਜਾਂਦਾ ਹੈ। ਗੁਰੂ ਨਾਨਕ ਦੇ ਨਾਂ ਨਾਲ ਜੋੜੀ ਇਹੋ ਜਿਹੀ ਇਕ ਹੋਰ ਰਚਨਾ 'ਪ੍ਰਮਾਣ ਸੰਗਲੀ' ਹੈ।

Digitized by Panjab Digital Library | www.panjabdigilib.org

**1—(ਅ) ਪ੍ਰਾਣ ਸੰਗਲੀ—ਗੁਰਬਿਲਾਸ ਪਾਤਸ਼ਾਹੀ ਛੇਵੀਂ ਅਤੇ ਸਿੱਖਾਂ ਦੀ ਭਗਤ ਮਾਲਾ** ਵਿਚ ਇਸ ਰਚਨਾ ਦਾ ਜ਼ਿਕਰ ਆਉਂਦਾ ਹੈ। ਕਿਹਾ ਜਾਂਦਾ ਹੈ ਕਿ ਇਹ ਰਚਨਾ ਗੁਰੂ ਨਾਨਕ ਦੇਵ ਨੇ ਰਾਜਾ ਸ਼ਿਵਨਾਭ ਪਾਸ ਸੰਗਲਾਦੀਪ ਵਿਚ ਉਚਾਰੁਨ ਕੀਤੀ। ਗੁਰੂ ਅਰਜਨ ਦੇਵ ਜਦੋਂ ਆਦਿ ਗ੍ਰੰਥ ਸੰਪਾਦਿਤ ਕਰ ਰਹੇ ਸਨ ਤਾਂ ਉਨ੍ਹਾਂ ਨੇ ਇਕ ਸਿੱਖ ਨੂੰ ਭੇਜ ਕੇ ਇਸ ਰਚਨਾ ਨੂੰ ਮੰਗਵਾਇਆ। ਪਰ ਗੁਰਸਿੱਖੀ ਦੇ ਸਹਿਜ ਮਾਰਗ ਦੇ ਅਨਕੂਲ ਨਾ ਹੋਣ ਕਰਕੇ ਇਸ ਵਿਚਲੀ ਬਾਣੀ ਨੂੰ ਆਦਿ ਗ੍ਰੰਥ ਲਈ ਪਰਵਾਨ ਨਾ ਕੀਤਾ ਗਿਆ। ਇਸ ਗ੍ਰੰਥ ਦੇ 80ਵੇਂ ਅਧਿਆਇ ਦੇ ਅਖੀਰ ਵਿਚ ਗੁਰੂ ਨਾਨਕ ਦੇਵ ਜੀ ਦੇ ਇਹ ਬਚਨ ਰਾਜੇ ਸ਼ਿਵਨਾਭ ਪ੍ਰਤੀ ਮਿਲਦੇ ਹਨ :—

ਤਾਂ ਬਾਬਾ ਬੋਲਿਆ—ਰਾਜਾ ਤੇਰਾ ਕਾਰਜ ਸਿੱਧ ਹੋਇਆ—ਅਬ ਅਸੀਂ ਰਮਦੇ ਹਾਂ, ਤੇਰੀ ਕਲਿਆਣ ਹੋਵੈ। ਇ। ਜੋ ਪ੍ਰਾਣਸੰਗਲੀ ਸ੍ਰੀ ਗ੍ਰੰਥ ਹੈ – ਤਿਨਕੇ ਸੁਨਣੇ ਸੇ ਤੇਰਾ ਕਾਰਜ ਹੋਇਆ ਹੈ। ਇਹ ਗ੍ਰੰਥ ਮੇਰੀ ਦੇਹ ਹੈ। ਸਥੂਲ ਮੇਰਾ ਰੂਪ ਹੈ। ਪ੍ਰਾਣੋਂ ਮੇਰਿਓਂ ਕਾ ਸੰਗ੍ਰਹਿ ਹੈ। ਕਹੀਏ ਠਬਚ ਹੈ। ਜਗਤ ਸਮੁੰਦਰ ਕਾ ਇਹੁ ਪੁਲ ਹੈ। ਇਹ ਪ੍ਰਾਣਸੰਗਲੀ ਮੈਂ ਤੈਨੂੰ ਬਖਸ਼ੀ ਹੈ—ਇਹ ਅਜਰ ਵਸਤੂ ਹੈ ਸੋ ਤੈ ਹੀ ਜਰੀ ਹੈ। ਇਹ ਪ੍ਰਾਣਸੰਗਲੀ ਅੰਮ੍ਰਿਤ ਪ੍ਰਵਾਹ ਹੈ—ਤੇਰੇ ਹੀ ਮੁਖ ਬਿਖੇ ਪ੍ਰਵੇਸ਼ ਹੋਈ ਹੈ। ਹੋਰ ਤਿੰਨਾਂ ਲੋਕਾਂ ਵਿਚ ਇਸ ਨੂੰ ਸੰਭਾਲਤਾ ਕੋਈ ਨਹੀਂ। ਤਾਂ ਤੇ ਪ੍ਰਾਣੋ ਵਿਖੇ ਪ੍ਰਾਣਸੰਗਲੀ ਰਖਨੀ। ਇਕ ਸਿਖ ਪੰਜਾਬ ਧਰਤੀ ਥੀਂ ਆਵੇਗਾ, ਉਸ ਨੋ ਸਠ ਧਿਆਉ ਲਿਖ ਦੇਣੇ ਪਰ ਸੰਪੂਰਣ ਗ੍ਰੰਥ ਨਹੀਂ ਦੇਣਾ। ਇਹ ਕਹਿ ਕਰ ਬਾਬੇ ਉਡਾਰੀ ਲੀਤੀ। ਸਾਖ ਪੂਰੀ ਹੋਈ।

ਸੰਗਲਾਦੀਪ ਵਿਚ ਗੁਰੂ ਨਾਨਕ ਦੇਵ ਜੀ ਦਾ ਆਗਮਨ ਕਾਲ 1570 ਬਿਕਰਮੀ ਮੰਨਿਆ ਜਾਂਦਾ ਹੈ। ਪ੍ਰਾਣਸੰਗਲੀ ਨੂੰ ਤਿਆਰ ਹੁੰਦਿਆਂ ਲਗਭਗ ਚਾਰ ਸਾਲ ਲਗ ਗਏ। ਪ੍ਰਾਣਸੰਗਲੀ ਦਾ ਸੰਪਾਦਕ ਲਿਖਦਾ ਹੈ—"ਜਬ ਸ੍ਰੀ ਪ੍ਰਾਣਸੰਗਲੀ ਕਾ ਉਚਾਰ ਅਰ ਸੰਗ੍ਰਹਿ ਸੰਪੂਰਣ ਰੂਪ ਮੇਂ ਤਿਆਰ ਹੋ ਲੀਆ ਤੋ ਉਸ ਸਮੇਂ ਸੰਮਤ ਬਿਕਰਮੀ 1574 ਕਾ ਅਰੰਭ ਹੋ ਚੁਕਾ ਥਾ – ਪੂਰਬਕ ਏਕ ਪ੍ਰਾਚੀਨ ਪਤਰੀ ਮੇਂ 60 ਅਧਿਆਏ ਲਿਖ ਦੇਨੇ ਕਾ ਲੇਖ ਮਿਲਾ, ਔਰ ਫਿਰ 80 ਅਧਿਆਏ ਲਿਖਵਾ ਦੇਨੇ ਵਾਲੀ ਭੀ ਏਕ ਬੀੜ ਮਿਲ ਗਈ। ਸੋ ਉਸੀ ਕੇ ਅਨੁਸਾਰ ਹੀ ਪ੍ਰਾਪਤ ਹੂਈ ਬਾਨੀ ਕਾ ਅਧਿਆਏ ਕ੍ਰਮ ਰਖਾ ਗਿਆ ਹੈ। ਯੂੰ ਤੋ ਅਲਗ ਅਲਗ ਸਥਾਨੋਂ ਪੇ 113—160 ਅਧਿਆਏ ਪ੍ਰਾਣਸੰਗਲੀ ਕੇ ਸੰਗ੍ਰਹਿ ਕੀ ਸੂਚਨਾ ਭੀ ਕਹੀਂ ਇਤਿਹਾਸ ਮੇਂ ਮਿਲਤੀ ਹੈ। ਸੋ ਯਾ ਤੋ ਬਾਕੀ ਹਿਸਾ ਪੰਜਾਬ ਮੇਂ ਆਇਆ ਹੀ ਨਹੀਂ, ਯਾ ਆਇਆ ਹੋਗਾ ਤੋ ਅਭੀ ਹਮਾਰੀ ਅਨਵੇਸ਼ਣਾ ਗੋਚਰ ਹੈ।"

ਪਰਾਤਨ ਜਨਮਸਾਖੀ ਵਿਚ ਵੀ ਪ੍ਰਾਣ ਸੰਗਲੀ ਬਾਰੇ ਇਹ ਸ਼ਬਦ ਮਿਲਦੇ ਹਨ : "ਤਿਤੁ ਪਹਲਿ ਗੁਰ ਜੀ ਦੀ ਬਾਣੀ ਪਰਗਾਸ ਹੋਈ। ਸ੍ਰੀ ਸਤਿਗੁਰੂ ਪ੍ਰਸਾਦਿ। ਲਿਖਤ ਪ੍ਰਾਣ ਸੰਗੁਲੀ, ਸੁੰਨ ਮਹਲ ਕੀ ਕਥਾ। ਨਿਰੰਕਾਰੁ ਕਾ ਧਿਆਨੁ ਗੁਰ ਜੀ ਬਾਣੀ ਬਾਬੇ ਕਾ ਬੋਲਣਾ; ਪ੍ਰਾਨ ਪਿੰਡ ਕਾ ਧਾਖਤੰ। ਤਦੋਂ ਬਾਬਾ ਪਉਣੁ ਅਹਾਰ ਕਰਦਾ ਥਾ। ਸਮੁੰਦ੍ਰ ਕੈ ਪਾਰਿ ਹੋਈ। ਸਿੰਘਲਾਦੀਪ ਰਾਜੇ ਸਿਉਨਾਭ ਕੀ ਧਰਤੀ ਹੋਈ। ਤਦਹੁ ਨਾਲਿ ਸੈਦੋ ਅਤੈ ਸੀਹੋਂ ਥੇ ਸਿਖ, ਤਬ ਪ੍ਰਾਣ ਸੰਗਲੀ ਹੋਈ।" ਇਸ ਤੋਂ ਮਗਰੋਂ ਪੁਰਾਤਨ ਜਨਮ ਸਾਖੀ ਵਿਚ ਪ੍ਰਾਣ ਸੰਗਲੀ ਦਾ ਕੇਵਲ ਪਹਿਲੋਂ

Digitized by Panjab Digital Library | www.panjabdigilib.org

'ਧਿਆਉ' ਉਨਮਨ ਅਵਸਥਾ ਬਾਰੇ ਮਿਲਦਾ ਹੈ। ਪਰ ਜਿਸ ਤਰ੍ਹਾਂ ਕਿ ਉੱਤੇ ਦਸਿਆ ਜਾ ਚੁਕਾ ਹੈ ਪ੍ਰਾਣ ਸੰਗਲੀ ਦੇ 80 ਅਧਿਆਇ ਮਿਲਦੇ ਹਨ। ਪ੍ਰਾਣਸੰਗਲੀ ਵਿਚ ਵੀ ਬਾਣੀ ਲਿਖਣਹਾਰੇ ਦਾ ਜ਼ਿਕਰ ਆਉਂਦਾ ਹੈ "ਤੇ ਸੀਹਾਂ ਘੇਉ ਸੇਉ ਉਤਮ ਲਿਖਣ ਲਗੇ।" ਇਸ ਤੋਂ ਇਹ ਸਪਸ਼ਟ ਹੈ ਕਿ ਪੁਰਾਤਨ ਜਨਮ ਸਾਖੀ ਦੇ ਕਰਤਾ ਦੀਆਂ ਨਜ਼ਰਾਂ ਵਿਚੋਂ ਪ੍ਰਾਣ ਸੰਗਲੀ ਦਾ ਸਾਰਾ ਗ੍ਰੰਥ ਗੁਜ਼ਰਿਆ ਹੋਣਾ ਹੈ। ਪ੍ਰਾਣ ਸੰਗਲੀ ਨਾਲ ਸਬੰਧਤ ਵਾਰਤਾ ਉਸ ਸਮੇਂ ਸਭ ਸਿਖਾਂ ਵਿਚ ਪ੍ਰਸਿਧ ਹੋ ਗਈ ਹੋਣੀ ਹੈ।

ਪ੍ਰਾਣ ਸੰਗਲੀ ਦਾ ਜ਼ਿਕਰ ਇਥੇ ਇਸ ਲਈ ਕੀਤਾ ਗਿਆ ਹੈ ਕਿ ਇਸ ਗ੍ਰੰਥ ਦੇ ਕੁਝ ਅਧਿਆਇ ਵਾਰਤਕ ਵਿਚ ਹਨ। ਇਹ ਗੱਲ ਨਿਸਚੇ ਨਾਲ ਨਹੀਂ ਕਹੀ ਜਾ ਸਕਦੀ ਕਿ ਇਹ ਵਾਰਤਕ ਗੁਰੂ ਨਾਨਕ ਦੇਵ ਜੀ ਦੀ ਆਪਣੀ ਹੈ ਜਾਂ ਉਨ੍ਹਾਂ ਦੇ ਵਿਚਾਰਾਂ ਦਾ ਉਤਾਰਾ ਸੀਹੋਂ ਨੇ ਆਪਣੇ ਸ਼ਬਦਾਂ ਵਿਚ ਕੀਤਾ ਹੈ। ਕੁਝ ਵੀ ਹੋਵੇ, ਇਕ ਗੱਲ ਤਾਂ ਪੱਕੀ ਹੈ ਕਿ ਇਹ ਵਾਰਤਕ ਗੁਰੂ ਅਰਜਨ ਦੇਵ ਜੀ ਤੋਂ ਪਹਿਲੇ ਦੀ ਹੈ।

ਪ੍ਰਾਣ ਸੰਗਲੀ ਵਿਚੋਂ ਕੁਝ ਕੁ ਵਾਰਤਕ ਰਚਨਾਵਾਂ ਇਹ ਹਨ :

1. ਬਡੀ ਰਛਿਆ
2. ਭੋਗਲ ਪੁਰਾਣ
3. ਬਾਬਾ ਨਾਨਕ ਕੀ ਕਰਤਾਰਪੁਰਖ ਸਾਥ ਗੋਸ਼ਟ ਬਿਹੰਗਮ ਮਾਰਗ
4. ਧਿਆਉ ਬਿਹੰਗਮ ਕਾ (ਵਡਾ)—ਗੋਸ਼ਟ ਨਿਰੰਕਾਰ ਨਾਲ
5. ਆਤਮਾ ਪਰਮਾਤਮਾ ਕੀ ਗੋਸ਼ਟ
6. ਸਾਖੀ ਵੇਦ ਸਦਾਏ
7. ਕਾਲ ਸੰਬਾਦ
8. ਰਸਾਇਣ ਬਾਣੀ—ਕਲਪਮਾਲਾ

ਇਨ੍ਹਾਂ ਰਚਨਾਵਾਂ ਵਿਚ ਜਨਮਸਾਖੀਆਂ ਵਾਂਗੂ ਹੀ ਕਵਿਤਾ ਅਤੇ ਵਾਰਤਕ ਦੋਹਾਂ ਦਾ ਮਿਲਗੋਭਾ ਹੈ। ਇਹ ਰਚਨਾਵਾਂ ਕੱਲੀਆਂ ਕੱਲੀਆਂ ਵੀ ਹਥ-ਲਿਖਤਾਂ ਦੇ ਰੂਪ ਵਿਚ ਮਿਲਦੀਆਂ ਰਹੀਆਂ ਹਨ ਅਤੇ ਇਸ ਲਈ ਇਨ੍ਹਾਂ ਦੇ ਰਚਨਹਾਰ ਬਾਰੇ ਭੁਲੇਖਾ ਹੀ ਰਿਹਾ ਹੈ। ਇਨ੍ਹਾਂ ਰਚਨਾਵਾਂ ਵਿਚ ਪੁਰਾਤਨ ਜਨਮਸਾਖੀ ਦੇ ਕਰਤਾ ਅਨੁਸਾਰ ਗਹੁਜੀ ਬਾਣੀ ਦਰਜ ਹੈ। ਨਿਰੰਕਾਰ ਨਾਲ ਕੁਦਰਤ ਨਾਨਕ ਦੀ ਗੋਸ਼ਟ ਹੁੰਦੀ ਹੈ। ਇਹ ਗੋਸ਼ਟ 'ਧਿਆਉ ਬਿਹੰਗਮ ਕਾ' ਵਿਚ ਦਰਜ ਹੈ। 'ਬਡੀ ਰਛਿਆ' ਵਿਚ ਦੁਖਾਂ ਦੀ ਨਵਿਰਤੀ ਲਈ ਮੰਤਰ ਅੰਕਿਤ ਹੈ। ਇਹ ਮੰਤਰ ਵੀ ਘੇਉ ਸੇਉ ਸੀਹੇ ਲਿਖਿਆ। ਭੋਗਲ ਪੁਰਾਣ ਵਿਚ ਭੋਗਲ ਵਿਦਿਆ ਦਾ ਨਿਰੂਪਨ ਹੈ। ਇਸ ਵਿਚ ਸਾਰੀ ਪ੍ਰਿਥਮੀ ਦੀ, ਦੀਪਾਂ, ਲੋਆਂ, ਮੰਡਲਾਂ ਦੀ ਸਥਿਤੀ ਦਾ ਵਰਣਨ ਹੈ। ਗੋਸ਼ਟ ਬਿਹੰਗਮ ਮਾਰਗ ਵਿਚ ਚਾਰ ਖਾਣੀਆਂ ਦੇ ਸਿਰਜਣ ਦਾ ਜ਼ਿਕਰ ਹੈ। ਆਤਮਾ ਪ੍ਰਮਾਤਮਾ ਦੀ ਗੋਸ਼ਟ ਵਿਚ ਪਿੰਡ ਤੇ ਬ੍ਰਹਿਮੰਡ ਦੀ ਸਮਤਾ ਪ੍ਰਗਟਾਈ ਗਈ ਹੈ। ਕਾਲ ਸੰਬਾਦ ਵਿਚ ਸੁਰਾਂ ਚਲਣ ਦੇ ਭੇਦਾਂ ਬਾਰੇ ਵਿਚਾਰ ਕੀਤੀ ਗਈ ਹੈ। ਰਸਾਇਣ ਬਾਣੀ ਵਿਚ ਰਸਾਇਣ ਵਿਦਿਆ ਬਾਰੇ ਵਿਚਾਰ ਮਿਲਦੇ ਹਨ। ਵੇਦਾਂ ਦੇ ਜਨਮ ਬਾਰੇ ਵਿਚਾਰ, ਸਾਖੀ ਵੇਦ ਸਦਾਏ ਦੀ ਵਾਰਤਾ ਰਾਹੀਂ ਅੰਕਿਤ ਕੀਤੇ ਗਏ ਹਨ। ਇਸ

Digitized by Panjab Digital Library | www.panjabdigilib.org

ਸਾਖੀ ਵਿੱਚੋਂ ਹੇਠਾਂ ਉਦਾਹਰਣ ਦਿੰਦੇ ਹਾਂ :—

"ਤਾਂ ਉਨ੍ਹਾਂ ਸਿੰਘਾਂ ਆਖਿਆ—ਜੁਰੀ ਗਊ ! ਅਸੀਂ ਤੁਹਾਨੂੰ ਖਾਂਦੇ ਆਹੈ । ਤੂੰ ਕਿਥੈ ਜਾਂਦੀ ਰੈਂ ? ਤਾਂ ਉਸ ਗਊ ਆਖਿਆ ਜੁ ਜੀ ਮੈਂ ਆਪਣੇ ਗੁਰੂ ਜੀ ਥੇ, ਭੇਟ ਖੜਿਨੀ ਹੈ । ਮੈਂ ਭੇਟਾਂ ਦੇ ਆਵਾਂ, ਤਾਂ ਤੁਸੀਂ ਮੈਨੂੰ ਖਾਵਹੁ । ਤਾਂ ਉਨ੍ਹਾਂ ਸਿੰਘਾਂ ਆਖਿਆ—ਜੁ ਤੂੰ ਫੇਰ ਨਾ ਅਵਹਿੰਗੀ । ਤਾਂ ਉਸ ਗਊ ਆਖਿਆ ਜੁ ਮੈਂ ਬਚਨ ਦੇ ਜਾਂਦੀ ਤੌਂ, ਵੇਰ ਆਊਂਗੀ । ਤਾਂ ਉਨ ਸਿੰਘਾਂ ਆਖਿਆ ਜੁ ਬਚਨੁ ਲੇ ਛੋਡੀਐ । ਜਿ ਆਵੈਗੀ ਤਾਂ ਭਛਨੁ ਕਰਹਿੰਗੇ । ਅਰੁ ਜੇ ਰਹੇਗੀ ਤਾਂ ਗੁਰੂ ਕੇ ਬਚੰਨਿ ਤੇ ਬੇਮੁਖ ਹੋਵੇਗੀ । ਨਰਕ ਜਾਵੈਗੀ । ਤਾਂ ਉਨ੍ਹਾਂ ਸਿੰਘਾਂ ਗਊ ਛੋੜੀ ।"

ਇਸ ਰਚਨਾ ਤੋਂ ਇਹ ਪ੍ਰਤੀਤ ਹੁੰਦਾ ਹੈ ਕਿ ਘਰ ਦੀ ਕੋਈ ਵਡਕੀ ਬੱਚਿਆਂ ਨੂੰ ਕਹਾਣੀ ਸੁਣਾ ਰਹੀ ਹੈ ।

(2) **ਗੋਸਟਾਂ**—ਇਹ ਰਚਨਾਵਾਂ ਵੀ ਗੁਰੂ ਨਾਨਕ ਜਾਂ ਕੁਦਰਤ ਨਾਲ ਸਬੰਧਤ ਹਨ । ਗੋਸ਼ਟ ਵਿਚ ਦੋ ਸਜਣਾਂ ਜਾਂ ਧਿਰਾਂ ਵਿਚਾਲੇ ਕਿਸੇ ਵਿਸ਼ੇ ਸਬੰਧੀ ਗੱਲ ਬਾਤ ਜਾਂ ਬਹਿਸ ਹੁੰਦੀ ਹੈ । ਗੁਰੂ ਨਾਨਕ ਦੇਵ ਜੀ ਦੀ ਰਚਨਾ 'ਸਿਧ ਗੋਸ਼ਟ' ਗੁਰੂ ਗ੍ਰੰਥ ਸਾਹਿਬ ਵਿਚ ਮਿਲਦੀ ਹੈ । ਇਸ ਵਿਚ ਗੁਰੂ ਨਾਨਕ ਅਤੇ ਸਿਧਾਂ ਵਿਚਾਲੇ ਹੋਈ ਬਹਿਸ ਦਰਜ ਹੈ, ਪਰ ਇਹ ਰਚਨਾ ਕਵਿਤਾ ਵਿਚ ਹੈ । ਕਵਿਤਾ ਵਿਚ ਕਈ ਗੋਸ਼ਟਾਂ ਮਿਲਦੀਆਂ ਹਨ । ਕਈ ਗੋਸ਼ਟਾਂ ਵਿਚ ਕਵਿਤਾ ਤੇ ਵਾਰਤਕ ਦੋਹਾਂ ਦਾ ਮੇਲ ਹੈ । ਜਿਵੇਂ 'ਮੱਕੇ ਮਦੀਨੇ ਦੀ ਗੋਸ਼ਟ' ਵਿਚ ਜਾਂ ਉਪਰ-ਦਸੀਆਂ ਨਿਰੰਕਾਰ ਨਾਲ ਗੋਸ਼ਟਾਂ ਅਤੇ 'ਆਤਮਾ ਪ੍ਰਮਾਤਮਾ ਦੀ ਗੋਸ਼ਟ' । ਕੁਝ ਇਕ ਹੋਰ ਗੋਸ਼ਟਾਂ 'ਅਜਿਤੇ ਰੰਧਾਵੇ ਦੀ ਗੋਸ਼ਟ' ਜਨਕ, ਬੁਢਨ, ਕਲਿਜੁਗ, ਕਾਰੂੰ ਆਦਿ ਨਾਲ ਹੋਈਆਂ ਗੋਸ਼ਟਾਂ ਹਨ । ਇਹ ਗੋਸ਼ਟਾਂ ਵੱਖ ਵੀ ਮਿਲਦੀਆਂ ਹਨ ਅਤੇ ਜਨਮ ਸਾਖੀਆਂ ਵਿਚ ਵੀ । ਇਨ੍ਹਾਂ ਗੋਸ਼ਟਾਂ ਵਿਚ ਅਧਿਆਤਮਕ ਵਿਸ਼ਿਆਂ ਬਾਰੇ ਵਿਚਾਰਾਂ ਦਰਜ ਹਨ । 'ਬਾਬਾ ਲਾਲ' ਤੇ 'ਦਾਰਾ ਸ਼ਿਕੋਹ' ਦੀ ਗੋਸ਼ਟ ਵੀ ਮਿਲਦੀ ਹੈ ।

**ਕੁਝ ਉਦਾਹਰਣਾਂ**

1. "ਤਬ ਬਾਬਾ ਬਿਹੰਗਮ ਪੰਖੀ ਕੇ ਸਰੂਪ ਥਾ । ਏਕ ਕਾ ਅਧਾਰ ਥਾ । ਖਾਤਾ ਕਿਛੁ ਨਾ ਥਾ । ਪੰਚ ਤਤ ਨਿਰਬਾਣ ਥੇ । ਉਨੀ ਕੀ ਦੇਹੀ ਥੀ ਬਾਬੇ ਕੀ—ਤਦ ਸੁਰਤ, ਸ਼ਬਦ ਗਿਆਨ, ਧਿਆਨ, ਸੰਤੋਖ, ਇਨ੍ਹਾਂ ਪਾਂਚੋਂ ਤੱਤਾਂ ਕੀ ਦੇਹੀ ਥੀ । ਜਿਨ੍ਹਾਂ ਕਉ ਇਨ੍ਹਾਂ ਤੱਤਾਂ ਕੀ ਕਿਛੁ ਸੁਰਤਿ ਹੈ ਤਿਨ ਕਉ ਈਹਾਂ ਭੀ ਕਿਛੁ ਨਾਮ ਪ੍ਰਾਪਤ ਹੈ । ਤਬ ਬਾਬੇ ਧਿਆਨ ਧਰਿਆ ਜੋ ਹੇ ਨਿਰੰਕਾਰ ਜੀ ! ਤੂੰ ਜਿ ਪੈਦਾ ਹੋਇਆ ਹੈ ਸੋ ਕਹਾਂ ਤੇ ਪੈਦਾ ਹੋਇਆ ਹੈ ? ਮਾਤਾ ਪਿਤਾ ਤੇਰਾ ਕਵਨ ਹੈ, ਤੂੰ ਬਤਾਇ । ਤਾਂ ਹੁਕਮ ਹੋਇਆ, ਆਗੇ ਤੇ ਕਰਣਹਾਰਾ ਬੋਲਿਆ :—ਮੇਰੀ ਸੱਚ ਕੀ ਦੇਹ ਹੈ—ਸੰਤੋਖ ਮੈਂ ਤੁਸਾਨੂੰ ਦਿਤਾ ਹੈ—ਸੱਚ ਕਉ ਜੀਉ ਹੈ ਸਾਸ ਨਾਹੀਂ । ਸੰਤੋਖ ਕਉ ਸਾਸ ਹੈ ਅਹਾਰ ਨਾਹੀਂ । ਨਾਮ ਬਾਲਾ ਹੈ ਬੂਢਾ ਨਾਹੀਂ । ਧਿਆਨ ਕਉ ਪ੍ਰੇਮ ਹੈ ਪਰ ਕਲਾ ਨਾਹੀਂ । ਸੁਰਤਿ ਕਉ ਉਕਤਿ ਹੈ ਪਰ ਜੁਗਤਿ ਨਾਹੀਂ । ਗਿਆਨ ਦੀਪਕ ਚਾਨਣ ਹੈ ਪਰ ਤ੍ਰਿਪਤਿ ਨਾਹੀਂ । (ਗੋਸ਼ਟਿ ਨਿਰੰਕਾਰ ਕੀ ਪ੍ਰਾਣ ਸੰਗਲੀ)

2. ਜੀਵ—"ਬ੍ਰਹਿਮੰਡ ਮਹਿ ਏਕ ਮਾੜਾ ਹੈ, ਏਕ ਗਨੀਅਊ ਹੈ ਸੋ ਪਿੰਡ ਮਹਿ ਗਰੀਬ ਕੌਣ ਹੈ

Digitized by Panjab Digital Library | www.panjabdigilib.org

ਅਰੁ ਗਨੀਮ ਕੌਣ ਹੈ ?"

ਪ੍ਰਮਾਤਮਾ—ਜਬ ਏਹੁ ਚਿਤਾਮਾਨ ਹੋਤਾ ਹੈ, ਸੰਸੇ ਮਹਿ ਆਵਤਾ ਹੈ ਕਹਿਤਾ ਹੈ—ਹਾਇ ਰੇ ਹਾਇ ! ਕਹਾ ਕਰਉਂ ਅਰੇ ਕਹਾ ਜਾਊਂ !! ਰੁਜ਼ਗਾਰ ਨਾਹੀਂ ਮਿਲਿਓ, ਸੁਖ ਨਹੀਂ, ਕੁਟੰਬ ਦੁਖ ਸੋ ਦੁਖੀ ਹੋਂ, ਕਾਈ ਬਾਤ ਨਾ ਹੂਈ। ਜਿਤਨੇ ਸਾਸ ਲੇਤਾ ਹੈ ਤਿਤਨੇ ਮਾੜੇ ਹੈਂ ਕਿ ਏਹੀ ਗ਼ਰੀਬ ਨੀਚ ਕਰਮ ਹੈ। ਅਰ ਜਬ ਅਪਨੇ ਸਰੂਪ ਅਨਹਦ ਕੈ ਘਰਿ ਆਵਤਾ ਹੈ ਅਰੁ ਆਪ ਕੋ ਅਨੰਦਮਾਨ ਮਾਨਤਾ ਹੈ, ਅਰੁ ਕਹਤਾ ਹੈ : ਜੋ ਕਿਛੁ ਕਰਤਾ ਹੈ ਸਾ ਪਰਮੇਸ਼ਵਰ ਕਰਤਾ ਹੈ, ਹਮਾਰੇ ਹਾਥ ਕਿਛੁ ਨਾਹੀ—ਸਭ ਕਿਛੁ ਬਹੁਤ ਹੈ। ਏਹ ਜੋ ਅਨੰਦ ਮਾਨਿ ਸਾਸ ਲੇਤਾ ਹੈ, ਸੋ ਗਨੀਅਉ ਹੈ—ਏਹੀ ਵਡਪਣ ਹੈ।"

(ਆਤਮਾ ਪਰਮਾਤਮਾ ਕੀ ਗੋਸ਼ਟ—ਪ੍ਰਾਣ ਸੰਗਲੀ)

3. "ਇਕ ਵੇਲੇ ਸਾਰੇ ਮੱਕੇ ਕੇ ਹਾਜੀ ਅਤੇ ਇਕ ਵਲ ਬਾਬਾ ਨਾਨਕ ਬੇਦੀ ਹਕ ਰਾਸਤੀ ਕੀ ਗੁਫਤ ਸੁਨੀਦ ਹੋਈ। ਸਚ ਸਬਦੁ ਉਪਰ ਨਿਬੇੜਾ ਹਿੰਦੂ ਤੁਰਕ ਕਾ ਬਾਬੇ ਨਾਨਕ ਕੀਤਾ। ਹਿੰਦੂ ਹਿੰਦੂ ਕਰ ਖਲਾਰੇ ਅਤੇ ਮੁਸਲਮਾਨ ਮੁਸਲਮਾਨ ਹੋਇ ਖਲੋਤੇ। ਚਾਰੋ ਮਜ਼ਹਬ ਆਪੋ ਆਪਣੇ ਰਾਹਿ ਉਪਰ ਕਾਇਮ ਕੀਤੇ। ਬ੍ਰਹਮਣ, ਛਤ੍ਰੀ, ਵੈਸ, ਸੂਦ੍ਰ ਆਪੋ ਆਪਣੀ ਕਤੇਬ ਉਪਥ ਚਾਰੋ ਮਜ਼ਹਬ ਚਲਨ। ਕੋਈ ਕਿਸੇ ਕਉ ਰੱਦੇ ਨਾਹੀ। ਆਪੋ ਆਪਣੇ ਸਮੇਂ ਕਰੇ ਤਿਸੀ ਕਾ ਭਾਗ ਭੰਡਾਰੀ। ਜਿਸ ਕਉ ਏਡਾ ਬਖਸੁ ਹੋਵੈ ਸਚੇ ਸਾਹਿਬ ਕਾ ਅਤੇ ਫੇਰ ਕਛੁ ਮੰਗੇ ਦੁਨੀਆ ਦੀ ਹਿਰਸ ਕਰੇ। ਅਤੇ ਹਥ ਖੜੇ ਕਰ ਕੈ ਰਬ ਕੋਲੋਂ ਕੁਛ ਮੰਗੇ। ਤਿਸ ਕਾ ਕੀ ਹਾਲ ਹੋਗੁ, ਸੈਤਾਨ ਕਾ ਹੁਕਮ ਤਿਸਪਰ ਗਾਲਬ ਹੋਵੇਗਾ। ਲਬ ਅੰਧੇਰੇ ਕੀ ਬੰਦੀਖਾਨੇ ਵਿਚਿ ਪਾਈਅਹਿਗੇ—।"

(ਮੱਕੇ ਮਦੀਨੇ ਕੀ ਗੋਸ਼ਟ)

ਉਪਰਲੀਆਂ ਉਦਾਹਰਣਾਂ ਤੋਂ ਪ੍ਰਤੀਤ ਹੁਦਾ ਹੈ ਕਿ ਜਿਹੜੀਆਂ ਗੋਸ਼ਟਾਂ ਭਾਰਤੀ ਵਿਚਾਰ-ਪ੍ਰਣਾਲੀ ਨਾਲ ਸਬੰਧਤ ਹਨ, ਉਨ੍ਹਾਂ ਵਿਚ ਪੰਜਾਬੀ ਦੇ ਨਾਲ ਨਾਲ ਸਾਧ-ਭਾਖਾ ਦੀ ਵਰਤੋਂ ਮਿਲਦੀ ਹੈ ਅਤੇ ਜਿਹੜੀਆਂ ਗੋਸ਼ਟਾਂ ਮੁਸਲਮਾਨੀ ਵਿਚਾਰ-ਪ੍ਰਣਾਲੀ ਬਾਰੇ ਹਨ, ਉਨ੍ਹਾਂ ਵਿਚ ਫ਼ਾਰਸੀ, ਅਰਬੀ ਦੇ ਸ਼ਬਦਾਂ ਦੀ ਵਧੀਕ ਵਰਤੋਂ ਹੈ। ਮੱਕੇ ਮਦੀਨੇ ਦੀ ਗੋਸ਼ਟ ਵਿਚ ਹਕਰਾਸਤੀ ਗੁਫ਼ਤ ਸ਼ੁਨੀਦ, ਮਜ਼ਹਬ, ਕਾਇਮ, ਕਤੇਬ, ਸੈਤਾਨ, ਗ਼ਾਲਬ ਆਦਿਕ ਸ਼ਬਦ ਅਰਬੀ ਫ਼ਾਰਸੀ ਵਿੱਚੋਂ ਆਏ ਹਨ। ਪਹਿਲੀਆਂ ਦੋਹਾਂ ਉਦਾਹਰਣਾਂ ਵਿਚ ਕੇ, ਥਾ, ਖਾਤਾ, ਈਹਾਂ, ਕਵਨ, ਨਾਹੀਂ, ਚਿੰਤਾਮਾਨ ਹੋਤਾ ਹੈ, ਆਵਤਾ ਹੈ, ਕਹਿਤਾ ਹੈ, ਹੋਂ, ਹੂਈ, ਕਾਈ, ਹੋਤਾ ਹੈ ਆਦਿਕ ਸ਼ਬਦ ਸਾਧ-ਭਾਖਾ ਦੇ ਆਮ ਵਰਤੀਂਦੇ ਸ਼ਬਦ ਹਨ।

(3) **ਪਰਮਾਰਥ ਤੇ ਟੀਕੇ**—ਪਰਮਾਰਥ ਵੀ ਗੁਰੂ ਦੀ ਬਾਣੀ ਦੇ ਹੀ ਮਿਲਦੇ ਹਨ। ਆਮ ਜਗਿਆਸੂ ਲਈ ਗੁਰਬਾਣੀ ਦੇ ਆਸ਼ੇ ਦਾ ਗ੍ਰਹਿਣ ਕਰਨਾ ਕਠਨ ਹੈ, ਇਸ ਲਈ ਸਾਖੀਕਾਰਾਂ ਅਤੇ ਵਿਦਵਾਨਾਂ ਨੇ ਗੁਰੂ ਜੀ ਦੀ ਰਚਨਾ ਦੇ ਭਾਵ ਨੂੰ ਖੋਲ੍ਹਣ ਦੀ ਕੋਸ਼ਸ਼ ਕੀਤੀ ਹੈ। ਕਈ ਜਨਮ ਸਾਖੀਆਂ ਦੇ ਨੁਖਸਿਆਂ ਵਿਚ ਗੁਰੂ ਬਾਣੀ ਦੇ ਪਰਮਾਰਥ ਮਿਲਦੇ ਹਨ। ਪਰ 'ਜਪੁਜੀ' ਅਤੇ 'ਸਿਧ ਗੋਸ਼ਟ' ਦੇ ਪਰਮਾਰਥ ਵੱਖਰੇ ਵੀ ਮਿਲ਼ਦੇ ਹਨ।

Digitized by Panjab Digital Library | www.panjabdigilib.org

## ਜਪੁ ਪਰਮਾਰਥ ਵਿਚੋਂ ਵਾਰਤਕ ਦੀ ਉਦਾਹਰਣ

1 "ਤਬ ਗੁਰੂ ਬਾਬੇ ਨਾਨਕ ਜੀ ਕਹਿਆ ਕਿ ਸੁਣਿ ਪੁਰਖਾ ਅੰਗਦਾ ! ਮੰਤ੍ਰ ਭੀ ਤਦਿ ਚਲਦੇ ਫੁਰਦੇ ਹੈਨ ਜਦ ਮੰਤ੍ਰਾਂ ਦੀ ਜੁਗਤਿ ਕਮਾਈਦੀ ਹੈ। ਪੁਰਖਾ ! ਏਸੁ ਜਪੁ ` ਮੰਤ੍ਰ ਦੀ ਬਿਧਿ ਏਹੁ ਹੈ, ਇਸੁ ਜਪ ਦਾ ਅਰਥ ਸਮਝ ਸਕੈ। ਜਪੁ ਪੜ੍ਹੈਗਾ, ਅਤੇ ਏਸਦੀ ਕਰਤੂਤਿ ਕਮਾਵੈਗਾ ਸੋ ਮੇਰਾ ਸਰੂਪ ਹੋਵੈਗਾ ! ਜਿ ਕੋਈ ਏਸ ਜਪ ਦੀ ਹੀ ਟੇਕ ਕਰਿ ਕਰਿ, ਜਿਤੁ ਕਿਤ ਅਵਸਰ ਏਹੁ ਪੜ੍ਹੈ ਜਪੁ ਏਸ ਦੀ ਟੇਕ ਰਖੈ, ਤਾਂ ਜਿ ਕਿਛੁ ਕਾਰਜ ਉਸ ਦਾ ਹੋਵੈ, ਉਸ ਕੋ ਪੂਰਨ ਕਰੈ। ਅਤੈ ਪੁਰਖਾ ! ਓਹ ਜੁ ਮਤ੍ਰ ਸੈਸਾਰ ਦੇ ਮਖਸੂਦਿ ਕਰਦੇ ਹੈਨਿ, ਰੋਗ ਭਿ ਗਵਾਇਦੇ ਹੈਨਿ, ਪਰ ਉਨੀ ਪੜੀ ਮੋਖ ਪਦਵੀ ਨਾਹੀਂ ਪਾਈਦੀ। ਅਤੇ ਪੁਰਖਾ ! ਏਹੋ ਜੋ ਜਪੁ ਹੈ ਪਰਮੇਸ਼ਰ ਕਾ ਭੇਜਿਆ ਹੋਆ, ਸੋ ਇਥਾਊਂ ਉਥਾਊਂ ਦੀਨ ਦੁਨੀਆ ਦਰਗਾਹ ਜਾਂਦਾ ਹੈ ਅਤੇ ਸਭੇ ਕਾਰਜ ਸੈਸਾਰ ਕੇ ਹੈ, ਜੁ ਕਿਛੁ ਚਿਤਵੈ ਸੁ ਹੋਵੈ। ਏਸ ਦੀ ਕਰਤੂਤਿ ਕਮਾਵੈ।"

2. "ਕਈ ਆਸਨ ਥਾਨ ਮੁਕਾਮ ਹੈ ਪਰਮੇਸਰ ਕੇ ਕੀਏ ਹੈ ਤਿਨ ਕੀ ਗਣਤੀ ਨਾਹੀ। ਅਤੇ ਇਕਤੇ ਲੋਅ ਭੰਡਾਰ ਕੀਏ ਹੈ। ਤਿਨ ਕੇ ਬਾਬਾ ਜਿ ਕਿਛੁ ਦੇਣਾ ਥਾ ਸੋ ਏਕਹੀ ਬਾਰ ਦੀਆ। ਜਿ ਕਿਛੁ ਕਲਾ ਸਮਾਹੀ ਸੁ ਏਕਾ ਹੀ ਬਾਰ ਬਾਹੀ। ਜੀਆ ਕੈ ਬਾਬਿ ਦੁਖ ਸੁਖ, ਨੰਗ ਭੁਖ, ਰਾਜ ਭੋਗ, ਮਰਨ ਜੀਵਨ, ਰਹਿਣ, ਆਵਣ, ਜਾਣੁ, ਉਤਮ ਨੀਚ ਕੀ ਬਖਸ਼ ਮਾਰ ਕਥਾ ਪ੍ਰਾਣੀ ਕੀ ਜਿ ਕਿਛੁ ਕਰਿ ਪਾਈ ਸੁ ਮਿਟਦਾ ਨਾਹੀ। ਓਹੁ ਕੀਤੀ ਬਸਤ੍ਰ ਹੋਤੀ ਜਾਤੀ ਹੈ। ਤਿਸ ਕਾ ਤਮਾਸਾ ਦੇਖਿ ਦੇਖਿ ਬਿਗਸਤਾ ਹੈ। ਆਪ ਨਿਰੰਜਨ ਪੁਰਖ ਕਿਸ ਕੀ ਨਿਆਈ। ਜਿਉ ਕੋਈ ਉਸਤਾਦ ਇਕ ਵਸਤੁ ਸਵਾਰਿ ਕਰਿ ਦੇਖਦਾ ਹੈ ਅਰੁ ਆਪਣੀ ਵਸਤ੍ਰ ਕਉ ਦੇਖੁ ਖੁਸ਼ੀ ਹੋਤਾ ਹੈ ਤਿਤੁ ਆਪਣੇ ਜੀਅ ਕਾ ਤਮਾਸਾ ਸ੍ਰਿਸਟਿ ਰਚੀ ਕਾ ਦੇਖਿ ਅਨੰਦਮਾਨ ਹੋਤਾ ਹੈ। ਉਹੀ ਸਚਾ ਜਿ ਕਿਛੁ ਕਰੇ ਸੁ ਸਚੁ।35।"

ਪਰਮਾਰਥ ਦੇ ਭਾਵਾਰਥ ਦਾ ਨਿਰਭਰ ਲਿਖਾਰੀ ਦੀ ਵਿਸ਼ੇ ਸਬੰਧੀ ਸੂਝ ਉਤੇ ਹੈ। ਜਿਤਨਾ ਵਿਦਵਾਨ ਲਿਖਾਰੀ ਜਾਂ ਟੀਕਾਕਾਰ ਹੋਵੇਗਾ ਉਨਾ ਹੀ ਉਸ ਦਾ ਚੰਗਾ ਭਾਵ-ਪ੍ਰਕਾਸ਼ਨ ਹੋਵੇਗਾ। ਟੀਕਾਕਾਰ ਦਾ ਕੰਮ ਸੌਖਾ ਨਹੀਂ। ਉਹ ਆਪਣੇ ਵਿਸ਼ੇ ਦਾ ਮਾਹਿਰ ਹੋਣਾ ਚਾਹੀਦਾ ਹੈ। ਕਵਿਤਾ ਨੂੰ ਨਿਰਾ ਵਾਰਤਕ ਬਣਾ ਦੇਣਾ ਹੀ ਟੀਕਾ ਨਹੀਂ, ਭਾਵਾਂ ਨੂੰ ਸਪਸ਼ਟ ਕਰਨ ਲਈ ਵਿਆਖਿਆ ਵੀ ਜ਼ਰੂਰੀ ਹੈ। ਜਪੁ ਪਰਮਾਰਥ ਅਤੇ ਪਹਿਲੀਆਂ ਜਨਮ ਸਾਖੀਆਂ ਵਿਚ ਆਏ ਪਰਮਾਰਥਾਂ ਵਿਚ ਵਿਆਖਿਆ ਬਹੁਤ ਘਟ ਹੈ। ਭਾਈ ਮਨੀ ਸਿੰਘ ਇਕ ਟੀਕਾਕਾਰ ਵੀ ਹੈ ਅਤੇ ਵਿਆਖਿਆ-ਕਾਰ ਵੀ।

### 4. ਰਹਿਤਨਾਮੇ—

ਰਹਿਤਨਾਮਿਆਂ ਵਿਚ ਗੁਰਸਿੱਖਾਂ ਦੇ ਆਮ ਜੀਵਨ ਲਈ ਕੁਝ ਸੂਚਨਾਵਾਂ ਹਨ। ਇਹ ਕਵਿਤਾ ਵਿਚ ਵੀ ਹਨ ਅਤੇ ਵਾਰਤਕ ਵਿਚ ਵੀ। ਭਾਈ ਚੌਪਾ ਸਿੰਘ, ਭਾਈ ਦੇਸਾ ਸਿੰਘ ਅਤੇ ਭਾਈ ਨੰਦ ਲਾਲ ਦੇ ਰਹਿਤਨਾਮੇ ਮਿਲਦੇ ਹਨ। ਇਹ ਰਹਿਤਨਾਮੇ ਪੰਜਾਬੀ ਵਾਰਤਕ ਦੇ ਵਿਕਾਸ਼ ਵਿਚ ਇਕ ਪੜਾ ਤਾਂ ਨਹੀਂ ਕਹੇ ਜਾ ਸਕਦੇ, ਪਰ ਸਹਾਇਕ ਜ਼ਰੂਰ ਹਨ। ਵਾਕ ਸਰਲ ਤੇ ਸਪਸ਼ਟ ਹਨ।

Digitized by Panjab Digital Library | www.panjabdigilib.org

**5. ਨਿਰਮਲੇ ਸੰਤਾਂ ਦੀਆਂ ਵਾਰਤਕ ਰਚਨਾਵਾਂ**—ਨਿਰਮਲੇ ਸਾਧਾਂ ਨੇ ਪੰਜਾਬੀ ਕਵਿਤਾ ਅਤੇ ਵਾਰਤਕ ਦੀ ਪ੍ਰਫੁਲਤਾ ਲਈ ਢੇਰ ਕੰਮ ਕੀਤਾ ਹੈ। ਇਨ੍ਹਾਂ ਦੀਆਂ ਰਚਨਾਵਾਂ ਹਥ-ਲਿਖਤੀ ਨੁਸਖਿਆਂ ਦੇ ਰੂਪ ਵਿਚ ਕਈ ਡੇਰਿਆਂ ਅਤੇ ਧਾਰਮਕ ਅਸਥਾਨਾਂ ਤੇ ਬਿਖਰੀਆਂ ਪਈਆਂ ਹਨ। ਉਨ੍ਹਾਂ ਦੀ ਖੋਜ ਅਤੇ ਸੰਭਾਲ ਲਈ ਉਦਮ ਜ਼ਰੂਰੀ ਹੈ। ਇਨ੍ਹਾਂ ਮਹਾਂ ਪੁਰਸ਼ਾਂ ਨੇ ਆਪਣੀਆਂ ਰਚਨਾਵਾਂ ਉਤੇ ਆਪਣਾ ਨਾਂ ਦੇਣੋਂ ਸੰਕੋਚ ਕੀਤਾ ਹੈ। ਦਸਵੇਂ ਗੁਰੂ ਦੇ ਵਰੋਸਾਏ ਹੋਣ ਕਰਕੇ ਇਨ੍ਹਾਂ ਨੇ ਆਪਣੀ ਪ੍ਰੇਮ-ਭੇਟਾ ਉਨ੍ਹਾਂ ਦੇ ਨਾਂ ਨਾਲ ਜੋੜ ਦਿਤੀ ਹੈ। 'ਪ੍ਰੇਮ ਅਬੰਧ' ਅਤੇ 'ਪ੍ਰੇਮ ਸੁਮਾਰਗ ਗ੍ਰੰਥ' ਦੋ ਅਜਿਹੀਆਂ ਰਚਨਾਵਾਂ ਹਨ ਜਿਨ੍ਹਾਂ ਉਤੇ ਮਹਲਾ 10 ਲਿਖਿਆ ਮਿਲਦਾ ਹੈ। 'ਪ੍ਰੇਮ ਅੰਬੋਧ' ਕਵਿਤਾ ਦੀ ਪੁਸਤਕ ਹੈ ਜਿਨ੍ਹਾਂ ਵਿਚ ਭਗਤਾਂ ਦੀਆਂ ਪ੍ਰੇਮ ਪਰਚੀਆਂ ਦਰਜ ਹਨ। 'ਪ੍ਰੇਮ ਸੁਮਾਰਗ ਗ੍ਰੰਥ' ਵਾਰਤਕ ਦਾ ਗ੍ਰੰਥ ਹੈ। ਇਸ ਵਿਚ ਖ਼ਾਲਸੇ ਦੀਆਂ ਰਹਿਤਾਂ ਦਾ ਜ਼ਿਕਰ ਹੈ। ਇਹ ਰਚਨਾ ਭਵਿਖਤ ਨਾਲ ਸੰਬੰਧਤ ਹੈ। ਨਿਹਕਲੰਕ ਅਵਤਾਰ ਦੇ ਸਮੇਂ ਸੰਤ ਖ਼ਾਲਸੇ ਦੀ ਅਗਵਾਈ ਲਈ ਇਹਦੇ ਵਿਚ ਚੰਗੇਰੇ ਜੀਵਨ ਲਈ ਕੁਝ ਇਕ ਸੂਚਨਾਵਾਂ ਹਨ।

**ਉਦਾਹਰਣ**—

"ਮਠ, ਮੜ੍ਹੀ, ਬੁਤ, ਤੀਰਥ, ਦੇਵਤਾ, ਬਰਤ, ਪੂਜਾ, ਅਰਚਾ, ਮੰਤ੍ਰ, ਜੰਤ੍ਰ, ਪੀਰ, ਪੁਰਖ, ਬ੍ਰਹਮਣ, ਪੁਛਣਾ, ਤਰਪਨ ਕਰਨਾ, ਗਾਯਤ੍ਰੀ, ਸਰਾਧ, ਹੈਰਤ ਕਿਤੇ ਵਲ ਦੇਖੇ ਨਾਹੀਂ—ਦੇਵੀ ਦੇਵਤੇ ਦੇ ਇਸ਼ਟ ਪ੍ਰਸ਼ਾਦਿ ਨਾ ਖਾਏ।"

ਨਿਰਮਲੇ ਸਾਧਾਂ ਨੇ ਗੁਰਬਾਣੀ ਦੇ ਪਰਮਾਰਥ ਵੀ ਲਿਖੇ ਹਨ। 'ਜਪੁ ਪਰਮਾਰਥ' ਤੇ 'ਸਿਧ ਗੋਸ਼ਟਿ ਪਰਮਾਰਥ' ਇਨ੍ਹਾਂ ਦੀਆਂ ਹੀ ਰਚਨਾਵਾਂ ਪ੍ਰਤੀਤ ਹੁੰਦੀਆਂ ਹਨ।

ਕਬੀਰ ਅਤੇ ਰਵਿਦਾਸ ਦੀਆਂ ਜੀਵਨੀਆਂ ਜਨਮ ਸਾਖੀਆਂ ਵਾਗੂੰ ਹੀ ਲਿਖੀਆਂ ਗਈਆਂ ਹਨ। ਕਬੀਰ ਦੀ ਬਾਣੀ ਰਾਹੀਂ ਉਹਦੇ ਜੀਵਨ ਨੂੰ ਨਿਰੂਪਣ ਕੀਤਾ ਗਿਆ ਹੈ। ਇਹ ਰਚਨਾਵਾਂ ਵੀ ਨਿਰਮਲੇ ਸਾਧਾਂ ਦੀ ਕਿਰਤ ਭਾਸਦੀਆਂ ਹਨ।

**ਕਬੀਰ ਦੀ ਪਰਚੀ 'ਚੋਂ ਉਦਾਹਰਣ**—

"ਤਬ ਕਬੀਰ ਦਾਸ ਜੀ ਕਹਾ, 'ਹੇ ਪਾਤਸ਼ਾਹੁ ਜੀ ਏਹੁ ਜੋ ਬਾਨਾ ਹੈ ਸੋ ਮਨੋਹਰ ਬਾਨਾ ਹੈ। ਜਬ ਮਥਰਾ ਸ੍ਰੀ ਠਾਕੁਰ ਜੀ ਆਏ ਹੈਂ, ਤਬ ਏਹੁ ਬਾਨਾ ਕੀਆ ਹੈ। ਤਬ ਜੋ ਠਾਕਰ ਕੇ ਸੇਵਕ ਥੇ ਬੈਸ਼ਨੋ ਥੇ। ਤਿਨਹੁ ਬਾਨਾ ਮਾਨ ਲੀਆ ਹੈ। ਅਰ ਸ੍ਰੀ ਠਾਕਰ ਜੀ ਕੇ ਛੰਦ ਹੈ। ਬਿਸ਼ਨਪਦੇ ਬੈਸ਼ਨੋ ਗਾਵਤੇ ਹੈਂ। ਅਰ ਰਾਮ ਕਾ ਨਾਮ ਅਹਿਨਿਸ ਰਸਨਾ ਤੇ ਉਚਰਤੇ ਹੈਂ। ਅਰ ਜਮ ਜੋ ਹੈ ਸੋ ਇਸ ਕਾ ਵੈਰੀ ਹੈ। ਤਿਸ ਕੇ ਸਿਰੁ ਏਹੁ ਤਾਲ ਬਜਾਵਤਾ ਹੈ ਜੋ ਅੰਤ ਇਨਕੈ ਨਿਕਟ ਜਮ ਆਵੈ ਨਾਹੀਂ। ਪਾਤਸ਼ਾਹੁ ਜੀ ਏਹੁ ਬਾਤ ਇਵ ਹੈ ਜੀ।' ਤਬ ਪਾਤਸ਼ਾਹੁ ਕਹਾ, "ਹੈ ਏਕ ਬੀਰ ਏਹੁ ਜੋ ਸਾਹੁ ਹੈ ਅਰ ਪਾਤਸ਼ਾਹੁ ਹੈ। ਦੇਖਾ ਜੀ ਇਨ ਮਹਿ ਮਾਲ ਖ਼ਜ਼ਾਨਾ ਹੈ। ਰਾਜ ਪਾਤਸ਼ਾਹੀ ਹੈ। ਇਨ ਕੋ ਕਿਆ ਹੋਇਗਾ।" ਤਬੁ ਕਬੀਰ ਜੀ ਬਾਨੀ ਬੋਲੀ: "ਜੋ ਤਖਤ ਦੁਲੀਚੇ ਹਸਤੀ ਘੋੜੇ ਦੁਨੀਆ ਦੇਖ ਭੁਲਾਨਾ। ਮਹਿਲ ਖਜ਼ਾਨੇ ਆਂਡੇ ਗਾਡੇ ਛੋਡ ਚਲੇ ਸੁਲਤਾਨਾ।"

ਨਿਰਮਲੇ ਸਾਧਾਂ ਦੀਆਂ ਰਚਨਾਵਾਂ ਵਿਚ ਸਾਧ-ਭਾਖਾ ਦਾ ਪ੍ਰਵੇਸ਼ ਸਪਸ਼ਟ ਤੌਰ ਤੇ ਵਿਖਾਈ

Digitized by Panjab Digital Library | www.panjabdigilib.org

ਦਿੰਦਾ ਹੈ।

(6) **ਭਾਈ ਮਨੀ ਸਿੰਘ ਦੀਆਂ ਰਚਨਾਵਾਂ**—ਭਾਈ ਮਨੀ ਸਿੰਘ ਦਾ ਨਾਂ ਪੰਜਾਬੀ ਵਾਰਤਕ ਦੇ ਖੇਤਰ ਵਿਚ ਮਹਾਨਤਾ ਰਖਦਾ ਹੈ। ਜਿਸ ਤਰ੍ਹਾਂ ਸੰਗਲਾਦੀਪ ਵਿਚ ਗੁਰੂ ਨਾਨਕ ਦੇ ਸਿੱਖ ਸੀਹੋਂ ਨੇ ਉਨ੍ਹਾਂ ਦੇ ਬਚਨਾਂ ਨੂੰ 'ਪ੍ਰਾਣ ਸੰਗਲੀ' ਵਿਚ ਲਿਪੀ ਬੱਧ ਕਰ ਦਿੱਤਾ, ਇਵੇਂ ਹੀ ਕਿਸੇ ਸ਼ਰਧਾਲੂ ਨੇ ਭਾਈ ਜੀ ਦੇ ਬਚਨਾਂ ਨੂੰ ਦੋ ਪੋਥੀਆਂ ਵਿਚ ਅੰਕਿਤ ਕੀਤਾ। ਇਹ ਦੋ ਪੋਥੀਆਂ ਹਨ। 'ਗਿਆਨ ਰਤਨਾਵਲੀ' ਤੇ 'ਭਗਤ ਰਤਨਾਵਲੀ'। ਭਗਤ ਰਤਨਾਵਲੀ ਨੂੰ 'ਸਿੱਖਾਂ ਦੀ ਭਗਤਮਾਲਾ' ਵੀ ਕਿਹਾ ਜਾਂਦਾ ਹੈ।

ਭਾਈ ਮਨੀ ਸਿੰਘ ਦੀ ਵਾਰਤਕ ਵਿਆਖਿਆਤਮਕ ਵਾਰਤਕ ਦੀ ਸਭ ਤੋਂ ਉੱਤਮ ਉਦਾਹਰਣ ਹੈ। ਭਾਈ ਸਾਹਿਬ ਸੰਸਕ੍ਰਿਤ ਅਤੇ ਫ਼ਾਰਸੀ ਦੇ ਚੰਗੇ ਵਿਦਵਾਨ ਸਨ। ਫ਼ਾਰਸੀ ਦੇ ਪ੍ਰਭਾਵਾਂ ਕਰਕੇ ਵਾਰਤਕ ਵਿਜੋਗਾਤਮਕ ਅਤੇ ਵਿਆਖਿਆਤਮਕ ਹੋ ਰਹੀ ਸੀ। ਭਾਈ ਜੀ ਨੇ, ਭਾਈ ਗੁਰਦਾਸ ਦੇ ਭਾਵਾਂ ਦੀ ਵਿਆਖਿਆ ਕਰਨੀ ਸੀ, ਇਸ ਲਈ ਉਨ੍ਹਾਂ ਨੇ ਆਪਣ ਵਿਸ਼ਾਲ ਗਿਆਨ ਨੂੰ ਸੰਸਕ੍ਰਿਤ, ਫ਼ਾਰਸੀ, ਸਾਧ-ਭਾਖਾ ਦੇ ਸ਼ਬਦ-ਭੰਡਾਰੇ ਦੀ ਸਹਾਇਤਾ ਲੈ ਕੇ ਪ੍ਰਗਟ ਕੀਤਾ।

**ਉਦਾਹਰਣਾਂ—**

1. "ਜਬ ਪ੍ਰਬੋਧ ਆਇਕੇ ਨਮਸਕਾਰ ਕਰੀ, ਤਿਸ ਕੇ ਦੇਖਨੇ ਹੀ ਕਰ ਬਿਬੇਕ ਕਾ ਕਰਤਵ ਅਭਿਮਾਨ ਸ਼ਾਂਤ ਭਯਾ। ਸ਼ਾਂਤ ਤੇ ਸੁਮਤ ਤੇ ਸਰਧਾ ਸਮ ਨੇਮ ਆਦਿਕ ਸਭ ਹੀ ਪ੍ਰਬੋਧ ਕ ਹੋਣ ਹੀ ਕਰ ਕ੍ਰਿਤ ਕ੍ਰਿਤ ਭਏ। ਬਿਬੇਕ ਕਹਾ 'ਮੈਂ ਬਿਸ਼ਨ ਭਗਤ ਦੀ ਕਿਰਪਾ ਕਰ ਅਬ ਮੈਂ ਸੋਹੰ ਸੋ ਹੂਆ ਹੋਂ।' ਤਿਸ ਤੇ ਉਪਰਾਂਤ ਬਿਸ਼ਨ ਭਗਤ ਭੀ ਮਾਨ ਪ੍ਰਾਪਤਿ ਭਈ। ਬਿਬੇਕ ਬਿਸ਼ਨ ਭਗਤ ਕਉ ਅਸ਼ਟਾਂਗ ਡੰਡਉਤ ਕੀਆ ਤੇ ਕਹਾ 'ਤੇਰੇ ਪ੍ਰਸਾਦਿ ਕਰਿ ਮੋਹਿ ਸ਼ਤਰੂ ਕਾ ਨਾਸ ਭਇਆ ਹੈ। ਮੈਂ ਕ੍ਰਿਤ ਕ੍ਰਿਤ ਹੂਆ ਹੋਂ।' ਏ ਕਹਿ ਕਰਿ ਚਰਨਾ ਪਰਿ ਗਿਰ ਪੜਾ।"

(ਗਿਆਨ ਰਤਨਾਵਲੀ)

2. "ਤਾਂ ਬਾਬੇ ਕਹਿਆ ਏਹ ਜੋ ਕਹਿੰਦੇ ਹਨ ਕਿ ਕੁਰਾਨ ਖ਼ੁਦਾ ਦੀ ਜ਼ਬਾਨ ਥੀਂ ਹੋਇਆ ਹੈ ਅਤੇ ਪੈਕੰਬਰ ਨੂੰ ਖ਼ੁਦਾਇ ਦਾ ਦੀਦਾਰ ਹੁੰਦਾ ਸੀ ਅਰ ਨਿਆਮਤ ਨੂੰ—ਅਰ ਮਹਾਰਾਜ ਨਿਮਾਣਿਆਂ ਕਾ ਮਾਣ ਕਰਤਾ ਹੈ।"

(ਗਿਆਨ ਰਤਨਾਵਲੀ)

ਪਹਿਲੀ ਉਦਾਹਰਣ ਵਿਚ ਵਿਸ਼ੇ ਵਸਤੂ ਦੇ ਕਾਰਣ ਸੰਸਕ੍ਰਿਤ ਸ਼ਬਦਾਂ ਦੀ ਵਰਤੋਂ ਮਿਲਦੀ ਹੈ ਅਤੇ ਦੂਜੀ ਵਿਚ ਫ਼ਾਰਸੀ ਸ਼ਬਦਾਂ ਦੀ।

'ਗਿਆਨ ਰਤਨਾਵਲੀ' ਭਾਈ ਗੁਰਦਾਸ ਦੀ ਪਹਿਲੀ ਵਾਰ ਦਾ ਟੀਕਾ ਹੈ ਅਤੇ 'ਭਗਤ ਰਤਨਾਵਲੀ' ਯਾਰ੍ਹਵੀਂ ਵਾਰ ਦਾ। ਇਨ੍ਹਾਂ ਵਾਰਾਂ ਦੇ ਵਿਸ਼ੇ ਵਸਤੂ ਵਿਚ ਢੇਰ ਅੰਤਰਾ ਹੈ। ਪਹਿਲੀ ਵਾਰ ਵਿਚ ਗੁਰੂ ਨਾਨਕ ਦੇ ਸਮੇਂ ਦਾ ਸਿਧਾਂਤਕ ਪਿਛਵਾੜਾ ਦੇ ਕੇ ਗੁਰੂ ਨਾਨਕ ਦੀਆਂ ਚੋਣਵੀਆਂ ਜੀਵਨ ਘਟਨਾਵਾਂ ਨੂੰ ਦਰਸਾਇਆ ਗਿਆ ਹੈ। ਯਾਰ੍ਹਵੀਂ ਵਾਰ ਵਿਚ ਗੁਰੂ ਘਰ ਨਾਲ ਸਬੰਧਤ ਸਿੱਖਾਂ ਦੇ ਨਾਂ ਹਨ। ਪਹਿਲੀ ਵਾਰ ਦੇ ਟੀਕੇ ਵਿਚ ਟੀਕਾਕਾਰ ਨੂੰ ਭਾਰਤੀ ਪਧਰ ਉਤੇ ਰਹਿਣ ਕਰਕੇ ਸਾਧ-ਭਾਖਾ ਦਾ ਵਧੀਕ ਪ੍ਰਯੋਗ ਕਰਨਾ ਪਿਆ ਹੈ ਪਰ ਯਾਰ੍ਹਵੀਂ ਵਾਰ ਵਿਚ ਟੀਕਾਕਾਰ ਨੂੰ

Digitized by Panjab Digital Library | www.panjabdigilib.org

ਸਾਧ-ਭਾਖਾ ਦੀ ਬਹੁਤੀ ਲੋੜ ਨਹੀਂ ਪਈ ਕਿਉਂਕਿ ਸਿਖ ਗੁਰੂ ਜੀ ਕੋਲ ਆ ਕੇ ਆਪਣੇ ਸ਼ੰਕੇ ਨਵਿਰਤ ਕਰਦੇ ਹਨ, ਆਪਣੇ ਜੀਵਨ ਨੂੰ ਸੰਵਾਰਨ ਲਈ ਉਪਦੇਸ਼ ਲੈਂਦੇ ਹਨ । ਏਸੇ ਕਰਕੇ ਪਹਿਲੀ ਰਚਨਾ ਅਤੇ ਦੂਜੀ ਰਚਨਾ ਦੀ ਵਾਕ ਬਣਤਰ ਵਿਚ ਵੀ ਫ਼ਰਕ ਪੈ ਗਿਆ ਹੈ।

'ਗਿਆਨ ਰਤਨਾਵਲੀ' ਵਿਚ ਨਾ ਕੇਵਲ ਭਾਈ ਗੁਰਦਾਸ ਦੀ ਪਹਿਲੀ ਵਾਰ ਦੀ ਵਿਆਖਿਆ ਹੈ ਸਗੋਂ ਗੁਰੂ ਨਾਨਕ ਦੇਵ ਜੀ ਦੀ ਸਮੇਂ ਸਮੇਂ ਉਚਾਰੀ ਗਈ ਬਾਣੀ ਦੀ ਵੀ ਵਿਆਖਿਆ ਹੈ। ਇਹਦੇ ਵਿਚ ਜਪੁਜੀ, ਆਸਾ ਦੀ ਵਾਰ ਸਿਧ ਗੋਸ਼ਟ ਆਦਿਕ ਬਾਣੀਆਂ ਦਾ ਵੀ ਟੀਕਾ ਕੀਤਾ ਗਿਆ ਹੈ ।

'ਗਿਆਨ ਰਤਨਾਵਲੀ' ਤੇ ਭਗਤ ਰਤਨਾਵਲੀ ਦੀ ਹਰ ਸਾਖੀ ਆਪਣੇ ਆਪ ਵਿਚ ਸੰਪੂਰਨ ਹੈ । ਭਾਈ ਮਨੀ ਸਿੰਘ ਜੀ ਦੀ ਬੋਲੀ ਆਮ ਸਾਧਾਂ ਫਕੀਰਾਂ ਤੇ ਸਾਈਂ ਲੋਕਾਂ ਦੀ ਬੋਲੀ ਹੈ ਜਿਸ ਨੂੰ ਵਿਦਵਤਾ ਨਾਲ ਲੱਦ ਦਿੱਤਾ ਗਿਆ ਹੈ । ਇਹੋ ਕਾਰਨ ਹੈ ਕਿ ਇਹਦੇ ਵਿਚ ਭਾਈ ਬਾਲੇ ਦੀ ਜਨਮ ਸਾਖੀ ਪੁਰਾਤਨ ਜਨਮ ਸਾਖੀ ਦੀ ਕਾਵਿਕ ਵਾਰਤਕ ਦੀ ਘਾਟ ਹੈ । ਇਹਦੇ ਵਿਚ ਕਿਰਿਆਵਾਂ ਸਬੰਧਕ ਤੇ ਯੋਜਕ ਸਾਧ ਭਾਸ਼ਾ ਦੇ ਵਰਤੇ ਗਏ ਹਨ । ਇਸ ਸਬੰਧ ਵਿਚ ਭਾਈ ਬਾਲੇ ਵਾਲੀ ਜਨਮ ਸਾਖੀ ਨਾਲ ਇਹਦੀ ਵਧੀਕ ਨੇੜਤਾ ਹੈ । ਪੁਰਾਤਨ ਜਨਮ ਸਾਖੀ ਦੀ ਬੋਲੀ ਭਾਈ ਵੀਰ ਸਿੰਘ ਅਨੁਸਾਰ ਜਿਹਲਮ ਦੇ ਆਰਲੇ ਪਾਰਲੇ ਕੰਢੇ ਦੀ ਬੋਲੀ ਹੈ ।

ਬੋਲੀ ਦੇ ਸ਼ਬਦ-ਭੰਡਾਰ ਨੂੰ ਗਹੁ ਨਾਲ ਵੇਖਿਆਂ ਇਹ ਕਿਹਾ ਜਾ ਸਕਦਾ ਹੈ ਕਿ ਭਾਈ ਮਨੀ ਸਿੰਘ ਜੀ ਸੰਸਕ੍ਰਿਤ ਤੇ ਫਾਰਸੀ ਦੇ ਚੰਗੇ ਵਿਦਵਾਨ ਸਨ। ਗਿਆਨ ਰਤਨਾਵਲੀ ਵਿਚ ਉਸ ਮਹਾਨ ਸ਼ਖ਼ਸੀਅਤ ਦੇ ਜੀਵਨ ਦਾ ਪ੍ਰਗਟਾ ਹੈ ਜਿਨ੍ਹਾਂ ਦਾ ਮੇਲ ਵੇਦਾਂਤੀਆਂ, ਜੋਗੀਆਂ, ਮੁਸਲਮਾਨਾਂ ਬੋਧੀਆਂ ਜੈਨੀਆਂ ਸਭ ਨਾਲ ਹੋਇਆ ਹੈ । ਇਸ ਲਈ ਉਨ੍ਹਾਂ ਦੀ ਸ਼ਖ਼ਸੀਅਤ ਨਾਲ ਸਬੰਧਤ ਕਿਸੇ ਵੀ ਪੋਥੀ ਵਿਚ ਦੂਜੇ ਮਤਾਂ ਦੇ ਸ਼ਬਦ ਮਿਲਣੇ ਜ਼ਰੂਰੀ ਹਨ । ਫਿਰ ਭਾਈ ਮਨੀ ਸਿੰਘ ਇਕ ਮਹਾਨ ਵਿਦਵਾਨ ਹੋਣ ਦੇ ਕਾਰਨ ਦੂਜੇ ਧਰਮਾਂ ਨਾਲ ਸਬੰਧਤ ਸ਼ਬਦਾਵਲੀ ਨੂੰ ਬੜੀ ਚੰਗੀ ਤਰ੍ਹਾਂ ਪਰੁਚ ਸਕੇ ਹਨ। 'ਭਗਤ ਰਤਨਾਵਲੀ' ਵਿਚ ਵਿਸ਼ਾ ਵਸਤੂ ਸੀਮਤ ਹੋਣ ਕਰਕੇ ਭਾਈ ਜੀ ਨੂੰ ਉਵੇਂ ਹੀ ਵਿਦਵਤਾ ਦੇ ਪ੍ਰਗਟਾਅ ਦਾ ਅਵਸਰ ਨਹੀਂ ਮਿਲਿਆ ਉਸ ਵਿਚ ਉਹ ਕੁਝ ਸੁਣੀ ਸੁਣਾਈ ਗਲ ਅਤੇ ਕੁਝ ਖੋਜ ਪੇਸ਼ ਕਰ ਸਕੇ ਹਨ ।

'ਗਿਆਨ ਰਤਨਾਵਲੀ' ਨਿਰਾ ਟੀਕਾ ਹੀ ਨਹੀਂ ਇਹਦੇ ਵਿਚ ਮੌਲਿਕਤਾ ਵੀ ਹੈ ਆਪਣੇ ਵਿਚਾਰਾਂ ਦੀ ਸਪਸ਼ਟਤਾ ਲਈ ਭਾਈ ਜੀ ਨੇ ਘਰੋਗੀ ਉਪਮਾਵਾਂ ਤੇ ਰੂਪਕਾਂ ਦੀ ਵਰਤੋਂ ਕੀਤੀ ਹੈ ਜਿਵੇਂ :—

(ੳ) ਜੈਸੇ ਮਨੁਖ ਆਪਸ ਮੇਂ ਭਾਜੀ ਵੰਡਦੇ ਹੈਨ ਅਰ ਸੁਖੀ ਵਸਦੇ ਹੈਨ ਤੈਸੇ ਪੰਜਾਂ ਤੱਤਾਂ ਨੇ ਭੀ ਇਕ ਇਕ ਪ੍ਰਕਿਰਤ ਆਪਣੀ ਚੌਹਾਂ ਤੱਤਾਂ ਮੇਂ ਪਾਈ ਹੈ ।

(ਅ) ਈਸ਼ਰ ਰਿਜ਼ਕ ਦੇਣੇ ਦਾ ਸ਼ਾਹ ਹੈ ਅਰ ਸਤਿਗੁਰੂ ਗਿਆਨ ਦੇਣੇ ਕਾ ਸ਼ਾਹ ਹੈ।

(ੲ) ਈਸ਼ਵਰ ਸੂਤਰਧਾਰ ਹੈ ਅਤੇ ਜੀਵ ਪੁਤਲੀਆਂ ਹੈ । ਸੋ ਜੈਸੇ ਸੂਤਰਧਾਰ ਪ੍ਰੇਰਨਾ ਕਰਤਾ ਹੈ ਅਰ ਪੁਤਲੀਆਂ ਕ੍ਰਿਆ ਕਰਤੀਆਂ ਹੈਂ ਤੈਸੇ ਹੀ ਕਰਤਾਰ ਪ੍ਰੇਰਨਾ ਕਰ ਰਹਾ ਹੈ ਅਰ ਇਹ ਜੀਵ ਪਏ ਭਰਮਤੇ ਹੈਂ ।

Digitized by Panjab Digital Library | www.panjabdigilib.org

ਟੀਕਾਕਾਰ ਦੇ ਤੌਰ ਤੇ ਭਾਈ ਜੀ ਦੇ ਵਿਚਾਰਾਂ ਦੀ ਮੌਲਿਕਤਾ ਵੀ ਹੇਠਲੀਆਂ ਉਦਾਹਰਣਾਂ ਵਿਚੋਂ ਵੇਖੀ ਜਾ ਸਕਦੀ ਹੈ :—

(ੳ) ਆਸਾ ਦੀ ਵਾਰ ਦੇ ਟੀਕੇ ਵਿਚ "ਘੜੀਆਂ ਸਭੇ ਗੋਪੀਆਂ ਪਹਰੇ ਕੰਨ ਗੋਪਾਲ" ਦਾ ਭਾਵ ਭਾਈ ਜੀ ਨੇ ਇਉਂ ਪ੍ਰਗਟਾਇਆ ਹੈ : "ਅਠ ਅਠ ਪਹਿਰ ਜੋ ਹੈਂ ਸੋ ਅਠ ਨੰਦ ਗੋਪਾਲ ਕੇ ਸਾਥੀ ਹੈਂ ਅਰ ਗਹਿਣੇ ਜੋ ਹੈਂ ਪੰਜੇ ਤਤ ਹੈਂ।"

(ਅ) ਜਦੋਂ ਪੰਡਤ ਬ੍ਰਿਜਨਾਥ ਨਾਲ ਗੁਰੂ ਨਾਨਕ ਦੇਵ ਜੀ ਦੀ ਗਲ ਬਾਤ ਹੁੰਦੀ ਹੈ ਤਾਂ ਪੰਡਤ ਦੇ ਨਾਂ ਬਾਰੇ ਭਾਈ ਜੀ ਨੇ ਇਹ ਖਿਆਲ ਦਿਤਾ ਹੈ :—

"—ਫਿਰ ਬਾਬੇ ਪੰਡਤ ਨੂੰ ਕਹਿਆ ਬ੍ਰਿਜਨਾਥ ਤਾਂ ਭਗਵਾਨ ਦਾ ਨਾਂ ਹੈ ਸੋ ਤੂੰ ਆਪਣਾ ਨਾਮ ਕਿਉਂ ਰਖਾਇਆ ਹੈ ਤਾਂ ਪੰਡਤ ਕਹਿਆ ਕਿ ਗਊਆਂ ਦੇ ਬੈਠਣ ਦੀ ਜਗਾ ਨੂੰ ਬ੍ਰਿਜ ਕਹੀਦਾ ਹੈ ਅਰ ਜੋ ਉਸ ਦਾ ਸੁਆਮੀ ਹੋਵੇ ਸੋ ਨਾਥ ਕਹੀਏ ਸੋ ਇਹ ਸਰੀਰ ਰੂਪੀ ਬ੍ਰਿਜ ਹੈ ਅਰ ਇੰਦਰੀਆਂ ਰੂਪੀ ਗਊਆਂ ਹਨ ਅਰ ਜੋ ਤਿਸ ਦੇ ਉਠਾਵਣ ਬੈਠਾਵਣ ਦਾ ਪ੍ਰੇਰਕ ਹੈ ਸੋ ਨਾਥ ਕਹੀਏ ਤਾਂ ਤੇ ਮੈਂ ਜੀਵ ਹੋਂ ਅਰ ਸ੍ਰੀਰ ਦਾ ਸਾਖੀ ਹੋਂ ਸੋ ਇਸ ਵਾਸਤੇ ਮੁਝੇ ਬ੍ਰਿਜ ਨਾਥ ਕਹਿਤੇ ਹੈਂ—

ਭਾਈ ਸਾਹਿਬ ਦੀ ਵਿਆਖਿਆ ਵਿਚ ਕਈ ਵਾਰੀ ਅਜਿਹੇ ਵਿਚਾਰ ਵੀ ਮਿਲਦੇ ਹਨ ਜੋ ਗੁਰਮਤ-ਵਿਚਾਰ ਪ੍ਰਣਾਲੀ ਨਾਲ ਮੇਲ ਨਹੀਂ ਖਾਂਦੇ। ਇਸ ਤੋਂ ਇਹੋ ਪ੍ਰਤੀਤ ਹੁੰਦਾ ਹੈ ਕਿ ਭੁਲਣ-ਹਾਰ ਕੋਈ ਦੂਜਾ ਹੈ ਜੋ ਭਾਈ ਸਾਹਿਬ ਦੇ ਵਿਚਾਰਾਂ ਨੂੰ ਅੰਕਿਤ ਕਰਦਿਆਂ ਭੁਲਾਂ ਕਰ ਗਿਆ ਹੈ। ਮਿਸਾਲ ਦੇ ਤੌਰ ਤੇ ਗਿਆਨ ਰਤਨਾਵਲੀ ਵਿਚ ਗੁਰੂ ਨਾਨਕ ਦੇਵ ਜੀ ਦੇ ਮੁਖੋਂ ਇਹ ਅਖਵਾਉਣਾ ਨਹੀਂ ਸ਼ੋਭਦਾ "ਨਿਤਪ੍ਰਤ ਪ੍ਰਾਣਾਯਾਮ ਕਰ ਕੇ ਮਲ ਨਾਸ ਹੁੰਦਾ ਹੈ ਅਰ ਜਗਤ ਨੂੰ ਅਨਿਤ ਜਾਣਨੇ ਕਰ ਵਾਸ਼ਨਾ ਖ਼ੈ ਹੋਤੀਆਂ ਹੈਂ ਅਰ ਵੇਦਾਂਤ ਕੇ ਅਭਿਆਸ ਕਰ ਤੱਤ ਗਿਆਨ ਹੋਤਾ ਹੈ।"

ਭਾਈ ਮਨੀ ਸਿੰਘ ਦੀ ਵਾਰਤਕ ਦਾ ਜਦੋਂ ਅਸੀਂ ਉਨ੍ਹਾਂ ਤੋਂ ਪਹਿਲਾਂ ਲਿਖੀਆਂ ਜਾ ਚੁਕੀਆਂ ਰਚਨਾਵਾਂ ਨਾਲ ਟਾਕਰਾ ਕਰਦੇ ਹਾਂ ਤਾਂ ਭਾਈ ਮਨੀ ਸਿੰਘ ਦੀਆਂ ਰਚਨਾਵਾਂ ਦੀ ਸ਼ੈਲੀ ਸਭ ਤੋਂ ਉੱਤਮ ਪ੍ਰਤੀਤ ਹੁੰਦੀ ਹੈ ਕਿਉਂਕਿ ਭਾਈ ਮਨੀ ਸਿੰਘ ਨੇ ਪੰਜਾਬੀ ਵਾਰਤਕ ਨੂੰ ਇਸ ਪਧਰ ਤੇ ਲੈ ਆਂਦਾ ਕਿ ਇਸ ਵਿਚ ਕਈ ਕਿਸਮ ਦੇ ਖਿਆਲ ਪ੍ਰਗਟਾਏ ਜਾ ਸਕਦੇ ਸਨ।

ਭਾਈ ਸਾਹਿਬ ਨੇ ਪੰਜਾਬੀ ਵਾਰਤਕ ਵਿਚ ਸਾਹਿਤਕ ਜੀਵਨੀ ਨੂੰ ਭਾਵੇਂ ਸ਼ੁਰੂ ਨਹੀਂ ਕੀਤਾ ਪਰ ਉਨ੍ਹਾਂ ਨੇ ਇਸ ਕਲਾ ਨੂੰ ਕਾਫੀ ਮਹਾਨਤਾ ਦਿੱਤੀ ਅਤੇ ਗੁਰੂ ਨਾਨਕ ਦੇਵ ਜੀ ਦੇ ਜੀਵਨ ਨੂੰ 'ਗਿਆਨ ਰਤਨਾਵਲੀ' ਰਾਹੀਂ ਭੇਟ ਕੀਤਾ ਅਤੇ ਗੁਰਸਿੱਖਾਂ ਦੇ ਜੀਵਨ ਨੂੰ 'ਭਗਤ ਰਤਨਾਵਲੀ' ਰਾਹੀਂ। ਜੀਵਨੀ ਦੇ ਤੌਰ ਤੇ ਇਨ੍ਹਾਂ ਦੋਹਾਂ ਪੁਸਤਕਾਂ ਦੀ ਅਸਫਲਤਾ ਦਾ ਕਾਰਣ ਲਿਖਾਰੀ ਦਾ ਟੀਕਾਕਾਰੀ ਦਾ ਮਨੋਰਥ ਹੈ, ਪਹਿਲੀ ਪੁਸਤਕ ਗੁਰੂ ਨਾਨਕ ਦੇਵ ਜੀ ਦੀਆਂ ਜੀਵਨ ਘਟਨਾਵਾਂ ਦਾ ਸੰਗ੍ਰਹਿ ਹੈ ਅਤੇ ਦੂਜੀ ਵਿਚ ਗੁਰੂ ਨਾਨਕ ਦੇਵ ਜੀ ਤੋਂ ਲੈ ਕੇ ਗੁਰੂ ਹਰਗੋਬਿੰਦ ਸਾਹਿਬ ਤਕ

Digitized by Panjab Digital Library | www.panjabdigilib.org

ਦੇ ਸ਼੍ਰੋਮਣੀ ਸਿੱਖਾਂ ਦੀਆਂ ਜੀਵਨ ਘਟਨਾਵਾਂ ਦਰਜ ਹਨ । ਪਿਛਲੀ ਪੁਸਤਕ ਵਿਚ ਤਾਂ ਗੁਰਸਿੱਖੀ ਜੀਵਨ ਦੀਆਂ ਟਾਵੀਆਂ ਟਾਵੀਆਂ ਝਲਕਾਂ ਹਨ ।

ਗੁਰਮਤ ਦੀ ਵਿਚਾਰ ਪ੍ਰਣਾਲੀ ਦਾ ਪ੍ਰਗਟਾਉ ਹੋਣ ਕਰਕੇ ਭਾਈ ਮਨੀ ਸਿੰਘ ਦੀ ਰਚਨਾ ਆਦਰਸ਼ਕ ਜੀਵਨ ਨੂੰ ਚਿਤਰਦੀ ਹੈ । ਭਾਈ ਮਨੀ ਸਿੰਘ ਦੇ ਸਮਕਾਲੀ ਜੀਵਨ ਜਾਂ ਯਥਾਰਥਕ ਜੀਵਨ ਦਾ ਵਰਣਨ ਇਨ੍ਹਾਂ ਵਿਚ ਬਹੁਤ ਘਟ ਹੈ । ਫਿਰ ਵੀ ਭਾਈ ਜੀ ਦੀਆਂ ਰਚਨਾਵਾਂ ਦੀ ਇਤਿਹਾਸਕ ਮਹਾਨਤਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ । ਭਿੰਨ ਭਿੰਨ ਸਾਖੀਆਂ 'ਚੋਂ ਲੋਕ ਰੁਚੀਆਂ ਅਤੇ ਲੋਕ-ਨੁਹਾਰ ਦਾ ਝਲਕਾ ਜ਼ਰੂਰ ਪੈਂਦਾ ਹੈ । ਭਾਈ ਮਨੀ ਸਿੰਘ ਗੁਰੂ ਗੋਬਿੰਦ ਸਿੰਘ ਦੇ ਹਜ਼ੂਰੀ ਸਿੱਖ ਦੀ ਹੈਸੀਅਤ ਵਿਚ ਗੁਰਸਿੱਖੀ ਦੇ ਅਸਲੀ ਜੀਵਨ ਤੋਂ ਭਲੀ ਪਰਕਾਰ ਜਾਣੂ ਸਨ । ਇਹ ਜੀਵਨ ਉਨ੍ਹਾਂ ਦੀਆਂ ਰਚਨਾਵਾਂ ਤੋਂ ਪ੍ਰਗਟਦਾ ਹੈ ਅਤੇ ਏਹੋ ਹੀ ਉਨ੍ਹਾਂ ਦੀ ਮਹਾਨ ਸ਼ਹੀਦੀ ਦਾ ਕਾਰਨ ਸੀ ।

(7) **ਅੱਡਣ ਸ਼ਾਹ ਦੀਆਂ ਰਚਨਾਵਾਂ**—ਸੇਵਾ ਪੰਥੀ ਸਿੱਖਾਂ ਦੇ ਆਗੂ ਸੰਤ ਅੱਡਣ ਸ਼ਾਹ ਇਕ ਧਿਰ ਹਿੰਦੂ ਧਰਮ ਦੇ ਚੰਗੇ ਵਿਦਵਾਨ ਸਨ ਅਤੇ ਦੂਜੀ ਧਿਰ ਫ਼ਾਰਸੀ ਸਾਹਿਤ ਅਤੇ ਇਸਲਾਮ ਦੇ । 'ਪਾਰਸ ਭਾਗ' ਜੋ ਉਨ੍ਹਾਂ ਦੇ ਨਾਂ ਨਾਲ ਸਬੰਧਤ ਕੀਤੀ ਜਾਂਦੀ ਹੈ ਇਕ ਮੌਲਿਕ ਰਚਨਾ ਨਹੀਂ, ਇਹ ਅਮਾਮ ਗ਼ਜ਼ਾਲੀ ਦੀ ਲਿਖੀ ਫ਼ਾਰਸੀ ਦੀ ਪਰਸਿਧ ਰਚਨਾ 'ਕੀਮੀਆਇ ਸਾਅਦਤ' ਦਾ ਪੰਜਾਬੀ ਰੂਪ ਹੈ । ਪਰ ਇਸ ਰਚਨਾ ਵਿਚ ਏਨੀ ਸੁਭਾਵਕਤਾ ਹੈ, ਵਿਚਾਰ ਭਾਰਤੀ ਵਿਚਾਰ-ਪ੍ਰਣਾਲੀ ਨਾਲ ਏਨੇ ਮੇਲ ਖਾਂਦੇ ਹਨ ਕਿ ਇਸ ਦੇ ਅਨੁਵਾਦਿਤ ਰਚਨਾ ਹੋਣ ਦਾ ਸ਼ੱਕ ਹੀ ਨਹੀਂ ਪੈਂਦਾ ।

**ਉਦਾਹਰਣ—**

''ਅਬ ਜਾਣ ਤੂੰ ਜੋ ਭਗਵੰਤ ਨੇ ਇਸ ਪਰਕਾਰ ਆਗਯਾ ਕਰੀ ਹੈ ਜੋ ਪੁਰਖ ਮੇਰੇ ਨਮਿਤ ਬ੍ਰਤ ਅਰ ਤਪ ਕਰ ਕੇ ਭੋਗੋਂ ਕਾ ਤਿਆਗ ਕਰਤੇ ਹੈਂ ਤਉ ਉਨ ਕਉ ਮੈਂ ਹੀ ਉਸ ਕਾ ਫਲ ਦੇਨੇਹਾਰਾ ਹੂੰ ਪਰ ਬ੍ਰਤ ਭੀ ਤੀਨ ਪਰਕਾਰ ਕਾ ਕਹਾ ਹੈ । ਸੋ ਪ੍ਰਥਮ ਇਹ ਹੈ ਜੋ ਆਪਣੇ ਚਿਤ ਕਉ ਸੰਕਲਪ ਹੂਏ ਤੇ ਰੋਕ ਰਾਖਣਾ ਅਰ ਚਿਤ ਦੀ ਬ੍ਰਿਤਿ ਕਉ ਭਗਵੰਤ ਕੇ ਸਰੂਪ ਵਿਖੇ ਇਸਥਿਤ ਕਰਨਾ ਸੋ ਇਹ ਬ੍ਰਤ ਐਸਾ ਕਠਨ ਹੈ ਜੇ ਜਬ ਭਗਵੰਤ ਬਿਨਾ ਕੁਛਕ ਸੰਕਲਪ ਭੀ ਇਸ ਕੇ ਰਿਦੇ ਵਿਖੇ ਫੁਰੈ ਤਬ ਵਹੁ ਬ੍ਰਤ ਖੰਡਤ ਹੋ ਜਾਤਾ ਹੈ ਜਨਮ ਦਿਨ ਵਿਖੇ ਰਾਤ੍ਰ ਕੇ ਆਹਾਰ ਕਾ ਸੰਕਲਪ ਲਿਆਵੈ ਤਉ ਭੀ ਪਰਵਾਨ ਨਹੀਂ । ਇਸ ਕਰਕੇ ਜੋ ਪ੍ਰਤਿਪਾਲ ਕਰਨੇਹਾਰਾ ਭਗਵੰਤ ਹੈ । ਤਾਂ ਤੇ ਚਾਹੀਤਾ ਹੈ ਜੋ ਇਹ ਪੁਰਖ ਅਪਨੀ ਜੀਵਕਾ ਕੀ ਚਿਤਵਨਾ ਨਾ ਕਰੈ ਅਰ ਮਹਾਰਾਜ ਕਾ ਭਰੋਸਾ ਕਰਕੇ ਅਚਿੰਤ ਹੋ ਰਹੇ । ਸੋ ਇਹ ਅਵਸਥਾ ਸੰਤ ਜਨੋਂ ਕੋ ਪ੍ਰਾਪਤ ਹੋਤੀ ਹੈ ਅਰ ਉਤਮ ਬ੍ਰਿਤਿ ਭੀ ਇਹੀ ਹੈ । ਅਰ ਦੂਸਰਾ ਬ੍ਰਤ ਇਹ ਹੈ ਜੋ ਸਰਬ ਇੰਦਰੀਓਂ ਕਉ ਪਾਪ ਕਰਮੋਂ ਤੇ ਰੋਕ ਰਾਖੇ— ।'

(ਪਾਰਸ ਭਾਗ)

Digitized by Panjab Digital Library | www.panjabdigilib.org

ਸੰਤ ਅੱਡਣ ਸ਼ਾਹ* ਦੇ ਜੀਵਨ ਬਾਰੇ ਸਾਨੂੰ ਬਹੁਤ ਘਟ ਪਤਾ ਹੈ। ਅਬੂ ਹਾਮਿਦ ਅਲ ਗ਼ਜ਼ਾਲੀ ਜਿਸ ਦੀ ਰਚਨਾ ਨੂੰ ਉਨ੍ਹਾਂ ਨੇ ਪੰਜਾਬੀ ਰੂਪ ਦਿਤਾ ਸਨਾਤਨੀ ਇਸਲਾਮ ਦਾ ਇਕ ਮਹਾਨ ਸ਼ਾਸਤਰ-ਕਾਰ ਅਤੇ ਧਰਮ-ਗਿਆਨੀ ਸੀ †ਗਜ਼ਾਲੀ ਦਾ ਸਿਧਾਂਤ ਅਸਲੋਂ ਅਜਿਹਾ ਰਹਸਵਾਦ ਹੈ ਜੋ ਇਸਲਾਮ ਦੀ ਸ਼ਰ੍ਹਾ ਅਤੇ ਮਸਲਿਆਂ ਨੂੰ ਉਖਾੜਦਾ ਹੈ। ਇਹ ਗੱਲ ਉਸ ਦੀ ਸਭ ਤੋਂ ਉੱਤਮ ਪੁਸਤਕ 'ਇਹਯਾ ਉਲੂਮ ਅਲ ਦੀਨ' ਦੇ ਨਾਂ ਤੋਂ ਸਪਸ਼ਟ ਹੁੰਦੀ ਹੈ। ਇਹ ਨਾਂ ਅਰਬੀ ਵਿਚ ਹੈ ਅਤੇ ਇਸ ਦਾ ਭਾਵ ਹੈ "ਧਾਰਮਕ ਵਿਦਿਆਵਾਂ ਨੂੰ ਸੁਰਜੀਤ ਕਰਨਾ"। ਇਸ ਪੁਸਤਕ ਵਿਚ ਧਾਰਮਕ ਜੀਵਨ ਬਾਰੇ ਗਿਆਨ ਦਰਜ ਹੈ। ਇਹ ਪੁਸਤਕ ਅਰਬੀ ਵਿਚ ਹੈ ਅਤੇ 'ਕੀਮੀਆਏ ਸਾਅਦਤ' ਏਸੇ ਦਾ ਹੀ ਫ਼ਾਰਸੀ ਅਨੁਵਾਦ ਹੈ। ਇਸ ਰਚਨਾ ਦੇ ਚਾਰ ਭਾਗ ਹਨ ਅਤੇ ਹਰ ਭਾਗ ਦੇ ਦਸ ਅਧਿਆਇ ਹਨ। ਪਹਿਲੇ ਭਾਗ ਵਿਚ ਧਾਰਮਕ ਫ਼ਰਜ਼ਾਂ ਬਾਰੇ ਬਹਿਸ ਕੀਤੀ ਗਈ ਹੈ। ਦੂਜੇ ਭਾਗ ਵਿਚ ਸਮਾਜਕ ਤੇ ਰਾਜਨੀਤਕ ਫ਼ਰਜ਼ਾਂ ਦਾ ਬਿਆਨ ਹੈ। ਇਨ੍ਹਾਂ ਦੋਹਾਂ ਭਾਗਾਂ ਦਾ ਆਧਾਰ ਹਦੀਸਾਂ ਅਤੇ ਫ਼ਿਕਹ ਹਨ। ਤੀਜੇ ਭਾਗ ਵਿਚ ਵੈਰਾਗ ਅਤੇ ਤਿਆਗ ਬਾਰੇ ਗੱਲਾਂ ਦਰਜ ਹਨ। ਚੌਥੇ ਭਾਗ ਵਿਚ ਜੀਵ ਆਤਮਾ ਨੂੰ ਬਚਾਉਣ ਅਤੇ ਭਗਵੰਤ ਦੀ ਪ੍ਰਾਪਤੀ ਦੇ ਸਾਧਨ ਦਸੇ ਗਏ ਹਨ। ਪਿਛਲੇ ਦੋਹਾਂ ਭਾਗਾਂ ਦਾ ਆਧਾਰ ਸੂਫ਼ੀ ਮਤ ਦੇ ਸਿਧਾਂਤ ਹਨ।

'ਪਾਰਸ ਭਾਗ' ਵਿਚ 'ਇਹਯਾ' ਜਾਂ 'ਕੀਮਿਆਏ ਸਾਅਦਤ' ਦੇ ਪਹਿਲੇ ਦੋ ਭਾਗਾਂ ਦਾ ਉਲਥਾ ਹੈ। ਜਿਸ ਸਮੇਂ ਅੱਡਣ ਸ਼ਾਹ ਨੇ ਇਸ ਪੁਸਤਕ ਦੀ ਰਚਨਾ ਕੀਤੀ, ਉਸ ਸਮੇਂ ਮਨੁਖ ਨੂੰ ਧਾਰਮਕ, ਸਮਾਜਕ ਤੇ ਰਾਜਨੀਤਕ ਫ਼ਰਜ਼ਾਂ ਦੀ ਚੇਤਾਵਨੀ ਦੀ ਲੋੜ ਸੀ। ਪੰਜਾਬੀ ਵਿਚ ਨਿਰਮਲੇ ਉਦਾਸੀ ਅਤੇ ਸੇਵਾ ਪੰਥੀ ਸਾਧੂ ਦੇਸ਼ ਉਸਾਰੀ ਵਿਚ ਆਪਣਾ ਹਿੱਸਾ ਪਾ ਰਹੇ ਸਨ। ਉਹ ਆਪਣੇ ਵਿਚਾਰ ਸਾਧ-ਭਾਸ਼ਾ ਵਿਚ ਅੰਕਿਤ ਕਰ ਰਹੇ ਸਨ। 'ਪਾਰਸ ਭਾਗ' ਦੀ ਬੋਲੀ ਵੀ ਉਸ ਸਮੇਂ ਵਿਚ ਪੰਜਾਬ ਵਿਚ ਵਰਤੀਂਦੀ ਸਾਧ ਭਾਸ਼ਾ ਹੈ।

ਭਾਈ ਅੱਡਣ ਜੀ ਦੇ ਨਾਂ ਨਾਲ ਸਬੰਧਤ ਇਕ ਹੋਰ ਪੋਥੀ 'ਸਾਖੀਆਂ ਅੱਡਣ ਜੀ' ਮਿਲਦੀ ਹੈ। ਇਸ ਵਿਚ ਵੀ ਸਾਧ ਬਚਨ ਦਰਜ ਹਨ, ਜਿਵੇਂ :—

"ਔਰ ਬਚਨ ਏਹੁ ਹੈ। ਸਾਧ ਕਹਿਤੇ ਹੈਂ। ਇਹ ਜੋਬਨ ਅਵਸਥਾ ਹੈ ਜੋ ਹੈ ਮਨੁਖ ਜਨਮ ਕੀ ਸੋ ਬਿਅਰਥ ਨਾ ਖੋਇ ਦੇਵੈ। ਏਹੁ ਗਈ ਹੋਈ ਫੇਰ ਹੱਥ ਨਹੀਂ ਆਵੇਗੀ। ਜੈਸੇ ਚਿੰਤਾਮਣਿ ਹਾਥ ਸਿਉ ਗਿਰ ਕਰ ਦਰੀਆਉ ਮੈਂ ਜਾਇ ਪੜੇ। ਤਉ ਫੇਰ ਹਾਥ ਆਵਣੀ ਦੁਰਲਭ ਹੈ। ਤੈਸੇ ਮਨੁਖ ਜਨਮ ਕੀ ਜੋ ਜੋਬਨ ਅਵਸਥਾ ਹੈ। ਏਹ ਭੀ ਗਈ ਹੋਈ ਫੇਰ ਨਾਹੀ ਹਾਥ ਆਵਣ ਕੀ। ਜੈਸੇ ਚਿੰਤਾਮਣਿ ਸਿਉ ਜੋ ਪਦਾਰਥ ਚਿਤਵੀਐ ਸੋਈ ਪ੍ਰਾਪਤ ਹੋਤਾ ਹੈ। ਤੈਸੇ ਮਾਨੁਖ ਜਨਮ ਕਾ ਕਰਮ ਕੀਆ ਹੂਆ ਜੋ ਹੋਤਾ ਹੈ। ਸੋਈ ਸਭਨਾ ਜੋਨੀਅਹੁ ਮੈ ਪ੍ਰਾਪਤ ਹੋਤਾ ਹੈ। ਸੋ ਇਸ ਪ੍ਰਾਣੀ

---

*Adan Shah, a rich hameer who devoted his wealth and his leisure to the propagation of their (Sewapanthi) doctrines. (The Sikh Religion by Macaulffe, Vol. V, page 179.

†The Encyclopaedia, and Ethics, Vol. 5, page 508.

Digitized by Panjab Digital Library | www.panjabdigilib.org

ਕਉ ਚਾਹੀਤਾ ਹੈ। ਜੋ ਕਰਮ ਕਰੇ ਸੋ ਆਪਣੀ ਤਰਫ਼ ਸੇ ਭਲਾ ਹੀ ਕਰੇ। ਜਪ ਕਰੇ ਤਪ ਕਰੇ ਭਜਨ ਕਰੇ ਗਰਹੁ ਸੰਤਹੁ ਕੀ ਸੇਵਾ ਕਰੇ । ਮਾਤਾ ਪਿਤਾ ਕੀ ਸੇਵਾ ਕਰੇ। ਜੋ ਏਹ ਜੁਬਾ ਅਵਸਥਾ ਚਲਤੀ ਰਹੀ ਤਬ ਪਾਛੇ ਬ੍ਰਿਧ ਅਵਸਥਾ ਮੈ ਕੁਛ ਭੀ ਨਹੀਂ ਹੋਵੇਗਾ । ਪਸਚਾਤਾਪ ਹੀ ਰਹਿ ਜਾਵੇਗਾ। ਫੇਰ ਇਸ ਕੀ ਭੀ ਬ੍ਰਿਧ ਅਵਸਥਾ ਮੈਂ ਸੇਵਾ ਕੋਈ ਭੀ ਨਾ ਕਰੇਗਾ। ਈਸ਼ਰ ਅੰਤਰਜਾਮੀ ਕਾ ਇਹੁ ਨੇਮ ਹੈ——।"

(ਸਾਖੀਆਂ ਅੱਡਣ ਜੀ)

ਇਨ੍ਹਾਂ ਸਾਧ ਬਚਨਾਂ ਵਿਚ ਸਿੱਖੀ ਜੀਵਨ, ਸਿੱਖੀ ਉਦੇਸ਼ ਅਤੇ ਸਿੱਖੀ ਚਲਨ ਦਾ ਬਿਆਨ ਹੈ।

ਇਕ ਹੋਰ ਰਚਨਾ 'ਪਰਚੀ ਭਾਈ ਕਨ੍ਹਈਆ ਜੀ ਕੀ' ਵੀ ਮਿਲਦੀ ਹੈ ਜਿਸ ਦੇ ਨਾਲ ਰਚਨਹਾਰ ਦਾ ਨਾਂ ਨਹੀਂ ਮਿਲਦਾ। ਇਹ ਸੰਭਵ ਹੈ ਕਿ ਇਹ ਪਰਚੀ ਵੀ ਅੱਡਣ ਸ਼ਾਹ ਦੀ ਲਿਖੀ ਹੋਈ ਹੋਵੇ। ਇਹ ਵੀ ਹੋ ਸਕਦਾ ਹੈ ਕਿ ਇਹ ਕਿਸੇ ਹੋਰ ਸੇਵਾ ਪੰਥੀ ਜਾਂ ਅੱਡਣਸ਼ਾਹੀ ਸਿੱਖ ਨੇ ਲਿਖੀ ਹੋਵੇ। ਇਸ ਪਰਚੀ ਵਿਚ ਭਾਈ ਕਨ੍ਹਈਆ ਜੀ ਦੀ ਜੀਵਨੀ ਦਰਜ ਹੈ। ਭਾਈ ਕਨ੍ਹਈਆ ਜੀ ਸੇਵਾ ਪੰਥੀਆਂ ਦ ਗੁਰੂ ਹੋਏ ਹਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਲੜਾਈ ਵਿਚ ਸਿੱਖਾਂ ਅਤੇ ਮੁਸਲਮਾਨਾਂ ਦੀ ਇਕੋ ਜਿਹੀ ਸੇਵਾ ਕਰਦੇ ਰਹੇ ਹਨ।

### *ਪਰਚੀ ਭਾਈ ਕਨ੍ਹਈਆ ਜੀ ਵਿੱਚੋਂ ਉਦਾਹਰਣ—

'ਬਹੁੜ ਏਕ ਦਿਨ ਨਨੂਏ ਜੀ ਕੀ ਸੰਗਤਿ ਮੋ ਭਾਈ ਕਨ੍ਹਈਆ ਜੀ ਕੋ ਭਗਵੰਤ ਕਾ ਪ੍ਰੇਮ ਪ੍ਰਬਲੁ ਆਨ ਪੜਾ। ਤਬ ਮਨ ਆਪਨੇ ਮੋ ਅੰਚਰਾ ਡਾਰਿ ਕਰਿ ਰੁਦਨ ਕਰਨੇ ਲਾਗੇ। ਅਰ ਨਨੂਏ ਸੰਤ ਕੇ ਆਗੇ ਹਾਥ ਜੋੜ ਕਰਿ ਖੜੇ ਹੋਇ ਰਹੇ । ਅਰੁ ਕਹਾ ਜਿਸ ਪਰਕਾਰ ਮੈਂ ਗੋਬਿੰਦ ਪਾਵੋ ਕ੍ਰਿਪਾ ਕਰਿ ਕੈ ਮੋ ਕੋ ਉਹੀ ਉਪਾਉ ਬਤਾਈਐ। ਤਬ ਨਨੂਏ ਸੰਤ ਬਹੁਤ ਦਇਆ ਸਾਥ ਬੁਲਾਇ ਕਰਿ ਨਿਕਟਿ ਬੈਠਾਏ। ਅਰੁ ਬਹੁਤ ਆਦਰੁ ਸਨਮਾਨ ਕੀਆ ਅਰੁ ਕਹਾ। ਤੁਮ ਧੰਨ ਹੋ ਕਾਹੇ ਤੇ ਜੋ ਗੋਬਿੰਦ ਪਾਵਣੇ ਕੀ ਪ੍ਰੀਤ ਕਿਸੀ ਵਿਰਲੇ ਕੋ ਹੋਤੀ ਹੈ। ਇਸੀ ਕਰਿ ਪ੍ਰਸੰਨਤਾ ਸੋਂ ਬੋਲੇ ਹੇ ਭਾਈ ਕਨ੍ਹਈਆ ਜੀ ਏਕ ਬਿਰਤਾਂਤ ਜੋ ਪੂਰਬ ਹੂਆ ਹੈ ਸੋ ਸੁਨਹੁ ਜਿਉ ਕਰਿ ਆਗੇ ਗੋਬਿੰਦ ਜਨੋ ਗੋਬਿੰਦ ਪਾਇਆ ਹੈ। ਜਬ ਤੁਮ ਭੀ ਉਨ ਕੀ ਦਸਾ ਕੋ ਅੰਗੀਕਾਰ ਕਰੋਗੇ ਤਬ ਤੁਮ ਭੀ ਗੋਬਿੰਦ ਪਾਵੋ ਹੀ ਗੇ। ਸੋ ਧਰੂਹ ਭਗਤ ਕਾ ਬਿਰਤਾਂਤ ਹੈ—।"

### (8) ਉਲਥੇ ਤੇ ਹੋਰ ਰਚਨਾਵਾਂ—

ਸਿੱਖੀ ਜੀਵਨ ਦਾ ਪ੍ਰਕਾਸ਼ ਤੇ ਵਿਕਾਸ ਇਸ ਸਮੇਂ ਹੋਇਆ, ਇਸ ਲਈ ਇਸ ਸਮੇਂ ਸਿੱਖਾਂ ਨੇ ਸੰਸਕ੍ਰਿਤ ਤੇ ਫ਼ਾਰਸੀ ਵਿੱਚੋਂ ਉਨ੍ਹਾਂ ਰਚਨਾਵਾਂ ਨੂੰ ਉਲਥਾਇਆ ਜਿਨ੍ਹਾਂ ਦੇ ਵਿਚਾਰ ਗੁਰਮਤ ਨਾਲ ਮੇਲ ਖਾਂਦੇ ਸਨ ਜਾਂ ਜਿਹੜੇ ਸਿੱਖੀ ਜੀਵਨ ਦੀ ਉਚਤਾ ਲਈ ਸਹਾਇਕ ਹੋ ਸਕਦੇ ਸਨ। 'ਪਾਰਸ ਭਾਗ' ਦਾ ਜ਼ਿਕਰ ਉੱਤੇ ਕੀਤਾ ਜਾ ਚੁਕਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦੇ ਸਮੇਂ ਅਤੇ ਉਨ੍ਹਾਂ ਤੋਂ ਮਗਰੋਂ ਨਿਰਮਲੇ ਸਾਧਾਂ ਦੇ ਡੇਰਿਆਂ ਵਿਚ ਇਸ ਸਬੰਧ ਵਿਚ ਢੇਰ ਕੰਮ ਹੋਇਆ, ਪਰ

*ਇਸ ਪਰਚੀ ਦੀ ਹੱਥ-ਲਿਖਤ ਮੇਰੇ ਪੁਸਤਕਾਲੇ ਵਿਚ ਮੌਜੂਦ ਹੈ।

Digitized by Panjab Digital Library | www.panjabdigilib.org

ਬਹੁਤ ਸਾਰਾ ਖ਼ਜ਼ਾਨਾ ਲੜਾਈਆਂ ਦੀ ਭੇਟ ਹੋ ਜਾਣ ਕਰ ਕੇ ਸਦਾ ਲਈ ਸਾਥੋਂ ਖੁਸ ਗਿਆ। ਫਿਰ ਵੀ ਇਸ ਪਾਸੇ ਅਜੇ ਖੋਜ ਦੀ ਲੋੜ ਹੈ। ਕਵਿਤਾ ਦੇ ਖੇਤਰ ਵਿਚ ਸ਼ਾਇਦ ਕੰਸ ਵਧੀਕ ਹੋਇਆ ਪਰ ਵਾਰਤਕ ਉਲਥੇ ਵੀ ਖੋਜ ਨਾਲ ਮਿਲ ਸਕਦੇ ਹਨ, ਜਿਨ੍ਹਾਂ ਦਾ ਜ਼ਿਕਰ ਅਗਲੇ ਭਾਗ ਵਿਚ ਕੀਤਾ ਜਾਏਗਾ।

ਹੋਰ ਰਚਨਾਵਾਂ ਵਿੱਚੋਂ ਏਥੇ 'ਸੌ ਸਾਖੀ' ਅਤੇ 'ਬਿਬੇਕ' ਦਾ ਵਰਣਨ ਜ਼ਰੂਰੀ ਹ। 'ਸੌ ਸਾਖੀ' ਇਕ ਸਾਖੀਆਂ ਦਾ ਸੰਗ੍ਰਹਿ ਹੈ ਜਿਨ੍ਹਾਂ ਨੂੰ ਗੁਰੂ ਗੋਬਿੰਦ ਸਿੰਘ ਦੇ ਹਜ਼ੂਰੀ ਸਿੱਖ ਸਾਹਿਬ ਸਿੰਘ ਨੇ ਲਿਖਿਆ। ਜਨਮ ਸਾਖੀਆਂ ਵਾਂਗ ਇਨ੍ਹਾਂ ਸਾਖੀਆਂ ਵਿਚ ਵੀ ਵਾਰਤਕ ਅਤੇ ਕਵਿਤਾ ਦਾ ਮੇਲ ਹੈ। ਕਈ ਸਾਖੀਆਂ ਨਿਰੋਲ ਕਵਿਤਾ ਵਿਚ ਹਨ। ਵਾਰਤਕ ਵੀ ਆਮ ਬੋਲ ਚਾਲ ਦੀ ਹੈ, ਸਾਧ-ਭਾਖਾ ਦੀ ਛੁਹ ਜ਼ਰੂਰ ਹੈ :—

**ਉਦਾਹਰਣ—**

"ਏਕ ਬੇਰ ਦਿਵਾਨ ਵਿਚ ਗੁਰੂ ਜੀ ਬੈਠੇ ਥੇ। ਏਕ ਸਿਖ ਕਹਿਆ ਸੰਸਾਰ ਤੋਂ ਤਰਣ ਦਾ ਉਪਾਇ ਸੁਖਾਲਾ ਗੁਰੂ ਜੀ ਕਰੀਏ। ਸ਼ਾਸਤ੍ਰ ਪੰਡਤ ਵਿਖਮ ਮਾਰਗ ਬਤਾਂਵਦੇ ਹੈਨ। ਤਾਂ ਗੁਰੂ ਜੀ ਬਚਨ ਕੀਤਾ : ਤਰਣ ਬਹੁਤ ਸੁਖਾਲਾ ਹੈ। ਧੰਦਾ ਧਾਵਤ ਰਹਿ ਗਿਆ। ਫੇਰ ਕਹਿਆ ਮਨ ਸੀਤਲ ਭਇਆ। ਤੀਜਾ ਭਾਂਬੀਰੀ ਕੇ ਪਾਤ ਪਾਰਦੋਂ ਬਿਨ ਪੇਖੇ ਦੂਰਾਇਓ। ਬਚਨ ਹੋਇਆ ਸਿਖਾ ਰਾਮ ਰਾਮ ਕਹਿਆ ਕਰੁ ਪਿਛਲੇ ਪਾਪ ਕਟੀਏਂਗੇ। ਅਤੇ ਮਰਣ ਚਿਤ ਰਖਣਾ ਅਗੇ ਪਾਪ ਨਹੀਂ ਹੋਣੇ ਕੇ।31।"

(ਸੌ ਸਾਖੀ ਵਿਚੋਂ)

ਸੌ ਸਾਖੀ ਵਿਚ ਬਹੁਤ ਸਾਰੀਆਂ ਸਾਖੀਆਂ ਗੁਰੂ ਗੋਬਿੰਦ ਸਿੰਘ ਜੀ ਦੇ ਜੀਵਨ ਨਾਲ ਸਬੰਧਤ ਹਨ। ਇਨ੍ਹਾਂ 'ਚੋਂ 'ਸੂਰਜ ਪ੍ਰਕਾਸ਼' ਦੇ ਕਰਤਾ ਨੇ ਬਹੁਤ ਸਹਾਇਤਾ ਲਈ ਹੈ। ਇਨ੍ਹਾਂ ਸਾਖੀਆਂ ਵਿਚ ਕਿਤੇ ਕਿਤੇ ਭਵਿਖਤ ਬਾਣੀ ਮਿਲਦੀ ਹੈ।

*'ਬਿਬੇਕ' ਵਿਚ ਪਰਮਾਰਥਕ ਜੀਵਨ ਦਾ ਗਿਆਨ ਮਿਲਦਾ ਹੈ। ਵੇਦਾਂ ਅਤੇ ਕਤੇਬਾਂ ਦੇ ਗਿਆਨ ਨੂੰ ਦਰਸਾ ਕੇ ਗੁਰਮਤ ਦਾ ਦ੍ਰਿਸ਼ਟੀਕੋਣ ਪ੍ਰਗਟ ਕੀਤਾ ਗਿਆ ਹੈ। ਬੋਲੀ ਵਿਚ ਲਹਿੰਦੀ ਤੇ ਸਾਧ-ਭਾਖਾ ਦਾ ਰਲਾਉ ਹੈ।

**ਉਦਾਹਰਣ—**

† 'ਫੇਰ ਸਾਖਾਯਾਤਕਾਰ ਕਾ ਰੂਪ ਹੋਤਾ ਹੈ। ਜੈਸੇ ਕੀੜੀ ਭ੍ਰਿੰਗੀ ਕਾ ਰੂਪ ਹੋਤੀ ਹੈ ਜੈਸੇ ਦੀਵੇ ਸਾਥ ਜਾਗਿਆ ਦੀਵਾ ਵਾ ਹੀ ਰੂਪ ਹੋ ਜਾਤਾ ਹੈ। ਤੈਸੇ ਗੁਰੂ ਜੋ ਹੈਨ ਬ੍ਰਹਮ ਰੂਪ ਸੋ ਆਪਣੇ

---

*ਪੰਜਾਬ ਯੂਨੀਵਰਸਟੀ ਲਾਇਬ੍ਰੇਰੀ, ਲਾਹੌਰ ਵਿਚ ਹੱਥ-ਲਿਖੀ ਨੰ: 6016, ਜਿਸ ਦੀ ਜ਼ਿਕਰ ਡਾ: ਮੋਹਨ ਸਿੰਘ ਜੀ ਦੀ ਪੁਸਤਕ 'A History of Panjabi Literature' ਦੀ ਦੂਜੀ ਐਡੀਸ਼ਨ ਦੇ ਪੰਨਾ 65-66 ਉਤੇ ਮਿਲਦਾ ਹੈ।

†A History of Panjabi Literature.—2nd Edition.

—Dr. Mohan Singh, p. 66

Digitized by Panjab Digital Library | www.panjabdigilib.org

ਜੇਹਾ ਬ੍ਰਹਮ ਰੂਪ ਕਰ ਲੇਤੇ ਹੈਂ। ਕਹ ਨਾਨਕ ਗੁਰ ਤੇ ਗੁਰ ਹੂਆ। ਜਿਨ ਜਾਤਾ ਸੋ ਤਿਸ ਹੀ ਜੇਹਾ। ਸ਼ਾਸਤ੍ਰ ਬੇਦ ਗ੍ਰੰਥ ਕੇ ਚਾਰ ਪ੍ਰਕਾਰ ਕੇ ਬਚਨ ਹੈਨ। ਬੈਰਾਗ, ਭਿਆਨਕ, ਰੋਚਕ, ਜਥਾਰਥ। ਏ ਚਾਰੇ ਮਜਲਾਂ ਹੈਨ। ਸਰਾ ਸਰੀਅਤ, ਹਕੀਕਤਿ, ਤਰੀਕਤ, ਮਾਰਫਤ। ਏ ਚਾਰ ਮੁਸਲਮਾਨੋ ਕੀਆਂ ਮਜਲਾਂ ਹੈਨ। ਕਰਮ ਕਾਂਡ, ਉਪਾਸ਼ਨਾ ਕਾਂਡ, ਗਿਆਨ ਕਾਂਡ। ਏਹ ਤਿੰਨ ਕਾਂਡ ਹੈਨ। ਮੰਦ ਜਗਿਆਸੀ ਕੋ ਕਰਮੋਂ ਕਾ ਅਧਕਾਰ ਹੈ। ਮਧਮ ਕੋ ਉਪਾਸਨਾ ਉਪਦੇਸ ਹੈ। ਉਤਮ ਕੋ ਗਿਆਨ ਕਾ ਉਪਦੇਸ਼ ਹੈ।"

('ਬਿਬੇਕ' ਵਿਚੋਂ)

## 2—ਹਿੰਦੂ ਜੀਵਨ ਨਾਲ ਸਬੰਧਤ ਪੰਜਾਬੀ ਵਾਰਤਕ--

ਹਿੰਦੂ ਜੀਵਨ ਨਾਲ ਸਿਧਾ ਸਬੰਧਤ ਹੋਣ ਕਰ ਕੇ ਗੁਰੂ ਸਾਹਿਬਾਨ ਦੇ ਵਿਚਾਰਾਂ ਦਾ ਪ੍ਰਭਾਵ ਪੰਜਾਬ ਦੇ ਹਿੰਦੂਆਂ ਉਤੇ ਬਹੁਤ ਪਿਆ। ਸਨਾਤਨੀ ਹਿੰਦੂ ਮਤ ਦੇ ਸਭਿਆਚਾਰਕ ਵਿਰਸੇ ਦੇ ਵਿਸ਼ਾਲ ਪਛਵਾੜੇ ਵਿਚੋਂ ਲੋੜ ਅਨੁਸਾਰ 'ਹੀਰੇ' ਚੁਣ ਕੇ ਗੁਰੂ ਸਾਹਿਬਾਨ ਨੇ ਗੁਰਮਤ-ਮੰਦਰ ਦੀ ਉਸਾਰੀ ਕੀਤੀ। ਜਿਥੇ ਗੁਰੂ ਸਾਹਿਬਾਨ ਦੇ ਰੱਬੀ ਗੀਤ ਪੰਜਾਬੀ ਹਿੰਦੂਆਂ ਨੂੰ ਨਸ਼ਿਆਂਦੇ ਰਹੇ, ਉਥੇ ਪੰਜਾਬੀ ਹਿੰਦੂ ਆਪਣੇ ਨਿਤਪ੍ਰਤ ਜੀਵਨ ਦੀਆਂ ਰਸਮਾਂ ਰੀਤਾਂ ਨੂੰ ਨਿਬਾਹੁਣ ਲਈ ਬ੍ਰਾਹਮਣਾਂ ਦੀ ਟੇਕ ਲੈਂਦੇ ਰਹੇ। ਹਿੰਦੂਆਂ ਦਾ ਧਾਰਮਕ ਸਾਹਿਤ ਸੰਸਕ੍ਰਿਤ ਵਿਚ ਸੀ। ਪ੍ਰਾਕ੍ਰਿਤ ਅਤੇ ਅਪਭ੍ਰੰਸ਼ ਸਾਹਿਤਾਂ ਵਿਚ ਬੋਧੀਆਂ, ਜੈਨੀਆਂ ਤੇ ਯੋਗੀਆਂ ਦੇ ਵਿਚਾਰ ਦਰਜ ਸਨ। ਭਗਤੀ ਲਹਿਰ ਦੇ ਸਮੇਂ ਮਹਾਂ ਪੁਰਸ਼ਾਂ ਨੇ ਸੰਸਕ੍ਰਿਤ ਨੂੰ ਇਕ ਸੀਮਤ ਦਾਇਰੇ ਦੀ ਬੋਲੀ ਸਮਝ ਕੇ ਲੋਕ ਬੋਲੀ ਵਲ ਰੁਖ ਕੀਤਾ। ਸੰਸਕ੍ਰਿਤ ਵਿਚ ਰਚਨਾ ਕਰਨ ਨਾਲ ਥੋੜ੍ਹਿਆਂ ਦਾ ਭਲਾ ਹੁੰਦਾ ਸੀ ਅਤੇ ਲੋਕ ਬੋਲੀ ਨੂੰ ਅਪਨਾਣ ਨਾਲ ਹਰ ਬੰਦਾ ਲਾਭ ਉਠਾ ਸਕਦਾ ਸੀ। ਬ੍ਰਾਹਮਣਾਂ ਦੀ ਵਿਰੋਧਤਾ ਦੇ ਹੁੰਦਿਆਂ ਵੀ ਸੰਸਕ੍ਰਿਤ ਵਿਚ ਲਿਖੇ ਧਾਰਮਕ ਗ੍ਰੰਥਾਂ ਦੇ ਉਲਥੇ ਲੋਕ-ਬੋਲੀ ਅਥਵਾ ਪੰਜਾਬੀ ਵਿਚ ਹੋਣ ਲਗੇ। ਉਨ੍ਹਾਂ ਦੇ ਵਿਚਾਰਾਂ ਦੇ ਆਧਾਰ ਤੇ ਗ੍ਰੰਥ ਲਿਖੇ ਜਾਣ ਲਗੇ।

ਹਿੰਦੂ ਜੀਵਨ ਨਾਲ ਸਬੰਧਤ ਪੰਜਾਬੀ ਵਾਰਤਕ ਨੂੰ ਅਸੀਂ ਦੋ ਹਿੱਸਿਆਂ ਵਿਚ ਵੰਡਦੇ ਹਾਂ—

(ੳ) ਸੰਸਕ੍ਰਿਤ ਸਾਹਿਤ ਵਿੱਚੋਂ ਉਲਥਾਏ ਗ੍ਰੰਥ
(ਅ) ਸੰਸਕ੍ਰਿਤ ਰਚਨਾਵਾਂ ਦੇ ਆਧਾਰ ਤੇ ਲਿਖੇ ਗਏ ਗ੍ਰੰਥ

**(ੳ) ਸੰਸਕ੍ਰਿਤ ਸਾਹਿਤ ਵਿੱਚੋਂ ਉਲਥਾਏ ਗ੍ਰੰਥ**—ਇਹ ਗ੍ਰੰਥ ਬਹੁਤੇ ਧਾਰਮਕ ਗ੍ਰੰਥ ਹਨ ਜਿਨ੍ਹਾਂ ਦਾ ਕਥਾ ਵਾਰਤਾ ਲਈ ਰਚਿਆ ਜਾਣਾ ਜ਼ਰੂਰੀ ਸੀ। ਸਭ ਤੋਂ ਪਹਿਲੇ 'ਗੀਤਾ ਜੀ' ਤੇ ਇਸ ਦੇ ਮਹਾਤਮ ਦਾ ਉਲਥਾ ਮਿਲਦਾ ਹੈ। ਇਕ ਉਲਥਾ ਤੇ ਟੀਕਾ ਨਿਹਾਲ ਚੰਦ ਨੇ ਵੀ ਕੀਤਾ ਹੈ। ਭਾਗਵਤ ਦੇ ਦਸਵੇਂ ਅਧਿਆਏ ਨੂੰ ਵੀ ਅਨੁਵਾਦਿਆ ਗਿਆ ਹੈ। ਹੋਰ ਰਚਨਾਵਾਂ ਅਪਰੋਖ ਅਨੁਭਵ, ਉਪਨਿਸ਼ਦ, ਬਿਸ਼ਨ ਪੁਰਾਣ ਦਾ ਵੇਦਾਂਤ ਪ੍ਰਕਰਣ, ਜੋਗ ਵਸ਼ਿਸ਼ਟ ਦਾ ਨਿਰਬਾਣ ਪ੍ਰਕਰਣ, ਸਿੰਘਾਸਨ ਬਤੀਸੀ ਆਦਿ ਹਨ। ਇਨ੍ਹਾਂ ਵਿਚੋਂ ਕੁਝ ਉਦਾਹਰਣਾਂ ਹੇਠਾਂ ਦਿਤੀਆਂ ਜਾਂਦੀਆਂ ਹਨ :—

1. **"ਹੇ ਲਛਮੀ ਸੁਮੇਰ ਪਰਬਤ** ਪਰ ਦੇਵ ਲੋਕ ਮੇਂ ਇੰਦ੍ਰ ਆਪਣੀ ਸਭਾ ਲਗਾਇ

Digitized by Panjab Digital Library | www.panjabdigilib.org

ਬੈਠਾ ਥਾ। ਆਗੇ ਉਰਬਸੀ ਨਿਰਕਤਕਾਰੀ ਬਡੀ ਕਰ ਰਹੀ ਥੀ ਅਰ ਸਭ ਸਭਾ ਅਰ ਇੰਦਰ ਬਡੀ ਪਰਸੰਨਤਾ ਮੇਂ ਥੇ। ਇਤਨੇ ਮੇਂ ਏਕ ਚਤੁਰਭੁਜ ਰੂਪਧਾਰੀ ਕੋ ਦੋ ਪਾਰਖਦ ਲੇ ਆਏ ਵਿਮਾਨ ਪਰ ਚਾੜ੍ਹ ਕੇ। ਅਰ ਇੰਦਰ ਕੋ ਸਭ ਦੇਵਤਾ ਕੇ ਰੂਬਰੂ ਕਹਾ ਤੂੰ ਉਠ, ਇਸ ਕਉ ਬੈਠਣੇ ਦੇਹ।"

(ਛਜੂ ਭਗਤ—ਗੀਤਾ ਮਹਾਤਮ)

2. "ਅਹੰ ਸਬਦ ਯਾਤੇ ਉਠੇ ਹੈ ਸੋ ਆਤਮ ਏਕ ਹੈ, ਨਿਰੰਜਨ ਹੈ, ਦੇਹ ਤੇ ਪਰੇ ਹੈ। ਹੇ ਮੂੜ੍ਹ! ਆਤਮਾ ਦੇਹ ਤੇ ਪਰੇ ਹੈ, ਭਿੰਨ ਹੈ, ਦੇਹ ਕਾ ਦ੍ਰਿਸਟਾ ਹੈ ਸੂਨ ਨਹੀਂ, ਚੇਤੰਨ ਹੈ। ਦੇਹ ਅਸਥੂਲ ਹੈ, ਅੱਨੇਕ ਪਦਾਰਥੋਂ ਸੇ ਯੁਕਤ ਕੀਆ ਹੈ। ਦੇਹ ਨਿਤ ਵਿਕਾਰੀ ਹੈ, ਯਹ ਪ੍ਰਤਖ ਦੇਖਾਤਾ ਹੈ ਤਾਂ ਤੇ ਦੇਹ ਆਤਮਾ ਕਿਵ ਕਰ ਹੋਵੇ—।"

(ਅਪ੍ਰੋਖ ਅਨੁਭਵ)

3. "ਜਬ ਸਭਨੋ ਲੋਕਹੁ ਤੇ ਰਾਜਾ ਨੇ ਸੁਣਿਆ ਘਰੁ ਆਇ ਕਰ ਦੇਖਿਆ ਤਬ ਦੇਖਤੇ ਹੀ ਭੈ ਚਕ੍ਰਿਤ ਰਹਿਆ ਅਰ ਚਿਤ ਬਿਖੈ ਮਹਾ ਸੰਸਾ ਉਪਜਿਆ। ਨਿਹਚੇ ਕਰਿ ਕੈ ਰਿਦੈ ਬਿਖੈ ਜਾਣਿਆ ਜੋ ਮੇਰਾ ਪ੍ਰਹਾਰ ਕਰਣੈਹਾਰਾ ਇਸ ਗਰਭ ਬਿਖੈ ਆਇਆ। ਤਬ ਕੰਸ ਨੇ ਬੰਦ ਸਾਲਾ ਕੇ ਜੋ ਰਖਵਾਲੇ ਥੇ ਤਿਨਾ ਕਉ ਬਹੁਤ ਕਰਕੇ ਕਹਿਆ। ਕਿ ਮੇਰਿਓ ਭਾਈਓ ਮੇਰਿਓ ਮਿਤਰੋ ਚੇਤੰਨ ਰਹੀਓ ਕਿਉਂ ਜੋ ਮੇਰੇ ਤਾਈ ਪ੍ਰਹਾਰ ਕਰਣੇ ਹਾਰਾ ਇਸ ਗਰਭ ਬਿਖੈ ਆਇ ਪ੍ਰਾਪਤ ਭਇਆ ਹੈ।"

(ਭਾਗਵਤ ਪੁਰਾਣ)

4. "ਪਹਿਲੀ ਪੁਤਲੀ ਰਤਨ ਮੰਜਰੀ ਬੋਲੀ, "ਐ ਰਾਜਾ ਦਿਲ ਲਗਾ ਕੇ ਮੇਰੀ ਬਾਤ ਸੁਣ। ਮੈਂ ਇਹ ਬਚਨ ਤੁਮ ਸੇ ਕਰਤੀ ਹੂੰ ਤੁਮ ਗੁਣਗਾਹਕ ਕਦਰਦਾਨ ਹੋ, ਜੋ ਤੁਮ ਬਾਤੇਂ ਕਹੀ ਸਭ ਦਰੁਸਤ ਹੈਂ। ਸੂਰਜ ਸੋ ਭੀ ਤੁਮਹਾਰਾ ਤੇਜ ਅਧਿਕ ਹੈ ਪਰ ਇਤਨਾ ਗਰਬ ਮਤ ਕਰੋ, ਪੁਰਾਣੀ ਕਥਾ ਸੁਣੋ। ਇਸ ਸੰਸਾਰ ਦਾ ਅੰਤ ਨਹੀਂ।"

(ਸਿੰਘਾਸਨ ਬਤੀਸੀ)

ਉਪਰਲੀਆਂ ਉਦਾਹਰਣਾਂ ਵਿੱਚੋਂ ਪਹਿਲੀਆਂ ਤਿੰਨਾਂ ਵਿਚ ਸਾਧ-ਭਾਖਾ ਦੀ ਰੰਗਣ ਹੈ ਅਤੇ ਚੌਥੀ ਵਿਚ ਉਰਦੂ ਦਾ ਅਸਰ ਪ੍ਰਤੱਖ ਹੈ। ਦੂਜੀ ਉਦਾਹਰਣ ਵਿਚ ਸ਼ੰਕਰਾਚਾਰੀਆ ਦੇ ਪ੍ਰਸਿਧ ਗ੍ਰੰਥ 'ਅਪਰੋਖ ਅਨੁਭਵ' ਦਾ ਅਨੁਵਾਦ ਹੈ।

## (ਅ) ਸੰਸਕ੍ਰਿਤ ਰਚਨਾਵਾਂ ਦੇ ਆਧਾਰ ਤੇ ਲਿਖੇ ਗਏ ਗ੍ਰੰਥ—

ਇਸ ਅਨੁਵਾਦ ਹੇਠ ਅਸੀਂ ਗੀਤਾ ਸਾਰ, ਟੀਕਾ ਵੇਦਾਂਤ ਸਾਰ, ਲਵ ਕੁਸ਼ ਸੰਬਾਦ, ਅੰਗ ਫੁਰਨੇ ਕੇ ਫਲ, ਧਾਰਮਕ ਗ੍ਰੰਥਾਂ ਵਿਚੋਂ ਲਈਆਂ ਗਈਆਂ ਸਾਖੀਆਂ ਆਦਿ ਸ਼ਾਮਲ ਕਰਦੇ ਹਾਂ।

**ਉਦਾਹਰਣਾਂ –**

1. ਅਰਜਨੋ ਵਾਚ : ਹੇ ਕ੍ਰਿਸ਼ਨ ਦੇਵ ਜੀ। ਅਦਿਸਟਿ ਵਸਤਾ ਬਿਖੇ ਭਾਵਨਾ ਉਪਜਤੀ ਨਾਹੀ ਅਰ ਦਿਸਟਵਾਨ ਖਿਨਸ ਜਾਤੀ ਹੈ। ਅਖਰ ਜੋ ਹੈ ਬ੍ਰਹਮ ਸੋ ਬਰਨ ਚਿਹਨ ਤੇ ਰਹਿਤ ਹੈ। ਹੇ ਪ੍ਰਭ ਜੀ ਜੋਗੀਸਰ ਕਿਸ ਕਾ ਧਿਆਨ ਕਰਤੇ ਹੈ।

ਸ੍ਰੀ ਭਗਵਾਨੋ ਵਾਚ : ਹੇ ਅਰਜਨ ਜੋਗੀਸਰੋ ਕਾ ਮਤ ਸੁਣ ਜੋ ਉਨ ਕੀ ਕੈਸੀ ਸਸਾਧ ਹੈ।

Digitized by Panjab Digital Library | www.panjabdigilib.org

ਉਹ ਬ੍ਰਹਮ ਕੋ ਆਦਿ ਮਧ ਅੰਤ ਪੂਰਨ ਜਾਣਤੇ ਹੈ । ਰਿਦੇ ਕਮਲ ਕੀ ਡੋਡੀ ਬਿਖੇ ਸੁਧ ਰੂਪ ਭਗਵਾਨ ਹੈ । ਇਸ ਮੰਤ੍ਰ ਕੋ ਉਚਾਰ ਕਰਤੇ ਹੈ । ਸੋ ਮੁਕਤ ਹੋਇ, ਹੇ ਅਰਜਨ ਆਸਨ ਬੈਠਤੇ, ਸੇਹਜਾ ਸੋਵਤੇ, ਖਾਵਤੇ ਪੀਵਤੇ, ਚਲਤੇ ਸਰਬ ਤੋਂ ਕਾਲੋਂ ਬਿਖੈ ਗੋਬਿੰਦ ਭਜੈ । ਤਉ ਜੋਗੀ ਜੋਗਨਿ ਕੀ ਗਤਿ ਪਾਵੇ ।

(ਗੀਤਾ ਸਾਰ ਵਿਚੋਂ)

2. "ਤਬ ਰਾਜਾ ਧਰਮ ਦੂਤਾ ਕੋ ਕਹਿਤਾ ਹੈ ਜੋ ਰੇ ਇਨ ਕੋ ਚਿਤ੍ਰ ਗੁਪਤ ਪਾਸ ਲੇ ਜਾਹੋ । ਤਬ ਚਿਤ੍ਰ ਗੁਪਤ ਪਾਸ ਪਹਿਲੇ ਜਾਏ ਖੜਾ ਕਰਤੇ ਹੈ ਪ੍ਰਾਣੀ ਕੋ । ਤਬ ਚਿਤ੍ਰ ਗੁਪਤ ਪਾਸ ਪਹਿਲੇ ਪਾਪ ਪੁੰਨ ਹੋਤੇ ਹੈ ਅਥਵਾ ਪ੍ਰਗਟ ਕੀਏ ਹੋਤੇ ਹੈਂ । ਪਾਪ ਪੁੰਨ ਸਭ ਹੀ ਚਿਤ੍ਰ ਗੁਪਤ ਕਹਿ ਦੇਤੇ ਹੈ ਧਰਮਰਾਜੇ ਕੋ । ਤਬ ਰਾਜਾ ਧਰਮ ਦੇਖ ਕਰ ਪਾਪ ਔਰ ਪੁੰਨ ਇਨ ਕਾ ਬੀਚਾਰ ਕਹਿ ਦੇਤੇ ਹੋ । ਜੰਮਦੂਤਾ ਕਉ ਕਹਿਤੇ ਹੈਂ ਜੋ ਰੇ ਇਸ ਪ੍ਰਾਣੀ ਕੋ ਪਹਿਲੇ ਪਾਪ ਨਰਕ ਭੁਗਾਈਐ । ਤਬ ਨਰਕ ਅਠਾਰਾਂ ।18। ਉਸ ਕਾ ਸਰੂਪ ਸੂਲੀ ਕੀ ਨਿਆਈ ਹੈ ।ਜਿਨ੍ਹਾਂ ਮਾਨੁਖਾਂ ਰਾਜ ਕੇ ਲਿਖੇ ਨਿਰਾ-ਅਪਰਾਧ ਕੀਤਾ ਹੈ । ਜਿਨ੍ਹਾਂ ਬੰਦੇ ਮਾਰੇ ਹੈ ਤੀਰਾਂ ਸਾਥ, ਜਿਨ੍ਹਾਂ ਦੇਵਾਂ ਕੇ ਅਸਥਾਨ ਕੇ ਰੁਖ ਕਾਟੇ ਹੈਂ । ਤੇ ਮਾਨੁਖ ਸੂਲ ਰੂਪਣ ਮਹਿ ਪੜਤੇ ਦੇਖੇ । ਏਕ ਅਵਰ ਨਰਕ ਹੈ ਬਿਸਟਾ ਕਾ ਕੂਆ ਹੈ । ਤਿਸ ਬਿਖੈ ਕੀੜੇ ਬਹੁਤ ਹੈ । ਜਿਨ੍ਹਾਂ ਅੰਨ ਚੁਰਾਇਆ ਹੈ, ਅਰ ਭਲੀਆਂ ਵਸਤੂ ਆਪ ਅਕੇਲੀਆਂ ਖਾਧੀਆਂ ਹੈ । ਅਰ ਕਿਸੀ ਕਉ ਭੇਦ ਨਹੀਂ ਦੀਆ—ਤੇ ਪਾਪੀ ਬਿਸਟੇ ਕੇ ਕੂਏ ਮਹਿ ਪੜਤੇ ਦੇਖੇ ।"

(ਸਤਿਜੁਗ ਕੀ ਸਾਖੀ)

3. "ਜੇ ਕੋਈ ਅੰਗ ਉਸ ਦਾ ਫੁਰੈ ਤਾਂ ਫਲ ਮਲੂਮ ਕਰੈ । ਜੇ ਸਿਰ ਫੁਰੈ ਵਿਚੋਂ ਤਾ ਰਾਜ ਪਾਵੈ । ਖਤਰੇ ਬਲਾਈ ਤੇ ਫਿਕਰਿ ਦੂਰਿ ਹੋਇ । ਤੇ ਦੌਲਤ ਤੇ ਮਰਾਤਬਾ, ਉਸ ਨੋ ਹਾਸਲ ਹੋਵੈ ਤੇ ਧਨੁ ਪ੍ਰਾਪਤ ਹੋਇ, ਜੇ ਦਾਹਨੀ ਵਲਿ ਸਿਰ ਫੁਰੈ ਤਾਂ ਪੈਡਾ ਦੇਖੇ ਤੇ ਮਰਾਦ ਨੋ ਪਹੁਚੈ । ਜੇ ਬਾਵੀ ਵਲਿ ਸਿਰ ਫੁਰੈ ਤਾ ਬਖਤ ਖੁਲੈ ਤੇ ਮੁਰਾਤਬਾ ਪਾਵੈ ਤੇ ਨਿਆਮਤ ਪਾਵੈ । ਜੋ ਖੱਬਿਹਿ ਅੱਖਿ ਫੁਰੈ ਤਾਂ ਦਿਲਗੀਰ ਹੋਇ । ਜੇ ਖੱਬੀ ਅੱਖਿ ਦੀ ਤਲੇ ਦੀ ਪਲਕ ਫੁਰੈ ਤਾਂ ਖ਼ੁਸ਼ਹਾਲ ਦੇਖੈ ਤੇ ਐਸ਼ ਨੇਖ ਮੁਦੇ ਨੋ ਪਹੁਚੇ । ਜੇ ਸੱਜੀ ਅੱਖ ਦੀ ਪਿਪਣੀ ਫੁਰੈ ਤਾਂ ਬਹੁਤ ਖੇਦ ਹੋਹੁ । ਤੇ ਅਜਾਬੁ ਪਾਵੈ ਸੰਇ । ਪੰਜੇ ਸਭੇ ਅੰਗਲੀਆਂ ਖਬੇ ਪੈਰਿ ਦੀਆਂ ਫੁਰਨਿ ਤਾ ਦੁਖ ਤੇ ਛੁਟੈ ਤੇ ਤਾਲਿਆਹ ਖੁਲਨਿ ।"

(ਅੰਗ ਫੁਰਨੇ ਕੇ ਫਲ)

ਪਹਿਲੀਆ ਦੋਹਾਂ ਉਦਾਹਰਣਾਂ ਵਿਚ ਸਾਧ ਭਾਖਾ ਦਾ ਰੰਗ ਤੇਜ਼ ਹੈ ਅਤੇ ਤੀਜੀ ਵਿਚ ਆਮ ਬੋਲ ਚਾਲ ਦੀ ਵਾਰਤਕ ਹੈ । ਹਿੰਦੂ ਜੀਵਨ ਨਾਲ ਸਬੰਧਤ ਉਪਰਲੀਆਂ ਸਾਰੀਆਂ ਉਦਾਹਰਣਾਂ ਨੂੰ ਵੇਖ ਕੇ ਅਸੀਂ ਇਸ ਸਿੱਟੇ ਤੇ ਪੁਜਦੇ ਹਾਂ ਕਿ ਅਧਿਆਤ ਕ ਪੱਖ ਦਾ ਵਧੀਕ ਖਿਆਲ ਰਖਿਆ ਗਿਆ ਹੈ । ਸਾਖੀਆਂ ਅਤੇ ਕਥਾਵਾਂ ਵੀ ਧਾਰਮਕ ਤੇ ਸਦਾਚਾਰਕ ਜੀਵਨ ਦੀ ਉੱਚਤਾ ਲਈ ਪ੍ਰੇਰਦੀਆਂ ਹਨ । ਅਖ਼ੀਰਲੀ ਉਦਾਹਰਣ ਹਿੰਦੂ ਜੀਵਨ ਦੇ ਵਹਿਮਾਂ ਭਰਮਾਂ ਤੇ ਚਾਨਣਾ ਪਾਂਦੀ ਹੈ ।

3. **ਮੁਸਲਮਾਨੀ ਜੀਵਨ ਨਾਲ ਸਬੰਧਤ ਪੰਜਾਬੀ ਵਾਰਤਕ**—ਮੁਸਲਮਾਨੀ ਜੀਵਨ

Digitized by Panjab Digital Library | www.panjabdigilib.org

ਨਾਲ ਸਬੰਧਤ ਕਵਿਤਾ ਕਈ ਕਵੀਆਂ ਦੀ ਲਿਖੀ ਹੋਈ ਮਿਲਦੀ ਹੈ,* ਜਿਨ੍ਹਾਂ ਵਿਚ ਕਿ ਮੁਸਲਮਾਨੀ ਸ਼ਰੀਅਤ ਦੇ ਕਈ ਮਸਲਿਆਂ ਦਾ ਜ਼ਿਕਰ ਹੈ ਪਰ ਵਾਰਤਕ ਦੀ ਕੇਵਲ ਇਕੋ ਇਕ ਪੁਸਤਕ ਮਿਲਦੀ ਹੈ।

**ਪੱਕੀ ਰੋਟੀ**—(ਪਾਰਸ ਭਾਗ ਨੂੰ ਛਡ ਕੇ) ਜਿਸ ਵਿਚ ਮੁਸਲਮਾਨੀ ਧਰਮ ਦੇ ਕਈ ਅਸੂਲਾਂ ਦਾ ਸੰਜਮ ਪੂਰਤ ਤਰੀਕੇ ਨਾਲ ਵਰਣਨ ਕੀਤਾ ਗਿਆ ਹੈ।

## ਉਦਾਹਰਣ

ਜੇ ਕੋਈ ਪੁਛੇ ਬਿਸਮਿੱਲਾ ਦੇ ਮਹਿਨੇ ਕਿਹੜੇ ਹੈਨ ਤੂੰ ਆਖ ਜੀ ਇਹ, ਸ਼ੁਰੂ ਕਰਨਾ ਮੈਂ ਇਸ ਕਿਤਾਬ ਨੂੰ ਨਾਲ ਨਾਮ ਖ਼ੁਦਾ ਤੁਆਲਾ ਦੇ ਜਿਹੜਾ ਰੋਜ਼ੀ ਦਿੰਦਾ ਹੈ ਹਰ ਜੀਅ ਨੂੰ ਵਿਚ ਦੁਨੀਆਂ ਦੇ ਅਤੇ ਬਖ਼ਸ਼ੇਗਾ।

ਮੋਮਨਾਂ ਨੂੰ ਨਾ ਕਾਫ਼ਰਾਂ ਨੂੰ ਦਿਹਾੜੇ ਕਿਆਮਤ ਦੇ।

ਜੇ ਕੋਈ ਪੁੱਛੇ ਤੂੰ ਬੰਦਾ ਕਿਸ ਦਾ ਹੈਂ ਤੂੰ ਆਖ ਜੀ ਖ਼ੁਦਾ ਤੁਆਲਾ ਦਾ।

ਜੇ ਕੋਈ ਪੁੱਛੇ ਤੂੰ ਉਮਤ ਕਿਸ ਦੀ ਹੈਂ ਤੂੰ ਆਖ ਜੀ ਹਜ਼ਰਤ ਮੁਹੰਮਦ ਰਸੂਲ ਸਲੇ ਅਲਾ ਅਲੈ ਓ ਸਲਮ ਦੀ——।

ਜੇ ਕੋਈ ਪੁਛੇ ਤੇਰਾ ਈਮਾਨ ਬੈਠਾ ਹੈ ਯਾ ਖਲੋਤਾ ਤੂੰ ਆਖ ਜੀ ਜਿਸ ਸਭੇ ਹੁਕਮ ਖ਼ੁਦਾ ਤਆਲਾ ਦੇ ਮੰਨੇ ਉਸ ਦਾ ਈਮਾਨ ਬੈਠਾ ਹੈ ਅਤੇ ਜਿਸ ਨੇ ਬੇਫ਼ਰਮਾਨੀਆਂ ਕੀਤੀਆਂ ਉਸ ਦਾ ਈਮਾਨ ਖਲੋਤਾ ਹੈ ਵੇਖਾਂ ਕਿਤ ਵਲ ਟੁਰ ਵੰਞਸ।

ਜੇ ਕੋਈ ਪੁਛੇ ਤੇਰਾ ਈਮਾਨ ਨੰਗਾ ਹੈ ਯਾਂ ਕੱਜਿਆ ਹੋਇਆ ਤੂੰ ਆਖ ਜੀ ਜਿਸ ਵਿਚ ਹਯਾ ਹੈ ਉਸ ਦਾ ਈਮਾਨ ਕੱਜਿਆ ਹੋਇਆ ਹੈ ਅਤੇ ਜਿਸ ਵਿਚ ਹਯਾ ਨਹੀਂ ਉਸ ਦਾ ਈਮਾਨ ਨੰਗਾ ਹੈ——।

ਜੇ ਕੋਈ ਪੁੱਛੇ ਵਾਜਬ ਇਸਲਾਮ ਦੇ ਕਿਤਨੇ ਹੈਨ ਤੂੰ ਆਖ ਜੀ ਸਤ। ਖ਼ਿਦਮਤ ਕਬੀਲੇ ਭੁਖੇ ਦੀ ਕਰਨੀ ਹਿਕ, ਕੁਰਬਾਨੀ ਦੇਵਨੀ ਦੋ, ਸਦਕਾ ਈਦੁਲ ਫ਼ਿਤਰ ਦਾ ਦੇਵਨਾ ਤਰੈ, ਮਾਂ ਪਿਓ ਦੀ ਖਿਦਮਤ ਕਰਨੀ ਚਾਰ, ਔਰਤ ਨੂੰ ਖਿਦਮਤ ਖ਼ਸਮ ਦੀ ਕਰਨੀ ਪੰਜ, ਉਮਰਾ ਬਜਾ ਆਣਨਾ ਛੇ, ਵਿਤਰ ਪੜ੍ਹਨੇ ਸਤ।

ਜੇ ਕੋਈ ਪੁਛੇ ਸੁੰਨਤਾਂ ਇਸਲਾਮ ਦੀਆਂ ਕਿਤਨੀਆਂ ਹੈਨ ਤੂੰ ਆਖ ਜੀ ਸਤ। ਸਾਰਾ ਸਿਰ ਮੁਨਾਵਨਾ ਹਿਕ, ਵਾਲ ਲੱਬਾਂ ਦੇ ਲੈਣੇ ਦੋ, ਵਾਲ ਨਕ ਦੇ ਲੈਣੇ ਤਰੈ, ਵਾਲ ਬਗਲਾਂ ਦੇ ਲੈਣੇ ਚਾਰ, ਪਾਕੀ ਕਰਨੀ ਪੰਜ, ਸੁੰਨਤੀ ਬਹਿਣਾ, ਛੇ ਤੇ ਨਹੁੰ ਲਹਾਣੇ ਸਤ।

(ਪੱਕੀ ਰੋਟੀ ਖ਼ੁਰਦ ਵਿਚੋਂ)

ਉਪਰਲੀ ਮਿਸਾਲ ਵਿਚ ਪਾਠਕ ਪਹਿਲੀਆਂ ਰਚਨਾਵਾਂ ਦੀ ਬੋਲੀ ਨਾਲੋਂ ਢੇਰ ਫ਼ਰਕ ਵੇਖੇਗਾ। ਇਹਦੇ ਵਿਚ ਲਹਿੰਦੀ ਤੇ ਫ਼ਾਰਸੀ ਦੀ ਮਿਲਾਵਟ ਹੈ। ਪੰਜਾਬ ਦੇ ਪਛਮੀ ਇਲਾਕੇ ਵਿਚ

---

*ਵੇਖੋ : 'ਪੰਜਾਬੀ ਸਾਹਿਤ ਦਾ ਇਤਿਹਾਸ—ਸੁਰਿੰਦਰ ਸਿੰਘ ਕੋਹਲੀ, ਪੰਨਾ 431-6।

Digitized by Panjab Digital Library | www.panjabdigilib.org

ਸਦੀਆਂ ਤੋਂ ਮੁਸਲਮਾਨ ਆਬਾਦ ਸਨ ਅਤੇ ਉਹ ਲੋਰ ਬੋਲੀ ਨੂੰ ਅਪਣਾ ਰਹੇ ਸਨ। ਬਾਬਾ ਫ਼ਰੀਦ ਨੇ ਵੀ ਇਸ ਇਲਾਕੇ ਨੂੰ ਭਾਗ ਲਾਏ। ਉਂਞ ਵੀ ਇਹ ਪਹਿਲੇ ਕਿਹਾ ਜਾ ਚੁਕਾ ਹੈ ਕਿ ਲਹਿੰਦੀ ਉਸ ਸਮੇਂ ਸਾਹਿਤਕ ਬੋਲੀ ਰਹੀ ਹੈ। ਮੁਸਲਮਾਨਾਂ ਦੀਆਂ ਰਚਨਾਵਾਂ ਵਿੱਚੋਂ ਲਹਿੰਦੀ ਦੇ ਪ੍ਰਭਾਵ ਸਪਸ਼ਟ ਤੌਰ ਤੇ ਨਿਖੇੜੇ ਜਾ ਸਕਦੇ ਹਨ। ਫ਼ਾਰਸੀ ਅਰਬੀ ਦਾ ਪ੍ਰਭਾਵ ਹੋਣਾ ਜ਼ਰੂਰੀ ਸੀ ਅਤੇ ਖ਼ਾਸ ਤੌਰ ਤੇ ਮੁਸਲਮਾਨੀ ਸ਼ੁਰਾ ਦੀ ਪੁਸਤਕ ਵਿਚ ਤਾਂ ਇਸ ਤੋਂ ਬਚਣਾ ਅਸੰਭਵ ਸੀ।

## ਪੁਰਾਤਨ ਪੰਜਾਬੀ ਵਾਰਤਕ ਦੀਆਂ ਵਿਸ਼ੇਸ਼ਤਾਈਆਂ—

ਉਪਰਲੀ ਸਾਰੀ ਵਿਚਾਰ ਨੂੰ ਪੜ੍ਹ ਕੇ ਅਸੀਂ ਪ੍ਰੋ: ਪੂਰਨ ਸਿੰਘ ਨਾਲ ਸਹਿਮਤ ਹੋ ਜਾਂਦੇ ਹਾਂ: "ਪੰਜਾਬੀ ਦਾ ਸਾਹਿਤ ਗੁਰੂ ਨਾਨਕ ਦੇਵ ਜੀ ਦੇ ਮੰਦਰਾਂ ਦੇ ਆਲੇ ਦੁਆਲੇ ਬ੍ਰਿਛਾਂ ਦੀਆਂ ਛਾਵਾਂ ਵਿਚ ਪਲਿਆ। ਨਸਰ ਉਨ੍ਹਾਂ ਨੇ ਪਹਿਲੀ ਵਾਰ ਲਿਖੀ ਜਿਨ੍ਹਾਂ ਦੇ ਹੋਠ ਗੁਰੂ ਸਾਹਿਬ ਦੇ ਪਿਆਰ ਅੰਮ੍ਰਿਤ ਨਾਲ ਸਿੰਚੇ ਗੁਲਾਬ ਦੀਆਂ ਪੱਤੀਆਂ ਵਾਂਗ ਸਿਫਤ-ਸਮੀਰ ਨਾਲ ਹਿਲਦੇ ਸਨ।" ਹਿੰਦੂ ਅਤੇ ਮੁਸਲਮਾਨੀ ਜੀਵਨ ਨਾਲ ਸਬੰਧਤ ਵਾਰਤਕ ਨਾਂ ਮਾਤਰ ਹੀ ਹੈ। ਜੇ ਕੁਝ ਰਚਨਾਵਾਂ ਹਨ ਵੀ ਤਾਂ ਉਨ੍ਹਾਂ ਦਾ ਸੋਮਾ ਅਜਿਹੇ ਸਾਹਿਤਾਂ ਵਿਚ ਹੈ ਜਿਨ੍ਹਾਂ ਨਾਲ ਆਮ ਲੋਕਾਂ ਦਾ ਸਿੱਧਾ ਸਬੰਧ ਨਹੀਂ। ਹਿੰਦੂ ਸੰਸਕ੍ਰਿਤ ਸਾਹਿਤ ਵਲ ਸਨਮਾਨ ਦੀਆਂ ਨਜ਼ਰਾਂ ਨਾਲ ਵੇਖਦੇ ਰਹੇ ਅਤੇ ਮੁਸਲਮਾਨ ਅਰਬੀ ਤੇ ਫ਼ਾਰਸੀ ਸਾਹਿਤਾਂ ਵਲ। ਉਨ੍ਹਾਂ ਦਾ ਧਾਰਮਕ ਸਾਹਿਤ ਉਨ੍ਹਾਂ ਵਿਚ ਬੰਦ ਸੀ। ਕਦੀ ਕਦਾਈਂ ਕਿਸੇ ਸਿਆਣੇ ਸਜਣ ਨੇ ਉਠ ਕੇ ਸੰਸਕ੍ਰਿਤ ਦੀਆਂ ਵਿਚਾਰਾਂ ਨੂੰ ਪੰਜਾਬੀ ਵਿਚ ਅਨੁਵਾਦ ਕਰਨ ਦੀ ਕੋਸ਼ਸ਼ ਕੀਤੀ। ਪਰ ਗੁਰੂ ਨਾਨਕ ਤੇ ਹੋਰ ਗੁਰੂ ਸਾਹਿਬਾਨ ਦੇ ਬਚਨਾਂ ਨੇ ਸਾਰੇ ਪੰਜਾਬ ਨੂੰ ਹਲੂਣ ਦਿੱਤਾ। ਉਨ੍ਹਾਂ ਦੇ ਸੁਨੇਹੇ ਨੂੰ ਆਮ ਜਨਤਾ ਤਕ ਪੁਚਾਉਣ ਲਈ ਵਾਰਤਕ ਦਾ ਜਾਮਾ ਪੁਆਉਣਾ ਪਿਆ।

ਇਸ ਵਾਰਤਕ ਨੂੰ ਪੁਰਾਤਨ ਇਸ ਲਈ ਕਿਹਾ ਗਿਆ ਹੈ ਕਿ ਇਸ ਦੀਆਂ ਕੁਝ ਆਪਣੀਆਂ ਵਿਸ਼ੇਸ਼ਤਾਈਆਂ ਹਨ ਜੋ ਇਸ ਨੂੰ ਨਵੀਨ ਵਾਰਤਕ ਨਾਲੋਂ ਨਿਖੇੜਦੀਆਂ ਹਨ।

### ਵਿਸ਼ੇ ਨੂੰ ਮੁਖ ਰਖਦਿਆਂ—

1. ਪੁਰਾਤਨ ਪੰਜਾਬੀ ਵਾਰਤਕ ਧਾਰਮਕ ਵਾਰਤਕ ਹੈ।
2. ਇਸ ਦਾ ਵਡਾ ਹਿੱਸਾ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਤੇ ਜੀਵਨੀ ਦੇ ਰੂਪ ਵਿਚ ਹੈ।
3. ਇਸ ਵਿਚ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਮੱਤਾਂ ਦਾ ਤੁਲਨਾਤਮਕ ਅਧਿਐਨ ਮਿਲਦਾ ਹੈ।
4. ਇਹ ਆਦਰਸ਼ਕ ਹੈ ਅਤੇ ਮਾਨੁਖ ਮਾਤਰ ਲਈ ਉਚੇਰੇ ਸਦਾਚਾਰਕ ਤੇ ਆਤਮਕ ਜੀਵਨ ਦਾ ਆਦਰਸ਼ ਰਖਦੀ ਹੈ।
5. ਇਸ ਵਿੱਚੋਂ ਮਨੁਖ ਦੇ ਸਮਾਜਕ ਤੇ ਰਾਜਨੀਤਕ ਜੀਵਨ ਨੂੰ ਉਚਿਆਣ ਦੀ ਵੀ ਪ੍ਰੇਰਨਾ ਮਿਲਦੀ ਹੈ ਪਰ ਉਸ ਦੀ ਨੀਂਹ ਵੀ ਸਦਾਚਾਰਕ ਤੇ ਆਤਮਕ ਜੀਵਨ ਹੀ ਹੈ।

Digitized by Panjab Digital Library | www.panjabdigilib.org

ਰੂਪ ਨੂੰ ਮੁਖ ਰਖਦਿਆਂ—

1. ਪੁਰਾਤਨ ਪੰਜਾਬੀ ਵਾਰਤਕ ਬਹੁਤੀ ਸਾਖੀਆਂ ਅਤੇ ਜਨਮ ਸਾਖੀਆਂ ਦੇ ਰੂਪ ਵਿਚ ਹੈ।
2. ਗੋਸ਼ਟਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਭਿੰਨ ਭਿੰਨ ਵਿਸ਼ਿਆਂ ਉਤੇ ਵਖ ਵਖ ਸ਼ਖਸੀਅਤਾਂ ਨਾਲ ਬਹਿਸ ਦਰਜ ਹੈ।
3. ਪਰਮਾਰਥਾਂ ਤੇ ਟੀਕਿਆਂ ਵਿਚ ਗੁਰੂ ਨਾਨਕ ਦੇਵ ਜੀ ਦੇ ਬਚਨਾਂ ਦੀ ਵਿਆਖਿਆ ਕੀਤੀ ਗਈ ਹੈ। ਭਾਈ ਮਨੀ ਸਿੰਘ ਨੇ ਭਾਈ ਗੁਰਦਾਸ ਦੀਆਂ ਦੋ ਵਾਰਾਂ ਦੇ ਟੀਕੇ ਰਚੇ ਹਨ।
4. ਪਹਿਲੀਆਂ ਰਚਨਾਵਾਂ ਦੀ ਬੋਲੀ ਸੰਜੋਗਾਤਮਕ ਹੈ। ਹੌਲੇ ਹੌਲੇ ਇਹ ਵਿਜੋਗਾਤਮਕ ਹੁੰਦੀ ਜਾਂਦੀ ਹੈ।
5. ਲਹਿੰਦੀ ਤੇ ਫ਼ਾਰਸੀ ਦੇ ਪ੍ਰਭਾਵ ਵੀ ਪ੍ਰਤੱਖ ਹਨ।
6. ਸਾਧ-ਭਾਸ਼ਾ ਦੀ ਵਰਤੋਂ ਬਹੁਤ ਰਚਨਾਵਾਂ ਵਿਚ ਮਿਲਦੀ ਹੈ। ਇਸ ਦਾ ਕਾਰਨ ਇਹ ਹੈ ਕਿ ਪੰਜਾਬੀ ਬੋਲੀ ਸਾਧਾਂ ਅਤੇ ਸੰਤਾਂ ਦੀਆਂ ਮੰਡਲੀਆਂ ਵਿਚ ਪਲੀ ਹੈ। ਪਰ ਆਮ ਬੋਲਚਾਲ ਦੀ ਭਾਸ਼ਾ ਦੀ ਵਰਤੋਂ ਵੀ ਮਿਲਦੀ ਹੈ।
7. ਇਹ ਵਾਰਤਕ ਦਾਰਸ਼ਨਕ ਵੀ ਹੈ ਤੇ ਬਿਰਤਾਂਤਕ ਵੀ।
8. ਇਸ ਵਾਰਤਕ ਵਿਚ ਕਵਿਤਾ ਤੇ ਵਾਰਤਕ ਦੋਹਾਂ ਦਾ ਮੇਲ ਹੈ।
9. ਸ਼ੁਰੂ ਸ਼ੁਰੂ ਦੀਆਂ ਰਚਨਾਵਾਂ ਵਿਚ ਵਲਵਲਾ ਤੀਬਰ ਹੈ ਅਤੇ ਵਾਰਤਕ ਕਾਵਿਕ ਹੈ।
10. ਯਥਾਰਥਵਾਦੀ ਘਟਨਾਵਾਂ ਦੀ ਘਾਟ ਹੈ ਅਤੇ ਬਹੁਤਾ ਬਿਆਨ ਰੁਮਾਂਟਿਕ ਹੈ। ਸਾਖੀਆਂ ਵਿਚ ਲਟਕਾ ਵੀ ਹੈ ਤੇ ਨਾਟਕੀ ਛੁਹ ਵੀ। ਸਾਖੀਆਂ ਤੇ ਜਨਮ ਸਾਖੀਆਂ ਦੀ ਮਹਾਨਤਾ ਇਤਿਹਾਸਕ ਵੀ ਹੈ।
11. ਇਸ ਵਾਰਤਕ ਵਿਚ ਤਦਭਵ ਬਹੁਤ ਹਨ। ਦੇਸ਼ੀ ਸ਼ਬਦ ਵੀ ਮਿਲਦੇ ਹਨ।
12. ਸ਼ਾਂਤ ਰਸ, ਕਰੁਣਾ ਰਸ, ਸ਼ਿੰਗਾਰ ਰਸ ਆਦਿ ਰਸਾਂ ਦੀ ਸਹਿਜ ਸੁਭਾ ਹੋਈ ਵਰਤੋਂ ਮਿਲਦੀ ਹੈ।

Digitized by Panjab Digital Library | www.panjabdigilib.org

# ਪੰਜਾਬ ਵਿਚ ਨਾਟਕ ਦਾ ਮੁੱਢ

ਜਦੋਂ ਕਦੇ ਅਤੇ ਜਿਥੇ ਕਿਤੇ ਵੀ ਮਨੁੱਖ ਨੇ ਨਿਰੇ ਹੋਂਦ ਲਈ ਸੰਘਰਸ਼ ਤੋਂ ਉਤੇ ਉਠਕੇ ਉਨਤੀ ਕੀਤੀ ਹੈ ਉਥੇ ਹੀ ਕਿਸੇ ਨਾ ਕਿਸੇ ਰੂਪ ਵਿਚ—ਦੇਵਤਿਆਂ ਹਿਤ, ਮਨ ਪ੍ਰਚਾਵੇ ਲਈ ਜਾਂ ਸ੍ਵੈ ਪ੍ਰਗਟਾਵੇ ਖਾਤਰ—ਥੀਏਟਰ ਪੈਦਾ ਹੋਇਆ ਹੈ।

(ਤਿੰਨ ਹਜ਼ਾਰ ਸਾਲ ਪਹਿਲਾਂ ਦਾ ਥੀਏਟਰ ਸੈਲਡਨ, ਨੀਊਯਾਰਕ, 1952)

ਭਾਰਤੀ ਜਾਂ ਸੰਸਕ੍ਰਿਤ ਨਾਟਕ ਦਾ ਜਨਮ ਕਦੋਂ, ਕਿਵੇਂ ਤੇ ਕਿਥੇ ਹੋਇਆ? ਇਹ ਗੁੰਝਲ-ਦਾਰ ਅਤੇ ਅਣਸੁਲਝੀ ਸਮੱਸਿਆ ਲਗ ਭਗ ਡੇਢ ਸੌ ਸਾਲਾਂ ਤੋਂ ਦਰਜਨਾਂ ਪੱਛਮੀ ਤੇ ਪੂਰਬੀ ਵਿਦਵਾਨਾਂ ਦੀ ਅਣਥਕ ਖੋਜ ਦਾ ਵਿਸ਼ਾ ਬਣੀ ਰਹੀ ਹੈ। ਪਰ ਉਹਨਾਂ ਵਿਦਵਾਨਾਂ ਵਿਚੋਂ, ਸਵਾਏ ਇਕ ਦੋ ਭਾਰਤੀ ਪੰਡਤਾਂ ਦੇ ਇਸ਼ਾਰਿਆਂ ਦੇ, ਕਿਸੇ ਨੇ ਵੀ ਸੰਸਕ੍ਰਿਤ ਨਾਟਕ ਦੇ ਮੁੱਢ ਬਾਰੇ ਆਰੀਆਂ ਦੇ ਸਮੇਂ ਤੋਂ ਪਹਿਲਾਂ ਵਲ ਝਾਤ ਮਾਰਨ ਦੀ ਕਲਪਣਾ ਤਕ ਨਹੀਂ ਕੀਤੀ। ਇਸ ਤੋਂ ਉਲਟ ਸਗੋਂ ਕੁਝ ਪੱਛਮੀ ਵਿਦਵਾਨਾਂ ਨੇ ਬੜੀ ਮਿਹਨਤ ਤੇ ਲਗਨ ਨਾਲ ਸੰਸਕ੍ਰਿਤ ਨਾਟਕ ਦੇ ਮੁੱਢ ਨੂੰ ਈਸਵੀ ਸੰਨ ਦੇ ਲਗੇ ਚਾਗੇ ਜਾਂ ਵਧ ਤੋਂ ਵਧ ਸਿਕੰਦਰ ਦੇ ਪੰਜਾਬ ਉਤੇ ਹੱਲੇ ਦੇ ਨੇੜੇ ਤੇੜੇ ਲਿਆਉਣ ਦਾ ਸੁਚੇਤ ਯਤਨ ਕੀਤਾ ਹੈ। ਵਖੋ ਵੱਖ ਖੋਜੀਆਂ ਵਲੋਂ ਪੇਸ਼ ਕੀਤੇ ਵਿਚਾਰ ਤੇ ਪੜਤਾਲ ਦੇ ਸਿੱਟੇ ਸ਼ਾਇਦ ਇਸ ਉਲਝਣ ਨੂੰ ਸੁਲਝਾਉਣ ਵਿਚ ਕਿਸੇ ਹਦ ਤਕ ਸਫਲ ਹੋ ਹੀ ਜਾਂਦੇ, ਜੇ ਕਰ ਦੁਨੀਆ ਭਰ ਅਸਚਰਜ ਕਰ ਦੇਣ ਵਾਲੀ ਹੱੜਪਾ ਸਭਿਅਤਾ ਦੀ ਲੱਭਤ ਦਾ ਅਚਨਚੇਤ ਪਤਾ ਨਾ ਲਗ ਜਾਂਦਾ। 1921 ਤੋਂ ਪਹਿਲਾਂ ਕੋਈ ਵਿਦਵਾਨ ਸੋਚ ਵੀ ਨਹੀਂ ਸੀ ਸਕਦਾ ਕਿ ਪੰਜਾਬ ਵਿਚ ਆਰੀਆ ਦੇ ਆਉਣ ਤੋਂ ਪਹਿਲਾਂ ਇਸ ਧਰਤੀ ਦੇ ਆਦਿ ਵਾਸੀ ਭਾਰਤੀ ਸੰਸਕ੍ਰਿਤੀ ਦੇ ਵਿਕਾਸ ਵਿਚ ਮਹੱਤਤਾ ਪੂਰਨ ਭਾਗ ਪਾ ਸਕਦੇ ਸਨ। ਹੱੜਪਾ, ਮਹਿੰਜੋਦਾਰੋ, ਰੋਪੜ ਤੇ ਹੋਰ ਥੇਹਾਂ ਦੀ ਖੁਦਾਈ ਦੇ ਨਤੀਜਿਆਂ ਅਤੇ ਪੁਰਾ-ਖੋਜੀਆਂ (Archaeologists), ਮਾਨਵ ਵਿਗਿਆਨੀਆਂ (Anthropologists), ਜਾਤੀ ਵਿਦਿਆ ਦੇ ਮਾਹਰਾਂ (Ethnologists) ਅਤੇ ਭਾਸ਼ਾ ਵਿਗਿਆਨੀਆਂ (Linguists) ਦੀਆ ਸ਼ਹਾਦਤਾਂ ਨੇ ਭਾਰਤੀ ਨਾਟਕ ਦੇ ਜਨਮ ਦੇ ਮੂਲ ਮਸਲੇ ਦਾ ਸਾਰਾ ਰੁਖ ਹੀ ਬਦਲ ਦਿਤਾ ਹੈ ਅਤੇ ਹੁਣ ਤਕ ਸੰਸਕ੍ਰਿਤ ਨਾਟਕ ਦੇ ਮੁੱਢ ਤੇ ਵਿਕਾਸ ਬਾਰੇ ਪੇਸ਼ ਕੀਤੇ ਗਏ ਕੁਲ ਵਿਚਾਰ, ਕਿਆਸ ਤੇ ਸਿਧਾਂਤ ਖੋਖਲੇ ਤੇ ਗਲਤ ਸਿਧ ਹੋ ਗਏ ਹਨ। ਪਹਿਲੋਂ ਸਭ ਵਿਦਵਾਨ ਇਸ ਦਾ ਮੁੱਢ ਰਿਗ ਵੇਦ ਵਿਚ ਪਰਵਿਰਤ ਨਾਟਕੀ ਵਾਰਤਾਲਾਪਾਂ ਨਾਲ ਜੋੜਦੇ ਸਨ, ਪਰ ਤਾਜ਼ਾ ਅਤੇ ਅਟੁਕ ਖੋਜ ਦੀ ਰੋਸ਼ਨੀ ਵਿਚ ਭਾਰਤੀ ਨਾਟਕ ਦੇ ਜਨਮ ਬਾਰੇ ਮਿਲੇ ਨਿਸ਼ਾਨ ਸਾਨੂੰ ਈਸਾ ਦੇ ਜਨਮ ਤੋਂ ਵੀ ਤਿੰਨ ਹਜ਼ਾਰ ਸਾਲ ਪਹਿਲਾਂ ਦੇ ਸਮਿਆਂ ਨੂੰ ਪੜਤਾਲਨ ਤੇ ਮਜ਼ਬੂਰ ਕਰਦੇ ਹਨ।



Digitized by Panjab Digital Library | www.panjabdigilib.org

ਅਜ ਦੀ ਖੋਜ ਤੇ ਪਰਖ ਦਾ ਆਰੰਭ ਅਸੀਂ ਇਕ ਬੁਨਿਆਦੀ ਤੇ ਮੁੱਢਲੇ ਪ੍ਰਸ਼ਨ ਨਾਲ ਕਰਦੇ ਹਾਂ। ਕੀ ਭਾਰਤੀ ਨਾਟਕ ਦਾ ਆਰੰਭ ਆਰੀਆ ਨੇ ਕੀਤਾ ਜਾਂ ਉਹਨਾਂ ਤੋਂ ਪਹਿਲਾਂ ਹੜੱਪਾ ਸਭਿਅਤਾ ਵਿਚ ਵਸਦੇ ਲੋਕਾਂ ਨੇ ? ਦੋਹਾਂ ਹਾਲਤਾਂ ਵਿਚ ਨਾਟਕ ਦੀ ਜਨਮ ਭੂਮੀ ਪੰਜਾਬ ਹੀ ਮੰਨੀ ਜਾਂਦੀ ਹੈ। ਇਸ ਮੁਖ ਪ੍ਰਸ਼ਨ ਦਾ ਉੱਤਰ ਢੂੰਡਣ ਲਈ ਸਾਨੂੰ ਭਾਰਤੀ ਸਭਿਆਚਾਰ ਦੀ ਉਸਾਰੀ ਵਿਚ ਵਖੋ ਵੱਖ ਜਾਤੀ ਤੱਤਾਂ ਦੀ ਦੇਣ ਦੀ ਡੂੰਘੀ ਖੋਜ ਪੜਤਾਲ ਕਰਨੀ ਪਵੇਗੀ। ਭਾਵੇਂ ਇਸ ਵਿਸ਼ਾਲ ਤੇ ਦੀਰਘ ਵਿਸ਼ੇ ਤੇ ਅੱਡ ਅੱਡ ਪਖ ਅਜੇ ਤਕ ਲੋੜੀਂਦੇ ਧਿਆਨ ਤੇ ਮਿਹਨਤ ਨਾਲ ਖੋਜੇ ਨਹੀਂ ਜਾ ਸਕੇ, ਫੇਰ ਵੀ ਅਸੀਂ ਭਾਸ਼ਾ ਵਿਗਿਆਨੀਆਂ, ਮਾਨਵ ਵਿਦਿਆ ਦੇ ਮਾਹਰਾਂ ਅਤੇ ਪੁਰਾ ਖੋਜੀਆਂ ਦੇ ਰਿਣੀ ਹਾਂ, ਜਿਨ੍ਹਾਂ ਨੇ ਭਾਰਤੀ ਸੰਸਕ੍ਰਿਤੀ ਦੇ ਵਿਕਾਸ ਦੀਆਂ ਸਾਧਾਰਨ ਰੇਖਾਵਾਂ ਉਲੀਕੀਆਂ ਹਨ ਤੇ ਜਿਨ੍ਹਾਂ ਦੀ ਸਹਾਇਤਾ ਨਾਲ ਅਸੀਂ ਭਾਰਤ ਦੇ ਸਭਿਆਚਾਰ ਦੇ ਵਿਕਾਸ ਵਿਚ ਜਾਤੀਆਂ ਦੇ ਅੰਤਰਮੇਲ, ਵਖੋ ਵੱਖ ਨਸਲਾਂ ਦੇ ਵਿਚਾਰ, ਆਚਾਰ ਅਤੇ ਸੁਭਾ ਲਭ ਸਕਦੇ ਹਾਂ। ਇਸ ਨਵੀਂ ਖੋਜ ਦੀ ਰੋਸ਼ਨੀ ਵਿਚ ਭਾਰਤੀ ਸੰਸਕ੍ਰਿਤੀ ਦੇ ਵਿਸ਼ਾਲ ਖਿਲਾਰੇ ਅਤੇ ਉਸ ਦੀਆਂ ਗੁੰਝਲਾਂ ਕਿਸੇ ਹੱਦ ਤਕ ਸਪਸ਼ਟ ਹੋ ਚੁਕੀਆਂ ਹਨ। ਉਹਨਾਂ ਨੂੰ ਵਿਸਥਾਰਨਾ ਇਥੇ ਉਚਿਤ ਨਹੀਂ। ਮਹਾਨ ਭਾਰਤੀ ਵਿਦਵਾਨ ਐਸ. ਕੇ. ਚੈਟਰਜੀ ਦੇ ਕਥਨ ਅਨੁਸਾਰ ਆਰੀਆ ਲੋਕਾਂ ਦੇ ਆਉਣ ਤੋਂ ਪਹਿਲਾਂ ਸਿੰਧੂ ਘਾਟੀ ਵਿਚ ਸਥਾਪਤ ਸੰਸਕ੍ਰਿਤੀ ਅਤੇ ਸਥਿਤੀਆਂ ਦੀਆਂ ਨੀਹਾਂ ਉਤੇ ਹੀ ਵਰਤਮਾਨ ਹਿੰਦੂ ਧਰਮ ਅਤੇ ਉਸ ਦੇ ਸਭਿਆਚਾਰ ਦੀ ਉਸਾਰੀ ਹੋਈ ਹੈ। ਉਸ ਦੇ ਕੁਝ ਜ਼ਰੂਰੀ ਪੱਖਾਂ ਨੂੰ ਮੁੱਖ ਰਖਦਿਆਂ ਨਿਸਚੇ ਨਾਲ ਕਿਹਾ ਜਾ ਸਕਦਾ ਹੈ ਕਿ ਭਾਰਤੀ ਨਾਚ ਤੇ ਨਾਟਕ-ਕਲਾਂ ਦੀਆਂ ਪਰੰਪਰਾਵਾਂ ਹੜਪਾ ਸਭਿਅਤਾ ਵਿਚ ਪਰਵਿਰਤ ਸਨ।

ਅਜ ਭਾਰਤ ਤੇ ਪੱਛਮ ਦੇ ਕੁਲ ਇਤਿਹਾਸਕਾਰ ਤੇ ਪੁਰਾ-ਖੋਜੀ ਇਸ ਮਨੌਤ ਦੀ ਪੁਸ਼ਟੀ ਕਰਦੇ ਹਨ ਕਿ ਸਿੰਧੂ ਘਾਟੀ ਦੇ ਪੂਰਵ ਆਰੀਆ ਲੋਕ ਸਭਿਆਚਾਰਕ ਕਿੱਤਿਆਂ ਅਤੇ ਹੁਨਰਾਂ ਵਿਚ ਪੰਜਾਬ ਵਿਚ ਬਾਹਰੋਂ ਆਏ ਆਰੀਆ ਲੋਕਾਂ ਨਾਲੋਂ ਬਹੁਤ ਉੱਨਤ ਸਨ। ਹੜੱਪਾ ਸਭਿਅਤਾ ਦੇ ਵਿਸ਼ੇਸ਼ ਪੱਖਾਂ ਵਿਚੋਂ ਇਕ ਖਾਸ ਤੱਤ ਇਹ ਸੀ ਕਿ ਉਹ ਲੋਕ ਸ਼ਹਿਰੀ ਜੀਵਨ ਦੀਆਂ ਸਹੂਲਤਾਂ ਤੇ ਸੁਖ ਸਾਧਨਾਂ ਤੋਂ ਚੰਗੀ ਤਰ੍ਹਾਂ ਜਾਣੂ ਸਨ ਕਿਉਂਕਿ ਉਹ ਸਭਿਅਤਾ ਨਾਗਰਿਕ ਵਪਾਰਕ ਅਤੇ ਸ਼ਾਂਤ ਮਈ ਢੰਗ ਦੀ ਸੀ। ਅਜਿਹੀ ਸਥਿਤੀ ਤੇ ਵਾਤਾਵਰਣ ਹੀ ਨਾਚ ਤੇ ਨਾਟਕ ਕਲਾ ਦੀ ਪ੍ਰਫੁਲਤਾ ਦੇ ਅਨੁਕੂਲ ਹੁੰਦਾ ਹੈ। ਇਸ ਦੇ ਟਾਕਰੇ ਤੇ ਵੈਦਕ ਸਭਿਅਤਾ ਵਧੇਰੇ ਕਰਕੇ ਚਰਵਾਹਿਆਂ ਟਪਰੀਵਾਸਾਂ ਅਤੇ ਪੇਂਡੂ ਭਾਂਤ ਦੀ ਸੀ। ਆਰ. ਕੇ. ਮੁਕਰਜੀ ਹੇਠਲੇ ਸ਼ਬਦਾਂ ਵਿਚ ਉਪਰਲੇ ਕਥਨ ਦੀ ਪੁਸ਼ਟੀ ਕਰਦੇ ਹਨ ।

"ਸਿੰਧੂ ਘਾਟੀ ਦੀ ਮੂਰਤੀ ਕਲਾ ਉਚ ਦਰਜੇ ਦੀ ਕਾਰੀਗਰੀ ਤੇ ਪੂਰਣਤਾ ਦੀ ਸਾਖੀ ਭਰਦੀ ਹੈ। ਕਾਂਸੀ ਦੀ ਨਾਚੀ ਕੁੜੀ ਦਾ ਲਘੂ ਬੁੱਤ ਸੰਸਾਰ ਭਰ ਦੀ ਪ੍ਰਾਚੀਨ ਕਲਾ ਦੇ ਕਮਾਲ

*S. K. Chatterjee, Foundations of Civilization in India.

**See Chanter "The Baginnings of Civilization on the Sindhu" in the book "A History of India Civilization".

Digitized by Panjab Digital Library | www.panjabdigilib.org

ਦਾ ਇਕ ਅਤ ਚੰਗਾ ਨਮੂਨਾ ਹੈ । ਸੋਨੇ, ਚਾਂਦੀ, ਹਾਥੀ ਦੰਦ , ਤੇ ਬਹੁਮੁੱਲੇ ਪੱਥਰਾਂ ਦੇ ਘੜੇ ਸੁੰਦਰ ਗਹਿਣੇ, ਘਰੇਲੂ ਭਾਂਡੇ, ਬਹੁਰੰਗੀ ਖੁਦਾਈ, ਚਮਕੀਲੀ ਮਿੱਟੀ ਦੇ ਭਾਂਡੇ ਉਨ ਅਤੇ ਸੂਤ ਦੇ ਮਹੀਨ ਬੁਣੇ ਕਪੜੇ, ਬੱਚਿਆਂ ਦੇ ਕਲਾਮਈ ਪੱਕੀ ਮਿੱਟੀ ਦੇ ਖਿਡੌਣੇ ਇਹ ਸਭ ਵਸਤਾਂ ਉਚੇ ਦਰਜੇ ਦੀ ਸੰਸਕ੍ਰਿਤੀ ਦੇ ਵਿਕਾਸ ਦੀ ਅਟੁਕ ਸ਼ਹਾਦਤ ਹਨ। ਇਸ ਤੋਂ ਸਿਧ ਹੁੰਦਾ ਹੈ ਕਿ ਭਾਰਤ ਵਿਚ ਆਰੀਆਂ ਦੀ ਆਮਦ ਤੋਂ ਪਹਿਲਾਂ ਇਥੇ ਇਕ ਕੌਮ ਵਸਦੀ ਸੀ, ਜੋ ਖੁਸ਼ਹਾਲ ਕਲਾਮਈ ਤੇ ਸਭਿਅਕ ਸ਼ਹਿਰੀ ਲੋਕਾਂ ਦੀ ਸੀ, ਜੋ ਲੋਕ ਕਾਮਯਾਬ ਵਪਾਰੀ ਸਨ ਅਤੇ ਜੋ ਜੀਵਨ ਦੇ ਪੂਰਨ ਸੁੱਖ ਮਾਨਣ ਵਾਲੇ ਅਤੇ ਭਰਪੂਰ ਜ਼ਿੰਦਗੀ ਜੀਣ ਵਾਲੇ ਰੰਗੀਲੇ ਪੁਰਸ਼ ਸਨ। ਇਹਨਾਂ ਲੋਕਾਂ ਨੇ ਨੱਚਣ ਵਾਲੇ ਦੇਵਤਾ ਅਤੇ ਬਹੁ ਸ਼ਕਲੀ ਦੇਵੀ ਮਾਤਾ ਦੀਆਂ ਰਵਾਇਤਾਂ ਸਥਾਪਤ ਕੀਤੀਆਂ। ਇਹਨਾਂ ਨੇ ਹੀ ਚੰਗੇ ਭਲੇ ਦਾ ਮਨ ਭਰਮਾਉਣ ਵਾਲੀ ਇਕ ਅਲਫ਼ ਨੰਗੀ ਨਾਚੀ ਦਾ ਬੁੱਤ ਘੜਿਆ। ਇਹਨਾਂ ਵਸਨੀਕਾਂ ਪਾਸ ਲੋਕ ਕਾਵਿ ਦੀਆਂ ਅਮੀਰ ਰਵਾਇਤਾਂ ਵੀ ਸਨ। ਬ੍ਰਾਹਮਣੀ ਪਰਣਾਲੀ ਦੇ ਵਿਪਰੀਤ ਇਹ ਲੋਕ ਸਮਾਜ ਵਿਚ ਮਾਤਰੀ ਰਾਜ ਦੇ ਵਿਸ਼ਵਾਸੀ ਸਨ। ਇਸ ਬਿਰਤਾਂਤ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਅਜੇਹੀ ਅਨੁਕੂਲ ਸਭਿਅਕ ਸਥਿਤੀ ਵਿਚ ਨਾਚ, ਰਾਗ ਤੇ ਹੋਰ ਮਨ ਪਰਚਾਵੇ ਦੇ ਸ਼ੁਗਲਾਂ ਵਿਚੋਂ ਨਾਟਕ ਕਲਾ ਦੀ ਪਹਿਲੀ ਕਰੂੰਬਲ ਫੁੱਟੀ ਹੋਵੇਗੀ।

ਇਸ ਮਨੌਤ ਦੀ ਠੋਸ ਪੁਸ਼ਟੀ ਇਸ ਤਥ ਤੋਂ ਹੁੰਦੀ ਹੈ ਕਿ ਹਿੰਦੂ ਧਰਮ ਦੇ ਸਭ ਤੋਂ ਪ੍ਰੀਯ ਦੇਵਤੇ ਸ਼ਿਵ ਜੀ ਮਹਾਰਾਜ, ਭਰਤ ਮੁਨੀ ਦੇ ਨਾਟ ਸ਼ਾਸਤਰ ਦੀ ਪੁਰਾਣਿਕ ਕਥਾ ਅਨੁਸਾਰ ਨਾਟਕ ਦੀ ਉਪਜ ਵਿਚ ਸਭ ਤੋਂ ਮਹੱਤਵ ਪੂਰਨ ਪਾਰਟ ਅਦਾ ਕਰਦਾ ਹੈ। ਵੈਦਕ ਕਾਲ ਦੇ ਇਸ ਦੇਵਤਾ ਨਾਲ ਸਬੰਧਤ ਲਗ ਭਗ ਸਭ ਚਿੰਨ੍ਹ ਖੁਦਾਈ ਵਿਚੋਂ ਲੱਭੀਆਂ ਟੀਕਰ-ਮੋਹਰਾਂ ਉਤੇ ਉਕਰੀਆਂ ਮੂਰਤੀਆਂ ਤੋਂ ਸਿਧ ਹੋ ਚੁਕੇ ਹਨ। ਵਿਸ਼ਨੂੰ ਦੇਵ ਦਾ ਵੀ ਨਾਟਕ ਦੇ ਅਰੰਭ ਨਾਲ ਡੂੰਘਾ ਸਬੰਧ ਹੈ। ਇਸ ਦੇਵ ਦਾ ਪੜਾਮਾ ਵੀ ਸਿੰਧੂ ਘਾਟੀ ਵਿਚ ਦਿਸ ਆਉਂਦਾ ਹੈ। ਵਿਸ਼ਨੂੰ ਦੇਵ ਦਾ ਅਰਚਾ ਪੂਜਾ ਨਾਲ ਸਬੰਧਤ ਲੱਛਣ ਉਸ ਨੂੰ ਪੂਰਵ ਆਰੀਆ ਕਾਲ ਨਾਲ ਜੋੜ ਦਿੰਦਾ ਹੈ। ਪੂਜਾ ਤੇ ਸੰਸਕਾਰ ਸਿੰਧੂ ਘਾਟੀ ਦੇ ਲੋਕਾਂ ਤੋਂ ਵੈਦਕ ਕਾਲ ਵਿੱਚ ਪੁੱਜੇ ਮੰਨੇ ਜਾਂਦੇ ਹਨ। ਨਾਟਕ ਮੰਡਪ ਨਾਲ ਸਬੰਧਤ ਕਈ ਰਹੁ ਰੀਤਾਂ ਨਾਟ ਸ਼ਾਸਤਰ ਵਿਚ ਦਰਜ ਹਨ। ਰੰਗ ਮੰਚ ਦੇ ਦੇਵਤਾ ਨੂੰ ਰਿਝਾਉਣ ਲਈ (ਨਾਟ ਸ਼ਾਸਤਰ ਵਿੱਚ ਵਿਸਥਾਰ ਨਾਲ ਦਿੱਤੀ ਗਈ ਹੈ) ਪੂਜਾ ਪਾਠ ਦਾ ਅਜ ਤਕ ਪ੍ਰਚੱਲਤ ਰਿਵਾਜ ਨਾਟਕ ਦੇ ਪੂਰਵ ਆਰੀਆ ਆਰੰਭ ਦੇ ਹੱਕ ਵਿਚ ਇਕ ਹੋਰ ਸਬੂਤ ਹੈ।

## ਸੰਸਕ੍ਰਿਤ ਨਾਟਕ ਦਾ ਪਿਤਾ ਪੜਾਮਾ

ਉਪਰਲੀ ਸ਼ਹਾਦਤ ਤੋਂ ਸਹਿਜੇ ਹੀ ਇਹ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਿੰਧੂ ਘਾਟੀ ਦਾ ਨਾਟਕ ਸੰਸਕ੍ਰਿਤ ਡਰਾਮੇ ਦਾ ਪਿਤਾ ਪਿਤਾਮਾ ਹੈ! ਪ੍ਰਸ਼ਨ ਪੈਦਾ ਹੁੰਦਾ ਹੈ ਕਿ ਉਸ ਕਾਲ ਦੇ ਨਾਟਕ ਦੀਆਂ ਪਰੰਪਰਾਵਾਂ ਸਾਡੇ ਤਕ ਕਿਉਂ ਨਹੀਂ ਪੁੱਜੀਆਂ। ਇਸ ਦਾ ਉੱਤਰ ਇਹ ਹੈ ਕਿ ਇਤਿਹਾਸਕ ਕਾਲ ਦੀਆਂ ਬਹੁਤ ਸਾਰੀਆਂ ਵਡ-ਮੁਲੀਆਂ ਵਸਤਾਂ, ਅਨ-ਗਿਣਤ ਸਾਹਿਤਕ ਪਰੰਪਰਾਵਾਂ ਤੇ ਹੱਥ ਲਿਖਤਾਂ ਵੀ ਸਾਡੇ ਤਕ ਨਹੀਂ ਪੁਜੀਆਂ। ਇਥੋਂ ਤਕ ਕਿ ਸਤਾਰਵੀਂ ਸਦੀ ਵਿਚ ਲਿਖੀਆਂ ਗੁਰੂ ਗੋਬਿੰਦ ਸਿੰਘ ਦੀਆਂ ਸੰਪੂਰਨ ਪ੍ਰਮਾਣਿਤ ਸਾਹਿਤਕ ਰਚਨਾਵਾਂ ਵੀ ਸਾਡੇ ਤਕ

Digitized by Panjab Digital Library | www.panjabdigilib.org

ਨਹੀਂ ਪੁੱਜੀਆਂ। ਪ੍ਰਾਚੀਨ ਕਾਲ ਦੀਆਂ ਨਾਟਕ ਪਰੰਪਰਾਵਾਂ ਦੇ ਪ੍ਰਾਪਤ ਨਾ ਹੋਣ ਦੇ ਕਈ ਕਾਰਨ ਹਨ।

1. ਸੰਭਵ ਹੈ ਕਿ ਪੂਰਵ ਆਰੀਆ ਨਾਟਕ ਪਰੰਪਰਾਵਾਂ ਸਾਡੀਆਂ ਵਰਤਮਾਨ ਨਕਲਾਂ ਤੇ ਹੋਰ ਲੋਕ ਨਾਟਕ ਰੂਪਾਂ ਵਾਂਗ ਮੂੰਹ ਜ਼ਬਾਨੀ ਪ੍ਰਚਲਤ ਹੋਣ। ਅਜ ਵੀ ਭੰਡਾਂ ਦੀਆਂ ਨਕਲਾਂ ਰੀਸਾਂ ਅਨਲਿਖਤੀ ਹਨ। ਪ੍ਰਸਿਧ ਵਿਦਵਾਨ ਮਨਮੋਹਨ ਘੋਸ਼ ਨਾਟ ਸ਼ਾਸ਼ਤਰ ਦੀ ਭੂਮਕਾ ਵਿਚ ਇਸ ਪਰਪਾਟੀ ਦੀ ਪ੍ਰੋੜਤਾ ਕਰਦਾ ਹੋਇਆ ਲਿਖਦਾ ਹੈ—"ਭਾਵੇਂ ਇਤਿਹਾਸਕ ਕਾਲ ਵਿਚ ਅਸੀਂ ਲਿਖਤੀ ਡਰਾਮੇ ਰੰਗ ਮੰਚ ਉਤੇ ਪੇਸ਼ ਕਰਦੇ ਹਾਂ, ਪਰ ਪਹਿਲੇ ਸਮਿਆਂ ਵਿਚ ਇਸ ਤਰ੍ਹਾਂ ਨਹੀਂ ਸੀ। ਵਾਰਤਾਲਾਪ, ਜੋ ਨਾਟਕ ਦਾ ਬਹੁਤ ਜ਼ਰੂਰੀ ਤੇ ਬੁਨਿਆਦੀ ਤਤ ਹੈ, ਅਦਾਕਾਰ ਮੂੰਹ ਜ਼ਬਾਨੀ ਯਾਦ ਰਖਦੇ ਸਨ। ਇਹੋ ਪਰੰਪਰਾ ਸਾਡੇ ਲੋਕ ਨਾਟਕਾਂ ਵਿਚ ਅਜ ਤਕ ਪ੍ਰਚੱਲਤ ਹੈ।"

ਦੂਜਾ ਵੱਡਾ ਕਾਰਨ ਇਹ ਹੈ ਕਿ ਪੰਜਾਬ ਸਰਹੱਦੀ ਸੂਬਾ ਹੋਣ ਕਰਕੇ ਹਮਲਾਆਵਰਾਂ ਦਾ ਪਹਿਲਾ ਪੜਾਅ ਰਿਹਾ ਹੈ। ਗੜਬੜ ਦੇ ਸਮੇਂ ਹੱਥ ਲਿਖਤਾਂ ਤੇ ਸਾਹਿਤਕ ਵਸਤਾਂ ਦੀ ਸੰਭਾਲ ਹੋਣੀ ਮੁਸ਼ਕਲ ਹੁੰਦੀ ਹੈ। ਖਬਰੇ ਕਿੰਨੀਆਂ ਵਡ-ਮੁੱਲੀਆਂ ਲਿਖਤਾਂ ਅੱਗ ਦੀ ਭੇਟ ਹੋਈਆਂ ਹੋਣਗੀਆਂ। ਅਜੇ ਅਠਾਰ੍ਹਵੀਂ ਸਦੀ ਦੀ ਗੱਲ ਹੈ ਸੂਬੇਦਾਰ ਯਾਹਯਾ ਖ਼ਾਨ ਨੇ ਸਿੱਖਾਂ ਦਾ ਖੁਰਾ ਖੋਜ ਮਿਟਾਣ ਲਈ ਜੋ ਹੁਕਮ ਜਾਰੀ ਕੀਤੇ ਸਨ ਉਹਨਾਂ ਵਿਚ ਇਕ ਇਹ ਵੀ ਸੀ :

> ਜਿਥੇ ਕਿਤੇ ਕੋਈ ਗੁਰਮੁਖੀ ਵਿਚ ਲਿਖੀ ਪੁਸਤਕ ਜਾਂ ਪੱਤਰਾ ਮਿਲੇ ਉਹ ਫੂਕ ਦਿਤਾ ਜਾਵੇ ਜਾਂ ਖੂਹ, ਤਾਲਾਬ ਵਿਚ ਸੁੱਟ ਦਿਤਾ ਜਾਵੇ।

ਇਸ ਤੋਂ ਬਿਨਾਂ ਸਿਕੰਦਰ ਦੇ ਹੱਲੇ ਤੋਂ ਲੈ ਕੇ ਮੁਹੰਮਦ ਗੌਰੀ ਦੇ ਹੱਲਿਆਂ ਤਕ ਹਜ਼ਾਰਾਂ ਨਚਾਰ, ਗੱਵਈਏ ਤੇ ਅਦਾਕਾਰ ਪੰਜਾਬ ਤੋਂ ਬਾਹਰ ਕੱਢੇ ਗਏ ਜਾਂ ਜਾਣ ਲਈ ਮਜਬੂਰ ਕੀਤੇ ਗਏ। ਫ਼ਿਰਦੌਸੀ ਆਪਣੇ ਸ਼ਾਹਨਾਮੇ ਵਿਚ ਲਿਖਦਾ ਹੈ ਕਿ ਈਰਾਨੀ ਬਾਦਸ਼ਾਹ ਬਹਿਰਾਮ ਗੁਰ ਨੇ ਇਕ ਦਫਾ ਉਤਰੀ ਹਿੰਦ ਦੇ ਇਕ ਰਾਜੇ ਨੂੰ ਕੌਮੀ ਤਿਉਹਾਰ ਵਾਸਤੇ ਵੀਹ ਹਜ਼ਾਰ ਗਵੱਈਏ ਭੇਜਣ ਲਈ ਕਿਹਾ। ਉਹਨਾਂ ਦੇ ਗੌਣ ਦਾ ਕਮਾਲ ਦੇਖਕੇ ਬਾਦਸ਼ਾਹ ਐਨਾ ਖੁਸ਼ ਹੋਇਆ ਕਿ ਉਸਨੇ ਉਹਨਾਂ ਨੂੰ ਉਥੇ ਹੀ ਅਬਾਦ ਹੋਣ ਲਈ ਕਿਹਾ। ਉਹਨਾਂ ਨੂੰ ਜ਼ਮੀਨਾਂ, ਬੌਲਦ ਅਤੇ ਦਾਣੇ ਆਦਿ ਦਿਤੇ। ਪਰ ਉਹ ਮਿਰਾਸੀ ਲੋਕ ਬਿਨਾਂ ਹੱਥ ਪੈਰ ਹਿਲਾਏ ਸਭ ਕੁਝ ਚਟਮ ਕਰ ਗਏ। ਬਾਦਸ਼ਾਹ ਨੇ ਗੁੱਸੇ ਵਿਚ ਆ ਕੇ ਉਹਨਾਂ ਨੂੰ ਮੁਲਕ ਵਿਚੋਂ ਕੱਢ ਦਿਤਾ। ਉਸ ਪਿਛੋਂ ਉਹ ਗਵਈਏ ਮਿਸਰ ਤੇ ਈਰਾਕ ਰਸਤੇ ਯੂਰਪ ਵਲ ਨੂੰ ਚਲੇ ਗਏ (ਜਿਪ ਸੀਜ਼---ਰਚਿਤ ਚਮਨ ਲਾਲ ਸਫਾ 6)।

ਮਿਲਦੀਆਂ ਸ਼ਹਾਦਤਾਂ ਦੇ ਆਧਾਰ ਤੇ ਇਕ ਗੱਲ ਅਸੀਂ ਇਥੇ ਬੇਝਿਜਕ ਕਹਿ ਸਕਦੇ ਹਾਂ ਕਿ ਹੜੱਪਾ ਸਭਿਅਤਾ ਦੀ ਲੱਭਤ ਨੇ ਸੰਸਕ੍ਰਿਤ ਨਾਟਕ ਦੇ ਜਨਮ ਬਾਰੇ ਸਭ ਕਿਆਸ ਤੇ ਸਿਧਾਂਤ ਗ਼ਲਤ ਕਰਕੇ ਰਖ ਦਿੱਤੇ ਹਨ।

## ਨਾਟਕ ਦੀ ਹੋਂਦ ਬਾਰੇ ਠੋਸ ਸਬੂਤ

ਉਪਰਲੀ ਵਿਚਾਰ ਤੋਂ ਇਹ ਮਨੌਤ ਸੰਭਵ ਜਾਪਦੀ ਹੈ ਕਿ ਪੂਰਵ ਆਰੀਆ ਕਾਲ ਦੇ ਪੰਜਾਬ ਵਿਚ ਨਾਟਕ ਦੀਆਂ ਕਿਸੇ ਨਾ ਕਿਸੇ ਰੂਪ ਵਿਚ ਪਰੰਪਰਾਵਾਂ ਪ੍ਰਚਲਤ ਸਨ। ਭਾਵੇਂ ਇਸ

Digitized by Panjab Digital Library | www.panjabdigilib.org

ਕਥਨ ਨੂੰ ਠੋਸ ਸਬੂਤਾਂ ਦੁਆਰਾ ਝੱਟ ਪੱਟ ਸਾਬਤ ਕਰਨਾ ਬਹੁਤ ਸੌਖਾ ਨਹੀਂ । ਵੱਡੀ ਔਕੜ ਇਸ ਖੋਜ ਦੇ ਰਾਹ ਵਿਚ ਇਹ ਹੈ ਕਿ ਸਿੰਧੂ ਘਾਟੀ ਦੀ ਸੰਸਕ੍ਰਿਤੀ ਬਾਰੇ ਨਾ ਸਾਡੇ ਤਕ ਕੋਈ ਪਰੰਪਰਾ ਪੁੱਜੀ ਹੈ ਅਤੇ ਨਾ ਹੀ ਲਿਖਤੀ ਸਾਹਿਤ ਠੀਕਰ-ਮੋਹਰਾਂ ਤੇ ਮੂਰਤੀਆਂ ਉਤੇ ਉਕਰੀ ਲਿਪੀ ਅਜੇ ਤੱਕ ਪੜ੍ਹੀ ਨਹੀਂ ਜਾ ਸਕੀ । ਪਰ ਸੁਭਾਗ ਨਾਲ ਸਾਡੇ ਪਾਸ ਪੁਰਾ-ਖੋਜਵਾਂ (archaeological) ਮਸਾਲਾ ਮੌਜੂਦ ਹੈ ਜਿਹੜਾ ਲਿਖਤੀ ਸ਼ਹਾਦਤਾਂ ਨਾਲੋਂ ਕਿਸੇ ਤਰ੍ਹਾਂ ਘੱਟ ਮਹੱਤਤਾ ਨਹੀਂ ਰਖਦਾ । ਆਧੁਨਿਕ ਕਾਲ ਦੇ ਨਵੇਂ ਵਿਗਿਆਨ ਦੀ ਸਹਾਇਤਾ ਨਾਲ ਕਈ ਲੁਕੀਆਂ ਤੇ ਗੁਝੀਆਂ ਤਥਾਂ ਸਪਸ਼ਟ ਹੋ ਰਹੀਆਂ ਹਨ । ਫੇਰ ਵੀ ਕਦੇ ਨਾ ਪੂਰੇ ਹੋਣ ਵਾਲੇ ਸਾਹਿਤਕ ਆਪੇ ਤੇ ਘਾਟੇ ਅਤੇ ਪ੍ਰਮਾਣੀਕ ਉਲੇਖਾਂ ਦੀ ਅਣਹੋਂਦ ਦੇ ਹੁੰਦੇ ਹੋਏ ਸਾਡੇ ਪਾਸ ਕੁਝ ਠੋਸ ਅਤੇ ਪੱਕੀਆਂ ਸ਼ਹਾਦਤਾਂ ਹਨ ਜਿਨ੍ਹਾਂ ਤੋਂ ਪ੍ਰਗਟ ਹੁੰਦਾ ਹੈ ਕਿ ਭਾਰਤ ਵਿਚ ਆਦਿ ਕਾਲ ਤੋਂ ਨਾਚ ਤੇ ਗਾਣ ਦੇ ਹੁਨਰ ਲਗਾਤਾਰ ਤੁਰੇ ਆ ਰਹੇ ਹਨ । ਹੜੱਪਾ ਤੇ ਮਹਿੰਜੋਦਾਰੋ ਦੀ ਖੁਦਾਈ ਤੋਂ ਪ੍ਰਾਪਤ ਬੁਤਾਂ ਤੇ ਮੂਰਤਾਂ ਤੋਂ ਸਿਧ ਹੈ ਕਿ ਅੱਜ ਤੋਂ ਪੰਜ ਹਜ਼ਾਰ ਸਾਲ ਪਹਿਲਾਂ ਪੰਜਾਬ ਦੀ ਇਸ ਇਤਿਹਾਸਕ ਧਰਤੀ ਤ ਰੀਤੀ ਢੰਗ ਦੇ ਨਾਚ ਪ੍ਰਚਲਤ ਸਨ ।

## ਹੜੱਪਾ ਵਿਚ ਨਾਚ ਗਾਣੇ ਦੀ ਸ਼ਹਾਦਤ

ਇਹ ਮੰਨੀ ਪਰਮੰਨੀ ਸਚਾਈ ਹੈ ਕਿ ਨ੍ਰਿਤ ਨਾਟਕ ਅਤੇ ਧਰਮ ਨੂੰ ਜਨਮ ਦੇਣ ਵਾਲੀ ਕਲਾ ਹੈ । ਨਾਟਕ ਦੇ ਵਿਕਾਸ ਦੇ ਮੁਢਲੇ ਪੜਾਅ ਸ਼ਾਇਦ ਉਲੀਕਣੇ ਅਜ ਮੁਸ਼ਕਲ ਹੋਣ ਪਰ ਇਕ ਗੱਲ ਬਹੁਤ ਹੱਦ ਤਕ ਨਿਸਚਿਤ ਹੈ ਕਿ ਨਾਟਕ ਦਾ ਮੁੱਢ ਸਾਡੇ ਪਿਤਾ ਪਿਤਾਮਿਆਂ ਦੇ ਨਾਚਾਂ ਨਾਲ ਪੂਰੀ ਤਰ੍ਹਾਂ ਸਬੰਧਤ ਹੈ । ਨਾਚ ਹੀ ਭਾਵਾਂ ਦੇ ਵਿਕਾਸ ਦਾ ਸਭ ਤੋਂ ਮੁੱਢਲਾ ਸਾਧਨ ਸੀ।

ਡਾਕਟਰ ਮੁਲਖ ਰਾਜ ਅਨੰਦ ਆਪਣੀ ਪੁਸਤਕ "ਇੰਡੀਅਨ ਥੇਟਰ" ਸਫ਼ਾ 16 ਉੱਤੇ ਉਪਰਲੇ ਕਥਨ ਦੀ ਪੁਸ਼ਟੀ ਹੇਠਲੇ ਸ਼ਬਦਾਂ ਵਿਚ ਕਰਦਾ ਹੈ :—

"ਅਸੀਂ ਪੂਰੀ ਤਰ੍ਹਾਂ ਨਹੀਂ ਜਾਣਦੇ ਕਿ ਮਨੁੱਖ ਦੇ ਉੱਨਤੀ ਦੇ ਕਿਸ ਵਿਕਾਸ ਪੜਾਅ ਉੱਤੇ ਨਾਟਕੀ ਬ੍ਰਿਤੀ ਸਚੇਤ ਨਾਟਕ ਦੇ ਰੂਪ ਵਿਚ ਪ੍ਰਗਟ ਹੋਈ । ਪਰ ਇਹ ਗੱਲ ਬਹੁਤ ਹੱਦੋ ਤਕ ਨਿਸਚਿਤ ਹੈ ਕਿ ਇਕ ਬੜਾ ਜ਼ਰੂਰੀ ਕਦਮ ਸਭਿਅਕ ਉੱਨਤੀ ਵਲ ਚੁਕਿਆ ਗਿਆ ਹੋਵੇਗਾ ਜਦੋਂ ਸਾਡੇ ਆਦਿ ਬਜ਼ੁਰਗ ਕੱਲੇ ਜਾਂ ਇਕੱਠੇ ਹੋ ਕੇ ਨੱਚਣ ਲੱਗੇ ਹੋਣਗੇ, ਆਪਣੀਆਂ ਚੀਕਾਂ, ਪੁਕਾਰਾਂ, ਤਾੜੀਆਂ ਦੇ ਤਾਲ ਤੇ, ਕਿਉਂਕਿ ਉਹ ਲੋਕੀਂ ਅੱਜੇ ਤੱਕ ਬੋਲ ਜਾਂ ਗਾ ਨਹੀਂ ਸਨ ਸਕਦੇ ।"

ਹੜੱਪਾ ਤੇ ਮਹਿੰਜੋਦਾਰੋ ਦੀ ਖੁਦਾਈ ਤੋਂ ਲਭੀਆਂ ਨੱਚਣ ਦੀਆਂ ਮੂਰਤਾਂ ਤੋਂ ਇਹ ਸਪਸ਼ਟ ਹੈ ਕਿ ਉਸ ਕਾਲ ਵਿਚ ਲੋਕਾਂ ਨੇ ਨ੍ਰਿਤ ਕਲਾ ਵਿਚ ਕਾਫੀ ਪਰਪੱਕਤਾ ਪਰਾਪਤ ਕੀਤੀ ਹੋਈ ਸੀ ।

## ਨ੍ਰਿਤਕਾਰ ਦੀ ਇਕ ਅਤਿ ਦਿਲਚਸਪ ਲੱਭਤ

ਹੜੱਪਾ ਦੇ ਸਥਾਨ ਤੇ ਹੋਈ ਖੁਦਾਈ ਤੋਂ ਸਭ ਤੋਂ ਦਿਲਚਸਪ ਲੱਭਤ ਇਕ ਨਚਾਰ ਦਾ ਅਸਚਰਜ ਧੜ (ਸਿਰ ਤੇ ਹੋਰ ਅੰਗਾਂ ਤੋਂ ਬਿਨਾਂ) ਮਿਲਿਆ ਹੈ ਜੋ ਭੂਰੇ ਜਹੇ ਪੱਥਰ ਦਾ ਬਣਿਆ ਹੋਇਆ ਹੈ । ਇਸ ਲਘੂ ਬੁੱਤ ਦੀ ਉਚਿਆਈ 3 ਫੁੱਟ 9 ਇੰਚ ਹੈ । ਉਸ ਦਾ ਸਿਰ, ਲੱਤਾਂ

Digitized by Panjab Digital Library | www.panjabdigilib.org

ਗੋਡੇ ਟੁੱਟੇ ਹੋਏ ਹਨ। ਇਸ ਦੇ ਖਲੋਣ ਦੇ ਰੌ ਰੁੱਖ ਤੋਂ ਪਤਾ ਲਗਦਾ ਹੈ ਕਿ ਚੁਕਿਆ ਹੋਇਆ ਇਕ ਪੈਰ ਧਰਤੀ ਤੇ ਨਹੀਂ ਲਗਦਾ, ਸਗੋਂ ਨੱਚਣ ਦੀ ਹਾਲਤ ਵਿੱਚ ਉੱਚਾ ਚੁਕਿਆ ਹੋਇਆ ਹੈ। ਸਰ ਜੌਨ ਮਾਰਸ਼ਲ ਨੇ ਇਸ ਨੂੰ ਬੜਾ ਸੁੰਦਰ ਕਲਪਤ ਰੂਪ ਦਿੱਤਾ ਹੈ। ਬੁੱਤ ਨੂੰ ਧਿਆਨ ਨਾਲ ਦੇਖਿਆਂ ਪਤਾ ਲਗਦਾ ਹੈ ਕਿ ਸੱਜਾ ਪੈਰ ਧਰਤੀ ਉਤੇ ਲੱਗਾ ਹੋਇਆ ਹੈ। ਦੋਵੇਂ ਬਾਹਾਂ ਖੱਬੇ ਪਾਸੇ ਨੂੰ ਬੜੀ ਅਦਾ ਨਾਲ ਲਟਕਦੀਆਂ ਹਨ। ਬਾਹਾਂ ਅਤੇ ਅਸਾਧਾਰਨ ਵੱਡਾ ਸਿਰ ਪਿੱਛੋਂ ਜੋੜਿਆ ਗਿਆ ਜਾਪਦਾ ਹੈ। ਸਰ ਜੌਨ ਮਾਰਸ਼ਲ ਲਿਖਦਾ ਹੈ* :—

"ਭਾਵੇਂ ਇਸ ਬੁੱਤ ਦੀਆਂ ਅਕਾਰ ਰੇਖਾਵਾਂ ਬੜੀਆਂ ਕੋਮਲ ਤੇ ਜ਼ਨਾਨਾ ਜਾਪਦੀਆਂ ਹਨ, ਪਰ ਕੁੱਝ ਚਿੰਨ੍ਹਾਂ ਤੋਂ ਬੁੱਤ ਮਰਦਾਨਾ ਲਗਦਾ ਹੈ। ਇਸ ਦੇ ਨੱਚਣ ਦੀ ਅਦਾ ਤੋਂ ਮੇਰਾ ਅਨੁਮਾਨ ਹੈ ਕਿ ਇਹ ਨੱਟਰਾਜ ਸ਼ਿਵਜੀ ਦੇ ਨੌਜੁਆਨੀ ਦੇ ਬੁੱਤ ਦਾ ਨਮੂਨਾ ਹੈ। ਜੋ ਕੁੱਝ ਵੀ ਵੀ ਹੈ ਇਸ ਧੜ ਦੀ ਬੁੱਤਕਾਰੀ ਦੇ ਕਮਾਲ ਦੀ ਮਸਾਲ ਭਾਰਤੀ ਬੁੱਤਕਾਰੀ ਦੇ ਇਤਿਹਾਸਕ ਸਮੇਂ ਵਿਚੋਂ ਵੀ ਮਿਲਣੀ ਮੁਸ਼ਕਲ ਹੈ।"

ਹੇਨਰਿਚ ਜ਼ਿਬਰ ਵੀ ਇਸ ਰਾਏ ਦੀ ਪਰੋੜ੍ਹਤਾ ਇਨ੍ਹਾਂ ਸ਼ਬਦਾਂ ਵਿਚ ਕਰਦਾ ਹੈ* :—

"ਇਸ ਮਹੱਤਵ ਪੂਰਨ ਧੜ ਤੋਂ ਸ਼ਿਵ ਜੀ ਨਟਰਾਜ ਦਾ ਜ਼ੋਰਦਾਰ ਸੁਝਾ ਮਿਲਦਾ ਹੈ। ਸਾਡੇ ਇਸ ਵਿਸ਼ਵਾਸ ਨੂੰ ਪੱਕਾ ਕਰਨ ਲਈ ਠੋਸ ਸ਼ਹਾਦਤ ਇਹ ਹੈ ਕਿ ਇਹ ਅਤੀ ਪ੍ਰਾਚੀਨ ਬੁਤ ਵਰਤਮਾਨ ਨਟਰਾਜ ਦੇ ਨਮੂਨੇ ਨਾਲੋਂ ਬਹੁਤਾ ਭਿੰਨ ਨਹੀਂ। ਇਸ ਤੋਂ ਸੰਭਾਵਨਾ ਪੈਦਾ ਹੁੰਦੀ ਹੈ ਕਿ ਸਾਡੇ ਪਾਸ ਚਾਰ ਹਜ਼ਾਰ ਸਾਲਾਂ ਤੋਂ ਉੱਤੇ ਦੀ ਨ੍ਰਿਤਕਲਾ ਦੀ ਰਵਾਇਤ ਦਾ ਇਕ ਬਹੁ-ਮੁੱਲਾ ਚਿੰਨ੍ਹ ਪ੍ਰਾਪਤ ਹੈ।

ਅਨੰਦ ਕੁਮਾਰ ਸਵਾਮੀ ਦਾ ਸੁਝਾ ਵੀ ਵਰਣਨ ਯੋਗ ਹੈ। ਸ਼ਿਵ ਜੀ ਦਾ ਦੂਜਾ ਪ੍ਰਸਿੱਧ ਨਾਚ ਤਾਂਡਵ ਅਖਵਾਉਂਦਾ ਹੈ ਅਤੇ ਇਹ ਉਸਦੇ ਭੈਰਵੀ ਜਾਂ ਵੀਰ ਭਦਰਾ ਦੇ ਤਮਾਸ਼ਮਈ ਪੱਖ ਨਾਲ ਸਬੰਧਤ ਹੈ। ਇਹ ਸ਼ਮਸ਼ਾਨ ਭੂਮੀ ਵਿਚ ਨਚਿਆ ਜਾਂਦਾ ਹੈ। ਇਸ ਨ੍ਰਿਤ ਦੇ ਨਮੂਨੇ ਅਲੌਰਾ, ਐਲੀਫੈਂਟਾ ਤੇ ਭੁਵਨੇਸ਼ਵਰ ਦੇ ਪ੍ਰਾਚੀਨ ਬੁੱਤਾਂ ਵਿਚੋਂ ਆਮ ਮਿਲਦੇ ਹਨ। ਇਸ ਤਾਂਡਵ ਨ੍ਰਿਤ ਦਾ ਨਿਕਾਸ ਪੂਰਬ ਆਰੀਆ ਦੇਵਤੇ ਤੋਂ ਸਪਸ਼ਟ ਹੈ।

ਦੱਖਣੀ ਭਾਰਤ ਵਿੱਚ ਨਟਰਾਜ ਦੇ ਕਾਂਸੀ ਦੇ ਬਣੇ ਹੋਏ ਸੁੰਦਰ ਬੁੱਤ ਮਿਲਦੇ ਹਨ ਜੋ ਹੜੱਪਾ ਦੇ ਬੁੱਤ ਨਾਲ ਕਾਫੀ ਮੇਲ ਖਾਂਦੇ ਹਨ। ਉਨ੍ਹਾਂ ਵਿਚੋਂ ਸਭ ਤੋਂ ਉਘਾ ਕਾਂਸੀ ਦਾ ਬੁੱਤ ਮਦਰਾਸ ਦੇ ਅਜਾਇਬ ਘਰ ਵਿਚ ਸੰਭਾਲਿਆ ਹੋਇਆ ਹੈ।

ਇਕ ਨ੍ਰਿਤਕਾਰ ਕੁੜੀ ਦਾ ਬੁੱਤ ਰਾਇ ਬਹਾਦਰ ਦਿਆ ਰਾਮ ਸਾਹਨੀ ਨੇ ਮਹਿੰਜੋਦਾਰੋ ਤੋਂ ਲੱਭਾ ਸੀ। ਇਹ ਬੁੱਤ ਕਾਂਸੀ ਦਾ ਬਣਿਆ ਹੋਇਆ ਹੈ ਅਤੇ ਇਕ ਅਸਚਰਜ ਯਾਦਗਾਰ ਹੈ। ਨੱਚਣ ਵਾਲੀ ਕੁੜੀ ਸ਼ਕਲ ਸੂਰਤ ਤੋਂ ਆਦਿ ਵਾਸੀ ਜਾਤੀ ਨਾਲ ਸਬੰਧ ਰਖਦੀ ਜਾਪਦੀ ਹੈ ਅਤੇ ਪੂਰਬ ਆਰੀਆ ਕਾਲ ਦੀ ਇਕ ਪ੍ਰਤੀਨਿਧ ਕਲਾਕ੍ਰਿਤ ਹੈ। ਪ੍ਰਾਚੀਨ ਭਾਰਤ ਵਿਚ ਬਹੁਤ

---

*Mohenjodaro and Indees Civilization Vol. 1. p. 46.

*Myths and Symbols in Indian Art and Civilization, p. 169.

Digitized by Panjab Digital Library | www.panjabdigilib.org

ਸਾਰੇ ਮੰਦਰਾਂ ਵਿੱਚ ਨੱਚਣ ਵਾਲੀਆਂ ਲੜਕੀਆਂ ਹੁੰਦੀਆਂ ਸਨ, ਜਿਨ੍ਹਾਂ ਨੂੰ ਦੇਵ ਦਾਸੀਆਂ ਕਹਿੰਦੇ ਸਨ। ਸਮਾਜ ਵਿਚ ਇਨ੍ਹਾਂ ਨਾਚੀਆਂ ਦਾ ਕਾਫੀ ਸਨਮਾਨ ਹੁੰਦਾ ਸੀ, ਕਿਉਂਕਿ ਜਾਂ ਤਾਂ ਉਹ ਮੰਦਰ ਦੇ ਦੇਵਤਾ ਨਾਲ ਪ੍ਰਨਾਈਆਂ ਗਈਆਂ ਹੁੰਦੀਆਂ ਸਨ ਜਾਂ ਕਿਸੇ ਨਾ ਕਿਸੇ ਦੇਵੀ ਦੀਆਂ ਦਾਸੀਆਂ। ਦੇਵ ਦਾਸੀਆਂ ਦੀ ਇਹ ਸੰਸਥਾ ਦੱਖਣੀ ਭਾਰਤ ਵਿੱਚ ਵਰਤਮਾਨ ਯੁੱਗ ਤਕ ਸਥਾਪਤ ਰਹੀ ਹੈ। ਇਹ ਕਲਪਨਾ ਕਰਨੀ ਬੜੀ ਰੌਚਕ ਤੇ ਹੁਲਾਸ ਮਈ ਹੈ ਕਿ ਕਾਂਸੀ ਦਾ ਇਹ ਲਘੂ ਬੁੱਤ ਸ਼ਾਇਦ ਹੜੱਪਾ ਮੋਹਿਜੋਦਾਰੋ ਦੇ ਕਿਸੇ ਮੰਦਰ ਦੇ ਰਾਜ ਪ੍ਰੋਹਤ ਦੀ ਹੀ ਦਾਸੀ ਦਾ ਨਮੂਨਾ ਹੋਵੇ।

ਇਤਿਹਾਸ ਗਵਾਹ ਹੈ ਕਿ ਪ੍ਰਾਚੀਨ ਭਾਰਤ ਵਿੱਚ ਨਾਚ ਧਾਰਮਿਕ ਮਰਯਾਦਾ ਦਾ ਇਕ ਭਾਗ ਸੀ। ਇਹ ਵੀ ਸੰਭਵ ਹੈ ਕਿ ਨਾਚ ਦਾ ਲੌਕਿਕ ਪੱਖ ਵੀ ਹੋਵੇ। ਨਾਚ ਦਾ ਰਾਗ ਨਾਲ ਸਬੰਧ ਮੁੱਢੋਂ ਤੁਰਿਆ ਆ ਰਿਹਾ ਹੈ। ਇਸ ਦੇ ਸਬੂਤ ਹੜੱਪਾ ਸਭਿਅਤਾ ਵਿਚੋਂ ਮਿਲ ਚੁੱਕੇ ਹਨ। ਦੋ ਮੋਹਰ ਤਵੀਤਾਂ ਉੱਤੇ ਢੋਲਚੀਆਂ ਦੇ ਗਲੇ ਵਿੱਚ ਲਟਕਦੇ ਢੋਲਾਂ ਤੋਂ, ਜੋ ਸੂਤਲੀ ਨਾਲ ਅੱਜ ਕਲ ਵਾਂਗ ਮੜ੍ਹੇ ਹੋਏ ਹਨ, ਇਹ ਸਪਸ਼ਟ ਹੀ ਹੈ। ਪੱਕੀ ਮਿੱਟੀ ਦੇ ਇਕ ਛੋਟੇ ਜਹੇ ਬੁੱਤ ਗਲ ਲਟਕਦੀ ਢੋਲਕੀ ਵਰਗਾ ਸਾਜ਼ ਵੀ ਪ੍ਰਾਪਤ ਹੋਇਆ ਹੈ। ਛੈਣੇ ਜਾਂ ਖੜਤਾਲਾਂ ਦੇ ਲੱਭੇ ਜੋੜੇ ਤੋਂ ਸੰਭਾਵਨਾ ਪੈਦਾ ਹੁੰਦੀ ਹੈ ਕਿ ਇਹ ਨਾਚ ਨਾਲ ਤਾਲ ਦੇਣ ਲਈ ਵਜਾਈਆਂ ਜਾਂਦੀਆਂ ਹੋਣਗੀਆਂ। ਖੋਜ ਵਿਗਿਆਨੀਆਂ ਨੇ ਮਰਜੰਗ ਤੇ ਰਬਾਬ ਵਰਗੇ ਸਾਜ਼ਾਂ ਦੀ ਲੱਭਤ ਦਾ ਵੀ ਜ਼ਿਕਰ ਕੀਤਾ ਹੈ। ਰਾਗ ਤੇ ਨ੍ਰਿਤ ਨਾਲ ਸਬੰਧਤ ਅਜੇਹੇ ਮਿਲੇ ਸਾਜ਼ਾਂ ਤੋਂ ਸਪਸ਼ਟ ਹੈ ਕਿ ਨਾਚ ਅਤੇ ਰਾਗ ਦੋਵੇਂ ਹੜੱਪਾ ਕਾਲ ਵਿੱਚ ਚੰਗੀ ਤਰ੍ਹਾਂ ਪ੍ਰਚਲਿਤ ਸਨ।

## ਸਿੰਧੂ ਘਾਟੀ ਵਿਚੋਂ ਮਿਲੇ ਮੁਕਟ ਜਾਂ ਬਨਾਉਟੀ ਚਿਹਰੇ

ਸਿੰਧੂ ਘਾਟੀ ਦੇ ਪੂਰਬ-ਆਰੀਆ ਲੋਕਾਂ ਵਿਚ ਨਾਟਕ ਦੀਆਂ ਪਰਚਲਤ ਪਰੰਪਰਾਵਾਂ ਦੀ ਇਕ ਹੋਰ ਠੋਸ ਸ਼ਹਾਦਤ ਮੋਹਿੰਜੋਦਾਰੋ ਤੋਂ ਮਿਲੇ ਮੁਕਟ ਹਨ ਜੋ ਪ੍ਰਾਚੀਨ ਲੋਕ ਨਾਟਕ ਖੇਡਣ ਸਮੇਂ ਮੂੰਹ ਅੱਗੇ ਪਾਉਂਦੇ ਸਨ। ਹਿੰਨਰਿਚ ਜ਼ਿਮਰ ਨੇ ਵੀ ਆਪਣੀ ਪ੍ਰਸਿਧ ਪੁਸਤਕ "ਦੀ ਆਰਟ ਆਫ਼ ਇੰਡੀਅਨ ਏਸ਼ੀਆ, ਹਿਸਾ 1" ਵਿਚ ਅਜੇਹੇ ਮੁਕਟਾਂ ਦੀ ਹੋਂਦ ਨੂੰ ਸਿੰਧੂ ਘਾਟੀ ਵਿੱਚ ਮੰਨਿਆ ਹੈ। ਪਾਤਰ-ਉਘਾੜ ਅਤੇ ਨਾਟਕੀ ਪ੍ਰਭਾਵ ਨੂੰ ਤੀਖਣ ਕਰਨ ਲਈ ਬਨਾਉਟੀ ਚਿਹਰੇ ਵਰਤੋਂ ਵਿਚ ਲਿਆਂਦੇ ਜਾਂਦੇ ਸਨ। ਨਾਚ ਤੇ ਨਾਟਕੀ ਖੇਲਾਂ ਵਿੱਚ ਪ੍ਰਾਚੀਨ ਲੋਕਾਂ ਵਿਚ ਅਜੇਹੇ ਮੁਕਟ ਆਮ ਵਰਤੇ ਜਾਂਦੇ ਸਨ। ਮੱਧ ਕਾਲੀਨ ਯੂਰਪ ਵਿਚ ਵੀ ਇਨ੍ਹਾਂ ਦੀ ਵਰਤੋਂ ਆਮ ਸੀ। ਦਖਣੀ ਭਾਰਤ ਦੇ ਕਥਾ-ਕਾਲੀ ਨਾਚ-ਨਾਟਕਾਂ ਵਿਚੋਂ ਇਨ੍ਹਾਂ ਦੀ ਖੁਲ੍ਹੀ ਵਰਤੋਂ ਅੱਜ ਵੀ ਕੀਤੀ ਜਾਂਦੀ ਹੈ।

## ਬੱਲਦਾਂ ਉੱਤੋਂ ਟੱਪਣ ਦੀਆਂ ਨਾਟਕੀ ਖੇਡਾਂ

ਹੜੱਪਾ ਸਭਿਅਤਾ ਵਿੱਚ ਨਾਟਕੀ ਪਰੰਪਰਾ ਦੀ ਹੋਂਦ ਦੀ ਇਕ ਹੋਰ ਬਹੁਤ ਜ਼ਰੂਰੀ ਪੁਰਾ-ਖੋਜਵੀ (archaeological) ਸ਼ਹਾਦਤ ਮਿਲਦੀ ਹੈ। ਉਹ ਹੈ ਬੱਲਦਾਂ ਉੱਤੋਂ ਟੱਪਣ ਦੀਆਂ ਧਾਰਮਿਕ ਰੀਤ ਤੇ ਨਾਟਕੀ ਖੇਡ। ਸਿੰਧੂ ਘਾਟੀ ਅਤੇ ਕਰੀਟ ਟਾਪੂ ਵਿੱਚ ਸਭਿਆਚਾਰਕ ਸਬੰਧਾਂ ਦੀ ਖੋਜ ਭਰੀ ਲਭਤ ਦਾ ਸਿਹਰਾ ਡਾ: ਸੀ. ਐਲ. ਫਾਬਰੀ ਦੇ ਸਿਰ ਹੈ। ਉਸ ਨੇ

Digitized by Panjab Digital Library | www.panjabdigilib.org

(Archaeological Survey of India ਦੀ ਸਲਾਨਾ ਰਪੋਰਟ (1934-35) ਵਿੱਚ ਇਕ ਲੇਖ ਛਪਵਾਇਆ ਸੀ ਜਿਸ ਦਾ ਸਿਰਲੇਖ ਇਸ ਤਰ੍ਹਾਂ ਸੀ :—

"ਕਰੀਟ ਵਿੱਚ ਬੱਲਦਾਂ ਉਤੋਂ ਟੱਪਣ ਦੀਆਂ ਖੇਲਾਂ ਅਤੇ ਸਿੰਧੂ ਘਾਟੀ ਦੀ ਸਭਿਅਤਾ ਵਿੱਚ ਬਲੀ ਤੇ ਖੇਲਾਂ' ਅਜੇਹੀਆਂ ਖੇਲਾਂ ਅਤੇ ਖਾੜਿਆਂ ਦੀ ਦਸ ਯੂਨਾਨ ਤੇ ਰੋਮ ਦੇ ਇਤਿਹਾਸ ਵਿਚੋਂ ਵੀ ਪੈਂਦੀ ਹੈ। ਇਹ ਗੱਲ ਅਜੇ ਖੋਜ ਦੀ ਮੁਥਾਜ ਹੈ ਕਿ ਉੱਥੇ ਇਹ ਰਿਵਾਜ ਸਿੰਧੂ ਘਾਟੀ ਦੇ ਪ੍ਰਭਾਵ ਥਲੇ ਪਰਵਿਰਤ ਹੋਇਆ ਜਾਂ ਸੁਤੰਤਰ ਤੌਰ ਤੇ। ਸਿੰਧੂ ਘਾਟੀ ਦੀ ਖੁਦਾਈ ਵਿਚੋਂ ਬਹੁਤ ਸਾਰੀਆਂ ਠੀਕਰ-ਮੁਹਰਾਂ ਤੇ ਠਪੇ ਮਿਲੇ ਹਨ। ਉਨ੍ਹਾਂ ਉੱਤੇ ਉਕਰੀਆਂ ਮੂਰਤਾਂ ਤੋਂ ਬਿਨਾਂ ਨਾਟਕੀ ਖੇਡਾਂ ਦਾ ਪਤਾ ਲੱਗਾ ਹੈ। ਇਜ ਭਾਂਤ ਦੀਆਂ ਹੋਰ ਮਿਲੀਆਂ ਚੀਜ਼ਾਂ ਵਿਚ ਦੋ ਸੇਲਖੜੀ ਮੋਹਰਾਂ ਤੇ ਤਿੰਨ ਪੱਕੀ ਮਿੱਟੀ ਦੀਆਂ ਬਣੀਆਂ ਠੀਕਰ ਮੋਹਰਾਂ ਹਨ। ਇਨ੍ਹਾਂ ਦੀਆਂ ਸ਼ਕਲਾਂ ਕੇ. ਐਨ. ਸ਼ਾਸਤਰੀ ਪ੍ਰਸਿੱਧ ਪੁਰਾ-ਖੋਜੀ, ਨੇ ਆਪਣੀ ਨਵੀਂ ਪੁਸਤਕ "ਨਿਯ ਲਾਈਟ ਆਫ਼ ਇੰਡਸ ਵੈਲੀ ਸਿਵਲੀਜੇਸ਼ਨ' ਦੇ ਸਫਾ ਨੰ: 38 ਤੇ ਦਿੱਤੀਆਂ ਹਨ। ਭਾਰਤੀ ਮੋਹਰਾਂ ਉੱਤੇ ਉਕਰੀਆਂ ਖੇਲਾਂ ਨਾਲ ਤਲਨਾ ਕਰਨ ਲਈ ਡਾ: ਫਾਬਰੀ ਨੇ ਕਰੀਟ ਤੋਂ ਪ੍ਰਾਪਤ ਹੋਈਆਂ ਬਹੁਤ ਸਾਰੀਆਂ ਮੁਹਰਾਂ, ਉਭੱਰਕਾਰੀ ਤੇ ਠੱਪਿਆਂ ਨੂੰ ਪੇਸ਼ ਕੀਤਾ ਹੈ। ਡਾ: ਫਾਬਰੀ ਨੇ ਆਪਣੀ ਰਪੋਟ ਵਿੱਚ ਇਹ ਵੀ ਸਾਬਤ ਕਰਨ ਦਾ ਯਤਨ ਕੀਤਾ ਹੈ ਕਿ ਸਿੰਧੂ ਘਾਟੀ ਦੇ ਲੋਕਾਂ ਨੇ ਇਹ ਨਾਟਕੀ ਖੇਡਾਂ ਕਰੀਟ ਦੇ ਲੋਕਾਂ ਤੋਂ ਸਿੱਖੀਆਂ ਸਨ। ਪਰ ਕੇ. ਐਨ. ਸ਼ਾਸਤਰੀ ਨੇ ਆਪਣੀ ਪੁਸਤਕ ਵਿੱਚ ਇਹ ਸਾਬਤ ਕੀਤਾ ਹੈ ਕਿ ਸਿੰਧੂ ਘਾਟੀ ਵਿੱਚ ਪ੍ਰਚਲਤ ਖੇਲਾਂ ਇਸੇ ਭਾਂਤ ਦੀਆਂ ਕਰੀਟ ਦੀਆਂ ਖੇਲਾਂ ਤੋਂ ਲਗ ਭਗ ਇਕ ਹਜ਼ਾਰ ਸਾਲ ਪਹਿਲੇ ਹੋਂਦ ਵਿੱਚ ਆ ਚੁਕੀਆਂ ਸਨ। ਕਰੀਟ ਵਿਚ ਇਹ ਰਸਮੀ ਖੇਲਾਂ ਦੇਵੀ ਮਾਤਾ ਦੇ ਮੰਦਰ ਸਨਮੁਖ ਪੇਸ਼ ਕੀਤੀਆਂ ਜਾਂਦੀਆਂ ਸਨ। ਜਿਸ ਵਿਚ ਸਿਰ-ਲੱਥ ਨੌਜੁਆਨ ਨਟ ਤੇ ਨਟਣੀਆਂ ਭਾਗ ਲੈਂਦੀਆਂ ਸਨ। ਆਪਣੀ ਜਾਨ ਨੂੰ ਖਤਰੇ ਵਿਚ ਪਾਕੇ ਖਿਡਾਰੀ ਬੱਲਦ ਦੇ ਸਿੰਗਾਂ ਨੂੰ ਹੱਥ ਪਾ ਕੇ ਉਸ ਉਤੋਂ ਦੀ ਅਖਾੜੇ ਵਿਚ ਟੱਪਦੇ ਸਨ। ਅਤੇ ਪਿੱਛੋਂ ਉਹ ਬੱਲਦ ਦੇਵੀ ਮਾਤਾ ਦੀ ਭੇਂਟ ਕੀਤਾ ਜਾਂਦਾ ਸੀ। ਡਾ: ਫਾਬਰੀ ਦਾ ਵਿਚਾਰ ਹੈ ਕਿ ਸਿੰਧੂ-ਘਾਟੀ ਵਿਚ ਵੀ ਇਸ ਨਾਟਕੀ ਖੇਡ ਦੇ ਦੋ ਭਾਗ ਹੁੰਦੇ ਸਨ। ਪਹਿਲੋਂ ਖੇਲਾਂ, ਜਿਸ ਵਿਚ ਵਰਤਾਲਾਪ ਦੀ ਵੀ ਸੰਭਾਵਨਾ ਹੈ, ਅਤੇ ਪਿਛੋਂ ਮੰਤਰ ਜੰਤਰ ਪੜ੍ਹ ਕੇ ਦੇਵੀ ਦੀ ਭੇਟ। ਪਰ ਕੇ. ਐਨ. ਸ਼ਾਸਤਰੀ ਇਸ ਤੋਂ ਵਿਰੋਧ ਰਾਇ ਰਖਦਾ ਹੈ, ਉਸ ਦੀ ਖੋਜ ਅਨੁਸਾਰ ਦੁਹਾਂ ਦੇਸਾਂ ਦੀਆਂ ਮੁਹਰਾਂ ਵਿੱਚਲੀਆਂ ਮੂਰਤਾਂ ਦੀ ਤਲਨਾ ਇਕ ਪਾਸੀ ਹੈ। ਮਹਿੰਜੋਦਾਰੋ ਤੋਂ ਪਰਾਪਤ ਹੋਈ ਮੁਹਰ ਨੰ: 9281 ਦੀ ਡੂੰਘੀ ਪੜਤਾਲ ਤੋਂ ਸੰਦੇਹ ਪ੍ਰਗਟ ਹੁੰਦਾ ਹੈ ਕਿ ਬੱਲਦ ਸਾਹਮਣੇ ਚੁੱਕੇ ਹੋਏ ਹੱਥ ਉਸ ਦੇ ਸਿੰਗਾਂ ਨੂੰ ਫੜ੍ਹਨ ਲਈ ਨਹੀਂ, ਸਗੋਂ ਭਾਰਤੀ ਮੁਹਰਾਂ ਉਤੇ ਨਟ ਲੋਕ ਸਿੱਧੇ ਜਾਨਵਰਾਂ, ਉਤੋਂ ਦੀ ਟੱਪਣ ਦਾ ਯਤਨ ਕਰਦੇ ਜਾਪਦੇ ਹਨ। ਡਾ: ਫਾਬਰੀ ਦਾ ਵਿਚਾਰ ਹੈ, ਬੱਲਦ ਜਾਂ ਝੋਟੇ ਦੀ ਖੇਡ ਪਿਛੋਂ ਬਲੀ ਦਿੱਤੀ ਜਾਂਦੀ ਸੀ। ਪਰ ਭਾਰਤੀ ਖੋਜੀ ਇਸ ਨਾਲ ਪੂਰੀ ਤਰ੍ਹਾਂ ਸਹਿਮਤ ਨਹੀਂ। ਪਰ ਇਸ ਗੱਲ ਵਿਚ ਦੋਵੇਂ ਧਿਰਾਂ ਸਹਿਮਤ ਹਨ ਕਿ ਇਨ੍ਹਾਂ ਪਵਿਤਰ ਤੇ ਨਾਟਕੀ ਖੇਡਾਂ ਵਿਚ ਖ਼ਿਆਲਾਂ ਦੀ ਅਵਸ਼ ਸਾਂਝ ਹੈ। ਇਹ ਵੀ ਸੰਭਵ ਨਹੀਂ ਜਾਪਦਾ ਕਿ ਦੋਵੇਂ ਦੇਸ਼ਾਂ ਵਿਚ ਨਟਾਂ ਦੀਆਂ ਇਹ ਖੇਡਾਂ ਸੁਤੰਤਰਤਾ ਨਾਲ ਪੈਦਾ ਹੋ ਗਈਆਂ ਹੋਣ ਅਤੇ

Digitized by Panjab Digital Library | www.panjabdigilib.org

ਇਨ੍ਹਾਂ ਦਾ ਇਕ ਦੂਜੇ ਉੱਤੇ ਪ੍ਰਭਾਵ ਨਾ ਪਿਆ ਹੋਵੇ। ਪ੍ਰਸ਼ਨ ਪੈਦਾ ਹੁੰਦਾ ਹੈ ਕਿ ਇਹ ਖੇਡਾਂ ਕਰੀਟ ਦੇ ਲੋਕਾਂ ਨੇ ਸਿੰਧੂ-ਘਾਟੀ ਤੋਂ ਲਈਆਂ ਜਾਂ ਹੜੱਪਾਂ-ਘਾਟੀ ਦੇ ਨਟਾਂ ਨੇ ਉਨ੍ਹਾਂ ਤੋਂ ਸਿੱਖੀਆਂ। ਇਸ ਉਧਾਰ ਲੈਣ ਦੇ ਸੁਝਾ ਨੂੰ ਰੱਦ ਕਰਦਾ ਹੋਇਆ ਕੇ. ਐਨ. ਸ਼ਾਸਤਰੀ ਪੱਕੇ ਇਤਿਹਾਸਕ ਸਬੂਤਾਂ ਦੇ ਅਧਾਰ ਤੇ ਸਿੱਧ ਕਰਦਾ ਹੈ ਕਿ ਇਨ੍ਹਾਂ ਖੇਡਾਂ ਦਾ ਮੁੱਢ ਸਿੰਧੂ-ਘਾਟੀ ਵਿਚ ਹੀ ਹੋਇਆ, ਕਿਉਂਕਿ ਇਨ੍ਹਾਂ ਖੇਡਾਂ ਤੋਂ ਬਿਨਾਂ ਹੋਰ ਕਈ ਗੱਲਾਂ ਵਿਚ ਵੀ ਕਰੀਟ ਦੇ ਲੋਕ ਹੜੱਪਾ ਸਭਿਅਤਾ ਦੇ ਲੋਕਾਂ ਦੇ ਰਿਣੀ ਸਨ। ਦੇਵੀ ਮਾਤਾ ਤੇ ਉਸ ਨਾਲ ਸਬੰਧਤ ਹੋਰ ਚਿੰਨ੍ਹ ਸਭ ਇਥੋਂ ਉਧਾਰੇ ਲਏ ਗਏ ਸਨ। ਹੜੱਪਾ ਸਭਿਅਤਾ ਦੇ ਸਿਖੱਰ ਕਾਲ ਸਮੇਂ ਅਰਥਾਤ 3,000 ਤੋਂ 2,300 ਪੂਰਬ ਈਸਵੀ ਤਕ ਪੱਛਮੀ ਏਸ਼ੀਆ ਦੀ ਸਭਿਅਤਾ ਦੇ ਵਿਸ਼ੇਸ਼ ਕੇਂਦਰਾਂ ਨਾਲ ਸਿੰਧੂ-ਘਾਟੀ ਦਾ ਵਪਾਰਕ ਤੇ ਸਭਿਆਚਾਰਕ ਸਬੰਧ ਸੀ। ਇਸ ਕਾਲ ਵਿਚ ਵਿਚਾਰਾਂ ਦਾ ਖੁਲ੍ਹਾ ਲੈਣ ਦੇਣ ਸੀ। ਸਿੰਧੂ ਘਾਟੀ ਦੀ ਸਭਿਅਤਾ ਉਸ ਸਮੇਂ ਅਤੀ ਉੱਨਤ ਸੀ। ਇਸ ਵਾਸਤੇ ਨਿਰਸੰਦੇਹ ਉੱਨਤ ਦੇਸ਼ ਤੋਂ ਹੀ ਇਨ੍ਹਾਂ ਖੇਡਾਂ ਦਾ ਰਿਵਾਜ ਘੱਟ ਸਭਿਆ ਦੇਸ਼ਾਂ ਵਿੱਚ ਪੁਜ ਸਕਦਾ ਸੀ। ਸੋ ਮਿਲਦੀਆਂ ਸ਼ਹਾਦਤਾਂ ਦੇ ਅਧਾਰ ਤੇ ਇਹ ਕਿਹਾ ਜਾ ਸਕਦਾ ਹੈ ਕਿ ਇਨ੍ਹਾਂ ਖੇਲਾਂ ਦਾ ਅਸਲ ਘਰ ਸਿੰਧੂ-ਘਾਟੀ ਹੀ ਸੀ। ਇਹ ਅੰਦਾਜ਼ਾ ਲਾਇਆ ਜਾਂਦਾ ਹੈ ਕਿ 3,000 ਪੂਰਬ ਈਸਵੀ ਦੇ ਲਗ ਭਗ ਇਹ ਰਸਮਾਂ ਪੱਛਮੀ ਦੇਸ਼ਾਂ ਵਲ ਨੂੰ ਗਈਆਂ ਹੋਣਗੀਆਂ। ਵਾਯੂ ਮੰਡਲ ਤੇ ਨਸਲੀ ਕਾਰਨਾਂ ਕਰਕੇ ਇਨ੍ਹਾਂ ਵਿਚ ਕੁੱਝ ਭਿੰਨਤਾ ਪੈਦਾ ਹੋਣੀ ਕੁਦਰਤੀ ਸੀ।

## ਯੂਨਾਨੀ ਨਾਟਕ ਉਤੇ ਸਿੰਧੂ ਘਾਟੀ ਦਾ ਪ੍ਰਭਾਵ

ਉਪਰਲੀ ਪੜਤਾਲ ਤੇ ਵਿਆਖਿਆ ਤੋਂ ਸਹਿਜੇ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਸਿੰਧੂ ਘਾਟੀ ਦੀਆਂ ਨਾਟਕੀ ਰਵਾਇਤਾਂ ਦਾ ਪ੍ਰਭਾਵ ਨਾ ਕੇਵਲ ਕਰੀਟ ਦੇ ਟਾਪੂ ਉੱਤੇ ਹੀ ਪਿਆ ਹੋਵੇਗਾ ਸਗੋਂ ਪਰਤਵੇਂ ਢੰਗ ਨਾਲ ਪੂਰਤ ਇਤਿਹਾਸਕ ਕਾਲ ਵਿੱਚ ਯੂਨਾਨ ਅਤੇ ਯੂਨਾਨ ਦੀ ਨਾਟਕ-ਕਲਾ ਉੱਤੇ ਵੀ ਕੁੱਝ ਨਾ ਕੁੱਝ ਪਿਆ ਹੋਵੇਗਾ। ਇਸ ਅਨੁਮਾਨ ਦੀ ਪਰੋੜ੍ਹਤਾ ਵਿੱਚ ਕੇ. ਐਨ. ਸ਼ਾਸਤਰੀ ਲਿਖਦਾ ਹੈ :—

"ਇਹ ਤਾਂ ਨਿਸਚਿਤ ਹੀ ਹੈ ਕਿ ਸਿੰਧੂ ਘਾਟੀ ਦੀ ਸਭਿਅਤਾ ਦੇ ਸਿੱਖਰ ਸਮੇਂ ਇਸ ਦੀਆਂ ਬਹੁਤ ਸਾਰੀਆਂ ਸਭਿਆਚਾਰਕ ਰਵਾਇਤਾਂ ਬਹੁਤ ਸਾਰੇ ਘੱਟ ਉੱਨਤ ਏਸ਼ੀਆਂ ਤੇ ਪੱਛਮੀ ਦੇਸ਼ਾਂ ਵਿੱਚ ਪੁੱਜੀਆਂ ਸਨ। ਹੜੱਪਾ ਸਭਿਅਤਾ ਦਾ ਪ੍ਰਭਾਵ ਕੇਂਦਰੀ ਤੇਂ ਪੱਛਮੀ ਏਸ਼ੀਆਂ ਉੱਤੇ ਡੂੰਘਾ ਪਿਆ ਸਿੱਧ ਹੁੰਦਾ ਹੈ। ਉਥੋਂ ਅੱਗੇ ਪੂਰਬ ਇਤਿਹਾਸਕ ਕਾਲ ਵਿਚ ਯੂਨਾਨ ਉੱਤੇ ਪੈਣ ਦੀ ਪੂਰੀ ਸੰਭਾਵਨਾ ਹੈ। ਇਸ ਤਰ੍ਹਾਂ 326 ਪੂ. ਈ. ਵਿਚ ਸਿਕੰਦਰ ਦੇ ਹੱਲੇ ਸਮੇਂ ਯੂਨਾਨ ਦੀ ਨਾਟਕ-ਕਲਾ ਦਾ ਪ੍ਰਭਾਵ ਪੰਜਾਬ ਉੱਤੇ ਪੈਣ ਤੋਂ ਪਹਿਲਾਂ ਸਿੰਧੂ ਘਾਟੀ ਦਾ ਅਸਰ ਉਸ ਦੇਸ਼ ਉੱਤੇ ਪੈ ਚੁੱਕਾ ਸੀ। ਇਸ ਸਬੰਧ ਵਿੱਚ ਅਜੇ ਵਧੇਰੇ ਖੋਜ ਦੀ ਲੋੜ ਹੈ।

## ਹੜੱਪਾ ਸਭਿਅਤਾ ਵਿਚ ਪੁਤਲੀਆਂ ਦਾ ਨਾਚ

ਪੁਤਲੀਆਂ ਦਾ ਨਾਚ ਰੰਗ-ਮੰਚ ਦਾ ਪੁਰਾਤਨ ਭਾਗ ਹੈ। ਪ੍ਰੋਫੈਸਰ ਪੀਸ਼ਚਲ ਬੜੇ ਜ਼ੋਰ ਨਾਲ ਪੁਤਲੀ ਥੀਏਟਰ ਨੂੰ ਭਾਰਤ ਤੋਂ ਆਰੰਭ ਸਿਧ ਕਰਦਾ ਹੈ। ਇਸ ਦੇ ਨਿਕਾਸ ਬਾਰੇ ਖੋਜ

Digitized by Panjab Digital Library | www.panjabdigilib.org

ਕਰਦਾ ਹੋਇਆ ਉਹ ਲਿਖਦਾ ਹੈ ਪੁਤਲੀ ਲਈ ਸੰਸਕ੍ਰਿਤ ਵਿੱਚ ਇਹ ਸ਼ਬਦ ਹਨ :—ਪੁਤ੍ਰਿਕਾ, ਦੁਤ੍ਰਿਕਾ, ਪੁਤਲੀ ਪੁਤਲਿਕ। ਸਭ ਦਾ ਭਾਵ ਛੋਟੀ ਲੜਕੀ ਤੋਂ ਹੈ। ਇਨ੍ਹਾਂ ਵਿਚੋਂ ਪੁਤਲੀ ਜਾਂ ਪੁਤਲਿਕ ਸ਼ਬਦ ਭਾਰਤੀ ਭਸ਼ਾਵਾਂ ਵਿਚ ਅਜ ਤੀਕ ਮਿਲਦੇ ਹਨ। ਪੰਜਾਬ ਵਿਚ ਵੀ ਵਰਤਮਾਨ ਸਮੇਂ ਤਕ ਪੁਤਲੀਆਂ ਦੇ ਨਾਚ ਦਾ ਖੇਲ ਪ੍ਰਚਲੱਤ ਰਿਹਾ ਹੈ। ਪੰਜਾਬ ਦੇ ਆਮ ਲੋਕਾਂ ਲਈ ਇਹ ਸਸਤਾ ਤਮਾਸ਼ਾ ਪ੍ਰਾਚੀਨ ਕਾਲ਼ ਦੀ ਯਾਦ ਹੈ। ਇਸ ਦੇ ਖੇਡਕਾਰ ਅੱਜ ਵਧੇਰੇ ਕਰਕੇ ਰਾਜਿਸਥਾਨ ਵਿਚੋਂ ਆਉਂਦੇ ਹਨ। ਹੋ ਸਕਦਾ ਹੈ ਇਸ ਖੇਡ ਦੇ ਸੂਤਰਧਾਰ ਕਿਸੇ ਪੁਰਾਣੇ ਸਮੇਂ ਪੰਜਾਬ ਦੇ ਅਸ਼ਾਂਤ ਵਾਤਾਵਰਨ ਨੂੰ ਤਿਆਗ ਕੇ ਸੁਰਖਿੱਅਤ ਥਾਵਾਂ ਤੇ ਚਲੇ ਗਏ ਹੋਣ। ਅਣਗਿਣਤ ਮਿੱਟੀ ਦੀਆਂ ਗੱਡੀਆਂ ਟੈਰਾ ਕੋਟਾ ਜਾਂ ਪੱਕੀ ਮਿੱਟੀ ਦੀਆਂ ਵੱਖੋ ਵੱਖ ਭਾਂਤ ਦੀਆਂ ਮੂਰਤੀਆਂ ਸਿੰਧੂ ਘਾਟੀ ਦੀ ਖੁਦਾਈ ਤੋਂ ਮਿਲੀਆਂ ਹਨ। ਜਿਨ੍ਹਾਂ ਵਿਚੋਂ ਕਈਆਂ ਦੇ ਸਿਰਾਂ ਤੇ ਧਾਗੇ ਫਸਾਉਣ ਲਈ ਮੋਰੀਆਂ ਤੇ ਖੁੰਟੀਆਂ ਜਹੀਆਂ ਹਨ। ਇਸ ਤੋਂ ਪ੍ਰਗਟ ਹੁੰਦਾ ਹੈ ਕਿ ਇਹ ਗੁੱਡੀਆਂ ਪਤਲੀ ਦੇ ਨਾਚ ਲਈ ਵਰਤੀਆਂ ਜਾਂਦੀਆਂ ਹੋਣਗੀਆਂ। ਪ੍ਰੋਫੈਸਰ ਪੀਸ਼ਚਲ ਬੜੇ ਵਿਸ਼ਵਾਸ਼ ਨਾਲ ਕਹਿੰਦਾ ਹੈ ਕਿ ਪੁਰਾਣੀਆਂ ਰਵਾਇਤਾਂ ਦਾ ਇਹ ਵਾਹਣ ਇੱਥੇ ਜਨਤਾ ਵਿੱਚ ਬਹੁਤ ਪ੍ਰੀਯ ਸੀ। ਜੇ ਕਰ ਵਿਦਵਾਨ ਖੋਜੀ 1921-22 ਦੀ ਸਿੰਧੂ ਘਾਟੀ ਦੀ ਸੰਸਾਰ ਭਰ ਵਿੱਚ ਥਲਕਾ ਮਚਾ ਦੇਣ ਵਾਲੀ ਭਾਲ ਤਕ ਜਿਊਂਦਾ ਰਹਿੰਦਾ ਤਾਂ ਨਿਸਚਿਤ ਤੌਰ ਤੇ ਇਹ ਐਲਾਨ ਕਰਦਾ ਕਿ ਪੁਤਲੀ ਦੇ ਨਾਚ ਦੇ ਖੇਲ ਦਾ ਮੁਢਲਾ ਘਰ ਸਿੰਧੂ ਘਾਟੀ ਹੀ ਸੀ।

ਇਸ ਮਨਾਉਤ ਦੇ ਹੱਕ ਵਿੱਚ ਸਾਡੇ ਪਾਸ ਇਕ ਦਿਨਚਸਪ ਪੁਰਾਣਿਕ ਕਥਾ ਹੈ। ਕਥਾ ਸਾਹਿਤ ਸਾਗਰ ਵਿਚ ਆਉਂਦੀ ਹੈ ਕਿ ਇਕ ਉੱਘੇ ਜਾਦੂਗਰ ਅਨੁਸਾਰ ਮਾਇਆ ਦੀ ਲੜਕੀ ਸੋਨ ਪ੍ਰਭਾ ਆਪਣੀ ਸਹੇਲੀ ਰਾਜ ਕੁਮਾਰੀ ਕਲਿੰਗਸੇਨ ਵਾਸਤੇ ਸੁਗਾਤ ਵਜੋਂ ਲੜਕੀਆਂ ਦੀ ਮਸ਼ੀਨੀ ਪੁਤਲੀਆਂ ਦੀ ਭਰੀ ਇਕ ਟੋਕਰੀ ਲਿਆਈ ਸੀ। ਜੋ ਉਸ ਦੇ ਕਾਰੀਗਰ ਪਿਤਾ ਨੇ ਘੜੀਆਂ ਸਨ। ਹਰ ਇਕ ਪੁਤਲੀ ਦੇ ਸਿਰ ਤੇ ਇਕ ਕਿੱਲ ਜਿਹਾ ਸੀ ਜਿਸ ਨੂੰ ਛੂਹਣ ਨਾਲ ਉਹ ਹਵਾ ਵਿੱਚ ਉਡਣ ਲੱਗ ਪੈਂਦੀ ਸੀ। ਦੂਜੀ ਪੁਤਲੀ ਹਾਰ ਲੈਣ ਜਾਂਦੀ ਅਤੇ ਹੁਕਮ ਦੇਣ ਤੇ ਵਾਪਸ ਮੁੜ ਆਉਂਦੀ ਸੀ। ਤੀਜੀ ਪੁਤਲੀ ਨਚਦੀ ਸੀ ਤੇ ਚੌਥੀ ਵਾਰਤਾਲਾਪ ਕਰਨ ਲੱਗ ਜਾਂਦੀ ਸੀ। ਇਨ੍ਹਾਂ ਪੁਤਲੀਆਂ ਨੇ ਕਲਿੰਗਸੇਨ ਨੂੰ ਇੰਨਾ ਮੋਹਿਤ ਕੀਤਾ ਕਿ ਉਹ ਖਾਣਾ ਪੀਣਾ ਭੁੱਲ ਕੇ ਇਨ੍ਹਾਂ ਦੀ ਖੇਲ ਵਿਚ ਮਸਤ ਹੋ ਗਈ। ਇਹ ਪੁਰਾਣਕ ਕਥਾ ਸੋਮਦੇਵ ਦੀ ਕਿਰਤ ਵਿਚ ਆਉਂਦੀ ਹੈ ਜੋ ਅੱਗੋਂ ਭਾਰਤੀ ਪਰੀ-ਕਹਾਣਿਆਂ ਦੇ ਸਭ ਤੋਂ ਪੁਰਾਣੇ ਸੰਗ੍ਰਹਿ "ਗੁਨਾਡੀਯਾ" ਦੇ ਬ੍ਰਿਹਤ ਕਥਾ ਤੇ ਆਧਾਰਤ ਹੈ। ਪਿਸਾਚੀ ਜਾਂ ਭੂਤ-ਭਾਖਾ ਵਿੱਚ ਲਿਖਿਆ ਇਹ ਗ੍ਰੰਥ ਭਾਰਤ ਦੀ ਬਹੁਤ ਪ੍ਰਾਚੀਨ ਉਪਭਾਖਾ ਵਿਚ ਹੈ ਤੇ ਅੱਜ ਕਲ ਬਦਕਿਸਮਤੀ ਨਾਲ ਅਪ੍ਰਾਪਤ ਹੈ। ਇਸ ਪੁਰਾਣਿਕ ਕਥਾ ਦੀ ਡੂੰਘੀ ਛਾਣ-ਬੀਣ ਤੋਂ ਪੁਤਲੀ ਰੰਗ-ਮੰਚ ਦੇ ਨਿਕਾਸ ਬਾਰੇ ਕੁੱਝ ਸੂਹ ਮਿਲਦੀ ਹੈ। ਇਸ ਸਬੰਧ ਵਿਚ ਦੋ ਗੱਲਾਂ ਧਿਆਨ ਯੋਗ ਹਨ :—

(1) ਸੋਨ ਪ੍ਰਭਾ ਦੇ ਪਿਤਾ ਦਾ ਨਾਂ ਅਸੁਰ ਮਾਇਆ ਪ੍ਰਸਿੱਧ ਟੂਣੇਹਾਰ ਸੀ, ਜੋ ਪ੍ਰਗਟ ਤੌਰ ਤੇ ਅਨ-ਆਰੀਆ ਜਾਪਦਾ ਹੈ। ਜਾਦੂ ਟੂਣੇ ਦੀ ਸੰਪਰਦਾ ਨਿਸਚਿਤ ਤੌਰ ਤੇ ਪੂਰਬ ਆਰੀਆ ਮੰਨੀ ਜਾ ਚੁੱਕੀ ਹੈ।

Digitized by Panjab Digital Library | www.panjabdigilib.org

(2) ਇਸ ਪੁਰਾਣਿਕ ਕਥਾ ਦਾ ਮੁਢਲਾ ਹਵਾਲਾ ਪਿਸਾਚੀ ਭੂਤ-ਭਾਖਾ ਵਿਚ ਮਿਲਦਾ ਹੈ। ਜਿਹੜੀ ਪਛਮੀ ਪੰਜਾਬ ਦੀ ਅਤਿ ਪ੍ਰਾਚੀਨ ਉਪ-ਭਾਖਾ ਸੀ।

ਕੀ ਪੂਰਬ-ਆਰੀਆ ਨਾਟਕ ਧਾਰਮਿਕ ਝੁਕਾਵਾਂ ਵਾਲਾ ਸੀ ?

ਹੁਣ ਅਸੀਂ ਹੜੱਪਾ ਸਭਿਅਤਾ ਵਿਚ ਨਾਟਕ ਦੀਆਂ ਪਰੰਪਰਾਵਾਂ ਦੀ ਖੋਜ ਪੜਤਾਲ ਇਸ ਨਵੇਂ ਸਿਰਲੇਖ ਥਲੇ ਅਗੇ ਤੋਰਦੇ ਹਾਂ। ਪੂਰਬ-ਆਰੀਆ ਨਾਟਕ ਦੀ ਭਾਵਨਾ ਤੇ ਪ੍ਰਕਿਰਤੀ ਕੀ ਸੀ ? ਇਸ ਦਾ ਵਿਸ਼ਾ ਵਸਤੂ ਕੀ ਸੀ ? ਕੀ ਇਹ ਭਾਵ ਵੱਲੋਂ ਧਾਰਮਕ ਝੁੱਕਾ ਰਖਦਾ ਸੀ ਕਿ ਲੌਕਿਕ ?

## ਨਾਟਕ ਤੇ ਸ਼ਿਵ ਜੀ ਦੀ ਪੂਜਾ

ਪਿਛਲੇ ਸਫ਼ਿਆਂ ਵਿਚ ਦੱਸਿਆ ਜਾ ਚੁੱਕਾ ਹੈ ਕਿ ਭਾਰਤੀ ਨਾਟਕ ਪੂਰਬ-ਆਰੀਆ ਦੇਵਤਾ ਸ਼ਿਵਜੀ ਜਾਂ ਵਿਸ਼ਨੂੰ ਨਾਲ ਸਬੰਧਤ ਧਾਰਮਿਕ ਰੀਤਾਂ ਵਿਚੋਂ ਪ੍ਰਗਟ ਹੋਇਆ ਹੋਵੇਗਾ। ਇਹ ਦੱਸਣਾ ਬੜਾ ਕੱਠਨ ਹੈ ਕਿ ਦੁਹਾਂ ਵਿਚੋਂ ਕਿਹੜਾ ਦੇਵਤਾ ਨਾਟਕ ਦੇ ਨਿਕਾਸ ਦਾ ਵਧੇਰੇ ਜ਼ਿੰਮੇਵਾਰ ਹੈ। ਦੁਰਭਾਗ ਨਾਲ ਸਾਡੇ ਪਾਸ ਇਹ ਜਾਨਣ ਲਈ ਪੁਰਾਣੇ ਮਸਾਲੇ ਦੀ ਬਹੁਤ ਘਾਟ ਹੈ। ਪਰ ਜੇ ਅਸੀਂ ਤੱਥ ਨੂੰ ਵਿਚਾਰੀਏ ਕਿ ਵਰਤਮਾਨ ਸਮਾਜਕ ਤੇ ਧਾਰਮਿਕ ਹਿੰਦੂ ਸੰਸਥਾਵਾਂ ਦੇ ਜ਼ਰੂਰੀ ਤੱਤ, ਥੋੜੇ ਬਹੁਤੇ ਬਦਲੇ ਰੂਪ ਵਿੱਚ, ਹੜੱਪਾ ਸਭਿਅਤਾ ਦੇ ਸਮੇਂ ਦੀਆਂ ਨੀਹਾਂ ਉੱਤੇ ਉਕੱਰੀਆਂ ਹੋਈਆਂ ਹਨ। ਏਨੀ ਦੇਰ ਤੋਂ ਪ੍ਰਚੱਲਤ ਇਨ੍ਹਾਂ ਰਹੁ-ਰੀਤਾਂ ਤੋਂ ਹੀ ਕੱਟੜ ਰੂੜੀਵਾਦੀ ਝੁਕਾ ਦਾ ਕੁੱਝ ਥਹੁ ਲੱਗਦਾ ਹੈ। ਜੇ ਅਸੀਂ ਨਾਟ-ਸ਼ਾਸਤਰ ਦੀ ਇਕ ਪੁਰਾਣਿਕ ਕਥਾ ਨੂੰ ਧਿਆਨ ਨਾਲ ਪੜ੍ਹੀਏ ਤਾਂ ਉਸ ਕਾਲ ਵਿੱਚ ਨਾਟਕ ਦੇ ਝੁਕਾ ਦਾ ਕੁਝ ਸੁਝਾਅ ਮਿਲਦਾ ਹੈ।

ਬ੍ਰਹਮਾਂ ਨੇ ਨਾਟਕ-ਕਲ ਨੂੰ ਜਨਮ ਦੇਣ ਪਿਛੋਂ ਭਰਤ ਮੁਨੀ ਨੂੰ ਹੁਕਮ ਦਿੱਤਾ ਕਿ ਉਹ ਅੰਮ੍ਰਿਤ ਮੰਥਮ ਨਾਂ ਦੇ ਨਾਟਕ ਨੂੰ ਖੇਲਣ ਦੀ ਤਿਆਰੀ ਅਰੰਭੇ। ਤਿਆਰੀ ਉਪਰੰਤ ਬ੍ਰਹਮਾਂ ਭਰਤ ਮੁਨੀ ਤੇ ਹੋਰ ਦੇਵਤਿਆਂ ਨੂੰ ਨਾਲ ਲੈ ਕੇ ਸ਼ਿਵਜੀ ਮਹਾਰਾਜ ਦੇ ਨਿਵਾਸ ਅਸਥਾਨ ਤੇ ਜੋ ਹਿਮਾਲੀਆ ਪ੍ਰਬਤ ਵਿੱਚ ਸੀ, ਗਿਆ। ਇਹ ਨਾਟਕ ਸ਼ਿਵ ਜੀ ਦੇ ਸਨਮੁੱਖ ਪੇਸ਼ ਕੀਤਾ ਗਿਆ। ਸ਼ਿਵ ਜੀ ਮਹਾਰਾਜ ਇਹ ਨਾਟਕ ਵੇਖ ਕੇ ਬਹੁਤ ਪ੍ਰਸੰਨ ਹੋਏ। ਉਨ੍ਹਾਂ ਨੇ ਕੁਝ ਸੁਝਾਅ ਵੀ ਦਿਤੇ, ਉਨ੍ਹਾਂ ਵਿਚੋਂ ਇਕ ਇਹ ਸੀ ਕਿ ਰਸ ਦਾ ਵਾਧਾ ਕਰਨ ਲਈ ਇਸ ਵਿਚ ਨਾਚ ਦਾ ਸੰਮਿਲਤ ਕਰਨਾ ਜ਼ਰੂਰੀ ਹੈ। ਤਾਂ ਬ੍ਰਹਮਾਂ ਨੇ ਸ਼ਿਵਜੀ ਨੂੰ ਬੇਨਤੀ ਕੀਤੀ ਕਿ ਭਰਤ ਮੁਨੀ ਨੂੰ ਨ੍ਰਿਤ-ਕਲਾ ਦੀ ਸਿਖਿਆ ਦਿੱਤੀ ਜਾਵੇ। ਸ਼ਿਵਜੀ ਨੇ ਤੰਦੂ ਦੇਵ ਨੂੰ ਭਰਤ ਮੁਨੀ ਨੂੰ ਸਿਖਿਆ ਦੇਣ ਲਈ ਸੱਦਿਆ। ਤੰਦੂ ਤੋਂ ਭਰਤ ਮੁਨੀ ਨੇ ਕਈ ਭਾਂਤ ਦੇ ਨਾਚ ਢੰਗ ਸਿੱਖੇ।

ਉਪਰਲੀ ਪੁਰਾਣਿਕ ਕਥਾ ਦੇ ਸਾਰ ਤੋਂ ਹੇਠ ਲਿਖੀਆਂ ਤੱਥਾਂ ਦਾ ਥਹੁ ਲਗਦਾ ਹੈ :—

(1) ਸ਼ਿਵਜੀ ਨੂੰ ਇਸ ਕਥਾ ਵਿੱਚ ਸਭ ਤੋਂ ਸਨਮਾਨ ਯੋਗ ਥਾਂ ਦਿਤੀ ਗਈ ਹੈ। ਬ੍ਰਹਮਾਂ ਹੋਰ ਦੇਵਤਿਆਂ ਸਮੇਤ ਖ਼ੁਦ ਸ਼ਿਵਜੀ ਕੋਲ ਗਏ ਤਾਂ ਜੋ ਨਾਟਕ-ਕਲਾ ਦੇ ਵਾਧੇ ਲਈ ਸੁਝਾਅ ਲਏ ਜਾ ਸਕਣ।

(2) ਇਸ ਕਥਾ ਵਿੱਚ ਵਿਸ਼ਨੂੰ ਦੇਵ ਦਾ ਜ਼ਿਕਰ ਤਕ ਨਾ ਆਉਣਾ ਖਾਸ ਧਿਆਨ ਯੋਗ ਗੱਲ ਹੈ।

Digitized by Panjab Digital Library | www.panjabdigilib.org

(3) ਇਸ ਕਥਾ ਵਿੱਚ ਸ਼ਿਵਜੀ ਦੀ ਪਦਵੀ ਦੇ ਟਾਕਰੇ ਤੇ ਬ੍ਰਾਮਾਂ ਦੂਜੇ ਦਰਜੇ ਦੀ ਮਹੱਤਤਾ ਰੱਖਦਾ ਹੈ।

ਇਸ ਵਿਆਖਿਆ ਤੋਂ ਇਹ ਸਿੱਟਾ ਕੱਢਿਆ ਜਾ ਸਕਦਾ ਹੈ ਸ਼ਿਵਜੀ ਦਾ ਨਾਟਕ ਦੇ ਜਨਮ ਨਾਲ ਡੂੰਘਾ ਸਬੰਧ ਹੈ। ਇਸ ਦੇਵ ਦਾ ਪੂਰਬ-ਆਰੀਆ ਸਿੱਧ ਹੋਣਾ ਅਤੇ ਨੱਟ ਰਾਜਾਂ ਦੇ ਵਿਸ਼ੇਸ਼ਣ ਨਾਲ ਸਬੰਧਤ ਹੋਣਾ ਧਿਆਨਯੋਗ ਨੁਕਤੇ ਹਨ। ਇਸ ਤੋਂ ਇਕ ਹੋਰ ਪ੍ਰਸ਼ਨ ਪੈਦਾ ਹੁੰਦਾ ਹੈ ਕਿ ਸ਼ਿਵਜੀ ਦੇ ਦੋ ਮੁੱਖ ਰੂਪਾਂ ਵਿਚੋਂ ਕਿਸ ਨੇ ਨਾਟਕ ਦੇ ਜਨਮ ਵਿਚ ਵਧੇਰੇ ਭਾਗ ਪਾਇਆ।

ਕੀ ਉਸ ਦਾ ਲਿੰਗਿਕ ਪੱਖ ਜਿਹੜਾ ਪੂਜਾ ਤੇ ਨ੍ਰਿਤ ਨਾਲ ਸਬੰਧਤ ਹੈ ਨਾਟਕ ਦੇ ਮੁਢ ਦਾ ਕਾਰਨ ਬਣਿਆ ?

ਜਾਂ

ਉਸ ਦਾ ਦਮਨ ਜਾਂ ਤਬਾਹੀ ਕਰਨ ਵਾਲਾ ਪੱਖ, ਜਿਸ ਨਾਲ ਬ੍ਰਹਿਮੰਡੀ ਨਾਚ ਸਬੰਧਤ ਹੈ।

ਜਿਸ ਵੇਲੇ ਅਸੀਂ ਪੜ੍ਹਦੇ ਹਾਂ ਕਿ ਯੂਨਾਨ ਅਤੇ ਮੈਕਸੀਕੋ ਦੇ ਲਿੰਗ ਨਾਚ ਨਾਟਕ ਦੇ ਜਨਮ ਨਾਲ ਡੂੰਘੀ ਤਰ੍ਹਾਂ ਸਬੰਧਤ ਹਨ, ਤਾਂ ਸਹਿਜੇ ਵਿਚਾਰ ਪੈਦਾ ਹੁੰਦਾ ਹੈ ਕਿ ਸ਼ਾਇਦ ਭਾਰਤ ਵਿੱਚ ਵੀ ਇਹੋ ਜਹੀ ਵਿਵੱਸਥਾ ਪੈਦਾ ਹੋਈ ਹੋਵੇ। ਕਿਉਂਕਿ ਸ਼ਿਵਲਿੰਗ ਪੂਜਾ ਸਿੰਧੂ ਘਾਟੀ ਵਿੱਚ ਪ੍ਰਚੱਲਤ ਸਿੱਧ ਹੋ ਚੁੱਕੀ ਹੈ। ਬਹੁਤ ਸਾਰੇ ਸ਼ਿਵਲਿੰਗ ਤੇ ਯੋਨੀ ਦੇ ਨਮੂਨੇ ਲੱਭੇ ਜਾ ਚੁੱਕੇ ਹਨ। ਪਸ਼ੂ-ਪਤੀ ਸ਼ਿਵ ਦੇ ਸਿੰਧੂ ਘਾਟੀ ਵਿੱਚ ਚਿੰਨ੍ਹ ਵੀ ਮਿਲ ਚੁੱਕੇ ਹਨ।

ਰਿਗ ਵੇਦ ਵਿੱਚ ਇਕ ਅਜੇਹੀ ਵਿਰੋਧੀ ਲੋਕਾਂ ਦੀ ਸ਼੍ਰੇਣੀ ਦਾ ਵਰਨਣ ਆਉਂਦਾ ਹੈ ਜਿਨ੍ਹਾਂ ਨੂੰ ਲਿੰਗ ਪੂਜਕ ਕਿਹਾ ਗਿਆ ਹੈ।

## ਪੂਰਵ-ਆਰੀਆ ਨਾਟਕਾਂ ਦੀ ਸੰਭਵ ਬੋਲੀ

ਹੜੱਪਾ ਤੇ ਮਹਿੰਜੋਦਾਰੋ ਦੀ ਖੁਦਾਈ ਤੋਂ ਲਗ ਭਗ 588 ਠੀਕਰ-ਮੋਹਰਾਂ ਪ੍ਰਾਪਤ ਹੋਈਆਂ ਹਨ। ਇਹਨਾਂ ਮੋਹਰਾਂ ਤੇ ਠੱਪਿਆਂ ਉੱਤੇ ਮਨੁੱਖਾਂ ਤੇ ਦੇਵਤਿਆਂ ਆਦਿ ਦੀਆਂ ਮੂਰਤਾਂ ਤੋਂ ਬਿਨਾਂ ਕੁਝ ਲਿਖਤਾਂ ਵੀ ਉਕਰੀਆਂ ਮਿਲਦੀਆਂ ਹਨ। ਪੂਰਵ-ਆਰੀਆ ਭਾਸ਼ਾ ਬਾਰੇ ਅਜੇ ਨਿਸਚੇ ਨਾਲ ਕੁਝ ਨਹੀਂ ਕਿਹਾ ਜਾ ਸਕਦਾ। ਇਹ ਵੀ ਸਿਧ ਨਹੀਂ ਹੋ ਸਕਿਆ ਕਿ ਮੋਹਰਾਂ ਉੱਤੇ ਉਕਰੀ ਹੋਈ ਚਿਤ੍ਰ ਲਿਪੀ ਹੈ ਕਿ ਮਾਤ੍ਰਿਕ। ਰਿਗ ਵੇਦ ਵਿੱਚ ਬਹੁਤ ਸਾਰੇ ਅਜਿਹੇ ਸ਼ਬਦ ਆਏ ਹਨ ਜਿਨ੍ਹਾਂ ਦੀ ਵਿਦਵਾਨਾਂ ਨੂੰ ਠੀਕ ਤਰ੍ਹਾਂ ਸਮਝ ਨਹੀਂ ਪੈਂਦੀ। ਕੁਝ ਵਿਦਵਾਨ ਉਹਨਾਂ ਨੂੰ ਪੂਰਵ- ਰੀਆ ਬੋਲੀ ਦੇ ਸ਼ਬਦ ਖਿਆਲ ਕਰਨ ਲਗ ਪਏ ਹਨ। ਭਾਵੇਂ ਆਰੀਆਂ ਨੇ ਉਹਨਾਂ ਲੋਕਾਂ ਨੂੰ ਰਾਜਨੀਤਕ ਤੌਰ ਤੇ ਅਧੀਨ ਕਰ ਲਿਆ ਸੀ ਪਰ ਆਦਿ ਵਾਸੀਆਂ ਦੇ ਬੋਲੀ ਦੇ ਅਨੇਕਾਂ ਸ਼ਬਦ ਬਦੋ ਬਦੀ ਵੇਦਕ ਬੋਲੀ ਵਿਚ ਸੰਮਿਲਤ ਹੋ ਗਏ ਹੋਣਗੇ। ਵਧੇਰੇ ਖੋਜ ਤੋਂ ਸਾਨੂੰ ਪੁਰਾਣੀਆਂ ਪ੍ਰਾਕ੍ਰਿਤਾਂ ਦੇ ਜਨਮ ਤੇ ਵਿਕਾਸ ਬਾਰੇ ਵਧੇਰੇ ਥਹੁ ਲਗ ਸਕਦਾ ਹੈ। ਹੋਰਨਲੇ ਦੇ ਪ੍ਰਸਿੱਧ ਸਿਧਾਂਤ ਅਨੁਸਾਰ ਪਿਸਾਚੀ ਪ੍ਰਾਕ੍ਰਿਤ ਆਦਿ ਦ੍ਰਾਵੜਾਂ ਦੀ ਪ੍ਰਾਚੀਨ ਭਾਸ਼ਾ ਸੀ। ਕੁਝ ਵਿਦਵਾਨਾਂ ਦਾ ਵਿਚਾਰ ਹੈ ਕਿ ਠੀਕਰ-ਮੋਹਰਾਂ ਉਤੇ ਉਕਰੀ ਬੋਲੀ ਤਾਮਲ ਭਾਸ਼ਾ ਹੈ। ਉਹਨਾਂ ਦੇ ਸਿਧਾਂਤ ਅਨੁਸਾਰ ਆਰੀਆਂ ਤੋਂ ਪਹਿਲਾਂ ਸਿੰਧੂ ਘਾਟੀ ਵਿੱਚ ਦ੍ਰਾਵੜ ਲੋਕ ਵਸਦੇ ਸਨ। ਪ੍ਰਾਚੀਨ ਤਾਮਲ ਤੇ ਪੁਰਾਣੀ ਪੰਜਾਬੀ ਦੇ ਸ਼ਬਦਾਂ ਵਿੱਚ ਸਾਂਝ ਦਾ ਝੋਲਾ ਪੈਂਦਾ ਹੈ। ਇਸ ਪਾਸੇ ਭਾਸ਼ਾ

Digitized by Panjab Digital Library | www.panjabdigilib.org

ਵਿਗਿਆਨੀਆਂ ਨੂੰ ਧਿਆਨ ਦੇਣ ਦੀ ਲੋੜ ਹੈ ।

ਉਪਰ ਬਿਆਨੇਂ ਠੋਸ ਸਬੂਤਾਂ ਤੇ ਸ਼ਹਾਦਤਾਂ ਦੇ ਆਧਾਰ ਤੇ ਅਸੀਂ ਨਿਸ਼ਚੇ ਨਾਲ ਕਹਿ ਸਕਦੇ ਹਾਂ ਕਿ ਸਿੰਧੂ ਘਾਟੀ ਦੇ ਸਭਿਅਕ ਵਸਨੀਕ ਨਾਚ, ਗਾਣੇ ਅਤੇ ਨਾਟਕ ਕਲਾ ਤੋਂ ਚੰਗੀ ਤਰ੍ਹਾਂ ਜਾਣੂ ਸਨ । ਇਹ ਵੀ ਸਪਸ਼ਟ ਹੈ ਕਿ ਜਿਸ ਵੇਲੇ ਆਰੀਆ ਲੋਕ ਪੰਜਾਬ ਵਿਚ ਆਏ, ਉਸ ਸਮੇਂ ਸੁਦੇਸ਼ੀ ਨਾਟਕੀ ਪਰੰਪਰਾਵਾਂ ਪ੍ਰਚੱਲਤ ਸਨ । ਉਹਨਾਂ ਦੀਆਂ ਉਕਰੀਆਂ ਹੋਈਆਂ ਨੀਹਾਂ ਉਤੇ ਹੀ ਸੰਸਕ੍ਰਿਤ ਨਾਟਕ ਦੀ ਉਸਾਰੀ ਹੋਈ । ਸੋ ਸੰਸਕ੍ਰਿਤ ਨਾਟਕ ਦਾ ਜਨਮ ਤੇ ਵਿਕਾਸ ਪੂਰੀ ਤਰ੍ਹਾਂ ਹੜੱਪਾ ਸਭਿਅਤਾ ਨਾਲ ਸਬੰਧਤ ਹੈ । ਇਸ ਬਾਰੇ ਹੋਰ ਡੂੰਘੀ ਖੋਜ ਦੀ ਲੋੜ ਹੈ । ਹੜੱਪਾ ਸਭਿਅਤਾ ਵਿੱਚ ਸ਼ਿਵਜੀ ਦੇਵ ਦੇ ਲਿੰਗਾਂ ਦੀ ਪੂਜਾ ਦੀਆਂ ਠੋਸ ਸ਼ਹਾਦਤਾਂ ਮਿਲਦੀਆਂ ਹਨ । ਕਾਂਸੀ ਦੀ ਨੰਗੀ ਨਾਚੀ ਬੁੱਤ ਤੋਂ ਪ੍ਰਗਟ ਹੈ ਕਿ ਇਸਤਰੀਆਂ ਦੇ ਨੰਗੇ ਨਾਚਾਂ ਦਾ ਰਿਵਾਜ ਵੀ ਪ੍ਰਚੱਲਤ ਹੋਵੇਗਾ ।

ਦੂਜਾ ਪ੍ਰਸ਼ਨ ਹੈ ਸ਼ਿਵ ਜੀ ਮਹਾਰਾਜ ਦਾ ਦਮਨ ਰੂਪ ਨਾਟਕ ਦੇ ਜਨਮ ਨਾਲ ਕਿੰਨਾ ਸਬੰਧਤ ਹੈ । ਇਸ ਬਾਰੇ ਅਸੀਂ ਅਨੰਦ ਕੁਮਾਰ ਸਵਾਮੀ ਦੇ ਕਥਨ ਦਾ ਪਹਿਲੋਂ ਹਵਾਲਾ ਦੇ ਚੁੱਕੇ ਹਾਂ ਕਿ ਸ਼ਿਵ ਜੀ ਦਾ ਤਾਂਡਵ ਨਾਚ ਉਸ ਦੇ ਭਿਆਨਕ ਤਮਾਸ਼ਮਈ ਪੱਖ ਨਾਲ ਸਬੰਧ ਰਖਦਾ ਹੈ । ਅਤੇ ਇਹ ਪੂਰਬ-ਆਰੀਆ ਕਾਲ ਦੀ ਹੀ ਯਾਦ ਦਵਾਉਂਦਾ ਹੈ ।

ਸ਼ਿਵ ਜੀ ਮਹਾਰਾਜ ਦਾ ਸਬੰਧ ਨਾਟਕ ਨਾਲ ਭਾਵੇਂ ਕਿਸੇ ਰੂਪ ਵਿਚ ਹੋਵੇ ਇਕ ਗੱਲ ਸਪਸ਼ਟ ਜਾਪਦੀ ਹੈ ਕਿ ਉਸ ਦਾ ਨਾਟਕ ਦੇ ਜਨਮ ਨਾਲ ਡੂੰਘਾ ਰਿਸ਼ਤਾ ਠੋਸ-ਥੇਹ ਸ਼ਹਾਦਤਾਂ ਤੇ ਆਧਾਰਤ ਹੈ ।

## ਨਾਟਕ ਤੇ ਸ੍ਰੀ ਕ੍ਰਿਸ਼ਨ ਦੀ ਪੂਜਾ

ਭਾਰਤੀ ਨਾਟਕ ਦੇ ਜਨਮ ਨੂੰ ਸ੍ਰੀ ਕ੍ਰਿਸ਼ਨ ਨਾਲ ਵੀ ਜੋੜਿਆ ਜਾਂਦਾ ਹੈ । ਇਸ ਸਬੰਧ ਤੋਂ ਵੀ ਪ੍ਰਾਚੀਨ ਨਾਟਕ ਦੀ ਧਾਰਮਿਕ ਰੁਚੀ ਦਾ ਪ੍ਰਮਾਣ ਮਿਲਦਾ ਹੈ । ਕ੍ਰਿਸ਼ਨ ਲੀਲਾ ਦਾ ਪ੍ਰਚੱਲਤ ਲੋਕ ਰੂਪ ਜਾਂ ਗੀਤ ਗੋਬਿੰਦ ਵਰਗੀਆਂ ਰੀਤਕ ਰਚਨਾਵਾਂ ਵੀ ਸ੍ਰੀ ਕ੍ਰਿਸ਼ਨ ਨਾਲ ਸਬੰਧਤ ਹਨ । ਕੁਝ ਦਖਣ ਦੇ ਵਿਦਵਾਨਾਂ ਦੀ ਤਾਜ਼ਾ ਖੋਜ ਅਨੁਸਾਰ ਸ੍ਰੀ ਕ੍ਰਿਸ਼ਨ ਵੀ ਹੜੱਪਾ ਸਭਿਅਤਾ ਦੇ ਆਦਿ ਲੋਕਾਂ ਦੇ ਦੇਵਤਾ ਸਨ । ਉਨ੍ਹਾਂ ਦੀ ਖੋਜ ਅਨੁਸਾਰ ਸ੍ਰੀ ਕ੍ਰਿਸ਼ਨ ਦੀ ਪੂਜਾ ਤੇ ਕ੍ਰਿਸ਼ਨ ਲੀਲਾ ਦਾ ਮੁੱਢ ਪੂਰਬ ਆਰੀਆ ਯਾਦਾਂ ਨਾਲ ਜੁੜਿਆ ਹੋਇਆ ਹੈ । ਸ੍ਰੀ ਚੱਕਰਵਰਤੀ ਨੇ ਤਿਰੂ-ਕਰੁੱਲ, ਜਿਸ ਨੂੰ ਤਾਮਿਲ ਲੋਕਾਂ ਦਾ ਵੇਦ ਕਿਹਾ ਜਾਂਦਾ ਹੈ, ਦੀ ਭਮਿਕਾ ਵਿੱਚ ਸ੍ਰੀ ਕ੍ਰਿਸ਼ਨ ਜੀ ਨੂੰ ਨਿਸਚਿਤ ਤੌਰ ਤੇ ਦਰਾਵੜਾਂ ਦਾ ਦੇਵਤਾ ਸਿੱਧ ਕਰਨ ਦਾ ਯਤਨ ਕੀਤਾ ਹੈ । ਉਸ ਦੇ ਕਥਨ ਅਨੁਸਾਰ ਕਈ ਧਾਰਮਿਕ ਰੀਤਾਂ ਉਨ੍ਹਾਂ ਦੇ ਕਬਾਇਲੀ ਦੇਵਤੇ ਕਾਨ੍ਹ ਜਾਂ ਮਹਾਂ ਗਊਪਾਲ ਨਾਲ ਕੇਂਦਰਤ ਹਨ । ਕਾਨ੍ਹ ਸ਼ਬਦ ਦਾ ਭਾਵ ਤਾਮਿਲ ਬੋਲੀ ਵਿੱਚ ਗਊਪਾਲ ਤੋਂ ਹੀ ਲਿਆ ਜਾਂਦਾ ਹੈ, ਜਿਸ ਨੂੰ ਉਤਰੀ ਭਾਰਤ ਵਿਚ ਗੋਪਾਲ ਕਿਹਾ ਜਾਂਦਾ ਹੈ । ਦੱਖਣੀ ਭਾਰਤ ਦੇ ਜੰਗਲਾਂ ਵਿਚ ਰਹਿਣ ਵਾਲੇ ਕਈ ਚਰਵਾਹੇ ਟੱਬਰ ਅਜੇ ਤੱਕ ਮੁਢਲੇ ਕ੍ਰਿਸ਼ਨ ਮਤ ਦੇ ਧਾਰਨੀ ਹਨ । ਅਤੇ ਇਹ ਜਾਤੀ ਨਿਰਸੰਦੇਹ ਪੂਰਬ ਆਰੀਆ ਲੋਕਾਂ ਵਿਚੋਂ ਮੰਨੀ ਗਈ ਹੈ ।

## ਪੰਜਾਬ ਵਿਚ ਆਦਿ-ਵਾਸੀਆਂ ਦੀ ਪਰੰਪਰਾ

ਪੰਜਾਬ ਦੇ ਆਦਿ ਧਰਮੀ ਜਾਂ ਚਮਾਰਾਂ ਵਿੱਚ ਅੱਜ ਵੀ ਇਕ ਪ੍ਰਾਚੀਨ ਨਾਟਕੀ ਪਰੰਪਰਾ

Digitized by Panjab Digital Library | www.panjabdigilib.org

ਪ੍ਰਚੱਲਤ ਹੈ। ਜਿਸ ਨੂੰ ਉਹ 'ਸਾਲ' ਕਹਿੰਦੇ ਹਨ। ਇਸ ਰੀਤ ਦੀ ਛਾਣ ਬੀਣ ਤੋਂ ਪ੍ਰਗੱਟ ਹੁੰਦਾ ਹੈ ਕਿ ਇਹ ਰੀਤ ਹੜੱਪਾ ਸਭਿਅਤਾ ਨਾਲ ਡੂੰਘੀ ਤਰ੍ਹਾਂ ਸਬੰਧਤ ਹੈ। ਇਸ ਰਸਮ ਵਿੱਚ ਧਾਰਮਿਕ ਜਾਦੂ ਟੂਣੇ ਅਤੇ ਵਹਿਮ-ਭਰਮ ਰਲੇ ਮਿਲੇ ਹੋਏ ਹਨ। ਇਸ ਤੋਂ ਬਿਨਾਂ 'ਸਾਲ' ਵਿਚ ਜੰਤਰ ਮੰਤਰ, ਸਾਂਗ ਤੇ ਤਮਾਸ਼ੇ ਦੇ ਤੱਤ ਵੀ ਮਿਲਦੇ ਹਨ। ਉਨ੍ਹਾਂ ਦੇ ਸੀਨਾ ਬਸੀਨਾ ਤੁਰੇ ਆ ਰਹੇ ਚੇਲਿਆਂ ਤੋਂ ਇਹ ਵੀ ਪਤਾ ਲਗਦਾ ਹੈ ਕਿ ਇਹ ਰੀਤ ਆਦਿ ਕਾਲ ਤੋਂ ਚਲੀ ਆ ਰਹੀ ਹੈ। ਖੋਜੀਆਂ ਦੀ ਬਹੁ-ਗਿਣਤੀ ਪੰਜਾਬ ਦੇ ਆਦਿ ਧਰਮੀਆਂ ਨੂੰ ਪੂਰਬ ਆਰੀਆ ਲੋਕਾਂ ਵਿਚੋਂ ਮੰਨਦੀ ਹੈ। ਆਰੀਆਂ ਦੀ ਆਮਦ ਤੋਂ ਬਾਅਦ ਉਨ੍ਹਾਂ ਨੂੰ ਸਮਾਜ ਦੀ ਸ਼ੂਦਰ ਸ਼੍ਰੇਣੀ ਜਾਂ 'ਦਸਯੂ' ਕਿਹਾ ਜਾਣ ਲੱਗਾ। 'ਸਾਲ' ਦੀ ਰੀਤ ਸਮੇਂ ਉਹ ਲੋਕ ਇਕ ਅਜੇਹੇ ਦੇਵਤੇ ਦੀ ਪੂਜਾ ਤੇ ਸਨਮਾਨ ਕਰਦੇ ਹਨ, ਜਿਸ ਨੂੰ ਉਹ ਕਈ ਨਾਵਾਂ ਨਾਲ ਬਲਾਉਂਦੇ ਹਨ। ਜਿਵੇਂ ਸ਼ਿਵ ਜੀ, ਮਹਾਂਦਿਓ (ਸ਼ਿਵ ਜੀ ਦਾ ਹੀ ਦੂਜਾ ਨਾਂ) ਜਾਂ ਝੋਟਾ ਵਲੀ। (ਹੜੱਪਾ ਸਭਿਅਤਾ ਦਾ ਝੋਟੇ ਦਾ ਧਿਰ ਵਾਲਾ ਦੇਵਤਾ) 'ਸਾਲ' ਪਿੰਡ ਦੇ ਪਸ਼ੂਆਂ ਦੀ ਰੱਖਿਆ ਖਾਤਰ ਹਰ ਸਾਲ ਕੀਤਾ ਜਾਂਦਾ ਹੈ। ਸ਼ਾਇਦ ਇਸੇ ਕਰ ਕੇ ਇਸ ਦਾ ਨਾਂ 'ਸਾਲ ਪਿਆ ਹੈ।

ਇਸ ਰੀਤ ਲਈ ਕਈ ਮਹੀਨੇ ਪਹਿਲੋਂ ਇਕ ਖਾਸ ਦਿਨ ਜਿਹੜਾ ਕਿ ਜੇਠਾ ਐਤਵਾਰ, ਮੰਗਲਵਾਰ ਜਾਂ ਸ਼ਨੀਚਰਵਾਰ ਹੁੰਦਾ ਹੈ, ਮੱਥ ਲਿਆ ਜਾਂਦਾ ਹੈ। ਕਿਉਂਕਿ ਇਹ ਰੀਤ ਪਿੰਡ ਦੇ ਪਸ਼ੂਆਂ ਦੀ ਭਲਾਈ ਖਾਤਰ ਕੀਤੀ ਜਾਂਦੀ ਹੈ ਇਸ ਵਾਸਤੇ ਕਿਸਾਨ ਲੋਕ ਅੰਨ-ਦਾਣੇ ਨਾਲ ਪੂਰੀ ਤਰ੍ਹਾਂ ਸਹਾਇਤਾ ਕਰਦੇ ਹਨ। ਨੀਅਤ ਦਿਨ ਚੇਲੇ ਨੂੰ ਬੜੀ ਆਓ ਭਗਤ ਨਾਲ ਲਿਆਂਦਾ ਜਾਂਦਾ ਹੈ। ਕੁਝ ਜੰਤਰ ਮੰਤਰ ਤੇ ਟੂਣੇ ਆਦਿ ਕਰਨ ਪਿਛੋਂ ਇਕ ਬਕਰਾ ਭੈਰੋਂ ਦੀ ਭੇਟ ਕੀਤਾ ਜਾਂਦਾ ਹੈ। (ਬਕਰੇ ਦੀ ਕੁਰਬਾਨੀ ਵੀ ਪੂਰਬ ਆਰੀਆ ਵਿਸ਼ਵਾਸ ਹੈ। ਹੜੱਪਾ ਤੋਂ ਮਿਲੀ ਇਕ ਠੀਕਰ-ਮੋਹਰ ਉੱਤੇ ਇਕ ਪਿੱਪਲ ਦੇ ਦਰੱਖਤ ਦੀ ਟਾਹਣੀ ਵਿੱਚ ਇਕ ਦੇਵੀ ਖੜੀ ਹੈ। ਇਕ ਉਪਾਸ਼ਕ ਬਕਰੇ ਨੂੰ ਕੁਰਬਾਨੀ ਲਈ ਲਿਆਇਆ ਦਖਾਇਆ ਗਿਆ ਹੈ। ਲੋਕ ਕਤਾਰ ਬੰਨ੍ਹ ਕੇ ਖੜੇ ਹਨ)। ਬਕਰੇ ਦੇ ਲਹੂ ਨਾਲ ਇਕ ਕੁੱਜੀ ਭਰ ਲਈ ਜਾਂਦੀ ਹੈ ਜਿਸ ਨੂੰ ਉਂਗਲ ਨਾਲ ਸਾਰੇ ਪਿੰਡ ਦੇ ਪਸ਼ੂਆਂ ਦੇ ਵਾੜਿਆਂ ਵਿਚ ਛਿੜਕਿਆ ਜਾਂਦਾ ਹੈ। 'ਸਾਲ' ਨਾਲ ਹੋਰ ਵੀ ਕਈ ਤੱਤ ਮਿਲੇ ਹੋਏ ਹਨ। ਜਿਨ੍ਹਾਂ ਵਿੱਚੋਂ ਇਕ ਧਿਆਨ ਯੋਗ ਇਹ ਹੈ ਕਿ ਪਲਾਹ ਦੀਆਂ ਸੋਟੀਆਂ ਦੀਆਂ ਪੰਜ ਛੋਟੀਆਂ ਛੋਟੀਆਂ ਗੰਢਾਂ ਬੰਨ੍ਹੀਆਂ ਜਾਂਦੀਆਂ ਹਨ ਜੋ ਰਾਤ ਸਮੇਂ ਪਿੰਡ ਦੀ ਹੱਦ ਤੋਂ ਪਾਰ ਲਿਜਾਈਆਂ ਜਾਂਦੀਆਂ ਹਨ। ਇਹ ਲੋਕ ਰਸਮ ਪ੍ਰਾਚੀਨ ਯੂਰਪ ਵਿੱਚ ਵੀ ਪ੍ਰਚੱਲਤ ਸੀ।

ਇਸ ਰੀਤ ਨਾਲ ਤਮਾਸ਼ੇ ਤੇ ਸਾਂਗ ਦੇ ਅੰਸ਼ ਵੀ ਮਿਲੇ ਹੋਏ ਹਨ। ਰਾਤ ਦੇ ਕੋਈ ਦਸ ਗਿਆਰਾਂ ਵਜੇ ਇਕ ਜਲੂਸ ਨਿਕਲਦਾ ਹੈ, ਜਿਸ ਵਿੱਚ ਚੇਲਾ ਅੱਗੇ ਹੁੰਦਾ ਹੈ। ਅਖਾੜੇ ਵੱਲ ਨੂੰ ਜਾਂਦੇ ਹੋਏ ਇਸ ਜਲੂਸ ਨਾਲ ਇਕ ਵਹਿਮ ਵੀ ਜੁੜਿਆ ਹੋਇਆ ਹੈ। ਉਹ ਇਹ ਕਿ ਜਿਹੜਾ ਵੀ ਇਸ ਦੇ ਰਾਹ ਵਿੱਚ ਆ ਜਾਂਦਾ ਹੈ, ਉਹ ਭੈਰੋਂ ਦੀ ਮਾਰ ਤੋਂ ਬਚ ਨਹੀਂ ਸਕਦਾ। ਕਈ ਦਫ਼ਾ ਪਿੰਡ ਦਾ ਨੰਬਰਦਾਰ ਸਰੋਪਾ ਆਦਿ ਲੈ ਕੇ ਚੇਲੇ ਨੂੰ ਭੇਟ ਕਰਦਾ ਹੈ।

ਰਾਤ ਸਮੇਂ ਥੋੜ੍ਹੀ ਦੇਰ ਬਾਅਦ ਚੁੱਪ ਝਾਕੀਆਂ ਵੀ ਕੱਢੀਆਂ ਜਾਂਦੀਆਂ ਹਨ। ਉਨ੍ਹਾਂ ਵਿੱਚ ਸਭ ਤੋਂ ਪ੍ਰਸਿਧ ਝਾਕੀ ਸ਼ਿਵਜੀ ਤੇ ਪਾਰਬਤੀ ਦੀ ਹੈ। ਇਹ ਖ਼ਿਆਲ ਕੀਤਾ ਜਾਂਦਾ ਹੈ ਕਿ ਸ਼ਿਵ ਦੇਵ ਆਪਣੀ ਅਰਧੰਗੀ ਸਮੇਤ ਅੱਧੀ ਰਾਤ ਨੂੰ ਹਾਥੀ ਉਤੇ ਬੈਠ ਕੇ ਆਉਂਦਾ ਹੈ। ਇਸ ਝਾਕੀ

Digitized by Panjab Digital Library | www.panjabdigilib.org

ਲਈ ਫ਼ਰਜ਼ੀ ਹਾਥੀ ਦਾ ਸਾਂਗ ਤਿਆਰ ਕੀਤਾ ਜਾਂਦਾ ਹੈ। ਹਰ ਇਕ ਝਾਕੀ ਅਖਾੜੇ ਦੇ ਦੁਆਲੇ ਪਰਕਰਮਾ ਕਰਦੀ ਹੈ। ਦਰਸ਼ਕ ਉੱਠ ਉੱਠ ਕੇ ਭੇਟਾਂ ਚੜ੍ਹਾਉਂਦੇ ਹਨ। ਚੇਲੇ ਵਿਚ ਬਹੁਤ ਦਫ਼ਾ ਦੇਵੀ ਪ੍ਰਵੇਸ਼ ਕਰਦੀ ਹੈ ਤੇ ਉਹ ਖੇਲਨ ਲੱਗ ਜਾਂਦਾ ਹੈ। ਇਸ ਨੂੰ ਬਹੁਤ ਚੰਗਾ ਸ਼ਗਨ ਸਮਝਿਆ ਜਾਂਦਾ ਹੈ।

ਸਾਲ ਦੀ ਰੀਤ ਤੋਂ ਬਾਅਦ ਸਦਾ ਭੰਡਾਂ ਦੀਆਂ ਨਕਲਾਂ ਜਾਂ ਤਮਾਸ਼ਾ ਹੁੰਦਾ ਹੈ ਜੋ ਆਮ ਤੌਰ ਤੇ ਸਾਰੀ ਰਾਤ ਰਹਿੰਦਾ ਹੈ। ਪਿੱਛਲੇ ਸਮਿਆਂ ਵਿੱਚ ਇਸ ਨਾਟਕੀ ਰੀਤ ਨਾਲ ਕਈ ਤਰ੍ਹਾਂ ਦੇ ਤੱਤ ਰਲ ਗਏ ਮਲੂਮ ਹੁੰਦੇ ਹਨ। ਪੰਜਾਬ ਦੇ ਝਿਊਰਾਂ ਦਾ 'ਸਾਲ' ਕੁਝ ਵੱਖਰੀ ਭਾਂਤ ਦਾ ਹੈ। ਉਹ ਪਾਣੀ ਦੇ ਦਿਓਤੇ ਦੀ ਪੂਜਾ ਕਰਦੇ ਹਨ। ਇਸ ਵਹਿਮ ਦਾ ਮੁੱਢ ਵੀ ਹੜੱਪਾ ਸਭਿਅਤਾ ਨਾਲ ਮੇਲ ਖਾਂਦਾ ਹੈ। ਹੜੱਪਾ ਨਾਲ ਵਗਦਾ ਦਰਿਆ ਜਾਂ ਮਹਿੰਜੋਦਾਰੋ ਦਾ ਵੱਡਾ ਸਰੋਵਰ (Great bath) ਅਜਿਹੇ ਵਹਿਮਾਂ ਦਾ ਮੁੱਢ ਸਮਝਿਆ ਜਾਂਦਾ ਹੈ। ਇਸ ਤੋਂ ਬਿਨਾਂ ਸਿੰਧੂ ਘਾਟੀ ਦੇ ਲੋਕ ਸਮੁੰਦਰ ਰਾਹੀਂ ਬਾਹਰਲੇ ਮੁਲਕਾਂ ਨਾਲ ਵਪਾਰ ਕਰਦੇ ਸਨ।

## ਸਾਲ ਅਤੇ ਦੱਖਣ ਦੇ ਭਗਵਤੀ ਨਾਟਕ ਵਿਚ ਸਾਂਝ

ਵਿਦਵਾਨਾਂ ਨੇ ਦੱਖਣ ਵਿੱਚ ਪ੍ਰਚਲਤ ਭਗਵਤੀ ਨਾਟਕ ਪਰੰਪਰਾ ਨੂੰ ਪੂਰਬ ਆਰੀਆ ਯਾਦਗਾਰ ਜਾਂ ਦੇਣ ਸਿੱਧ ਕੀਤਾ ਹੈ। ਸ੍ਰੀ ਪਿਸ਼ਰੋਤੀ ਨੇ ਆਪਣੀ ਪੁਸਤਕ "ਸਾਊਥ ਇੰਡੀਅਨ ਥੀਏਟਰ" ਵਿੱਚ ਛੇ ਭਾਂਤ ਦੇ ਭਗਵਤੀ ਨਾਟਕਾਂ ਨੂੰ ਧਾਰਮਿਕ ਭਾਵਾਂ ਵਾਲੇ ਨਾਟਕ ਕਿਹਾ ਹੈ। ਕਿਉਂਕਿ ਇਹ ਸਭ ਭਗਵਤੀ ਦੇਵੀ ਦੀ ਅਰਾਧਨਾ ਵਜੋਂ ਖੇਲੇ ਜਾਂਦੇ ਹਨ। ਪਿਸ਼ਰੋਤੀ ਲਿਖਦਾ ਹੈ :—

"ਖਾਲਸ ਧਾਰਮਿਕ ਵੰਨਗੀ ਦੇ ਇਹ ਨਾਟਕ ਭਗਵਤੀ ਮਤ ਦੇ ਧਾਰਨੀ ਹਨ। ਕਿਉਂਕਿ ਇਹ ਸਭ ਭਗਵਤੀ ਦੇਵੀ ਦੀ ਉਸਤੱਤ ਵਿੱਚ ਖੇਡੇ ਜਾਂਦੇ ਹਨ। ਇਹ ਵੀ ਦੇਖਿਆ ਗਿਆ ਹੈ ਕਿ ਇਨ੍ਹਾਂ ਵਿਚੋਂ ਕੁਝ ਕੁ ਵਿੱਚ ਕੋਮਾਰਮ (ਚੇਲਾ) ਬਹੁਤ ਅਹਿਮ ਪਾਰਟ ਅਦਾ ਕਰਦਾ ਹੈ। ਉਸ ਨੂੰ ਦੇਵੀ ਦਾ ਧਰਤੀ ਉੱਤੇ ਪ੍ਰਤੀਨਿਧ ਸਮਝਿਆ ਜਾਂਦਾ ਹੈ। ਜਦੋਂ ਉਸ ਵਿਚ ਦੇਵੀ ਪ੍ਰਵੇਸ਼ ਕਰਦੀ ਹੈ ਤਾਂ ਉਹ ਸਿਰ ਮਾਰਨ ਲੱਗ ਜਾਂਦਾ ਹੈ। ਦਰਸ਼ਕ ਉਸ ਦਾ ਦੇਵੀ ਸਮਾਨ ਆਦਰ ਕਰਦੇ ਹਨ। ਇਸ ਤਰ੍ਹਾਂ ਭਗਵਤੀ ਸੰਪਰਦਾ ਵਿਚ ਨਾਚ ਰਾਗ ਅਤੇ ਨਾਟਕ ਧਾਰਮਿਕ ਭਾਵਾਂ ਅਧੀਨ ਖੇਲੇ ਜਾਂਦੇ ਹਨ ਅਤੇ ਧਾਰਮਿਕ ਮਰਯਾਦਾ ਇਸ ਖੇਲ ਵਿੱਚ ਭਾਰੂ ਰਹਿੰਦੀਆਂ ਹਨ। ਦਰਸ਼ਕ ਇਸ ਵਿੱਚ ਪੂਰੀ ਦਿਲਚਸਪੀ ਨਾਲ ਸ਼ਾਮਲ ਹੁੰਦੇ ਹਨ।

ਭਗਵਤੀ ਨਾਟਕ ਦੇ ਡੂੰਘੇ ਅਧਿਐਨ ਤੋਂ ਪੰਜਾਬ ਅੰਦਰ ਪੂਰਬ ਆਰੀਆ ਨਾਟਕ ਪਰੰਪਰਾਵਾਂ ਤੇ ਤਕੜੀ ਰੌਸ਼ਨੀ ਪੈ ਸਕਦੀ ਹੈ। 'ਸਾਲ' ਦੀ ਰੀਤ ਤੇ ਭਗਵਤੀ ਨਾਟਕਾਂ ਦੀ ਸਾਂਝ ਪ੍ਰਤਖ ਹੈ। ਭਗਵਤੀ ਦੇਵੀ ਦਾ ਨਾਂ ਵੀ ਪੰਜਾਬ ਲਈ ਕੋਈ ਓਪਰਾ ਨਹੀਂ। ਸਾਡੇ ਲੋਕ ਗੀਤਾਂ ਤੇ ਕਾਵਿ ਇਸ ਦਾ ਜ਼ਿਕਰ ਆਉਂਦਾ ਹੈ, ਜਿਵੇਂ :—

ਸੱਸ ਮੇਰੀ ਨੂੰ ਮਾਤਾ ਨਿੱਕਲੀ,
ਸਹੁਰਾ ਕਰੇ ਦੁਆ।
ਨੀ ਮਾਤਾ ਭਗਵਤੀਏ,
ਬੇੜਾ ਬੰਨੇ ਲਾ।

Digitized by Panjab Digital Library | www.panjabdigilib.org

ਤਾਜ਼ਾ ਡੂੰਘੀ ਖੋਜ ਦੀ ਲੋਅ ਵਿਚ ਇਹ ਕੋਈ ਰਹਸ ਨਹੀਂ ਰਿਹਾ ਕਿ ਕਿਵੇਂ ਹੜੱਪਾ ਸਭਿਅਤਾ ਦੀਆਂ ਨਾਟਕ ਪਰੰਪਰਾਵਾਂ ਦੱਖਣੀ ਭਾਰਤ ਵਿਚ ਪੁੱਜੀਆਂ। ਜਿਸ ਵੇਲੇ ਆਰੀਆ ਲੋਕ ਦੱਖਣੀ ਭਾਰਤ ਵਿਚ ਦਾਖਲ ਹੋਏ ਤਾਂ ਉਥੇ ਪਹਿਲੋਂ ਹੀ ਨਾਚ, ਰਾਗ ਤੇ ਨਾਟਕ ਦੀਆਂ ਪ੍ਰਾਚੀਨ ਰਵਾਇਤਾਂ ਪ੍ਰਚਲਤ ਸਨ। ਵੇਦਾਂ ਦੇ ਰਚਨਹਾਰ ਰਿਸ਼ੀਆਂ ਨੇ ਨਾਚ ਤੇ ਨਾਟਕ ਦੇ ਬਹੁਤ ਹੀ ਘੱਟ ਹਵਾਲੇ ਦਿਤੇ ਹਨ। ਇਸ ਦੇ ਟਾਕਰੇ ਤੇ ਉਨ੍ਹਾਂ ਨੇ ਵੇਦਕ ਕਾਲ ਸਮੇਂ ਦੇ ਪ੍ਰਚਲਤ ਕਈ ਪੇਸ਼ਿਆਂ ਤੇ ਮਨ ਪਰਚਾਵਿਆਂ ਦਾ ਵਰਣਨ ਕੀਤਾ ਹੈ। ਨਾਚ ਤੇ ਨਾਟਕ ਸ਼ਾਇਦ ਪੂਰਬ ਕਾਲ ਦੇ ਲੋਕਾਂ ਦੀ ਪਰੰਪਰਾ ਹੋਣ ਕਾਰਨ ਰਿਸ਼ੀ ਮੁਨੀਆਂ ਦੀ ਦ੍ਰਿਸ਼ਟੀ ਵਿਚ ਨੀਂਵੇ ਪੇਸ਼ੇ ਤੇ ਕਿੱਤੇ ਹੋਣ।

ਉਪਰਲੀ ਵਿਚਾਰ ਤੋਂ ਇਹ ਮਨੌਤ ਸੱਚ ਹੀ ਜਾਪਦੀ ਹੈ ਕਿ ਦੱਖਣ ਦੇ ਵਪਾਰੀਆਂ, ਜਿਹੜੇ ਮਿਸਰ, ਸਮੇਰ, ਅਸੀਰੀਆ, ਮੈਸੋਪੋਟਾਮੀਆ ਤੇ ਰੋਮ ਦੇ ਦੇਸਾਂ ਨਾਲ ਵਪਾਰਕ ਸੰਬੰਧ ਰਖਦੇ ਸਨ, ਨੇ ਹੀ ਨਾਚ ਤੇ ਨਾਟ ਕਲਾ ਨੂੰ ਸੁਰਜੀਤ ਰਖਿਆ। ਪ੍ਰਫੁਲਤ ਵਪਾਰ ਵਿਚੋਂ ਕਮਾਏ ਧੰਨ ਦੌਲਤ ਨਾਲ ਉਨ੍ਹਾਂ ਨੇ ਆਪਣੇ ਰਾਜਾਂ ਨੂੰ ਅਮੀਰ ਬਣਾਇਆ ਹੋਵੇਗਾ। ਅਤੇ ਉਨ੍ਹਾਂ ਰਾਜਾਂ ਵਿਚ ਕਲਾ ਤੇ ਸ਼ਿਲਪ ਦੀਆਂ ਪਰੰਪਰਾਵਾਂ ਪੂਰੀ ਤਰ੍ਹਾਂ ਸੰਜੀਵ ਰਹੀਆਂ ਹੋਣਗੀਆਂ। ਅਨੁਮਾਨ ਲਾਇਆ ਜਾਂਦਾ ਹੈ ਕਿ ਖੁਸ਼ਹਾਲ ਸ਼ਹਿਰੀ ਵਪਾਰੀ ਦਿਨ ਭਰ ਦੇ ਕੰਮ ਕਾਰ ਤੋਂ ਵਿਹਲੇ ਹੋ ਕੇ ਨਾਚ ਤੇ ਨਾਟਕ ਵਰਗੀਆਂ ਕਲਾਵਾਂ ਦੀ ਲੋੜ ਅਨੁਭਵ ਕਰਦੇ ਹੋਣਗੇ। ਪੈਰੀਪਲੱਸ ਵਿਚ ਆਏ ਹਵਾਲਿਆਂ ਤੋਂ ਪ੍ਰਗਟ ਹੈ ਕਿ ਪ੍ਰਾਚੀਨ ਕਾਲ ਵਿਚ ਬਦੇਸ਼ੀ ਸੁੰਦਰ ਲੜਕੀਆਂ ਨੂੰ ਮਹਲਾਂ ਵਿਚ ਰਖਣ ਦਾ ਆਮ ਰਿਵਾਜ ਸੀ। ਉਨ੍ਹਾਂ ਲੋਕਾਂ ਦੇ ਦੇਵੀ ਦੇਵਤਿਆਂ ਨੇ ਵੀ ਇਸ ਭਾਂਤ ਦੀ ਖੁਲ੍ਹ ਦਿਤੀ ਹੋਈ ਸੀ।

ਮੁੱਢਲੇ ਤਾਮਿਲ ਸਾਹਿਤ ਵਿਚੋਂ ਪਤਾ ਲਗਦਾ ਹੈ ਕਿ ਦੱਖਣੀ ਭਾਰਤ ਦੇ ਪੂਰਬ ਆਰੀਆ ਵਸਨੀਕ ਸਿਰਜਨਾਤਮਕ ਕਲਾਵਾਂ ਦੇ ਉਪਾਸ਼ਕ ਤੇ ਸ਼ੁਕੀਨ ਸਨ। ਸੰਭਵ ਹੈ ਕਿ ਦਰਾਵੜ ਲੋਕ ਪੰਜਾਬ ਤੋਂ ਧੱਕੇ ਜਾਣ ਸਮੇਂ ਇਹ ਨਾਟਕੀ ਰਵਾਇਤਾਂ ਆਪਣੇ ਨਾਲ ਲੈ ਗਏ ਹੋਣਗੇ। ਜਦੋਂ ਆਰੀਆ ਲੋਕ ਉੱਤਰ ਵਿੱਚ ਆਪਣੇ ਪੈਰ ਜਮਾ ਰਹੇ ਹੋਣਗੇ ਅਤੇ ਅੱਗੇ ਵੱਧਣ ਤੇ ਫੈਲਣ ਲਈ ਲੜ ਭਿੜ ਰਹੇ ਹੋਣਗੇ ਉਦੋਂ ਦੱਖਣ ਦੇ ਪੂਰਬ ਆਰੀਆ ਲੋਕ ਆਪਣੀਆਂ ਸਭਿਆਚਾਰਕ ਪਰੰਪਰਾਵਾਂ ਨੂੰ ਪ੍ਰਫੁਲੱਤ ਕਰ ਰਹੇ ਹੋਣਗੇ। ਸੰਗਮ ਸਾਹਿਤ ਤੋਂ ਇਸ ਗੱਲ ਦੀ ਸਾਫ ਪੁਸ਼ਟੀ ਹੁੰਦੀ ਹੈ।

ਇਸ ਮਨੌਤ ਨੂੰ ਇਸ ਤੱਤ ਤੋਂ ਵੀ ਪਰੋੜ੍ਹਤਾ ਮਿਲਦੀ ਹੈ ਕਿ ਪੂਰਬ ਆਰੀਆ ਸਮਾਜ ਵਿੱਚ ਮਾਤਰੀ ਰਾਜ ਨੇ ਨਾਚ, ਰਾਗ ਤੇ ਨਾਟਕ ਕਲਾ ਨੂੰ ਉਤਸਾਹਤ ਕਰਨ ਵਿਚ ਹਿੱਸਾ ਪਾਇਆ ਹੋਵੇਗਾ। ਕਿਉਂਕਿ ਅਜਿਹੇ ਸਮਾਜ ਵਿੱਚ ਇਸਤ੍ਰੀ ਮਰਦ ਦੋਵੇਂ ਸਿਰਜਨਾਤਮਕ ਹੁਨਰਾਂ ਦੇ ਵਿਕਾਸ ਵਿੱਚ ਰੱਲਕੇ ਖੁੱਲ੍ਹਕੇ ਭਾਗ ਪਾ ਸਕਦੇ ਹਨ। ਹਜ਼ਾਰਾਂ ਸਾਲ ਦੱਖਣੀ ਭਾਰਤ ਉੱਤਰੀ ਹੱਲਿਆਂ ਤੋਂ ਸੁਰਖਿਅਤ ਰਿਹਾ ਹੈ ਅਤੇ ਬੇਰੋਕ ਨਾਟਕੀ ਪਰੰਪਰਾਵਾਂ ਨੂੰ ਸੁਰਜੀਤ ਰੱਖਣ ਵਿੱਚ ਰੁੱਝਾ ਰਿਹਾ।

*Nilakanta Sastri, The Colas p.p. 82-83.

Digitized by Panjab Digital Library | www.panjabdigilib.org

## ਪ੍ਰਸਤਾਵ ਦੀ ਪ੍ਰੋੜਤਾ ਲਈ ਕੁਝ ਸੁਝਾ ਤੇ ਦਲੀਲਾਂ

ਹੜੱਪਾ ਸਭਿਅਤਾ ਵਿੱਚ ਪਰਵਿਰਤ ਨਾਟਕੀ ਪਰੰਪਰਾਵਾਂ ਦੀ ਹੋਂਦ ਬਾਰੇ ਕੁਝ ਹੋਰ ਸੁਝਾ ਤੇ ਦਲੀਲਾਂ :—

## ਕੇਂਦਰੀ ਏਸ਼ੀਆ ਵਿਚ ਨਾਟਕ ਦੀ ਅਣਹੋਂਦ

ਆਰੀਆ ਲੋਕ ਆਮ ਤੌਰ ਤੇ ਕੇਂਦਰੀ ਏਸ਼ੀਆ ਵਿਚੋਂ ਆਏ ਮੰਨੇ ਜਾਂਦੇ ਹਨ। ਸਭ ਵਿਦਵਾਨ ਤੇ ਖੋਜੀ ਇਸ ਸਿਧਾਂਤ ਨਾਲ ਸਹਿਮਤ ਹਨ ਕਿ ਕੇਂਦਰੀ ਤੇ ਪੱਛਮੀ ਏਸ਼ੀਆ ਵਿਚ ਕਦੇ ਵੀ ਨਾਟਕ ਦੀ ਪਰੰਪਰਾ ਪ੍ਰਚਲਤ ਨਹੀਂ ਸੀ। ਵਿਲੀਅਮ ਰਿਜਵੇ ਦੀ ਖੋਜ ਇਸ ਸਬੰਧ ਵਿੱਚ ਧਿਆਨ ਦੀ ਮੰਗ ਕਰਦੀ ਹੈ। ਆਪਣੀ ਜਗਤ ਪ੍ਰਸਿਧ ਪੁਸਤਕ* ਵਿਚ ਉਹ ਲਿਖਦਾ ਹੈ—"ਇਹ ਸਹੀ ਤੌਰ ਤੇ ਮੰਨਿਆ ਜਾ ਚੁੱਕਾ ਹੈ ਕਿ ਪਛਮੀ ਏਸ਼ੀਆ ਵਿੱਚ ਕਦੇ ਵੀ ਯੂਨਾਨ, ਹਿੰਦੁਸਤਾਨ, ਇੰਗਲੈਂਡ, ਫਰਾਂਸ, ਸਪੇਨ ਆਦਿ ਦੇਸ਼ਾਂ ਦੀ ਭਾਂਤ ਦਾ ਨਾਟਕ ਸਾਹਿਤ ਪੈਦਾ ਨਹੀਂ ਹੋਇਆ। ਪੰਜਾਬ ਵਿੱਚ ਪ੍ਰਵੇਸ਼ ਕਰਨ ਸਮੇਂ ਜੇ ਆਰੀਆ ਲੋਕ ਨਾਟਕ ਕਲਾ ਤੋਂ ਅਣਜਾਨ ਸਨ ਤਾਂ ਅਚਨਚੇਤ ਉਹ ਭਾਰਤ ਵਿੱਚ ਨਾਟਕ ਕਲਾ ਨੂੰ ਕਿਸ ਤਰ੍ਹਾਂ ਜਨਮ ਦੇ ਸਕਦੇ ਸਨ। ਨਾਟਕ ਅਜੇਹੀ ਸਮੂਹ ਤੇ ਗੁੰਝਲਦਾਰ ਕਲਾ ਹੈ ਜਿਸ ਦੇ ਵਿਕਾਸ ਵਿੱਚ ਕਈ ਸਦੀਆਂ ਲਗਦੀਆਂ ਹਨ। ਇਹ ਕਵਿਤਾ ਵਾਂਗ ਅਸਮਾਨੋਂ ਉਤਰਨ ਵਾਲੀ ਕਲਾ ਨਹੀਂ, ਸਗੋਂ ਲੰਮੇ ਅਭਿਆਸ ਤੇ ਤਜਰਬੇ ਦੀ ਮੰਗ ਕਰਦੀ ਹੈ। ਫੇਰ ਦੇਸ ਦੀ ਰਾਜਸੀ ਤੇ ਸਮਾਜਕ ਸਥਿਤੀ ਇਸ ਦੇ ਅਨੁਕੂਲ ਹੋਣੀ ਜ਼ਰੂਰੀ ਹੁੰਦੀ ਹੈ। ਸੋ ਮੁਢਲੇ ਸੰਸਕ੍ਰਿਤ ਦੇ ਨਾਟਕ ਹੜੱਪਾ ਸਭਿਅਤਾ ਵਿੱਚ ਪ੍ਰਚਲਤ ਨਾਟਕ ਪਰੰਪਰਾਵਾਂ ਉਤੇ ਹੀ ਆਧਾਰਤ ਹੋ ਸਕਦੇ ਸਨ।

ਨਾਟਕ ਵਧੇਰੇ ਕਰਕੇ ਸ਼ਹਿਰੀ ਲੋਕਾਂ ਦਾ ਮਨ ਪ੍ਰਚਾਵਾ ਤੇ ਪ੍ਰਾਪਤੀ ਹੈ। ਆਰੀਆ ਲੋਕ ਵਧੇਰੇ ਕਰਕੇ ਚਰਵਾਹੇ ਤੇ ਪਿੰਡਾਂ ਵਿੱਚ ਵਸਣ ਵਾਲੇ ਸਨ। ਇਸ ਤੋਂ ਬਿਨਾ ਵੇਦਕ ਕਾਲ ਦੇ ਰਿਸ਼ੀ ਮੁਨੀਆਂ ਦਾ ਜੰਗਲ ਵਾਸ ਅਤੇ ਉਹਨਾਂ ਦੀ ਨਾਟਕ ਕਲਾ ਵਿਰੁਧ ਅਖਲਾਕੀ ਪੱਧਰ ਤੇ ਵਿਰੋਧਤਾ ਇਸ ਗੱਲ ਦਾ ਸਬੂਤ ਹੈ ਕਿ ਆਰੀਆ ਇਸ ਕਲਾ ਨੂੰ ਜਨਮ ਦੇਣ ਤੋਂ ਅਸਮਰਥ ਸਨ।

## ਅਨ-ਆਰੀਆ ਲੋਕਾਂ ਦੀ ਸਰਪ੍ਰਸਤੀ

ਨਾਟ ਸ਼ਾਸਤਰ ਦੇ 36ਵੀਂ ਕਾਂਡ (29-30) ਵਿੱਚ ਭਰਤ ਮੁਨੀ ਲਿਖਦਾ ਹੈ ਕਿ ਇਕ ਨੀਵੇਂ ਪੱਧਰ ਦੇ ਨਾਟਕ ਨੂੰ ਦੇਖ ਕੇ, ਜੋ ਉਸ ਦੇ ਸੌ ਲੜਕਿਆਂ ਨੇ ਪੇਸ਼ ਕੀਤਾ ਸੀ, ਰਿਸ਼ੀ ਮੁਨੀ ਸਖਤ ਨਾਰਾਜ਼ ਹੋ ਗਏ ਸਨ। ਪਰ ਉਸੇ ਕਾਂਡ ਦੇ 40 ਤੇ 41ਵੇਂ ਬੰਦ ਤੋਂ ਪਤਾ ਲਗਦਾ ਹੈ ਭਾਰਤ ਦੇ ਪੁੱਤਰ ਆਪਣੇ ਕੀਤੇ ਉਤੇ ਸ਼ਰਮਿੰਦਾ ਹੋਣ ਦੀ ਥਾਂ ਉਲਟਾ ਭਾਰਤ ਨੂੰ ਕੋਸਦੇ ਹਨ ਕਿ ਉਹ ਨਾਟਕ ਤੇ ਨ੍ਰਿਤ ਦਾ ਇੰਨਾ ਉਪਾਸ਼ਕ ਹੋਣ ਕਾਰਨ ਹੀ ਉਹਨਾਂ ਸਭ ਦੀ ਤਬਾਹੀ ਤੇ ਗਰੀਬੀ ਦਾ ਕਾਰਨ ਬਣਿਆ ਹੈ। ਇਸ ਬਿਰਤਾਂਤ ਤੋਂ ਸਪਸ਼ਟ ਹੈ ਕਿ ਭਰਤ ਮੁਨੀ ਅਨ-ਆਰੀਆ ਸੀ,

*Drsmas and Dramatic Dances of Non European Races, 1915.

Digitized by Panjab Digital Library | www.panjabdigilib.org

ਤਾਹੀਓ ਰਿਸ਼ੀ ਮੁਨੀਆਂ ਨੇ ਉਸ ਨੂੰ ਕੋਸਿਆ ਤੇ ਸਰਾਪ ਦਿੱਤਾ। ਛੋਟੀ ਜਿਹੀ ਭੁਲ ਬਦਲੇ ਉਹਨਾਂ ਨੇ ਉਸ ਨਾਲ ਕੋਈ ਹਮਦਰਦੀ ਨਹੀਂ ਕੀਤੀ।

ਅਜਿਹੀ ਘੋਰ ਨਿਰਾਸਤਾ ਤੇ ਔਕੜ ਸਮੇਂ ਭਰਤ ਮੁਨੀ ਨੂੰ ਵੇਦਕ ਸਮੇਂ ਦੇ ਇਕ ਅਨ-ਆਰੀਆ ਰਾਜੇ ਨਾਹੂਸ ਨੇ ਉਸ ਦੀ ਨਾਟ-ਕਲਾ ਦੀ ਸਰਪ੍ਰਸਤੀ ਕੀਤੀ। ਨਾਟ ਸ਼ਾਸਤ੍ਰ ਦੇ ਦਸਵੇਂ ਅਧਿਆਏ ਵਿੱਚ ਇਕ ਹੋਰ ਕਥਾ ਹੈ ਕਿ ਇੰਦਰ ਨੇ ਦਾਸਯੂ ਨੂੰ ਖ਼ਤਮ ਕਰਨ ਲਈ ਨਾਹੂਸ ਦੇ ਕਿਲੇ ਨੂੰ ਮਿੱਟੀ ਨਾਲ ਮਿਲਾ ਦਿੱਤਾ। ਅਜੀਬ ਮੌਕਾ ਮੇਲ ਹੈ। ਜ ਭਾਰਤ ਆਰੀਆ ਬੰਸ ਵਿਚੋਂ ਹੁੰਦਾ ਤਾਂ ਅਨ-ਆਰੀਆ ਰਾਜੇ ਦੀ ਸ਼ਰਨ ਕਿਉਂ ਲੈਂਦਾ। ਇਸ ਕਥਾ ਤੋਂ ਸਾਫ ਪ੍ਰਗਟ ਹੈ ਕਿ ਅਨ-ਆਰੀਆ ਰਾਜਾ ਨਾਟਕ-ਕਲਾ ਦਾ ਸਨੇਹੀ ਤੇ ਸਰਪ੍ਰਸਤ ਸੀ, ਜਿਸ ਨੇ ਭਰਤ ਮੁਨੀ ਨੂੰ ਨਿਰਾਸਤਾ ਤੋਂ ਬਚਾਉਣ ਲਈ ਨਾ ਕੇਵਲ ਸ਼ਰਨ ਦਿੱਤੀ, ਸਗੋਂ ਨਾਟਕ-ਕਲਾ ਨੂੰ ਸਜੀਵ ਰੱਖਣ ਲਈ ਉਤਸ਼ਾਹ ਤੇ ਆਰਥਕ ਸਹਾਇਤਾ ਵੀ ਦਿੱਤੀ। ਇਸ ਸਬੰਧ ਵਿਚ ਇਹ ਵੀ ਰਵਾਇਤ ਹੈ ਕਿ ਉਸ ਨੇ ਭਰਤ ਮੁਨੀ ਤੇ ਉਸ ਦੇ ਕਲਾਕਾਰਾਂ ਲਈ ਇਕ ਰੰਗ ਮੰਚ ਵੀ ਉਸਾਰਿਆ। ਭਾਰਤ ਦੇ ਮਿਥਿਹਾਸ ਦੀ ਇਹ ਇਕ ਅਸਚਰਜ ਘਟਨਾ ਹੈ ਕਿ ਮਾਤ ਲੋਕ ਉਤੇ ਨਾਟਕ-ਕਲਾ ਦਾ ਪਹਿਲਾ ਸਰਪ੍ਰਸਤ ਇਕ ਅਨ-ਆਰੀਆ ਰਾਜਾ ਸੀ, ਜਿਸ ਨੇ ਨਾਟਕ-ਕਲਾ ਨੂੰ ਧਰਤੀ ਉਤੇ ਲਿਆਉਣ ਲਈ ਭਰਤ ਮੁਨੀ ਦੀ ਸਹਾਇਤਾ ਕੀਤੀ।

ਇਕ ਹੋਰ ਧਿਆਨ ਯੋਗ ਤਥ ਇਹ ਹੈ ਕਿ ਮੁੱਢ ਤੋਂ ਲੈ ਕੇ ਵਰਤਮਾਨ ਸਮੇਂ ਤਕ ਸਮਾਜ ਨੂੰ ਹਸਾਉਣ ਤੇ ਪਰਚਾਉਣ ਵਾਲੇ ਸਭ ਕਲਾਕਾਰ ਨੀਵੀਂ ਜਾਤੀ ਵਿਚੋਂ ਕਿਉਂ ਹਨ ? ਕੀ ਇਸ ਸਚਾਈ ਤੋਂ ਇਹ ਸਿੱਧ ਨਹੀਂ ਹੁੰਦਾ ਕਿ ਇਹ ਲੋਕ ਪੂਰਵ ਆਰੀਆ ਜਾਂ ਅਨ-ਆਰੀਆ ਜਾਤੀਆਂ ਦੇ ਬ੍ਰਾਹਮਣੀ ਮਤ ਅਨੁਸਾਰ ਸ਼ੂਦਰ ਸਨ ?

## ਸਿੰਧੂ ਘਾਟੀ ਦੀ ਇਕ ਲੋਕ ਕਥਾ

ਥਾਮਸ ਲੈਂਮਬਰਟ ਬਾਰਲੋ, ਜੋ ਸਾਲਟ ਰੈਵੇਨੀਊ ਵਿਭਾਗ ਦਾ ਇਕ ਅਧਿਕਾਰੀ ਸੀ, ਲਗ ਭਗ 30 ਸਾਲ ਅਟਕ ਨਦੀ ਦੇ ਕੰਢੇ ਇਕ ਪਿੰਡ ਵਿੱਚ ਰਿਹਾ। ਉਸ ਦਾ ਬਹੁਤਾ ਸਮਾਂ ਸਿੰਧ ਦਰਿਆ ਦੇ ਕੰਢੇ ਹੀ ਗੁਜ਼ਰਿਆ। ਉਸ ਨੇ ਉਸ ਇਲਾਕੇ ਦੀਆਂ ਪ੍ਰਾਚੀਨ ਲੋਕ ਕਥਾਵਾਂ ਇਕੱਠੀਆਂ ਕਰਕੇ ਫੋਕ ਟੇਲਜ਼ ਫਰੌਮ ਇੰਡਸ ਵੈਲੀ (ਦੇਖੋ ਇੰਡੀਅਨ ਐਂਟੇਕੁਏਰੀ ਮਈ, 1882 ਪੰਨਾ 357) ਵਿਚ ਛਾਪੀਆਂ ਹਨ। ਉਹਨਾਂ ਵਿਚੋਂ ਇਕ ਕਥਾ ਪ੍ਰਾਚੀਨ ਕਾਲ ਵਿੱਚ ਭੰਡਾਂ ਜਾਂ ਨਕਲੀਆਂ ਦੀ ਹੋਂਦ ਬਾਰੇ ਇਸ਼ਾਰਾ ਕਰਦੀ ਹੈ।

### ਮਹਾਤਮਾ ਅਤੇ ਭੰਡ ਲੋਕ

**(The Holy Man and Bhands)**

ਇਕ ਵਾਰ ਦੀ ਗੱਲ ਹੈ ਕਿ ਇਕ ਪਵਿਤਰ ਪੁਰਸ਼ ਝਨਾ ਦਰਿਆ ਪਾਰ ਕਰ ਰਿਹਾ ਸੀ। ਉਸ ਬੇੜੀ ਵਿਚ ਹੋਰ ਬਹੁਤ ਸਾਰੇ ਮੁਸਾਫਰਾਂ ਤੋਂ ਬਿਨਾਂ ਮਸਖਰਿਆਂ ਤੇ ਭੰਡਾਂ ਦਾ ਵੀ ਇਕ ਟੋਲਾ ਸਵਾਰ ਸੀ। ਜਿਸ ਵੇਲੇ ਬੇੜੀ ਡੂੰਘੇ ਪਾਣੀ ਵਿੱਚ ਗਈ ਤਾਂ ਉਹ ਭੰਡ ਮਹਾਤਮਾ ਨੂੰ ਮਸਖਰੀਆਂ ਕਰਨ ਲਗ ਪਏ। "ਹੇ ਮਹਾਤਮਾ ਕੀ ਤੂੰ ਪਾਣੀ ਦੇ ਦੇਵਤਾ ਨੂੰ ਵੱਢੀ ਦੇ ਕੇ ਸਾਨੂੰ ਡੁਬਣ

Digitized by Panjab Digital Library | www.panjabdigilib.org

ਤਾਂ ਬਚਾ ਨਹੀਂ ਸਕਦੇ ? ਸਾਨੂੰ ਇਸ ਭੋਜਲ ਤੋਂ ਪਾਰ ਲੰਘਾ।" ਮਹਾਤਮਾ ਨੇ ਉਹਨਾਂ ਦੀਆਂ ਮਸਖਰੀਆਂ ਦੀ ਕਈ ਪ੍ਰਵਾਹ ਨਾ ਕੀਤੀ। ਛੇਤੀ ਹੀ ਇਕ ਗੈਬੀ ਆਵਾਜ਼ ਆਈ—"ਕੀ ਮੈਂ ਇਹਨਾਂ ਭੇਡਾਂ ਨੂੰ ਪਾਣੀ ਹੇਠਾਂ ਕਰ ਦੇਵਾਂ ?" "ਨਹੀਂ" ਮਹਾਤਮਾ ਨੇ ਉੱਤਰ ਦਿੱਤਾ, ਸਗੋਂ ਇਹਨ ਨੂੰ ਸੂਝਵਾਨ ਮਨੁਸ਼ ਬਣਾਉਣਾ ਚਾਹੀਦਾ ਹੈ ਤਾਂ ਜੋ ਇਹਨਾਂ ਨੂੰ ਪ੍ਰਮਾਤਮਾ ਦੀ ਵਡੱਤਣ ਦਾ ਭੇਦ ਸਮਝ ਆਵੇ। ਇਹ ਸੁਣ ਕੇ ਸਭ ਭੇਡ ਡਰ ਗਏ ਅਤੇ ਮਹਾਤਮਾ ਅਗੇ ਜਾ ਝੁਕੇ ਤੇ ਉਸ ਦੇ ਚਲੇ ਬਣ ਗਏ।

## ਸੰਭਵ ਪੂਰਬ ਆਰੀਆ ਰੰਗ ਮੰਚ

ਉਪਰ ਦਿੱਤੀ ਖੋਜ ਤੇ ਉਸ ਦੇ ਨਿਰਣੇ ਤੋਂ ਇਹ ਨਿਸਚਿਤ ਹੀ ਜਾਪਦਾ ਹੈ ਕਿ ਹੜੱਪਾ ਸਭਿਅਤਾ ਵਿਚ ਨਾਚ ਤੇ ਨਾਟਕ ਦੀਅ ਪਰੰਮਪਰਾਵਾਂ ਪੱਕੀ ਤਰ੍ਹਾਂ ਪਰਚਲਤ ਸਨ। ਉਹ ਲੋਕ ਆਪਣੇ ਖੇਲ ਤਮਾਸ਼ੇ ਕਿਹੋ ਜਿਹੀ ਮੰਚ ਉਤੇ ਕਰਦੇ ਹੋਣਗ ? ਇਸ ਦੇ ਬਾਰੇ ਸੰਭਾਵਨਾਵਾਂ ਹੋ ਸਕਦੀਆਂ ਹਨ। ਜਾਂ ਤਾਂ ਉਨ੍ਹਾਂ ਦੇ ਖਲ ਖੁਲੇ ਮੰਡਪ ਉੱਤੇ, ਜਿਵੇਂ ਕਿ ਯੂਨਾਨ ਵਿਚ ਹੁੰਦਾ ਸੀ, ਉਤੇ ਹੁੰਦੇ ਹੋਣਗੇ। ਇਸ ਸੂਰਤ ਵਿਚ ਅਦਾਕਾਰ ਗਵੱਈਏ ਤੇ ਦਰਸ਼ਕ ਤਾਰਿਆਂ ਟਾਂਕੇ ਅਸਮਾਨ ਥੱਲੇ ਬੈਠਦੇ ਹੋਣਗੇ। ਜਾਂ ਫੇਰ ਉਹ ਛੱਤੀ ਹੋਈ ਰੰਗ ਮੰਚ ਵਿੱਚ ਖੇਡੇ ਜਾਂਦੇ ਹੋਣਗੇ, ਜਿਵੇਂ ਕਿ ਅੱਜ ਕਲ ਪੱਛਮ ਦੇ ਪ੍ਰਭਾਵ ਥੱਲੇ ਸਾਡੇ ਨਾਟਕ। ਇਸ ਵਿਚ ਸੰਦੇਹ ਨਹੀਂ ਕਿ ਹੜੱਪਾ ਸਭਿਅਤਾ ਦੇ ਲੋਕ ਵਧੇਰੇ ਕਰਕੇ ਸ਼ਹਿਰੀ ਜੀਵਨ ਬਤੀਤ ਕਰਦੇ ਸਨ, ਅਤੇ ਉਹ ਮਕਾਨ ਬਨਾਉਣ ਦੇ ਹੁਨਰ ਤੋਂ ਚੰਗੀ ਤਰ੍ਹਾਂ ਜਾਣੂ ਸਨ। ਛੱਤੀ ਹੋਈ ਸਟੇਜ ਉਸਾਰਨੀ ਉਹਨਾਂ ਲਈ ਮੁਸ਼ਕਲ ਕੰਮ ਨਹੀਂ ਸੀ। ਪਰ ਸੰਭਾਵਨਾ ਇਸ ਪਿਰਤ ਦੇ ਉਲਟ ਜਾਪਦੀ ਹੈ। ਅਨੁਮਾਨ ਹੈ ਕਿ ਉਹ ਲੋਕ ਯੂਨਾਨੀਆਂ ਵਾਂਗ ਰਲ ਮਿਲ ਕੇ ਖੁਲ੍ਹੀਆ ਥਾਵਾਂ ਤੇ ਖੇਲ ਤਮਾਸ਼ੇ ਦੇਖਦੇ ਹੋਣਗੇ। ਇਸ ਸਿਧਾਂਤ ਦੀ ਪੁਸ਼ਟੀ ਇਸ ਗੱਲ ਤੋਂ ਵੀ ਹੁੰਦੀ ਹੈ ਕਿ ਅਜ ਤਕ ਪੰਜਾਬ ਵਿਚ ਪ੍ਰਾਚੀਨ ਕਾਲ ਦੇ ਕਿਸੇ ਮੰਚ ਦੇ ਨਿਸ਼ਾਨ ਨਹੀਂ ਮਿਲ ਸਕੇ। ਦੂਜੇ, ਪਿਛਲੇ ਸਫਿਆਂ ਵਿਚ ਅਸੀ ਦੱਸ ਚੁਕੇ ਹਾਂ ਕਿ ਬੱਲਦਾਂ ਉਤੋਂ ਟੱਪਣ ਦੀਆਂ ਨਾਟਕੀ ਖੇਡਾਂ ਖੁਲ੍ਹੀਆਂ ਥਾਵਾਂ ਤੇ ਹੁੰਦੀਆਂ ਸਨ, ਜਿਵੇਂ ਕਿ ਸਾਡੇ ਬਾਜ਼ੀਗਰ ਜਾਂ ਨੱਟ ਅੱਜ ਕਲ੍ਹ ਵੀ ਕਰਦੇ ਹਨ ਛੱਤੀ ਹੋਈ ਮੰਚ ਦਾ ਵਰਣਨ ਭਾਰਤ ਦੇ ਨਾਟ ਸ਼ਾਸ਼ਤ੍ਰ ਵਿਚ ਅਉਂਦਾ ਹੈ। ਨਾਟ ਸ਼ਾਸਨ ਅਨੁਸਾਰ ਸਭ ਤੋਂ ਪਹਿਲਾ ਨਾਟਕ ਖੁਲ੍ਹੀ ਥਾਂ ਵਿਚ ਹੀ ਖੇਡਿਆ ਗਿਆ, ਜਿਸ ਦਾ ਵਿਸ਼ਾ ਆਰੀਆ ਯੋਧਿਆਂ ਦੀ ਬਹਾਦਰੀ ਅਤੇ ਪੂਰਵ ਆਰੀਆ ਲੋਕਾਂ ਦੀ ਹਾਰ ਸੀ। ਵਿਸ਼ਾ ਉਹਨਾਂ ਦੀ ਹਾਨੀ ਹੋਣ ਕਰਕੇ ਪੂਰਵ ਆਰੀਆ ਲੋਕਾਂ ਨੇ ਨਾਟਕ ਦੇ ਖੇਲ ਵਿਚ ਵਿਘਨ ਪਾਉਣ ਦਾ ਯਤਨ ਕੀਤਾ। ਇਸ ਗੜ ਬੜ ਪਿਛੋਂ ਅਗਲੇ ਨਾਟਕ ਬੰਦ ਥਾਵਾਂ ਵਿੱਚ ਖੇਡੇ ਜਾਣ ਲੱਗੇ। ਕੋਈ ਖੁਲ੍ਹੀ ਥਾਂ, ਜਾਂ ਉੱਚਾ ਟਿੱਬਾ ਜਾਂ ਬੋਹੜ ਪਿਪਲ ਦੁਆਲੇ ਬਣਿਆ ਥੜਾ ਜਾਂ ਫੇਰ ਕੋਈ ਸੁੱਕਾ ਟੋਭਾ ਅਜਿਹੇ ਖੇਲ ਤਮਾਸ਼ਿਆਂ ਦਾ ਕੰਮ ਸਾਰ ਦਿੰਦਾ ਹੋਵੇਗਾ। ਹੋ ਸਕਦਾ ਹੈ, ਖੇਲ ਦਿਨ ਵੇਲੇ ਕੀਤੇ ਜਾਂਦੇ ਹੋਣ। ਰਾਤ ਸਮੇਂ ਹੋਣ ਦੀ ਵੀ ਸੰਭਾਵਨਾ ਹੋ ਸਕਦੀ ਹੈ—ਮਸਾਲਾਂ ਦੀ ਲੋ ਵਿਚ। ਹੜੱਪਾ ਦੀ ਖੁਦਾਈ ਤੋਂ ਸਰੋਂ ਦੇ ਤੇਲ ਦੀ ਵਰਤੋਂ, ਦੀਵੇਂ ਮੋਮਬੱਤੀਆਂ ਦੀ ਹੋਂਦ ਤਕ ਦੀ ਸ਼ਹਾਦਤ ਮਿਲੀ ਹੈ।

Digitized by Panjab Digital Library | www.panjabdigilib.org

## ਪਹਿਲਾ ਨਾਟਕ ਕਦੋਂ ਤੇ ਕਿਥੇ ਖੇਡਿਆ ਗਿਆ

ਨਾਟ ਸ਼ਾਸਤ੍ਰ ਅਨੁਸਾਰ ਬ੍ਰਹਮਾ ਵਲੋਂ ਪਰਵਿਰਤ ਨਾਟਕ ਕਲਾ ਜਦੋਂ ਪੂਰੀ ਤਰ੍ਹਾਂ ਗ੍ਰਹਿਣ ਹੋ ਗਈ ਤਾਂ ਸਭ ਤੋਂ ਪਹਿਲਾ ਨਾਟਕ ਇੰਦਰ ਦੇਵਤਾ ਦੇ ਸਨਮਾਨ ਵਿੱਚ ਝੰਡਾ ਸਾਹਿਬ ਚੜ੍ਹਨ ਦੇ ਸ਼ੁਭ ਦਿਨ ਖੇਡਿਆ ਗਿਆ। ਸਪਸ਼ਟ ਹੈ ਕਿ ਉਸ ਸਮੇਂ ਆਰੀਆ ਲੋਕ ਪੰਜਾਬ ਉਤੇ ਕਬਜ਼ਾ ਕਰਨ ਦੇ ਮੁਢਲੇ ਦਿਨਾਂ ਵਿਚ ਹੀ ਸਨ, ਜਦੋਂ ਕਿ ਅਨਆਰੀਆ ਲਕਾਂ ਦਾ ਵਿਰੋਧ ਅਜੇ ਕਾਫੀ ਹੋਵੇਗਾ। ਨਹੀ ਤਾਂ ਉਹਨਾਂ ਲੋਕਾਂ ਨੂੰ ਖੁਸ਼ ਕਰਨ ਦਾ ਕੋਈ ਅਰਥ ਨਹੀਂ। ਸਭ ਤੋਂ ਪਹਿਲੇ ਨਾਟਕ ਦਾ ਵਿਸ਼ਾ ਅਸੁਰਾਂ ਨੂੰ ਦੇਵਤਿਆਂ ਹੱਥੋਂ ਹਾਰ ਸੀ। ਇਸੇ ਵਾਸਤੇ ਅਸੁਰ ਲੋਕ ਗੁੱਸੇ ਵਿਚ ਭੜਕ ਉਠੇ। ਪਹਲਾ ਨਾਟਕ ਖੁਲੇ ਮੰਡਪ ਉਤੇ ਹੀ ਖੇਡਿਆ ਗਿਆ। ਉਸ ਪਿਛੋਂ ਅੰਮ੍ਰਿਤ ਮੰਥਮ ਤੇ ਤ੍ਰੀ ਪੁਰਦਾਹਾ ਛੱਤੀ ਹੋਈ ਬੰਦ ਮੰਚ ਉਤੇ ਖੇਡੇ ਗਏ। ਨਾਟ ਸ਼ਾਸਤ੍ਰ ਅਨੁਸਾਰ ਇਹ ਰੰਗ ਸ਼ਾਲਾ ਵਿਸ਼ਕਰਮਾ ਨੇ ਬਣਾਈ ਸੀ ਜੋ ਕੁਦਰਤੀ ਤੌਰ ਤੇ ਹੜੱਪਾ ਸਭਿਅਤਾ ਦਾ ਹੀ ਇਕ ਕਾਰੀਗਰ ਹੋਵੇਗਾ। ਆਰੀਆ ਲੋਕਾਂ ਨੂੰ ਰੰਗ ਮੰਚ ਦਾ ਕੋਈ ਤਜਰਬਾ ਨਹੀਂ ਸੀ। ਮੁਢਲੇ ਨਾਟਕ ਆਰੀਆ ਲੋਕਾਂ ਦੀ ਸ਼ਰਣ ਆਏ ਪੂਰਵ ਆਰੀਆ ਕਲਾਕਾਰੀ ਵਲੋਂ ਹੀ ਖੇਡੇ ਗਏ ਹੋਣਗੇ। ਆਰੀਆ ਲੋਕਾਂ ਨੂੰ ਨਾਟਕ ਵਰਗੀ ਗੁੰਝਲਦਾਰ ਔਖੀ ਕਲਾ ਇਕ ਦਮ ਕਿਵੇਂ ਸਮਝ ਆ ਗਈ। ਫੇਰ ਉਹਨਾਂ ਨਾਟਕਾਂ ਵਿਚ ਅਪਛਰਾਂ ਦਾ ਵਰਣਨ ਆਉਂਦਾ ਹੈ। ਉਹ ਕਿਥੋਂ ਆ ਗਈਆਂ? ਇਹ ਪੂਰਵ-ਆਰੀਆ ਲੋਕਾਂ ਦੀਆਂ ਸੁੰਦਰ ਇਸਤ੍ਰੀਆਂ ਹੀ ਸਨ। ਆਰੀਆ ਲੋਕ, ਜਿਨ੍ਹਾਂ ਪਾਸ ਅਗੇ ਹੀ ਘੱਟ ਇਸਤ੍ਰੀਆਂ ਸਨ, ਅਭਿਮਾਨ ਵਸ ਆਪਣੀਆਂ ਪਤਨੀਆਂ ਨੂੰ ਕਦੇ ਰੰਗ ਮੰਚ ਉਤੇ ਖੇਲ ਕਰਨ ਦੀ ਆਗਿਆ ਨਹੀਂ ਦੇ ਸਕਦੇ ਸਨ। ਯਾਦ ਰਹੇ ਕਾਲੀਦਾਸ ਦੇ ਜਗਤ ਪ੍ਰਸਿਧ ਨਾਟਕ ਸ਼ਕੁੰਤਲਾ ਦੀ ਪੁਰਾਣਿਕ ਕਥਾ ਪੂਰਵ-ਆਰੀਆ ਪਰੰਪਰਾਵਾਂ ਵਿਚੋਂ ਹੀ ਤੁਰੀ ਆ ਰਹੀ ਸੀ। ਪਰ ਉਸ ਨੂੰ ਵਰਣਨ ਦੀ ਇਥੇ ਥਾਂ ਨਹੀਂ।

## ਹੜੱਪਾ-ਸਭਿਅਤਾ ਵਿਚ ਰੰਗ ਮੰਚ ਦੀ ਸਮੱਗਰੀ

ਹੜਪਾ, ਮਹਿੰਜੋਦਾਰੋ ਤੇ ਹੋਰ ਸਿੰਧੂ ਘਾਟੀ ਦੀ ਸਭਿਅਤਾ ਨਾਲ ਸਬੰਧਤ ਥੇਹਾਂ ਦੀ ਖੁਦ ਈ ਤੋਂ ਅਨੇਕ ਭਾਂਤ ਦੀਆਂ ਵਸਤਾਂ ਪ੍ਰਾਪਤ ਹੋਈਆਂ ਹਨ। ਉਹਨਾਂ ਨੂੰ ਪੜਤਾਲਣ ਤੋਂ ਪਤਾ ਲਗਦਾ ਹੈ ਕਿ ਸਿੰਧੂ ਘਾਟੀ ਦੇ ਲੋਕ ਖੁਸ਼ ਰਹਿੰਦੇ ਅਤੇ ਜ਼ਿੰਦਗੀ ਨੂੰ ਪੂਰੀ ਤਰ੍ਹਾਂ ਮਾਨਣ ਵਾਲੇ ਜਿਉੜੇ ਸਨ। ਕਈ ਭਾਂਤ ਦੇ ਹੁਨਰਾਂ ਦੇ ਉਹ ਮਾਹਰ ਸਨ। ਆਪਣੀ ਸਭਿਅਤਾ ਦੇ ਸਿਖਰ ਸਮੇਂ ਉਹ ਸੁਖਾਵੀਂ ਜ਼ਿਦਗੀ ਬਤੀਤ ਕਰਦੇ ਸਨ। ਉਹ ਲੋਕ ਸੁਚੱਜੇ ਢੰਗ ਨਾਲ ਬਣੇ ਪੱਕੀ ਇੱਟ ਦੇ ਮਕਾਨਾਂ ਵਿੱਚ ਅਤੇ ਘਗ ਵਸਦੇ ਸ਼ਹਿਰ ਵਿਚ ਭਰਪੂਰ ਜੀਵਨ ਮਾਣਦੇ ਸਨ। ਇਹ ਵੀ ਪਤਾ ਲਗਦਾ ਹੈ ਕਿ ਉਹਨਾਂ ਦੀਆਂ ਇਸਤ੍ਰੀਆਂ ਕਈ ਤਰ੍ਹਾਂ ਦੇ ਹਾਰ ਸ਼ਿੰਗਾਰ ਕਰਦੀਆਂ ਸਨ ਅਤੇ ਆਧੁਨਿਕ ਸਮੇਂ ਦੀਆਂ ਤਿਤਲੀਆਂ ਨਾਲੋਂ ਕਿਸੇ ਤਰ੍ਹਾਂ ਘੱਟ ਸ਼ੋਖ ਨਹੀਂ ਸਨ। ਬੁਲ੍ਹਾਂ ਨੂੰ ਲਾਣ ਵਾਲੀ ਲਿਪਸਟਿਕ ਲਾਲੀ ਅਤੇ ਸੁਹਜਮਈ ਬਟੂਏ ਦੇ ਪ੍ਰਚਲਤ ਹੋਣ ਦੀ ਦੱਸ ਪੈਂਦੀ ਹੈ। ਇਹਨਾਂ ਮਿਲੀਆਂ ਵਸਤਾਂ ਤੋਂ ਪ੍ਰਗਟ ਹੁੰਦਾ ਹੈ ਕਿ ਸ਼ਹਿਰਾਂ ਵਿਚ ਰਹਿਣ ਵਾਲੇ ਪੂਰਵ ਆਰੀਆ ਲੋਕ ਅਜ ਦੇ ਪੰਜਾਬੀਆਂ ਵਾਂਗ ਜ਼ਿੰਦਾ ਦਿਲ ਤੇ ਭਰਪੂਰ ਜੀਵਨ ਜੀਣ ਵਾਲੇ ਸਨ। ਇਹ ਲਭਤਾਂ ਉਹਨਾਂ ਦੀ ਖੁਸ਼ਹਾਲੀ ਅਤੇ ਉੱਚੇ ਪੱਧਰ ਦੀ ਸੰਸਕ੍ਰਿਤੀ ਦਾ ਪ੍ਰਤਖ ਪਰਮਾਣ ਹੈ। ਇਸ

Digitized by Panjab Digital Library | www.panjabdigilib.org

ਦੇ ਟਾਕਰੇ ਤੇ ਵੇਦਕ ਆਰੀਆ ਦੀ ਖੁਸ਼ਹਾਲੀ ਬਾਰੇ ਵੇਦਾਂ ਵਿਚ ਅਜੇਹੇ ਹਵਾਲੇ ਨਹੀਂ ਮਿਲਦੇ। ਹੜੱਪਾ ਤੇ ਮਹਿੰਜੋਦਾਰੋ ਤੋਂ ਮਿਲੇ ਨ੍ਰਿਤਕਾਰਾਂ ਦੇ ਬੁੱਤ ਵੀ ਇਸ ਗੱਲ ਦੀ ਸ਼ਾਹਦੀ ਭਰਦੇ ਹਨ ਕਿ ਉਹ ਲੋਕ ਕੋਮਲ ਕਲਾ ਵਿੱਚ ਵੀ ਪ੍ਰਬੀਨ ਸਨ। ਵਰਤਮਾਨ ਸਮੇਂ ਤਕ ਪੁੱਜੀ ਵੇਸਵਾ ਸੰਸਥਾ ਵੀ ਵਿਦਵਾਨ ਖੋਜੀਆਂ ਅਨੁਸਾਰ ਪੂਰਵ ਆਰੀਆ ਕਾਲ ਦੀ ਦੇਣ ਹੈ। ਪਦਮਾ ਪੁਰਾਣ ਵਿਚ ਅਜਿਹੀਆਂ ਨਾਚੀਆਂ ਨੂੰ ਖਰੀਦ ਕੇ ਮੰਦਰ ਦੀ ਭੇਂਟ ਕਰਨ ਦੀ ਸਫਾਰਿਸ਼ ਕੀਤੀ ਹੋਈ ਹੈ। ਭਾਗਵਤ ਪੁਰਾਣ ਵਿਚ ਇਕ ਹਵਾਲਾ ਆਉਂਦਾ ਹੈ ਕਿ ਜੋ ਮਨੁੱਖ ਸੂਰਜ ਦੇਵਤਾ ਦੇ ਮੰਦਰ ਤੇ ਸੋਹਣੀਆਂ ਵੇਸਵਾਵਾਂ ਭੇਟ ਕਰੇਗਾ ਉਸ ਵਾਸਤੇ ਸੁਰਗ ਵਿਚ ਉਚੇਰੀ ਥਾਂ ਰਾਖਵੀਂ ਹੋਵੇਗੀ। ਜਦੋਂ ਹੀਉਸਾਂਗ ਸਤਵੀਂ ਸਦੀ ਈਸਵੀ ਵਿਚ ਪੰਜਾਬ ਵਿਚ ਆਇਆ ਤਾਂ ਉਸ ਦੀ ਸ਼ਹਾਦਤ ਅਨੁਸਾਰ ਮੁਲਤਾਨ ਦੇ ਸੂਰਜ ਮੰਦਰ ਵਿਚ ਬਹੁਤ ਸਾਰੀਆਂ ਨੱਚਣ ਤੇ ਗਾਉਣ ਵਾਲੀਆਂ ਲੜਕੀਆਂ ਮੌਜੂਦ ਸਨ।*

ਸੁਰਮਾ, ਚਿਹਰੇ ਦਾ ਪੇਂਟ ਅਤੇ ਸ਼ਿੰਗਾਰ ਲਈ ਚਿੱਟੇ ਤੇ ਕਾਲੇ ਰੰਗ ਦੀਆਂ ਮਿਲੀਆਂ ਚੀਜ਼ਾਂ ਤੋਂ ਪਤਾ ਲਗਦਾ ਹੈ ਕਿ ਉਸ ਸਮੇਂ ਸੁੰਦਰੀਆਂ ਸੁਹਜ ਤੇ ਸ਼ਿੰਗਾਰ ਦੀ ਸੰਸਕ੍ਰਿਤੀ ਦੀਆਂ ਕਾਇਲ ਸਨ।*

ਏ. ਡੀ. ਪੁਸਲਕਰ ਦੀ ਖੋਜ ਅਨਸਾਰ, "ਸਿੰਧੂ ਘਾਟੀ ਦੇ ਪੱਛਮੀ ਏਸ਼ੀਆ ਉਤੇ ਪਏ ਪ੍ਰਭਾਵ ਦਾ ਸਭ ਤੋਂ ਦਿਲਚਸਪ ਪ੍ਰਮਾਣ ਇਹ ਹੈ ਕਿ ਸ਼ਮੇਰ ਦੀਆਂ ਔਰਤਾਂ ਨੇ ਕੇਸ ਤੇ ਜੂੜੇ ਬਣਾਉਣ ਦਾ ਫੈਸ਼ਨ ਸਿੰਧੂ ਘਾਟੀ ਦੀਆਂ ਸੁੰਦਰੀਆਂ ਤੋਂ ਸਿਖਿਆ ਸੀ।"

ਖੁਦਾਈ ਤੋਂ ਲੱਭੀਆਂ ਚੀਜ਼ਾਂ ਵਿਚ ਵਾਲ ਧੋਣ ਲਈ ਸਾਬਣ ਤੇ ਸਿੱਕੇ ਦਾ ਸੁਰਮਚੂ ਵੀ ਮਿਲਿਆ ਹੈ। ਮੂੰਹ ਤੇ ਮਲਣ ਲਈ ਕਰੀਮ, ਵਟਣੇ ਆਦਿ ਵਰਤਗਾ ਵਸਤੂ ਦੇ ਮਿਲਣ ਦਾ ਵੀ ਥਹੁ ਮਿਲਦਾ ਹੈ। ਔਰਤਾਂ ਲਈ ਸ਼ਿੰਗਾਰ ਮੇਜ਼ ਅਤੇ ਮੇਜ਼ਾਂ ਉਤੇ ਸਜਾਣ ਲਈ ਕਈ ਭਾਂਤ ਅਤੇ ਢੰਗ ਦੇ ਧਾਤਾਂ ਦੇ ਬਣੇ ਹੋਏ ਸ਼ੀਸ਼ੇ, ਸਿਰ ਦੇ ਕਲਿਪ, ਹਾਥੀ ਦੰਦ ਦੀਆਂ ਕੰਘੀਆਂ ਵੀ ਪ੍ਰਾਪਤ ਹੋਈਆਂ ਹਨ। ਮਰਦਾਂ ਲਈ ਉਸਤਰੇ, ਸ਼ਰਾਬ ਦੇ ਪਿਆਲੇ, ਕਈ ਨਮੂਨਿਆਂ ਦੇ ਮੇਜ਼ ਤੇ ਕੁਰਸੀਆਂ, ਸਟੂਲ, ਪਰਦੇ ਕਰਨ ਲਈ ਸਟੈਂਡ, ਪਾਏਦਾਨ ਸ਼ਤਰੰਜ ਦੇ ਮੋਹਰੇ ਆਦਿ ਵੀ ਮਿਲੇ ਹਨ। ਗਹਿਣੇ ਤੇ ਹਾਰ ਸ਼ਿੰਗਾਰ ਵਿਚੋਂ ਹੋਰ ਇਹ ਚੀਜ਼ਾਂ ਮਿਲੀਆਂ ਹਨ—ਕਈ ਭਾਂਤ ਦੇ ਹਾਰ, ਮੁੰਦਰੀਆਂ, ਵੰਗਾਂ, ਵਾਲੀਆਂ, ਤੀਲੀਆਂ, ਚੌਂਕ ਫੁਲ, ਲੱਕ ਦੇ ਪੇਟੀ, ਮਿਲੇ ਗਹਿਣਿਆਂ ਦੇ ਡੀਜ਼ਾਈਨ, ਵੰਨਗੀ ਤੇ ਸੁਹਜ ਹੈਰਾਨ ਕਰਨ ਵਾਲੇ ਹਨ। ਗਹਿਣੇ ਵੀ ਕਈ ਧਾਤਾਂ ਦੇ ਬਣੇ ਹੋਏ ਮਿਲੇ ਹਨ—ਜਿਵੇਂ ਸੋਨੇ, ਚਾਂਦੀ, ਹਾਥੀ ਦੰਦ, ਟੈਰਾ ਕੋਟਾ, ਮੂੰਗੇ ਤੇ ਕਈ ਭਾਂਤ ਦੇ ਕੀਮਤੀ ਪੱਥਰਾਂ ਦੇ। ਇਹਨਾਂ ਚੀਜ਼ਾਂ ਤੋਂ ਲੋਕਾਂ ਦੇ ਕਲਾ ਤੇ ਸੁਹਜਮਈ ਸੂਝ ਅਤੇ ਦਿਲਚਸਪੀ ਦਾ ਚੰਗੀ ਤਰ੍ਹਾਂ ਪਤਾ ਲਗਦਾ ਹੈ। ਅੱਜ ਦੀ ਨਾਟਕ ਸਮੱਗਰੀ ਵਿਚ ਇਹਨਾਂ ਵਿਚੋਂ ਬਹੁਤ ਸਾਰੀਆਂ ਚੀਜ਼ਾਂ

---

*A. S. Altekar, The Position of women in Hindu
**Civilization, Banaras 1956 p. 183.

Digitized by Panjab Digital Library | www.panjabdigilib.org

ਵਰਤੋਂ ਵਿਚ ਲਿਆਈਆਂ ਜਾਂਦੀਆਂ ਹਨ। ਉਹਨਾਂ ਤੋਂ ਬਿਨਾਂ ਰਾਗ ਦੇ ਕਈ ਸਾਜ਼ਾਂ ਦਾ ਵਰਣਨ ਪਹਿਲੇ ਕੀਤਾ ਜਾ ਚੁੱਕਾ ਹੈ।

**ਇਸਤ੍ਰੀਆਂ ਦੇ ਪਾਰਟ ਇਸਤ੍ਰੀਆਂ ਕਰਦੀਆਂ ਸਨ**

ਨਾਚੀ ਕੁੜੀ ਦੇ ਬੁੱਤ ਅਤੇ ਹੋਰ ਬਹੁਤ ਸਾਰੀਆਂ ਨੰਗੀਆਂ ਮੂਰਤਾਂ ਤੋਂ ਸਹਿਜੇ ਹੀ ਅਨੁਮਾਨ ਲਾਇਆ ਜਾ ਸਕਦਾ ਹੈ ਕਿ ਉਸ ਕਾਲ ਦੇ ਨਾਟਕਾਂ ਵਿਚ ਇਸਤ੍ਰੀਆਂ ਦਾ ਪਾਰਟ ਇਸਤ੍ਰੀਆਂ ਕਰਦੀਆਂ ਹੋਣਗੀਆਂ। ਇਸ ਦੀ ਵੱਡੀ ਸ਼ਹਾਦਤ ਇਹ ਹੈ ਕਿ ਹੜੱਪਾ ਸਭਿਅਤਾ ਵਿਚ ਮਾਤਰੀ ਰਾਜ ਪ੍ਰਚਲਤ ਸੀ। ਖੇਡਾਂ ਤਮਾਸ਼ਿਆਂ ਤੇ ਹੋਰ ਰਹੁ ਰੀਤਾਂ ਵਿਚ ਇਸਤ੍ਰੀਆਂ ਪ੍ਰਧਾਨ ਥਾਂ ਲੈਂਦੀਆਂ ਦਿਸਦੀਆਂ ਹਨ। ਇਸਤ੍ਰੀ ਪ੍ਰਧਾਨ ਸਮਾਜ ਵਿਚ ਇਹ ਕੁਦਰਤੀ ਵੀ ਸੀ।

ਵੇਦਕ ਅਤੇ ਪਿਛਲੇ ਵੇਦਕ ਕਾਲ ਦੀਆਂ ਲਿਖਤਾਂ ਤੇ ਹਵਾਲਿਆਂ ਤੋਂ ਪਤਾ ਲਗਦਾ ਹੈ ਕਿ ਪੇਸ਼ਾਵਰ ਨਾਟਕ ਕਰਨ ਵਾਲੇ ਟੋਲੇ ਇਕ ਥਾਂ ਤੋਂ ਦੂਜੀ ਥਾਂ ਖੇਲ ਕਰਨ ਜਾਂਦੇ ਹੁੰਦੇ ਸਨ ਅਤੇ ਜਦੋਂ ਉਹ ਰਾਜ ਦਰਬਾਰਾਂ ਵਿੱਚ ਖੇਲ ਕਰਦੇ ਸਨ ਤਾਂ ਔਰਤਾਂ ਬਰਾਬਰ ਭਾਗ ਲੈਂਦੀਆਂ ਸਨ।

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org

Digitized by Panjab Digital Library | www.panjabdigilib.org